ਨੌਂਵੀਂ ਅਤੇ ਦਸਵੀਂ ਸ਼੍ਰੇਣੀ ਲਈ

# ਆਧੁਨਿਕ
# ਪੰਜਾਬੀ-ਵਿਆਕਰਨ
# ਅਤੇ
# ਲੇਖ-ਰਚਨਾ

D8Q2I6

ਇਹ ਪੁਸਤਕ ਪੰਜਾਬ ਸਰਕਾਰ ਦੁਆਰਾ ਮੁਫ਼ਤ ਦਿੱਤੀ ਜਾਣੀ ਹੈ ਅਤੇ ਵਿਕਾਊ ਨਹੀਂ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ
ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

**ਐਡੀਸ਼ਨ : 2021-22 ...........................1,93,000 ਕਾਪੀਆਂ**

All rights, including those of translation, reproduction and annotation etc., are reserved by the Punjab Government.

## ਚਿਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਇਹ ਪੁਸਤਕ ਵਿਕਰੀ ਲਈ ਨਹੀਂ ਹੈ।

**ਸਕੱਤਰ**, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਚੋਵਾਇਸ ਬੁੱਕਸ ਐਂਡ ਪ੍ਰਿੰਟਜ਼ ਪ੍ਰਾ. ਲਿਮਿਟਿਡ, ਜਲੰਧਰ ਦੁਆਰਾ ਛਾਪੀ ਗਈ।

# ਮੁਖਬੰਧ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਿਰਧਾਰਿਤ ਨੀਤੀ ਅਨੁਸਾਰ ਪਾਠ-ਪੁਸਤਕਾਂ ਲਗਾਤਾਰ ਸੋਧੀਆਂ ਅਤੇ ਨਵੀਂਆਂ ਤਿਆਰ ਕੀਤੀਆਂ ਜਾਂਦੀਆਂ ਹਨ । ਇਸ ਸਿਲਸਿਲੇ ਵਿੱਚ ਸੈਕੰਡਰੀ ਸ਼੍ਰੇਣੀਆਂ ਲਈ 'ਆਧੁਨਿਕ ਪੰਜਾਬੀ-ਵਿਆਕਰਨ ਅਤੇ ਲੇਖ-ਰਚਨਾ' ਪਾਠ-ਪੁਸਤਕ ਐੱਨ.ਸੀ.ਐੱਫ., 2005 ਅਤੇ ਪੀ.ਸੀ.ਐੱਫ., 2013 ਦੀਆਂ ਸਿਫ਼ਾਰਸ਼ਾਂ ਨੂੰ ਮੱਦੇ-ਨਜ਼ਰ ਰੱਖਦਿਆਂ ਤਿਆਰ ਕੀਤੀ ਗਈ ਹੈ । ਇਸ ਪਾਠ-ਪੁਸਤਕ ਦੇ ਨਾਂ ਵਿੱਚ ਆਏ 'ਆਧੁਨਿਕ ਪੰਜਾਬੀ' ਤੋਂ ਭਾਵ ਉਹ ਪੰਜਾਬੀ ਹੈ ਜੋ ਅੱਜ-ਕੱਲ੍ਹ ਸਾਡੀਆਂ ਵਿੱਦਿਅਕ ਸੰਸਥਾਵਾਂ ਵਿੱਚ ਪੜ੍ਹਾਈ ਜਾਂਦੀ ਹੈ : ਪੰਜਾਬੀ ਦੇ ਅਖ਼ਬਾਰਾਂ ਅਤੇ ਰਿਸਾਲਿਆਂ ਵਿੱਚ ਲਿਖੀ ਜਾਂਦੀ ਹੈ; ਦਫ਼ਤਰਾਂ ਵਿੱਚ ਅਤੇ ਰੇਡੀਓ, ਟੈਲੀਵੀਜ਼ਨ ਅਤੇ ਕੰਪਿਊਟਰ, ਇੰਟਰਨੈੱਟ ਆਦਿ ਸੰਚਾਰ-ਸਾਧਨਾਂ ਰਾਹੀਂ ਵਰਤੀ ਜਾਂਦੀ ਹੈ ।

ਗਿਆਨ ਦੇ ਹੋਰ ਖੇਤਰਾਂ ਵਾਂਗ ਪੰਜਾਬੀ-ਵਿਆਕਰਨ ਦੇ ਖੇਤਰ ਵਿੱਚ ਵੀ ਨਵੀਂਆਂ ਸੋਚਾਂ ਅਤੇ ਧਾਰਨਾਵਾਂ ਪੈਦਾ ਹੋਈਆਂ ਹਨ ਪਰ ਇਹ ਨਿਰਵਿਵਾਦ ਨਹੀਂ ਹਨ ਇਸ ਲਈ ਇਸ ਪਾਠ-ਪੁਸਤਕ ਵਿੱਚ ਹੁਣ ਤੱਕ ਸਥਾਪਿਤ ਅਤੇ ਸਰਬ-ਪ੍ਰਵਾਨਿਤ ਨਿਯਮ ਹੀ ਦਿੱਤੇ ਗਏ ਹਨ ।

ਵਿਦਿਆਰਥੀਆਂ ਦੇ ਪੱਧਰ ਨੂੰ ਧਿਆਨ ਵਿੱਚ ਰੱਖਦਿਆਂ ਇਸ ਪਾਠ-ਪੁਸਤਕ ਵਿੱਚ ਵਿਆਕਰਨਿਕ ਨਿਯਮਾਂ ਨੂੰ ਸਰਲ, ਸਪਸ਼ਟ ਅਤੇ ਰੋਚਕ ਬਣਾ ਕੇ ਦੱਸਣ ਦੀ ਕੋਸ਼ਸ਼ ਕੀਤੀ ਗਈ ਹੈ । ਉਦਾਹਰਨਾਂ ਵਿਦਿਆਰਥੀਆਂ ਦੇ ਨਿੱਤ ਦੇ ਜੀਵਨ ਅਤੇ ਸਮਾਜਿਕ ਆਲ਼ੇ-ਦੁਆਲ਼ੇ ਵਿੱਚੋਂ ਦਿੱਤੀਆਂ ਗਈਆਂ ਹਨ । ਬੇਲੋੜੇ ਵਿਸਤਾਰ ਅਤੇ ਦੁਹਰਾਅ ਤੋਂ ਸੰਕੋਚ ਕੀਤਾ ਗਿਆ ਹੈ ।

ਪਾਠ-ਕ੍ਰਮ ਦੀ ਲੋੜ ਅਨੁਸਾਰ ਇਸ ਵਿੱਚ ਪੰਜਾਬੀ ਦੇ ਵਿਆਕਰਨ ਦੇ ਨਾਲ਼-ਨਾਲ਼ ਲਿਪੀ, ਵਿਸਰਾਮ-ਚਿੰਨ੍ਹ, ਮੁਹਾਵਰੇ, ਮੁਹਾਵਰੇਦਾਰ ਵਾਕਾਂਸ਼, ਅਖਾਉਤਾਂ ਅਤੇ ਸ਼ਬਦ-ਜੋੜਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ । ਲੇਖ-ਰਚਨਾ ਭਾਗ ਵਿੱਚ ਪੈਰਾ-ਰਚਨਾ, ਅਣਡਿੱਠ ਪੈਰਾ ਅਤੇ ਸੰਖੇਪ ਰਚਨਾ ਤੋਂ ਇਲਾਵਾ ਲੇਖ ਅਤੇ ਚਿੱਠੀ-ਪੱਤਰ ਲਿਖਣ ਦੀ ਜਾਚ ਲਈ ਨਮੂਨੇ ਦਿੱਤੇ ਗਏ ਹਨ । ਲੇਖਾਂ ਦੇ ਵਿਸ਼ਿਆਂ ਦੀ ਚੋਣ ਵਿਗਿਆਨਿਕ ਦ੍ਰਿਸ਼ਟੀ ਨਾਲ਼ ਕੀਤੀ ਗਈ ਹੈ । ਚਿੱਠੀ-ਪੱਤਰ ਆਦਿ ਦੇ ਵਿਸ਼ੇ ਵੀ ਵਿਦਿਆਰਥੀਆਂ ਦੇ ਭਾਵੀ ਜੀਵਨ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਚੁਣੇ ਗਏ ਹਨ । ਸਮੁੱਚੇ ਤੌਰ 'ਤੇ ਇਸ ਪਾਠ-ਪੁਸਤਕ ਦੀ ਸਮਗਰੀ ਧਰਮ-ਨਿਰਪੱਖਤਾ, ਕੌਮੀ ਏਕਤਾ, ਦੇਸ-ਪਿਆਰ ਅਤੇ ਹੋਰ ਮਾਨਵੀ ਕਦਰਾਂ-ਕੀਮਤਾਂ ਨਾਲ ਓਤ-ਪੋਤ ਹੈ ।

ਇਹ ਪਾਠ-ਪੁਸਤਕ ਦਫ਼ਤਰੀ ਪੱਧਰ 'ਤੇ ਸ੍ਰੀਮਤੀ ਪਰਮਿੰਦਰ ਕੌਰ (ਵਿਸ਼ਾ ਮਾਹਰ), ਡਾ. ਨਛੱਤਰ ਸਿੰਘ, ਡਾ. ਵਰਿੰਦਰਜੀਤ ਵਾਤਿਸ਼ (ਪੰਜਾਬੀ ਲੈਕਚਰਾਰ), ਡਾ. ਰਣਜੋਧ ਸਿੰਘ ਸਿੱਧੂ ਅਤੇ ਡਾ. ਬਲਜੀਤ ਕੌਰ ਵੱਲੋਂ ਤਿਆਰ ਕੀਤੀ ਗਈ ਹੈ । ਇਸ ਦੇ ਖਰੜੇ ਦੀ ਸੁਧਾਈ ਸ੍ਰੀ ਜਸਵੀਰ ਸਿੰਘ ਲੰਗੜੋਆ ਨੇ ਕੀਤੀ ਹੈ ।

ਉਮੀਦ ਹੈ, ਇਹ ਪਾਠ-ਪੁਸਤਕ ਵਿਦਿਆਰਥੀਆਂ ਲਈ ਉਪਯੋਗੀ ਸਿੱਧ ਹੋਵੇਗੀ । ਇਸ ਨੂੰ ਚੰਗੇਰੀ ਬਣਾਉਣ ਲਈ ਦਿੱਤੇ ਗਏ ਸੁਝਾਵਾਂ ਨੂੰ ਜੀ-ਆਇਆਂ ਕਿਹਾ ਜਾਵੇਗਾ ।

**ਚੇਅਰਮੈਨ**

ਪੰਜਾਬ ਸਕੂਲ ਸਿੱਖਿਆ ਬੋਰਡ

**'ਸਮਾਜਿਕ ਨਿਆ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ', ਪੰਜਾਬ**

# ਵਿਸ਼ਾ—ਸੂਚੀ


| ਕਾਂਡ | ਵਿਸ਼ਾ | ਪੰਨਾ ਨੰ. |
|---|---|---|
| 1. | ਵਿਆਕਰਨ ਬਾਰੇ | 1 |
| 2. | ਭਾਸ਼ਾ ਅਤੇ ਪੰਜਾਬੀ ਭਾਸ਼ਾ | 3 |
| 3. | ਧੁਨੀ-ਬੋਧ | 7 |
| 4. | ਲਿਪੀ-ਬੋਧ | 9 |
| 5. | ਸ਼ਬਦ-ਬੋਧ | 13 |
| | ਸ਼ਬਦ-ਭੇਦ | 13 |
| | ਨਾਂਵ | 15 |
| | ਲਿੰਗ | 17 |
| | ਵਚਨ | 23 |
| | ਕਾਰਕ | 26 |
| | ਪੜਨਾਂਵ | 33 |
| | ਵਿਸ਼ੇਸ਼ਣ | 39 |
| | ਕਿਰਿਆ | 43 |
| | ਕਿਰਿਆ-ਵਿਸ਼ੇਸ਼ਣ | 52 |
| | ਸੰਬੰਧਕ | 56 |
| | ਯੋਜਕ | 59 |
| | ਵਿਸਮਕ | 61 |
| | ਸ਼ਬਦ-ਰਚਨਾ | 63 |
| 6. | ਵਾਕ-ਬੋਧ | 75 |
| 7. | ਅਰਥ-ਬੋਧ | 83 |
| 8. | ਵਿਸਰਾਮ-ਚਿੰਨ੍ਹ | 94 |
| 9. | ਪੰਜਾਬੀ ਸ਼ਬਦ-ਜੋੜ | 100 |
| 10. | ਮੁਹਾਵਰੇ | 105 |
| | ਅਖਾਉਤਾਂ | 123 |
| | ਮੁਹਾਵਰੇਦਾਰ ਵਾਕਾਂਸ਼ | 138 |

11. ਲੇਖ-ਰਚਨਾ ....... 141

ਗੁਰੂ ਨਾਨਕ ਦੇਵ ਜੀ ....... 145

ਰਾਬਿੰਦਰਨਾਥ ਟੈਗੋਰ ....... 146

ਡਾ. ਭੀਮ ਰਾਓ ਅੰਬੇਦਕਰ ....... 148

ਕਰਤਾਰ ਸਿੰਘ ਸਰਾਭਾ ....... 149

ਨਾਨਕ ਸਿੰਘ ਨਾਵਲਕਾਰ ....... 150

ਦਿਵਾਲ਼ੀ ....... 152

ਅੱਖੀਂ ਡਿੱਠਾ ਮੇਲਾ ....... 153

ਛੱਬੀ ਜਨਵਰੀ ....... 154

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ....... 155

ਅਖ਼ਬਾਰ ਦਾ ਮਹੱਤਵ ....... 157

ਬੇਰੁਜ਼ਗਾਰੀ ਦੀ ਸਮੱਸਿਆ ....... 158

ਭਰੂਣ-ਹੱਤਿਆ ....... 159

ਨਸ਼ਾ ਨਾਸ ਕਰਦਾ ਹੈ ....... 161

ਵਿਦਿਆਰਥੀ ਅਤੇ ਅਨੁਸ਼ਾਸਨ ....... 162

ਲਾਇਬ੍ਰੇਰੀ ....... 163

ਮਨੁੱਖ ਅਤੇ ਵਿਗਿਆਨ ....... 165

ਕੰਪਿਊਟਰ ....... 166

ਪ੍ਰਦੂਸ਼ਣ ਦੀ ਸਮੱਸਿਆ ....... 168

12. ਚਿੱਠੀ-ਪੱਤਰ ....... 170

13. ਪੈਰਾ-ਰਚਨਾ ....... 189

14. ਸੰਖੇਪ ਰਚਨਾ ....... 193

15. ਅਣਡਿੱਠਾ ਪੈਰਾ ....... 198

# ਅਧਿਆਇ—ਇੱਕ

# ਵਿਆਕਰਨ ਬਾਰੇ

## ਵਿਆਕਰਨ ਦਾ ਸਰੂਪ

ਭਾਸ਼ਾ ਦੇ ਚਾਰ ਮੁੱਖ ਅੰਗ ਹਨ : ਧੁਨੀ, ਸ਼ਬਦ, ਵਾਕ ਅਤੇ ਅਰਥ। ਇਹਨਾਂ ਨੂੰ ਧਿਆਨ ਨਾਲ਼ ਵੇਖਿਆਂ, ਵਿਚਾਰਿਆਂ ਇਹਨਾਂ ਪਿੱਛੇ ਕੁਝ ਨਿਯਮ ਕੰਮ ਕਰਦੇ ਨਜ਼ਰ ਆਉਂਦੇ ਹਨ। ਭਾਸ਼ਾ ਦੇ ਵਰਤਾਰੇ ਸੰਬੰਧੀ ਪ੍ਰਾਪਤ ਹੁੰਦੇ ਇਹਨਾਂ ਨਿਯਮਾਂ ਦਾ ਵਰਗੀਕਰਨ ਕੀਤਾ ਜਾਂਦਾ ਹੈ। ਨਿਯਮਾਂ ਦੇ ਅਜਿਹੇ ਸਮੂਹ ਤੋਂ ਹੀ ਵਿਆਕਰਨ ਦਾ ਸ਼ੁੱਧ ਤੇ ਮਿਆਰੀ ਸਰੂਪ ਬਣਦਾ ਹੈ। ਇਸ ਪ੍ਰਕਾਰ ਵਿਆਕਰਨ ਉਹ ਵਿੱਦਿਆ ਹੈ ਜਿਸ ਵਿੱਚ ਭਾਸ਼ਾ ਦੇ ਨਿਯਮਾਂ ਨੂੰ ਜਾਣਿਆ ਤੇ ਸਮਝਿਆ ਜਾਂਦਾ ਹੈ।

ਭਾਸ਼ਾ ਸੰਬੰਧੀ ਵਿਆਕਰਨ ਦੇ ਨਿਯਮ ਬਾਹਰੋਂ ਨਹੀਂ ਬਣੇ ਹੁੰਦੇ ਸਗੋਂ ਇਹ ਉਸ ਭਾਸ਼ਾ ਦੀ ਸੰਰਚਨਾ ਵਿੱਚੋਂ ਹੀ ਵਿਕਸਿਤ ਹੁੰਦੇ ਹਨ। ਹਰ ਭਾਸ਼ਾ ਦਾ ਆਪਣਾ ਵਿਆਕਰਨ ਹੁੰਦਾ ਹੈ ਜਿਸ ਨੂੰ ਕਿਸੇ ਦੂਜੀ ਭਾਸ਼ਾ ਉੱਤੇ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਸਕਦਾ। ਹਰ ਭਾਸ਼ਾ ਦੇ ਨਿਯਮ ਉਸ ਦੀ ਬਣਤਰ ਦੀ ਪਰਖ ਕਰ ਕੇ ਹੀ ਲੱਭਣੇ ਚਾਹੀਦੇ ਹਨ।

ਵਿਆਕਰਨ ਦੇ ਨਿਯਮਾਂ ਵਿੱਚ ਲਚਕ ਨਹੀਂ ਹੁੰਦੀ ਪਰ ਜੀਵਿਤ ਭਾਸ਼ਾ ਗਤੀਸ਼ੀਲ ਹੁੰਦੀ ਹੈ। ਸਮੇਂ ਦੀ ਚਾਲ ਨਾਲ਼ ਭਾਸ਼ਾ ਬਦਲਦੀ ਹੈ ਤੇ ਭਾਸ਼ਾ ਦੇ ਨਿਯਮ ਵੀ ਬਦਲਦੇ ਹਨ। ਇਸ ਲਈ ਸਮੇਂ-ਸਮੇਂ ’ਤੇ ਵਿਆਕਰਨ ਦੇ ਨਿਯਮਾਂ ਵਿੱਚ ਵੀ ਤਬਦੀਲੀਆਂ ਕਰਨੀਆਂ ਪੈਂਦੀਆਂ ਹਨ।

## ਵਿਆਕਰਨ ਦੀ ਮਹੱਤਤਾ

ਅਜੋਕੇ ਸਮੇਂ ਦੇ ਪ੍ਰਸੰਗ ਵਿੱਚ ਵਿਆਕਰਨ ਦੀ ਪੜ੍ਹਾਈ ਦਾ ਖ਼ਾਸ ਮਹੱਤਵ ਹੈ। ਪੁਰਾਣੇ ਸਮੇਂ ਦੇ ਮੁਕਾਬਲੇ ਵਰਤਮਾਨ ਸਮੇਂ ਵਿੱਚ ਵਿਆਕਰਨ ਦੇ ਗਿਆਨ ਦੀ ਲੋੜ ਵਧੇਰੇ ਹੈ। ਅਜੋਕੀਆਂ ਪਰਿਸਥਿਤੀਆਂ ਵਿੱਚ ਇੱਕ ਵਿਦਿਆਰਥੀ ਨੂੰ ਇੱਕ ਤੋਂ ਵੱਧ ਭਾਸ਼ਾਵਾਂ ਦੀ ਸਮਝ ਹੋਣੀ ਬਹੁਤ ਜ਼ਰੂਰੀ ਹੈ। ਭਾਸ਼ਾਵਾਂ ਦੀ ਇਹ ਸਮਝ ਜਾਂ ਗਿਆਨ ਹਾਸਲ ਕਰਨ ਵਿੱਚ ਵਿਆਕਰਨ ਦੀ ਖ਼ਾਸ ਭੂਮਿਕਾ ਹੈ। ਅੱਜ ਦੇ ਵਿਸ਼ਵੀਕਰਨ ਦੇ ਯੁੱਗ ਵਿੱਚ ਇੱਕ ਬੱਚੇ ਨੂੰ ਮਾਤ-ਭਾਸ਼ਾ, ਰਾਸ਼ਟਰੀ ਭਾਸ਼ਾ ਤੇ ਕਿਸੇ ਅੰਤਰਰਾਸ਼ਟਰੀ ਭਾਸ਼ਾ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਤਦੇ ਹੀ ਉਹ ਆਪਣੇ ਜੀਵਨ ਵਿੱਚ ਹਰ ਥਾਂ ਕਾਮਯਾਬੀ ਪ੍ਰਾਪਤ ਕਰ ਸਕਦਾ ਹੈ। ਇਸ ਲਈ ਭਾਸ਼ਾ ਦੇ ਮਿਆਰੀ ਸਰੂਪ ਦੀ ਸਮਝ ਹੋਣਾ ਬਹੁਤ ਜ਼ਰੂਰੀ ਹੈ। ਇਸ ਗਿਆਨ-ਪ੍ਰਾਪਤੀ ਦਾ ਅਰੰਭ ਬੱਚੇ ਦੇ ਸਕੂਲ ਜਾਣ ਨਾਲ਼ ਸ਼ੁਰੂ ਹੁੰਦਾ ਹੈ ਜਿੱਥੋਂ ਉਹ ਭਾਸ਼ਾ ਦੀ ਸਮਝ ਦਾ ਮੁਢਲਾ ਗਿਆਨ ਹਾਸਲ ਕਰਦਾ ਹੈ। ਜਿਉਂ-ਜਿਉਂ ਉਹ ਅੱਗੇ ਪੜ੍ਹਦਾ ਹੈ ਤਿਉਂ-ਤਿਉਂ ਉਹ ਭਾਸ਼ਾ ਬਾਰੇ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰਦਾ ਹੈ। ਭਾਸ਼ਾ ਦੀ ਪੜ੍ਹਾਈ ਵਿੱਚ ਵਿਆਕਰਨ ਦੀ ਪੜ੍ਹਾਈ ਵੀ ਸ਼ਾਮਲ ਹੁੰਦੀ ਹੈ। ਇਸ ਪ੍ਰਕਾਰ ਇੱਕ ਬੱਚੇ ਨੂੰ ਸ਼ੁੱਧ ਤੇ ਮਿਆਰੀ ਭਾਸ਼ਾ ਸਿੱਖਣ ਵਿੱਚ ਸਹਾਇਤਾ ਮਿਲ਼ਦੀ ਹੈ। ਉਦਾਹਰਨ ਵਜੋਂ ਧੁਨੀਆਂ ਦੇ ਸਹੀ ਉਚਾਰਨ ਦਾ ਗਿਆਨ, ਸ਼ਬਦਾਂ ਦੀ ਬਣਤਰ-ਵਿਧੀ, ਉਹਨਾਂ ਦੀ ਸ਼ੁੱਧ ਵਰਤੋਂ ਤੇ ਸ਼ਬਦ-ਭੇਦਾਂ ਦਾ ਬੋਧ ਹੁੰਦਾ ਹੈ। ਨਾਲ਼ ਹੀ ਉਹ ਵਾਕਾਂ ਦੀ ਸ਼ੁੱਧ ਵਰਤੋਂ ਤੇ ਪ੍ਰਯੋਗ ਕਰਨ ਦਾ ਢੰਗ ਵੀ ਸਿੱਖਦਾ ਹੈ। ਇਸ ਤੋਂ ਇਲਾਵਾ ਦੂਜੀਆਂ ਭਾਸ਼ਾਵਾਂ ਸਿੱਖਣ ਵਿੱਚ ਤਾਂ ਵਿਆਕਰਨ ਹੋਰ ਵੀ ਮਦਦਗਾਰ ਸਾਬਤ ਹੁੰਦਾ ਹੈ।

ਕਈ ਵਾਰੀ ਇਹ ਕਿਹਾ ਜਾਂਦਾ ਹੈ ਕਿ ਵਿਆਕਰਨ ਦਾ ਸੰਬੰਧ ਕੇਵਲ ਲਿਖਤੀ ਭਾਸ਼ਾ ਨਾਲ਼ ਹੁੰਦਾ ਹੈ, ਬੋਲ-ਚਾਲ ਦੀ ਭਾਸ਼ਾ ਨਾਲ਼ ਨਹੀਂ ਜਦ ਕਿ ਵਿਆਕਰਨ ਦਾ ਸੰਬੰਧ ਭਾਸ਼ਾ ਦੇ ਦੋਹਾਂ ਰੂਪਾਂ ਨਾਲ਼ ਹੁੰਦਾ ਹੈ। ਇਸ ਦਾ ਲਿਖਤੀ ਭਾਸ਼ਾ ਦੇ ਵਿਆਕਰਨ ਨਾਲ਼ੋਂ ਅੰਤਰ ਕੇਵਲ ਇਸ ਗੱਲ ਵਿੱਚ ਹੁੰਦਾ ਹੈ ਕਿ ਇਸ ਦੇ ਨਿਯਮ ਏਨੇ ਪੱਕੇ ਨਹੀਂ ਹੁੰਦੇ। ਬੋਲਣ ਵਾਲ਼ਾ ਆਮ ਤੌਰ ’ਤੇ ਆਪਣੇ ਸ੍ਰੋਤੇ ਦੇ ਸਨਮੁਖ ਹੁੰਦਾ ਹੈ ਜਿਸ ਕਰਕੇ ਉਹ ਵਿਆਕਰਨਿਕ ਨਿਯਮਾਂ ਵਿੱਚ ਲਈ ਖੁੱਲ੍ਹ ਨੂੰ ਗੱਲ ਦੁਹਰਾ ਕੇ, ਚਿਹਰੇ ਦੇ ਪ੍ਰਭਾਵਾਂ ਜਾਂ ਇਸ਼ਾਰਿਆਂ ਦੀ ਸਹਾਇਤਾ ਨਾਲ਼ ਪੂਰਾ ਕਰ ਲੈਂਦਾ ਹੈ।

## ਵਿਆਕਰਨ ਦਾ ਮੰਤਵ

ਵਿਆਕਰਨ ਅਸਲ ਵਿੱਚ ਇੱਕ ਅਜਿਹੀ ਪ੍ਰਕਿਰਿਆ ਹੈ ਜੋ ਇਹ ਦੱਸਦੀ ਹੈ ਕਿ ਧੁਨੀ ਤੋਂ ਭਾਵਾਂਸ਼ ਦਾ, ਸ਼ਬਦ ਤੋਂ ਵਾਕਾਂਸ਼ ਦਾ, ਵਾਕਾਂਸ਼ ਤੋਂ ਉਪਵਾਕ ਦਾ ਅਤੇ ਉਪਵਾਕ ਤੋਂ ਵਾਕ ਦਾ ਨਿਰਮਾਣ ਕਿਵੇਂ ਹੁੰਦਾ ਹੈ ਤੇ ਵਾਕ ਵਿੱਚ ਕਿਹੜੇ-ਕਿਹੜੇ ਤੱਤ ਕਾਰਜਸ਼ੀਲ ਹਨ ਤੇ ਉਹਨਾਂ ਦੇ ਆਪਸੀ ਰਿਸ਼ਤੇ ਕੀ ਹਨ। ਸੋ, ਇਸ ਪ੍ਰਕਾਰ ਭਾਸ਼ਾ ਦੇ ਵਰਤਾਰੇ ਪਿੱਛੇ ਕੰਮ ਕਰਦੇ ਨਿਯਮ ਲੱਭੇ ਜਾਂਦੇ ਹਨ। ਫਿਰ ਉਹਨਾਂ ਨੂੰ ਲਾਗੂ ਕਰਕੇ ਛੋਟਾਂ ਦੱਸੀਆਂ ਜਾਂਦੀਆਂ ਹਨ। ਜਿੱਥੇ ਕੋਈ ਨਿਯਮ ਜਿੰਨਾ ਕੁ ਲਾਗੂ ਹੁੰਦਾ ਹੈ, ਉਸ ਅਨੁਸਾਰ ਭਾਸ਼ਾ ਦੀ ਵਰਤੋਂ ਸ਼ੁੱਧ ਜਾਂ ਮਿਆਰੀ ਮੰਨੀ ਜਾਂਦੀ ਹੈ।

ਸਕੂਲ ਪੱਧਰ 'ਤੇ ਵਿਆਕਰਨ ਦੇ ਗਿਆਨ ਦਾ ਖ਼ਾਸ ਮਹੱਤਵ ਹੈ। ਇਸ ਗਿਆਨ ਤੋਂ ਬਿਨਾਂ ਬੱਚੇ ਅੰਦਰ ਤਰਕਮਈ ਸੂਝ ਦਾ ਵਿਕਾਸ ਨਹੀਂ ਹੋ ਸਕਦਾ। ਇਸ ਨਾਲ਼ ਮਿਆਰੀ ਭਾਸ਼ਾ ਸਿੱਖਣ ਵਿੱਚ ਬਹੁਤ ਮਦਦ ਮਿਲ਼ਦੀ ਹੈ। ਭਾਸ਼ਾ ਦੀ ਸੁਚੱਜੀ ਅਤੇ ਸਫਲ ਵਰਤੋਂ ਕਰ ਸਕਣ ਦੀ ਜਾਚ ਆਉਂਦੀ ਹੈ ਜਿਸ ਨਾਲ਼ ਵਿਦਿਆਰਥੀ ਦਾ ਭਰੋਸਾ ਵਧਦਾ ਹੈ। ਆਮ ਤੌਰ 'ਤੇ ਮਾਤ-ਭਾਸ਼ਾ ਦੇ ਵਿਆਕਰਨ ਨੂੰ ਸਿੱਖਣ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ ਪਰ ਮਾਤ-ਭਾਸ਼ਾ ਉੱਤੇ ਪੂਰਾ ਅਧਿਕਾਰ ਹਾਸਲ ਕਰਨ ਲਈ ਤੇ ਹੋਰ ਭਾਸ਼ਾਵਾਂ ਦੇ ਵਿਆਕਰਨਾਂ ਨੂੰ ਸਮਝਣ ਲਈ ਇਸ ਵਿੱਦਿਆ ਨੂੰ ਸਿੱਖਣਾ ਬਹੁਤ ਜ਼ਰੂਰੀ ਹੈ।

## ਵਿਆਕਰਨ ਦੇ ਅੰਗ

ਵਿਆਕਰਨ ਭਾਸ਼ਾ ਦੀ ਸੰਰਚਨਾ ਵਿੱਚ ਕਾਰਜਸ਼ੀਲ ਤੱਤਾਂ ਦੀ ਪੇਸ਼ਕਾਰੀ ਕਰਦਾ ਹੈ। ਇਸ ਲਈ ਭਾਸ਼ਾ ਦੇ ਵੱਖ-ਵੱਖ ਅੰਗਾਂ ਦੇ ਅਧਿਐਨ ਅਨੁਸਾਰ ਵਿਆਕਰਨ ਦੇ ਹੇਠ ਲਿਖੇ ਅੰਗ ਬਣਦੇ ਹਨ, ਜਿਵੇਂ :

| | | |
|---|---|---|
| **ਧੁਨੀਆਂ ਦਾ ਅਧਿਐਨ** | : | **ਧੁਨੀ-ਬੋਧ** |
| **ਸ਼ਬਦਾਂ ਦਾ ਅਧਿਐਨ** | : | **ਸ਼ਬਦ-ਬੋਧ** |
| **ਵਾਕਾਂ ਦਾ ਅਧਿਐਨ** | : | **ਵਾਕ-ਬੋਧ** |
| **ਸ਼ਬਦਾਂ ਅਤੇ ਵਾਕਾਂ ਦੇ ਅਰਥਾਂ ਦਾ ਅਧਿਐਨ** | : | **ਅਰਥ-ਬੋਧ** |

ਉਪਰੋਕਤ ਅਧਿਐਨ ਤੋਂ ਇਲਾਵਾ ਵਿਆਕਰਨ ਵਿੱਚ ਲਿਪੀ, ਵਿਸਰਾਮ-ਚਿੰਨ੍ਹਾਂ ਤੇ ਸ਼ਬਦ-ਜੋੜਾਂ ਆਦਿ ਬਾਰੇ ਵੀ ਚਰਚਾ ਕੀਤੀ ਜਾਂਦੀ ਹੈ। ਇਸ ਪ੍ਰਕਾਰ ਵਿਆਕਰਨ ਬਹੁਤ ਰੋਚਕ ਵਿਸ਼ਾ ਹੈ ਕਿਉਂਕਿ ਇਹ ਭਾਸ਼ਾ ਨਾਲ਼ ਜੁੜਿਆ ਹੋਇਆ ਹੈ ਤੇ ਭਾਸ਼ਾ ਸਾਡੇ ਜੀਵਨ ਨਾਲ਼ ਜੁੜੀ ਹੋਈ ਹੈ।

## ਅਭਿਆਸ

1. ਵਿਆਕਰਨ ਕਿਸ ਨੂੰ ਕਹਿੰਦੇ ਹਨ ?
2. ਵਿਆਕਰਨ ਦੇ ਨਿਯਮਾਂ ਵਿੱਚ ਤਬਦੀਲੀ ਕਿਉਂ ਕਰਨੀ ਪੈਂਦੀ ਹੈ ?
3. ਵਿਆਕਰਨ ਦੀ ਪੜ੍ਹਾਈ ਪੜ੍ਹਨੀ ਕਿਉਂ ਜ਼ਰੂਰੀ ਹੈ ?
4. ਬੋਲ-ਚਾਲ ਦੀ ਭਾਸ਼ਾ ਵਿੱਚ ਵਿਆਕਰਨਿਕ ਨਿਯਮਾਂ ਤੋਂ ਲਈ ਜਾਂਦੀ ਖੁੱਲ੍ਹ ਨੂੰ ਕਿਵੇਂ ਪੂਰਾ ਕੀਤਾ ਜਾਂਦਾ ਹੈ ?
5. ਵਿਆਕਰਨ ਦੇ ਮੁੱਖ ਅੰਗ ਕਿਹੜੇ-ਕਿਹੜੇ ਹਨ ?

* * *

ਅਧਿਆਇ — ਦੋ

# ਭਾਸ਼ਾ ਅਤੇ ਪੰਜਾਬੀ ਭਾਸ਼ਾ

## ਭਾਸ਼ਾ ਦੀ ਵਿਆਖਿਆ

ਭਾਸ਼ਾ ਲੋਕ-ਜੀਵਨ ਦਾ ਇੱਕ ਅਹਿਮ ਅੰਗ ਹੈ। ਇਹ ਮਨੁੱਖੀ ਸੱਭਿਅਤਾ ਦਾ ਸਭ ਤੋਂ ਕੀਮਤੀ ਸਰਮਾਇਆ ਹੈ। ਮਨੁੱਖ ਜਾਤੀ ਦੀ ਹੋਂਦ ਹੀ ਭਾਸ਼ਾ ਦੇ ਸਹਾਰੇ ਖੜ੍ਹੀ ਹੈ। ਇਨਸਾਨ ਦੀ ਬੁੱਧੀ ਤੇ ਸਿਆਣਪ ਭਾਸ਼ਾ ਰਾਹੀਂ ਹੀ ਹੋਂਦ ਵਿੱਚ ਆਏ ਹਨ। ਭਾਸ਼ਾ ਕਰਕੇ ਹੀ ਇੱਕ ਮਨੁੱਖ ਆਪਣੇ ਘਰ ਨਾਲ਼, ਆਪਣੇ ਭਾਈਚਾਰੇ ਨਾਲ਼ ਤੇ ਆਲ਼ੇ-ਦੁਆਲ਼ੇ ਦੇ ਹੋਰ ਲੋਕਾਂ ਨਾਲ਼ ਸਾਂਝ ਸਥਾਪਿਤ ਕਰਦਾ ਹੈ। ਇਹ ਸਾਂਝ ਬਣਾਉਣ ਲਈ ਉਹ ਦੋ ਤਰੀਕੇ ਅਪਣਾਉਂਦਾ ਹੈ—ਇੱਕ ਬੋਲ ਕੇ ਤੇ ਦੂਜਾ ਲਿਖ ਕੇ। ਇਸ ਪ੍ਰਕਾਰ ਕਹਿ ਸਕਦੇ ਹਾਂ ਕਿ ਭਾਸ਼ਾ ਉਹ ਸਾਧਨ ਹੈ ਜਿਸ ਰਾਹੀਂ ਮਨੁੱਖ ਆਪਣੇ ਵਿਚਾਰ ਤੇ ਭਾਵ ਦੂਜਿਆਂ ਤੱਕ ਪਹੁੰਚਾਉਂਦਾ ਹੈ। ਸੋ ਇਸ ਆਧਾਰ 'ਤੇ ਹੀ ਭਾਸ਼ਾ ਨੂੰ ਪਰਿਭਾਸ਼ਿਤ ਕੀਤਾ ਜਾਂਦਾ ਹੈ। ਆਪਣੀ ਗੱਲ ਸਮਝਾਉਣ ਲਈ ਕਈ ਵਾਰ ਸੈਨਤਾਂ, ਚਿੰਨ੍ਹਾਂ ਜਾਂ ਇਸ਼ਾਰਿਆਂ ਦੀ ਵਿਧੀ ਵਰਤੀ ਜਾਂਦੀ ਹੈ ਪਰ ਇਹ ਵਿਧੀ ਪੂਰਨ ਤੌਰ 'ਤੇ ਸੰਚਾਰ ਦੇ ਸਮਰੱਥ ਨਹੀਂ ਹੋ ਸਕਦੀ। ਇਸ ਲਈ ਭਾਵਾਂ ਨੂੰ ਪ੍ਰਗਟਾਉਣ ਲਈ ਭਾਸ਼ਾ ਹੀ ਸਭ ਤੋਂ ਵੱਧ ਸਫਲ ਸਾਧਨ ਹੈ।

ਸੰਸਾਰ ਦੇ ਵੱਖ-ਵੱਖ ਖਿੱਤਿਆਂ ਵਿੱਚ ਰਹਿੰਦੇ ਲੋਕ ਵੱਖ-ਵੱਖ ਭਾਸ਼ਾਵਾਂ ਬੋਲਦੇ ਹਨ। ਇਸੇ ਤਰ੍ਹਾਂ ਸਾਡੇ ਦੇਸ ਭਾਰਤ ਵਿੱਚ ਵੱਖ-ਵੱਖ ਪ੍ਰਾਂਤਾਂ ਅਤੇ ਇਲਾਕਿਆਂ ਦੇ ਲੋਕ ਵੀ ਵੱਖ-ਵੱਖ ਭਾਸ਼ਾਵਾਂ ਬੋਲਦੇ ਹਨ। ਸਾਡੇ ਸੰਵਿਧਾਨ ਅਨੁਸਾਰ ਭਾਰਤ ਦੀਆਂ ਬਾਈ ਪ੍ਰਵਾਨਿਤ ਭਾਸ਼ਾਵਾਂ ਇਸ ਪ੍ਰਕਾਰ ਹਨ—ਸੰਸਕ੍ਰਿਤ, ਹਿੰਦੀ, ਉਰਦੂ, ਕਸ਼ਮੀਰੀ, ਡੋਗਰੀ, ਪੰਜਾਬੀ, ਸਿੰਧੀ, ਨੇਪਾਲੀ, ਸੰਥਾਲੀ, ਬੰਗਲਾ, ਬੋਡੋ, ਅਸਾਮੀ, ਮਨੀਪੁਰੀ, ਗੁਜਰਾਤੀ, ਮਰਾਠੀ, ਮੈਥਿਲੀ, ਉੜੀਆ, ਕੌਂਕਣੀ, ਕੰਨੜ, ਮਲਿਆਲਮ, ਤਾਮਿਲ ਅਤੇ ਤੈਲਗੂ।

## ਪੰਜਾਬੀ ਦੀਆਂ ਉਪਭਾਸ਼ਾਵਾਂ

ਪੁਰਾਣੇ ਸਮਿਆਂ ਵਿੱਚ ਵਿਸ਼ੇਸ਼ ਭੂਗੋਲਿਕ ਸਥਿਤੀਆਂ ਹੋਣ ਕਾਰਨ ਅਤੇ ਆਵਾਜਾਈ ਦੀਆਂ ਸਹੂਲਤਾਂ ਨਾ ਹੋਣ ਕਾਰਨ ਇੱਕ ਖਿੱਤੇ ਦੇ ਲੋਕਾਂ ਦਾ ਦੂਸਰੇ ਖਿੱਤੇ ਦੇ ਲੋਕਾਂ ਨਾਲ਼ ਕੋਈ ਬਹੁਤਾ ਮੇਲ਼-ਜੋਲ਼ ਨਹੀਂ ਹੁੰਦਾ ਸੀ। ਇਸ ਤੋਂ ਇਲਾਵਾ ਸੰਚਾਰ-ਸਾਧਨਾਂ ਦਾ ਵੀ ਕੋਈ ਬਹੁਤਾ ਵਿਕਾਸ ਨਹੀਂ ਹੋਇਆ ਸੀ ਜਿਸ ਕਾਰਨ ਇੱਕ ਪ੍ਰਾਂਤ ਜਾਂ ਇਲਾਕੇ ਵਿੱਚ ਲੋਕਾਂ ਦੁਆਰਾ ਬੋਲੀ ਜਾਣ ਵਾਲ਼ੀ ਭਾਸ਼ਾ ਵਿੱਚ ਉਚਾਰਨ ਤੇ ਸ਼ਬਦਾਵਲੀ ਦੇ ਪੱਖ ਤੋਂ ਥੋੜ੍ਹਾ-ਬਹੁਤ ਅੰਤਰ ਜ਼ਰੂਰ ਹੁੰਦਾ ਸੀ। ਆਮ ਤੌਰ 'ਤੇ ਦਰਿਆ, ਸੰਘਣੇ ਜੰਗਲ਼, ਪਹਾੜ, ਰਾਜਸੀ ਤੇ ਆਰਥਿਕ ਕਾਰਨ ਆਦਿ ਵੀ ਭਾਸ਼ਾਈ ਭਿੰਨਤਾ ਕਾਇਮ ਰੱਖਣ ਵਿੱਚ ਸਹਾਇਕ ਸਿੱਧ ਹੁੰਦੇ ਸਨ। ਸੋ ਇੱਕ ਹੀ ਭਾਸ਼ਾ ਵਿੱਚ ਇਹਨਾਂ ਫ਼ਰਕਾਂ ਕਾਰਨ ਪ੍ਰਤੀਤ ਹੁੰਦੇ ਭਿੰਨ-ਭਿੰਨ ਰੂਪਾਂ ਨੂੰ ਉਸ ਭਾਸ਼ਾ ਦੀਆਂ ਉਪਭਾਸ਼ਾਵਾਂ ਕਿਹਾ ਜਾਂਦਾ ਹੈ। ਪੰਜਾਬੀ ਦੀਆਂ ਉਪਭਾਸ਼ਾਵਾਂ ਦਰਿਆ ਸਤਲੁਜ, ਬਿਆਸ, ਰਾਵੀ, ਚਨਾਬ ਤੇ ਜੇਹਲਮ ਆਦਿ ਦੇ ਇਲਾਕਿਆਂ ਵਿੱਚ ਪੈਦਾ ਹੋਈਆਂ ਹਨ। ਕਿਸੇ ਵੀ ਉਪਭਾਸ਼ਾ ਦਾ ਘੇਰਾ ਖ਼ਾਸ ਇਲਾਕੇ ਤੱਕ ਸੀਮਿਤ ਹੁੰਦਾ ਹੈ। ਹਰੇਕ ਉਪਭਾਸ਼ਾ ਦਾ ਆਪਣਾ ਉਚਾਰਨ, ਲਹਿਜਾ ਤੇ ਸ਼ਬਦਾਵਲੀ ਦਾ ਪੱਧਰ ਹੁੰਦਾ ਹੈ ਪਰ ਉਹਨਾਂ ਵਿਚਲੇ ਵਿਆਕਰਨਿਕ ਨਿਯਮ ਸਮਾਨਤਾ ਦੇ ਪੱਧਰ 'ਤੇ ਵਿਚਰਦੇ ਹਨ। ਇਸੇ ਕਰਕੇ ਹੀ ਵੱਖ-ਵੱਖ ਉਪਭਾਸ਼ਾਵਾਂ ਦੇ ਬੁਲਾਰੇ ਆਪਸੀ ਸੰਚਾਰ ਨੂੰ ਸਮਝ ਸਕਦੇ ਹਨ। ਪੰਜਾਬੀ ਭਾਸ਼ਾ ਦੀਆਂ ਉਪਭਾਸ਼ਾਵਾਂ ਇਸੇ ਪ੍ਰਕਾਰ ਹੀ ਨਿਰਧਾਰਿਤ ਹੋਈਆਂ ਹਨ, ਜਿਵੇਂ : ਮਾਝੀ, ਮਲਵਈ, ਦੁਆਬੀ, ਪੁਆਧੀ, ਪੋਠੋਹਾਰੀ, ਮੁਲਤਾਨੀ, ਆਦਿ ਹਨ।

ਪੰਜਾਬੀ ਦੀਆਂ ਇਹ ਉਪਭਾਸ਼ਾਵਾਂ ਮੁੱਖ ਤੌਰ 'ਤੇ ਹੇਠ ਲਿਖੇ ਇਲਾਕਿਆਂ ਵਿੱਚ ਬੋਲੀਆਂ ਜਾਂਦੀਆਂ ਹਨ :

| ਉਪਬੋਲੀ | ਖੇਤਰ | ਜ਼ਿਲ੍ਹੇ |
|---|---|---|
| ਮਾਝੀ | ਮਾਝਾ ਦਾ ਮੂਲ ਅਰਥ ਮੱਧ ਦਾ, ਵਿਚਕਾਰ ਦਾ ਜਾਂ ਕੇਂਦਰੀ ਇਲਾਕਾ ਹੈ। ਇਸ ਇਲਾਕੇ ਨੂੰ ਅਣਵੰਡੇ ਪੰਜਾਬ ਦਾ ਕੇਂਦਰ ਹੋਣ ਕਾਰਨ ਮਾਝਾ ਨਾਮ ਦਿੱਤਾ ਗਿਆ ਹੈ। ਇਹ ਖੇਤਰ ਰਾਵੀ ਤੇ ਬਿਆਸ ਦਰਿਆਵਾਂ ਦੇ ਵਿਚਕਾਰ ਸਥਿਤ ਹੈ। ਇਸ ਖੇਤਰ ਵਿੱਚ ਬੋਲੀ ਜਾਣ ਵਾਲ਼ੀ ਉਪਭਾਸ਼ਾ ਨੂੰ ਮਾਝੀ ਕਿਹਾ ਜਾਂਦਾ ਹੈ। | ਜ਼ਿਲ੍ਹਾ ਅੰਮ੍ਰਿਤਸਰ, ਤਰਨ-ਤਾਰਨ, ਗੁਰਦਾਸਪੁਰ, ਪਠਾਨਕੋਟ, ਬਟਾਲ਼ਾ, ਪਾਕਿਸਤਾਨ ਵਿੱਚ ਲਾਹੌਰ ਅਤੇ ਸਿਆਲ਼ਕੋਟ। ਬਿਆਸ ਦਰਿਆ ਦੇ ਦੁਆਲ਼ੇ ਦੇ ਨਾਲ਼ ਲੱਗਦੇ ਇਲਾਕੇ ਵਿੱਚ ਵੀ ਮਾਝੀ ਉਪਭਾਸ਼ਾ ਬੋਲੀ ਜਾਂਦੀ ਹੈ। |
| ਮਲਵਈ | ਪੰਜਾਬ ਦੇ ਮਾਲਵੇ ਇਲਾਕੇ ਦੀ ਉਪਭਾਸ਼ਾ ਨੂੰ ਮਲਵਈ ਕਿਹਾ ਜਾਂਦਾ ਹੈ। ਮਲਵਈ ਸ਼ਬਦ ਮਾਲਵ ਤੋਂ ਬਣਿਆ ਹੈ। ਮਾਲਵ ਆਰੀਆ ਲੋਕਾਂ ਦੀ ਇੱਕ ਜਾਤੀ ਸੀ । ਇਹ ਬਹੁਤ ਪ੍ਰਾਚੀਨ ਉਪਬੋਲੀ ਹੈ। ਪੁਰਾਣੀ ਵੈਦਿਕ ਭਾਸ਼ਾ ਦੇ ਸ਼ਬਦ ਅੱਜ ਵੀ ਇਸ ਵਿੱਚ ਸੰਭਾਲ਼ੇ ਪਏ ਹਨ। | ਜ਼ਿਲ੍ਹਾ ਲੁਧਿਆਣਾ, ਮੁਕਤਸਰ, ਫ਼ਰੀਦਕੋਟ, ਫ਼ਾਜ਼ਿਲਕਾ, ਮੋਗਾ, ਬਠਿੰਡਾ, ਮਾਨਸਾ, ਬਰਨਾਲ਼ਾ, ਫ਼ਿਰੋਜ਼ਪੁਰ, ਸਿਰਸਾ (ਹਰਿਆਣਾ), ਸੰਗਰੂਰ ਤੇ ਫ਼ਤਿਹਗੜ੍ਹ ਸਾਹਿਬ ਦਾ ਕੁਝ ਹਿੱਸਾ ਤੇ ਪਟਿਆਲ਼ਾ ਜ਼ਿਲ੍ਹੇ ਦਾ ਪੱਛਮੀ ਭਾਗ ਵੀ ਮਾਲਵੇ ਦੇ ਖੇਤਰ ਵਿੱਚ ਆਉਂਦਾ ਹੈ। |
| ਦੁਆਬੀ | ਦੁਆਬ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਆਬ ਦਾ ਅਰਥ ਹੈ—ਪਾਣੀ, ਭਾਵ ਦੋ ਪਾਣੀਆਂ ਦੀ ਧਰਤੀ ਜਾਂ ਦੋ ਦਰਿਆਵਾਂ ਦੇ ਵਿਚਕਾਰ ਦਾ ਇਲਾਕਾ । ਇਹ ਦੋ ਦਰਿਆ ਸਤਲੁਜ ਤੇ ਬਿਆਸ ਹਨ। | ਜ਼ਿਲ੍ਹਾ ਜਲੰਧਰ, ਕਪੂਰਥਲ਼ਾ, ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ। |
| ਪੁਆਧੀ | ਪੁਆਧ ਦਾ ਭਾਵ ਚੜ੍ਹਦੇ ਵਾਲ਼ੇ ਪਾਸੇ ਦਾ ਅੱਧਾ ਹਿੱਸਾ ਹੈ। ਪੁਆਧ ਪੰਜਾਬ ਦੇ ਪੂਰਬੀ ਭਾਗ ਨੂੰ ਵੀ ਕਿਹਾ ਜਾਂਦਾ ਹੈ। ਪੁਆਧ ਨੂੰ ਪਹਾੜ ਦੇ ਪੈਰਾਂ ਦਾ ਇਲਾਕਾ ਵੀ ਕਿਹਾ ਜਾਂਦਾ ਹੈ। | ਜ਼ਿਲ੍ਹਾ ਰੂਪਨਗਰ (ਰੋਪੜ), ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪਟਿਆਲ਼ੇ ਦਾ ਪੂਰਬੀ ਹਿੱਸਾ, ਸੰਗਰੂਰ ਦੇ ਮਲੇਰਕੋਟਲੇ ਵੱਲ ਦਾ ਖੇਤਰ, ਫ਼ਤਿਹਗੜ੍ਹ ਸਾਹਿਬ ਦਾ ਪੂਰਬੀ ਹਿੱਸਾ ਅਤੇ ਹਰਿਆਣੇ ਵਿੱਚ ਅੰਬਾਲ਼ਾ ਦਾ ਪੱਛਮੀ ਹਿੱਸਾ। |
| ਪੋਠੋਹਾਰੀ | ਪੋਠੋਹਾਰ ਦਾ ਇਲਾਕਾ ਪ੍ਰਾਚੀਨ ਸਮਿਆਂ ਵਿੱਚ ਪਾਲੀ ਭਾਸ਼ਾ ਦਾ ਵਿੱਦਿਅਕ ਕੇਂਦਰ ਸੀ ਕਿਉਂਕਿ ਇਸ ਇਲਾਕੇ ਵਿੱਚ ਤਕਸ਼ਿਲਾ ਯੂਨੀਵਰਸਿਟੀ ਸਥਿਤ ਸੀ। | ਪਾਕਿਸਤਾਨ ਦੇ ਜਿਹਲਮ, ਰਾਵਲਪਿੰਡੀ ਤੇ ਕੈਮਲਪੁਰ ਦੇ ਜ਼ਿਲ੍ਹਿਆਂ ਵਿੱਚ ਪੋਠੋਹਾਰੀ ਬੋਲੀ ਜਾਂਦੀ ਹੈ । |
| ਮੁਲਤਾਨੀ | ਮੁਲਤਾਨ ਦਾ ਸੰਸਕ੍ਰਿਤ ਵਿੱਚ ਭਾਵ ਮੂਲ ਸਥਾਨ ਹੈ। ਇਹ ਇਲਾਕਾ ਸਿੰਧ ਵਾਦੀ ਦਾ ਪ੍ਰਾਚੀਨ ਸੱਭਿਆਚਾਰਿਕ ਕੇਂਦਰ ਰਿਹਾ ਹੈ। ਪਾਕਿਸਤਾਨ ਵਿੱਚ ਇਹੀ ਉਪਬੋਲੀ ਸਭ ਤੋਂ ਵੱਧ ਬੋਲੀ ਜਾਂਦੀ ਹੈ। | ਬਹਾਵਲਪੁਰ, ਝੰਗ, ਮੁਲਤਾਨ ਤੇ ਡੇਰਾ ਗ਼ਾਜ਼ੀ ਖ਼ਾਂ ਆਦਿ ਦਾ ਇਲਾਕਾ ਵਰਤਮਾਨ ਸਮੇਂ ਪਾਕਿਸਤਾਨ ਵਿੱਚ ਹੈ। |

| ਉਪਬੋਲੀ | ਖੇਤਰ | ਜ਼ਿਲ੍ਹੇ |
|---|---|---|
| ਡੋਗਰੀ | ਇਹ ਭਾਸ਼ਾ ਲੰਮਾ ਸਮਾਂ ਪੰਜਾਬੀ ਦੀ ਉਪਭਾਸ਼ਾ ਮੰਨੀ ਜਾਂਦੀ ਰਹੀ ਹੈ, ਪਰ ਹੁਣ ਇਸ ਨੂੰ ਭਾਰਤੀ ਸੰਵਿਧਾਨ ਦੀ ਅੱਠਵੀਂ ਅਨੁਸੂਚੀ ਵਿੱਚ ਦਰਜ ਭਾਰਤੀ ਭਾਸ਼ਾਵਾਂ ਦੇ ਨਾਲ਼ ਬਤੌਰ ਸੁਤੰਤਰ ਭਾਸ਼ਾ ਦੀ ਮਾਨਤਾ ਦੀ ਦਿੱਤੀ ਗਈ ਹੈ। ਡੋਗਰੀ ਦਾ ਮੁੱਖ ਕੇਂਦਰ ਜੰਮੂ ਜ਼ਿਲ੍ਹਾ ਹੈ। ਇਸ ਤੋਂ ਇਲਾਵਾ ਰਾਵੀ ਤੋਂ ਲੈ ਕੇ ਚਨਾਬ ਦਰਿਆ ਦੇ ਖੇਤਰ ਵਿੱਚ ਵੀ ਇਹੀ ਭਾਸ਼ਾ ਬੋਲੀ ਜਾਂਦੀ ਹੈ। | ਜੰਮੂ (ਜੰਮੂ ਅਤੇ ਕਸ਼ਮੀਰ), ਕਾਂਗੜੇ (ਹਿਮਾਚਲ ਪ੍ਰਦੇਸ਼) ਆਦਿ ਦੇ ਕੁਝ ਹਿੱਸਿਆਂ ਵਿੱਚ ਇਹ ਉਪਭਾਸ਼ਾ ਬੋਲੀ ਜਾਂਦੀ ਹੈ। |

ਅਜੋਕੇ ਪੰਜਾਬ ਵਿੱਚ ਆਵਾਜਾਈ ਅਤੇ ਸੰਚਾਰ-ਸਾਧਨਾਂ ਦੇ ਉੱਨਤ ਹੋਣ ਕਾਰਨ ਵੱਖ-ਵੱਖ ਖੇਤਰਾਂ ਦੇ ਲੋਕਾਂ ਦਾ ਆਪਸੀ ਮੇਲ਼-ਜੋਲ਼ ਕਾਫ਼ੀ ਵਧ ਗਿਆ ਹੈ ਜਿਸ ਕਾਰਨ ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਉੱਘੜਵੇਂ ਅੰਤਰ ਅਤੇ ਵਖਰੇਵੇਂ ਮੱਧਮ ਪੈ ਰਹੇ ਹਨ।

## ਟਕਸਾਲੀ ਪੰਜਾਬੀ

ਟਕਸਾਲੀ ਭਾਸ਼ਾ ਇੱਕ ਆਦਰਸ਼ ਭਾਸ਼ਾ ਹੁੰਦੀ ਹੈ ਜੋ ਸਾਰੇ ਇਲਾਕੇ ਵਿੱਚ ਸਾਂਝੀ ਭਾਸ਼ਾ ਵਜੋਂ ਮਾਨਤਾ ਰੱਖਦੀ ਹੈ। ਪੰਜਾਬੀ ਦੀਆਂ ਥੋੜ੍ਹੇ-ਬਹੁਤੇ ਫ਼ਰਕ ਵਾਲ਼ੀਆਂ ਉਪਭਾਸ਼ਾਵਾਂ ਨੂੰ ਛੱਡ ਕੇ ਸਾਰੇ ਪੰਜਾਬ ਵਿੱਚ ਜਿਹੜੀ ਸਰਬ-ਸਾਂਝੀ ਭਾਸ਼ਾ ਵਰਤੀ ਜਾਂਦੀ ਹੈ, ਉਸ ਨੂੰ ਟਕਸਾਲੀ ਜਾਂ ਮਿਆਰੀ ਪੰਜਾਬੀ ਭਾਸ਼ਾ ਕਿਹਾ ਜਾਂਦਾ ਹੈ, ਪੰਜਾਬ ਦੇ ਕੇਂਦਰੀ ਇਲਾਕੇ ਦੀ ਬੋਲੀ ਹੋਣ ਕਾਰਨ ਇਸ ਨੂੰ ਕੇਂਦਰੀ ਪੰਜਾਬੀ ਵੀ ਆਖਿਆ ਜਾਂਦਾ ਹੈ।ਪੰਜਾਬੀ ਭਾਸ਼ਾ ਦੇ ਟਕਸਾਲੀ ਰੂਪ ਨੂੰ ਨਿਸ਼ਚਿਤ ਕਰਨ ਦੇ ਲਈ ਮਾਝੀ ਉਪਭਾਸ਼ਾ ਨੂੰ ਆਧਾਰ ਬਣਾਇਆ ਗਿਆ ਹੈ ਕਿਉਂਕਿ ਇਸ ਦੀ ਸ਼ਬਦਾਵਲੀ ਅਤੇ ਆਮ ਮੁਹਾਵਰੇ ਵਿੱਚੋਂ ਸਾਰੀਆਂ ਉਪਭਾਸ਼ਾਵਾਂ ਦੀ ਮਹਿਕ ਆਉਂਦੀ ਹੈ। ਫਿਰ ਵੀ ਇਸ ਦੀ ਸ਼ਬਦਾਵਲੀ ਦਾ ਉਚਾਰਨ ਅਤੇ ਅਰਥ ਨਿਸ਼ਚਿਤ ਹਨ ਕਿਉਂਕਿ ਇਹ ਭਾਸ਼ਾ ਸਰਕਾਰੀ ਪ੍ਰਬੰਧ, ਸਿੱਖਿਆ, ਸਾਹਿਤ, ਸੱਭਿਆਚਾਰ ਅਤੇ ਵਪਾਰ ਆਦਿ ਦੀਆਂ ਲੋੜਾਂ ਨੂੰ ਪੂਰਿਆਂ ਕਰਦੀ ਹੈ। ਪੰਜਾਬੀ ਵਿੱਚ ਸਮਾਚਾਰ-ਪੱਤਰ, ਰੇਡੀਓ, ਟੈਲੀਵੀਜ਼ਨ ਦੇ ਸਮਾਚਾਰਾਂ ਅਤੇ ਪਾਠ-ਪੁਸਤਕਾਂ ਦੀ ਭਾਸ਼ਾ ਟਕਸਾਲੀ ਭਾਸ਼ਾ ਦੀਆਂ ਅਹਿਮ ਉਦਾਹਰਨਾਂ ਹਨ।

ਭਾਸ਼ਾ ਦੇ ਉਪਭਾਸ਼ਾਈ ਵਖਰੇਵਿਆਂ ਤੋਂ ਇਲਾਵਾ ਇਸ ਦੀਆਂ ਕੁਝ ਹੋਰ ਵੰਨਗੀਆਂ ਵੀ ਹੁੰਦੀਆਂ ਹਨ :

(1) ਵਿਅਕਤੀਗਤ ਵੰਨਗੀਆਂ

(2) ਪਿਜ਼ਿਨ ਅਤੇ ਕਰੀਓਲ।

### (1) ਵਿਅਕਤੀਗਤ ਵੰਨਗੀਆਂ :

ਇਸ ਸ਼੍ਰੇਣੀ ਵਿੱਚ ਅਪਭਾਸ਼ਾ ਜਾਂ ਸਲੈਂਗ (Slang) ਆਉਂਦੀ ਹੈ। ਇਸ ਵਿਚਲੀ ਸ਼ਬਦਾਵਲੀ ਅਸੱਭਿਅਕ ਅਰਥਾਂ ਦੀ ਧਾਰਨੀ ਹੁੰਦੀ ਹੈ। ਇਸ ਸ਼੍ਰੇਣੀ ਵਿਚਲੇ ਸ਼ਬਦ ਅਪਭਾਸ਼ਾ, ਮਿਹਣੇ, ਚਿੜ੍ਹ, ਨਿੰਦਿਆ ਅਤੇ ਕਟਾਖਸ਼ ਆਦਿ ਨਾਲ਼ ਸੰਬੰਧਿਤ ਹੁੰਦੇ ਹਨ। ਇਸੇ ਸ਼੍ਰੇਣੀ ਦੀ ਇੱਕ ਹੋਰ ਵੰਨਗੀ ਗੁਪਤ ਭਾਸ਼ਾ ਦੀ ਹੈ। ਇਸ ਦੀ ਵਰਤੋਂ ਆਪਣੀ ਗੱਲ-ਬਾਤ ਨੂੰ ਦੂਸਰੇ ਲੋਕਾਂ ਤੋਂ ਗੁਪਤ ਰੱਖਣ ਲਈ ਕੀਤੀ ਜਾਂਦੀ ਹੈ। ਫ਼ੌਜ ਵਿੱਚ ਲੜਾਈ ਸਮੇਂ ਇਸੇ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਪੰਜਾਬੀ ਨਿਹੰਗਾਂ ਦੁਆਰਾ ਅੱਜ ਵੀ ਗੁਪਤ ਭਾਸ਼ਾ ਵਰਤੀ ਜਾਂਦੀ ਹੈ, ਜਿਵੇਂ—ਦੁੱਧ ਨੂੰ ਸਮੁੰਦਰ ਅਤੇ ਛੋਲਿਆਂ ਨੂੰ ਬਦਾਮ ਕਹਿਣਾ ਆਦਿ।

ਇਸੇ ਤਰ੍ਹਾਂ ਹਰ ਕਿੱਤੇ ਦੀ ਆਪਣੀ ਵਿਸ਼ੇਸ਼ ਪ੍ਰਕਾਰ ਦੀ ਤਕਨੀਕੀ ਸ਼ਬਦਾਵਲੀ ਹੁੰਦੀ ਹੈ। ਆਧੁਨਿਕ ਸਮੇਂ ਵਿੱਚ ਸਮਾਜੀ ਭਾਸ਼ਾ-ਵਿਗਿਆਨੀਆਂ ਨੇ ਕਿਸੇ ਕਿੱਤੇ ਨਾਲ਼ ਸੰਬੰਧਿਤ ਭਾਸ਼ਾ ਨੂੰ ਰਜਿਸਟਰ ਵੰਨਗੀ ਦਾ ਨਾਂ ਦਿੱਤਾ ਹੈ,

ਜਿਵੇਂ; ਖੇਤੀ-ਬਾੜੀ ਨਾਲ਼ ਸੰਬੰਧਿਤ ਸ਼ਬਦ ਹਲਵਾਈ ਜਾਂ ਦਰਜ਼ੀ ਦੇ ਕਿੱਤੇ ਨਾਲ਼ ਸੰਬੰਧਿਤ ਸ਼ਬਦਾਂ ਤੋਂ ਭਿੰਨ ਹੁੰਦੇ ਹਨ। ਇਸੇ ਤਰ੍ਹਾਂ ਡਾਕਟਰੀ ਅਤੇ ਇੰਜੀਨੀਅਰਿੰਗ ਦੇ ਕਿੱਤਿਆਂ ਨਾਲ਼ ਸੰਬੰਧਿਤ ਸ਼ਬਦ ਇੱਕ-ਦੂਸਰੇ ਨਾਲ਼ੋਂ ਵਖਰੇਵਾਂ ਰੱਖਦੇ ਹਨ। ਇੰਞ ਹੀ ਵੱਖ-ਵੱਖ ਵਿਸ਼ਿਆਂ ਤੋਂ ਇਲਾਵਾ ਕਨੂੰਨ, ਵਿਗਿਆਨ, ਅਰਥ-ਸ਼ਾਸਤਰ ਅਤੇ ਗਣਿਤ ਆਦਿ ਦੇ ਆਪਣੇ ਖ਼ਾਸ ਸ਼ਬਦ ਨਿਰਧਾਰਿਤ ਹੁੰਦੇ ਹਨ।

### (2) ਪਿਜ਼ਿਨ ਅਤੇ ਕ੍ਰੀਓਲ ਵੰਨਗੀ :

ਇਸੇ ਤਰ੍ਹਾਂ ਹੀ ਅਜੋਕੇ ਦੌਰ ਵਿੱਚ ਪਿਜ਼ਿਨ ਤੇ ਕ੍ਰੀਓਲ ਵੰਨਗੀਆਂ ਉੱਭਰਵੇਂ ਰੂਪ ਵਿੱਚ ਸਾਮ੍ਹਣੇ ਆ ਰਹੀਆਂ ਹਨ। ਪਿਜਿਨ ਦਾ ਭਾਵ ਹੈ, ਕੰਮ-ਚਲਾਊ ਭਾਸ਼ਾ ਪਰ ਸਮਾਂ ਪਾ ਕੇ ਜੇ ਇਹੀ ਕੰਮ-ਚਲਾਊ ਭਾਸ਼ਾ ਸਥਾਨਿਕ ਭਾਸ਼ਾ ਬਣ ਜਾਵੇ ਤਾਂ ਉਸ ਨੂੰ ਕ੍ਰੀਓਲ ਦਾ ਨਾਂ ਦਿੱਤਾ ਜਾਂਦਾ ਹੈ। ਸਾਡੇ ਦੇਸ ਵਿੱਚ ਉਰਦੂ ਭਾਸ਼ਾ ਅਜਿਹੀ ਹੀ ਸਥਿਤੀ ਦੀ ਉਪਜ ਹੈ। ਇਸੇ ਤਰ੍ਹਾਂ ਹੀ ਵਰਤਮਾਨ ਸਮੇਂ ਅੰਦਰ ਪੜ੍ਹੇ-ਲਿਖੇ ਪੰਜਾਬੀ ਆਪਸੀ ਗੱਲ-ਬਾਤ ਸਮੇਂ ਅੰਗਰੇਜ਼ੀ ਸ਼ਬਦਾਂ ਦੀ ਬਹੁਤਾਤ ਵਿੱਚ ਵਰਤੋਂ ਕਰਦੇ ਹਨ। ਅਜਿਹੀ ਅੰਗਰੇਜ਼ੀਨੁਮਾ ਪੰਜਾਬੀ ਨੂੰ ਪਿੰਗਲਿਸ਼ ਦਾ ਨਾਂ ਦਿੱਤਾ ਜਾਂਦਾ ਹੈ। ਇਸ ਦਾ ਪ੍ਰਭਾਵ ਮਾਤ-ਭਾਸ਼ਾ ਲਈ ਇੱਕ ਗੰਭੀਰ ਚੁਨੌਤੀ ਹੈ। ਸਾਨੂੰ ਇਸ ਪ੍ਰਤਿ ਸੁਚੇਤ ਹੋਣ ਦੀ ਲੋੜ ਹੈ ਕਿਉਂਕਿ ਭਾਸ਼ਾ ਦਾ ਸੰਬੰਧ ਸਾਡੀ ਮਾਨਸਿਕਤਾ ਨਾਲ਼ ਹੈ ਤੇ ਇਸ ਰਸਤਿਓਂ ਹੋ ਕੇ ਹੀ ਇਹ ਸਮਾਜਿਕ ਸਰੋਕਾਰਾਂ ਨਾਲ਼ ਜੁੜਦੀ ਹੈ। ਸਮਾਜਿਕ ਸਰੋਕਾਰ ਮਨੁੱਖ ਲਈ ਬਹੁਤ ਮਹੱਤਵਪੂਰਨ ਹੋਂਦ ਰੱਖਦੇ ਹਨ। ਭਾਸ਼ਾ ਇਸ ਦਾ ਬਹੁਤ ਜ਼ਿਆਦਾ ਪ੍ਰਭਾਵ ਕਬੂਲ ਕਰਦੀ ਹੈ। ਇਸ ਦਾ ਅਸਰ ਭਾਸ਼ਾ-ਵੰਨਗੀਆਂ ਉੱਤੇ ਵੀ ਦੇਖਣ ਨੂੰ ਮਿਲ਼ਦਾ ਹੈ। ਇਸ ਤਰ੍ਹਾਂ ਬਰੀਕੀ ਨਾਲ਼ ਦੇਖਿਆਂ ਭਾਸ਼ਾ ਦੀ ਵਰਤੋਂ ਦੇ ਕੁਝ ਹੋਰ ਅੰਤਰ ਵੀ ਪਛਾਣੇ ਜਾ ਸਕਦੇ ਹਨ।

## ਅਭਿਆਸ

1. ਭਾਸ਼ਾ ਕਿਸ ਨੂੰ ਕਹਿੰਦੇ ਹਨ ?
2. ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਮਨੁੱਖ ਕਿਹੜੇ ਸਫ਼ਲ ਸਾਧਨ ਦੀ ਵਰਤੋਂ ਕਰਦਾ ਹੈ ?
3. ਸਾਡੇ ਸੰਵਿਧਾਨ ਵਿੱਚ ਕਿੰਨੀਆਂ ਭਾਸ਼ਾਵਾਂ ਪ੍ਰਵਾਨਿਤ ਹਨ ?
4. ਉਪਭਾਸ਼ਾ ਕੀ ਹੁੰਦੀ ਹੈ ?
5. ਪੰਜਾਬੀ ਦੀਆਂ ਉਪਭਾਸ਼ਾਵਾਂ ਕਿਹੜੀਆਂ-ਕਿਹੜੀਆਂ ਹਨ ?
6. ਪੰਜਾਬੀ ਦੀਆਂ ਪੁਆਧੀ ਅਤੇ ਦੁਆਬੀ ਉਪਭਾਸ਼ਾਵਾਂ ਕਿਹੜੇ-ਕਿਹੜੇ ਇਲਾਕੇ ਵਿੱਚ ਬੋਲੀਆਂ ਜਾਂਦੀਆਂ ਹਨ ?
7. ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਆਪਸੀ ਅੰਤਰ ਕਿਉਂ ਪੈਦਾ ਹੋਏ ਤੇ ਹੁਣ ਕਿਉਂ ਘਟਦੇ ਜਾ ਰਹੇ ਹਨ ?
8. ਟਕਸਾਲੀ ਜਾਂ ਮਿਆਰੀ ਪੰਜਾਬੀ ਭਾਸ਼ਾ ਕਿਸ ਨੂੰ ਕਹਿੰਦੇ ਹਨ ?
9. ਟਕਸਾਲੀ ਜਾਂ ਮਿਆਰੀ ਭਾਸ਼ਾ ਦੀ ਕੀ ਉਪਯੋਗਤਾ ਹੁੰਦੀ ਹੈ ?
10. ਮਲਵਈ ਉਪਭਾਸ਼ਾ ਕਿਹੜੇ-ਕਿਹੜੇ ਜ਼ਿਲ੍ਹਿਆਂ ਵਿੱਚ ਬੋਲੀ ਜਾਂਦੀ ਹੈ ?
11. ਰਾਵੀ ਤੇ ਬਿਆਸ ਦਰਿਆਵਾਂ ਦੇ ਵਿਚਕਾਰ ਕਿਹੜੀ ਉਪਭਾਸ਼ਾ ਬੋਲੀ ਜਾਂਦੀ ਹੈ ?
12. ਪਿਜਿਨ ਅਤੇ ਕ੍ਰੀਓਲ ਭਾਸ਼ਾ-ਵੰਨਗੀਆਂ ਵਿੱਚ ਕੀ ਅੰਤਰ ਹੈ ?
13. ਦੱਸੋ, ਪੰਜਾਬ ਦੇ ਹੇਠ ਲਿਖੇ ਜ਼ਿਲ੍ਹਿਆਂ ਵਿੱਚ ਕਿਹੜੀ-ਕਿਹੜੀ ਉਪਭਾਸ਼ਾ ਵਰਤੀ ਜਾਂਦੀ ਹੈ ?
    ਬਠਿੰਡਾ, ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ, ਤਰਨਤਾਰਨ, ਗੁਰਦਾਸਪੁਰ, ਫ਼ਾਜ਼ਿਲਕਾ, ਰੂਪਨਗਰ, ਫ਼ਤਿਹਗੜ੍ਹ ਸਾਹਿਬ, ਪਟਿਆਲ਼ਾ।

* * *

## ਅਧਿਆਇ — ਤਿੰਨ

# ਧੁਨੀ-ਬੋਧ

### ਧੁਨੀ ਅਤੇ ਪੰਜਾਬੀ ਧੁਨੀਆਂ

ਬੋਲਣ ਵੇਲ਼ੇ ਮਨੁੱਖ ਦੇ ਮੂੰਹ ਵਿੱਚੋਂ ਜਿਹੜੀਆਂ ਸਾਰਥਕ ਅਵਾਜ਼ਾਂ ਨਿਕਲ਼ਦੀਆਂ ਹਨ, ਉਹਨਾਂ ਨੂੰ ਵਿਆਕਰਨ ਵਿੱਚ ਧੁਨੀਆਂ ਕਿਹਾ ਜਾਂਦਾ ਹੈ। ਇਹ ਸਾਰਥਕ ਅਵਾਜ਼ਾਂ (ਧੁਨੀਆਂ) ਮੌਖਿਕ ਪੱਧਰ ਉੱਤੇ ਵਿਚਰਦੀਆਂ ਹਨ। ਧੁਨੀ ਨੂੰ ਤਿੰਨ ਤਰੀਕਿਆਂ ਰਾਹੀਂ ਸਮਝਿਆ ਜਾ ਸਕਦਾ ਹੈ : ਉਚਾਰ, ਸੰਚਾਰ, ਸ਼੍ਰਵਣੀ। ਧੁਨੀ ਨੂੰ ਭਾਸ਼ਾ ਦੀ ਬੁਨਿਆਦੀ ਇਕਾਈ ਵੀ ਕਿਹਾ ਜਾਂਦਾ ਹੈ। ਧੁਨੀ ਭਾਸ਼ਾਈ ਸੰਰਚਨਾ ਦੀ ਛੋਟੀ ਤੋਂ ਛੋਟੀ ਇਕਾਈ ਹੈ। ਭਾਸ਼ਾਈ ਧੁਨੀਆਂ ਦਾ ਕਾਰਜ ਅਹਿਮ ਹੈ। ਇਹ ਇੱਕ-ਦੂਜੀ ਨਾਲ਼ ਮਿਲ਼ ਕੇ ਆਪਣੇ ਤੋਂ ਉੱਪਰਲੇ ਪੱਧਰ ਦੀਆਂ ਇਕਾਈਆਂ ਭਾਵ ਸ਼ਬਦਾਂ ਦਾ ਨਿਰਮਾਣ ਕਰਦੀਆਂ ਹਨ। ਇਹਨਾਂ ਸ਼ਬਦਾਂ ਨੂੰ ਜਦ ਇੱਕ ਪੰਜਾਬੀ ਭਾਸ਼ਾ ਦਾ ਬੁਲਾਰਾ ਬੋਲਦਾ ਹੈ ਤਾਂ ਉਸ ਦੇ ਮੂੰਹ ਵਿੱਚੋਂ ਜਿਹੜੀਆਂ ਸਾਰਥਕ ਅਵਾਜ਼ਾਂ ਨਿਕਲ਼ਦੀਆਂ ਹਨ, ਉਹਨਾਂ ਨੂੰ ਪੰਜਾਬੀ ਦੀਆਂ ਧੁਨੀਆਂ ਕਿਹਾ ਜਾਂਦਾ ਹੈ। ਪੰਜਾਬੀ ਦਾ ਕੋਈ ਵੀ ਸ਼ਬਦ ਉਚਾਰਿਆ ਜਾਵੇ ਤਾਂ ਉਸ ਦਾ ਨਿਖੇੜ ਕੀਤਿਆਂ, ਹੇਠ ਲਿਖੇ ਅਨੁਸਾਰ ਧੁਨੀਆਂ ਦਾ ਪਤਾ ਲੱਗਦਾ ਹੈ :

| ਸ਼ਬਦ | | ਧੁਨੀਆਂ |
|---|---|---|
| ਰਾਮ | = | ਰ + ਆ + ਮ |
| ਸੂਰਜ | = | ਸ + ਊ + ਰ + ਜ |
| ਪੁਸਤਕ | = | ਪ + ਉ + ਸ + ਤ + ਕ |
| ਭਾਰਤ | = | ਭ + ਆ + ਰ + ਤ |

ਪੰਜਾਬੀ ਭਾਸ਼ਾ ਦੀਆਂ ਧੁਨੀਆਂ ਨੂੰ ਦੋ ਵਰਗਾਂ ਵਿੱਚ ਵੰਡ ਲਿਆ ਜਾਂਦਾ ਹੈ : ਸ੍ਵਰ-ਧੁਨੀਆਂ ਅਤੇ ਵਿਅੰਜਨ-ਧੁਨੀਆਂ।

### ਸ੍ਵਰ-ਧੁਨੀਆਂ

ਸ੍ਵਰ-ਧੁਨੀਆਂ ਉਹਨਾਂ ਧੁਨੀਆਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦੇ ਉਚਾਰਨ ਵੇਲ਼ੇ ਸਾਡੇ ਫੇਫੜਿਆਂ ਵਿੱਚੋਂ ਨਿਕਲ਼ਦੀ ਸਾਹ ਦੀ ਹਵਾ ਬੇਰੋਕ ਗਤੀ ਨਾਲ਼ ਬਾਹਰ ਨਿਕਲ਼ ਜਾਂਦੀ ਹੈ। ਇਹਨਾਂ ਨੂੰ ਬੋਲਣ ਲਈ ਬਹੁਤ ਘੱਟ ਸਮਾਂ ਲੱਗਦਾ ਹੈ। ਪੰਜਾਬੀ ਭਾਸ਼ਾ ਵਿੱਚ ੳ, ਅ, ੲ ਤਿੰਨ ਸ੍ਵਰ-ਵਾਹਕ ਅੱਖਰ ਅਤੇ ਹੇਠ ਲਿਖੀਆਂ ਕੁੱਲ ਦਸ ਸ੍ਵਰ-ਧੁਨੀਆਂ ਮੰਨੀਆਂ ਗਈਆਂ ਹਨ :

ਅ, ਆ, ਇ, ਈ, ਉ, ਊ, ਏ, ਐ, ਓ, ਔ।

ਬੇਸ਼ੱਕ ਸ੍ਵਰ-ਧੁਨੀਆਂ ਮੂੰਹ ਵਿੱਚੋਂ ਬਿਨਾਂ ਕਿਸੇ ਰੁਕਾਵਟ ਦੇ ਉਚਾਰੀਆਂ ਜਾਂਦੀਆਂ ਹਨ, ਫਿਰ ਵੀ ਇਹਨਾਂ ਦੇ ਉਚਾਰਨ ਵਿੱਚ ਜੀਭ ਦੀ ਖ਼ਾਸ ਭੂਮਿਕਾ ਹੈ ਕਿਉਂਕਿ ਉਸ ਸਮੇਂ ਜੀਭ ਕਈ ਸਥਿਤੀਆਂ ਗ੍ਰਹਿਣ ਕਰਦੀ ਹੈ, ਜਿਵੇਂ : ਕਦੇ ਜੀਭ ਉੱਚੀ ਅਵਸਥਾ ਵਿੱਚ ਹੁੰਦੀ ਹੈ, ਕਦੇ ਅੱਧ-ਉੱਚੀ, ਕਦੇ ਅੱਧ-ਨੀਵੀਂ ਅਤੇ ਕਦੇ ਨੀਵੀਂ। ਕਦੇ ਜੀਭ ਦਾ ਅਗਲਾ ਹਿੱਸਾ ਅਤੇ ਕਦੇ ਪਿਛਲਾ ਹਿੱਸਾ ਹਰਕਤ ਕਰਦਾ ਹੈ। ਇਸੇ ਪ੍ਰਕਾਰ ਬੁੱਲ੍ਹਾਂ ਦੀ ਵੀ ਖ਼ਾਸ ਭੂਮਿਕਾ ਹੈ। ਕਦੇ ਇਹ ਗੁਲ਼ਾਈਦਾਰ ਤੇ ਕਦੇ ਗੁਲ਼ਾਈ-ਰਹਿਤ ਅਵਸਥਾ ਵਿੱਚ ਹੁੰਦੇ ਹਨ। ਜਿਹੜਾ ਸਾਹ ਅੰਦਰੋਂ ਆ ਰਿਹਾ ਹੁੰਦਾ ਹੈ, ਕਿਸੇ ਧੁਨੀ ਦੇ ਉਚਾਰਨ ਵੇਲ਼ੇ ਘੱਟ ਲੱਗਦਾ ਹੈ ਤੇ ਕਿਸੇ ਉੱਤੇ ਵੱਧ ਲੱਗਦਾ ਹੈ। ਇਸ ਆਧਾਰ ਉੱਤੇ ਸ੍ਵਰ-ਧੁਨੀਆਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ :

ੳ. ਹ੍ਰਸਵ ਜਾਂ ਲਘੂ ਸੂਰ-ਧੁਨੀਆਂ : (ਘੱਟ ਸਾਹ ਲੱਗਣ ਵਾਲ਼ੀਆਂ ਧੁਨੀਆਂ)

ਅ. ਦੀਰਘ ਸੂਰ-ਧੁਨੀਆਂ : (ਵੱਧ ਸਾਹ ਲੱਗਣ ਵਾਲ਼ੀਆਂ ਧੁਨੀਆਂ)

ਪੰਜਾਬੀ ਵਿੱਚ /ਉ, ਅ, ਇ/ ਲਘੂ ਸੂਰ-ਧੁਨੀਆਂ ਹਨ। ਬਾਕੀ ਸਾਰੀਆਂ / ਆ, ਈ, ਊ, ਏ, ਐ, ਓ, ਔ ਦੀਰਘ ਸੂਰ-ਧੁਨੀਆਂ ਹਨ। ਆਮ ਤੌਰ 'ਤੇ ਦੀਰਘ ਸੂਰ-ਧੁਨੀ ਦੇ ਉਚਾਰਨ ਵਿੱਚ ਲਘੂ ਸੂਰ-ਧੁਨੀ ਨਾਲ਼ੋਂ ਦੁੱਗਣਾ ਸਮਾਂ ਲੱਗਦਾ ਹੈ।

## ਵਿਅੰਜਨ-ਧੁਨੀਆਂ

ਵਿਅੰਜਨ ਉਹ ਧੁਨੀ ਹੁੰਦੀ ਹੈ ਜਿਸ ਨੂੰ ਉਚਾਰਨ ਵੇਲ਼ੇ ਉਚਾਰਨ-ਅੰਗ ਸਾਹ ਦੀ ਹਵਾ ਨੂੰ ਕਿਸੇ ਨਾ ਕਿਸੇ ਸਥਾਨ ਉੱਤੇ ਥੋੜ੍ਹੀ ਜਾਂ ਜ਼ਿਆਦਾ ਮਾਤਰਾ ਵਿੱਚ ਰੁਕਾਵਟ ਪਾਉਂਦੇ ਹਨ। ਸਾਹ ਦੀ ਹਵਾ ਨੂੰ ਦੋ ਉਚਾਰਨ-ਅੰਗ ਰੋਕਦੇ ਹਨ। ਇਹਨਾਂ ਵਿੱਚੋਂ ਇੱਕ ਹੈ ਚੁਸਤ ਤੇ ਦੂਜਾ ਹੈ ਸੁਸਤ। ਸੁਸਤ (ਉੱਪਰਲਾ ਜਬਾੜ੍ਹਾ ਤੇ ਬੁੱਲ੍ਹ) ਉਚਾਰਨ-ਅੰਗ ਸਾਹ ਦੀ ਹਵਾ ਨੂੰ ਰੋਕਦੇ ਹਨ, ਜਦ ਕਿ ਚੁਸਤ (ਜੀਭ ਤੇ ਹੇਠਲਾ ਬੁੱਲ੍ਹ) ਉਚਾਰਨ-ਅੰਗ ਵਿਅੰਜਨ-ਧੁਨੀਆਂ ਦੇ ਉਚਾਰਨ ਵਿੱਚ ਸਹਾਇਤਾ ਕਰਦੇ ਹਨ। ਜੀਭ ਕਦੇ ਕੋਮਲ ਤਾਲੂ ਨੂੰ ਛੂੰਹਦੀ ਹੈ (ਕ, ਖ, ਗ), ਕਦੇ ਕਠੋਰ ਤਾਲੂ ਨੂੰ ਛੂੰਹਦੀ ਹੈ (ਚ, ਛ, ਜ)। ਕਦੇ ਉਲਟੀ ਹੋ ਕੇ ਸਿੱਧੀ ਹੁੰਦੀ ਹੈ (ਟ, ਠ, ਡ) ਅਤੇ ਕਦੇ ਦੰਦਾਂ ਦੇ ਅੰਦਰਲੇ ਪਾਸੇ ਛੂੰਹਦੀ ਹੈ (ਤ, ਥ, ਦ) ਤੇ ਕਿਧਰੇ ਬੁੱਲ੍ਹ ਆਪਣੀ ਖ਼ਾਸ ਭੂਮਿਕਾ ਨਿਭਾਉਂਦੇ ਹਨ, ਜਿਵੇਂ: ਪ, ਫ, ਬ ਆਦਿ ਧੁਨੀਆਂ।

ਪੰਜਾਬੀ ਵਿੱਚ ਹੇਠ ਲਿਖੀਆਂ ਵਿਅੰਜਨ-ਧੁਨੀਆਂ ਹਨ :

| | | | | | |
|---|---|---|---|---|---|
| | | | ਸ | ਹ | |
| ਕ | ਖ | ਗ | ਘ | ਙ | |
| ਚ | ਛ | ਜ | ਝ | ਞ | |
| ਟ | ਠ | ਡ | ਢ | ਣ | |
| ਤ | ਥ | ਦ | ਧ | ਨ | |
| ਪ | ਫ | ਬ | ਭ | ਮ | |
| ਯ | ਰ | ਲ | ਵ | ੜ | |
| ਸ਼ | ਖ਼ | ਗ਼ | ਜ਼ | ਫ਼ | ਲ਼ |

ਇਹਨਾਂ ਵਿੱਚੋਂ ਙ, ਞ, ਣ, ਨ ਅਤੇ ਮ ਦੀਆਂ ਪੰਜ ਧੁਨੀਆਂ ਨਾਸਿਕੀ ਵਿਅੰਜਨ ਹਨ। ਕਿਉਂਕਿ ਇਹਨਾਂ ਦਾ ਉਚਾਰਨ ਕਰਨ ਸਮੇਂ ਆਵਾਜ਼ ਨੱਕ ਵਿੱਚੋਂ ਨਿਕਲ਼ਦੀ ਹੈ।

ਚੇਤੇ ਰਹੇ ਕਿ ਅਜੋਕੀ ਪੰਜਾਬੀ ਭਾਸ਼ਾ ਵਿੱਚ ਙ, ਞ, ਣ, ੜ ਅਤੇ ਲ਼ ਧੁਨੀਆਂ ਨਾਲ਼ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ। ਙ ਅਤੇ ਞ ਧੁਨੀਆਂ ਦੀ ਅਜੋਕੀ ਪੰਜਾਬੀ ਵਿੱਚ ਵਰਤੋਂ ਬਹੁਤ ਘੱਟ ਹੁੰਦੀ ਹੈ। ਇਸ ਤੋਂ ਇਲਾਵਾ /ਯ/ ਤੇ/ਵ/ ਦੋ ਅਜਿਹੀਆਂ ਵਿਅੰਜਨ-ਧੁਨੀਆਂ ਹਨ ਜੋ ਸੂਰ ਵਿੱਚ ਤਬਦੀਲ ਹੋਣ ਦੀ ਸਮਰੱਥਾ ਰੱਖਦੀਆਂ ਹਨ, ਜਿਵੇਂ— ਗਯਾਨੀ-ਗਿਆਨੀ, ਸਵਾਮੀ-ਸੁਆਮੀ। ਇਸ ਕਾਰਨ ਇਹਨਾਂ ਧੁਨੀਆਂ ਨੂੰ ਅਰਧ ਸੂਰ-ਧੁਨੀਆਂ ਵੀ ਕਿਹਾ ਜਾਂਦਾ ਹੈ।

## ਅਭਿਆਸ

1. ਵਿਆਕਰਨ ਅਨੁਸਾਰ ਧੁਨੀ ਕਿਸ ਨੂੰ ਕਹਿੰਦੇ ਹਨ ?
2. ਪੰਜਾਬੀ ਭਾਸ਼ਾ ਦੀਆਂ ਧੁਨੀਆਂ ਕਿੰਨੇ ਪ੍ਰਕਾਰ ਦੀਆਂ ਹਨ ?
3. ਪੰਜਾਬੀ ਵਿੱਚ ਸੂਰ-ਵਾਹਕ ਅੱਖਰ ਕਿਹੜੇ ਹਨ?
4. ਪੰਜਾਬੀ ਵਿੱਚ ਸੂਰ-ਧੁਨੀਆਂ ਕਿਹੜੀਆਂ-ਕਿਹੜੀਆਂ ਹਨ?
5. ਪੰਜਾਬੀ ਵਿੱਚ ਵਿਅੰਜਨ-ਧੁਨੀਆਂ ਕਿੰਨੀਆਂ ਹਨ ?
6. ਪੰਜਾਬੀ ਦੇ ਨਾਸਿਕੀ ਵਿਅੰਜਨ ਕਿਹੜੇ-ਕਿਹੜੇ ਹਨ ?
7. ਅਜੋਕੀ ਪੰਜਾਬੀ ਵਿੱਚ ਕਿਹੜੀਆਂ ਧੁਨੀਆਂ ਨਾਲ਼ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ?

* * *

## ਅਧਿਆਇ — ਚਾਰ

# ਲਿਪੀ-ਬੋਧ

ਲਿਖਤ ਦਾ ਆਧਾਰ ਲਿਪੀ ਹੈ। ਕਿਸੇ ਭਾਸ਼ਾ ਵਿਚਲੇ ਬੋਲਾਂ ਨੂੰ ਲਿਖਤ ਵਿੱਚ ਵਰਤੇ ਜਾਂਦੇ ਚਿੰਨ੍ਹਾਂ ਦੇ ਸਮੂਹ ਨੂੰ ਲਿਪੀ ਕਿਹਾ ਜਾਂਦਾ ਹੈ। ਇੰਞ ਵੀ ਕਿਹਾ ਜਾ ਸਕਦਾ ਹੈ ਕਿ ਜਿਵੇਂ ਧੁਨੀਆਂ ਨੂੰ ਮਿਲ਼ਾ ਕੇ ਭਾਸ਼ਾ ਬਣਦੀ ਹੈ, ਤਿਵੇਂ ਧੁਨੀਆਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਵਰਤੇ ਜਾਣ ਵਾਲ਼ੇ ਚਿੰਨ੍ਹਾਂ ਨੂੰ ਮਿਲ਼ਾ ਕੇ ਲਿਪੀ ਬਣਦੀ ਹੈ। ਹਰ ਭਾਸ਼ਾ ਦੀ ਆਪਣੀ ਲਿਪੀ ਹੁੰਦੀ ਹੈ, ਜਿਵੇਂ; ਹਿੰਦੀ ਭਾਸ਼ਾ ਲਈ ਦੇਵਨਾਗਰੀ, ਉਰਦੂ ਭਾਸ਼ਾ ਲਈ ਫ਼ਾਰਸੀ ਲਿਪੀ, ਅੰਗਰੇਜ਼ੀ ਭਾਸ਼ਾ ਲਈ ਰੋਮਨ ਲਿਪੀ ਹੈ। ਇਸੇ ਪ੍ਰਕਾਰ ਪੰਜਾਬੀ ਭਾਸ਼ਾ ਲਈ ਗੁਰਮੁਖੀ ਲਿਪੀ ਦੀ ਵਰਤੋਂ ਹੁੰਦੀ ਹੈ।

**ਗੁਰਮੁਖੀ ਲਿਪੀ :** ਇਹ ਲਿਪੀ ਪੰਜਾਬੀ ਭਾਸ਼ਾ ਨੂੰ ਪੇਸ਼ ਕਰਨ ਲਈ ਪੂਰਨ ਤੌਰ 'ਤੇ ਢੁਕਵੀਂ ਹੈ। ਪੰਜਾਬੀ ਭਾਸ਼ਾ ਨੂੰ ਲਿਖਣ ਲਈ ਗੁਰਮੁਖੀ ਲਿਪੀ ਦੀ ਹੀ ਵਰਤੋਂ ਕੀਤੀ ਜਾਂਦੀ ਹੈ।

**ਲਿਪੀ ਤੇ ਵਰਨ-ਮਾਲ਼ਾ :** ਗੁਰਮੁਖੀ ਦੇ ਸਾਰੇ ਅੱਖਰਾਂ ਤੇ ਲਗਾਂ ਆਦਿ ਨੂੰ ਮਿਲ਼ਾ ਕੇ ਗੁਰਮੁਖੀ ਲਿਪੀ ਬਣਦੀ ਹੈ। ਗੁਰਮੁਖੀ ਅੱਖਰ ਜਦੋਂ ਪਰੰਪਰਾਗਤ ਨਿਸ਼ਚਿਤ ਤਰਤੀਬ ਵਿੱਚ ਰੱਖੇ ਜਾਂਦੇ ਹਨ ਤਾਂ ਉਸ ਨੂੰ ਗੁਰਮੁਖੀ ਵਰਨ-ਮਾਲ਼ਾ ਕਿਹਾ ਜਾਂਦਾ ਹੈ। ਪੰਜਾਬੀ ਦੀ ਪਹਿਲੀ ਜਮਾਤ ਦੀ ਪਾਠ-ਪੁਸਤਕ ਵਿੱਚ ਬੱਚਿਆਂ ਨੂੰ ਪੰਜਾਬੀ ਸਿਖਾਉਣ ਲਈ ਇਹੋ ਵਰਨ-ਮਾਲ਼ਾ ਪੜ੍ਹਾਈ ਜਾਂਦੀ ਹੈ। ਗੁਰਮੁਖੀ ਵਰਨ-ਮਾਲ਼ਾ ਹੇਠ ਲਿਖੇ ਅਨੁਸਾਰ ਹੈ :

| | | | | | |
|---|---|---|---|---|---|
| ੳ | ਅ | ੲ | ਸ | ਹ | |
| ਕ | ਖ | ਗ | ਘ | ਙ | |
| ਚ | ਛ | ਜ | ਝ | ਞ | |
| ਟ | ਠ | ਡ | ਢ | ਣ | |
| ਤ | ਥ | ਦ | ਧ | ਨ | |
| ਪ | ਫ | ਬ | ਭ | ਮ | |
| ਯ | ਰ | ਲ | ਵ | ੜ | |
| ਸ਼ | ਖ਼ | ਗ਼ | ਜ਼ | ਫ਼ | ਲ਼ |

ਗੁਰਮੁਖੀ ਵਰਨ-ਮਾਲ਼ਾ ਵਿੱਚ ਪਹਿਲਾਂ ਉੜੇ ਤੋਂ ੜਾੜੇ ਤੱਕ ਪੈਂਤੀ ਅੱਖਰ ਹੁੰਦੇ ਸਨ। ਇਸ ਕਰਕੇ ਇਸ ਦਾ ਨਾਂ 'ਪੈਂਤੀ' ਜਾਂ 'ਪੈਂਤੀ ਅੱਖਰੀ' ਸੀ। ਫਿਰ ਅਰਬੀ, ਫ਼ਾਰਸੀ ਧੁਨੀਆਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਸ਼, ਖ਼, ਗ਼, ਜ਼, ਫ਼ ਪੰਜ ਅੱਖਰ ਪਹਿਲਾਂ ਤੋਂ ਪ੍ਰਚਲਿਤ ਸ, ਖ, ਗ, ਜ, ਫ ਅੱਖਰਾਂ ਦੇ ਪੈਰਾਂ ਵਿੱਚ ਬਿੰਦੀ ਲਾ ਕੇ ਬਣਾਏ ਗਏ। ਬਾਅਦ ਵਿੱਚ ਪੰਜਾਬੀ ਦੀ 'ਲ਼' ਧੁਨੀ ਜਿਸ ਨੂੰ ਬੋਲਣ ਵੇਲ਼ੇ ਜੀਭ ਤਾਲੂ ਨੂੰ ਛੂੰਹਦੀ ਹੈ, ਨੂੰ ਅੰਕਿਤ ਕਰਨ ਲਈ ਲੱਲਾ ਅੱਖਰ ਦੇ ਪੈਰ ਬਿੰਦੀ ਲਾ ਕੇ 'ਲ਼' ਅੱਖਰ ਬਣਾਇਆ ਗਿਆ ਹੈ ਜਦਕਿ ਬਿਨਾਂ ਪੈਰ ਬਿੰਦੀ 'ਲੱਲਾ' ਅੱਖਰ 'ਲ' ਦੀ ਉਸ ਧੁਨੀ ਨੂੰ ਅੰਕਿਤ ਕਰਦਾ ਹੈ ਜਿਸ ਨੂੰ ਬੋਲਣ ਵੇਲ਼ੇ ਜੀਭ ਦੰਦਾਂ ਦੇ ਅੰਦਰਲੇ ਪਾਸੇ ਨੂੰ ਛੂੰਹਦੀ ਹੈ। ਇਸ ਤਰ੍ਹਾਂ ਗੁਰਮੁਖੀ ਵਰਨ-ਮਾਲ਼ਾ ਦੇ ਇਕਤਾਲ਼ੀ ਅੱਖਰ ਹਨ। ਸੱਸਾ ਤੋਂ ਪੈਰ ਬਿੰਦੀ ਵਾਲ਼ੇ ਲੱਲੇ ਤੱਕ ਅਠੱਤੀ ਅੱਖਰ ਵਿਅੰਜਨ-ਧੁਨੀਆਂ ਨੂੰ ਅੰਕਿਤ ਕਰਦੇ ਹਨ। ੳ, ਅ, ੲ ਤਿੰਨ ਸ੍ਵਰ-ਅੱਖਰ ਹਨ ਪਰ ਸ੍ਵਰ-ਧੁਨੀਆਂ ਦਸ ਹਨ। ੳ, ਅ, ੲ ਅੱਖਰ ਸ੍ਵਰ-ਵਾਹਕ ਅੱਖਰ ਹਨ। ਇਹ ਪੰਜਾਬੀ ਭਾਸ਼ਾ ਦੀਆਂ ਇਹਨਾਂ ਦਸ ਸ੍ਵਰ-ਧੁਨੀਆਂ ਨੂੰ ਅੰਕਿਤ ਕਰਦੇ ਹਨ : ਅ, ਆ, ਇ, ਈ, ਉ, ਊ, ਏ, ਐ, ਓ, ਔ।

**ਅੱਖਰ ਤੇ ਲਗਾਂ :** ਪੰਜਾਬੀ ਧੁਨੀਆਂ ਤੋਂ ਬਣਦੇ ਸ਼ਬਦਾਂ ਨੂੰ ਅੰਕਿਤ ਕਰਨ ਲਈ ਗੁਰਮੁਖੀ ਅੱਖਰਾਂ ਨਾਲ਼ ਕੁਝ ਲਗਾਂ ਲੱਗਦੀਆਂ ਹਨ। ਲਗਾਂ ਸ੍ਵਰ-ਧੁਨੀਆਂ ਨੂੰ ਅੰਕਿਤ ਕਰਨ ਵਾਲੇ ਲਿਪੀ-ਚਿੰਨ੍ਹ ਹਨ। ਲਗਾਂ ਦਾ ਅੱਖਰਾਂ ਤੋਂ ਬਿਨਾਂ ਪ੍ਰਯੋਗ ਨਹੀਂ ਹੁੰਦਾ। ਇਹ ਕਿਸੇ ਨਾ ਕਿਸੇ ਅੱਖਰ ਨਾਲ਼ ਹੀ ਆਉਂਦੀਆਂ ਹਨ।

**ਮੁਕਤਾ :** ਮੁਕਤਾ ਸ੍ਵਰ-ਧੁਨੀ ਨੂੰ ਕਹਿੰਦੇ ਹਨ ਪਰ ਇਸ ਦਾ ਕੋਈ ਚਿੰਨ੍ਹ ਨਹੀਂ ਹੈ। ਪੰਜਾਬੀ ਲਿਖਣ ਵੇਲੇ ਜਿਹੜੇ ਅੱਖਰਾਂ ਨੂੰ ਕੋਈ ਲਗ ਨਹੀਂ ਲੱਗਦੀ, ਉਹਨਾਂ ਅੱਖਰਾਂ ਨੂੰ ਮੁਕਤਾ ਲਗ ਵਾਲ਼ੇ ਅੱਖਰ ਮੰਨਿਆ ਜਾਂਦਾ ਹੈ। ਅਜਿਹੇ ਅੱਖਰਾਂ ਵਿੱਚ /ਅ/ ਦੀ ਅਵਾਜ਼ ਸ਼ਾਮਲ ਸਮਝੀ ਜਾਂਦੀ ਹੈ, ਜਿਵੇਂ : ਘਰ, ਪੜ੍ਹ, ਸਰ, ਕਰ।

**ਕੰਨਾ (ਾ) :** ਇਹ ਲਗ /ਆ/ਸ੍ਵਰ-ਧੁਨੀ ਦਾ ਚਿੰਨ੍ਹ ਹੈ। ਕੰਨਾ ਅੱਖਰ ਤੋਂ ਪਿੱਛੋਂ ਲੱਗਦਾ ਹੈ। ਇਹ ਲੰਬਾਈ ਵਿੱਚ ਅੱਖਰ ਤੋਂ ਅੱਧਾ ਹੁੰਦਾ ਹੈ। ਕੰਨਾ ਲਗ ਜਿਸ ਅੱਖਰ ਪਿੱਛੇ ਲੱਗਦੀ ਹੈ, ਉਸ ਨਾਲ਼ /ਆ/ ਧੁਨੀ ਦੀ ਅਵਾਜ਼ ਜੁੜ ਜਾਂਦੀ ਹੈ, ਜਿਵੇਂ : ਕਾਰ, ਹਾਰ, ਭਰਾ, ਪੜ੍ਹਾ, ਲਿਖਾ, ਸਮਝਾ ਆਦਿ। ਗੁਰਮੁਖੀ ਦੇ ਇਸ ਚਿੰਨ੍ਹ ਦੀ ਵਰਤੋਂ ਊੜਾ ਅਤੇ ਈੜੀ ਅੱਖਰਾਂ ਤੋਂ ਬਿਨਾਂ ਬਾਕੀ ਸਾਰੇ ਅੱਖਰਾਂ ਨਾਲ਼ ਹੁੰਦੀ ਹੈ।

**ਸਿਹਾਰੀ ( ਿ ) :** ਇਹ ਲਗ/ਇ/ ਸ੍ਵਰ-ਧੁਨੀ ਦਾ ਸੂਚਕ ਹੈ। ਇਸ ਨੂੰ ਸਿਹਾਰੀ ਲਗ ਕਿਹਾ ਜਾਂਦਾ ਹੈ। ਇਹ ਅੱਖਰ ਤੋਂ ਪਹਿਲਾਂ ਲੱਗਦੀ ਹੈ। ਜਿਹੜੇ ਅੱਖਰ ਨਾਲ਼ ਸਿਹਾਰੀ ਦੀ ਵਰਤੋਂ ਹੁੰਦੀ ਹੈ, ਉਸ ਅੱਖਰ ਵਿਚੋਂ /ਇ/ਲਘੂ ਸ੍ਵਰ ਦੀ ਅਵਾਜ਼ ਨਿਕਲ਼ਦੀ ਹੈ, ਜਿਵੇਂ : ਲਿਖ, ਮਿਰਚ, ਜਿੱਤ, ਕਿਸਾਨ, ਇੰਗਲੈਂਡ, ਇੱਧਰ, ਵਿਚਕਾਰ, ਸ਼ਹਿਰ, ਨਹਿਰ, ਕਹਿਰ, ਬਲਿਹਾਰ, ਬਣਾਇਆ, ਸੁਣਾਇਆ ਆਦਿ।

ਇਸ ਲਗ ਦੀ ਵਰਤੋਂ ਊੜਾ ਅਤੇ ਐੜਾ ਨੂੰ ਛੱਡ ਕੇ ਬਾਕੀ ਸਾਰੇ ਅੱਖਰਾਂ ਨਾਲ਼ ਹੋ ਸਕਦੀ ਹੈ। ਅਜੋਕੀ ਪੰਜਾਬੀ ਵਿੱਚ ਸ਼ਬਦ ਦੇ ਅੰਤਲੇ ਅੱਖਰ ਨਾਲ਼ ਇਸ ਦੀ ਵਰਤੋਂ ਬਹੁਤ ਘੱਟ ਹੁੰਦੀ ਹੈ।

ਨੋਟ : ਇਸ ਲਗ ਦੀ ਵਰਤੋਂ ਬਾਰੇ ਹੋਰ ਵੇਰਵਾ ਕਾਂਡ ਨੌਂ 'ਪੰਜਾਬੀ ਸ਼ਬਦ-ਜੋੜ' ਵਿੱਚ ਹੈ।

**ਬਿਹਾਰੀ ( ੀ ) :** ਇਹ ਲਗ/ਈ/ਸ੍ਵਰ-ਧੁਨੀ ਦੀ ਸੂਚਕ ਹੈ। ਇਸ ਨੂੰ ਬਿਹਾਰੀ ਲਗ ਕਿਹਾ ਜਾਂਦਾ ਹੈ। ਇਹ ਅੱਖਰ ਤੋਂ ਬਾਅਦ ਲੱਗਦੀ ਹੈ। ਜਿਸ ਅੱਖਰ ਨਾਲ਼ ਬਿਹਾਰੀ ਲੱਗਦੀ ਹੈ, ਉਸ ਅੱਖਰ ਜਾਂ ਸ਼ਬਦ ਵਿੱਚੋਂ /ਈ/ ਦੀਰਘ ਧੁਨੀ ਦੀ ਅਵਾਜ਼ ਪੈਦਾ ਹੁੰਦੀ ਹੈ, ਜਿਵੇਂ : ਸੀਤਲ, ਗ਼ਰੀਬ, ਅਮੀਰ, ਸਰਦੀ, ਗਰਮੀ ਆਦਿ। ਇਹ ਲਗ ਊੜਾ ਅਤੇ ਐੜਾ ਅੱਖਰਾਂ ਨਾਲ਼ ਨਹੀਂ ਲੱਗਦੀ।

**ਔਂਕੜ ( ੁ ) :** ਇਹ ਲਗ /ਉ/ ਸ੍ਵਰ-ਧੁਨੀ ਦਾ ਚਿੰਨ੍ਹ ਹੈ। ਇਸ ਦੀ ਵਰਤੋਂ ਅੱਖਰ ਦੇ ਹੇਠਾਂ ਹੁੰਦੀ ਹੈ। ਜਿਹੜੇ ਅੱਖਰ ਨਾਲ਼ ਇਸ ਦੀ ਵਰਤੋਂ ਹੁੰਦੀ ਹੈ, ਉਸ ਵਿੱਚ /ਉ/ਲਘੂ ਸ੍ਵਰ-ਧੁਨੀ ਦੀ ਅਵਾਜ਼ ਜੁੜ ਜਾਂਦੀ ਹੈ, ਜਿਵੇਂ : ਚੁਸਤ, ਦਰੁਸਤ, ਮਨੁੱਖ, ਹੁਨਰ, ਮੁੜ, ਜੁੜ, ਟੁੱਟ, ਚੁੱਕ, ਘਸੁੰਨ ਆਦਿ। ਐੜਾ ਅਤੇ ਈੜੀ ਅੱਖਰਾਂ ਨਾਲ਼ ਇਸ ਦੀ ਵਰਤੋਂ ਨਹੀਂ ਹੁੰਦੀ। ਅਜੋਕੀ ਪੰਜਾਬੀ ਵਿੱਚ ਸ਼ਬਦ ਦੇ ਅੰਤਲੇ ਅੱਖਰ ਨਾਲ਼ ਇਸ ਦੀ ਵਰਤੋਂ ਆਮ ਨਹੀਂ ਹੁੰਦੀ।

ਨੋਟ : ਇਸ ਲਗ ਦੀ ਵਰਤੋਂ ਬਾਰੇ ਹੋਰ ਵੇਰਵਾ ਕਾਂਡ ਨੌਂ 'ਪੰਜਾਬੀ ਸ਼ਬਦ-ਜੋੜ' ਵਿੱਚ ਹੈ।

**ਦੁਲੈਂਕੜ ( ੂ ) :** ਇਹ ਲਗ /ਊ/ਸ੍ਵਰ-ਧੁਨੀ ਦਾ ਚਿੰਨ੍ਹ ਹੈ। ਇਹ ਔਂਕੜ ਲਗ ਵਾਂਗ ਅੱਖਰ ਦੇ ਹੇਠਾਂ ਲਾਈ ਜਾਂਦੀ ਹੈ। ਜਿਸ ਅੱਖਰ ਨਾਲ਼ ਦੁਲੈਂਕੜ ਲਾਈ ਜਾਂਦੀ ਹੈ ਉਸ ਨਾਲ਼ /ਊ/ਦੀਰਘ ਸ੍ਵਰ-ਧੁਨੀ ਦੀ ਅਵਾਜ਼ ਜੁੜ ਜਾਂਦੀ ਹੈ, ਜਿਵੇਂ : ਖ਼ੂਨ, ਪੂਜਾ, ਸੂਰਜ, ਸਕੂਲ, ਜਲੂਸ, ਕਪੂਰਥਲ਼ਾ, ਅਕਾਊ, ਪੜ੍ਹਾਕੂ ਆਦਿ। ਐੜਾ ਅਤੇ ਈੜੀ ਨਾਲ਼ ਇਸ ਲਗ ਦੀ ਵਰਤੋਂ ਨਹੀਂ ਹੁੰਦੀ।

**ਲਾਂ ( ੇ ) :** ਇਹ ਲਗ/ਏ/ਸ੍ਵਰ-ਧੁਨੀ ਦਾ ਚਿੰਨ੍ਹ ਹੈ। ਇਹ ਅੱਖਰ ਦੇ ਉੱਤੇ ਲਾਈ ਜਾਂਦੀ ਹੈ। ਜਿਸ ਅੱਖਰ ਨਾਲ਼ ਲਾਂ ਲਗ ਦੀ ਵਰਤੋਂ ਹੁੰਦੀ ਹੈ, ਉਸ ਨਾਲ਼ /ਏ/ਦੀਰਘ ਸ੍ਵਰ-ਧੁਨੀ ਦੀ ਅਵਾਜ਼ ਜੁੜ ਜਾਂਦੀ ਹੈ, ਜਿਵੇਂ : ਚੇਤ, ਕੇਸ, ਤੇਲ, ਅਟੇਰਨ, ਤਰਸੇਵਾਂ, ਪਹਾੜੇ ਆਦਿ। ਇਸ ਲਗ ਦੀ ਵਰਤੋਂ ਊੜਾ ਅਤੇ ਐੜਾ ਨਾਲ਼ ਨਹੀਂ ਹੁੰਦੀ।

**ਦੁਲਾਵਾਂ ( ੈ ) :** ਇਹ ਲਗ /ਐ ਸ੍ਵਰ-ਧੁਨੀ ਦਾ ਚਿੰਨ੍ਹ ਹੈ। ਲਾਂ ਵਾਂਗ ਇਹ ਲਗ ਵੀ ਅੱਖਰ ਦੇ ਉੱਤੇ ਲਾਈ ਜਾਂਦੀ ਹੈ। ਜਿਸ ਅੱਖਰ ਨਾਲ਼ ਇਸ ਦੀ ਵਰਤੋਂ ਹੁੰਦੀ ਹੈ, ਉਸ ਨਾਲ਼ / ਐ / ਦੀਰਘ ਧੁਨੀ ਦੀ ਅਵਾਜ਼ ਜੁੜ ਜਾਂਦੀ ਹੈ, ਜਿਵੇਂ : ਸੈਨਤ, ਫੈਲਣਾ, ਹੁਸੈਨ, ਨਿਰਭੈ, ਫ਼ੈਸ਼ਨ, ਆਦਿ। ਇਹ ਲਗ ਊੜਾ ਅਤੇ ਈੜੀ ਨਾਲ਼ ਨਹੀਂ ਲਾਈ ਜਾਂਦੀ।

**ਹੋੜਾ ( ੋ ) :** ਇਹ ਲਗ/ਓ/ ਸ੍ਵਰ-ਧੁਨੀ ਦਾ ਚਿੰਨ੍ਹ ਹੈ। ਇਹ ਅੱਖਰ ਦੇ ਉੱਤੇ ਲੱਗਦੀ ਹੈ। ਜਿਸ ਅੱਖਰ ਨਾਲ਼ ਹੋੜਾ ਲੱਗਦਾ ਹੈ, ਉਸ ਨਾਲ਼ /ਓ/ਸ੍ਵਰ ਦੀ ਦੀਰਘ-ਧੁਨੀ ਜੁੜ ਜਾਂਦੀ ਹੈ, ਜਿਵੇਂ : ਮੋਰ, ਕਟੋਰਾ, ਪਰਲੋ ਆਦਿ। ਜਦੋਂ ਇਹ ਲਗ ਊੜਾ ਅੱਖਰ ਨਾਲ਼ ਲਾਉਣੀ ਹੁੰਦੀ ਹੈ ਤਾਂ ਊੜੇ ਦਾ ਕੇਵਲ ਮੂੰਹ ਖੋਲ੍ਹ ਦਿੱਤਾ ਜਾਂਦਾ ਹੈ। ਐੜਾ ਅਤੇ ਈੜੀ ਨਾਲ਼ ਇਸ ਦੀ ਵਰਤੋਂ ਨਹੀਂ ਹੁੰਦੀ।

**ਕਨੌੜਾ ( ੌ ) :** ਇਹ ਲਗ / ਔ / ਸੁਰ-ਧੁਨੀ ਦਾ ਚਿੰਨ੍ਹ ਹੈ। ਹੋੜਾ ਲਗ ਵਾਂਗ ਇਹ ਵੀ ਅੱਖਰ ਦੇ ਉੱਤੇ ਲੱਗਦੀ ਹੈ। ਜਿਸ ਅੱਖਰ ਉੱਤੇ ਕਨੌੜਾ ਲੱਗਦਾ ਹੈ, ਉਸ ਨਾਲ਼ /ਔ/ ਦੀ ਅਵਾਜ਼ ਜੁੜ ਜਾਂਦੀ ਹੈ, ਜਿਵੇਂ : ਔਕੜ, ਸੌਣ, ਦੌਣ, ਧੌਣ, ਰੌਣਕ, ਅਲੌਕਿਕ, ਜਲੌ ਆਦਿ। ਇਹ ਲਗ ਉੜਾ ਅਤੇ ਈੜੀ ਨਾਲ਼ ਨਹੀਂ ਲੱਗਦੀ।

### ਲਗਾਖਰ

ਇਹ ਇੱਕ ਤਰ੍ਹਾਂ ਦੇ ਲਿਪੀ-ਚਿੰਨ੍ਹ ਹਨ ਜਿਨ੍ਹਾਂ ਦੀ ਵਰਤੋਂ ਲਗ ਲੱਗੇ ਅੱਖਰਾਂ ਨਾਲ਼ ਕੀਤੀ ਜਾਂਦੀ ਹੈ। ਇਹ ਸ਼ਬਦਾਂ ਦੇ ਉਚਾਰਨ ਵਿੱਚ ਖ਼ਾਸ ਯੋਗਦਾਨ ਪਾਉਂਦੇ ਹਨ।ਪੰਜਾਬੀ ਭਾਸ਼ਾ ਦੇ ਵਿਆਕਰਨ ਵਿੱਚ ਇਹਨਾਂ ਦੀ ਗਿਣਤੀ ਤਿੰਨ ਮਿਥੀ ਗਈ ਹੈ : ਬਿੰਦੀ, ਟਿੱਪੀ ਤੇ ਅਧਕ ਆਦਿ।

**ਬਿੰਦੀ ( ਂ ) ਤੇ ਟਿੱਪੀ ( ੰ )** : ਇਹ ਚਿੰਨ੍ਹ ਨਾਸਿਕੀ ਸੁਰ-ਧੁਨੀਆਂ ਨੂੰ ਅੰਕਿਤ ਕਰਨ ਲਈ ਵਰਤੇ ਜਾਂਦੇ ਹਨ। ਬਿੰਦੀ ਅਤੇ ਟਿੱਪੀ ਦੀ ਅਵਾਜ਼ ਵਿੱਚ ਕੋਈ ਅੰਤਰ ਨਹੀਂ ਹੈ । ਇਹ ਦੋਵੇਂ ਚਿੰਨ੍ਹ ਲਗਾਂ ਦੇ ਨਾਲ਼ ਆਉਂਦੇ ਹਨ। ਇਸ ਲਈ ਇਹਨਾਂ ਨੂੰ ਲਗਾਖਰ ਕਹਿੰਦੇ ਹਨ। ਕਿਸੇ ਅੱਖਰ ਨਾਲ਼ ਦੋ ਲਗਾਂ ਇਕੱਠੀਆਂ ਨਹੀਂ ਆਉਂਦੀਆਂ। ਇੱਕ ਲਗ ਅਤੇ ਉਸ ਨਾਲ਼ ਬਿੰਦੀ ਜਾਂ ਟਿੱਪੀ ਦਾ ਚਿੰਨ੍ਹ ਆ ਸਕਦਾ ਹੈ, ਜਿਵੇਂ : ਉਂਗਲ਼ੀ, ਆਂਡਾ, ਇੰਜਣ, ਮੀਂਹ, ਗੂੰਦ,ਭੌਂ, ਧੌਂਸਾ, ਗੇਂਦ, ਗੈਂਡਾ ਆਦਿ।

ਬਿੰਦੀ ਅਤੇ ਟਿੱਪੀ ਦੀ ਵਰਤੋਂ ਲਗਾਂ ਅਨੁਸਾਰ ਹੁੰਦੀ ਹੈ। ਮੁਕਤਾ, ਸਿਹਾਰੀ, ਔਂਕੜ, ਦੁਲੈਂਕੜ ਨਾਲ਼ ਟਿੱਪੀ ਦੀ ਵਰਤੋਂ ਹੁੰਦੀ ਹੈ, ਜਿਵੇਂ :ਭੰਨ, ਸੰਘ, ਸਿੰਘ, ਪਿੰਨੀ, ਮੁੰਡਾ, ਝੁੰਡ, ਮੂੰਹ, ਬੂੰਦ ਆਦਿ।

ਬਿੰਦੀ ਦੀ ਵਰਤੋਂ ਕੰਨਾ, ਬਿਹਾਰੀ, ਲਾਂ, ਦੁਲਾਵਾਂ, ਹੋੜਾ ਅਤੇ ਕਨੌੜਾ ਨਾਲ਼ ਹੁੰਦੀ ਹੈ, ਜਿਵੇ : ਬਾਂਦਰ, ਆਂਡਾ, ਨੀਂਦ, ਪੀਂਘ, ਗੇਂਦਾ, ਬੈਂਗਣ, ਸੈਂਕੜਾ, ਗੋਂਦ, ਕਦੋਂ, ਧੌਂਸ, ਜੌਂ ਆਦਿ। ਇਹਨਾਂ ਨਿਯਮਾਂ ਵਿੱਚ ਛੋਟ ਇਹ ਹੈ ਕਿ ੳ ਅੱਖਰ ਨੂੰ ਲੱਗੇ ਔਂਕੜ ਅਤੇ ਦੁਲੈਂਕੜ ਨਾਲ਼ ਟਿੱਪੀ ਨਹੀਂ ਬਿੰਦੀ ਲੱਗਦੀ ਹੈ।

**ਅਧਕ ( ੱ ) :** ਇਹ ਦਬਾਅ ਜਾਂ ਬਲ ਦਾ ਚਿੰਨ੍ਹ ਹੈ। ਸ਼ਬਦ ਵਿੱਚ ਜੇ ਕਿਸੇ ਧੁਨੀ ਉੱਤੇ ਦਬਾਅ ਜਾਂ ਖ਼ਾਸ ਬਲ ਦੇਣਾ ਹੋਵੇ ਤਾਂ ਉਸ ਧੁਨੀ ਨੂੰ ਅੰਕਿਤ ਕਰਨ ਵਾਲ਼ੇ ਅੱਖਰ ਤੋਂ ਪਹਿਲੇ ਅੱਖਰ ਉੱਤੇ ਅਧਕ ਦਾ ਚਿੰਨ੍ਹ ਲਾਇਆ ਜਾਂਦਾ ਹੈ। ਅਧਕ ਦੀ ਵਰਤੋਂ ਕੇਵਲ ਮੁਕਤਾ, ਸਿਹਾਰੀ ਜਾਂ ਔਂਕੜ ਲਗਾਂ ਨਾਲ਼ ਕੀਤੀ ਜਾਂਦੀ ਹੈ, ਜਿਵੇਂ : ਵੱਟ, ਪਿੱਤ, ਕੁੱਤਾ, ਆਦਿ।

**ਨੋਟ :** ਕੁਝ ਅੰਗਰੇਜ਼ੀ ਸ਼ਬਦਾਂ ਨੂੰ ਗੁਰਮੁਖੀ ਵਿੱਚ ਲਿਖਣ ਲਈ ਦੁਲਾਵਾਂ ਲਗ ਨਾਲ਼ ਵੀ ਅਧਕ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ : ਪੈੱਨ, ਜੈੱਟ, ਸੈੱਟ ਆਦਿ।

### ਦੁੱਤ ਅੱਖਰ :

ਗੁਰਮੁਖੀ ਲਿਪੀ ਵਿੱਚ 'ਹ, ਰ, ਵ' ਤਿੰਨ ਅਜਿਹੇ ਅੱਖਰ ਹਨ ਜਿਨ੍ਹਾਂ ਦੀ ਵਰਤੋਂ ਇਹਨਾਂ ਦੇ ਮੂਲ ਰੂਪ ਵਿੱਚ ਅਰਥਾਤ ਆਮ ਚਿੰਨ੍ਹਾਂ ਵਾਂਗ ਵੀ ਕੀਤੀ ਜਾ ਸਕਦੀ ਹੈ ਅਤੇ ਵਿਅੰਜਨ ਅੱਖਰਾਂ ਦੇ ਪੈਰਾਂ ਵਿੱਚ ਪਾ ਕੇ ਵੀ ਕੀਤੀ ਜਾ ਸਕਦੀ ਹੈ, ਜਿਵੇਂ : ਪੜ੍ਹ, ਪ੍ਰੇਮ, ਸ੍ਵਰ ਆਦਿ।

ਇਹਨਾਂ **ਦੁੱਤ** ਅੱਖਰਾਂ ਨੂੰ ਜੁੜਵੇਂ ਜਾਂ ਸੰਯੁਕਤ ਅੱਖਰ ਵੀ ਕਿਹਾ ਜਾਂਦਾ ਹੈ।

### ਸੁੰਦਰ ਲਿਖਾਈ ਦਾ ਆਧਾਰ :

ਸੁੰਦਰ ਲਿਖਾਈ ਦੇ ਦੋ ਮੁੱਖ ਲੱਛਣ ਹਨ : ਪਹਿਲਾ ਇਹ ਕਿ ਲਿਖਿਆ ਹੋਇਆ ਸੌਖੀ ਤਰ੍ਹਾਂ ਪੜ੍ਹਿਆ ਜਾਵੇ ਅਤੇ ਕਿਸੇ ਪ੍ਰਕਾਰ ਦਾ ਭੁਲੇਖਾ ਨਾ ਪਵੇ, ਦੂਜਾ ਇਹ ਕਿ ਲਿਖਿਆ ਹੋਇਆ ਅੱਖਾਂ ਨੂੰ ਸੋਹਣਾ ਲੱਗੇ।

ਗੁਰਮੁਖੀ ਦੇ ਸਾਰੇ ਅੱਖਰ, ਉੜਾ ਨੂੰ ਛੱਡ ਕੇ, ਲੰਬਾਈ ਅਤੇ ਚੁੜਾਈ ਵਿੱਚ ਇੱਕੋ-ਜਿਹੇ ਹਨ। ਇਸ ਲਈ ਸੁੰਦਰ ਲਿਖਤ ਵਿੱਚ ਸਾਰੇ ਅੱਖਰਾਂ ਦੇ ਆਕਾਰ ਨੂੰ ਇੱਕੋ-ਜਿਹਾ ਰੱਖਣ ਦੀ ਕੋਸ਼ਸ਼ ਕੀਤੀ ਹੁੰਦੀ ਹੈ। ਅੱਖਰਾਂ ਨਾਲ਼ ਲੱਗੀਆਂ ਲਗਾਂ ਅਤੇ ਟਿੱਪੀ, ਅਧਕ ਆਦਿ ਚਿੰਨ੍ਹ ਅੱਖਰਾਂ ਦੇ ਖ਼ਾਸ ਅਨੁਪਾਤ ਵਿੱਚ ਹੁੰਦੇ ਹਨ ਅਤੇ ਉਹਨਾਂ ਦੇ ਲਾਉਣ ਦੀ ਥਾਂ ਵੀ ਨਿਸ਼ਚਿਤ ਹੁੰਦੀ ਹੈ। ਸੁੰਦਰ ਲਿਖਾਈ ਵਿੱਚ ਲਗਾਂ ਦੀ ਥਾਂ ਅਤੇ ਆਕਾਰ ਅੱਖਰਾਂ ਅਨੁਸਾਰ ਹੀ ਹੋਣੇ ਚਾਹੀਦੇ ਹਨ। ਭਾਵੇਂ ਹੱਥ ਨਾਲ਼ ਲਿਖੇ ਹੋਏ ਅੱਖਰ ਅਤੇ ਲਗਾਂ ਆਦਿ ਇੰਨ-ਬਿੰਨ ਛਾਪੇ ਦੇ ਅੱਖਰਾਂ ਅਤੇ ਲਗਾਂ ਜਿਹੇ ਨਹੀਂ ਬਣਦੇ ਤਾਂ ਵੀ ਇਹ ਕੋਸ਼ਸ਼ ਕੀਤੀ ਜਾਣੀ ਚਾਹੀਦੀ ਹੈ ਕਿ ਹੱਥਾਂ ਨਾਲ਼ ਲਿਖੇ ਅੱਖਰ ਅਤੇ ਲਗਾਂ, ਛਾਪੇ ਦੇ ਅੱਖਰਾਂ ਅਤੇ ਲਗਾਂ ਦੇ ਨੇੜੇ-ਤੇੜੇ ਰਹਿਣ।

ਸ਼ਬਦਾਂ ਵਿੱਚ ਅੱਖਰਾਂ ਦੀ ਅਤੇ ਵਾਕ ਵਿੱਚ ਸ਼ਬਦਾਂ ਦੀ ਆਪਸੀ ਵਿੱਥ ਸਮਾਨ ਹੋਣੀ ਚਾਹੀਦੀ ਹੈ। ਕਾਗ਼ਜ਼ ਉੱਤੇ ਹਾਸ਼ੀਆ ਛੱਡਣ, ਪੈਰਾ ਬਣਾਉਣ, ਵਿਸਰਾਮ-ਚਿੰਨ੍ਹਾਂ ਅਤੇ ਸ਼ਬਦ-ਜੋੜਾਂ ਬਾਰੇ ਸੁਚੇਤ ਰਹਿਣ ਨਾਲ਼ ਲਿਖਾਈ ਸੋਹਣੀ ਲੱਗਦੀ ਹੈ।

ਸਮੁੱਚੇ ਤੌਰ 'ਤੇ ਲਿਖੇ ਹੋਏ ਅੱਖਰ ਨਾ ਤਾਂ ਏਨੇ ਬਰੀਕ ਹੋਣ ਕਿ ਪੜ੍ਹਨ ਵਿੱਚ ਔਖ ਹੋਵੇ ਅਤੇ ਨਾ ਹੀ ਏਨੇ ਵੱਡੇ ਕਿ ਭੱਦੇ ਲੱਗਣ।

## ਅਭਿਆਸ

1. ਲਿਪੀ ਕੀ ਹੁੰਦੀ ਹੈ ?
2. ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਹੜੀ ਲਿਪੀ ਢੁਕਵੀਂ ਹੈ ?
3. ਗੁਰਮੁਖੀ ਲਿਪੀ ਅਤੇ ਵਰਨ-ਮਾਲ਼ਾ ਵਿੱਚ ਕੀ ਅੰਤਰ ਹੈ ?
4. ਗੁਰਮੁਖੀ ਵਰਨ-ਮਾਲ਼ਾ ਦੇ ਕਿੰਨੇ ਵਰਨ ਜਾਂ ਅੱਖਰ ਹਨ ?
5. ਪਹਿਲਾਂ ਪ੍ਰਚਲਿਤ ਅੱਖਰਾਂ ਵਿੱਚ ਕੁਝ ਅੱਖਰਾਂ ਦੇ ਪੈਰਾਂ ਵਿੱਚ ਬਿੰਦੀ ਲਾ ਕੇ ਨਵੇਂ ਅੱਖਰ ਬਣਾਏ ਗਏ ਹਨ। ਇਹ ਨਵੇਂ ਅੱਖਰ ਕਿਹੜੇ ਹਨ? ਇਹਨਾਂ ਨਵੇਂ ਅੱਖਰਾਂ ਨੂੰ ਬਣਾਉਣ ਦੀ ਲੋੜ ਕਿਉਂ ਪਈ ?
6. 'ਲ' ਅਤੇ 'ਲ਼' ਵਿੱਚ ਕੀ ਅੰਤਰ ਹੈ ?
7. ਦੁੱਤ ਅੱਖਰ ਕਿਸ ਨੂੰ ਆਖਦੇ ਹਨ ? ਉਦਾਹਰਨਾਂ ਸਹਿਤ ਲਿਖੋ।
8. ਬਿੰਦੀ ਕਿਹੜੀ-ਕਿਹੜੀ ਲਗ ਨਾਲ਼ ਲੱਗਦੀ ਹੈ, ਉਦਾਹਰਨਾਂ ਸਹਿਤ ਦੱਸੋ।
9. (ੳ) ਉੂੜਾ ਅੱਖਰ ਨਾਲ਼ ਕਿਹੜੇ ਨਾਸਿਕੀ ਚਿੰਨ੍ਹ ਦੀ ਵਰਤੋਂ ਹੁੰਦੀ ਹੈ ?
   (ਅ) ਉਹ ਕਿਹੜਾ ਅੱਖਰ ਹੈ ਜਿਸ ਦੇ ਨਾਲ਼ ਹੋੜਾ ਲਗ ਲਾਉਣ ਲਈ ਉਸ ਅੱਖਰ ਦਾ ਮੂੰਹ ਖੁੱਲ੍ਹਾ ਕਰ ਦਿੱਤਾ ਜਾਂਦਾ ਹੈ ?
10. ਅਧਕ ਦੀ ਵਰਤੋਂ ਕਦੋਂ ਕੀਤੀ ਜਾਂਦੀ ਹੈ ?
11. ਅਧਕ ਕਿਹੜੀਆਂ ਲਗਾਂ ਨਾਲ਼ ਆ ਸਕਦੀ ਹੈ ?
12. ਮੁਕਤਾ ਲਗ ਤੋਂ ਕੀ ਭਾਵ ਹੈ ?
13. ਸੋਹਣਾ ਲਿਖਣ ਲਈ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ?
14. ਕਿਸੇ ਅੱਖਰ ਨਾਲ਼ ਲਗਾਖਰ ਬਿੰਦੀ, ਟਿੱਪੀ ਅਤੇ ਅਧਕ ਲਾਉਣ ਜਾਂ ਨਾ ਲਾਉਣ ਨਾਲ਼ ਪੈਂਦੇ ਅਰਥ-ਅੰਤਰ ਦੀਆਂ ਪੰਜ-ਪੰਜ ਉਦਾਹਰਨਾਂ ਲਿਖੋ।

* * *

## ਅਧਿਆਇ — ਪੰਜ

# ਸ਼ਬਦ-ਬੋਧ

ਹਰੇਕ ਭਾਸ਼ਾ ਕੋਲ ਅਸੀਮ ਸ਼ਬਦ-ਭੰਡਾਰ ਹੁੰਦਾ ਹੈ। ਇਹਨਾਂ ਵਿੱਚੋਂ ਬਹੁਤ ਸਾਰੇ ਸ਼ਬਦ ਜੀਵਾਂ, ਸਥਾਨਾਂ, ਵਸਤਾਂ ਦੇ ਨਾਂ ਹੁੰਦੇ ਹਨ। ਮਨੁੱਖੀ ਆਲ਼ਾ-ਦੁਆਲ਼ਾ ਕੁਦਰਤ ਦੇ ਅਜਿਹੇ ਵਰਤਾਰੇ ਨਾਲ਼ ਭਰਪੂਰ ਹੈ। ਮਨੁੱਖ ਆਪਣੇ ਸੰਪਰਕ ਵਿੱਚ ਆਉਣ ਵਾਲ਼ੀ ਹਰੇਕ ਵਸਤੂ, ਵਰਤਾਰੇ, ਭਾਵਨਾ ਆਦਿ ਦਾ ਕੋਈ ਨਾ ਕੋਈ ਨਾਂ ਰੱਖ ਲੈਂਦਾ ਹੈ। ਓਪਰੀ ਨਜ਼ਰੇ ਇਹ ਨਾਮ-ਸੰਸਾਰ ਹੀ ਭਾਸ਼ਾ ਜਾਪਦੀ ਹੈ ਪਰ ਬਹੁਤ ਸਾਰੇ ਸ਼ਬਦ ਅਜਿਹੇ ਵੀ ਹਨ ਜੋ ਵਸਤਾਂ ਦੇ ਨਾਂ ਨਹੀਂ ਸਗੋਂ ਉਹਨਾਂ ਦੇ ਗੁਣਾਂ, ਕਿਰਿਆਵਾਂ ਤੇ ਭਾਵਾਂ ਦੀ ਪੇਸ਼ਕਾਰੀ ਕਰਦੇ ਹਨ। ਕੁਝ ਸ਼ਬਦ ਅਜਿਹੇ ਵੀ ਹਨ ਜੋ ਗੁਣਾਂ, ਕਿਰਿਆਵਾਂ ਤੇ ਭਾਵਾਂ ਦੀ ਪੇਸ਼ਕਾਰੀ ਨਹੀਂ ਕਰਦੇ ਸਗੋਂ ਉਹਨਾਂ ਵਿਚਲੇ ਸੰਬੰਧਾਂ ਨੂੰ ਉਜਾਗਰ ਕਰਨ ਦੀ ਭੂਮਿਕਾ ਨਿਭਾਉਂਦੇ ਹਨ।

ਇਸ ਪ੍ਰਕਾਰ ਵਿਆਕਰਨ ਵਿੱਚ ਭਾਸ਼ਾ ਦੇ ਇਸ ਵਿਸ਼ਾਲ ਤੇ ਜਟਿਲ ਸ਼ਬਦ-ਭੰਡਾਰ ਨੂੰ ਕੁਝ ਸੀਮਿਤ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ। ਵਾਕ ਵਿੱਚ ਸ਼ਬਦ ਇਹਨਾਂ ਸ਼ਬਦ-ਸ਼੍ਰੇਣੀਆਂ ਦੇ ਮੈਂਬਰਾਂ ਵਜੋਂ ਵਿਚਰਦੇ ਹਨ। ਇੱਕੋ ਸ਼੍ਰੇਣੀ ਨਾਲ ਸੰਬੰਧਿਤ ਸ਼ਬਦ ਸਾਂਝੇ ਵਿਆਕਰਨਿਕ ਲੱਛਣਾਂ ਦੇ ਧਾਰਨੀ ਹੁੰਦੇ ਹਨ। ਉਦਾਹਰਨ ਦੇ ਤੌਰ 'ਤੇ ਮੁੰਡਾ, ਪੁਲਿਸ, ਡਾਕਟਰ, ਰੁੱਖ, ਪਾਣੀ ਆਦਿ ਸ਼ਬਦ ਨਾਂਵ ਹਨ ਅਤੇ ਨਾਂਵ ਦੀ ਇੱਕੋ ਸ਼੍ਰੇਣੀ ਨਾਲ਼ ਸੰਬੰਧਿਤ ਹਨ। ਇਸ ਤੋਂ ਇਲਾਵਾ ਕੁਝ ਸ਼ਬਦ ਅਜਿਹੇ ਹਨ ਜੋ ਇੱਕ ਤੋਂ ਵੱਧ ਸ਼੍ਰੇਣੀਆਂ ਦੇ ਮੈਂਬਰ ਹੋਣ ਦੀ ਭੂਮਿਕਾ ਨਿਭਾਉਂਦੇ ਹਨ, ਜਿਵੇ :

| | |
|---|---|
| ਬੱਚਾ ਤਰ ਖਾ ਰਿਹਾ ਹੈ। | (ਨਾਂਵ) |
| ਉਹ ਦਰਿਆ ਵਿੱਚ ਤਰ ਰਹੇ ਹਨ। | (ਕਿਰਿਆ) |
| ਤਰ ਕੰਧ ਉਤੇ ਸੀਮਿੰਟ ਵੱਧ ਪਕੜ ਕਰਦਾ ਹੈ। | (ਵਿਸ਼ੇਸ਼ਣ) |
| ਉਹ ਘਰ ਦੇ ਮੋੜ ਉੱਤੇ ਖੜ੍ਹਾ ਸੀ। | (ਨਾਂਵ) |
| ਉਸ ਨੇ ਮੇਰਾ ਸਾਰਾ ਸਮਾਨ ਮੋੜ ਦਿੱਤਾ ਹੈ। | (ਕਿਰਿਆ) |

ਇਸ ਪ੍ਰਕਾਰ ਵਿਆਕਰਨ ਵਿੱਚ ਸ਼ਬਦਾਂ ਦਾ ਅਧਿਐਨ ਦੋ ਪ੍ਰਕਾਰ ਨਾਲ਼ ਹੁੰਦਾ ਹੈ। ਇੱਕ ਅਧਿਐਨ ਦਾ ਸੰਬੰਧ ਸ਼ਬਦਾਂ ਦੀ ਸ਼੍ਰੇਣੀ-ਵੰਡ, ਰੂਪਾਂਤਰ, ਰਚਨਾ ਅਤੇ ਵਰਤੋਂ ਦੇ ਨੇਮਾਂ ਨਾਲ਼ ਹੈ। ਇਸ ਨੂੰ ਸ਼ਬਦ-ਬੋਧ ਕਿਹਾ ਜਾਂਦਾ ਹੈ। ਦੂਜੇ ਅਧਿਐਨ ਵਿੱਚ ਸ਼ਬਦਾਂ ਦੀ ਅਰਥਾਂ ਪੱਖੋਂ ਵਿਆਖਿਆ ਆਉਂਦੀ ਹੈ। ਸ਼ਬਦਾਂ ਤੇ ਅਰਥਾਂ ਦੇ ਸੰਬੰਧਾਂ ਬਾਰੇ ਚਰਚਾ ਅਰਥ-ਬੋਧ ਦੇ ਤਹਿਤ ਸੱਤਵੇਂ ਕਾਂਡ ਵਿੱਚ ਕੀਤੀ ਜਾਵੇਗੀ। ਇੱਥੇ ਸ਼ਬਦ-ਭੇਦ ਬਾਰੇ ਹੀ ਦੱਸਿਆ ਗਿਆ ਹੈ।

### ਸ਼ਬਦ-ਭੇਦ

ਸ਼ਬਦ ਭਾਸ਼ਾ ਦੀ ਛੋਟੀ ਤੋਂ ਛੋਟੀ ਅਰਥ-ਯੁਕਤ ਇਕਾਈ ਹੈ। ਪ੍ਰਯੋਗ ਦੇ ਆਧਾਰ 'ਤੇ ਪੰਜਾਬੀ ਸ਼ਬਦ-ਸ਼੍ਰੇਣੀਆਂ ਨੂੰ ਹੇਠ ਲਿਖੇ ਅੱਠ ਭਾਗਾਂ ਵਿੱਚ ਵੰਡਿਆ ਜਾਂਦਾ ਹੈ। ਇਸ ਨੂੰ ਸ਼ਬਦ-ਭੇਦ ਆਖਿਆ ਜਾਂਦਾ ਹੈ।

1. ਨਾਂਵ 2. ਪੜਨਾਂਵ 3. ਵਿਸ਼ੇਸ਼ਣ 4. ਕਿਰਿਆ 5. ਕਿਰਿਆ-ਵਿਸ਼ੇਸ਼ਣ
6. ਸੰਬੰਧਕ 7. ਯੋਜਕ 8. ਵਿਸਮਕ।

**1. ਨਾਂਵ :** ਕਿਸੇ ਵਿਅਕਤੀ, ਸਥਾਨ, ਜੀਵ, ਵਸਤੂ, ਹਾਲਤ, ਗੁਣ, ਭਾਵ, ਕੰਮ ਆਦਿ ਦੇ ਨਾਂ ਨੂੰ ਨਾਂਵ ਕਿਹਾ ਜਾਂਦਾ ਹੈ, ਜਿਵੇਂ : ਬਲਦੀਪ, ਜਲੰਧਰ, ਬਲ਼ਦ, ਪੈੱਨਸਿਲ, ਗਰਮੀ, ਅਮੀਰੀ, ਪਿਆਸ ਆਦਿ।

**2. ਪੜਨਾਂਵ :** ਜਿਹੜਾ ਸ਼ਬਦ ਕਿਸੇ ਨਾਂਵ ਦੀ ਥਾਂ ਵਰਤਿਆ ਜਾਵੇ ਉਸ ਨੂੰ ਪੜਨਾਂਵ ਆਖਦੇ ਹਨ, ਜਿਵੇਂ : ਮੈਂ, ਤੂੰ, ਉਹ ਆਦਿ।

**3. ਵਿਸ਼ੇਸ਼ਣ :** ਜਿਹੜਾ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਨਾਲ਼ ਆ ਕੇ ਉਸ ਦੀ ਵਿਸ਼ੇਸ਼ਤਾ ਪ੍ਰਗਟ ਕਰੇ, ਉਸ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ : ਗੋਰਾ, ਕਾਲ਼ਾ, ਅਠਾਰਾਂ, ਮੋਟਾ, ਸਾਊ ਆਦਿ।

4. ਕਿਰਿਆ : ਉਹ ਸ਼ਬਦ ਜਿਸ ਤੋਂ ਕਿਸੇ ਕੰਮ ਦਾ ਹੋਣਾ ਜਾਂ ਕਰਨਾ ਪ੍ਰਗਟ ਹੁੰਦਾ ਹੋਵੇ, ਕਿਰਿਆ ਅਖਵਾਉਂਦਾ ਹੈ, ਜਿਵੇਂ : ਗਿਆ, ਆਵਾਂਗਾ, ਸੌਂਦਾ, ਪੜ੍ਹੋ।

5. ਕਿਰਿਆ-ਵਿਸ਼ੇਸ਼ਣ : ਕਿਰਿਆ ਦੀ ਵਿਸ਼ੇਸ਼ਤਾ ਦੱਸਣ ਵਾਲ਼ੇ ਸ਼ਬਦ ਨੂੰ ਕਿਰਿਆ-ਵਿਸ਼ੇਸ਼ਣ ਆਖਦੇ ਹਨ; ਜਿਵੇਂ : ਹੌਲ਼ੀ, ਤੇਜ਼, ਅੱਗੇ, ਇੱਥੇ ਆਦਿ।

**6. ਸੰਬੰਧਕ :** ਜਿਹੜਾ ਸ਼ਬਦ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਸ਼ਬਦ ਦਾ ਵਾਕ ਦੇ ਕਿਸੇ ਦੂਜੇ ਸ਼ਬਦ ਨਾਲ਼ ਸੰਬੰਧ ਸਪਸ਼ਟ ਕਰਦਾ ਹੈ, ਉਸ ਨੂੰ ਸੰਬੰਧਕ ਆਖਦੇ ਹਨ, ਜਿਵੇਂ : ਦਾ, ਦੇ, ਦੀ, ਨੇ, ਨੂੰ, ਕੋਲ਼ ਆਦਿ।

**7. ਯੋਜਕ :** ਜਿਹੜਾ ਸ਼ਬਦ ਦੋ ਵਾਕਾਂਸ਼ਾਂ, ਉਪਵਾਕਾਂ ਜਾਂ ਵਾਕਾਂ ਨੂੰ ਜੋੜਦਾ ਹੈ, ਉਸ ਨੂੰ ਯੋਜਕ ਕਿਹਾ ਜਾਂਦਾ ਹੈ, ਜਿਵੇਂ : ਕਿਉਂਕਿ, ਨਾਲ਼ੇ, ਜਾਂ, ਭਾਵੇਂ, ਕਿ, ਅਤੇ ਆਦਿ।

**8. ਵਿਸਮਕ :** ਖ਼ੁਸ਼ੀ, ਗ਼ਮੀ, ਹੈਰਾਨੀ, ਭੈ, ਪ੍ਰਸੰਸਾ ਆਦਿ ਭਾਵਾਂ ਦੇ ਪ੍ਰਗਟਾਵੇ ਲਈ ਸੁਭਾਵਿਕ ਹੀ ਮੂੰਹੋਂ ਨਿਕਲ਼ੇ ਸ਼ਬਦ ਵਿਸਮਕ ਹੁੰਦੇ ਹਨ, ਜਿਵੇਂ : ਵਾਹ, ਆਹਾ, ਹਾਏ, ਉਫ਼ ਆਦਿ।

ਇਹਨਾਂ ਸ਼ਬਦ-ਭੇਦਾਂ ਬਾਰੇ ਵਿਸਤ੍ਰਿਤ ਜਾਣਕਾਰੀ ਅਗਲੇ ਪੰਨਿਆਂ 'ਤੇ ਦਿੱਤੀ ਜਾਵੇਗੀ।

## ਅਭਿਆਸ

1. ਸ਼ਬਦ-ਬੋਧ ਤੋਂ ਕੀ ਭਾਵ ਹੈ ?
2. ਸ਼ਬਦ-ਭੇਦ ਤੋਂ ਕੀ ਭਾਵ ਹੈ ?
3. ਪ੍ਰਯੋਗ ਅਨੁਸਾਰ ਸ਼ਬਦਾਂ ਦੇ ਕਿਹੜੇ-ਕਿਹੜੇ ਭੇਦ ਹੁੰਦੇ ਹਨ ?
4. ਹੇਠ ਲਿਖੇ ਵਾਕ ਵਿੱਚ ਆਏ ਸ਼ਬਦਾਂ ਦੀਆਂ ਸ਼੍ਰੇਣੀਆਂ ਦੱਸੋ :
   ਆਹਾ! ਮੈਂ ਅਤੇ ਜਸਮੀਨ ਦਾ ਵੱਡਾ ਭਰਾ ਬਹੁਤ ਤੇਜ਼ ਦੌੜੇ।

* * *

# ਨਾਂਵ

ਮਨੁੱਖ ਨੇ ਆਪਣੇ ਆਲ਼ੇ-ਦੁਆਲ਼ੇ ਵਿੱਚ ਮਿਲ਼ਦੇ ਸਾਰੇ ਜੀਵ-ਜੰਤੂਆਂ, ਵਸਤੂਆਂ, ਸਥਾਨਾਂ ਤੇ ਭਾਵਨਾਵਾਂ ਆਦਿ ਨੂੰ ਕੋਈ ਨਾਂ ਦਿੱਤਾ ਹੈ। ਇਸੇ ਤਰ੍ਹਾਂ ਹੀ ਮਨੁੱਖ ਨੇ ਮਨ ਤੇ ਸਰੀਰ ਦੀਆਂ ਅਵਸਥਾਵਾਂ, ਪ੍ਰਕਿਰਤੀ ਦੀਆਂ ਹਾਲਤਾਂ ਆਦਿ ਨੂੰ ਵੀ ਕੋਈ ਨਾ ਕੋਈ ਨਾਂ ਦਿੱਤਾ ਹੈ। ਦਰਅਸਲ ਕਿਸੇ ਵੀ ਭਾਸ਼ਾ ਦੀ ਸ਼ਬਦ-ਸੂਚੀ ਵਿੱਚ ਨਾਂਵ-ਸ਼ਬਦਾਂ ਦੀ ਗਿਣਤੀ ਅਸੀਮਿਤ ਹੁੰਦੀ ਹੈ। ਇਹਨਾਂ ਦੀ ਸੂਚੀ ਵਿੱਚ ਨਵੇਂ ਸ਼ਬਦ ਸ਼ਾਮਲ ਹੁੰਦੇ ਰਹਿੰਦੇ ਹਨ ਅਤੇ ਪੁਰਾਣੇ ਵਰਤੋਂ ਵਿੱਚੋਂ ਬਾਹਰ ਨਿਕਲ਼ ਜਾਂਦੇ ਹਨ, ਜਿਵੇਂ-ਪੰਜਾਬ ਦੀ ਖੇਤੀ-ਬਾੜੀ ਵਿੱਚ ਵਰਤੇ ਜਾਂਦੇ ਪੁਰਾਣੇ ਸੰਦਾਂ ਵਾਲ਼ੇ ਸ਼ਬਦ ਪੂਰੀ ਤਰ੍ਹਾਂ ਲੋਪ ਹੋ ਰਹੇ ਹਨ (ਤਰਪਾਲ਼ੀ, ਸੁਹਾਗੀ, ਉਲਟਾਵਾਂ ਹਲ਼, ਸਲ਼ੰਘ, ਪੰਜਾਲ਼ੀ ਆਦਿ)। ਉਹਨਾਂ ਦੀ ਥਾਂ ਆਧੁਨਿਕ ਦੌਰ ਵਿੱਚ ਆਏ ਮਸ਼ੀਨੀ ਸੰਦਾਂ ਨੇ ਲੈ ਲਈ ਹੈ (ਕੰਬਾਈਨ, ਥ੍ਰੈਸ਼ਰ, ਕਲਟੀਵੇਟਰ, ਰੋਟਾਵੇਟਰ ਆਦਿ)। ਇਹਨਾਂ ਮਸ਼ੀਨਾਂ ਵਿੱਚ ਵਰਤੇ ਜਾਣ ਵਾਲ਼ੇ ਪੁਰਜ਼ਿਆਂ ਦੇ ਨਾਂਵਾਂ ਵਾਲ਼ੇ ਕਈ ਸ਼ਬਦ ਪੰਜਾਬੀ ਵਿੱਚ ਨਵੇਂ ਆ ਗਏ ਹਨ ਅਤੇ ਪੁਰਾਣੇ ਸੰਦਾਂ ਵਾਲ਼ੇ ਕਈ ਸ਼ਬਦ ਲੋਪ ਹੋ ਗਏ ਹਨ। ਇਸੇ ਤਰ੍ਹਾਂ ਆਧੁਨਿਕ ਸਮੇਂ ਅੰਦਰ ਨਵੇਂ ਕਿੱਤੇ ਅਰੰਭ ਹੋ ਜਾਣ ਨਾਲ਼ ਵੀ ਕਿੰਨੇ ਹੀ ਨਵੇਂ ਨਾਂਵ-ਸ਼ਬਦ ਪੰਜਾਬੀ ਭਾਸ਼ਾ ਵਿੱਚ ਆ ਰਹੇ ਹਨ, ਜਿਵੇਂ : ਮੋਬਾਈਲ, ਕੰਪਿਊਟਰ, ਏ.ਸੀ., ਟੀ.ਵੀ., ਫ਼ਰਿੱਜ ਆਦਿ। ਹੋਰ ਤਾਂ ਹੋਰ ਬੱਚਿਆਂ ਦੇ ਨਵੇਂ ਤੋਂ ਨਵੇਂ ਰੱਖੇ ਜਾਂਦੇ ਨਾਂ ਵੀ ਸ਼ਬਦਾਂ ਦੀ ਇਸ ਸ਼੍ਰੇਣੀ ਵਿੱਚ ਨਿੱਤ ਨਵਾਂ ਵਾਧਾ ਕਰੀ ਜਾ ਰਹੇ ਹਨ। ਦਰਅਸਲ ਕਿਸੇ ਵੀ ਭਾਸ਼ਾ ਦੇ ਨਾਂਵ-ਸ਼ਬਦਾਂ ਦੀ ਗਿਣਤੀ ਵਿੱਚ ਹਮੇਸ਼ਾਂ ਵਾਧਾ ਹੁੰਦਾ ਰਹਿੰਦਾ ਹੈ।

**ਨਾਂਵ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ :**

ਕਿਸੇ ਵਿਅਕਤੀ, ਜੀਵ, ਥਾਂ, ਵਸਤੂ, ਹਾਲਤ, ਗੁਣ, ਭਾਵ, ਕੰਮ ਆਦਿ ਲਈ ਵਰਤੇ ਜਾਣ ਵਾਲ਼ੇ ਸ਼ਬਦਾਂ ਨੂੰ ਨਾਂਵ ਕਿਹਾ ਜਾਂਦਾ ਹੈ, ਜਿਵੇਂ : ਸੁਰਜੀਤ ਸਿੰਘ, ਮੁੰਡਾ, ਕੁੜੀ, ਭਰਾ, ਮਾਂ, ਬਾਪ, ਪੁਲਿਸ, ਇੱਜੜ, ਦਿੱਲੀ, ਧੁੱਪ, ਛਾਂ, ਪਟਿਆਲ਼ਾ, ਬਠਿੰਡਾ, ਕਮਰਾ, ਗਊ, ਪੈੱਨ, ਅਰਦਾਸ, ਗ਼ਰੀਬੀ, ਉੱਦਮ, ਸੁਗੰਧ, ਪੰਜਾਬੀ, ਪੂਰਨਮਾਸੀ ਆਦਿ।

ਅਰਥ ਦੇ ਪੱਖ ਤੋਂ ਨਾਂਵ-ਸ਼ਬਦ ਪੰਜ ਪ੍ਰਕਾਰ ਦੇ ਹੁੰਦੇ ਹਨ;

1. **ਨਿੱਜਵਾਚਕ ਨਾਂਵ**
2. **ਜਾਤੀਵਾਚਕ ਨਾਂਵ**
3. **ਸਮੂਹਵਾਚਕ ਨਾਂਵ**
4. **ਪਦਾਰਥਵਾਚਕ ਨਾਂਵ**
5. **ਭਾਵਵਾਚਕ ਨਾਂਵ।**

## 1. ਨਿੱਜਵਾਚਕ ਨਾਂਵ / ਖ਼ਾਸ ਨਾਂਵ :

ਜਿਹੜੇ ਸ਼ਬਦ ਤੋਂ ਸਾਨੂੰ ਕਿਸੇ ਖ਼ਾਸ ਵਿਅਕਤੀ, ਖ਼ਾਸ ਜੀਵ, ਖ਼ਾਸ ਥਾਂ ਜਾਂ ਖ਼ਾਸ ਵਸਤੂ ਦਾ ਗਿਆਨ ਹੁੰਦਾ ਹੈ, ਉਸ ਨੂੰ ਨਿੱਜਵਾਚਕ ਨਾਂਵ ਆਖਦੇ ਹਨ, ਜਿਵੇਂ:—ਭੋਲਾ, ਸ੍ਰੀ ਅੰਮ੍ਰਿਤਸਰ, ਸਤਲੁਜ, ਚੰਡੀਗੜ੍ਹ, ਦਿੱਲੀ, ਮਾਨਸਾ, ਪ੍ਰਧਾਨ ਮੰਤਰੀ, ਸੁਪ੍ਰੀਮ ਕੋਰਟ, ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਸਟੇਟ ਬੈਂਕ ਆਫ਼ ਇੰਡੀਆ, ਪੰਜਾਬ, ਚੰਦ, ਧਰਤੀ, ਸੂਰਜ, ਬ੍ਰਹਿਮੰਡ, ਅਗਨੀ-ਮਿਜ਼ਾਈਲ, ਭਾਰਤ ਆਦਿ। ਨਿੱਜਵਾਚਕ ਨਾਂਵ ਨੂੰ ਖ਼ਾਸ ਨਾਂਵ ਵੀ ਕਿਹਾ ਜਾਂਦਾ ਹੈ।

**ਨੋਟ :—** ਇਸ ਸ਼੍ਰੇਣੀ ਤਹਿਤ ਆਉਣ ਵਾਲ਼ੇ ਨਾਂ ਕਿਸੇ ਰੁਤਬੇ ਕਰਕੇ ਖ਼ਾਸ ਨਹੀਂ ਹੁੰਦੇ ਬਲਕਿ ਇਸ ਸ਼੍ਰੇਣੀ ਵਿੱਚ ਸ਼ਾਮਲ ਹਰੇਕ ਸ਼ਬਦ ਖ਼ਾਸ ਨਾਂਵ ਮੰਨਿਆ ਜਾਂਦਾ ਹੈ। ਇਸ ਸ਼੍ਰੇਣੀ ਵਿਚਲੇ ਨਾਂਵਾਂ ਦਾ ਬਹੁਵਚਨ ਨਹੀਂ ਬਣਦਾ।

## 2. ਜਾਤੀਵਾਚਕ ਨਾਂਵ /ਆਮ ਨਾਂਵ :

ਜਿਹੜੇ ਸ਼ਬਦ ਤੋਂ ਜੀਵਾਂ ਅਤੇ ਗਿਣਨਯੋਗ ਵਸਤੂਆਂ ਦੀ ਸਾਰੀ ਸ਼੍ਰੇਣੀ ਜਾਂ ਜਾਤੀ ਅਤੇ ਉਸ ਸ਼੍ਰੇਣੀ ਦੇ ਹਰੇਕ ਜੀਵ ਜਾਂ ਵਸਤੂ ਦਾ ਗਿਆਨ ਹੋਵੇ, ਉਸ ਨੂੰ ਜਾਤੀਵਾਚਕ ਨਾਂਵ ਆਖਦੇ ਹਨ, ਜਿਵੇਂ:—ਮਨੁੱਖ, ਭੈਣ, ਮੁੰਡਾ, ਮਾਂ, ਬਾਪ, ਗਾਂ, ਪਸ਼ੂ, ਸ਼ਹਿਰ, ਦਰਿਆ, ਪੁਸਤਕ, ਫੁੱਲ, ਅਧਿਆਪਕ, ਪਿੰਡ ਆਦਿ। ਜਾਤੀਵਾਚਕ ਨਾਂਵ ਨੂੰ ਆਮ ਨਾਂਵ ਵੀ ਕਿਹਾ ਜਾਂਦਾ ਹੈ। ਇਸ ਸ਼੍ਰੇਣੀ ਦੇ ਸ਼ਬਦਾਂ ਦਾ ਬਹੁਵਚਨ ਵੀ ਬਣਦਾ ਹੈ।

**ਨੋਟ :** ਜਾਤੀਵਾਚਕ ਨਾਂਵ-ਸ਼ਬਦ ਪੂਰੀ ਸ਼੍ਰੇਣੀ ਲਈ ਵੀ ਆਉਂਦਾ ਹੈ ਅਤੇ ਉਸ ਸ਼੍ਰੇਣੀ ਦੇ ਹਰ ਵਿਅਕਤੀ, ਜੀਵ, ਥਾਂ ਜਾਂ ਵਸਤੂ ਲਈ ਵੀ।

### 3. ਸਮੂਹਵਾਚਕ ਨਾਂਵ/ਇਕੱਠਵਾਚਕ ਨਾਂਵ :

ਜਿਹੜਾ ਸ਼ਬਦ ਵਿਅਕਤੀਆਂ, ਜੀਵਾਂ ਜਾਂ ਗਿਣੀਆਂ ਜਾਣ ਵਾਲ਼ੀਆਂ ਵਸਤਾਂ ਦੇ ਇਕੱਠ ਜਾਂ ਸਮੂਹ ਲਈ ਵਰਤਿਆ ਜਾਵੇ, ਉਸ ਨੂੰ ਸਮੂਹਵਾਚਕ ਨਾਂਵ ਕਿਹਾ ਜਾਂਦਾ ਹੈ, ਜਿਵੇਂ :—

ਫ਼ੌਜ, ਸ਼੍ਰੇਣੀ, ਟੀਮ, ਟੋਲੀ, ਜਥਾ, ਜੰਞ, ਵੱਗ, ਹੇੜ੍ਹ, ਡਾਰ, ਕਤਾਰ, ਆਦਿ। ਸਮੂਹਵਾਚਕ ਨਾਂਵਾਂ ਨੂੰ ਇਕੱਠਵਾਚਕ ਨਾਂਵ ਵੀ ਕਿਹਾ ਜਾਂਦਾ ਹੈ।

### 4. ਪਦਾਰਥਵਾਚਕ ਨਾਂਵ/ਵਸਤੂਵਾਚਕ ਨਾਂਵ :

ਜਿਹੜੇ ਸ਼ਬਦ ਤੋਂ ਕਿਸੇ ਤੋਲੇ, ਮਿਣੇ ਜਾਂ ਹਾੜੇ ਜਾ ਸਕਣ ਵਾਲ਼ੇ ਪਦਾਰਥ ਦਾ ਗਿਆਨ ਹੋਵੇ, ਉਸ ਨੂੰ ਪਦਾਰਥਵਾਚਕ ਨਾਂਵ ਕਿਹਾ ਜਾਂਦਾ ਹੈ, ਜਿਵੇਂ :— ਰੇਤ, ਪੱਥਰ, ਗੁੜ, ਸੱਕਰ, ਦੁੱਧ, ਪਾਣੀ, ਤੇਲ, ਸੋਨਾ, ਲੋਹਾ, ਕਣਕ, ਚੌਲ਼ ਆਦਿ। ਪਦਾਰਥਵਾਚਕ ਨਾਂਵਾਂ ਨੂੰ ਵਸਤੂਵਾਚਕ ਨਾਂਵ ਵੀ ਕਿਹਾ ਜਾਂਦਾ ਹੈ।

### 5. ਭਾਵਵਾਚਕ ਨਾਂਵ :

ਜਿਹੜੇ ਸ਼ਬਦ ਤੋਂ ਕਿਸੇ ਗੁਣ, ਹਾਲਤ, ਭਾਵ ਆਦਿ ਦਾ ਗਿਆਨ ਹੋਵੇ, ਉਸ ਨੂੰ ਭਾਵਵਾਚਕ ਨਾਂਵ ਕਿਹਾ ਜਾਂਦਾ ਹੈ। ਜਿਨ੍ਹਾਂ ਚੀਜ਼ਾਂ ਲਈ ਭਾਵ ਵਾਚਕ ਨਾਂਵ ਵਰਤੇ ਜਾਂਦੇ ਹਨ, ਉਹਨਾਂ ਨੂੰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ, ਵੇਖਿਆ ਜਾਂ ਛੂਹਿਆ ਨਹੀਂ ਜਾ ਸਕਦਾ, ਜਿਵੇਂ :-ਸੁੰਦਰਤਾ, ਸਿਹਤ, ਗ਼ੁਲਾਮੀ, ਗ਼ਰੀਬੀ, ਬਿਮਾਰੀ, ਖ਼ੁਸ਼ੀ, ਸੁੱਖ, ਦੁੱਖ, ਬਚਪਨ, ਬੁਢੇਪਾ, ਪਿਆਰ, ਦੇਸ-ਭਗਤੀ, ਵਫ਼ਾਦਾਰੀ ਆਦਿ।

**ਨੋਟ :** ਪ੍ਰਕਿਰਤੀ ਵਿਚਲੀਆਂ ਵਸਤੂਆਂ ਨੂੰ ਜਦੋਂ ਮਨੁੱਖ ਦੁਆਰਾ ਕਿਸੇ ਨਵੇਂ ਰੂਪ, ਜਿਵੇਂ :-ਮੇਜ਼, ਕੁਰਸੀ, ਪੈੱਨ ਆਦਿ ਵਿੱਚ ਘੜ ਦਿੱਤਾ ਜਾਂਦਾ ਹੈ ਤਾਂ ਉਹ ਚੀਜ਼ਾਂ ਆਮ ਨਾਂਵ ਜਾਂ ਜਾਤੀਵਾਚਕ ਨਾਂਵ ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ।

## ਅਭਿਆਸ

1. ਨਾਂਵ ਦੀਆਂ ਕਿੰਨੀਆਂ ਕਿਸਮਾਂ ਹਨ ?
2. ਨਿੱਜਵਾਚਕ ਨਾਂਵ ਅਤੇ ਪਦਾਰਥਵਾਚਕ ਨਾਂਵ ਕਿਸ ਨੂੰ ਕਹਿੰਦੇ ਹਨ ?
3. ਸਮੂਹਵਾਚਕ ਨਾਂਵ ਅਤੇ ਜਾਤੀਵਾਚਕ ਨਾਂਵ ਵਿੱਚ ਕੀ ਅੰਤਰ ਹੁੰਦਾ ਹੈ ?
4. ਪਦਾਰਥਵਾਚਕ ਨਾਂਵ ਅਤੇ ਭਾਵਵਾਚਕ ਨਾਂਵ ਕਿਸ ਨੂੰ ਕਹਿੰਦੇ ਹਨ ? ਉਦਾਹਰਨਾਂ ਸਹਿਤ ਦੱਸੋ।
5. ਹੇਠ ਲਿਖੇ ਪੈਰਿਆਂ ਵਿੱਚੋਂ ਨਾਂਵ-ਸ਼ਬਦਾਂ ਨੂੰ ਚੁਣੋ ਅਤੇ ਉਹਨਾਂ ਦੀਆਂ ਕਿਸਮਾਂ ਵੀ ਦੱਸੋ।

   ੳ. ਅਨਾਜ, ਸਬਜ਼ੀਆਂ, ਭਾਫ਼, ਬਿਜਲੀ, ਕੱਪੜਾ, ਰੇਲਾਂ, ਜਹਾਜ਼ ਆਦਿ ਬਿਲਕੁਲ ਨਵੀਆਂ ਚੀਜ਼ਾਂ ਹਨ ਜਿਹੜੀਆਂ ਕੁਦਰਤ ਵਿੱਚੋਂ ਨਹੀਂ, ਮਨੁੱਖ ਦੇ ਦਿਮਾਗ ਵਿੱਚੋਂ ਪੈਦਾ ਹੋਈਆਂ ਹਨ।

   ਅ. ਅੱਜ ਹਰੇਕ ਅਮਲ ਦੀ ਵਿਗਿਆਨਿਕ ਜਾਚ ਉੱਤੇ ਚਰਚਾ ਹੋ ਰਹੀ ਹੈ, ਖ਼ਤ ਲਿਖਣ, ਕੱਪੜੇ ਪਹਿਨਣ, ਬੋਲੀ ਬੋਲਣ, ਅਰੋਗ ਰਹਿਣ, ਕਾਮਯਾਬ ਹੋਣ, ਧਨ ਕਮਾਉਣ ਦੇ ਹੁਨਰਾਂ ਨੂੰ ਕਮਾਲ ਤੱਕ ਪਹੁੰਚਾਇਆ ਜਾ ਰਿਹਾ ਹੈ। ਇੱਥੋਂ ਤੱਕ ਕਿ ਰੋਟੀ ਪਰੋਸਣ ਦੇ ਹੁਨਰ ਉੱਤੇ ਵੀ ਚੋਖੀ ਸਿੱਖਿਆ ਦਿੱਤੀ ਜਾ ਰਹੀ ਹੈ।

* * *

# ਲਿੰਗ

ਨਾਂਵ ਦੀਆਂ ਅਰਥ ਪੱਖੋਂ ਸ਼੍ਰੇਣੀਆਂ ਬਾਰੇ ਤੁਸੀਂ ਪਿਛਲੇ ਪਾਠਾਂ ਵਿੱਚ ਪੜ੍ਹਿਆ ਹੈ। ਇੱਥੇ ਨਾਂਵ ਦੇ ਲਿੰਗ, ਵਚਨ ਅਤੇ ਕਾਰਕ-ਰੂਪਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

ਨਾਂਵ ਦੇ ਜਿਸ ਰੂਪ ਤੋਂ ਜ਼ਨਾਨੇ ਅਤੇ ਮਰਦਾਵੇਂ ਭੇਦ ਦਾ ਪਤਾ ਲੱਗਦਾ ਹੈ, ਵਿਆਕਰਨ ਵਿੱਚ ਉਸ ਨੂੰ ਲਿੰਗ ਕਿਹਾ ਜਾਂਦਾ ਹੈ। ਪੰਜਾਬੀ ਵਿੱਚ ਦੋ ਪ੍ਰਕਾਰ ਦੇ ਲਿੰਗ-ਸ਼ਬਦ ਹਨ—ਪੁਲਿੰਗ ਅਤੇ ਇਸਤਰੀ-ਲਿੰਗ; ਜਿਵੇਂ : ਘੋੜਾ, ਹਾਥੀ, ਲੁਹਾਰ, ਕੁੱਤਾ, ਕੰਘਾ, ਪੁਲਿੰਗ ਸ਼ਬਦ ਹਨ ਅਤੇ ਘੋੜੀ, ਹਥਣੀ, ਲੁਹਾਰਨ, ਕੁੱਤੀ, ਕੰਘੀ ਇਸਤਰੀ-ਲਿੰਗ ਸ਼ਬਦ ਹਨ। ਭਾਵੇਂ ਲਿੰਗ-ਭੇਦ ਜੀਵਾਂ ਦੇ ਨਰ ਅਤੇ ਮਾਦਾ ਦੇ ਫ਼ਰਕ ਤੋਂ ਹੀ ਸ਼ੁਰੂ ਹੋਇਆ ਹੈ ਪਰ ਹੁਣ ਇਹ ਭੇਦ ਕੇਵਲ ਜੀਵਾਂ ਤੱਕ ਹੀ ਸੀਮਿਤ ਨਹੀਂ ਰਿਹਾ ਕਿਉਂਕਿ ਇਹ ਜ਼ਰੂਰੀ ਨਹੀਂ ਕਿ ਭਾਸ਼ਾ ਵਿੱਚ ਹਰ ਸ਼ਬਦ ਦਾ ਪੁਲਿੰਗ ਜਾਂ ਇਸਤਰੀ-ਲਿੰਗ ਜ਼ਰੂਰ ਹੋਵੇ। ਵਿਆਕਰਨ ਅਨੁਸਾਰ ਨਿਰਜੀਵ ਵਸਤਾਂ ਵੀ ਪੁਲਿੰਗ ਅਤੇ ਇਸਤਰੀ-ਲਿੰਗ ਦੀ ਵੰਡ ਵਿੱਚ ਆਉਂਦੀਆਂ ਹਨ, ਜਿਵੇਂ : ਮੰਜਾ-ਮੰਜੀ, ਪਹਾੜ-ਪਹਾੜੀ ਅਤੇ ਗਲਾਸ-ਗਲਾਸੀ ਆਦਿ। ਇਸੇ ਤਰ੍ਹਾਂ ਜਿਹੜੇ ਸ਼ਬਦਾਂ ਨੂੰ ਅਸੀਂ ਪੁਲਿੰਗ ਜਾਂ ਇਸਤਰੀ-ਲਿੰਗ ਕਹਿੰਦੇ ਹਾਂ, ਇਹ ਜ਼ਰੂਰੀ ਨਹੀਂ ਕਿ ਉਹ ਕੇਵਲ ਨਰ ਜਾਂ ਮਾਦਾ ਲਈ ਹੀ ਵਰਤੇ ਜਾਣ। ਉਦਾਹਰਨ ਵਜੋਂ 'ਸਵਾਰੀ' ਸ਼ਬਦ ਇਸਤਰੀ-ਲਿੰਗ ਹੈ ਪਰ ਸਵਾਰੀ ਕੋਈ ਮਰਦ ਵੀ ਹੋ ਸਕਦਾ ਹੈ।

ਪੰਜਾਬੀ ਵਿੱਚ ਪੁਲਿੰਗ ਤੋਂ ਇਸਤਰੀ-ਲਿੰਗ ਬਣਾਉਣ ਦੇ ਕੁਝ ਪ੍ਰਮੁੱਖ ਨਿਯਮ ਹੇਠ ਦਿੱਤੇ ਅਨੁਸਾਰ ਹਨ :

1. ਜਿਹੜੇ ਪੁਲਿੰਗ ਸ਼ਬਦ ਦੇ ਅੰਤ ਵਿੱਚ ਮੁਕਤਾ ਹੁੰਦਾ ਹੈ, ਉਸ ਸ਼ਬਦ ਦਾ ਇਸਤਰੀ-ਲਿੰਗ ਰੂਪ ਹੇਠ ਲਿਖੇ ਅਨੁਸਾਰ ਬਣਦਾ ਹੈ—

**(ੳ) ਅੰਤ ਵਿੱਚ ਬਿਹਾਰੀ ( ੀ ) ਲਾ ਕੇ —**

| ਪੁਲਿੰਗ | ਇਸਤਰੀ-ਲਿੰਗ | ਪੁਲਿੰਗ | ਇਸਤਰੀ-ਲਿੰਗ |
|---|---|---|---|
| ਤਿੱਤਰ | ਤਿਤਰੀ | ਕੁੱਕੜ | ਕੁਕੜੀ |
| ਕਬੂਤਰ | ਕਬੂਤਰੀ | ਦੇਵ | ਦੇਵੀ |
| ਪਹਾੜ | ਪਹਾੜੀ | ਬਾਂਦਰ | ਬਾਂਦਰੀ |

**(ਅ) ਅੰਤ ਵਿੱਚ ਕੰਨਾ ( ਾ ) ਲਾ ਕੇ—**

| | | | |
|---|---|---|---|
| ਅਧਿਆਪਕ | ਅਧਿਆਪਕਾ | ਸੇਵਕ | ਸੇਵਕਾ |
| ਗਾਇਕ | ਗਾਇਕਾ | ਨਾਇਕ | ਨਾਇਕਾ |

**(ੲ) ਅੰਤ ਵਿੱਚ 'ਣੀ' ਲਾ ਕੇ—**

| | | | |
|---|---|---|---|
| ਸੱਪ | ਸੱਪਣੀ | ਸੰਤ | ਸੰਤਣੀ |
| ਸ਼ੀਂਹ | ਸ਼ੀਂਹਣੀ | ਕੁੜਮ | ਕੁੜਮਣੀ |
| ਰਾਗ | ਰਾਗਣੀ | ਸ਼ੀਹ | ਸ਼ੀਂਹਣੀ |
| ਠੱਗ | ਠਗਣੀ | | |

**(ਸ) ਅੰਤ ਵਿੱਚ 'ਨੀ' ਲਾ ਕੇ—**

| | | | |
|---|---|---|---|
| ਸਰਦਾਰ | ਸਰਦਾਰਨੀ | ਨੰਬਰਦਾਰ | ਨੰਬਰਦਾਰਨੀ |
| ਸ਼ੇਰ | ਸ਼ੇਰਨੀ | ਫ਼ਕੀਰ | ਫ਼ਕੀਰਨੀ |
| ਮੋਰ | ਮੋਰਨੀ | | |
| ਮਾਸਟਰ | ਮਾਸਟਰਨੀ (ਅਧਿਆਪਕਾ)/ਮਾਸਟਰਾਣੀ (ਮਾਸਟਰ ਦੀ ਪਤਨੀ) | | |

(ਹ) ਅੰਤ ਵਿੱਚ 'ਕੰਨਾ' ਅਤੇ 'ਣੀ' ਲਾ ਕੇ—

| ਪੁਲਿੰਗ | ਇਸਤਰੀ-ਲਿੰਗ | ਪੁਲਿੰਗ | ਇਸਤਰੀ-ਲਿੰਗ |
|---|---|---|---|
| ਸੇਠ | ਸਿਠਾਣੀ | ਜੇਠ | ਜਿਠਾਣੀ |
| ਦਿਓਰ | ਦਰਾਣੀ | ਨੌਕਰ | ਨੌਕਰਾਣੀ |
| ਪੰਡਤ | ਪੰਡਤਾਣੀ | ਮੁਗ਼ਲ | ਮੁਗ਼ਲਾਣੀ |

**(ਕ) ਅੰਤ ਵਿੱਚ 'ੜੀ' ਲਾ ਕੇ—**

| | | | |
|---|---|---|---|
| ਸੰਦੂਕ | ਸੰਦੂਕੜੀ | ਬਾਲ | ਬਾਲੜੀ |

2. ਜਿਹੜੇ ਪੁਲਿੰਗ ਸ਼ਬਦਾਂ ਦੇ ਅੰਤ ਵਿੱਚ ਬਿਹਾਰੀ ਆਉਂਦੀ ਹੈ, ਉਹਨਾਂ ਦਾ ਇਸਤਰੀ-ਲਿੰਗ ਰੂਪ ਬਣਾਉਣ ਲਈ/ਈ/ ਦੀ ਥਾਂ 'ਤੇ ਅਣ/ਅਨ ਲਾ ਕੇ :—

(ੳ) ਬਿਹਾਰੀ ਦੀ ਥਾਂ 'ਨ' ਲਾ ਕੇ—

| | | | |
|---|---|---|---|
| ਹਾਣੀ | ਹਾਣਨ | ਖਿਡਾਰੀ | ਖਿਡਾਰਨ |
| ਪਟਵਾਰੀ | ਪਟਵਾਰਨ | ਸ਼ਿਕਾਰੀ | ਸ਼ਿਕਾਰਨ |

**(ਅ) ਬਿਹਾਰੀ ਦੀ ਥਾਂ 'ਣ' ਲਾ ਕੇ—**

| | | | |
|---|---|---|---|
| ਜੋਗੀ | ਜੋਗਣ | ਪੰਜਾਬੀ | ਪੰਜਾਬਣ |
| ਗੁਆਂਢੀ | ਗੁਆਂਢਣ | ਤੇਲੀ | ਤੇਲਣ |
| ਧੋਬੀ | ਧੋਬਣ | ਮੇਲੀ | ਮੇਲਣ |

**(ੲ) ਅੰਤ ਵਿੱਚ ਬਿਹਾਰੀ ਦੀ ਥਾਂ ਉਸੇ ਅੱਖਰ ਨੂੰ ਸਿਹਾਰੀ ਲਾ ਕੇ ਅਤੇ ਨਾਲ਼ 'ਣ' ਲਾ ਕੇ—**

| | | | |
|---|---|---|---|
| ਸ਼ੁਦਾਈ | ਸ਼ੁਦਾਇਣ | ਹਲਵਾਈ | ਹਲਵਾਇਣ |
| ਨਾਈ | ਨਾਇਣ | | |

3. ਜਿਹੜੇ ਪੁਲਿੰਗ-ਸ਼ਬਦਾਂ ਦੇ ਅੰਤ ਉੱਤੇ ਕੰਨਾ ਆਉਂਦਾ ਹੈ, ਉਹਨਾਂ ਦਾ ਇਸਤਰੀ-ਲਿੰਗ ਰੂਪ ਬਣਾਉਣ ਲਈ ਹੇਠ ਲਿਖਿਆਂ ਵਿੱਚੋਂ ਕੋਈ ਵਿਧੀ ਵਰਤੀ ਜਾਂਦੀ ਹੈ, ਜਿਵੇਂ :

**(ੳ) ਕੰਨੇ ਦੀ ਥਾਂ 'ਬਿਹਾਰੀ' ਲਾ ਕੇ —**

| | | | |
|---|---|---|---|
| ਸੋਟਾ | ਸੋਟੀ | ਖੁਰਪਾ | ਖੁਰਪੀ |
| ਚਾਚਾ | ਚਾਚੀ | ਦਾਦਾ | ਦਾਦੀ |
| ਮਾਮਾ | ਮਾਮੀ | ਨਾਨਾ | ਨਾਨੀ |

**(ਅ) ਕੰਨੇ ਦੀ ਥਾਂ 'ਨ' ਲਾ ਕੇ—**

| | | | |
|---|---|---|---|
| ਸਪੇਰਾ | ਸਪੇਰਨ | ਲੁਟੇਰਾ | ਲੁਟੇਰਨ |

(ੲ) ਜਿਹੜੇ ਪੁਲਿੰਗ-ਸ਼ਬਦਾਂ ਦੇ ਅੰਤਲੇ ਅੱਖਰ ਤੋਂ ਪਹਿਲੇ ਅੱਖਰ ਨੂੰ ਬਿਹਾਰੀ ਅਤੇ ਅੰਤਲੇ 'ਅ' ਅੱਖਰ ਨੂੰ ਕੰਨਾ ਾਵ 'ਈਆ' ਆਉਂਦਾ ਹੈ, ਉਹਨਾਂ ਦਾ ਇਸਤਰੀ-ਲਿੰਗ ਰੂਪ 'ਈਆ' ਦੀ ਥਾਂ 'ਨ' ਜਾਂ 'ਣ' ਲਾ ਕੇ ਬਣਦਾ ਹੈ :

| | | | |
|---|---|---|---|
| ਪਹਾੜੀਆ | ਪਹਾੜਨ | ਦੁਆਬੀਆ | ਦੁਆਬਣ |
| ਪੋਠੋਹਾਰੀਆ | ਪੋਠੋਹਾਰਨ | ਵਲੈਤੀਆ | ਵਲੈਤਣ |

ਮਨੁੱਖੀ ਸੰਬੰਧਾਂ ਲਈ ਵਰਤੇ ਜਾਣ ਵਾਲ਼ੇ ਕੁਝ ਸ਼ਬਦਾਂ ਦਾ ਪੁਲਿੰਗ ਤੋਂ ਇਸਤਰੀ-ਲਿੰਗ ਰੂਪ ਪਰਿਵਰਤਨ ਕੁਝ ਗੁੰਝਲ਼ਦਾਰ ਹੈ, ਜਿਵੇਂ :

| | | | |
|---|---|---|---|
| ਪਿਤਾ | ਮਾਤਾ | ਨਾਨਾ | ਨਾਨੀ |
| ਪਿਓ | ਮਾਂ | ਪੋਤਾ (ਪੋਤਰਾ) | ਪੋਤੀ (ਪੋਤਰੀ) |
| ਬਾਪੂ | ਬੇਬੇ | ਭਤੀਜਾ | ਭਤੀਜੀ |

| ਪੁਲਿੰਗ | ਇਸਤਰੀ-ਲਿੰਗ | ਪੁਲਿੰਗ | ਇਸਤਰੀ-ਲਿੰਗ |
|---|---|---|---|
| ਭਾਣਜਾ (ਭਣੇਵਾਂ) | ਭਾਣਜੀ (ਭਣੇਵੀਂ) | ਮਾਸੜ | ਮਾਸੀ |
| ਚਾਚਾ | ਚਾਚੀ | ਮਾਮਾ | ਮਾਮੀ |
| ਬਾਬਾ | ਬੇਬੇ, ਅੰਮਾਂ | ਦਾਦਾ | ਦਾਦੀ |
| ਤਾਇਆ | ਤਾਈ | ਪਤਿਅਹੁਰਾ | ਪਤੀਹਸ |
| ਫੁਫਿਅਹੁਰਾ | ਫੁਫੇਹਸ | ਨਨਿਅਹੁਰਾ | ਨਨੇਹਸ |

ਮਨੁੱਖੀ ਰਿਸ਼ਤਿਆਂ ਨਾਲ਼ ਸੰਬੰਧਿਤ ਕੁਝ ਸ਼ਬਦ ਅਜਿਹੇ ਹਨ ਜਿਨ੍ਹਾਂ ਦਾ ਪੁਲਿੰਗ ਤੋਂ ਇਸਤਰੀ-ਲਿੰਗ ਰੂਪਾਂਤਰ ਕਿਸੇ ਨਿਯਮ ਵਿੱਚ ਨਹੀਂ ਆਉਂਦਾ। ਇਹਨਾਂ ਨੂੰ ਅਸੀਂ ਫੁਟਕਲ ਕਹਿ ਸਕਦੇ ਹਾਂ, ਜਿਵੇਂ :

| | | | |
|---|---|---|---|
| ਮਰਦ | ਤੀਵੀਂ/ਔਰਤ | ਪੁਰਖ | ਇਸਤਰੀ |
| ਆਦਮੀ | ਜ਼ਨਾਨੀ/ਇਸਤਰੀ | ਮੁੰਡਾ | ਕੁੜੀ |
| ਗੱਭਰੂ | ਮੁਟਿਆਰ | ਰਾਜਾ | ਰਾਣੀ |
| ਮਿੱਤਰ | ਸਹੇਲੀ | ਵਰ | ਕੰਨਿਆਂ |

ਆਮ ਤੌਰ 'ਤੇ ਵੱਡੇ ਆਕਾਰ ਦੀ ਵਸਤੂ ਲਈ ਵਰਤੇ ਜਾਣ ਵਾਲ਼ੇ ਸ਼ਬਦ ਪੁਲਿੰਗ ਅਤੇ ਛੋਟੇ ਆਕਾਰ ਦੀ ਵਸਤੂ ਲਈ ਵਰਤੇ ਜਾਣ ਵਾਲ਼ੇ ਸ਼ਬਦ ਇਸਤਰੀ-ਲਿੰਗ ਹੁੰਦੇ ਹਨ, ਜਿਵੇਂ :

| | | | |
|---|---|---|---|
| ਆਰਾ | ਆਰੀ | ਪਹਾੜ | ਪਹਾੜੀ |
| ਸੰਦੂਕ | ਸੰਦੂਕੜੀ | ਪੱਖਾ | ਪੱਖੀ |
| ਖੁਰਪਾ | ਖੁਰਪੀ | ਪਤੀਲਾ | ਪਤੀਲੀ |
| ਘੜਾ | ਘੜੀ | ਬਾਟਾ | ਬਾਟੀ |
| ਛੁਰਾ | ਛੁਰੀ | ਭੱਠਾ | ਭੱਠੀ |
| ਡੱਬਾ | ਡੱਬੀ | ਰੰਬਾ | ਰੰਬੀ |
| ਟ੍ਰਾਲਾ | ਟ੍ਰਾਲੀ | ਕੜਛਾ | ਕੜਛੀ |
| ਚਮਚਾ | ਚਮਚੀ | | |

ਨੋਟ : ਕਈ ਵਾਰੀ ਇਸ ਨਿਯਮ ਤੋਂ ਉਲਟ ਵੀ ਪੁਲਿੰਗ ਅਤੇ ਇਸਤਰੀ-ਲਿੰਗ ਰੂਪ ਬਣਦੇ ਹਨ, ਜਿਵੇਂ : 'ਕੋਠਾ' ਸ਼ਬਦ ਦਾ ਇਸਤਰੀ-ਲਿੰਗ ਰੂਪ 'ਕੋਠੀ' ਹੈ। ਭਾਵੇਂ ਪਹਿਲਾਂ 'ਕੋਠੀ', 'ਕੋਠੇ' ਦਾ ਇਸਤਰੀ-ਲਿੰਗ ਰੂਪ ਹੁੰਦਾ ਸੀ ਪਰ ਅੱਜ-ਕੱਲ੍ਹ ਜਿਹੜੀ ਇਮਾਰਤ ਲਈ 'ਕੋਠੀ' ਸ਼ਬਦ ਦੀ ਵਰਤੋਂ ਹੁੰਦੀ ਹੈ, ਉਹ 'ਕੋਠੇ' ਤੋਂ ਕਿਤੇ ਵੱਡੀ ਹੁੰਦੀ ਹੈ। ਇਵੇਂ ਹੀ ਗੱਡੇ ਦਾ ਇਸਤਰੀ-ਲਿੰਗ ਗੱਡੀ ਹੈ ਜੋ ਕਿਸੇ ਸਮੇਂ 'ਗੱਡੇ' ਦਾ ਛੋਟਾ ਰੂਪ ਸੀ ਪਰ ਅੱਜ-ਕੱਲ੍ਹ 'ਗੱਡੀ' ਤੋਂ ਭਾਵ ਕਾਰ, ਬੱਸ, ਟ੍ਰੱਕ ਜਾਂ ਰੇਲਗੱਡੀ ਦੇ ਰੂਪ ਵਿੱਚ ਲਿਆ ਜਾਂਦਾ ਹੈ। ਕਈ ਵਾਰੀ ਤਾਂ ਪੁਲਿੰਗ ਸ਼ਬਦ ਵਾਲ਼ੀ ਵਸਤੂ ਸਗੋਂ ਛੋਟੀ ਹੁੰਦੀ ਹੈ, ਜਿਵੇਂ : 'ਕਿਤਾਬ' ਦਾ ਪੁਲਿੰਗ 'ਕਿਤਾਬਚਾ' ਹੈ ਜੋ ਕਿਤਾਬ ਤੋਂ ਛੋਟਾ ਹੁੰਦਾ ਹੈ।

ਕੁਝ ਅਜਿਹੀਆਂ ਨਿਰਜੀਵ ਵਸਤੂਆਂ ਜਾਂ ਭਾਵ ਹਨ ਜਿਨ੍ਹਾਂ ਦਾ ਵਿਰੋਧੀ ਲਿੰਗ-ਰੂਪ ਵਾਲ਼ਾ ਕੋਈ ਸ਼ਬਦ ਨਹੀਂ ਮਿਲ਼ਦਾ। ਉਦਾਹਰਨ ਲਈ ਅਨਾਜ, ਦਰਖ਼ਤ, ਕੰਪਿਊਟਰ, ਮੋਬਾਈਲ ਫ਼ੋਨ, ਪੈੱਨ, ਟੀ.ਵੀ., ਏ.ਸੀ., ਦਾਣਾ, ਸੂਰਜ, ਚੰਨ, ਮੇਜ਼, ਸਮੁੰਦਰ, ਪਾਣੀ, ਲੋਹਾ, ਕਾਗ਼ਜ਼, ਸੋਨਾ, ਹੰਕਾਰ, ਕਲ਼ੇਸ, ਨਰਕ ਪੁਲਿੰਗ ਸ਼ਬਦ ਹਨ। ਇਸੇ ਤਰ੍ਹਾਂ ਧਰਤੀ, ਹਵਾ, ਚਾਂਦੀ, ਕਲਮ, ਸਿਆਹੀ, ਨੇਕੀ, ਮਿਹਨਤ, ਚੰਗਿਆਈ, ਹਿੰਮਤ, ਆਦਤ, ਕਣਕ, ਪੈੱਨਸਿਲ, ਕੁਰਸੀ, ਅਲਮਾਰੀ ਆਦਿ ਇਸਤਰੀ-ਲਿੰਗ ਸ਼ਬਦ ਹਨ ਜਿਨ੍ਹਾਂ ਦਾ ਪੁਲਿੰਗ-ਰੂਪ ਨਹੀਂ ਮਿਲ਼ਦਾ।

ਕੁਝ ਸ਼ਬਦ ਅਜਿਹੇ ਹਨ ਜੋ ਇੱਕ ਅਰਥ ਵਿੱਚ ਪੁਲਿੰਗ ਹੁੰਦੇ ਹਨ, ਕਿਸੇ ਹੋਰ ਅਰਥ ਵਿੱਚ ਇਸਤਰੀ-ਲਿੰਗ, ਜਿਵੇਂ :

| | |
|---|---|
| ਹਾਰ (ਪੁਲਿੰਗ) | ਫੁੱਲਾਂ ਦੇ ਹਾਰ ਬਹੁਤ ਸੋਹਣੇ ਲੱਗਦੇ ਹਨ। |
| ਹਾਰ (ਇਸਤਰੀ-ਲਿੰਗ) | ਜ਼ਿੰਦਗੀ ਵਿੱਚ ਹਾਰ ਤੋਂ ਬਚਣ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ। |
| ਵੰਡ (ਪੁਲਿੰਗ) | ਵੰਡ ਮਹਿੰਗਾ ਹੈ ਇਸ ਲਈ ਦੁੱਧ ਮਹਿੰਗਾ ਹੈ। |

| | |
|---|---|
| ਵੰਡ (ਇਸਤਰੀ-ਲਿੰਗ) | 1947 ਵਿੱਚ ਪੰਜਾਬ ਦੀ ਵੰਡ ਹੋਈ। |
| ਵੱਟ (ਪੁਲਿੰਗ) | ਤੈਨੂੰ ਤਾਂ ਨਿੱਕੀ ਜਿਹੀ ਗੱਲ 'ਤੇ ਵੱਟ ਚੜ੍ਹ ਜਾਂਦਾ ਹੈ। |
| ਵੱਟ (ਇਸਤਰੀ-ਲਿੰਗ) | ਕਿਸਾਨ ਖੇਤ ਦੀ ਵੱਟ ਉੱਤੇ ਖੜ੍ਹ ਕੇ ਲਹਿਲਹਾਉਂਦੀ ਫ਼ਸਲ ਦੇਖ ਰਿਹਾ ਸੀ। |

ਕੁਝ ਸ਼ਬਦ ਅਜਿਹੇ ਵੀ ਹਨ ਜਿਨ੍ਹਾਂ ਨੂੰ ਕੁਝ ਲੋਕ ਪੁਲਿੰਗ ਸ਼੍ਰੇਣੀ ਵਿੱਚ ਰੱਖਦੇ ਹਨ ਤੇ ਕੁਝ ਲੋਕ ਇਸਤਰੀ-ਲਿੰਗ ਸ਼੍ਰੇਣੀ ਵਿੱਚ, ਜਿਵੇਂ :

| | | |
|---|---|---|
| ਅਖ਼ਬਾਰ | ਕੀ ਅੱਜ ਅਖ਼ਬਾਰ ਨਹੀਂ ਆਇਆ ? | (ਪੁਲਿੰਗ) |
| | ਕੀ ਅੱਜ ਅਖ਼ਬਾਰ ਨਹੀਂ ਆਈ ? | (ਇਸਤਰੀ-ਲਿੰਗ) |
| ਟਿਕਟ | ਕਿਰਪਾ ਕਰਕੇ ਮੇਰਾ ਟਿਕਟ ਵੀ ਲੈ ਲੈਣਾ। | (ਪੁਲਿੰਗ) |
| | ਕਿਰਪਾ ਕਰਕੇ ਮੇਰੀ ਟਿਕਟ ਵੀ ਲੈ ਲੈਣੀ। | (ਇਸਤਰੀ-ਲਿੰਗ) |
| ਸਾਈਕਲ | ਮੇਰਾ ਸਾਈਕਲ ਬਹੁਤ ਭੱਜਦਾ ਹੈ। | (ਪੁਲਿੰਗ) |
| | ਮੇਰੀ ਸਾਈਕਲ ਬਹੁਤ ਭੱਜਦੀ ਹੈ। | (ਇਸਤਰੀ-ਲਿੰਗ) |
| ਥਾਂ | ਬਲਦੀਪ! ਤੂੰ ਆਪਣਾ ਬਸਤਾ ਅੱਗੇ ਕਰ, ਇਹ ਥਾਂ ਮੇਰਾ ਹੈ। | (ਪੁਲਿੰਗ) |
| | ਬਲਦੀਪ! ਤੂੰ ਆਪਣਾ ਬਸਤਾ ਅੱਗੇ ਕਰ, ਇਹ ਥਾਂ ਮੇਰੀ ਹੈ। | (ਇਸਤਰੀ-ਲਿੰਗ) |
| ਦਹੀਂ | ਅੱਜ ਦਹੀਂ ਨਹੀਂ ਜੰਮਿਆ। | (ਪੁਲਿੰਗ) |
| | ਅੱਜ ਦਹੀਂ ਨਹੀਂ ਜੰਮੀ। | (ਇਸਤਰੀ-ਲਿੰਗ) |

ਮਨੁੱਖੀ ਸਮਾਜ ਲੰਮੇ ਸਮੇਂ ਤੱਕ ਪੁਰਖ-ਪ੍ਰਧਾਨ ਰਿਹਾ ਹੈ ਇਸ ਲਈ ਬਹੁਤੇ ਮਹੱਤਵਪੂਰਨ ਅਹੁਦਿਆਂ ਨੂੰ ਪੁਰਖ ਹੀ ਸੰਭਾਲ਼ਦਾ ਰਿਹਾ ਹੈ। ਨਤੀਜੇ ਵਜੋਂ ਇਹਨਾਂ ਅਹੁਦਿਆਂ ਦੇ ਨਾਂਵਾਂ ਲਈ ਵਰਤੇ ਜਾਂਦੇ ਸ਼ਬਦ ਪੁਲਿੰਗ ਹਨ, ਜਿਵੇਂ : ਰਾਸ਼ਟਰਪਤੀ, ਵਜ਼ੀਰ (ਮੰਤਰੀ), ਪ੍ਰਧਾਨ, ਆਗੂ, ਨੇਤਾ, ਜ਼ੈਲਦਾਰ, ਨੰਬਰਦਾਰ, ਪ੍ਰਧਾਨ ਮੰਤਰੀ, ਜਰਨੈਲ, ਕਪਤਾਨ, ਡਾਕਟਰ, ਵੈਦ, ਵਕੀਲ, ਕਮਿਸ਼ਨਰ, ਤਹਿਸੀਲਦਾਰ, ਜੱਜ, ਡ੍ਰਾਈਵਰ, ਦੁਕਾਨਦਾਰ, ਅਫ਼ਸਰ, ਸਕੱਤਰ, ਮੰਤਰੀ, ਕਲਰਕ, ਪਟਵਾਰੀ ਆਦਿ।

ਅਜੋਕੇ ਸਮੇਂ ਵਿੱਚ ਇਹਨਾਂ ਵਿੱਚੋਂ ਕਈਆਂ ਪਦਾਂ ਉੱਤੇ ਇਸਤਰੀਆਂ ਵੀ ਕੰਮ ਕਰਨ ਲੱਗ ਪਈਆਂ ਹਨ ਪਰ ਇਹਨਾਂ ਲਈ ਵੀ ਪੁਲਿੰਗ-ਸ਼ਬਦ ਦੀ ਹੀ ਵਰਤੋਂ ਹੁੰਦੀ ਹੈ। ਉਦਾਹਰਨ ਵਜੋਂ:ਸ੍ਰੀਮਤੀ ਪ੍ਰਤਿਭਾ ਪਾਟਿਲ ਦੇਸ ਦੀ ਰਾਸ਼ਟਰਪਤੀ ਬਣੀ। ਉਸ ਦੇ ਇਸ ਅਹੁਦੇ ਦਾ ਨਾਂ ਪੁਲਿੰਗ-ਸ਼ਬਦ 'ਰਾਸ਼ਟਰਪਤੀ' ਹੀ ਰਿਹਾ। ਵੱਧ ਤੋਂ ਵੱਧ ਇਹੋ-ਜਿਹੇ ਪੁਲਿੰਗ ਅਹੁਦਿਆਂ ਤੋਂ ਪਹਿਲਾਂ ਕਈ ਵਾਰ 'ਇਸਤਰੀ' ਸ਼ਬਦ ਜੋੜ ਦਿੱਤਾ ਜਾਂਦਾ ਹੈ, ਜਿਵੇਂ :

| | |
|---|---|
| ਡਾਕਟਰ | ਇਸਤਰੀ ਡਾਕਟਰ (ਲੇਡੀ ਡਾਕਟਰ) |
| ਪ੍ਰਧਾਨ | ਇਸਤਰੀ ਪ੍ਰਧਾਨ |

ਸਾਡੇ ਸਮਾਜ ਦੀ ਰਵਾਇਤ ਅਨੁਸਾਰ ਜੋ ਪਦ ਪਤੀ ਦਾ ਹੁੰਦਾ ਹੈ, ਉਸ ਪਦ ਦਾ ਇਸਤਰੀ-ਲਿੰਗ ਰੂਪ ਉਸ ਦੀ ਪਤਨੀ ਲਈ ਪ੍ਰਯੋਗ ਹੁੰਦਾ ਹੈ। ਉਦਾਹਰਨ ਦੇ ਤੌਰ 'ਤੇ ਤਹਿਸੀਲਦਾਰ ਦੇ ਪਦ ਉੱਤੇ ਭਾਵੇਂ ਪੁਰਖ ਕੰਮ ਕਰੇ ਜਾਂ ਇਸਤਰੀ, ਉਸ ਨੂੰ ਤਹਿਸੀਲਦਾਰ ਹੀ ਕਿਹਾ ਜਾਂਦਾ ਹੈ। ਪਰੰਤੂ ਤਹਿਸੀਲਦਾਰ ਪੁਰਖ ਹੋਣ ਦੀ ਹਾਲਤ ਵਿੱਚ ਉਸ ਦੀ ਪਤਨੀ ਲਈ ਇਸਤਰੀ-ਲਿੰਗ ਸ਼ਬਦ ਤਹਿਸੀਲਦਾਰਨੀ ਵਰਤਿਆ ਜਾਂਦਾ ਹੈ। ਅੱਜ-ਕੱਲ੍ਹ ਵੀ ਕੁਝ ਅਜਿਹੇ ਸ਼ਬਦ ਵਿਕਸਿਤ ਹੋ ਰਹੇ ਹਨ, ਜਿਵੇਂ : ਕੰਪਿਊਟਰ-ਉਪਰੇਟਰ, ਚੇਅਰਪਰਸਨ ਆਦਿ। ਅਜਿਹੇ ਅਹੁਦਿਆਂ ਉੱਤੇ ਬੇਸ਼ੱਕ ਔਰਤ (ਇਸਤਰੀ-ਲਿੰਗ) ਕੰਮ ਕਰ ਰਹੀ ਹੈ ਜਾਂ ਮਰਦ (ਪੁਲਿੰਗ), ਇਸ ਦਾ ਰੂਪ ਹਮੇਸ਼ਾਂ ਪੁਲਿੰਗ ਹੀ ਰਹਿੰਦਾ ਹੈ।

ਸਮਾਜ ਦੇ ਜਿਹੜੇ ਖੇਤਰ ਵਿੱਚ ਇਸਤਰੀਆਂ ਕੰਮ ਕਰਦੀਆਂ ਰਹੀਆਂ ਹਨ, ਉਸ ਖੇਤਰ ਦੇ ਪਦਾਂ ਦੇ ਨਾਂ ਇਸਤਰੀ-ਲਿੰਗ ਸ਼ਬਦ ਹਨ, ਜਿਵੇਂ : ਨਰਸ, ਦਾਈ ਆਦਿ। ਭਾਵੇਂ ਆਮ ਤੌਰ 'ਤੇ ਇਸਤਰੀਆਂ ਹੀ ਨਰਸਾਂ ਹੁੰਦੀਆਂ ਹਨ ਪਰ ਅੱਜ-ਕੱਲ੍ਹ ਪੁਰਖ ਵੀ ਨਰਸ ਦਾ ਕੰਮ ਕਰਦੇ ਹਨ। ਉਹਨਾਂ ਦੇ ਨਾਂ ਅੱਗੇ ਵੱਧ ਤੋਂ ਵੱਧ ਪੁਰਖ ਜੋੜ ਕੇ ਉਹਨਾਂ ਨੂੰ ਪੁਰਖ-ਨਰਸ (ਮੇਲ-ਨਰਸ) ਕਰਕੇ ਸੱਦਿਆ ਜਾਂਦਾ ਹੈ।

ਕਈਆਂ ਵਸਤਾਂ ਜਾਂ ਭਾਵਾਂ ਲਈ ਵੱਖ-ਵੱਖ ਸੋਮਿਆਂ (ਭਾਸ਼ਾਵਾਂ) ਤੋਂ ਆਏ ਇੱਕ ਤੋਂ ਵੱਧ ਸ਼ਬਦ ਪੰਜਾਬੀ ਵਿੱਚ ਪ੍ਰਚਲਿਤ ਹਨ। ਇਹਨਾਂ ਵਿੱਚੋਂ ਕੋਈ ਸ਼ਬਦ ਪੁਲਿੰਗ ਹੈ, ਕੋਈ ਇਸਤਰੀ-ਲਿੰਗ, ਜਿਵੇਂ :

| ਪੁਲਿੰਗ | ਇਸਤਰੀ-ਲਿੰਗ | ਪੁਲਿੰਗ | ਇਸਤਰੀ-ਲਿੰਗ |
|---|---|---|---|
| **ਯਤਨ** | **ਕੋਸ਼ਸ਼** | **ਨੇਤਰ** | **ਅੱਖ** |
| **ਲੱਕ** | **ਕਮਰ** | | |

ਜਿਹੜੇ ਕੀਟਾਂ, ਪੰਛੀਆਂ ਜਾਂ ਜਾਨਵਰਾਂ ਦੇ ਨਰ ਜਾਂ ਮਾਦਾ ਹੋਣ ਦੀ ਪਛਾਣ ਆਮ ਮਨੁੱਖ ਨਹੀਂ ਕਰ ਸਕਦਾ, ਉਹਨਾਂ ਲਈ ਵਰਤੇ ਜਾਂਦੇ ਸ਼ਬਦਾਂ ਦਾ ਕੇਵਲ ਪੁਲਿੰਗ-ਰੂਪ ਜਾਂ ਇਸਤਰੀ-ਲਿੰਗ ਰੂਪ ਹੀ ਵਰਤਿਆ ਜਾਂਦਾ ਹੈ। ਅਜਿਹੇ ਕਿਸੇ ਕੀਟ, ਪੰਛੀ ਜਾਂ ਜਾਨਵਰ ਲਈ ਲਿੰਗ ਦੇ ਕਿਹੜੇ ਰੂਪ ਵਾਲ਼ੇ ਸ਼ਬਦ ਦੀ ਵਰਤੋਂ ਕੀਤੀ ਜਾਵੇਗੀ, ਇਹ ਸਮਾਜ ਵਿੱਚ ਪ੍ਰਚਲਿਤ ਵਰਤੋਂ ਉੱਤੇ ਆਧਾਰਿਤ ਹੈ। ਇਹਨਾਂ ਦਾ ਲਿੰਗ ਨਿਸ਼ਚਿਤ ਕਰਨ ਦਾ ਕੋਈ ਬੱਝਵਾਂ ਨਿਯਮ ਨਹੀਂ ਹੈ। ਜਿਵੇਂ ਕਿਸੇ ਸਮੇਂ ਪ੍ਰਚਲਿਤ ਹੋ ਗਿਆ, ਉਹੀ ਲਿੰਗ ਮੰਨ ਲਿਆ ਗਿਆ। ਕੁਝ ਉਦਾਹਰਨਾਂ ਦੇਖੋ :

| ਪੁਲਿੰਗ | ਇਸਤਰੀ-ਲਿੰਗ | ਪੁਲਿੰਗ | ਇਸਤਰੀ-ਲਿੰਗ |
|---|---|---|---|
| ---- | **ਜੂੰ** | **ਖਟਮਲ** | ---- |
| ---- | **ਜੋਕ** | ---- | **ਕੋਇਲ** |
| **ਬਗਲਾ** | ---- | ---- | **ਇੱਲ** |
| **ਬਾਜ਼** | ---- | ---- | **ਬਤਕ** |
| --- | ਗੁਟਾਰ | --- | ਘੁੱਗੀ |
| ਗੈਂਡਾ | --- | ਸਹਿਆ | --- |
| --- | ਗੋਹ | --- | ਸੇਹ |
| --- | ਸਰਾਲ਼ | | |

ਕਈ ਵਾਰੀ ਇੱਕ ਹੀ ਵਸਤੂ ਲਈ ਦੋ ਵੱਖਰੇ-ਵੱਖਰੇ ਸ਼ਬਦ ਥੋੜ੍ਹੇ ਜਿਹੇ ਫ਼ਰਕ ਨਾਲ਼ ਵਰਤੇ ਜਾਂਦੇ ਹਨ। ਇਸ ਫ਼ਰਕ ਕਾਰਨ ਹੀ ਉਹਨਾਂ ਸ਼ਬਦਾਂ ਦਾ ਲਿੰਗ-ਰੂਪ ਬਦਲ ਜਾਂਦਾ ਹੈ। ਉਦਾਹਰਨ ਲਈ ਰੇਤ ਅਤੇ ਰੇਤਾ ਇੱਕੋ ਹੀ ਵਸਤੂ ਲਈ ਵਰਤੇ ਜਾਂਦੇ ਹਨ। ਇਹਨਾਂ ਵਿੱਚ ਰੇਤ ਇਸਤਰੀ—ਲਿੰਗ ਸ਼ਬਦ ਹੈ ਅਤੇ ਰੇਤਾ ਪੁਲਿੰਗ।

## ਲਿੰਗ ਦਾ ਨਾਂਵ, ਵਿਸ਼ੇਸ਼ਣ ਅਤੇ ਕਿਰਿਆ ਉੱਤੇ ਪ੍ਰਭਾਵ :

ਲਿੰਗ ਦਾ ਵਾਕ ਵਿੱਚ ਨਾਂਵ, ਵਿਸ਼ੇਸ਼ਣ ਅਤੇ ਕਿਰਿਆ-ਸ਼ਬਦਾਂ ਉੱਤੇ ਪ੍ਰਭਾਵ ਪੈਂਦਾ ਹੈ। ਉਦਾਹਰਨ ਲਈ ਹੇਠ ਲਿਖੇ ਵਾਕਾਂ ਵਿੱਚ ਲਕੀਰੇ ਸ਼ਬਦ ਵੇਖੋ :

ਚੰਗੇ ਬੱਚੇ ਮਾਪਿਆਂ ਦਾ ਨਾਂ ਦੁਨੀਆ ਵਿੱਚ ਰੋਸ਼ਨ ਕਰਦੇ ਹਨ।

ਚੰਗੀਆਂ ਬੱਚੀਆਂ ਮਾਪਿਆਂ ਦਾ ਨਾਂ ਦੁਨੀਆ ਵਿੱਚ ਰੋਸ਼ਨ ਕਰਦੀਆਂ ਹਨ।

ਕਾਲ਼ਾ ਘੋੜਾ ਤੇਜ਼ ਦੌੜੇਗਾ।     ਕਾਲ਼ੀ ਘੋੜੀ ਤੇਜ਼ ਦੌੜੇਗੀ।

ਪਹਿਲੇ ਵਾਕ ਵਿੱਚ 'ਬੱਚੇ' ਪੁਲਿੰਗ ਬਹੁ-ਵਚਨ ਸ਼ਬਦ ਹੈ। ਦੂਜੇ ਵਾਕ ਵਿੱਚ ਇਸ ਸ਼ਬਦ ਦਾ ਇਸਤਰੀ-ਲਿੰਗ 'ਬੱਚੀਆਂ' ਆਇਆ ਹੈ। ਨਾਂਵ-ਸ਼ਬਦ ਵਿੱਚ ਇਸ ਲਿੰਗ-ਤਬਦੀਲੀ ਨਾਲ਼ ਵਾਕ ਵਿੱਚ ਵਿਸ਼ੇਸ਼ਣ (ਚੰਗੇ ਤੋਂ ਚੰਗੀਆਂ) ਅਤੇ ਕਿਰਿਆ (ਕਰਦੇ ਤੋਂ ਕਰਦੀਆਂ) ਵਿੱਚ ਵੀ ਤਬਦੀਲੀ ਆਈ ਹੈ। ਇਸੇ ਪ੍ਰਕਾਰ ਦੀ ਤਬਦੀਲੀ ਤੀਜੇ ਤੇ ਚੌਥੇ ਵਾਕ ਦੇ ਲਕੀਰੇ ਸ਼ਬਦਾਂ ਵਿੱਚ ਆਈ ਹੈ।

# ਅਭਿਆਸ

1. ਵਿਆਕਰਨ ਵਿੱਚ ਲਿੰਗ ਕਿਸ ਨੂੰ ਕਹਿੰਦੇ ਹਨ ?
2. ਜਿਹੜੇ ਪੁਲਿੰਗ ਸ਼ਬਦ ਦੇ ਅੰਤ ਵਿੱਚ ਮੁਕਤਾ ਅੱਖਰ ਹੁੰਦਾ ਹੈ, ਉਸ ਸ਼ਬਦ ਦਾ ਇਸਤਰੀ-ਲਿੰਗ ਰੂਪ ਕਿਵੇਂ ਬਣਦਾ ਹੈ ? ਉਦਾਹਰਨਾਂ ਸਹਿਤ ਦੱਸੋ।
3. ਜਿਹੜੇ ਪੁਲਿੰਗ ਸ਼ਬਦ ਦੇ ਅੰਤ ਵਿੱਚ ਬਿਹਾਰੀ ਆਉਂਦੀ ਹੈ, ਉਸ ਦਾ ਇਸਤਰੀ-ਲਿੰਗ ਰੂਪ ਕਿਵੇਂ ਬਣਦਾ ਹੈ ?
4. ਹੇਠ ਲਿਖੇ ਸ਼ਬਦਾਂ ਦਾ ਇਸਤਰੀ-ਲਿੰਗ ਰੂਪ ਦੱਸੋ। ਨਾਲ਼ ਹੀ ਉਹ ਨਿਯਮ ਵੀ ਦੱਸੋ ਜਿਨ੍ਹਾਂ ਅਨੁਸਾਰ ਇਹਨਾਂ ਸ਼ਬਦਾਂ ਦੇ ਪੁਲਿੰਗ ਰੂਪ ਤੋਂ ਇਸਤਰੀ-ਲਿੰਗ ਰੂਪ ਬਣਦੇ ਹਨ : ਸਪੇਰਾ, ਦੁਆਬੀਆ।
5. ਮਨੁੱਖੀ ਰਿਸ਼ਤਿਆਂ ਲਈ ਵਰਤੇ ਜਾਣ ਵਾਲ਼ੇ ਕੋਈ ਪੰਜ ਪੁਲਿੰਗ-ਸ਼ਬਦ ਚੁਣ ਕੇ ਉਹਨਾਂ ਦਾ ਇਸਤਰੀ-ਲਿੰਗ ਰੂਪ ਦੱਸੋ।
6. ਪੰਜਾਬੀ ਵਿੱਚ ਬਹੁਤ ਸਾਰੀਆਂ ਵਸਤੂਆਂ ਦੇ ਵੱਡੇ-ਛੋਟੇ ਆਕਾਰ ਅਨੁਸਾਰ ਪੁਲਿੰਗ ਤੇ ਇਸਤਰੀ-ਲਿੰਗ ਰੂਪ ਹੁੰਦੇ ਹਨ। ਅਜਿਹੀਆਂ ਦਸ ਉਦਾਹਰਨਾਂ ਦਿਓ।
7. ਕੁਝ ਅਜਿਹੇ ਸ਼ਬਦ ਹਨ ਜਿਹੜੇ ਇੱਕ ਅਰਥ ਵਿੱਚ ਪੁਲਿੰਗ ਅਤੇ ਕਿਸੇ ਹੋਰ ਅਰਥ ਵਿੱਚ ਇਸਤਰੀ-ਲਿੰਗ ਹੁੰਦੇ ਹਨ। ਅਜਿਹੇ ਸ਼ਬਦਾਂ ਦੀਆਂ ਦੋ ਉਦਾਹਰਨਾਂ ਦਿਓ।
8. ਅਜਿਹੇ ਚਾਰ ਸ਼ਬਦ ਦੱਸੋ ਜਿਨ੍ਹਾਂ ਨੂੰ ਕੁਝ ਲੋਕ ਪੁਲਿੰਗ ਸਮਝਦੇ ਹਨ ਅਤੇ ਕੁਝ ਲੋਕ ਇਸਤਰੀ-ਲਿੰਗ।
9. ਹੇਠ ਲਿਖੇ ਸ਼ਬਦਾਂ ਦਾ ਪੁਲਿੰਗ-ਰੂਪ ਦੱਸੋ :

   ਵਿਦਿਆਰਥਣ, ਅਧਿਆਪਕਾ, ਘੜੀ, ਮੁਟਿਆਰ, ਪਤੀਹਸ, ਦੁਆਬਣ, ਰਾਗਣੀ।
10. ਹੇਠ ਲਿਖੇ ਵਾਕ ਵਿੱਚ ਨਾਂਵ-ਸ਼ਬਦ ਦਾ ਲਿੰਗ ਬਦਲ ਕੇ ਹੋਰ ਲੁੜੀਂਦੀਆਂ ਤਬਦੀਲੀਆਂ ਸਮੇਤ ਵਾਕ ਨੂੰ ਮੁੜ ਲਿਖੋ :

    ਛੋਟੀਆਂ ਕੁੜੀਆਂ ਖੇਡਦੀਆਂ ਹਨ।

* * *

# ਵਚਨ

ਪੰਜਾਬੀ ਭਾਸ਼ਾ ਵਿੱਚ ਵਚਨ ਦੋ ਪ੍ਰਕਾਰ ਦੇ ਹਨ : ਇੱਕਵਚਨ ਤੇ ਬਹੁਵਚਨ। ਸ਼ਬਦ ਦੇ ਜਿਸ ਰੂਪ ਤੋਂ ਕਿਸੇ ਜੀਵ, ਵਸਤੂ, ਸਥਾਨ ਆਦਿ ਦਾ ਗਿਣਤੀ ਵਿੱਚ ਇੱਕ ਜਾਂ ਇੱਕ ਤੋਂ ਵੱਧ ਹੋਣ ਦੇ ਫ਼ਰਕ ਦਾ ਪਤਾ ਲੱਗੇ, ਉਸ ਨੂੰ ਵਚਨ ਆਖਦੇ ਹਨ।

**ਇੱਕਵਚਨ :** ਸ਼ਬਦ ਦੇ ਜਿਸ ਰੂਪ ਤੋਂ ਕਿਸੇ ਇੱਕ ਜੀਵ, ਵਸਤੂ, ਸਥਾਨ ਆਦਿ ਦਾ ਗਿਆਨ ਹੋਵੇ, ਉਸ ਨੂੰ ਇੱਕਵਚਨ ਆਖਦੇ ਹਨ, ਜਿਵੇਂ : ਮੁੰਡਾ, ਬਸਤਾ, ਘੜੀ, ਚੂੜੀ ਆਦਿ।

**ਬਹੁਵਚਨ :** ਸ਼ਬਦ ਦੇ ਜਿਸ ਰੂਪ ਤੋਂ ਇੱਕ ਤੋਂ ਵੱਧ ਜੀਵਾਂ, ਵਸਤਾਂ, ਸਥਾਨਾਂ ਆਦਿ ਦਾ ਗਿਆਨ ਹੋਵੇ, ਉਸ ਨੂੰ ਬਹੁਵਚਨ ਆਖਦੇ ਹਨ, ਜਿਵੇਂ: ਮੁੰਡੇ, ਬਸਤੇ, ਘੜੀਆਂ, ਚੂੜੀਆਂ ਆਦਿ।

ਪੰਜਾਬੀ ਵਿੱਚ ਕਿਸੇ ਸ਼ਬਦ ਦੇ ਇੱਕਵਚਨ ਤੋਂ ਬਹੁਵਚਨ ਬਣਾਉਣ ਦੇ ਕੁਝ ਮੋਟੇ-ਮੋਟੇ ਨਿਯਮ ਇਸ ਪ੍ਰਕਾਰ ਹਨ :

1. ਜਿਸ ਇੱਕਵਚਨ ਪੁਲਿੰਗ-ਸ਼ਬਦ ਦੇ ਅੰਤ ਵਿੱਚ ਕੰਨਾ (ਾ) ਹੋਵੇ, ਉਸ ਦਾ ਬਹੁਵਚਨ ਅੰਤ ਵਾਲ਼ੇ ਕੰਨੇ ਦੀ ਥਾਂ ਲਾਂ ( ੇ ) ਲਾ ਕੇ ਬਣਾਇਆ ਜਾਂਦਾ ਹੈ, ਜਿਵੇਂ :

| ਇੱਕਵਚਨ | ਬਹੁਵਚਨ | ਇੱਕਵਚਨ | ਬਹੁਵਚਨ |
|---|---|---|---|
| **ਮੁੰਡਾ** | **ਮੁੰਡੇ** | **ਘੋੜਾ** | **ਘੋੜੇ** |
| **ਪੱਤਾ** | **ਪੱਤੇ** | **ਚਾਚਾ** | **ਚਾਚੇ** |

2. ਜਿਸ ਇੱਕਵਚਨ ਇਸਤਰੀ-ਲਿੰਗ ਸ਼ਬਦ ਦੇ ਅੰਤ ਵਿੱਚ ਬਿਹਾਰੀ ( ੀ ) ਲੱਗੀ ਹੁੰਦੀ ਹੈ, ਉਸ ਸ਼ਬਦ ਦਾ ਬਹੁਵਚਨ-ਰੂਪ ਅੰਤ ਵਿੱਚ 'ਆਂ' ਲਾ ਕੇ ਬਣਦਾ ਹੈ, ਜਿਵੇਂ :

| ਇੱਕਵਚਨ | ਬਹੁਵਚਨ | ਇੱਕਵਚਨ | ਬਹੁਵਚਨ |
|---|---|---|---|
| **ਕੁੜੀ** | **ਕੁੜੀਆਂ** | **ਚਾਚੀ** | **ਚਾਚੀਆਂ** |
| **ਮੋਰਨੀ** | **ਮੋਰਨੀਆਂ** | **ਮਾਮੀ** | **ਮਾਮੀਆਂ** |

3. ਜਿਸ ਇੱਕਵਚਨ ਇਸਤਰੀ-ਲਿੰਗ ਸ਼ਬਦ ਦੇ ਅੰਤ ਵਿੱਚ ਮੁਕਤਾ ਅੱਖਰ ਹੋਵੇ, ਉਸ ਦਾ ਬਹੁਵਚਨ-ਰੂਪ ਕੰਨੇ ਉੱਤੇ ਬਿੰਦੀ (ਾਂ) ਲਾ ਕੇ ਬਣਾਇਆ ਜਾਂਦਾ ਹੈ, ਜਿਵੇ :

| ਇੱਕਵਚਨ | ਬਹੁਵਚਨ | ਇੱਕਵਚਨ | ਬਹੁਵਚਨ |
|---|---|---|---|
| **ਕਿਤਾਬ** | **ਕਿਤਾਬਾਂ** | **ਬਨੈਣ** | **ਬਨੈਣਾਂ** |
| **ਬਾਂਹ** | **ਬਾਂਹਾਂ** | **ਲੱਤ** | **ਲੱਤਾਂ** |

4. ਜਿਸ ਇੱਕਵਚਨ ਇਸਤਰੀ-ਲਿੰਗ ਸ਼ਬਦ ਦੇ ਅੰਤ ਵਿੱਚ (ਾ) ਹੋਵੇ, ਉਸ ਦਾ ਬਹੁਵਚਨ ਰੂਪ 'ਵਾਂ' ਲਾ ਕੇ ਬਣਾਇਆ ਜਾਂਦਾ ਹੈ, ਜਿਵੇਂ :

| ਇੱਕਵਚਨ | ਬਹੁਵਚਨ | ਇੱਕਵਚਨ | ਬਹੁਵਚਨ |
|---|---|---|---|
| **ਸਭਾ** | **ਸਭਾਵਾਂ** | **ਹਵਾ** | **ਹਵਾਵਾਂ** |
| **ਕਵਿਤਾ** | **ਕਵਿਤਾਵਾਂ** | **ਦੁਰਘਟਨਾ** | **ਦੁਰਘਟਨਾਵਾਂ** |

5. ਜਿਸ ਇੱਕਵਚਨ ਇਸਤਰੀ-ਲਿੰਗ ਸ਼ਬਦ ਦੇ ਅੰਤ ਵਿੱਚ ਕੰਨੇ ਉੱਤੇ ਬਿੰਦੀ ਹੋਵੇ, ਉਸ ਦਾ ਬਹੁਵਚਨ 'ਵਾਂ' ਲਾ ਕੇ ਬਣਾਇਆ ਜਾਂਦਾ ਹੈ। ਯਾਦ ਰਹੇ ਕਿ ਪਹਿਲੀ ਬਿੰਦੀ (ਕੰਨੇ ਉੱਤੇ ਲੱਗੀ) ਵੀ ਆਪਣੀ ਥਾਂ 'ਤੇ ਲੱਗੀ ਰਹੇਗੀ, ਜਿਵੇਂ :

| ਇੱਕਵਚਨ | ਬਹੁਵਚਨ | ਇੱਕਵਚਨ | ਬਹੁਵਚਨ |
|---|---|---|---|
| **ਛਾਂ** | **ਛਾਂਵਾਂ** | **ਥਾਂ** | **ਥਾਂਵਾਂ** |
| **ਮਾਂ** | **ਮਾਂਵਾਂ** | **ਲਾਂ** | **ਲਾਂਵਾਂ** |

**ਨੋਟ :** ਇਸੇ ਤਰ੍ਹਾਂ ਤੀਵੀਂ ਤੋਂ ਤੀਵੀਂਆਂ, ਸਾਂਈਂ ਤੋਂ ਸਾਂਈਂਆਂ, ਸੇਵੀਂ ਤੋਂ ਸੇਵੀਂਆਂ, ਸਰਾਂਅ ਤੋਂ ਸਰਾਂਵਾਂ, ਸਾਂਵਾਂ ਤੋਂ ਸਾਂਵੀਂਆਂ, ਟਾਂਵਾਂ ਤੋਂ ਟਾਂਵੀਂਆਂ, ਨੀਂਹ ਤੋਂ ਨੀਂਹਾਂ, ਨੌਂ ਤੋਂ ਨੌਂਏਂ ਆਦਿ ਸ਼ਬਦ-ਰੂਪ ਵੀ ਸਹੀ ਹਨ।

6. ਜਿਸ ਇੱਕਵਚਨ ਇਸਤਰੀ-ਲਿੰਗ ਸ਼ਬਦ ਦੇ ਅੰਤ ਵਿੱਚ ਦੁਲਾਵਾਂ ( ੈ ), ਔਂਕੜ ( ੁ ), ਦੁਲੈਂਕੜ ( ੂ ) ਜਾਂ ਹੋੜਾ ਹੋਵੇ, ਉਸ ਦਾ ਬਹੁਵਚਨ-ਰੂਪ ਅੰਤ ਵਿੱਚ 'ਆਂ' ਲਾ ਕੇ ਬਣਾਇਆ ਜਾਂਦਾ ਹੈ, ਜਿਵੇਂ :

| ਇੱਕਵਚਨ | ਬਹੁਵਚਨ | ਇੱਕਵਚਨ | ਬਹੁਵਚਨ |
|---|---|---|---|
| **ਸਹੁੰ** | **ਸਹੁੰਆਂ** | **ਕਨਸੋ** | **ਕਨਸੋਆਂ** |
| **ਕੈ** | **ਕੈਆਂ** | **ਖ਼ੁਸ਼ਬੋ** | **ਖ਼ੁਸ਼ਬੋਆਂ** |
| **ਜੂੰ** | **ਜੂੰਆਂ** | **ਸ਼ੈ** | **ਸ਼ੈਆਂ** |
| **ਚੋ** | **ਚੋਆਂ** | **ਵਸਤੂ** | **ਵਸਤੂਆਂ** |

7. ਜਿਸ ਪੁਲਿੰਗ ਦੇ ਇੱਕਵਚਨ ਸ਼ਬਦ ਦੇ ਅੰਤ ਵਿੱਚ ਕੰਨਾ ਨਹੀਂ ਹੁੰਦਾ ਅਰਥਾਤ ਕੰਨੇ ਨੂੰ ਛੱਡ ਕੇ ਮੁਕਤਾ ਜਾਂ ਹੋਰ ਕੋਈ ਮਾਤਰਾ ਹੁੰਦੀ ਹੈ, ਉਸ ਸ਼ਬਦ ਦਾ ਇੱਕਵਚਨ ਅਤੇ ਬਹੁਵਚਨ-ਰੂਪ ਇੱਕ ਹੀ ਹੁੰਦਾ ਹੈ, ਜਿਵੇਂ :

ਸਿਰ, ਦੁੱਧ, ਹੱਥ, ਢੋਲੀ, ਧੋਬੀ, ਫੁੱਲ, ਮੇਜ਼, ਡੱਡੂ, ਮੋਰ ਆਦਿ।

**ਨੋਟ :** ਕਈ ਵਾਰੀ ਵਿਦਿਆਰਥੀ ਭੁਲੇਖੇ ਨਾਲ਼ ਇਹਨਾਂ ਸ਼ਬਦਾਂ ਦਾ ਬਹੁਵਚਨ-ਰੂਪ ਸਿਰਾਂ, ਹੱਥਾਂ, ਢੋਲੀਆਂ, ਧੋਬੀਆਂ, ਫੁੱਲਾਂ, ਮੇਜ਼ਾਂ, ਡੱਡੂਆਂ, ਮੋਰਾਂ ਆਦਿ ਸਮਝ ਲੈਂਦਾ ਹੈ। ਚੇਤੇ ਰਹੇ ਕਿ ਇਹ ਉੱਪਰ ਦਿੱਤੇ ਸ਼ਬਦਾਂ ਦੇ ਸੰਬੰਧਕੀ ਰੂਪ ਹਨ। ਜਦੋਂ ਇਹਨਾਂ ਸ਼ਬਦਾਂ ਤੋਂ ਪਿੱਛੋਂ ਕੋਈ ਸੰਬੰਧਕ ਆਉਂਦਾ ਹੈ ਤਾਂ ਇਹ ਸ਼ਬਦ ਇਸ ਰੂਪ ਵਿੱਚ ਹੁੰਦੇ ਹਨ, ਜਿਵੇਂ :

(ੳ) ਮੋਰਾਂ ਨੇ ਪੈਲਾਂ ਪਾਈਆਂ।

(ਅ) ਫੁੱਲਾਂ ਉੱਤੇ ਭੌਰੇ ਬੈਠੇ ਹਨ।

(ੲ) ਮੇਜ਼ਾਂ ਉੱਤੇ ਕਾਪੀਆਂ ਪਈਆਂ ਹਨ।

**ਨੋਟ :**
1. ਨਾਂਵ-ਸ਼ਬਦ ਦੇ ਇੱਕਵਚਨ-ਰੂਪ ਤੋਂ ਬਹੁਵਚਨ ਰੂਪ ਬਣਾਉਣ ਵੇਲ਼ੇ ਉਹਨਾਂ ਦਾ ਸਧਾਰਨ ਰੂਪ ਹੀ ਲਿਆ ਜਾਂਦਾ ਹੈ ; ਸੰਬੰਧਕੀ ਜਾਂ ਸੰਬੋਧਨੀ ਰੂਪ ਨਹੀਂ।
2. ਪੰਜਾਬੀ ਵਿੱਚ ਆਦਰ-ਸੂਚਕ ਸ਼ਬਦ ਬਹੁਵਚਨ-ਰੂਪ ਵਿੱਚ ਇੱਕਵਚਨ ਲਈ ਵਰਤੇ ਜਾਂਦੇ ਹਨ, ਜਿਵੇਂ; 'ਤੂੰ' ਲਈ 'ਤੁਸੀਂ' ਆਦਿ।
3. ਜਿਹੜੇ ਸ਼ਬਦ ਨਾਲ਼ ਆਦਰ ਵਜੋਂ 'ਜੀ' ਸ਼ਬਦ ਲੱਗਦਾ ਹੈ, ਉਸ ਨੂੰ ਬਹੁਵਚਨ ਮੰਨ ਕੇ ਉਸ ਅਨੁਸਾਰ ਹੀ ਵਾਕ ਵਿੱਚ ਵਿਸ਼ੇਸ਼ਣ, ਕਿਰਿਆ ਆਦਿ ਸ਼ਬਦ ਵਰਤੇ ਜਾਂਦੇ ਹਨ, ਜਿਵੇਂ :

   ਮਾਸਟਰ ਜੀ ਆ ਰਹੇ ਹਨ।

   ਸਰਦਾਰ ਜੀ, ਤੁਸੀਂ ਇੱਥੇ ਬੈਠੋ।
4. ਕਈਆਂ ਸ਼ਬਦਾਂ ਦਾ ਕੇਵਲ ਬਹੁਵਚਨ-ਰੂਪ ਹੀ ਮਿਲ਼ਦਾ ਹੈ, ਇੱਕਵਚਨ ਨਹੀਂ, ਜਿਵੇਂ : ਲੋਕ, ਨਾਨਕੇ ਆਦਿ।

## ਵਚਨ ਦਾ ਨਾਂਵ, ਵਿਸ਼ੇਸ਼ਣ ਅਤੇ ਕਿਰਿਆ ਉੱਤੇ ਪ੍ਰਭਾਵ

ਵਚਨ ਦੇ ਬਦਲਣ ਨਾਲ਼ ਵਾਕ ਵਿਚਲੇ ਨਾਂਵ, ਵਿਸ਼ੇਸ਼ਣ ਅਤੇ ਕਿਰਿਆ-ਸ਼ਬਦਾਂ ਦਾ ਰੂਪ ਬਦਲਦਾ ਹੈ। ਉਦਾਹਰਨ ਲਈ ਹੇਠ ਲਿਖੇ ਵਾਕ ਵੇਖੋ :

ਚਿੱਟਾ ਘੋੜਾ ਦੌੜਦਾ ਹੈ।

ਚਿੱਟੇ <u>ਘੋੜੇ</u> ਦੌੜਦੇ ਹਨ।

ਉੱਚੀ <u>ਇਮਾਰਤ</u> ਦੂਰੋਂ ਦਿਸਦੀ ਹੈ।

ਉੱਚੀਆਂ <u>ਇਮਾਰਤਾਂ</u> ਦੂਰੋਂ ਦਿਸਦੀਆਂ ਹਨ।

ਪਹਿਲੇ ਵਾਕ ਵਿੱਚ 'ਘੋੜਾ' ਨਾਂਵ ਇੱਕਵਚਨ ਹੈ। ਇਸ ਦੇ ਨਾਲ਼ 'ਚਿੱਟਾ' ਵਿਸ਼ੇਸ਼ਣ ਹੈ ਅਤੇ 'ਦੌੜਦਾ ਹੈ' ਕਿਰਿਆ ਹੈ। ਦੂਜੇ ਵਾਕ ਵਿੱਚ 'ਘੋੜਾ' ਦਾ ਬਹੁਵਚਨ 'ਘੋੜੇ' ਬਣਿਆ ਹੈ। ਇਸ ਤਬਦੀਲੀ ਨਾਲ਼ ਵਾਕ ਵਿੱਚ ਵਿਸ਼ੇਸ਼ਣ (ਚਿੱਟਾ ਤੋਂ ਚਿੱਟੇ) ਅਤੇ ਕਿਰਿਆ ('ਦੌੜਦਾ ਹੈ' ਤੋਂ 'ਦੌੜਦੇ ਹਨ') ਬਦਲੇ ਹਨ। ਇਸ ਪ੍ਰਕਾਰ ਹੀ ਤੀਜੇ ਅਤੇ ਚੌਥੇ ਵਾਕ ਵਿੱਚ ਵਚਨ ਬਦਲਣ ਨਾਲ਼ ਨਾਂਵ, ਵਿਸ਼ੇਸ਼ਣ, ਕਿਰਿਆ ਉੱਤੇ ਵੀ ਪ੍ਰਭਾਵ ਪਿਆ ਹੈ।

## ਅਭਿਆਸ

1. ਵਚਨ ਕਿਸ ਨੂੰ ਆਖਦੇ ਹਨ ?
2. ਪੰਜਾਬੀ ਵਿੱਚ ਵਚਨ ਕਿਹੜੇ-ਕਿਹੜੇ ਹਨ ? ਉਦਾਹਰਨਾਂ ਸਹਿਤ ਦੱਸੋ।
3. ਜਿਹੜੇ ਇੱਕਵਚਨ ਪੁਲਿੰਗ-ਸ਼ਬਦ ਦੇ ਅੰਤ ਵਿੱਚ ਕੰਨਾ (ਾ) ਹੋਵੇ, ਉਸ ਦਾ ਬਹੁਵਚਨ ਬਣਾਉਣ ਦਾ ਕੀ ਨਿਯਮ ਹੈ ? ਉਦਾਹਰਨ ਸਹਿਤ ਦੱਸੋ।
4. ਹੇਠ ਲਿਖੇ ਇੱਕਵਚਨ-ਸ਼ਬਦਾਂ ਦਾ ਬਹੁਵਚਨ-ਰੂਪ ਬਣਾਓ। ਨਿਯਮ ਵੀ ਦੱਸੋ :

   ਤੋਤੀ, ਕੁਰਸੀ, ਤਾਈ।
5. ਹੇਠ ਲਿਖੇ ਸ਼ਬਦਾਂ ਦਾ ਬਹੁਵਚਨ-ਰੂਪ ਲਿਖੋ :

   ਵਸਤੂ, ਦੁਰਘਟਨਾ, ਬਨੈਣ, ਸਿਰ, ਮੋਰ।
6. ਹੇਠ ਲਿਖੇ ਵਾਕ ਵਿੱਚ ਲਕੀਰੇ ਨਾਂਵ-ਸ਼ਬਦ ਦਾ ਵਚਨ ਬਦਲ ਕੇ ਹੋਰ ਲੁੜੀਂਦੀਆਂ ਤਬਦੀਲੀਆਂ ਸਮੇਤ ਵਾਕ ਨੂੰ ਮੁੜ ਲਿਖੋ :

   ਚਿੱਟੀ <u>ਘੋੜੀ</u> ਦੌੜਦੀ ਹੈ।

* * *

# ਕਾਰਕ

ਕਾਰਕ ਦੇ ਦ੍ਰਿਸ਼ਟੀਕੋਣ ਤੋਂ ਵਾਕ ਦਾ ਕੇਂਦਰੀ ਧੁਰਾ ਕਿਰਿਆ ਹੈ। ਇਸ ਨਾਲ਼ ਹਰ ਨਾਂਵ-ਸ਼ਬਦ ਦਾ ਕੋਈ ਨਾ ਕੋਈ ਕਾਰਕੀ ਸੰਬੰਧ ਹੁੰਦਾ ਹੈ। ਇਸ ਨੂੰ ਅਸੀਂ ਇੰਞ ਵੀ ਕਹਿ ਸਕਦੇ ਹਾਂ ਕਿ ਵਾਕ ਵਿੱਚ ਨਾਂਵ ਜਾਂ ਪੜਨਾਂਵ ਦਾ ਕਿਰਿਆ ਨਾਲ਼ ਜੋ ਸੰਬੰਧ ਹੁੰਦਾ ਹੈ, ਉਸ ਨੂੰ ਕਾਰਕ ਕਿਹਾ ਜਾਂਦਾ ਹੈ।

ਵਾਕ ਵਿੱਚ ਕਾਰਕ ਦੀ ਬਣਤਰ ਨੂੰ ਸ਼ਬਦ-ਕ੍ਰਮ, ਸੰਬੰਧਕਾਂ ਜਾਂ ਮਾਤਰਾਵਾਂ (ਪਿਛੇਤਰ ਈਂ, ਓਂ ਆਦਿ) ਰਾਹੀਂ ਉਜਾਗਰ ਕੀਤਾ ਜਾਂਦਾ ਹੈ।

1. ਕਰਤਾ-ਕਾਰਕ 2. ਕਰਮ-ਕਾਰਕ 3. ਕਰਨ-ਕਾਰਕ 4. ਸੰਪਰਦਾਨ-ਕਾਰਕ
5. ਅਪਾਦਾਨ-ਕਾਰਕ 6. ਸੰਬੰਧ-ਕਾਰਕ 7. ਅਧਿਕਰਨ-ਕਾਰਕ 8. ਸੰਬੋਧਨ-ਕਾਰਕ।

ਅੱਗੇ ਇਹਨਾਂ ਦਾ ਸੰਖਿਪਤ ਵੇਰਵਾ ਦਿੱਤਾ ਜਾਂਦਾ ਹੈ :

**1. ਕਰਤਾ-ਕਾਰਕ :** ਪੰਜਾਬੀ ਭਾਸ਼ਾ ਦੀ ਵਾਕ-ਬਣਤਰ ਵਿੱਚ ਕਰਤਾ-ਕਾਰਕ ਕਿਰਿਆ ਨੂੰ ਕਰਨ ਵਾਲ਼ੇ ਦੇ ਭਾਵ ਨੂੰ ਉਜਾਗਰ ਕਰਦਾ ਹੈ। ਇਸ ਦਾ ਸਥਾਨ ਵਾਕ ਦੇ ਅਰੰਭ ਵਿੱਚ ਹੁੰਦਾ ਹੈ, ਜਿਵੇਂ : 'ਕਿਰਸਾਣ ਟ੍ਰੈੱਕਟਰ ਚਲਾ ਰਿਹਾ ਹੈ', ਵਾਕ ਵਿੱਚ ਕਿਰਸਾਣ ਕਰਤਾ-ਕਾਰਕ ਵਿੱਚ ਹੈ ਕਿਉਂਕਿ ਉਹ ਟ੍ਰੈੱਕਟਰ ਚਲਾਉਣ ਦੀ ਕਿਰਿਆ ਕਰ ਰਿਹਾ ਹੈ।

ਕਈ ਵਾਰ ਕਰਤਾ-ਕਾਰਕ (ਨਾਂਵ-ਵਾਕਾਂਸ਼ ਵਿੱਚ) ਆਪਣੇ ਸਧਾਰਨ ਰੂਪ ਵਿੱਚ ਹੁੰਦਾ ਹੈ ਅਰਥਾਤ ਭਾਵੇਂ ਪ੍ਰਗਟ ਰੂਪ ਵਿੱਚ ਉਹ ਕੁਝ ਵੀ ਨਹੀਂ ਕਰ ਰਿਹਾ ਹੁੰਦਾ ਪਰ ਤਾਂ ਵੀ ਉਹ ਕਰਤਾ-ਕਾਰਕ ਵਿੱਚ ਹੁੰਦਾ ਹੈ, ਜਿਵੇਂ : 'ਕੁਲਜੀਤ ਬਿਮਾਰ ਹੈ।' ਇਸ ਵਾਕ ਵਿੱਚ ਕੁਲਜੀਤ ਭਾਵੇਂ ਕੁਝ ਨਹੀਂ ਕਰ ਰਿਹਾ ਪਰ ਬਿਮਾਰ ਹੋਣ ਦੀ ਕਿਰਿਆ ਦਾ ਕਰਤਾ 'ਕੁਲਜੀਤ' ਨੂੰ ਹੀ ਮੰਨਿਆ ਜਾਵੇਗਾ।

1. ਬੱਚੇ ਟੀ.ਵੀ. ਦੇਖ ਰਹੇ ਹਨ।
2. ਉਹ ਦੁੱਧ ਪੀ ਰਿਹਾ ਹੈ।
3. ਕੁੜੀ ਰੋਟੀ ਖਾ ਰਹੀ ਹੈ।
4. ਮੈਂ ਅੱਜ ਘਰ ਜਾ ਰਿਹਾ ਹਾਂ।

ਉਪਰੋਕਤ ਸਾਰੇ ਵਾਕਾਂ ਵਿੱਚ 'ਬੱਚੇ', 'ਉਹ', 'ਕੁੜੀ' ਅਤੇ 'ਮੈਂ' ਆਦਿ ਨਾਂਵ ਜਾਂ ਪੜਨਾਂਵ-ਸ਼ਬਦ (ਵਾਕਾਂਸ਼) ਕਰਤਾ-ਕਾਰਕ ਵਜੋਂ ਵਿਚਰ ਰਹੇ ਹਨ ਕਿਉਂਕਿ ਇਹ ਸਾਰੇ ਕਾਰਜੀ ਭੂਮਿਕਾ ਨਿਭਾ ਰਹੇ ਹਨ।

**ਨੋਟ :** ੳ. ਕਾਰਕਾਂ ਨਾਲ਼ ਆਉਣ ਵਾਲ਼ੇ ਸੰਬੰਧਕਾਂ ਨੂੰ ਕਾਰਕੀ-ਚਿੰਨ੍ਹ ਕਿਹਾ ਜਾਂਦਾ ਹੈ।
ਅ. ਕਰਤਾ-ਕਾਰਕ ਦਾ ਕਾਰਕੀ-ਚਿੰਨ੍ਹ 'ਨੇ' ਹੈ ਪਰ ਕਦੇ ਇਹ ਵਾਕ ਵਿੱਚ ਆ ਜਾਂਦਾ ਹੈ ਤੇ ਕਦੇ ਨਹੀਂ।

ਪਛਾਣ : ਕਰਤਾ-ਕਾਰਕ ਦਾ ਪਤਾ ਲਾਉਣ ਲਈ ਸਾਨੂੰ ਕਿਰਿਆ ਉੱਤੇ 'ਕੌਣ' ਜਾਂ 'ਕਿਸ ਨੇ' ਲਾ ਕੇ ਸਵਾਲ ਕਰਨਾ ਪਏਗਾ। ਇਸ ਤਰ੍ਹਾਂ ਜੋ ਜਵਾਬ ਆਏਗਾ, ਉਹ ਕਰਤਾ-ਕਾਰਕ ਹੋਏਗਾ।

**2. ਕਰਮ-ਕਾਰਕ :** ਜਿਸ ਨਾਂਵ ਉੱਤੇ ਕਿਰਿਆ ਵਾਪਰੇ ਅਥਵਾ ਜਿਸ ਉੱਤੇ ਕਿਰਿਆ ਦਾ ਪ੍ਰਭਾਵ ਪਵੇ, ਉਸ ਨਾਂਵ ਦਾ ਕਾਰਕ 'ਕਰਮ' ਮੰਨਿਆ ਜਾਂਦਾ ਹੈ ਅਰਥਾਤ ਉਸ ਨੂੰ ਕਰਮ-ਕਾਰਕ ਕਹਿੰਦੇ ਹਨ। ਪੰਜਾਬੀ ਭਾਸ਼ਾ ਦੀ ਵਾਕ-ਬਣਤਰ ਵਿੱਚ ਕਰਮ ਦਾ ਸਥਾਨ ਕਰਤਾ ਤੋਂ ਬਾਅਦ ਆਉਂਦਾ ਹੈ।

1. ਬੱਚੇ ਨੇ ਕਿਤਾਬ ਪੜ੍ਹੀ।
2. ਕੁੜੀਆਂ ਨੇ ਗਿੱਧਾ ਪਾਇਆ।
3. ਮਾਂ ਨੇ ਪੁੱਤ ਨੂੰ ਰੋਟੀ ਖੁਆਈ।

ਉਪਰੋਕਤ ਵਾਕਾਂ ਵਿੱਚ ਨਾਂਵ-ਸ਼ਬਦ ਕਿਤਾਬ, ਗਿੱਧਾ, ਪੁੱਤ ਤੇ ਰੋਟੀ ਆਦਿ ਕਰਮ-ਕਾਰਕ ਵਿੱਚ ਆਉਂਦੇ ਹਨ ਕਿਉਂਕਿ ਕਿਰਿਆ ਦਾ ਪ੍ਰਭਾਵ ਇਹਨਾਂ ਉੱਤੇ ਪੈਂਦਾ ਹੈ। ਕਰਮ-ਕਾਰਕ ਦੀ ਪਛਾਣ ਦਾ ਆਧਾਰ 'ਨੂੰ' ਸੰਬੰਧਕ ਹੈ। ਇਸ ਤੋਂ ਇਲਾਵਾ ਜੇਕਰ ਵਾਕ ਦਾ ਕਰਤਾ 'ਨੇ' ਸੰਬੰਧਕ ਦੇ ਪ੍ਰਭਾਵ ਹੇਠ ਹੋਵੇ ਤਾਂ ਉਸ ਸਮੇਂ ਵੀ ਵਾਕ ਵਿੱਚ ਕਰਮ-ਕਾਰਕ ਹੀ ਕਾਰਜਸ਼ੀਲ ਹੁੰਦਾ ਹੈ ; ਜਿਵੇਂ : ਉਪਰੋਕਤ ਵਾਕਾਂ ਵਿੱਚ 'ਕਿਤਾਬ' ਅਤੇ 'ਗਿੱਧਾ'।

ਪਰ ਜੇਕਰ ਵਾਕ ਵਿੱਚ ਦੋ ਕਰਮ ਹੋਣ ਤਾਂ ਪ੍ਰਧਾਨ ਕਰਮ, ਕਿਰਿਆ ਤੋਂ ਪਹਿਲਾਂ ਅਤੇ ਅਪ੍ਰਧਾਨ ਕਰਮ ਕਰਤਾ ਤੋਂ ਪਿੱਛੋਂ ਆਉਂਦਾ ਹੈ। ਇਸ ਦੀ ਉਦਾਹਰਨ ਤੀਜੇ ਵਾਕ ਵਿੱਚ 'ਪੁੱਤ' ਤੇ 'ਰੋਟੀ' ਹੈ।

ਕਈ ਵਾਕਾਂ ਵਿੱਚ ਕਰਮ ਸੰਬੰਧਕ ਤੋਂ ਬਿਨਾਂ ਵੀ ਆਉਂਦਾ ਹੈ। ਉਦਾਹਰਨ ਵਜੋਂ:'ਮੁੰਡੇ ਹਾਕੀ ਖੇਡਦੇ ਹਨ' ਅਤੇ 'ਉਹ ਅਖ਼ਬਾਰ ਪੜ੍ਹ ਰਿਹਾ ਸੀ', ਵਾਕਾਂ ਵਿੱਚ ਕਰਮ-ਕਾਰਕ ਦੇ ਨਾਂਵਾਂ 'ਹਾਕੀ' ਅਤੇ 'ਅਖ਼ਬਾਰ' ਦੇ ਪਿੱਛੋਂ ਕੋਈ ਸੰਬੰਧਕ ਨਹੀਂ ਆਇਆ। ਪਰ ਕਰਮ-ਕਾਰਕ ਦੇ ਪੜਨਾਂਵ ਨਾਲ਼ ਸੰਬੰਧਕ ਜ਼ਰੂਰ ਆਉਂਦਾ ਹੈ। ਨਤੀਜੇ ਵਜੋਂ ਪੜਨਾਂਵਾਂ ਦੇ ਰੂਪ ਇਸ ਪ੍ਰਕਾਰ ਹੁੰਦੇ ਹਨ :

| ਪੜਨਾਂਵ | ਇੱਕਵਚਨ | ਬਹੁਵਚਨ |
|---|---|---|
| **ਪਹਿਲਾ ਪੁਰਖ** | ਮੈਨੂੰ | ਸਾਨੂੰ |
| **ਦੂਜਾ ਪੁਰਖ** | ਤੈਨੂੰ | ਤੁਹਾਨੂੰ |
| **ਤੀਜਾ ਪੁਰਖ** | ਉਹਨੂੰ | ਉਹਨਾਂ ਜਾਂ ਉਹਨਾਂ ਨੂੰ |

**3. ਕਰਨ-ਕਾਰਕ :** ਵਾਕ-ਪੱਧਰ ਉੱਤੇ ਕਰਨ-ਕਾਰਕ ਕਿਸੇ ਕਾਰਜ ਦੇ ਹੋਣ ਦੇ ਸਾਧਨ ਜਾਂ ਢੰਗ ਨੂੰ ਉਜਾਗਰ ਕਰਦਾ ਹੈ। ਇਸ ਕਾਰਕ ਦੇ ਵਾਕਾਤਮਿਕ ਸੰਬੰਧਾਂ ਦੇ ਕਾਰਜ ਨੂੰ ਜਾਂ ਤਾਂ ਕੁਝ ਨਾਂਵਾਂ ਨਾਲ਼ ਮਾਤਰਾਵਾਂ/ਪਿਛੇਤਰ ਈਂ/ਓਂ ਆਦਿ ਲਾ ਕੇ ਜਾਂ ਫਿਰ ਨਾਲ਼, ਦੁਆਰਾ, ਰਾਹੀਂ, ਥੋਂ ਆਦਿ ਸੰਬੰਧਕਾਂ ਦੀ ਵਰਤੋਂ ਰਾਹੀਂ ਸਾਕਾਰ ਕੀਤਾ ਜਾਂਦਾ ਹੈ।

1. ਉਹ ਕਾਰ ਰਾਹੀਂ ਦਿੱਲੀ ਗਿਆ।
2. ਉਸ ਨੇ ਚਾਕੂ ਨਾਲ਼ ਸੇਬ ਚੀਰਿਆ।
3. ਪੰਜਾਬੀ ਦੇ ਬਹੁਤ ਸਾਰੇ ਲੇਖਕਾਂ ਨੇ 1947 ਦੀ ਵੰਡ ਦਾ ਦੁਖਾਂਤ ਆਪਣੇ ਅੱਖੀਂ ਦੇਖਿਆ ਹੈ।

ਕਰਨ-ਕਾਰਕ ਵਿੱਚ ਵੱਖ-ਵੱਖ ਪੜਨਾਂਵਾਂ ਦੇ ਰੂਪ ਇੰਞ ਹੁੰਦੇ ਹਨ :

| ਪੜਨਾਂਵ | ਇੱਕਵਚਨ | ਬਹੁਵਚਨ |
|---|---|---|
| **ਪਹਿਲਾ ਪੁਰਖ** | ਮੈਥੋਂ, ਮੇਰੇ ਰਾਹੀਂ, ਮੇਰੇ ਦੁਆਰਾ | ਸਾਥੋਂ, ਸਾਡੇ ਰਾਹੀਂ, ਸਾਡੇ ਦੁਆਰਾ |
| **ਦੂਜਾ ਪੁਰਖ** | ਤੈਥੋਂ, ਤੇਰੇ ਰਾਹੀਂ, ਤੇਰੇ ਦੁਆਰਾ | ਤੁਹਾਥੋਂ, ਤੁਹਾਡੇ ਰਾਹੀਂ, ਤੁਹਾਡੇ ਦੁਆਰਾ |
| **ਤੀਜਾ ਪੁਰਖ** | ਉਹਥੋਂ (ਤੋਂ), ਉਹਦੇ ਰਾਹੀਂ, ਉਹਦੇ ਦੁਆਰਾ | ਉਹਨਾਂ ਤੋਂ, ਉਹਨਾਂ ਰਾਹੀਂ, ਉਹਨਾਂ ਦੁਆਰਾ |

4. ਸੰਪਰਦਾਨ ਕਾਰਕ : ਸੰਪਰਦਾਨ ਸ਼ਬਦ ਦਾ ਅਰਥ ਹੈ ਕਿਸੇ ਨੂੰ ਕੁਝ ਦੇਣਾ ਜਾਂ ਭੇਟ ਕਰਨਾ ਅਰਥਾਤ ਵਾਕ ਦਾ ਕਰਤਾ ਜਿਸ ਨਾਂਵ ਜਾਂ ਪੜਨਾਂਵ ਲਈ ਕੋਈ ਕੰਮ ਕਰਦਾ ਹੈ, ਉਸ ਨੂੰ ਸੰਪਰਦਾਨ ਕਾਰਕ ਕਹਿੰਦੇ ਹਨ।

1. ਮੈਂ ਤੁਹਾਡੇ ਲਈ ਮਿਠਿਆਈ ਲਿਆਇਆ ਹਾਂ।
2. ਉਹ ਬਗ਼ੀਚੇ ਨੂੰ ਪਾਣੀ ਦੇ ਰਿਹਾ ਸੀ।
3. ਕਰਤਾਰ ਸਿੰਘ ਸਰਾਭੇ ਨੇ ਦੇਸ ਦੀ ਖ਼ਾਤਰ ਜਾਨ ਵਾਰ ਦਿੱਤੀ।
4. ਤੁਸੀਂ ਸਾਡੇ ਲਈ ਕੁਝ ਨਹੀਂ ਕੀਤਾ।
5. ਹੈੱਡਮਾਸਟਰ ਦਰਸ਼ਨ ਸਿੰਘ ਨੇ ਸਕੂਲ ਵਾਸਤੇ ਦਿਨ-ਰਾਤ ਇੱਕ ਕਰ ਦਿੱਤਾ।

ਉਪਰੋਕਤ ਵਾਕਾਂ ਵਿੱਚ; ਤੁਹਾਡੇ ਲਈ, ਬਗ਼ੀਚੇ ਨੂੰ, ਦੇਸ ਦੀ ਖ਼ਾਤਰ, ਸਾਡੇ ਲਈ, ਸਕੂਲ ਵਾਸਤੇ ਆਦਿ ਸ਼ਬਦ ਸੰਪਰਦਾਨ-ਕਾਰਕ ਵਜੋਂ ਵਿਚਰ ਰਹੇ ਹਨ।

ਸੰਪਰਦਾਨ-ਕਾਰਕ ਦੇ ਪੜਨਾਂਵੀਂ ਰੂਪ ਅੱਗੇ ਲਿਖੇ ਅਨੁਸਾਰ ਬਣਦੇ ਹਨ :

| ਪੜਨਾਂਵ | ਇੱਕਵਚਨ | ਬਹੁਵਚਨ |
|---|---|---|
| **ਪਹਿਲਾ ਪੁਰਖ** | ਮੈਨੂੰ, ਮੇਰੇ ਲਈ,<br>ਮੇਰੇ ਵਾਸਤੇ, ਮੇਰੇ ਹਿਤ | ਸਾਨੂੰ, ਸਾਡੇ ਲਈ,<br>ਸਾਡੇ ਵਾਸਤੇ, ਸਾਡੇ ਹਿਤ |
| **ਦੂਜਾ ਪੁਰਖ** | ਤੈਨੂੰ, ਤੇਰੇ ਲਈ,<br>ਤੇਰੇ ਵਾਸਤੇ, ਤੇਰੇ ਹਿਤ | ਤੁਹਾਨੂੰ, ਤੁਹਾਡੇ ਲਈ,<br>ਤੁਹਾਡੇ ਵਾਸਤੇ, ਤੁਹਾਡੇ ਹਿਤ |
| **ਤੀਜਾ ਪੁਰਖ** | ਉਹਨੂੰ, ਉਹਦੇ ਲਈ,<br>ਉਹਦੇ ਵਾਸਤੇ, ਉਹਦੇ ਹਿਤ | ਉਹਨਾਂ ਨੂੰ, ਉਹਨਾਂ ਲਈ,<br>ਉਹਨਾਂ ਵਾਸਤੇ, ਉਹਨਾਂ ਹਿਤ |

5. ਅਪਾਦਾਨ-ਕਾਰਕ : ਅਪਾਦਾਨ ਕਾਰਕ ਕਿਸੇ ਵਿਚਾਰ ਜਾਂ ਕਾਰਜ, ਸਥਾਨ ਤੋਂ ਵਿਛੜਨ ਜਾਂ ਵੱਖ ਹੋਣ ਦੇ ਭਾਵ ਨੂੰ ਪ੍ਰਗਟ ਕਰਦਾ ਹੈ। ਜਿਸ ਵਿਅਕਤੀ ਜਾਂ ਵਸਤੂ ਤੋਂ ਕੋਈ ਚੀਜ਼ ਅਲੱਗ ਕੀਤੀ ਜਾਵੇ ਜਾਂ ਵੱਖਰੀ ਕੀਤੀ ਜਾਵੇ, ਉਸ ਨਾਂਵ ਜਾਂ ਪੜਨਾਂਵ ਨੂੰ ਅਪਾਦਾਨ-ਕਾਰਕ ਵਿੱਚ ਰੱਖਿਆ ਜਾਂਦਾ ਹੈ। ਇਸ ਕਾਰਕ ਦੇ ਪਛਾਣ-ਚਿੰਨ੍ਹ ਦੇ ਵਿਆਕਰਨਿਕ ਕਾਰਜ ਨੂੰ ਮਾਤਰਾਵਾਂ/ਪਿਛੇਤਰਾਂ -ਓਂ/ ਇਓਂ/ ਥੋਂ/ ਆਦਿ ਰਾਹੀਂ ਜਾਂ ਫਿਰ ਨਾਂਵਾਂ, ਪੜਨਾਂਵਾਂ, ਵਿਸ਼ੇਸ਼ਣਾਂ ਜਾਂ ਨਾਂਵਾਂ ਦੇ ਸੰਬੰਧਕੀ ਰੂਪਾਂ ਪਿੱਛੇ ਸੰਬੰਧਕ/ਤੋਂ/ ਦੀ ਵਰਤੋਂ ਕਰਕੇ ਉਜਾਗਰ ਕੀਤਾ ਜਾਂਦਾ ਹੈ।

1. ਉਹ ਛੱਪੜ ਵਿੱਚੋਂ ਬਾਹਰ ਨਿਕਲ਼ਿਆ।
2. ਮੈਂ ਪਟਿਆਲ਼ਿਓਂ ਕੱਲ੍ਹ ਹੀ ਆਇਆ ਹਾਂ।
3. ਸਾਡਾ ਘਰ ਸ਼ਹਿਰ ਤੋਂ ਦਸ ਕਿਲੋਮੀਟਰ ਦੂਰ ਹੈ।
4. ਉਹ ਇੱਥੋਂ ਹੁਣੇ ਗਿਆ ਹੈ।

ਉਪਰੋਕਤ ਵਾਕਾਂ ਵਿੱਚ ਛੱਪੜ ਵਿੱਚੋਂ, ਪਟਿਆਲ਼ਿਓਂ, ਸ਼ਹਿਰ ਤੋਂ, ਇੱਥੋਂ ਆਦਿ ਸ਼ਬਦ ਅਪਾਦਾਨ-ਕਾਰਕ ਵਜੋਂ ਕਾਰਜਸ਼ੀਲ ਹਨ। ਇਸ ਦੇ ਕਾਰਕ-ਚਿੰਨ੍ਹ; ਵਿੱਚੋਂ, ਤੋਂ, ਉੱਤੋਂ, ਹੇਠੋਂ, ਕੋਲ਼ੋਂ, ਲਾਗਿਓਂ ਆਦਿ ਹਨ।

ਅਪਾਦਾਨ-ਕਾਰਕ ਦੇ ਪੜਨਾਂਵੀਂ ਰੂਪ ਇਸ ਤਰ੍ਹਾਂ ਬਣਦੇ ਹਨ :

| ਪੜਨਾਂਵ | ਇੱਕਵਚਨ | ਬਹੁਵਚਨ |
|---|---|---|
| **ਪਹਿਲਾ ਪੁਰਖ** | ਮੈਥੋਂ, ਮੇਰੇ ਕੋਲ਼ੋਂ, ਮੇਰੇ ਲਾਗਿਓਂ,<br>ਮੇਰੇ ਉੱਤੋਂ, ਮੇਰੇ ਹੇਠੋਂ | ਸਾਥੋਂ, ਸਾਡੇ ਕੋਲ਼ੋਂ, ਸਾਡੇ ਲਾਗਿਓਂ,<br>ਸਾਡੇ ਉੱਤੋਂ, ਸਾਡੇ ਹੇਠੋਂ। |
| **ਦੂਜਾ ਪੁਰਖ** | ਤੈਥੋਂ, ਤੇਰੇ ਕੋਲ਼ੋਂ, ਤੇਰੇ ਲਾਗਿਓਂ,<br>ਤੇਰੇ ਉੱਤੋਂ, ਤੇਰੇ ਹੇਠੋਂ। | ਤੁਹਾਥੋਂ, ਤੁਹਾਡੇ ਕੋਲ਼ੋਂ, ਤੁਹਾਡੇ ਲਾਗਿਓਂ,<br>ਤੁਹਾਡੇ ਉੱਤੋਂ, ਤੁਹਾਡੇ ਹੇਠੋਂ। |
| **ਤੀਜਾ ਪੁਰਖ** | ਉਹਥੋਂ, ਉਹਦੇ ਕੋਲ਼ੋਂ, ਉਹਦੇ ਲਾਗਿਓਂ,<br>ਉਹਦੇ ਉੱਤੋਂ, ਉਹਦੇ ਹੇਠੋਂ। | ਉਹਨਾਂ ਤੋਂ, ਉਹਨਾਂ ਕੋਲ਼ੋਂ, ਉਹਨਾਂ<br>ਲਾਗਿਓਂ, ਉਹਨਾਂ ਦੇ ਉੱਤੋਂ, ਉਹਨਾਂ ਹੇਠੋਂ। |

6. ਸੰਬੰਧ-ਕਾਰਕ : ਜਿਸ ਨਾਂਵ ਜਾਂ ਪੜਨਾਂਵ ਦਾ ਕਿਸੇ ਹੋਰ ਨਾਂਵ ਜਾਂ ਪੜਨਾਂਵ ਨਾਲ਼ ਮਾਲਕੀ, ਕਬਜ਼ੇ ਜਾਂ ਅਧਿਕਾਰ ਵਾਲ਼ਾ ਸੰਬੰਧ ਹੋਵੇ, ਉਸ ਨਾਂਵ ਜਾਂ ਪੜਨਾਂਵ ਨੂੰ 'ਸੰਬੰਧ-ਕਾਰਕ' ਗਿਣਿਆ ਜਾਂਦਾ ਹੈ।

ਉਹ ਘਰ ਦੇ ਬੂਹੇ ਸਾਮ੍ਹਣੇ ਖੜ੍ਹਾ ਸੀ।

ਸਾਨੂੰ ਹੱਕ ਦੀ ਕਮਾਈ ਕਰਨੀ ਚਾਹੀਦੀ ਹੈ।

ਉਹ ਮੇਰੇ ਚਾਚੇ ਦਾ ਮੁੰਡਾ ਹੈ।

ਸੰਬੰਧ-ਕਾਰਕ ਦਾ ਸੂਚਕ 'ਦਾ' ਸੰਬੰਧਕ ਹੈ, ਜਿਸ ਦਾ ਰੂਪ ਪਿੱਛੋਂ ਆਉਣ ਵਾਲ਼ੇ ਨਾਂਵ ਦੇ ਲਿੰਗ, ਵਚਨ ਅਨੁਸਾਰ ਬਦਲਦਾ ਹੈ। ਇਸ ਦੇ ਹੋਰ ਰੂਪ ਹਨ : ਦੇ, ਦੀ, ਦੀਆਂ, ਦਿਆਂ।

ਪੜਨਾਂਵਾਂ ਨਾਲ਼ ਸੰਬੰਧ-ਕਾਰਕ ਦੇ ਵੱਖ-ਵੱਖ ਰੂਪਾਂ ਵਾਲ਼ੇ ਪਿਛੇਤਰ ਲੱਗਦੇ ਹਨ। ਵੇਰਵਾ ਇਸ ਪ੍ਰਕਾਰ ਹੈ :

| ਪੜਨਾਂਵ | ਇੱਕਵਚਨ | ਬਹੁਵਚਨ |
|---|---|---|
| **ਪਹਿਲਾ ਪੁਰਖ** | ਮੇਰਾ, ਮੇਰੇ, ਮੇਰੀ, | ਸਾਡਾ, ਸਾਡੇ, ਸਾਡੀ, |
| | ਮੇਰੀਆਂ, ਮੇਰਿਆਂ | ਸਾਡੀਆਂ, ਸਾਡਿਆਂ |
| **ਦੂਜਾ ਪੁਰਖ** | ਤੇਰਾ, ਤੇਰੇ, ਤੇਰੀ, | ਤੁਹਾਡਾ, ਤੁਹਾਡੇ, ਤੁਹਾਡੀ, |
| | ਤੇਰੀਆਂ, ਤੇਰਿਆਂ | ਤੁਹਾਡੀਆਂ, ਤੁਹਾਡਿਆਂ |
| **ਤੀਜਾ ਪੁਰਖ** | ਉਹਦਾ, ਉਹਦੇ, ਉਹਦੀ, | ਉਹਨਾਂ ਦਾ, ਉਹਨਾਂ ਦੇ, ਉਹਨਾਂ ਦੀ, |
| | ਉਹਦੀਆਂ, ਉਹਦਿਆਂ | ਉਹਨਾਂ ਦੀਆਂ, ਉਹਨਾਂ ਦਿਆਂ |

**ਨੋਟ** : 1. ਪੜਨਾਂਵ 'ਆਪ' ਨਾਲ਼ ਸੰਬੰਧ-ਕਾਰਕ ਦਾ ਪਿਛੇਤਰ 'ਣਾ' ਅਤੇ ਇਸ ਦੇ ਹੋਰ ਰੂਪ ਣੇ, ਣੀ, ਣੀਆਂ ਆਦਿ ਲੱਗਦੇ ਹਨ, ਜਿਵੇਂ : 'ਆਪਣਾ', 'ਆਪਣੇ', 'ਆਪਣੀ', 'ਆਪਣੀਆਂ', 'ਆਪਣਿਆਂ'।

2. ਪੜਨਾਂਵਾਂ ਨਾਲ਼ ਲੱਗੇ ਸੰਬੰਧ-ਕਾਰਕ ਦੇ ਪਿਛੇਤਰ ਦਾ ਰੂਪ ਲਿੰਗ ਅਤੇ ਵਚਨ ਅਨੁਸਾਰ ਬਦਲਦਾ ਹੈ।

7. ਅਧਿਕਰਨ-ਕਾਰਕ : ਅਧਿਕਰਨ ਸ਼ਬਦ ਦਾ ਅਰਥ ਹੈ-ਆਧਾਰ। ਜਿਸ ਜਗ੍ਹਾ, ਟਿਕਾਣੇ, ਵਸਤ ਆਦਿ ਦੇ ਉੱਤੇ, ਵਿੱਚ ਜਾਂ ਨੇੜੇ ਕੁਝ ਰੱਖਿਆ ਜਾਂ ਪਾਇਆ ਜਾਵੇ, ਉਸ ਨਾਂਵ ਨੂੰ ਅਧਿਕਰਨ-ਕਾਰਕ ਕਿਹਾ ਜਾਂਦਾ ਹੈ। ਇਹ ਕਾਰਕ ਜਾਂ ਤਾਂ ਪਿਛੇਤਰ/ਮਾਤਰਾਵਾਂ/ ਏ/ ਅਤੇ/ ਈ/ ਰਾਹੀਂ ਜਾਂ ਫਿਰ ਸਥਾਨ ਅਤੇ ਦਿਸ਼ਾ-ਸੂਚਕ ਸੰਬੰਧਕਾਂ ਵਿੱਚ, ਥੱਲੇ, ਹੇਠਾਂ, ਕੋਲ਼, ਪਾਸ, ਅੱਗੇ, ਅੰਦਰ, ਉੱਤੇ, ਸਾਮ੍ਹਣੇ, ਨੇੜੇ, ਬਾਹਰ ਆਦਿ ਦੀ ਵਰਤੋਂ ਰਾਹੀਂ ਸਾਕਾਰ ਕੀਤਾ ਜਾਂਦਾ ਹੈ।

(ੳ) ਨਹਿਰ ਦੇ ਦੋਂਹੀਂ ਪਾਸੀਂ ਛਾਂ ਵਾਲ਼ੇ ਦਰਖ਼ਤ ਹਨ।

(ਅ) ਉਹ ਥੱਲੇ ਚਲਾ ਗਿਆ।

(ੲ) ਉਹ ਆਪਣੇ ਘਰ ਦੇ ਅੰਦਰ ਬੈਠਾ ਸੀ।

(ਸ) ਕਿਤਾਬ ਮੇਜ਼ ਉੱਪਰ ਪਈ ਹੈ।

(ਹ) ਅੱਜ-ਕੱਲ੍ਹ ਦੇ ਨੌਜਵਾਨਾਂ ਉੱਤੇ ਮੋਬਾਈਲ ਫ਼ੋਨਾਂ ਦਾ ਬਹੁਤ ਮਾੜਾ ਅਸਰ ਪੈ ਰਿਹਾ ਹੈ।

ਅਧਿਕਰਨ-ਕਾਰਕ ਦੇ ਪੜਨਾਂਵੀਂ ਰੂਪ ਇਸ ਪ੍ਰਕਾਰ ਹਨ :

| ਪੜਨਾਂਵ | ਇੱਕਵਚਨ | ਬਹੁਵਚਨ |
|---|---|---|
| **ਪਹਿਲਾ ਪੁਰਖ** | ਮੇਰੇ ਉੱਤੇ, ਮੇਰੇ ਵਿੱਚ, | ਸਾਡੇ ਉੱਤੇ, ਸਾਡੇ ਵਿੱਚ, |
| | ਮੇਰੇ ਕੋਲ਼, ਮੇਰੇ ਲਾਗੇ | ਸਾਡੇ ਕੋਲ਼, ਸਾਡੇ ਲਾਗੇ |
| **ਦੂਜਾ ਪੁਰਖ** | ਤੇਰੇ ਉੱਤੇ, ਤੇਰੇ ਵਿੱਚ, | ਤੁਹਾਡੇ ਉੱਤੇ, ਤੁਹਾਡੇ ਵਿੱਚ, |
| | ਤੇਰੇ ਕੋਲ਼, ਤੇਰੇ ਲਾਗੇ | ਤੁਹਾਡੇ ਕੋਲ਼, ਤੁਹਾਡੇ ਲਾਗੇ |
| **ਤੀਜਾ ਪੁਰਖ** | ਉਹਦੇ ਉੱਤੇ, ਉਹਦੇ ਵਿੱਚ, | ਉਹਨਾਂ ਉੱਤੇ, ਉਹਨਾਂ ਵਿੱਚ, |
| | ਉਹਦੇ ਕੋਲ਼, ਉਹਦੇ ਲਾਗੇ | ਉਹਨਾਂ ਕੋਲ਼, ਉਹਨਾਂ ਲਾਗੇ |

8. ਸੰਬੋਧਨ-ਕਾਰਕ : ਨਾਂਵ ਦਾ ਜਿਹੜਾ ਰੂਪ ਕਿਸੇ ਨੂੰ ਸੰਬੋਧਨ ਕਰਨ ਲਈ ਵਰਤਿਆ ਜਾਵੇ, ਉਸ ਨੂੰ ਸੰਬੋਧਨ-ਕਾਰਕ ਵਿੱਚ ਰੱਖਿਆ ਜਾਂਦਾ ਹੈ, ਜਿਵੇਂ :

1. ਮੁੰਡਿਆ ! ਮੇਰੀ ਗੱਲ ਸੁਣ ਕੇ ਜਾ।

2. ਓਏ ਮੁੰਡਿਓ ! ਤੁਸੀਂ ਇੱਥੇ ਕੀ ਕਰਦੇ ਹੋ ?

3. ਕੁੜੀਓ ! ਇੱਥੇ ਬੈਠ ਕੇ ਰੌਲ਼ਾ ਨਾ ਪਾਓ।

ਪਹਿਲੇ ਵਾਕ ਵਿੱਚ 'ਮੁੰਡਿਆ' ਸੰਬੋਧਨ-ਕਾਰਕ ਵਿੱਚ ਹੈ। ਇਸ ਦਾ ਬਹੁਵਚਨ-ਰੂਪ 'ਮੁੰਡਿਓ' ਹੈ। 'ਕੁੜੀਏ', 'ਧੀਏ' ਇਸੇ ਕਾਰਕ ਦੇ ਇੱਕਵਚਨ ਇਸਤਰੀ-ਲਿੰਗ ਰੂਪ ਹਨ ਅਤੇ 'ਕੁੜੀਓ', 'ਧੀਓ' ਇਸੇ ਕਾਰਕ ਦੇ ਬਹੁਵਚਨ ਇਸਤਰੀ-ਲਿੰਗ ਰੂਪ ਹਨ।

ਵੇਖਿਆ ਜਾਵੇ ਤਾਂ ਪੁਲਿੰਗ-ਨਾਂਵਾਂ ਵਿੱਚ ਇੱਕਵਚਨ ਸੰਬੋਧਨੀ ਰੂਪ ਬਣਾਉਣ ਲਈ ਅੰਤਿਮ ਕੰਨਾ ਹਟਾ ਕੇ ਪਿਛੇਤਰ 'ਸਿਹਾਰੀ' ਅਤੇ 'ਆ' ਲਾਇਆ ਜਾਂਦਾ ਹੈ, ਜਿਵੇਂ : 'ਮੁੰਡਾ' ਤੋਂ 'ਮੁੰਡਿਆ'। ਇਸਤਰੀ-ਲਿੰਗ ਇੱਕਵਚਨ ਲਈ ਪਿਛੇਤਰ 'ਏ' ਲਾਇਆ ਜਾਂਦਾ ਹੈ, ਜਿਵੇਂ : 'ਕੁੜੀ' ਤੋਂ 'ਕੁੜੀਏ'। ਬਹੁਵਚਨ ਲਈ ਪੁਲਿੰਗ ਅਤੇ ਇਸਤਰੀ-ਲਿੰਗ ਦੋਹਾਂ ਹਾਲਤਾਂ ਵਿੱਚ ਪਿਛੇਤਰ 'ਓ' ਲਾਇਆ ਜਾਂਦਾ ਹੈ, ਜਿਵੇਂ : 'ਕੁੜੀਆਂ' ਤੋਂ 'ਕੁੜੀਓ' ਅਤੇ 'ਮੁੰਡਿਆਂ' ਤੋਂ 'ਮੁੰਡਿਓ'।

ਜਿਨ੍ਹਾਂ ਪੁਲਿੰਗ-ਨਾਂਵਾਂ ਦੇ ਅੰਤ ਵਿੱਚ ਮੁਕਤਾ ਅੱਖਰ ਹੋਵੇ ਜਾਂ ਕੰਨੇ ਤੋਂ ਬਿਨਾਂ ਕੋਈ ਹੋਰ ਲਗ ਹੋਵੇ, ਉਹਨਾਂ ਦਾ ਇੱਕਵਚਨ ਸੰਬੋਧਨ-ਕਾਰਕ ਦਾ ਰੂਪ 'ਕੰਨਾ' ( ਾ ) ਲਾ ਕੇ ਬਣਦਾ ਹੈ, ਜਿਵੇਂ : 'ਸੱਜਣ' ਤੋਂ 'ਸੱਜਣਾ' ਅਤੇ 'ਭਗਤ' ਤੋਂ 'ਭਗਤਾ'। ਇਸ ਸ਼੍ਰੇਣੀ ਦੇ ਪੁਲਿੰਗ-ਨਾਂਵਾਂ ਦਾ ਬਹੁਵਚਨ ਸੰਬੋਧਨੀ ਰੂਪ 'ਓ' ਲਾ ਕੇ ਬਣਦਾ ਹੈ, ਜਿਵੇਂ : 'ਸੱਜਣੋ', 'ਭਗਤੋ'।

ਕਈ ਥਾਂਈਂ ਕੰਨਾ-ਅੰਤਿਕ ਇੱਕਵਚਨ-ਪੁਲਿੰਗ ਦਾ ਸੰਬੋਧਨੀ ਰੂਪ 'ਵਾ' ਲਾ ਕੇ ਬਣਦਾ ਹੈ, ਜਿਵੇਂ : 'ਭਰਾ' ਤੋਂ 'ਭਰਾਵਾ'। ਇਸ ਦਾ ਬਹੁਵਚਨ ਸੰਬੋਧਨੀ ਰੂਪ 'ਵੋ' ਲਾ ਕੇ ਬਣਦਾ ਹੈ, ਜਿਵੇਂ : 'ਭਰਾ' ਤੋਂ 'ਭਰਾਵੋ'।

ਸੰਬੋਧਨ-ਕਾਰਕ ਦੇ ਰੂਪ ਆਮ ਤੌਰ 'ਤੇ ਉਹਨਾਂ ਨਾਂਵਾਂ ਦੇ ਹੀ ਬਣਦੇ ਹਨ ਜਿਹੜੇ ਮਨੁੱਖਾਂ ਲਈ ਵਰਤੇ ਜਾਂਦੇ ਹਨ, ਪਰ ਕਈ ਵਾਰੀ ਪਸ਼ੂਆਂ ਲਈ ਵੀ ਸੰਬੋਧਨੀ ਰੂਪ ਵਰਤੇ ਜਾਂਦੇ ਹਨ, ਜਿਵੇਂ : 'ਬੱਲੇ ਘੋੜਿਆ ! ਕਮਾਲ ਦੀ ਦੌੜ ਲਾਈ ਹੈ ਤੂੰ', 'ਮਰ ਜਾਏਂ ਬਿੱਲੀਏ! ਤੂੰ ਸਾਰਾ ਦੁੱਧ ਪੀ ਗਈ।'

ਕਈ ਵਾਰ ਕਵਿਤਾ ਵਿੱਚ ਜਾਂ ਸਧਾਰਨ ਬੋਲ-ਚਾਲ ਵਿੱਚ ਵੀ ਬੇਜਾਨ ਵਸਤਾਂ ਲਈ ਸੰਬੋਧਨ-ਕਾਰਕ ਵਾਲ਼ੇ ਨਾਂਵ ਵਰਤੇ ਜਾਂਦੇ ਹਨ, ਜਿਵੇਂ : 'ਵਾਹ ਨੀ! ਕਿਸਮਤੇ!' 'ਹਾਏ ਵੇ! ਮੇਰਿਓ ਗੋਡਿਓ!' ਵਿੱਚ 'ਕਿਸਮਤੇ' ਅਤੇ 'ਗੋਡਿਓ' ਸੰਬੋਧਨ-ਕਾਰਕ ਦੇ ਰੂਪ ਹਨ।

ਪੜਨਾਂਵਾਂ ਦੇ ਸੰਬੋਧਨੀ ਰੂਪ ਨਹੀਂ ਬਣਦੇ।

### ਕਾਰਕੀ ਚਿੰਨ੍ਹ—ਸੰਬੰਧਕ ਅਤੇ ਕਾਰਕੀ ਪਿਛੇਤਰ

ਭਾਸ਼ਾ ਦੇ ਜਿਹੜੇ ਚਿੰਨ੍ਹਾਂ ਰਾਹੀਂ ਕਾਰਕੀ ਸੰਬੰਧ ਦਰਸਾਏ ਜਾਂਦੇ ਹਨ, ਉਹਨਾਂ ਨੂੰ ਕਾਰਕੀ ਚਿੰਨ੍ਹ ਕਿਹਾ ਜਾਂਦਾ ਹੈ। ਇਹ ਦੋ ਪ੍ਰਕਾਰ ਦੇ ਹਨ—ਇੱਕ ਸੰਬੰਧਕ (ਨੇ, ਨੂੰ, ਦਾ, ਨਾਲ਼, ਤੋਂ) ਅਤੇ ਦੂਜੇ ਪਿਛੇਤਰ।

1. ਪਿਤਾ ਜੀ ਚੰਡੀਗੜ੍ਹੋਂ ਆਏ। (ਇੱਥੇ 'ਚੰਡੀਗੜ੍ਹੋਂ' ਦਾ ਪਿਛੇਤਰ 'ਓਂ' ਕਾਰਕੀ ਪਿਛੇਤਰ ਹੈ।

2. ਪਿਤਾ ਜੀ ਚੰਡੀਗੜ੍ਹ ਤੋਂ ਆਏ (ਇੱਥੇ ਕਾਰਕੀ ਚਿੰਨ੍ਹ 'ਤੋਂ' ਸੰਬੰਧਕ ਹੈ)।

ਕੁਝ ਹੋਰ ਉਦਾਹਰਨਾਂ ਦੇਖੀਆਂ ਜਾਣ :

1. ਹੱਥੀਂ ਕੰਮ ਕੀਤਾ (ਇੱਥੇ ਹੱਥੀਂ ਦਾ ਪਿਛੇਤਰ 'ਈਂ' ਕਰਨ-ਕਾਰਕ ਦਾ ਕਾਰਕੀ ਪਿਛੇਤਰ ਹੈ)।

2. ਹੱਥਾਂ ਨਾਲ਼ ਕੰਮ ਕੀਤਾ (ਇੱਥੇ 'ਨਾਲ਼' ਕਰਨ-ਕਾਰਕ ਦਾ ਸੰਬੰਧਕ ਹੈ)।

1. ਕੰਨੀਂ ਵਾਲ਼ੀਆਂ ਪਾਈਆਂ (ਇੱਥੇ 'ਕੰਨੀਂ' ਦਾ ਪਿਛੇਤਰ 'ਈਂ' ਅਧਿਕਰਨ-ਕਾਰਕ ਦਾ ਸੰਬੰਧਕ ਹੈ)।

2. ਕੰਨਾਂ ਵਿੱਚ ਵਾਲ਼ੀਆਂ ਪਾਈਆਂ (ਇੱਥੇ 'ਵਿੱਚ' ਅਧਿਕਰਨ-ਕਾਰਕ ਦਾ ਸੰਬੰਧਕ ਹੈ)।

1. ਉਹ 'ਗੱਡੀਓਂ' ਉੱਤਰਿਆ (ਇੱਥੇ 'ਗੱਡੀਓਂ' ਦਾ 'ਓਂ' ਅਪਾਦਾਨ-ਕਾਰਕ ਦਾ ਕਾਰਕੀ ਪਿਛੇਤਰ ਹੈ)।

2. ਉਹ ਗੱਡੀ ਤੋਂ ਉੱਤਰਿਆ (ਇੱਥੇ 'ਤੋਂ' ਅਪਾਦਾਨ-ਕਾਰਕ ਦਾ ਸੰਬੰਧਕ ਹੈ)।

## ਕਾਰਕ-ਸਾਧਨਾ

ਵੱਖ-ਵੱਖ ਕਾਰਕਾਂ ਨੂੰ ਉਹਨਾਂ ਨਾਲ਼ ਲੱਗਦੇ ਚਿੰਨ੍ਹਾਂ ਸਮੇਤ ਇੱਕ ਥਾਂ ਦਰਸਾਉਣ ਨੂੰ ਕਾਰਕ-ਸਾਧਨਾ ਕਿਹਾ ਜਾਂਦਾ ਹੈ। ਅੱਗੇ 'ਮੁੰਡਾ' ਸ਼ਬਦ ਲੈ ਕੇ ਕਾਰਕ-ਸਾਧਨਾ ਦਰਸਾਈ ਗਈ ਹੈ :

| ਕਾਰਕ | ਇੱਕਵਚਨ | ਕਾਰਕ-ਚਿੰਨ੍ਹ | ਬਹੁਵਚਨ | ਕਾਰਕ-ਚਿੰਨ੍ਹ |
|---|---|---|---|---|
| **ਕਰਤਾ-ਕਾਰਕ** | ਮੁੰਡਾ | .......... | ਮੁੰਡੇ | ........ |
| **ਕਰਮ-ਕਾਰਕ** | ਮੁੰਡੇ | ਨੂੰ | ਮੁੰਡਿਆਂ | ਨੂੰ |
| **ਕਰਨ-ਕਾਰਕ** | ਮੁੰਡੇ | ਨਾਲ਼, ਦੁਆਰਾ, ਤੋਂ, ਰਾਹੀਂ, ਥੋਂ | ਮੁੰਡਿਆਂ | ਨਾਲ਼, ਦੁਆਰਾ, ਤੋਂ, ਰਾਹੀਂ, ਥੋਂ |
| **ਸੰਪਰਦਾਨ-ਕਾਰਕ** | ਮੁੰਡੇ | ਨੂੰ, ਲਈ, ਵਾਸਤੇ, ਹਿਤ | ਮੁੰਡਿਆਂ | ਨੂੰ, ਲਈ, ਵਾਸਤੇ, ਹਿਤ |
| **ਅਪਾਦਾਨ-ਕਾਰਕ** | ਮੁੰਡੇ | ਉੱਤੋਂ, ਹੇਠੋਂ, ਲਾਗਿਓਂ, ਕੋਲ਼ੋਂ | ਮੁੰਡਿਆਂ | ਉੱਤੋਂ, ਹੇਠੋਂ, ਲਾਗਿਓਂ, ਕੋਲ਼ੋਂ |
| **ਸੰਬੰਧ-ਕਾਰਕ** | ਮੁੰਡੇ | ਦਾ,ਦੇ,ਦੀ, ਦੀਆਂ | ਮੁੰਡਿਆਂ | ਦਾ,ਦੇ,ਦੀ, ਦੀਆਂ |
| **ਅਧਿਕਰਨ-ਕਾਰਕ** | ਮੁੰਡੇ | ਉੱਤੇ, ਕੋਲ਼, ਲਾਗੇ | ਮੁੰਡਿਆਂ | ਉੱਤੇ,ਕੋਲ਼, ਲਾਗੇ |
| **ਸੰਬੋਧਨ-ਕਾਰਕ** | ਮੁੰਡਿਆ | ......... | ਮੁੰਡਿਓ | .............. |

## ਅਭਿਆਸ

1. ਕਾਰਕ ਕਿਸ ਨੂੰ ਆਖਦੇ ਹਨ ?
2. ਪੰਜਾਬੀ ਵਿੱਚ ਕਿਹੜੇ-ਕਿਹੜੇ ਕਾਰਕ ਹਨ ?
3. ਕਿਸੇ ਕਿਰਿਆ ਨੂੰ ਕਰਨ ਵਾਲ਼ਾ ਨਾਂਵ ਕਿਹੜਾ ਕਾਰਕ ਹੁੰਦਾ ਹੈ ?
4. ਹੇਠ ਲਿਖੇ ਵਾਕਾਂ ਵਿੱਚ ਗੂੜ੍ਹੇ ਲਿਖੇ ਨਾਂਵ ਜਾਂ ਪੜਨਾਂਵ-ਸ਼ਬਦ ਕਿਹੜੇ ਕਾਰਕ ਵਿੱਚ ਆਉਂਦੇ ਹਨ ?
   ੳ. ਬਲਜਿੰਦਰ **ਪੁਸਤਕ** ਪੜ੍ਹਦੀ ਹੈ।
   ਅ. ਬਾਬਾ ਜੀ ਨੇ **ਮੈਨੂੰ** ਅਸ਼ੀਰਵਾਦ ਦਿੱਤਾ।
   ੲ. **ਬੱਚਾ** ਦੁੱਧ ਪੀਂਦਾ ਹੈ।
5. ਹੇਠ ਲਿਖੇ ਵਾਕਾਂ ਵਿੱਚੋਂ ਕਰਨ-ਕਾਰਕ ਦੇ ਨਾਂਵ ਜਾਂ ਪੜਨਾਂਵ-ਸ਼ਬਦ ਚੁਣੋ :
   ੳ. ਉਹ ਕਾਰ ਰਾਹੀਂ ਘਰ ਪਹੁੰਚਿਆ।
   ਅ. ਮਨੀਟਰ ਨੇ ਚਾਕ ਨਾਲ਼ ਬੋਰਡ 'ਤੇ ਸਵਾਲ ਕੱਢਿਆ।
   ੲ. ਉਸ ਨੇ ਸਾਰਾ ਕੰਮ ਆਪਣੇ ਹੱਥੀਂ ਕੀਤਾ।
6. ਸੰਪਰਦਾਨ-ਕਾਰਕ ਕਿਸ ਨੂੰ ਆਖਦੇ ਹਨ ? ਇਸ ਕਾਰਕ ਦੀਆਂ ਦੋ ਉਦਾਹਰਨਾਂ ਦਿਓ।
7. ਅਪਾਦਾਨ-ਕਾਰਕ ਦੇ ਸੰਬੰਧਕ ਕਿਹੜੇ-ਕਿਹੜੇ ਹਨ ? ਕੋਈ ਦੋ ਵਾਕ ਬਣਾਓ ਜਿਨ੍ਹਾਂ ਵਿੱਚ ਅਪਾਦਾਨ-ਕਾਰਕ ਲੁੜੀਂਦੇ ਸੰਬੰਧਕਾਂ ਨਾਲ਼ ਆਏ ਹੋਣ।

8. 'ਦਾ' ਸੰਬੰਧਕ ਕਿਹੜੇ ਕਾਰਕ ਨਾਲ਼ ਆਉਂਦਾ ਹੈ ? ਇਸ ਸੰਬੰਧਕ ਦੇ ਹੋਰ ਰੂਪ ਵੀ ਦੱਸੋ।

9. ਦੋ ਵਾਕ ਬਣਾਓ ਜਿਨ੍ਹਾਂ ਵਿੱਚ ਅਧਿਕਰਨ-ਕਾਰਕ ਦੇ ਪਿਛੇਤਰਾਂ ਦੀਆਂ ਉਦਾਹਰਨਾਂ ਹੋਣ।

10. ਹੇਠ ਲਿਖੇ ਸ਼ਬਦਾਂ ਦੇ ਸੰਬੋਧਨੀ ਰੂਪ ਦੱਸੋ :
ਮੁੰਡਾ, ਮੁੰਡੇ, ਪੋਤਰਾ, ਪੋਤਰੇ, ਸਹੇਲੀ, ਭਤੀਜੀ, ਕੁੜੀ।

11. ਹੇਠ ਲਿਖੇ ਸ਼ਬਦਾਂ ਦੇ ਇੱਕਵਚਨ ਸੰਬੋਧਨੀ ਰੂਪ ਅਤੇ ਬਹੁਵਚਨ ਸੰਬੋਧਨੀ ਰੂਪ ਦੱਸੋ :
ਕਿਰਸਾਣ, ਵਿਦਿਆਰਥੀ, ਮਿੱਤਰ।

12. ਹੇਠ ਲਿਖੇ ਵਾਕ ਵਿੱਚ ਆਏ ਨਾਂਵ-ਸ਼ਬਦਾਂ ਦੇ ਕਾਰਕ ਦੱਸੋ :
ਵਿਦਿਆਰਥੀਓ! ਤੋਪਚੀ ਨੇ ਸੁਰੱਖਿਆ ਲਈ ਦੁਸ਼ਮਣ ਦੇ ਹਵਾਈ ਜਹਾਜ਼ ਨੂੰ ਗੋਲ਼ੇ ਨਾਲ਼ ਅਕਾਸ਼ ਤੋਂ ਧਰਤੀ ਉੱਤੇ ਫੁੰਡ ਸੁੱਟਿਆ।

13. (ੳ) ਕਾਰਕੀ ਚਿੰਨ੍ਹ ਕਿਸ ਨੂੰ ਆਖਦੇ ਹਨ ?
(ਅ) ਸੰਬੰਧਕ ਅਤੇ ਕਾਰਕੀ ਪਿਛੇਤਰ ਵਿੱਚ ਕੀ ਫ਼ਰਕ ਹੁੰਦਾ ਹੈ ? ਉਦਾਹਰਨਾਂ ਦੇ ਕੇ ਦੱਸੋ।

* * *

# ਪੜਨਾਂਵ

ਪੜਨਾਂਵ ਇੱਕ ਅਜਿਹੀ ਸ਼ਬਦ-ਸ਼੍ਰੇਣੀ ਹੈ ਜੋ ਪੰਜਾਬੀ ਭਾਸ਼ਾ ਦੀ ਵਾਕ-ਬਣਤਰ ਵਿੱਚ ਨਾਂਵ-ਸ਼ਬਦਾਂ ਦੀ ਥਾਂ ਉੱਤੇ ਵਰਤੀ ਜਾਂਦੀ ਹੈ। ਨਾਂਵ-ਸ਼ਬਦਾਂ ਦੀ ਵਾਰ-ਵਾਰ ਵਰਤੋਂ ਨਾਲ਼ ਭਾਸ਼ਾ ਦੀ ਰੋਚਕਤਾ ਕਾਇਮ ਨਹੀਂ ਰਹਿੰਦੀ। ਇੰਵ ਕਰਨ ਨਾਲ਼ ਭਾਸ਼ਾ ਅਕਾਊ ਲੱਗਣ ਲੱਗ ਪੈਂਦੀ ਹੈ। ਇਸ ਕਾਰਨ ਵੀ ਪੜਨਾਂਵ-ਸ਼ਬਦਾਂ ਦੀ ਵਰਤੋਂ ਸਹੀ ਜਾਪਦੀ ਹੈ। ਇਸ ਪ੍ਰਕਾਰ ਪੜਨਾਂਵ-ਸ਼ਬਦ ਨਾਂਵ-ਸ਼ਬਦ ਦੀ ਥਾਂ ਪੂਰ ਕੇ ਉਹੀ ਵਾਕਾਤਮਿਕ ਕਾਰਜ ਕਰਨ ਦੀ ਸਮਰੱਥਾ ਰੱਖਦਾ ਹੈ ਜੋ ਨਾਂਵ ਰੱਖਦਾ ਹੈ। ਵਰਤਮਾਨ ਪੰਜਾਬੀ ਭਾਸ਼ਾ ਵਿੱਚ ਪੜਨਾਂਵ-ਸ਼ਬਦਾਂ ਦਾ ਕੋਈ ਲਿੰਗ-ਭੇਦ ਨਹੀਂ ਰਿਹਾ ਪਰ ਇਹ ਬੋਲਣ ਵਾਲ਼ੇ ਦੇ ਲਿੰਗ ਅਨੁਸਾਰ ਕਿਰਿਆ ਉੱਤੇ ਨਿਸ਼ਚਿਤ ਕੀਤਾ ਗਿਆ ਹੁੰਦਾ ਹੈ। ਹੇਠ ਲਿਖੇ ਪੈਰੇ ਵਿੱਚ ਲਕੀਰੇ ਸ਼ਬਦ ਧਿਆਨ ਨਾਲ਼ ਪੜ੍ਹੋ :—

"ਬਲਰਾਜ ਸਾਹਨੀ ਚੱਪਾ ਸਦੀ ਤੱਕ ਫ਼ਿਲਮਾਂ 'ਚ ਕੰਮ ਕਰਦਾ ਰਿਹਾ। <u>ਉਹਨੇ</u> ਸੌ ਤੋਂ ਵੱਧ ਫ਼ਿਲਮਾਂ 'ਚ ਕੰਮ ਕੀਤਾ। ਇਹਦੇ ਬਾਵਜੂਦ <u>ਉਹ</u> ਫ਼ਿਲਮੀ ਸੰਸਾਰ ਤੋਂ ਬੇਗਾਨਾ ਰਿਹਾ। <u>ਉਹਦਾ</u> ਅੰਤਹਿਕਰਨ ਕਿਸੇ ਹੋਰ ਸੰਸਾਰ ਦੀ ਤਲਾਸ਼ ਵਿੱਚ ਸੀ—ਅਜਿਹਾ ਸੰਸਾਰ ਜਿਸ ਵਿੱਚ ਸੱਚ-ਸੁੱਚ ਹੋਵੇ, ਜਿੱਥੇ ਕੋਈ ਛਲ਼ਾਵਿਆਂ ਦੇ ਆਸਰੇ ਨਾ ਜੀਵੇ। ਜਿੱਥੇ ਬਰਾਬਰੀ ਤੇ ਇਨਸਾਫ਼ ਹੋਵੇ। ਫ਼ਿਲਮ-ਸੰਸਾਰ ਇਸ ਦੇ ਬਿਲਕੁਲ ਉਲਟ ਸੀ ਤੇ <u>ਉਹ</u> ਇਹਦੀ ਤਹਿ ਵਿੱਚ ਰਹਿ ਕੇ ਏਨੀ ਦੇਰ ਸਮਾਂ ਗੁਜ਼ਾਰਦਾ ਰਿਹਾ। ਇਸ ਲਾਚਾਰੀ ਤੋਂ <u>ਉਹ</u> ਅਵਾਜ਼ਾਰ ਸੀ।"

ਉਪਰੋਕਤ ਪੈਰੇ ਵਿੱਚ ਸਾਰੇ ਲਕੀਰੇ ਸ਼ਬਦ ਪ੍ਰਸਿੱਧ ਫ਼ਿਲਮ-ਐਕਟਰ ਅਤੇ ਪੰਜਾਬੀ ਸਾਹਿਤਕਾਰ ਬਲਰਾਜ ਸਾਹਨੀ ਲਈ ਵਰਤੇ ਗਏ ਹਨ। ਜੇਕਰ ਇਹਨਾਂ ਲਕੀਰੇ ਸ਼ਬਦਾਂ ਦੀ ਥਾਂ ਵਾਰ-ਵਾਰ ਨਾਂਵ-ਸ਼ਬਦ 'ਬਲਰਾਜ ਸਾਹਨੀ' ਦੀ ਵਰਤੋਂ ਕੀਤੀ ਜਾਂਦੀ ਤਾਂ ਇਸ ਨਾਲ਼ ਲਿਖਤ ਵਿੱਚ ਰੋਚਕਤਾ ਨਹੀਂ ਸੀ ਰਹਿਣੀ ਤੇ ਅਕੇਵਾਂ ਪੈਦਾ ਹੋਣ ਦਾ ਡਰ ਸੀ। ਇਹਨਾਂ ਲਕੀਰੇ ਸ਼ਬਦਾਂ ਨੂੰ ਹੀ ਪੜਨਾਂਵ ਆਖਦੇ ਹਨ। ਸੋ ਉਹ ਸ਼ਬਦ ਜੋ ਨਾਂਵ-ਸ਼ਬਦਾਂ ਦੀ ਥਾਂ ਵਰਤੇ ਜਾਣ, ਪੜਨਾਂਵ ਕਹਾਉਂਦੇ ਹਨ।

ਅਰਥ ਦੇ ਪੱਖ ਤੋਂ ਪੜਨਾਂਵ-ਸ਼ਬਦ ਛੇ ਪ੍ਰਕਾਰ ਦੇ ਹੁੰਦੇ ਹਨ :

| | |
|---|---|
| **1. ਪੁਰਖਵਾਚਕ ਪੜਨਾਂਵ** | **(ਮੈਂ, ਅਸੀਂ, ਤੂੰ, ਤੁਸੀਂ, ਇਹ, ਉਹ, ਆਪ ਆਦਿ)** |
| **2. ਨਿੱਜਵਾਚਕ ਪੜਨਾਂਵ** | **(ਖੁਦ, ਆਪ, ਆਪਣਾ, ਆਪਸ ਆਦਿ)** |
| **3. ਨਿਸ਼ਚੇਵਾਚਕ ਪੜਨਾਂਵ** | **(ਇਹ, ਉਹ, ਅਹੁ, ਅਹਿ)** |
| **4. ਅਨਿਸ਼ਚੇਵਾਚਕ ਪੜਨਾਂਵ** | **(ਸਾਰੇ, ਵਿਰਲਾ, ਅਨੇਕ, ਬਹੁਤ, ਥੋੜ੍ਹਾ, ਕੋਈ ਆਦਿ)** |
| **5. ਸੰਬੰਧਵਾਚਕ ਪੜਨਾਂਵ** | **(ਜਿਹੜਾ, ਜੋ, ਸੋ ਆਦਿ)** |
| **6. ਪ੍ਰਸ਼ਨਵਾਚਕ ਪੜਨਾਂਵ** | **(ਕੌਣ, ਕਿਹੜਾ, ਕੀ, ਕੀਹਨੂੰ ਆਦਿ)** |

### 1. ਪੁਰਖਵਾਚਕ ਪੜਨਾਂਵ

ਆਪਸ ਵਿੱਚ ਗੱਲ-ਬਾਤ ਕਰਦੇ ਹੋਏ ਅਸੀਂ ਆਪਣਾ ਜਾਂ ਕਿਸੇ ਦੂਜੇ ਪੁਰਖ ਦਾ ਨਾਂ ਲੈਣ ਦੀ ਥਾਂ ਜਿਹੜੇ ਸ਼ਬਦ ਦੀ ਵਰਤੋਂ ਕਰਦੇ ਹਾਂ, ਉਸ ਨੂੰ ਪੁਰਖਵਾਚਕ ਪੜਨਾਂਵ ਕਹਿੰਦੇ ਹਨ, ਜਿਵੇਂ : ਮੈਂ, ਤੂੰ, ਉਹ ਆਦਿ। ਇਹ ਪੜਨਾਂਵ ਕੇਵਲ ਪੁਰਖਾਂ ਲਈ ਵਰਤੇ ਜਾਂਦੇ ਹਨ।

ਪੁਰਖਵਾਚਕ ਪੜਨਾਂਵ ਤਿੰਨ ਪ੍ਰਕਾਰ ਦੇ ਹੁੰਦੇ ਹਨ :

(ੳ) ਪਹਿਲਾ ਪੁਰਖ (ਅ) ਦੂਜਾ ਪੁਰਖ (ੲ) ਤੀਜਾ ਪੁਰਖ

**(ੳ) ਪਹਿਲਾ ਪੁਰਖ** : ਜੋ ਪੁਰਖ ਗੱਲ ਕਰਦਾ ਹੈ, ਉਸ ਨੂੰ ਪਹਿਲਾ ਪੁਰਖ ਕਿਹਾ ਜਾਂਦਾ ਹੈ। ਉਹ ਆਪਣਾ ਨਾਂ ਲੈਣ ਦੀ ਥਾਂ ਆਪਣੇ ਲਈ 'ਮੈਂ', 'ਅਸੀਂ', 'ਸਾਨੂੰ', 'ਸਾਡਾ' ਸ਼ਬਦਾਂ ਦੀ ਵਰਤੋਂ ਕਰਦਾ ਹੈ। ਇਹ ਸਾਰੇ ਸ਼ਬਦ

ਪਹਿਲੇ ਪੁਰਖ ਦੇ ਪੁਰਖਵਾਚਕ ਪੜਨਾਂਵ ਹਨ। 'ਮੈਂ', 'ਮੈਨੂੰ' ਪਹਿਲੇ ਪੁਰਖ ਦੇ ਇੱਕਵਚਨ ਰੂਪ ਹਨ। 'ਅਸੀਂ', 'ਸਾਡਾ', 'ਸਾਨੂੰ' ਆਦਿ ਬਹੁਵਚਨ ਰੂਪ ਹਨ। ਪਹਿਲੇ ਪੁਰਖ ਨੂੰ ਉੱਤਮ ਪੁਰਖ ਵੀ ਕਿਹਾ ਜਾਂਦਾ ਹੈ।

**(ਅ) ਦੂਜਾ ਪੁਰਖ** : ਜਿਸ ਨਾਲ਼ ਗੱਲ ਕੀਤੀ ਜਾਂਦੀ ਹੈ, ਉਸ ਨੂੰ ਦੂਜਾ ਪੁਰਖ ਕਿਹਾ ਜਾਂਦਾ ਹੈ। ਗੱਲ ਕਰਨ ਵਾਲ਼ਾ ਉਸ ਦਾ ਨਾਂ ਲੈਣ ਦੀ ਥਾਂ 'ਤੂੰ', 'ਤੁਹਾਨੂੰ', 'ਤੈਨੂੰ', 'ਤੁਸੀਂ', 'ਤੁਹਾਡਾ' ਸ਼ਬਦਾਂ ਦੀ ਵਰਤੋਂ ਕਰਦਾ ਹੈ। ਇਹ ਸ਼ਬਦ ਦੂਜੇ ਪੁਰਖ ਦੇ ਪੁਰਖਵਾਚਕ ਪੜਨਾਂਵ ਹਨ। 'ਤੂੰ, ਤੈਨੂੰ', 'ਤੇਰਾ' ਦੂਜੇ ਪੁਰਖ ਦੇ ਪੜਨਾਂਵ ਦੇ ਇੱਕਵਚਨ ਰੂਪ ਹਨ । 'ਤੁਸੀਂ', 'ਤੁਹਾਨੂੰ' 'ਤੁਹਾਡਾ' ਆਦਿ ਬਹੁਵਚਨ ਹਨ। ਕਈ ਵਾਰੀ ਵਾਰਤਾਲਾਪ ਵਿੱਚ 'ਤੂੰ' ਸ਼ਬਦ ਦੀ ਥਾਂ ਸਤਿਕਾਰ ਵਜੋਂ 'ਆਪ' ਜਾਂ 'ਤੁਸੀਂ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਪਰ 'ਆਪ' ਸ਼ਬਦ ਦੀ ਵਰਤੋਂ ਪੰਜਾਬੀ ਬੁਲਾਰੇ ਬਹੁਤ ਘੱਟ ਕਰਦੇ ਹਨ, ਜਿਵੇਂ :

(1) ਆਪ ਦੇ ਦਰਸ਼ਨ ਬੜੇ ਦੁਰਲੱਭ ਹੋ ਗਏ ਹਨ।

(2) ਆਪ ਅੱਜ-ਕੱਲ੍ਹ ਕੀ ਕਰਦੇ ਹੋ ?

ਦੂਜੇ ਪੁਰਖ ਨੂੰ ਮੱਧਮ ਪੁਰਖ ਵੀ ਕਿਹਾ ਜਾਂਦਾ ਹੈ।

**(ੲ) ਤੀਜਾ ਪੁਰਖ** : ਜਿਸ ਪੁਰਖ ਬਾਰੇ ਗੱਲ ਕੀਤੀ ਜਾਂਦੀ ਹੈ, ਉਸ ਨੂੰ ਤੀਜਾ ਪੁਰਖ ਕਿਹਾ ਜਾਂਦਾ ਹੈ। ਉਸ ਪੁਰਖ ਦਾ ਨਾਂ ਵਾਰ-ਵਾਰ ਲੈਣ ਦੀ ਥਾਂ 'ਉਹ', 'ਉਹਦਾ', 'ਉਹਦੀ', 'ਉਹਨਾਂ', 'ਇਹ', 'ਇਹਨਾਂ', 'ਇਹਦਾ', 'ਇਹਦੀ' ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਤੀਜੇ ਪੁਰਖ ਦੇ ਪੁਰਖਵਾਚਕ ਪੜਨਾਂਵ ਹਨ। 'ਇਹ' ਪੜਨਾਂਵ ਦੀ ਵਰਤੋਂ ਨਿਕਟ ਵਾਲ਼ੇ ਪੁਰਖ ਲਈ ਕੀਤੀ ਜਾਂਦੀ ਹੈ, 'ਉਹ' ਦੂਰ ਵਾਲ਼ੇ ਲਈ। ਪੰਜਾਬੀ ਵਿੱਚ ਇੱਕਵਚਨ ਅਤੇ ਬਹੁਵਚਨ ਦੋਹਾਂ ਲਈ 'ਇਹ' ਅਤੇ 'ਉਹ' ਵਰਤੇ ਜਾਂਦੇ ਹਨ ਪਰ ਕਈ ਵਾਰ ਬੁਲਾਰਾ ਬਹੁਵਚਨ ਰੂਪ 'ਇਹ' ਤੋਂ 'ਇਹਨਾਂ' ਤੇ 'ਉਹ' ਤੋਂ 'ਉਹਨਾਂ' ਬਣਾ ਲੈਂਦਾ ਹੈ, ਜਿਵੇਂ :

(1) ਉਹ ਆ ਗਿਆ ਹੈ। (ਇੱਕਵਚਨ)

(2) ਉਹ ਆ ਗਏ ਹਨ। (ਬਹੁਵਚਨ)

(3) ਇਹਨਾਂ ਦਾ ਮੇਰੇ ਕੰਮ ਵਿੱਚ ਬੋਲਣਾ ਠੀਕ ਨਹੀਂ।

(4) ਉਹਨਾਂ ਨੇ ਅੱਜ ਇੱਥੇ ਕੀ ਕਰਨ ਆਉਣਾ ਹੈ ?

ਤੀਜੇ ਪੁਰਖ ਨੂੰ ਅਨਯ ਪੁਰਖ ਵੀ ਕਿਹਾ ਜਾਂਦਾ ਹੈ।

### 2. ਨਿੱਜਵਾਚਕ ਪੜਨਾਂਵ

ਉਹ ਪੜਨਾਂਵ ਜੋ ਨਾਂਵ ਦੇ ਨਾਲ਼ ਆ ਕੇ ਉਸੇ ਨਾਂਵ ਦੀ ਨਿੱਜਤਾ ਨੂੰ ਪ੍ਰਗਟਾਵੇ, ਉਸ ਨੂੰ ਨਿੱਜਵਾਚਕ ਪੜਨਾਂਵ ਕਹਿੰਦੇ ਹਨ। ਪੰਜਾਬੀ ਭਾਸ਼ਾ ਵਿੱਚ ਸਿਰਫ਼ 'ਆਪ' ਨਿੱਜਵਾਚਕ ਪੜਨਾਂਵ ਹੈ ਪਰ ਇਸ ਤੋਂ ਹੀ ਆਪਣਾ, ਆਪਣੇ-ਆਪ, ਆਪਸ ਆਦਿ ਬਣਾ ਲਏ ਜਾਂਦੇ ਹਨ। 'ਖ਼ੁਦ' ਜਾਂ 'ਨਿੱਜੀ' ਆਦਿ ਸ਼ਬਦਾਂ ਨੂੰ ਵੀ ਨਿੱਜਵਾਚਕ ਪੜਨਾਂਵ ਵਜੋਂ ਵਰਤ ਲਿਆ ਜਾਂਦਾ ਹੈ।

(1) ਉਹ **ਆਪ** ਤੁਹਾਡੇ ਨਾਲ਼ ਗੱਲ ਕਰੇਗਾ।

(2) ਅੱਜ-ਕੱਲ੍ਹ ਦੇ ਨੌਜਵਾਨ ਨਸ਼ੇ ਕਰਕੇ **ਆਪਣੇ-ਆਪ** ਨੂੰ ਤਬਾਹ ਕਰ ਰਹੇ ਹਨ।

(3) ਉਹਨਾਂ ਨੇ **ਆਪਸ** ਵਿੱਚ ਸਮਝੌਤਾ ਕਰ ਲਿਆ ਹੈ।

ਇਹਨਾਂ ਵਾਕਾਂ ਵਿੱਚ ਗੂੜ੍ਹੇ ਸ਼ਬਦ ਨਿੱਜਵਾਚਕ ਪੜਨਾਂਵ ਹਨ।

**ਨੋਟ** : 'ਆਪ' ਸ਼ਬਦ ਨਿੱਜਵਾਚਕ ਪੜਨਾਂਵ ਵੀ ਹੋ ਸਕਦਾ ਹੈ ਅਤੇ ਪੁਰਖਵਾਚਕ ਪੜਨਾਂਵ ਵੀ। ਪਰ ਨਿੱਜਵਾਚਕ ਪੜਨਾਂਵ ਤਿੰਨਾਂ ਪੁਰਖਾਂ ਦੇ ਨਾਲ਼ ਵਰਤਿਆ ਜਾਂਦਾ ਹੈ, ਜਿਵੇਂ : ਮੈਂ ਆਪ, ਤੁਸੀਂ ਆਪ, ਉਹ ਆਪ ਆਦਿ।

### 3. ਨਿਸ਼ਚੇਵਾਚਕ ਪੜਨਾਂਵ

(ੳ) ਨਵੇਂ ਮੁੱਖ ਅਧਿਆਪਕ ਜੀ ਨੂੰ ਸਕੂਲ ਦੀ ਜਾਣਕਾਰੀ ਦਿੰਦੇ ਹੋਏ, ਸੈਕੰਡ ਮਾਸਟਰ ਜੀ ਦੱਸ ਰਹੇ ਸਨ, "**ਇਹ** ਸਕੂਲ ਦਾ ਦਫ਼ਤਰ ਹੈ। **ਅਹੁ** ਡ੍ਰਾਇੰਗ-ਰੂਮ ਹੈ। **ਉਹ** ਸਾਇੰਸ ਦੇ ਮਾਸਟਰ ਜੀ ਹਨ।

(ਅ) ਇੱਕ ਸਬਜ਼ੀ ਵੇਚਣ ਵਾਲ਼ਾ ਆਪਣੇ ਆਲ਼ੇ-ਦੁਆਲ਼ੇ ਰੱਖੀਆਂ ਸਬਜ਼ੀਆਂ ਦੇ ਭਾਅ ਗਾਹਕਾਂ ਨੂੰ ਦੱਸਦਾ ਹੈ। ਕਈ ਵਾਰ ਤਾਂ ਉਹ ਹਰ ਸਬਜ਼ੀ ਦਾ ਨਾਂ ਲੈ ਕੇ ਭਾਅ ਦੱਸਦਾ ਹੈ ਪਰ ਕਈ ਵਾਰ ਕਹਿੰਦਾ ਹੈ, "ਲਓ ਜੀ,

**ਇਹ** ਦੋ ਰੁਪਏ ਕਿੱਲੋ, **ਅਹੁ** ਸਵਾ ਰੁਪਈਆ ਕਿੱਲੋ। ਨਹੀਂ ਜੀ, **ਉਹ** ਤੁਹਾਡੇ ਖ਼ਰੀਦਣ ਦੀ ਨਹੀਂ, ਬਾਸੀ ਹੈ।"

ਉੱਪਰ ਦੱਸੀਆਂ ਦੋਂਹਾਂ ਉਦਾਹਰਨਾਂ ਵਿੱਚ ਗੂੜ੍ਹੇ ਲਿਖੇ ਸ਼ਬਦ 'ਇਹ', 'ਅਹੁ', 'ਉਹ' ਨਾਂਵ-ਸ਼ਬਦਾਂ ਦੀ ਥਾਂ ਵਰਤੇ ਗਏ ਹਨ ਇਸ ਲਈ ਪੜਨਾਂਵ ਹਨ। ਇਹਨਾਂ ਦੀ ਵਰਤੋਂ ਕਰਦਾ ਹੋਇਆ ਵਿਅਕਤੀ ਦੱਸੀ ਜਾਣ ਵਾਲ਼ੀ ਵਸਤੂ ਬਾਰੇ ਨਿਸ਼ਚਿਤ ਹੁੰਦਾ ਹੈ ਇਸ ਲਈ ਇਹ ਨਿਸ਼ਚੇਵਾਚਕ ਪੜਨਾਂਵ ਹਨ। ਇਸ ਅਨੁਸਾਰ ਕਿਸੇ ਦਿਸ ਰਹੇ ਵਿਅਕਤੀ, ਜੀਵ ਜਾਂ ਵਸਤੂ ਬਾਰੇ ਦੱਸਣ ਲਈ ਨਾਂਵ-ਸ਼ਬਦ ਦੀ ਥਾਂ ਵਰਤਿਆ ਜਾਣ ਵਾਲ਼ਾ ਸ਼ਬਦ ਨਿਸ਼ਚੇਵਾਚਕ ਪੜਨਾਂਵ ਹੁੰਦਾ ਹੈ।

**ਨੋਟ :** ਇਹ ਦੱਸਣਾ ਜ਼ਰੂਰੀ ਹੈ ਕਿ 'ਇਹ' ਜਾਂ 'ਉਹ' ਸ਼ਬਦ ਪ੍ਰਸੰਗ ਅਨੁਸਾਰ ਤੀਜੇ ਪੁਰਖ ਵਾਲ਼ਾ ਪੁਰਖਵਾਚਕ ਪੜਨਾਂਵ ਵੀ ਹੋ ਸਕਦਾ ਹੈ ਪਰ ਇਹ ਉਦੋਂ ਹੀ ਹੁੰਦਾ ਹੈ ਜਦੋਂ ਵਾਕ ਵਿੱਚ ਉਸ ਦੀ ਥਾਂ ਪਹਿਲਾਂ ਨਾਂਵ-ਸ਼ਬਦ ਦੀ ਵਰਤੋਂ ਹੋ ਚੁੱਕੀ ਹੋਵੇ, ਫਿਰ ਉਸ ਨਾਂਵ-ਸ਼ਬਦ ਦੀ ਥਾਂ 'ਇਹ' ਜਾਂ 'ਉਹ' ਸ਼ਬਦ ਵਰਤੇ ਗਏ ਹੋਣ। ਹੇਠਾਂ ਦਿੱਤੇ ਵਾਕਾਂ ਵਿੱਚ ਗੂੜ੍ਹੇ ਲਿਖੇ ਸ਼ਬਦ ਪੁਰਖਵਾਚਕ ਪੜਨਾਂਵ ਹਨ :

(ੳ) ਪਿਆਰੇ ਸ੍ਰੋਤਿਓ, ਮੇਰੇ ਨਾਲ਼ ਬੈਠੇ ਸੱਜਣ ਪ੍ਰੋ: ਦਵਿੰਦਰ ਸਿੰਘ ਹਨ। **ਇਹ** ਗੁਰਬਾਣੀ ਅਤੇ ਸੰਗੀਤ ਦੇ ਵਿਦਵਾਨ ਹਨ।

(ਅ) ਬੀਰਬਲ ਬਾਰੇ ਤੁਸੀਂ ਸੁਣਿਆ ਹੀ ਹੈ। **ਉਹ** ਬੜਾ ਹਾਜ਼ਰ-ਜਵਾਬ ਸੀ।

### 4. ਅਨਿਸ਼ਚੇਵਾਚਕ ਪੜਨਾਂਵ

ਨਾਂਵ-ਸ਼ਬਦ ਦੀ ਥਾਂ ਵਰਤੇ ਜਾਣ ਵਾਲ਼ੇ ਜਿਹੜੇ ਪੜਨਾਂਵ-ਸ਼ਬਦ ਤੋਂ ਕਿਸੇ ਵਿਅਕਤੀ, ਜੀਵ, ਵਸਤੂ, ਸਥਾਨ ਆਦਿ ਦਾ ਸਪਸ਼ਟ ਜਾਂ ਨਿਸ਼ਚਿਤ ਗਿਆਨ ਨਾ ਹੋਵੇ ਸਗੋਂ ਅਸਪਸ਼ਟ ਅਤੇ ਅਨਿਸ਼ਚਿਤ ਸੰਕੇਤ ਜਿਹਾ ਹੋਵੇ, ਉਸ ਨੂੰ ਅਨਿਸ਼ਚੇਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ : ਕਈ, ਕੁਝ, ਕੋਈ, ਹੋਰ, ਕੁਝ ਹੋਰ, ਅਨੇਕ (ਬਹੁਤੇ), ਵਿਰਲਾ, ਬਾਜ਼ੇ ਆਦਿ।

ਅਨਿਸ਼ਚੇਵਾਚਕ ਪੜਨਾਂਵ ਸ਼ਬਦਾਂ ਦੀਆਂ ਉਦਾਹਰਨਾਂ ਵਜੋਂ ਇਹਨਾਂ ਵਾਕਾਂ ਵਿੱਚ ਗੂੜ੍ਹੇ ਸ਼ਬਦ ਵੇਖੇ ਜਾਣ :

(1) **ਕਈ** ਪੜ੍ਹਾਈ ਵਿੱਚ ਵੀ ਓਨੀ ਹੀ ਦਿਲਚਸਪੀ ਰੱਖਦੇ ਹਨ, ਜਿੰਨੀ ਖੇਡਾਂ ਵਿੱਚ।

(2) ਵਿਗਿਆਨ ਦੀਆਂ ਕਾਢਾਂ ਨਾਲ਼ **ਅਨੇਕਾਂ** ਦਾ ਜੀਵਨ ਸੁਖਾਲ਼ਾ ਹੋਇਆ ਹੈ।

(3) ਗ਼ਰੀਬ ਨਾਲ਼ **ਵਿਰਲਾ** ਹੀ ਚੰਗਾ ਵਰਤਾਅ ਕਰਦਾ ਹੈ।

(4) **ਸਾਰੇ** ਹੀ ਹਾਜ਼ਰ ਸਨ ਪਰ ਕੁਸਕਿਆ **ਕੋਈ** ਨਾ।

### 5. ਸੰਬੰਧਵਾਚਕ ਪੜਨਾਂਵ

ਜਿਹੜਾ ਸ਼ਬਦ ਨਾਂਵ-ਸ਼ਬਦ ਦੀ ਥਾਂ ਵਰਤਿਆ ਜਾਵੇ ਪਰ ਨਾਲ਼ ਹੀ ਦੋ ਵਾਕਾਂ ਦਾ ਸੰਬੰਧ ਜੋੜੇ, ਉਸ ਨੂੰ ਸੰਬੰਧਵਾਚਕ ਪੜਨਾਂਵ ਕਹਿੰਦੇ ਹਨ। ਕਈ ਵਾਰ ਇਸ ਦੀ ਵਰਤੋਂ ਸੰਯੁਕਤ ਰੂਪ ਵਿੱਚ ਵੀ ਕਰ ਲਈ ਜਾਂਦੀ ਹੈ, ਜਿਵੇਂ: ਜਿਸ ਕਿਸੇ, ਜਿਹੜਾ ਕੋਈ ਅਤੇ ਜੋ, ਸੋ, ਜਿਹੜਾ ਆਦਿ।

ਹੇਠ ਲਿਖੇ ਵਾਕਾਂ ਵਿੱਚ ਗੂੜ੍ਹੇ ਛਪੇ ਸ਼ਬਦ ਸੰਬੰਧਵਾਚਕ ਪੜਨਾਂਵ ਹਨ :

1. **ਜੋ** ਕਰੇਗਾ **ਸੋ** ਭਰੇਗਾ।
2. ਮੇਰਾ ਇੱਕ ਜਮਾਤੀ ਹੈ **ਜਿਹੜਾ** ਹਰ ਵੇਲ਼ੇ ਪੜ੍ਹਦਾ ਰਹਿੰਦਾ ਹੈ।

### 6. ਪ੍ਰਸ਼ਨਵਾਚਕ ਪੜਨਾਂਵ

ਜਿਹੜੇ ਸ਼ਬਦ ਨੂੰ ਨਾਂਵ-ਸ਼ਬਦ ਦੀ ਥਾਂ ਵਰਤਿਆ ਜਾਵੇ ਪਰ ਨਾਲ਼ ਹੀ ਉਸ ਰਾਹੀਂ ਕੋਈ ਪ੍ਰਸ਼ਨ ਵੀ ਪੁੱਛਿਆ ਜਾਵੇ, ਉਸ ਨੂੰ ਪ੍ਰਸ਼ਨਵਾਚਕ ਪੜਨਾਂਵ ਕਹਿੰਦੇ ਹਨ, ਜਿਵੇਂ : ਕੌਣ, ਕੀ, ਕਿਹੜਾ, ਕੀਹਨੂੰ ਆਦਿ।

ਹੇਠ ਲਿਖੇ ਵਾਕਾਂ ਵਿੱਚ ਗੂੜ੍ਹੇ ਛਪੇ ਸ਼ਬਦ ਪ੍ਰਸ਼ਨਵਾਚਕ ਪੜਨਾਂਵ ਹਨ :

ਜਮਾਤ ਵਿੱਚ **ਕੌਣ** ਰੌਲ਼ਾ ਪਾ ਰਿਹਾ ਸੀ ?

ਪਹਿਲੀ ਘੰਟੀ ਵਿੱਚ **ਕਿਹੜਾ-ਕਿਹੜਾ** ਗ਼ੈਰਹਾਜ਼ਰ ਸੀ ?

ਤੁਹਾਨੂੰ ਇਹ ਗੱਲ **ਕੀਹਨੇ** ਦੱਸੀ ਹੈ ?

ਤੁਸੀਂ ਬਜ਼ਾਰ ਵਿੱਚੋਂ **ਕੀ ਕੁਝ** ਖ਼ਰੀਦਿਆ ਹੈ ?

## ਪੁਰਖ-ਵਾਚਕ ਪੜਨਾਂਵ ਦੀ ਕਾਰਕ-ਸਾਧਨਾ

ਪਿੱਛੇ ਨਾਂਵ ਦੀ ਕਾਰਕ-ਸਾਧਨਾ ਕੀਤੀ ਗਈ ਹੈ, ਇੱਥੇ ਪੁਰਖ-ਵਾਚਕ ਪੜਨਾਂਵ ਦੀ ਕਾਰਕ ਸਾਧਨਾ ਕੀਤੀ ਜਾਂਦੀ ਹੈ :

### ਪਹਿਲਾ ਪੁਰਖ

| ਕਾਰਕ | ਇੱਕਵਚਨ | ਬਹੁਵਚਨ |
|---|---|---|
| ਕਰਤਾ-ਕਾਰਕ | ਮੈਂ | ਅਸੀਂ, ਅਸਾਂ |
| ਕਰਮ-ਕਾਰਕ | ਮੈਨੂੰ | ਸਾਨੂੰ |
| ਕਰਨ-ਕਾਰਕ | ਮੇਰੇ ਰਾਹੀਂ, ਮੈਥੋਂ | ਸਾਡੇ ਰਾਹੀਂ, ਸਾਥੋਂ |
| ਸੰਪਰਦਾਨ-ਕਾਰਕ | ਮੇਰੇ ਵਾਸਤੇ, ਮੇਰੇ ਲਈ | ਸਾਡੇ ਵਾਸਤੇ, ਸਾਡੇ ਲਈ |
| ਅਪਾਦਾਨ-ਕਾਰਕ | ਮੈਥੋਂ, ਮੇਰੇ ਪਾਸੋਂ, ਮੇਰੇ ਕੋਲ਼ੋਂ | ਸਾਥੋਂ, ਸਾਡੇ ਪਾਸੋਂ, ਸਾਡੇ ਕੋਲ਼ੋਂ |
| ਸੰਬੰਧ-ਕਾਰਕ | ਮੇਰਾ, ਮੇਰੇ, ਮੇਰੀ, ਮੇਰੀਆਂ | ਸਾਡਾ, ਸਾਡੇ, ਸਾਡੀ, ਸਾਡੀਆਂ |
| ਅਧਿਕਰਨ-ਕਾਰਕ | ਮੇਰੇ ਕੋਲ਼, ਮੇਰੇ ਉੱਤੇ | ਸਾਡੇ ਕੋਲ਼, ਸਾਡੇ ਉੱਤੇ |

### ਦੂਜਾ ਪੁਰਖ

| ਕਾਰਕ | ਇੱਕਵਚਨ | ਬਹੁਵਚਨ |
|---|---|---|
| ਕਰਤਾ-ਕਾਰਕ | ਤੂੰ | ਤੁਸੀਂ, ਤੁਸਾਂ |
| ਕਰਮ-ਕਾਰਕ | ਤੈਨੂੰ | ਤੁਹਾਨੂੰ |
| ਕਰਨ-ਕਾਰਕ | ਤੇਰੇ ਰਾਹੀਂ, ਤੈਥੋਂ | ਤੁਹਾਡੇ ਰਾਹੀਂ, ਤੁਹਾਥੋਂ |
| ਸੰਪਰਦਾਨ-ਕਾਰਕ | ਤੇਰੇ ਵਾਸਤੇ, ਤੇਰੇ ਲਈ | ਤੁਹਾਡੇ ਵਾਸਤੇ, ਤੁਹਾਡੇ ਲਈ |
| ਅਪਾਦਾਨ-ਕਾਰਕ | ਤੈਥੋਂ, ਤੇਰੇ ਪਾਸੋਂ | ਤੁਹਾਥੋਂ, ਤੁਹਾਡੇ ਪਾਸੋਂ |
| ਸੰਬੰਧ-ਕਾਰਕ | ਤੇਰਾ, ਤੇਰੇ, ਤੇਰੀ, ਤੇਰੀਆਂ | ਤੁਹਾਡਾ, ਤੁਹਾਡੇ, ਤੁਹਾਡੀ, ਤੁਹਾਡੀਆਂ |
| ਅਧਿਕਰਨ-ਕਾਰਕ | ਤੇਰੇ ਕੋਲ਼, ਤੇਰੇ ਕੋਲ਼ੋਂ, ਤੇਰੇ ਉੱਤੇ | ਤੁਹਾਡੇ ਕੋਲ਼, ਤੁਹਾਡੇ ਕੋਲ਼ੋਂ, ਤੁਹਾਡੇ ਉੱਤੇ |

### ਤੀਜਾ ਪੁਰਖ

| ਕਾਰਕ | ਇੱਕਵਚਨ | ਬਹੁਵਚਨ |
|---|---|---|
| ਕਰਤਾ-ਕਾਰਕ | ਇਹ, ਉਹ, ਇਹਨੇ, ਉਹਨੇ<br>ਇਸ ਨੇ, ਉਸ ਨੇ | ਇਹ, ਉਹ, ਇਹਨਾਂ ਨੇ,<br>ਉਹਨਾਂ ਨੇ |
| ਕਰਮ-ਕਾਰਕ | ਇਹਨੂੰ, ਉਹਨੂੰ, ਇਸ ਨੂੰ, ਉਸ ਨੂੰ | ਇਹਨਾਂ ਨੂੰ, ਉਹਨਾਂ ਨੂੰ ਉਸ ਨੂੰ |
| ਕਰਨ-ਕਾਰਕ | ਇਸ ਨਾਲ਼, ਉਸ ਨਾਲ਼ | ਇਹਨਾਂ ਨਾਲ਼, ਉਹਨਾਂ ਨਾਲ਼ |
| ਸੰਪਰਦਾਨ-ਕਾਰਕ | ਇਹਦੇ ਲਈ, ਉਹਦੇ ਲਈ,<br>ਇਸ ਵਾਸਤੇ, ਉਸ ਵਾਸਤੇ | ਇਹਨਾਂ ਲਈ, ਉਹਨਾਂ ਲਈ<br>ਇਹਨਾਂ ਵਾਸਤੇ, ਉਹਨਾਂ ਵਾਸਤੇ |
| ਅਪਾਦਾਨ-ਕਾਰਕ | ਇਸ ਤੋਂ, ਉਸ ਤੋਂ | ਇਹਨਾਂ ਤੋਂ, ਉਹਨਾਂ ਤੋਂ |
| ਸੰਬੰਧ-ਕਾਰਕ | ਇਹਦਾ, ਉਹਦਾ, ਇਸ ਦਾ, ਉਸ ਦਾ | ਇਹਨਾਂ ਦਾ, ਉਹਨਾਂ ਦਾ |
| ਅਧਿਕਰਨ-ਕਾਰਨ | ਇਹਦੇ ਕੋਲ਼, ਉਹਦੇ ਕੋਲ਼<br>ਇਸ ਕੋਲ਼, ਉਸ ਕੋਲ਼ | ਇਹਨਾਂ ਕੋਲ਼, ਉਹਨਾਂ ਕੋਲ਼ |

**ਨੋਟ 1.**—ਮੈਥੋਂ, ਤੈਥੋਂ, ਸਾਥੋਂ, ਤੁਹਾਥੋਂ, ਸਾਨੂੰ, ਤੁਹਾਨੂੰ ਸ਼ਬਦ ਪੜਨਾਂਵਾਂ ਨਾਲ਼ ਪਿਛੇਤਰ ਦੇ ਤੌਰ 'ਤੇ ਸੰਬੰਧਕ ਲੱਗਣ ਨਾਲ਼ ਬਣੇ ਹਨ :

ਮੈਂ + ਤੋਂ = ਮੈਥੋਂ

ਤੂੰ + ਤੋਂ = ਤੈਥੋਂ

ਅਸਾਂ + ਤੋਂ = ਸਾਥੋਂ

ਅਸਾਂ + ਨੂੰ = ਸਾਨੂੰ

ਤੁਸਾਂ + ਨੂੰ = ਤੁਹਾਨੂੰ

**ਨੋਟ 2.**—ਪਿੱਛੇ ਸ਼ਬਦ ਦੇ ਅੱਠ ਭੇਦਾਂ ਬਾਰੇ ਦੱਸਿਆ ਗਿਆ ਹੈ। ਇਹਨਾਂ ਵਿੱਚ ਚਾਰ ਸ਼ਬਦ-ਭੇਦ—ਨਾਂਵ, ਪੜਨਾਂਵ, ਕਿਰਿਆ ਅਤੇ ਵਿਸ਼ੇਸ਼ਣ ਅਜਿਹੇ ਹਨ ਜਿਨ੍ਹਾਂ ਵਿੱਚ ਲਿੰਗ, ਵਚਨ ਅਤੇ ਕਾਰਕ ਦੇ ਕਾਰਨ ਤਬਦੀਲੀ ਆ ਸਕਦੀ ਹੈ। ਬਾਕੀ ਦੇ ਚਾਰ ਸ਼ਬਦ-ਭੇਦ—ਕਿਰਿਆ ਵਿਸ਼ੇਸ਼ਣ, ਸੰਬੰਧਕ, ਯੋਜਕ ਅਤੇ ਵਿਸਮਕ ਅਜਿਹੇ ਹਨ ਜਿਨ੍ਹਾਂ ਵਿੱਚ ਅਜਿਹੀ ਤਬਦੀਲੀ ਨਹੀਂ ਆਉਂਦੀ।

ਸ਼ਬਦ ਦੇ ਅੱਠ ਭੇਦਾਂ ਵਿੱਚੋਂ ਇੱਕ ਭੇਦ ਸੰਬੰਧਕ ਹੈ। ਇਸ ਬਾਰੇ ਵਿਸਤਾਰ ਵਿੱਚ ਅੱਗੇ ਦੱਸਿਆ ਜਾਵੇਗਾ। ਇੱਥੇ ਇਹ ਧਿਆਨ ਰੱਖਣ ਵਾਲ਼ੀ ਗੱਲ ਹੈ ਕਿ ਸੰਬੰਧਕ ਨਾਂਵ ਜਾਂ ਪੜਨਾਂਵ ਤੋਂ ਪਿੱਛੋਂ ਲੱਗਦਾ ਹੈ। ਸੰਬੰਧਕ ਲੱਗਣ ਨਾਲ਼ ਨਾਂਵ ਜਾਂ ਪੜਨਾਂਵ-ਸ਼ਬਦ ਵਿੱਚ ਕੁਝ ਤਬਦੀਲੀ ਆਉਂਦੀ ਹੈ। ਸ਼ਬਦ ਦੇ ਇਸ ਤਬਦੀਲ ਹੋਏ ਰੂਪ ਨੂੰ ਸੰਬੰਧਕੀ ਰੂਪ ਕਿਹਾ ਜਾਂਦਾ ਹੈ।

ਉਦਾਹਰਨ ਲਈ ਹੇਠ ਲਿਖੇ ਵਾਕ ਵੇਖੋ :

1. ਆਪਣੇ ਹੱਥਾਂ ਨਾਲ਼ ਕੀਤਾ ਕੰਮ ਉੱਤਮ ਹੁੰਦਾ ਹੈ।
2. ਸਾਨੂੰ ਦੋਸਤਾਂ ਨਾਲ਼ ਹੇਰਾ-ਫੇਰੀ ਨਹੀਂ ਕਰਨੀ ਚਾਹੀਦੀ।

ਇਹਨਾਂ ਵਾਕਾਂ ਵਿੱਚ ਲਕੀਰੇ ਸ਼ਬਦ ਸੰਬੰਧਕ ਹਨ। ਇਹਨਾਂ ਕਾਰਨ ਇਹਨਾਂ ਤੋਂ ਪਹਿਲਾਂ ਆਏ ਨਾਂਵ-ਸ਼ਬਦਾਂ ਦਾ ਰੂਪ ਬਦਲਿਆ ਹੈ। ਸ਼ਬਦ 'ਹੱਥ' ਅਤੇ 'ਦੋਸਤ' ਦਾ ਇੱਕਵਚਨ ਅਤੇ ਬਹੁਵਚਨ ਰੂਪ ਇੱਕ ਹੀ ਹੈ (ਇੱਕ ਹੱਥ, ਚਾਰ ਹੱਥ, ਇੱਕ ਮਿੱਤਰ, ਦਸ ਮਿੱਤਰ) ਪਰ ਸੰਬੰਧਕ ਕਰਕੇ ਇਹਨਾਂ ਦੇ ਰੂਪ ਵਿੱਚ ਤਬਦੀਲੀ ਆਈ ਹੈ। ਨਤੀਜੇ ਵਜੋਂ ਹੱਥ ਤੋਂ ਹੱਥਾਂ ਅਤੇ ਦੋਸਤ ਤੋਂ ਦੋਸਤਾਂ ਬਣ ਗਿਆ ਹੈ।

## ਅਭਿਆਸ

1. ਪੜਨਾਂਵ ਕਿਸ ਨੂੰ ਕਹਿੰਦੇ ਹਨ ?
2. ਨਾਂਵ-ਸ਼ਬਦਾਂ ਦੀ ਥਾਂ ਪੜਨਾਂਵ-ਸ਼ਬਦ ਕਿਉਂ ਵਰਤੇ ਜਾਂਦੇ ਹਨ ?
3. ਪੜਨਾਂਵ ਦੀਆਂ ਕਿਸਮਾਂ ਕਿਹੜੀਆਂ-ਕਿਹੜੀਆਂ ਹਨ ?
4. ਪੁਰਖਵਾਚਕ ਪੜਨਾਂਵ ਕੀ ਹੁੰਦਾ ਹੈ ?
5. ਹੇਠਾਂ ਦਿੱਤੇ ਪੁਰਖਵਾਚਕ ਪੜਨਾਂਵਾਂ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਪੁਰਖ ਦੇ ਪੜਨਾਂਵ ਦੱਸੋ :
   ਉਹ, ਤੂੰ, ਅਸੀਂ, ਇਹ, ਤੁਸੀਂ, ਮੈਂ।
6. (ੳ) ਵੀਰ ਜੀ, ਮੈਂ ਆਪ ਨੂੰ ਮਿਲ਼ਨ ਆਇਆ ਹਾਂ।
   (ਅ) ਆਪ ਕਦੋਂ ਆਓਗੇ ?
   (ੲ) ਮੈਂ ਆਪ ਉਸ ਨੂੰ ਨਕਲ ਮਾਰਦੇ ਦੇਖਿਆ ਹੈ ।
   (ਸ) ਜੇ ਤੁਸੀਂ ਆਪ ਕੰਮ ਨਹੀਂ ਕਰਦੇ, ਦੂਜਿਆਂ ਨੂੰ ਕੰਮ ਕਰਨ ਲਈ ਕਿਵੇਂ ਕਹਿ ਸਕਦੇ ਹੋ ?
   ਉੱਪਰ ਦਿੱਤੇ ਵਾਕਾਂ ਵਿੱਚੋਂ ਕਿਹੜੇ ਵਾਕ ਵਿੱਚ 'ਆਪ' ਸ਼ਬਦ ਪੁਰਖਵਾਚਕ ਪੜਨਾਂਵ ਹੈ ?

7. ਨਿਸ਼ਚੇਵਾਚਕ ਪੜਨਾਂਵ ਕੀ ਹੁੰਦਾ ਹੈ ? ਉਦਾਹਰਨਾਂ ਸਹਿਤ ਦੱਸੋ ।

8. ਹੇਠਾਂ ਦਿੱਤੇ ਵਾਕਾਂ ਵਿੱਚ ਗੂੜ੍ਹੇ ਛਪੇ ਸ਼ਬਦ ਕਿਸ ਪ੍ਰਕਾਰ ਦੇ ਪੜਨਾਂਵ ਹਨ :

(ੳ) ਮੱਝਾਂ ਨੂੰ ਪੱਠੇ ਪਾਉਣ ਦੀ ਚਿੰਤਾ **ਕੀਹਨੂੰ** ਹੈ ?

(ਅ) **ਕਈ** ਪਰੀਖਿਆ ਦੇ ਦਿਨਾਂ ਵਿੱਚ ਵੀ ਪੜ੍ਹਨ ਦੀ ਥਾਂ ਅਵਾਰਾਗਰਦੀ ਕਰਦੇ ਹਨ ।

(ੲ) ਮੇਰੀ ਇੱਕ ਸਹੇਲੀ ਹੈ **ਜਿਹੜੀ** ਕਦੇ ਵਿਹਲੀ ਨਹੀਂ ਬੈਠਦੀ ।

(ਸ) ਕੁਲਵਿੰਦਰ ਦੀ ਕਾਪੀ **ਕਿਸ** ਨੇ ਪਾੜੀ ਹੈ ?

(ਹ) **ਜੋ** ਮਿਹਨਤ ਕਰੇਗਾ **ਸੋ** ਸਫਲ ਹੋਵੇਗਾ ।

* * *

# ਵਿਸ਼ੇਸ਼ਣ

ਜਿਹੜਾ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਨਾਲ਼ ਆ ਕੇ ਉਸ ਦੀ ਵਿਸ਼ੇਸ਼ਤਾ ਦੱਸੇ, ਉਸ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ। ਇਸ ਵਿਸ਼ੇਸ਼ਤਾ ਰਾਹੀਂ ਉਹ ਨਾਂਵ/ਪੜਨਾਂਵ ਸ਼ਬਦਾਂ ਦੀ ਗਿਣਤੀ, ਮਿਣਤੀ, ਗੁਣ-ਔਗੁਣ, ਲੱਛਣ, ਰੰਗ, ਅਵਸਥਾ ਆਦਿ ਦਾ ਬੋਧ ਕਰਵਾ ਕੇ, ਉਹਨਾਂ ਨੂੰ ਆਮ ਤੋਂ ਖ਼ਾਸ ਬਣਾ ਦਿੰਦਾ ਹੈ।

ਉਦਾਹਰਨ ਵਜੋਂ ਹੇਠ ਲਿਖੇ ਮੋਟੇ ਸ਼ਬਦ ਵਿਸ਼ੇਸ਼ਣ ਹਨ :

**ਲਾਲ** ਪੱਗ, **ਨਵਾਂ** ਪੈੱਨ, **ਚਾਰ** ਕਾਪੀਆਂ, **ਭੋਲ਼ਾ** ਬੱਚਾ, **ਲੰਮਾ** ਗੱਭਰੂ, **ਥੋੜ੍ਹੇ** ਲੋਕ, **ਦਸਵਾਂ** ਹਿੱਸਾ, **ਚੋਖਾ** ਦੁੱਧ।

ਇਹਨਾਂ ਉਦਾਹਰਨਾਂ ਵਿੱਚ ਲਾਲ, ਨਵਾਂ, ਚਾਰ, ਭੋਲ਼ਾ, ਲੰਮਾ, ਥੋੜ੍ਹੇ, ਦਸਵਾਂ ਤੇ ਚੋਖਾ ਸ਼ਬਦ ਵਿਸ਼ੇਸ਼ਣ ਹਨ।

ਵਿਸ਼ੇਸ਼ਣ ਪੰਜ ਪ੍ਰਕਾਰ ਦੇ ਹੁੰਦੇ ਹਨ :

1. ਗੁਣਵਾਚਕ ਵਿਸ਼ੇਸ਼ਣ
2. ਸੰਖਿਆਵਾਚਕ ਵਿਸ਼ੇਸ਼ਣ
3. ਪਰਿਮਾਣਵਾਚਕ ਵਿਸ਼ੇਸ਼ਣ
4. ਨਿਸ਼ਚੇਵਾਚਕ ਵਿਸ਼ੇਸ਼ਣ
5. ਪੜਨਾਂਵੀਂ ਵਿਸ਼ੇਸ਼ਣ।

## 1. ਗੁਣਵਾਚਕ ਵਿਸ਼ੇਸ਼ਣ :

ਜਿਹੜਾ ਸ਼ਬਦ ਨਾਂਵ ਜਾਂ ਪੜਨਾਂਵ ਸ਼ਬਦਾਂ ਦੇ ਗੁਣ, ਔਗੁਣ, ਆਕਾਰ, ਅਵਸਥਾ ਆਦਿ ਦੱਸੇ, ਉਸ ਨੂੰ ਗੁਣਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ। ਉਦਾਹਰਨ ਲਈ ਹੇਠਾਂ ਦਿੱਤੇ ਲਕੀਰੇ ਸ਼ਬਦ ਗੁਣਵਾਚਕ ਵਿਸ਼ੇਸ਼ਣ ਹਨ, ਜਿਵੇਂ : <u>ਨੇਕ</u> ਬੱਚੇ, <u>ਮਾੜੀ</u> ਆਦਤ, <u>ਉੱਚਾ</u> ਦਰਖ਼ਤ, <u>ਕਾਲ਼ਾ</u> ਕੱਪੜਾ, ਗੋਰੀ ਗਾਂ, <u>ਸ਼ਹਿਰੀ</u> ਲੋਕ, <u>ਚੰਗੇਰਾ</u> ਰਹਿਣ-ਸਹਿਣ, <u>ਉੱਚਤਮ</u> ਅਹੁਦਾ ਆਦਿ।

ਗੁਣਵਾਚਕ ਵਿਸ਼ੇਸ਼ਣ ਕਿਸੇ ਨਾਂਵ ਜਾਂ ਪੜਨਾਂਵ ਦੇ ਗੁਣ-ਔਗੁਣ, ਆਕਾਰ, ਅਵਸਥਾ ਆਦਿ ਦੇ ਤਿੰਨ ਦਰਜਿਆਂ ਜਾਂ ਅਵਸਥਾਵਾਂ ਨੂੰ ਪ੍ਰਗਟ ਕਰਦੇ ਹਨ :

**ਗੁਣ/ਦੋਸ਼ ਦੀ ਅਵਸਥਾ—** ਨੇਕ, ਚੰਗਾ, ਸੱਚਾ, ਝੂਠਾ, ਬੁਰਾ, ਖੱਟਾ, ਮਿੱਠਾ ਆਦਿ।

**ਆਕਾਰ/ਵਿਸਤਾਰ ਦੀ ਅਵਸਥਾ—** ਉੱਚਾ, ਨੀਵਾਂ, ਮੋਟਾ, ਪਤਲਾ, ਲੰਮਾ, ਮਧਰਾ, ਖੁੱਲ੍ਹਾ, ਭੀੜਾ ਆਦਿ।

**ਦਸ਼ਾ ਦੀ ਅਵਸਥਾ—** ਨਰਮ, ਗਰਮ, ਰੋਗੀ, ਨੌਜਵਾਨ, ਬੁੱਢਾ ਆਦਿ।

ਗੁਣਵਾਚਕ ਵਿਸ਼ੇਸ਼ਣ ਕਿਸੇ ਨਾਂਵ ਜਾਂ ਪੜਨਾਂਵ ਦੇ ਗੁਣ, ਔਗੁਣ, ਆਕਾਰ, ਅਵਸਥਾ ਆਦਿ ਦੇ ਤਿੰਨ ਦਰਜਿਆਂ ਜਾਂ ਅਵਸਥਾਵਾਂ ਨੂੰ ਪ੍ਰਗਟ ਕਰਦੇ ਹਨ। ਜਦੋਂ ਇਸ ਸੰਬੰਧ ਵਿੱਚ ਕਿਸੇ ਹੋਰ ਚੀਜ਼ ਨਾਲ਼ ਤੁਲਨਾ ਨਾ ਕੀਤੀ ਜਾਵੇ ਤਾਂ ਇਹ ਗੁਣਵਾਚਕ ਦੀ ਸਧਾਰਨ ਅਵਸਥਾ ਹੁੰਦੀ ਹੈ, ਜਿਵੇਂ—ਬਾਰ੍ਹਵੀਂ ਉੱਚੀ ਸ਼੍ਰੇਣੀ ਹੈ। ਜਦੋਂ ਕੋਈ ਤੁਲਨਾ ਦੋ ਚੀਜ਼ਾਂ ਵਿਚਕਾਰ ਹੋਵੇ ਤਾਂ ਇਹ ਇਸ ਦੀ ਅਧਿਕਤਰ ਅਵਸਥਾ ਹੁੰਦੀ ਹੈ, ਜਿਵੇਂ :—ਗਿਆਰ੍ਹਵੀਂ ਨਾਲ਼ੋਂ ਬਾਰ੍ਹਵੀਂ ਉਚੇਰੀ ਸ਼੍ਰੇਣੀ ਹੈ।

ਇਸ ਅਵਸਥਾ ਨੂੰ ਪ੍ਰਗਟ ਕਰਨ ਲਈ 'ਤੋਂ' ਜਾਂ 'ਨਾਲ਼ੋਂ' ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਜਦੋਂ ਅਜਿਹੀ ਤੁਲਨਾ ਦੋ ਤੋਂ ਵਧੀਕ ਨਾਂਵਾਂ ਜਾਂ ਪੜਨਾਵਾਂ ਵਿਚਕਾਰ ਇਸ ਪ੍ਰਕਾਰ ਕੀਤੀ ਹੋਵੇ ਕਿ ਤੁਲਨਾ ਕੀਤੇ ਜਾਣ ਵਾਲ਼ਾ ਪੱਖ ਕਿਸੇ ਇੱਕ ਵਿੱਚ ਸਭ ਤੋਂ ਵੱਧ ਦੱਸਿਆ ਜਾਵੇ ਤਾਂ ਇਹ ਗੁਣਵਾਚਕ ਵਿਸ਼ੇਸ਼ਣ ਦੀ ਅਧਿਕਤਮ ਅਵਸਥਾ ਹੁੰਦੀ ਹੈ, ਜਿਵੇਂ:—

ਬਾਰ੍ਹਵੀਂ ਸਕੂਲ ਦੀ ਉੱਚਤਮ ਸ਼੍ਰੇਣੀ ਹੈ।

ਇਸ ਅਵਸਥਾ ਨੂੰ ਪ੍ਰਗਟ ਕਰਨ ਲਈ 'ਸਭ ਤੋਂ ਵੱਧ'/'ਸਭ ਤੋਂ ਵਧੀਕ' ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਾਂ ਉਪਰੋਕਤ ਵਾਂਗ ਕੋਈ ਇੱਕ ਸ਼ਬਦ ਜਿਵੇਂ ਉੱਚਤਮ ਜਾਂ ਅਧਿਕਤਮ ਆਦਿ ਵੀ ਹੋ ਸਕਦਾ ਹੈ।

ਹੇਠਾਂ ਕੁਝ ਗੁਣਵਾਚਕ ਵਿਸ਼ੇਸ਼ਣਾਂ ਦੀਆਂ ਤਿੰਨੇ ਅਵਸਥਾਵਾਂ ਦੀਆਂ ਉਦਾਹਰਨਾਂ ਦੇਖੋ—

| ਸਧਾਰਨ ਅਵਸਥਾ | ਅਧਿਕਤਰ ਅਵਸਥਾ | ਅਧਿਕਤਮ ਅਵਸਥਾ |
|---|---|---|
| ਚੰਗਾ | ਚੰਗੇਰਾ | ਸਭ ਤੋਂ ਚੰਗਾ |
| ਲੰਮਾ | ਲਮੇਰਾ | ਸਭ ਤੋਂ ਲੰਮਾ |
| ਮੋਟਾ | ਮੁਟੇਰਾ | ਸਭ ਤੋਂ ਮੋਟਾ |
| ਉੱਚਾ | ਉਚੇਰਾ | ਉੱਚਤਮ |
| ਅਧਿਕ | ਅਧਿਕਤਰ | ਅਧਿਕਤਮ |
| ਨਵੀਨ | ਨਵੀਨਤਰ | ਨਵੀਨਤਮ |
| ਵੱਧ | ਵਧੇਰੇ | ਸਭ ਤੋਂ ਵੱਧ |

### 2. ਸੰਖਿਆਵਾਚਕ ਵਿਸ਼ੇਸ਼ਣ :

ਜਿਹੜਾ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ-ਸ਼ਬਦ ਦੀ ਗਿਣਤੀ ਦਾ ਗਿਆਨ ਦੇਵੇ, ਉਸ ਨੂੰ ਸੰਖਿਆਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ : ਪੰਜ, ਦਸ, ਦੁੱਗਣਾ, ਚੌਥਾ, ਥੋੜ੍ਹੇ, ਬਹੁਤ ਆਦਿ। ਇਹ ਦੋ ਪ੍ਰਕਾਰ ਦੇ ਹਨ : (ੳ) ਨਿਸ਼ਚਿਤ ਸੰਖਿਆਵਾਚਕ ਵਿਸ਼ੇਸ਼ਣ (ਅ) ਅਨਿਸ਼ਚਿਤ ਸੰਖਿਆਵਾਚਕ ਵਿਸ਼ੇਸ਼ਣ।

(ੳ) ਨਿਸ਼ਚਿਤ ਸੰਖਿਆਵਾਚਕ ਵਿਸ਼ੇਸ਼ਣ —

ਇਸ ਦੇ ਘੇਰੇ ਵਿੱਚ ਗਿਣਤੀ ਸੰਬੰਧੀ ਸ਼ਬਦ ਆਉਂਦੇ ਹਨ, ਜਿਵੇਂ :

ਇੱਕ, ਦੋ, ਤਿੰਨ, ਚਾਰ, ਪੰਜ, ਸੱਤ, ਦਸ ਆਦਿ।

ਦੋਂਹਾਂ, ਤਿੰਨਾਂ, ਚਹੁੰਆਂ, ਪੰਜਾਂ, ਅੱਠਾਂ, ਦਸਾਂ ਆਦਿ।

ਅਪੂਰਨ ਅੰਕ-ਬੋਧਕ—

ਡੇਢ, ਢਾਈ, ਅੱਧਾ, ਪੌਣਾ ਆਦਿ।

ਕ੍ਰਮ-ਵਾਚਕ : ਇਹ ਦਰਜੇਵਾਰ ਗਿਣਤੀ ਦੇ ਸੂਚਕ ਹਨ—

ਸੱਤਵਾਂ, ਅੱਠਵਾਂ, ਦਸਵਾਂ, ਪੰਦਰ੍ਹਵਾਂ ਆਦਿ।

ਸਮੁੱਚਤਾ ਬੋਧਕ : ਇਹ ਪੂਰੀ ਗਿਣਤੀ ਨੂੰ ਨਿਸ਼ਚਿਤ ਰੂਪ ਵਿੱਚ ਪੇਸ਼ ਕਰਦਾ ਹੈ—

ਦੋਵੇਂ, ਤਿੰਨੇ, ਚਾਰੇ, ਸੱਤੇ, ਅੱਠੇ, ਵੀਹ ਦੇ ਵੀਹ, ਸੌ ਦੇ ਸੌ ਆਦਿ।

ਗੁਣ ਵਾਚਕ : ਇਹ ਗਿਣਤੀ ਨੂੰ ਗੁਣਾ ਕਰ ਕੇ ਦਰਸਾਉਂਦਾ ਹੈ।

ਦੁੱਗਣਾ, ਤਿੱਗਣਾ, ਚੌਗੁਣਾ, ਵੀਹ ਗੁਣਾ ਆਦਿ।

(ਅ) ਅਨਿਸ਼ਚਿਤ ਸੰਖਿਆਵਾਚਕ ਵਿਸ਼ੇਸ਼ਣ

ਇਹ ਵਿਸ਼ੇਸ਼ਣ ਗਿਣਤੀ ਨੂੰ ਸਿਰਫ਼ ਅਨੁਮਾਨ ਵਿੱਚ ਹੀ ਦਰਸਾਉਂਦਾ ਹੈ, ਜਿਵੇਂ : ਪੰਜ ਕੁ, ਇੱਕ-ਅੱਧਾ, ਥੋੜ੍ਹੇ, ਬਹੁਤੇ, ਕਈ ਆਦਿ।

### 3. ਪਰਿਮਾਣਵਾਚਕ ਵਿਸ਼ੇਸ਼ਣ :

ਜਿਹੜੇ ਵਿਸ਼ੇਸ਼ਣ-ਸ਼ਬਦ ਤੋਂ ਮਿਣਤੀ, ਤੋਲ ਜਾਂ ਮਾਪ ਦਾ ਪਤਾ ਲੱਗੇ, ਉਹ ਸ਼ਬਦ ਪਰਿਮਾਣਵਾਚਕ ਜਾਂ ਮਿਣਤੀਵਾਚਕ ਵਿਸ਼ੇਸ਼ਣ ਅਖਵਾਉਂਦਾ ਹੈ, ਜਿਵੇਂ :—ਬਹੁਤਾ, ਥੋੜ੍ਹਾ, ਕਾਫ਼ੀ, ਗਿੱਠ ਕੁ ਆਦਿ। ਇਸ ਨੂੰ ਅੱਗੇ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ :

(ੳ) ਨਿਸ਼ਚਿਤ ਪਰਿਮਾਣਵਾਚਕ ਦੋ ਕੁ ਹੱਥ ਲੰਮਾ ਰੱਸਾ, ਦੋ ਕੁ ਕਿੱਲੋ ਦੁੱਧ, ਚਾਰ ਕੁ ਕਿੱਲੋ ਆਟਾ, ਗਿੱਠ ਭਰ ਕੱਪੜਾ, ਮੁੱਠ ਕੁ ਚੀਨੀ ਆਦਿ।

(ਅ) ਅਨਿਸ਼ਚਿਤ ਪਰਿਮਾਣਵਾਚਕ ਥੋੜ੍ਹਾ, ਬਹੁਤ, ਸਾਰਾ, ਕਾਫ਼ੀ, ਚੋਖਾ, ਕੁਝ, ਵੱਧ ਆਦਿ।

### 4. ਨਿਸ਼ਚੇਵਾਚਕ ਵਿਸ਼ੇਸ਼ਣ :

ਜਿਹੜਾ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਨਾਲ਼ ਇਸ ਤਰ੍ਹਾਂ ਆਵੇ ਕਿ ਉਸ ਵੱਲ਼ ਨਿਸ਼ਚੇ ਨਾਲ਼ ਸੰਕੇਤ ਕਰਦਾ ਹੋਇਆ, ਉਸ ਨੂੰ ਆਮ ਤੋਂ ਵਿਸ਼ੇਸ਼ ਬਣਾਏ, ਉਸ ਨੂੰ ਨਿਸ਼ਚੇਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ : ਇਹ, ਉਹ, ਅਹੁ ਆਦਿ। ਇਸ ਦੀਆਂ ਵੀ ਅੱਗੇ ਦੋ ਕਿਸਮਾਂ ਹਨ—(ੳ) ਨਿਕਟਵਰਤੀ (ਅ) ਦੂਰਵਰਤੀ

(ੳ) ਨਿਕਟਵਰਤੀ :

ਇਹ ਕਿਤਾਬ ਮੇਰੀ ਹੈ।

ਇਹ ਘਰ ਸਾਡਾ ਹੈ।

(ਅ) ਦੂਰਵਰਤੀ :

ਉਹ ਮੇਰੇ ਚਾਚੇ ਦਾ ਮੁੰਡਾ ਹੈ।

ਅਹੁ ਸਾਡਾ ਘਰ ਹੈ।

'ਇਹ', 'ਉਹ', 'ਅਹੁ' ਸ਼ਬਦ ਇਹਨਾਂ ਵਾਕਾਂ ਵਿੱਚ ਨਿਸ਼ਚੇਵਾਚਕ ਵਿਸ਼ੇਸ਼ਣ ਹਨ। ਜੇ ਇਹਨਾਂ ਵਾਕਾਂ ਵਿੱਚ 'ਘਰ', 'ਪਿੰਡ', 'ਮੁੰਡਾ' ਨਾਂਵ-ਸ਼ਬਦ ਨਾ ਹੁੰਦੇ ਤਾਂ ਇਹੋ ਸ਼ਬਦ (ਇਹ, ਉਹ ਤੇ ਅਹੁ) ਨਿਸ਼ਚੇਵਾਚਕ ਪੜਨਾਂਵ ਹੋਣੇ ਸਨ।

## 5. ਪੜਨਾਂਵੀਂ ਵਿਸ਼ੇਸ਼ਣ :

ਜਿਹੜਾ ਪੜਨਾਂਵ-ਸ਼ਬਦ ਵਾਕ ਦੇ ਪ੍ਰਸੰਗ ਵਿੱਚ ਨਾਂਵ-ਸ਼ਬਦ ਨਾਲ਼ ਆ ਕੇ ਵਿਸ਼ੇਸ਼ਣ ਦਾ ਕੰਮ ਦੇਵੇ, ਉਸ ਨੂੰ ਪੜਨਾਂਵੀਂ ਵਿਸ਼ੇਸ਼ਣ ਆਖਦੇ ਹਨ। ਉਦਾਹਰਨ ਲਈ ਅੱਗੇ ਦਿੱਤੇ ਵਾਕਾਂ ਵਿੱਚ ਗੂੜ੍ਹੇ ਛਪੇ ਸ਼ਬਦ ਪੜਨਾਂਵੀਂ ਵਿਸ਼ੇਸ਼ਣ ਹਨ :

(ੳ) **ਜਿਹੜਾ** ਮੁੰਡਾ ਕੱਲ੍ਹ ਆਇਆ ਸੀ, ਉਸ ਨੇ ਪਰੀਖਿਆ ਵਿੱਚ ਪਹਿਲਾ ਦਰਜਾ ਪ੍ਰਾਪਤ ਕੀਤਾ ਸੀ।

(ਅ) **ਜਿਸ** ਬੰਦੇ ਦਾ ਭਰੋਸਾ ਨਾ ਰਹੇ, ਉਸ ਨਾਲ਼ ਕੋਈ ਵੀ ਵਰਤੋਂ-ਵਿਹਾਰ ਕਰਨਾ ਪਸੰਦ ਨਹੀਂ ਕਰਦਾ।

(ੲ) **ਮੇਰੀ** ਕਿਤਾਬ ਮੇਰੇ ਕੋਲ਼ ਹੈ, **ਤੇਰੀ** ਕਿਤਾਬ ਤੇਰੇ ਕੋਲ਼, ਫਿਰ ਝਗੜਾ ਕਾਹਦਾ ?

(ਸ) **ਤੁਹਾਡੇ** ਕੱਪੜੇ ਚੰਗੇ ਸਿਊਂਤੇ ਹੋਏ ਹਨ।

**ਵਿਸ਼ੇਸ਼ਣ ਉੱਤੇ ਲਿੰਗ ਅਤੇ ਵਚਨ ਦਾ ਪ੍ਰਭਾਵ**

ਵਿਸ਼ੇਸ਼ਣ-ਸ਼ਬਦਾਂ ਦੀ ਇੱਕ ਸ਼੍ਰੇਣੀ ਅਜਿਹੀ ਹੈ ਜੋ ਨਾਂਵ ਦੇ ਲਿੰਗ ਅਤੇ ਵਚਨ ਅਨੁਸਾਰ ਬਦਲਦੀ ਹੈ, ਜਿਵੇਂ :

| | ਇੱਕਵਚਨ | ਬਹੁਵਚਨ |
|---|---|---|
| ਪੁਲਿੰਗ : | ਚੰਗਾ ਅਧਿਆਪਕ | ਚੰਗੇ ਅਧਿਆਪਕ |
| ਇਸਤਰੀ-ਲਿੰਗ : | ਚੰਗੀ ਅਧਿਆਪਕਾ | ਚੰਗੀਆਂ ਅਧਿਆਪਕਾਵਾਂ |
| ਪੁਲਿੰਗ : | ਪਿਆਰਾ ਚਾਚਾ | ਪਿਆਰੇ ਚਾਚੇ |
| ਇਸਤਰੀ-ਲਿੰਗ : | ਪਿਆਰੀ ਚਾਚੀ | ਪਿਆਰੀਆਂ ਚਾਚੀਆਂ |
| ਪੁਲਿੰਗ : | ਕਾਲ਼ਾ ਕੁੱਤਾ | ਕਾਲ਼ੇ ਕੁੱਤੇ |
| ਇਸਤਰੀ-ਲਿੰਗ : | ਕਾਲ਼ੀ ਕੁੱਤੀ | ਕਾਲ਼ੀਆਂ ਕੁੱਤੀਆਂ |

ਵਿਸ਼ੇਸ਼ਣ—ਸ਼ਬਦਾਂ ਦੀ ਦੂਜੀ ਸ਼੍ਰੇਣੀ ਉਹ ਹੈ ਜਿਸ ਉੱਤੇ ਨਾਂਵ ਦੇ ਲਿੰਗ ਤੇ ਵਚਨ ਦਾ ਕੋਈ ਪ੍ਰਭਾਵ ਨਹੀਂ ਪੈਂਦਾ, ਜਿਵੇਂ :

| | ਇੱਕਵਚਨ | ਬਹੁਵਚਨ |
|---|---|---|
| ਪੁਲਿੰਗ : | ਲਾਲ ਮੁਰਗ਼ਾ | ਲਾਲ ਮੁਰਗ਼ੇ |
| ਇਸਤਰੀ-ਲਿੰਗ : | ਲਾਲ ਮੁਰਗ਼ੀ | ਲਾਲ ਮੁਰਗ਼ੀਆਂ |
| ਪੁਲਿੰਗ : | ਸੁੰਦਰ ਬਾਲ | ਸੁੰਦਰ ਬਾਲ |
| ਇਸਤਰੀ-ਲਿੰਗ : | ਸੁੰਦਰ ਬਾਲੜੀ | ਸੁੰਦਰ ਬਾਲੜੀਆਂ |

**ਸੰਖੇਪ ਵਿੱਚ** : ਅੰਤ-ਕੰਨਾ ਵਾਲ਼ੇ ਵਿਸ਼ੇਸ਼ਣ-ਸ਼ਬਦਾਂ (ਜਿਵੇਂ—ਚੰਗਾ, ਪਿਆਰਾ, ਕਾਲ਼ਾ, ਨਿੱਕਾ, ਮੋਟਾ, ਸੋਹਣਾ) ਉੱਤੇ ਲਿੰਗ ਅਤੇ ਵਚਨ ਦਾ ਪ੍ਰਭਾਵ ਪੈਂਦਾ ਹੈ। ਜਿਨ੍ਹਾਂ ਵਿਸ਼ੇਸ਼ਣ-ਸ਼ਬਦਾਂ ਦੇ ਅੰਤ ਵਿੱਚ ਕੰਨਾ ਨਾ ਹੋਵੇ ਜਾਂ ਕੰਨੇ ਨੂੰ ਛੱਡ ਕੇ ਕੋਈ ਹੋਰ ਲਗ ਹੋਵੇ (ਜਿਵੇਂ-ਸੁੰਦਰ, ਮੂਰਖ, ਗਰਮ, ਲਾਲ, ਬੁੱਧੂ, ਤੇਜ਼, ਸਾਊ) ਉਹਨਾਂ ਉੱਤੇ ਲਿੰਗ ਜਾਂ ਵਚਨ ਦਾ ਕੋਈ ਪ੍ਰਭਾਵ ਨਹੀਂ ਪੈਂਦਾ।

## ਵਿਸ਼ੇਸ਼ਣ ਦਾ ਸਧਾਰਨ ਅਤੇ ਸੰਬੰਧਕੀ ਰੂਪ

ਵਿਸ਼ੇਸ਼ਣ ਦੇ ਦੋ ਰੂਪ ਹਨ : 1. ਸਧਾਰਨ ਰੂਪ 2. ਸੰਬੰਧਕੀ ਰੂਪ। ਉਦਾਹਰਨ ਦੇਖੋ :

| **ਸਧਾਰਨ ਰੂਪ** | **ਸੰਬੰਧਕੀ ਰੂਪ** |
|---|---|
| (ੳ) ਪਿਆਰੇ ਲਾਲ **ਚੰਗਾ** ਅਧਿਆਪਕ ਹੈ। | (ੳ) **ਚੰਗੇ** ਅਧਿਆਪਕ ਨੇ ਮੇਰੀ ਸਹਾਇਤਾ ਕੀਤੀ। |
| (ਅ) ਖੁਰਲੀ 'ਤੇ **ਕਾਲ਼ਾ** ਘੋੜਾ ਖੜ੍ਹਾ ਹੈ। | (ਅ) **ਕਾਲ਼ੇ** ਘੋੜੇ ਲਈ ਪੱਠੇ ਲਿਆਓ। |
| (ੲ) ਅਮਰਜੀਤ ਕੌਰ ਦੇ **ਦੋ** ਬੱਚੇ ਹਨ। | (ੲ) ਉਹ **ਦੋਂਹਾਂ** ਬੱਚਿਆਂ ਨੂੰ ਪੜ੍ਹਾਉਣਾ ਚਾਹੁੰਦੀ ਹੈ। |

'ਚੰਗਾ' ਤੋਂ 'ਚੰਗੇ', 'ਕਾਲ਼ਾ' ਤੋਂ 'ਕਾਲ਼ੇ' ਅਤੇ 'ਦੋ' ਤੋਂ 'ਦੋਂਹਾਂ' ਵਿਸ਼ੇਸ਼ਣ-ਸ਼ਬਦਾਂ ਦੇ ਸਧਾਰਨ ਰੂਪ ਤੋਂ ਸੰਬੰਧਕੀ ਰੂਪ ਬਣੇ ਹਨ। ਜਿਹੜੇ ਨਾਂਵਾਂ ਨਾਲ਼ ਇਹ ਵਿਸ਼ੇਸ਼ਣ ਲੱਗੇ ਹਨ, ਉਹਨਾਂ ਤੋਂ ਪਿੱਛੇ ਸੰਬੰਧਕ ਲੱਗੇ ਹਨ। ਇਸ ਲਈ ਵਿਸ਼ੇਸ਼ਣ-ਸ਼ਬਦਾਂ ਦੇ ਰੂਪ ਵਿੱਚ ਤਬਦੀਲੀ ਆਈ ਹੈ।

## ਅਭਿਆਸ

1. ਵਿਸ਼ੇਸ਼ਣ ਕਿਸ ਨੂੰ ਆਖਦੇ ਹਨ ?
2. ਵਿਸ਼ੇਸ਼ਣ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹਨ ?
3. ਹੇਠ ਲਿਖੇ ਸ਼ਬਦ ਗੁਣਵਾਚਕ ਵਿਸ਼ੇਸ਼ਣ ਦੀ ਕਿਹੜੀ-ਕਿਹੜੀ ਅਵਸਥਾ ਨੂੰ ਪ੍ਰਗਟ ਕਰਦੇ ਹਨ :
   ਲਮੇਰਾ, ਸਰਬੋਤਮ, ਮੋਟਾ, ਵਧੇਰੇ, ਉੱਚਤਮ।
4. ਕੋਈ ਚਾਰ ਵਾਕ ਬਣਾਓ ਜਿਨ੍ਹਾਂ ਵਿੱਚ ਸੰਖਿਆਵਾਚਕ ਵਿਸ਼ੇਸ਼ਣ ਦੀ ਵਰਤੋਂ ਕੀਤੀ ਗਈ ਹੋਵੇ।
5. ਹੇਠਾਂ ਦਿੱਤੇ ਗੂੜ੍ਹੇ ਸ਼ਬਦ ਕਿਸ ਪ੍ਰਕਾਰ ਦੇ ਵਿਸ਼ੇਸ਼ਣ ਹਨ :
   **ਕਾਫ਼ੀ** ਬੱਚੇ, **ਕੁਝ** ਵਿਦਿਆਰਥੀ, **ਅਖੀਰਲਾ** ਹਫ਼ਤਾ, **ਉੱਚਾ** ਪਹਾੜ, **ਨੇਕ** ਆਦਮੀ।
6. ਉਹ ਮੇਰਾ ਭਰਾ ਹੈ।
   ਉਹ ਮੁੰਡਾ ਮੇਰਾ ਭਰਾ ਹੈ।
   ਉੱਪਰ ਦਿੱਤੇ ਦੋਂਹਾਂ ਵਾਕਾਂ ਵਿੱਚ 'ਉਹ' ਸ਼ਬਦ ਦੀ ਵਰਤੋਂ ਦੋ ਵਾਰ ਹੋਈ ਹੈ। ਇਹਨਾਂ ਵਿੱਚੋਂ ਕਿਹੜਾ 'ਉਹ' ਸ਼ਬਦ ਨਿਸ਼ਚੇਵਾਚਕ ਵਿਸ਼ੇਸ਼ਣ ਹੈ ਅਤੇ ਕਿਹੜਾ ਨਿਸ਼ਚੇਵਾਚਕ ਪੜਨਾਂਵ ਹੈ ?
7. ਪੜਨਾਂਵੀਂ ਵਿਸ਼ੇਸ਼ਣ ਕਿਸ ਨੂੰ ਕਹਿੰਦੇ ਹਨ ?
8. "ਚਿੱਟਾ **ਮੁਰਗ਼ਾ** ਦਾਣੇ ਚੁਗਦਾ ਹੈ।"
   (ੳ) ਰੰਗੀਨ ਛਪੇ ਸ਼ਬਦ 'ਮੁਰਗ਼ਾ' ਦਾ ਲਿੰਗ ਬਦਲ ਕੇ ਵਾਕ ਨੂੰ ਦੁਬਾਰਾ ਲਿਖੋ।
   (ਅ) ਰੰਗੀਨ ਛਪੇ ਸ਼ਬਦ 'ਮੁਰਗ਼ਾ' ਦਾ ਵਚਨ ਬਦਲ ਕੇ ਵਾਕ ਨੂੰ ਦੁਬਾਰਾ ਲਿਖੋ।
   (ੲ) ਰੰਗੀਨ ਛਪੇ ਸ਼ਬਦ 'ਮੁਰਗ਼ਾ' ਦੇ ਬਹੁਵਚਨ ਰੂਪ ਦਾ ਇਸਤਰੀ-ਲਿੰਗ ਬਣਾ ਕੇ ਵਾਕ ਨੂੰ ਦੁਬਾਰਾ ਲਿਖੋ।
9. 'ਚਿੱਟਾ' ਅਤੇ 'ਲਾਲ' ਵਿਸ਼ੇਸ਼ਣਾਂ ਵਿੱਚੋਂ ਕਿਹੜੇ ਵਿਸ਼ੇਸ਼ਣ ਵਿੱਚ ਲਿੰਗ ਅਤੇ ਵਚਨ ਦੇ ਪ੍ਰਭਾਵ ਕਾਰਨ ਤਬਦੀਲੀ ਆਉਂਦੀ ਹੈ ?
10. (ੳ) ਦੋ ਅਜਿਹੇ ਵਿਸ਼ੇਸ਼ਣ ਦੱਸੋ ਜਿਨ੍ਹਾਂ ਉੱਤੇ ਲਿੰਗ ਅਤੇ ਵਚਨ ਦੇ ਪ੍ਰਭਾਵ ਕਾਰਨ ਤਬਦੀਲੀ ਆਉਂਦੀ ਹੈ।
    (ਅ) ਦੋ ਅਜਿਹੇ ਵਿਸ਼ੇਸ਼ਣ ਦੱਸੋ ਜਿਨ੍ਹਾਂ ਉੱਤੇ ਲਿੰਗ ਅਤੇ ਵਚਨ ਦੇ ਪ੍ਰਭਾਵ ਕਾਰਨ ਤਬਦੀਲੀ ਨਹੀਂ ਆਉਂਦੀ।

* * *

# ਕਿਰਿਆ

ਇਸ ਸ਼੍ਰੇਣੀ ਵਿੱਚ ਉਹ ਸ਼ਬਦ ਰੱਖੇ ਜਾਂਦੇ ਹਨ ਜਿਨ੍ਹਾਂ ਤੋਂ ਕਿਸੇ ਕਾਰਜੀ ਸਥਿਤੀ ਦੀ ਸੂਚਨਾ ਮਿਲ਼ਦੀ ਹੈ। ਇਸ ਦ੍ਰਿਸ਼ਟੀ ਤੋਂ ਇਹ ਕਿਰਿਆ-ਸ਼ਬਦ ਵਾਕ ਵਿੱਚ ਵਿਧੇਅ ਦੇ ਅਹਿਮ ਹਿੱਸੇ ਵਜੋਂ ਵਿਚਰ ਕੇ ਆਪਣੇ ਵਾਕਾਤਮਿਕ ਕਾਰਜ ਨੂੰ ਪੂਰਾ ਕਰਦੇ ਹਨ। ਸੰਖੇਪ ਰੂਪ ਵਿੱਚ ਅਸੀਂ ਇੰਞ ਵੀ ਕਹਿ ਸਕਦੇ ਹਾਂ ਕਿ ਉਹ ਸ਼ਬਦ ਜਿਸ ਤੋਂ ਕਿਸੇ ਕੰਮ ਦਾ ਹੋਣਾ ਜਾਂ ਕਰਨਾ ਪ੍ਰਗਟ ਹੋਵੇ, ਕਿਰਿਆ ਅਖਵਾਉਂਦਾ ਹੈ, ਜਿਵੇਂ : ਖਾ, ਪੀ, ਜਾ, ਲਿਖ, ਖੇਡਦੀ, ਪੜ੍ਹਦੀ ਆਦਿ।

ਹਰ ਵਾਕ ਵਿੱਚ ਕੋਈ ਨਾ ਕੋਈ ਕਿਰਿਆ ਹੁੰਦੀ ਹੈ। ਬਿਨਾਂ ਕਿਰਿਆ ਤੋਂ ਕਿਸੇ ਵਾਕ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਪੰਜਾਬੀ ਭਾਸ਼ਾ ਦੀ ਵਾਕ-ਬਣਤਰ ਵਿੱਚ ਆਮ ਤੌਰ 'ਤੇ ਕਿਰਿਆ ਵਾਕ ਦੇ ਅੰਤ ਵਿੱਚ ਵਿਚਰਦੀ ਹੈ ਪਰ ਆਮ ਬੋਲ-ਚਾਲ ਵਾਲ਼ੀ ਬੋਲੀ ਵਿੱਚ ਇਸ ਦੇ ਸਥਾਨ ਵਿੱਚ ਤਬਦੀਲੀ ਵੀ ਸੰਭਵ ਹੈ।

ਕਿਰਿਆ ਦੀ ਵੰਡ ਚਾਰ ਤਰ੍ਹਾਂ ਨਾਲ਼ ਕੀਤੀ ਜਾਂਦੀ ਹੈ :

ਪਹਿਲੀ ਪ੍ਰਕਾਰ ਦੀ ਵੰਡ :

1. ਅਕਰਮਕ ਕਿਰਿਆ 2. ਸਕਰਮਕ ਕਿਰਿਆ

ਦੂਜੀ ਪ੍ਰਕਾਰ ਦੀ ਵੰਡ :

1. ਸਧਾਰਨ ਕਿਰਿਆ 2. ਪ੍ਰੇਰਨਾਰਥਕ ਕਿਰਿਆ 3. ਦੂਹਰੀ ਪ੍ਰੇਰਨਾਰਥਕ ਕਿਰਿਆ

ਤੀਜੀ ਪ੍ਰਕਾਰ ਦੀ ਵੰਡ :

1. ਇਕਹਿਰੀ ਕਿਰਿਆ 2. ਸੰਜੁਗਤ ਕਿਰਿਆ

ਚੌਥੀ ਪ੍ਰਕਾਰ ਦੀ ਵੰਡ :

1. ਮੂਲ ਕਿਰਿਆ 2. ਸਹਾਇਕ ਕਿਰਿਆ

## ਪਹਿਲੀ ਪ੍ਰਕਾਰ ਦੀ ਵੰਡ :

**1. ਅਕਰਮਕ ਕਿਰਿਆ :** ਅਕਰਮਕ ਸ਼ਬਦ ਦਾ ਅਰਥ ਹੈ, ਬਿਨਾਂ ਕਰਮ ਤੋਂ। ਵਾਕ ਵਿੱਚ ਜਿਸ ਕਿਰਿਆ ਦਾ ਕਰਮ ਨਾ ਹੋਵੇ ਅਰਥਾਤ ਕਿਰਿਆ ਦਾ ਪ੍ਰਭਾਵ ਕੇਵਲ ਕਰਤਾ ਤੱਕ ਹੀ ਰਹੇ, ਉਸ ਨੂੰ ਅਕਰਮਕ ਕਿਰਿਆ ਕਹਿੰਦੇ ਹਨ।

(ੳ) ਬਾਲ ਹੱਸਦਾ ਹੈ।
(ਅ) ਪੰਛੀ ਉੱਡਦਾ ਹੈ।
(ੲ) ਮੀਂਹ ਵਰ੍ਹਦਾ ਹੈ।
(ਸ) ਮੱਝਾਂ ਨ੍ਹਾਉਂਦੀਆਂ ਹਨ।

ਅਕਰਮਕ ਕਿਰਿਆ ਦੀ ਪਛਾਣ ਇਹ ਹੈ ਕਿ ਇਸ ਦੀ ਕਿਰਿਆ ਤੋਂ ਪਹਿਲਾਂ 'ਕੀ' ਲਾ ਕੇ ਪ੍ਰਸ਼ਨ ਕਰਨ ਨਾਲ਼ ਕੋਈ ਉੱਤਰ ਨਹੀਂ ਨਿਕਲ਼ਦਾ, ਜਿਵੇਂ :

(ੳ) ਬਾਲ ਕੀ ਹੱਸਦਾ ਹੈ ?
(ਅ) ਪੰਛੀ ਕੀ ਉੱਡਦਾ ਹੈ ?
(ੲ) ਮੀਂਹ ਕੀ ਵਰ੍ਹਦਾ ਹੈ ?
(ਸ) ਮੱਝਾਂ ਕੀ ਨ੍ਹਾਉਂਦੀਆਂ ਹਨ ?

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਅਕਰਮਕ ਕਿਰਿਆ ਵਾਲ਼ੇ ਵਾਕਾਂ ਬਾਰੇ ਅਜਿਹਾ ਪ੍ਰਸ਼ਨ ਕਰਨਾ ਹੀ ਨਿਰਮੂਲ ਜਾਪਦਾ ਹੈ।

**2. ਸਕਰਮਕ ਕਿਰਿਆ :** ਜਿਸ ਕਿਰਿਆ ਦਾ ਕਰਤਾ ਅਤੇ ਕਰਮ ਦੋਵੇਂ ਹੋਣ ਭਾਵ ਜਿਸ ਕਿਰਿਆ ਦਾ ਪ੍ਰਭਾਵ ਕਰਤਾ ਤੋਂ ਅੱਗੇ ਕਰਮ ਤੱਕ ਪਹੁੰਚੇ, ਉਸ ਨੂੰ ਸਕਰਮਕ ਕਿਰਿਆ ਕਿਹਾ ਜਾਂਦਾ ਹੈ, ਜਿਵੇਂ :

(ੳ) ਬੱਚੇ ਤਮਾਸ਼ਾ ਵੇਖਦੇ ਹਨ।

(ਅ) ਅਧਿਆਪਕ ਜੀ ਅਖ਼ਬਾਰ ਪੜ੍ਹਦੇ ਹਨ।

(ੲ) ਮਾਤਾ ਜੀ ਰੋਟੀ ਪਕਾਉਂਦੇ ਹਨ।

ਸਕਰਮਕ ਕਿਰਿਆ ਦੇ ਅੱਗੇ 'ਕੀ' ਲਾ ਕੇ ਪ੍ਰਸ਼ਨ ਕੀਤਿਆਂ ਉੱਤਰ ਮਿਲ਼ ਜਾਂਦਾ ਹੈ, ਜਿਵੇਂ :

| | |
|---|---|
| (ੳ) ਬੱਚੇ ਕੀ ਵੇਖਦੇ ਹਨ? | (ਤਮਾਸ਼ਾ) |
| (ਅ) ਅਧਿਆਪਕ ਜੀ ਕੀ ਪੜ੍ਹਦੇ ਹਨ? | (ਅਖ਼ਬਾਰ) |
| (ੲ) ਮਾਤਾ ਜੀ ਕੀ ਪਕਾਉਂਦੇ ਹਨ? | (ਰੋਟੀ) |

## ਦੂਜੀ ਪ੍ਰਕਾਰ ਦੀ ਵੰਡ :

**1. ਸਧਾਰਨ ਕਿਰਿਆ :** ਅਸੀਂ ਪੜ੍ਹਿਆ ਹੈ ਕਿ ਵਾਕ ਵਿੱਚ ਕਿਰਿਆ ਤੋਂ ਕਰਤਾ ਦਾ ਪਤਾ ਲੱਗਦਾ ਹੈ। ਕਿਰਿਆ ਦੇ ਜਿਸ ਰੂਪ ਤੋਂ ਪਤਾ ਲੱਗੇ ਕਿ ਉਸ ਨੂੰ ਕਰਨ ਵਾਲ਼ਾ ਕਰਤਾ ਆਪ ਹੈ, ਉਸ ਕਿਰਿਆ ਨੂੰ ਸਧਾਰਨ ਕਿਰਿਆ ਕਿਹਾ ਜਾਂਦਾ ਹੈ, ਜਿਵੇਂ : ਉਹ ਕਿਤਾਬ ਪੜ੍ਹਦਾ ਹੈ।

**2. ਪ੍ਰੇਰਨਾਰਥਕ ਕਿਰਿਆ :** ਕਿਰਿਆ ਦੇ ਜਿਸ ਰੂਪ ਤੋਂ ਇਹ ਪਤਾ ਲੱਗੇ ਕਿ ਉਸ ਨੂੰ ਕਰਨ ਵਾਲ਼ਾ ਕਰਤਾ ਆਪ ਨਹੀਂ ਸਗੋਂ ਕਿਰਿਆ ਕਿਸੇ ਹੋਰ ਤੋਂ ਕਰਵਾਈ ਜਾਂਦੀ ਹੈ, ਉਸ ਕਿਰਿਆ ਨੂੰ ਪ੍ਰੇਰਨਾਰਥਕ ਕਿਰਿਆ ਕਿਹਾ ਜਾਂਦਾ ਹੈ, ਜਿਵੇਂ : ਪ੍ਰਸਿੱਧ ਗਾਇਕਾ ਸੁਰਿੰਦਰ ਕੌਰ ਦੇ ਪਤੀ ਉਸ ਤੋਂ ਹਰ ਰੋਜ਼ ਰਿਆਜ਼ ਕਰਵਾਉਂਦੇ ਸਨ।

**3. ਦੂਹਰੀ ਪ੍ਰੇਰਨਾਰਥਕ ਕਿਰਿਆ :** ਕਿਰਿਆ ਦੇ ਜਿਸ ਰੂਪ ਤੋਂ ਇਹ ਪਤਾ ਲੱਗੇ ਕਿ ਕਰਤਾ ਕਿਸੇ ਦੂਜੇ ਵਿਅਕਤੀ ਨੂੰ ਪ੍ਰੇਰਨਾ ਦੇ ਕੇ ਉਹ ਕਿਰਿਆ ਕਿਸੇ ਤੀਜੇ ਵਿਅਕਤੀ ਕੋਲ਼ੋਂ ਕਰਵਾਉਣ ਲਈ ਕਹਿੰਦਾ ਹੈ, ਉਸ ਕਿਰਿਆ ਨੂੰ ਦੂਹਰੀ ਪ੍ਰੇਰਨਾਰਥਕ ਕਿਰਿਆ ਕਿਹਾ ਜਾਂਦਾ ਹੈ, ਜਿਵੇਂ : "ਪਿਤਾ ਜੀ! ਮੈਂ ਏਨੇ ਚੰਗੇ ਨੰਬਰਾਂ ਨਾਲ਼ ਨੌਂਵੀਂ ਜਮਾਤ ਪਾਸ ਕਰ ਲਈ ਹੈ, ਹੁਣ ਮੇਰੇ ਲਈ ਦਰਜ਼ੀ ਕੋਲ਼ੋਂ ਇੱਕ ਨਵੀਂ ਵਰਦੀ ਸਵਾ ਦਿਓ। "

**ਕਿਰਿਆ ਦੇ ਇਹਨਾਂ ਤਿੰਨਾਂ ਰੂਪਾਂ ਦੀਆਂ ਉਦਾਹਰਨਾਂ :**

| ਸਧਾਰਨ ਰੂਪ | ਪ੍ਰੇਰਨਾਰਥਕ ਰੂਪ | ਦੂਹਰਾ ਪ੍ਰੇਰਨਾਰਥਕ ਰੂਪ |
|---|---|---|
| ਉੱਕਰਨਾ | ਉਕਰਾਉਣਾ | ਉਕਰਵਾਉਣਾ |
| ਲਿਖਣਾ | ਲਿਖਾਉਣਾ | ਲਿਖਵਾਉਣਾ |
| ਪਕੜਨਾ | ਪਕੜਾਉਣਾ | ਪਕੜਵਾਉਣਾ |
| ਪਿੰਜਣਾ | ਪਿੰਜਾਉਣਾ | ਪਿੰਜਵਾਉਣਾ |
| ਪੜ੍ਹਨਾ | ਪੜ੍ਹਾਉਣਾ | ਪੜ੍ਹਵਾਉਣਾ |
| ਵਿਛਣਾ | ਵਿਛਾਉਣਾ | ਵਿਛਵਾਉਣਾ |

## ਤੀਜੀ ਪ੍ਰਕਾਰ ਦੀ ਵੰਡ :

**1. ਇਕਹਿਰੀ ਕਿਰਿਆ :** ਜਿਸ ਵਾਕ ਵਿੱਚ ਕਿਰਿਆ ਇੱਕ ਸ਼ਬਦ ਦੀ ਹੋਵੇ, ਉਸ ਨੂੰ ਇਕਹਿਰੀ ਕਿਰਿਆ ਕਹਿੰਦੇ ਹਨ, ਜਿਵੇਂ :

(ੳ) ਤੂੰ ਕਿਤਾਬ ਪੜ੍ਹ ।

(ਅ) ਬਲਜੀਤ ਸੇਬ ਖਾ।

ਇਹਨਾਂ ਵਾਕਾਂ ਵਿੱਚ 'ਪੜ੍ਹ' ਅਤੇ 'ਖਾ' ਕਿਰਿਆਵਾਂ ਇੱਕ ਹੀ ਸ਼ਬਦ ਤੋਂ ਬਣੀਆਂ ਹਨ। ਇਸ ਲਈ ਇਹ ਇਕਹਿਰੀਆਂ ਕਿਰਿਆਵਾਂ ਹਨ।

**2. ਸੰਜੁਗਤ ਕਿਰਿਆ :** ਜਦੋਂ ਕਿਸੇ ਕਿਰਿਆ ਦਾ ਰੂਪ ਇੱਕ ਤੋਂ ਵਧੇਰੇ ਕਿਰਿਆ-ਸ਼ਬਦਾਂ ਦੇ ਸੰਜੋਗ ਤੋਂ ਬਣੇ, ਉਸ ਨੂੰ ਸੰਜੁਗਤ ਕਿਰਿਆ ਕਹਿੰਦੇ ਹਨ ।

**ਉਦਾਹਰਨ** :

(ੳ) ਮੈਂ ਹਰ ਰੋਜ਼ **ਖੇਡਿਆ ਕਰਾਂਗਾ**।

(ਅ) ਅੰਦਰ ਆਉਣ ਤੋਂ ਪਹਿਲਾਂ ਤੂੰ **ਘੰਟੀ ਵਜਾ ਦਿਆ ਕਰ।**

ਇਹਨਾਂ ਦੋਂਹਾਂ ਵਾਕਾਂ ਵਿੱਚ ਕਿਰਿਆਵਾਂ ਇੱਕ ਤੋਂ ਵਧੇਰੇ ਸ਼ਬਦਾਂ ਨਾਲ਼ ਬਣੀਆਂ ਹਨ ਇਸ ਲਈ ਇਹ ਸੰਜੁਗਤ ਕਿਰਿਆਵਾਂ ਹਨ।

## ਚੌਥੀ ਪ੍ਰਕਾਰ ਦੀ ਵੰਡ :

**ਮੂਲ ਕਿਰਿਆ ਤੇ ਸਹਾਇਕ ਕਿਰਿਆ** :

(ੳ) ਮਾਤਾ ਜੀ ਮੰਜੇ ਉੱਤੇ **ਬੈਠੇ ਹਨ।**

(ਅ) ਮਾਸਟਰ ਜੀ ਨੇ ਇਹ ਪਾਠ ਕੱਲ੍ਹ **ਪੜ੍ਹਾਇਆ ਸੀ।**

(ੲ) ਖ਼ਾਲੀ ਘੰਟੀ ਵਿੱਚ ਵਿਦਿਆਰਥੀ ਰੌਲ਼ਾ **ਪਾਉਂਦੇ ਸਨ।**

ਇਹਨਾਂ ਵਾਕਾਂ ਵਿੱਚ ਲਕੀਰੇ ਦੋ-ਦੋ ਸ਼ਬਦ ਅਜਿਹੇ ਹਨ ਜਿਨ੍ਹਾਂ ਨੂੰ ਅਸੀਂ ਕਿਰਿਆ ਕਹਿ ਸਕਦੇ ਹਾਂ। ਮੁੱਖ ਮੂਲ ਕਿਰਿਆ ਵਿਚਲਾ ਪਹਿਲਾ ਇੱਕ-ਇੱਕ ਸ਼ਬਦ (ਬੈਠੇ, ਪੜ੍ਹਾਇਆ, ਪਾਉਂਦੇ) ਹੀ ਹੈ। ਦੂਜਾ ਇੱਕ-ਇੱਕ ਸ਼ਬਦ (ਹਨ, ਸੀ, ਸਨ) ਸਹਾਇਕ ਕਿਰਿਆ ਹੈ।

**ਨੋਟ** : ਕੰਮ ਦੇ ਹੋਣ ਜਾਂ ਕਰਨ ਦਾ ਬੋਧ ਇੱਕ ਸ਼ਬਦ ਤੋਂ ਵੀ ਹੋ ਸਕਦਾ ਹੈ, ਜਿਵੇਂ :

1. ਇਹ ਮੇਰੀ ਭੈਣ **ਹੈ।**
2. ਕੁਲਵਿੰਦਰ ਨੇ ਕਿਤਾਬ **ਪੜ੍ਹੀ**।

ਇਹ ਬੋਧ ਦੋ ਜਾਂ ਤਿੰਨ ਸ਼ਬਦਾਂ ਤੋਂ ਵੀ ਹੋ ਸਕਦਾ ਹੈ, ਜਿਵੇਂ :

ਸਕੂਲ **ਲੱਗ ਗਿਆ।** (ਦੋ ਸ਼ਬਦ)

ਮੀਂਹ **ਪੈਂਦਾ ਹੈ।** (ਦੋ ਸ਼ਬਦ)

ਮੁੱਖ ਅਧਿਆਪਕ ਜੀ **ਆ ਗਏ ਹਨ**। (ਤਿੰਨ ਸ਼ਬਦ)

ਬਲਵਿੰਦਰ ਦਸਵੀਂ ਸ਼੍ਰੇਣੀ ਵਿੱਚ **ਪੜ੍ਹਦਾ ਹੁੰਦਾ ਸੀ**। (ਤਿੰਨ ਸ਼ਬਦ)

ਇਹਨਾਂ ਚਾਰ ਵਾਕਾਂ ਵਿੱਚ ਜਿਹੜੇ ਸ਼ਬਦ-ਸਮੂਹਾਂ ਤੋਂ ਕੰਮ ਦੇ ਹੋਣ ਜਾਂ ਕਰਨ ਦਾ ਬੋਧ ਹੋਇਆ ਹੈ, ਉਹ ਕਿਰਿਆ-ਰੂਪ ਅਖਵਾਉਂਦੇ ਹਨ। ਇਹਨਾਂ ਵਿੱਚ ਮੁੱਖ ਕਿਰਿਆ ਕੋਈ ਇੱਕ ਸ਼ਬਦ ਹੀ ਹੈ, ਜਿਵੇਂ : 'ਲੱਗ', 'ਪੈਂਦਾ', 'ਆ', 'ਪੜ੍ਹਦਾ'। ਬਾਕੀ ਸ਼ਬਦ 'ਗਿਆ', 'ਹੈ', 'ਗਏ ਹਨ' ਅਤੇ 'ਹੁੰਦਾ ਸੀ' ਮੁੱਖ ਕਿਰਿਆ ਦੇ ਹਿੱਸੇ ਹਨ। ਪਰ ਆਮ ਤੌਰ 'ਤੇ ਕਿਰਿਆ ਅਤੇ ਕਿਰਿਆ-ਰੂਪ ਵਿੱਚ ਕੋਈ ਭੇਦ ਨਹੀਂ ਮੰਨਿਆ ਜਾਂਦਾ।

**ਵਾਚ :** ਕਿਰਿਆ ਦਾ ਉਹ ਰੂਪ ਜਿਸ ਤੋਂ ਪਤਾ ਲੱਗੇ ਕਿ ਵਾਕ ਵਿੱਚ ਕੌਣ ਪ੍ਰਧਾਨ ਹੈ—ਕਰਤਾ, ਕਰਮ ਜਾਂ ਭਾਵ—ਉਸ ਨੂੰ ਵਾਚ ਕਹਿੰਦੇ ਹਨ। ਵਾਚ ਨੂੰ ਸਮਝਣ ਲਈ ਅੱਗੇ ਲਿਖੇ ਵਾਕਾਂ ਨੂੰ ਧਿਆਨ ਨਾਲ਼ ਪੜ੍ਹਿਆ ਜਾਵੇ :

(ੳ) ਸਾਡੇ ਸਕੂਲ ਨੇ ਮੈਚ ਜਿੱਤਿਆ।
ਮਾਤਾ ਜੀ ਨੇ ਰੋਟੀ ਪਕਾਈ।
ਲੜਕਾ ਸਵਾਲ ਕੱਢੇਗਾ।
ਅਧਿਆਪਕ ਪਾਠ ਪੜ੍ਹਾਵੇਗਾ।

(ਅ) ਦੁੱਧ ਡੁੱਲ੍ਹ ਗਿਆ।
ਮੈਚ ਜਿੱਤ ਲਿਆ ਗਿਆ।
ਰੋਟੀ ਪੱਕ ਗਈ।
ਘਰ-ਘਰ ਦਿਵਾਲ਼ੀ ਮਨਾਈ ਜਾਵੇਗੀ।
ਮੇਰੇ ਕੋਲ਼ੋਂ ਗ਼ਲਤੀ ਹੋ ਗਈ।

(ੲ) ਭੁੱਖੇ ਢਿੱਡ ਹੱਸਿਆ ਨਹੀਂ ਜਾਂਦਾ।
ਖ਼ਾਲੀ ਹੱਥ ਲੜਿਆ ਨਹੀਂ ਜਾਂਦਾ।
ਐਵੇਂ ਹੀ ਨਾ ਤਾਂ ਹੱਸਿਆ ਜਾਂਦਾ ਹੈ, ਨਾ ਰੋਇਆ ਜਾਂਦਾ ਹੈ।

(ੳ) ਵਾਲ਼ੇ ਹਰ ਵਾਕ ਵਿੱਚ ਕਰਤਾ ਪ੍ਰਧਾਨ ਹੈ (ਸਾਡਾ ਸਕੂਲ, ਮਾਤਾ ਜੀ, ਲੜਕਾ, ਅਧਿਆਪਕ)। ਕਿਰਿਆ ਦਾ ਰੂਪ ਵੀ ਕਰਤਾ ਅਨੁਸਾਰ ਹੈ।

(ਅ) ਵਾਲ਼ੇ ਵਾਕਾਂ ਵਿੱਚ ਕਰਮ ਪ੍ਰਧਾਨ ਹੈ (ਦੁੱਧ, ਮੈਚ, ਰੋਟੀ, ਦਿਵਾਲ਼ੀ, ਗ਼ਲਤੀ)। ਇਹਨਾਂ ਵਾਕਾਂ ਵਿੱਚੋਂ ਪਹਿਲੇ ਚਾਰ ਵਾਕਾਂ ਵਿੱਚ ਕਰਤਾ-ਸ਼ਬਦ ਹੀ ਨਹੀਂ ਹੈ। ਉਂਞ ਕਰਤਾ ਦਾ ਅਨੁਮਾਨ ਲਾ ਸਕਦੇ ਹਾਂ ਪਰ ਕਰਤਾ ਪ੍ਰਧਾਨ ਨਹੀਂ ਹੈ। ਪੰਜਵੇਂ ਵਾਕ ਵਿੱਚ ਕਰਤਾ ਹੈ ਪਰ ਉਹ ਵੀ ਪ੍ਰਧਾਨ ਨਹੀਂ ਹੈ। ਇਹਨਾਂ ਵਾਕਾਂ ਵਿੱਚ ਕਿਰਿਆ ਦੇ ਰੂਪ ਕਰਮ ਅਨੁਸਾਰ ਬਣੇ ਹਨ।

(ੲ) ਵਾਲ਼ੇ ਵਾਕਾਂ ਵਿੱਚ ਕਰਤਾ ਤੇ ਕਰਮ ਦੋਵੇਂ ਨਹੀਂ ਹਨ। ਕੇਵਲ ਭਾਵ ਅਨੁਸਾਰ ਕਿਰਿਆ ਹੀ ਪ੍ਰਧਾਨ ਹੈ।

(ੳ) ਵਾਲ਼ੇ ਵਾਕਾਂ ਵਿੱਚ ਕਿਰਿਆ-ਰੂਪਾਂ ਤੋਂ ਪਤਾ ਲੱਗਦਾ ਹੈ ਕਿ ਪ੍ਰਧਾਨ ਕਰਤਾ-ਸ਼ਬਦ ਹਨ। ਇਸ ਲਈ ਵਾਕ ਕਰਤਰੀ ਵਾਚ ਦੇ ਹਨ।

(ਅ) ਵਾਲ਼ੇ ਵਾਕਾਂ ਵਿੱਚ ਕਿਰਿਆ-ਰੂਪਾਂ ਤੋਂ ਪਤਾ ਲੱਗਦਾ ਹੈ ਕਿ ਪ੍ਰਧਾਨ ਕਰਮ-ਸ਼ਬਦ ਹਨ। ਇਸ ਲਈ ਇਹ ਵਾਕ ਕਰਮਣੀ ਵਾਚ ਦੇ ਹਨ।

(ੲ) ਵਾਲ਼ੇ ਵਾਕਾਂ ਵਿੱਚ ਕਿਰਿਆ-ਰੂਪਾਂ ਤੋਂ ਪਤਾ ਲੱਗਦਾ ਹੈ ਕਿ ਪ੍ਰਧਾਨ ਨਾ ਕਰਤਾ ਹੈ, ਨਾ ਕਰਮ ਸਗੋਂ ਭਾਵ ਹੈ। ਇਸ ਲਈ ਇਹ ਵਾਕ ਭਾਵ-ਵਾਚ ਦੇ ਹਨ।

ਇਸ ਪ੍ਰਕਾਰ ਵਾਚ ਤਿੰਨ ਹਨ : **ਕਰਤਰੀ ਵਾਚ, ਕਰਮਣੀ ਵਾਚ, ਭਾਵ-ਵਾਚ।**

ਇੱਥੇ ਇਹ ਧਿਆਨ ਦੇਣ ਦੀ ਗੱਲ ਹੈ ਕਿ (ੳ) ਵਾਲ਼ੇ ਵਾਕਾਂ ਵਿੱਚ ਕਰਤਾ ਦੇ ਲਿੰਗ ਅਤੇ ਵਚਨ ਦਾ ਕਿਰਿਆ ਉੱਤੇ ਪ੍ਰਭਾਵ ਪਿਆ ਹੈ, ਜਿਵੇਂ :

| | |
|---|---|
| ਪੁਲਿੰਗ : | ਅਧਿਆਪਕ ਪਾਠ ਪੜ੍ਹਾਵੇਗਾ। |
| ਇਸਤਰੀ-ਲਿੰਗ : | ਅਧਿਆਪਕਾ ਪਾਠ ਪੜ੍ਹਾਵੇਗੀ। |

(ਅ) ਵਾਲ਼ੇ ਵਾਕਾਂ ਵਿੱਚ ਕਰਮ ਪ੍ਰਧਾਨ ਹੈ। ਇਸ ਲਈ ਕਿਰਿਆ ਦਾ ਰੂਪ ਕਰਮ ਦੇ ਲਿੰਗ ਅਤੇ ਵਚਨ ਅਨੁਸਾਰ ਹੁੰਦਾ ਹੈ, ਜਿਵੇਂ :

| | **ਇੱਕਵਚਨ** | **ਬਹੁਵਚਨ** |
|---|---|---|
| ਪੁਲਿੰਗ : | ਰੋਟ ਪੱਕ ਗਿਆ। | ਰੋਟ ਪੱਕ ਗਏ। |
| ਇਸਤਰੀ-ਲਿੰਗ : | ਰੋਟੀ ਪੱਕ ਗਈ। | ਰੋਟੀਆਂ ਪੱਕ ਗਈਆਂ। |

ਅਜਿਹੇ ਵਾਕਾਂ ਵਿੱਚ ਜੇ ਕਰਤਾ-ਸ਼ਬਦ ਹੋਵੇ ਤਾਂ ਉਸ ਵਿੱਚ ਲਿੰਗ ਜਾਂ ਵਚਨ ਦੀ ਤਬਦੀਲੀ ਕਿਰਿਆ ਉੱਤੇ ਕੋਈ ਅਸਰ ਨਹੀਂ ਪਾਉਂਦੀ, ਜਿਵੇਂ :

| | |
|---|---|
| ਇੱਕਵਚਨ-ਕਰਤਾ : | ਮੈਥੋਂ ਗ਼ਲਤੀ ਹੋ ਗਈ। |
| ਬਹੁਵਚਨ-ਕਰਤਾ : | ਸਾਥੋਂ ਗ਼ਲਤੀ ਹੋ ਗਈ। |
| ਪੁਲਿੰਗ-ਕਰਤਾ : | ਮੁੰਡੇ ਤੋਂ ਗ਼ਲਤੀ ਹੋ ਗਈ। |
| ਇਸਤਰੀ-ਲਿੰਗ ਕਰਤਾ : | ਕੁੜੀ ਤੋਂ ਗ਼ਲਤੀ ਹੋ ਗਈ। |

# ਕਾਲ-ਵੰਡ

ਕਾਲ ਕਿਰਿਆ ਦੀ ਵਿਆਕਰਨਿਕ ਸ਼੍ਰੇਣੀ ਹੈ। ਇਸ ਅਨੁਸਾਰ ਵਿਆਕਰਨ ਵਿੱਚ ਸਮੇਂ ਨੂੰ ਕਾਲ ਕਿਹਾ ਜਾਂਦਾ ਹੈ। ਪੰਜਾਬੀ ਭਾਸ਼ਾ ਦਾ ਕਾਲ-ਪ੍ਰਬੰਧ ਤਿੰਨ ਕਾਲਾਂ : ਭੂਤ-ਕਾਲ (ਬੀਤਿਆ ਸਮਾਂ), ਵਰਤਮਾਨ-ਕਾਲ (ਹੁਣ ਦਾ ਸਮਾਂ), ਭਵਿਖਤ-ਕਾਲ (ਆਉਣ ਵਾਲ਼ਾ ਸਮਾਂ) ਨੂੰ ਦਰਸਾਉਂਦਾ ਹੈ।

ਕਿਸੇ ਵੀ ਕਾਲ ਵਿੱਚ ਕਿਰਿਆ ਦੀ ਅਵਸਥਾ ਕਿਹੜੀ ਹੈ, ਕੀ ਕਿਰਿਆ ਨਿਸ਼ਚਿਤ ਹੈ ਜਾਂ ਅਨਿਸ਼ਚਿਤ, ਪੂਰਨ ਹੈ ਜਾਂ ਅਪੂਰਨ। ਇਸ ਅਵਸਥਾ ਨੂੰ ਪ੍ਰਗਟਾਉਣ ਲਈ ਕਿਰਿਆ ਜਿਹੜਾ ਰੂਪ ਧਾਰਦੀ ਹੈ, ਉਸ ਨੂੰ ਕਿਰਿਆ ਦਾ ਕਾਲ-ਰੂਪ ਕਿਹਾ ਜਾਂਦਾ ਹੈ।

ਉਦਾਹਰਨ ਲਈ 'ਬੱਚਿਆਂ ਨੇ ਜਮਾਤ ਵਿੱਚ ਪਾਠ ਪੜ੍ਹਿਆ' ਵਾਕ ਤੋਂ ਇਹ ਪਤਾ ਲੱਗਦਾ ਹੈ ਕਿ—

1. ਕਿਰਿਆ ਬੀਤੇ ਸਮੇਂ ਵਿੱਚ ਹੋਈ ਅਰਥਾਤ ਕਿਰਿਆ ਦਾ ਇਹ ਰੂਪ ਭੂਤ-ਕਾਲ ਹੈ।

2. ਕਿਰਿਆ ਹੋਈ ਨੂੰ ਕਿੰਨਾ ਸਮਾਂ ਬੀਤਿਆ ਹੈ ਅਰਥਾਤ ਜਮਾਤ ਵਿੱਚ ਇਹ ਪਾਠ ਕਦੋਂ ਪੜ੍ਹਿਆ ਗਿਆ, ਇਹ ਸਪਸ਼ਟ ਨਹੀਂ ਹੈ। ਇਸ ਲਈ ਇਹ ਅਨਿਸ਼ਚਿਤ ਹੈ। ਕਿਰਿਆ ਦੀ ਇਹ ਅਨਿਸ਼ਚਿਤ ਅਵਸਥਾ ਇਸ ਕਿਰਿਆ ਦਾ ਕਾਲ-ਰੂਪ ਹੈ ਅਰਥਾਤ ਇਹ ਅਨਿਸ਼ਚਿਤ ਭੂਤ-ਕਾਲ ਹੈ।

ਭੂਤ-ਕਾਲ ਵਿੱਚ ਕਿਸੇ ਕਿਰਿਆ ਦੇ ਹੋਰ ਕਾਲ-ਰੂਪ ਇਸ ਪ੍ਰਕਾਰ ਹੋ ਸਕਦੇ ਹਨ :

ਬੱਚੇ ਪਾਠ ਪੜ੍ਹ ਚੁੱਕੇ ਸਨ।
ਬੱਚੇ ਪਾਠ ਪੜ੍ਹ ਰਹੇ ਸਨ।
ਬੱਚੇ ਹਰ ਰੋਜ਼ ਪਾਠ ਪੜ੍ਹਦੇ ਰਹੇ ਸਨ।

ਹੇਠ ਲਿਖੀ ਸਾਰਨੀ ਤੋਂ ਪੰਜਾਬੀ ਕਿਰਿਆ ਦੇ ਕਾਲ ਅਤੇ ਕਾਲ-ਰੂਪਾਂ ਨੂੰ ਸਮਝਿਆ ਜਾ ਸਕਦਾ ਹੈ :

**ਭੂਤ-ਕਾਲ :**

**(1) ਅਨਿਸ਼ਚਿਤ ਭੂਤ-ਕਾਲ**

| ਲਿੰਗ: | ਪੁਰਖ | ਇੱਕਵਚਨ | ਬਹੁਵਚਨ |
|---|---|---|---|
| ਪੁਲਿੰਗ: | ਪਹਿਲਾ | ਮੈਂ ਪੜ੍ਹਿਆ | ਅਸੀਂ ਪੜ੍ਹੇ |
| | ਦੂਜਾ | ਤੂੰ ਪੜ੍ਹਿਆ | ਤੁਸੀਂ ਪੜ੍ਹੇ |
| | ਤੀਜਾ | ਉਹ ਪੜ੍ਹਿਆ | ਉਹ ਪੜ੍ਹੇ |
| ਇਸਤਰੀ ਲਿੰਗ : | ਪਹਿਲਾ | ਮੈਂ ਪੜ੍ਹੀ | ਅਸੀਂ ਪੜ੍ਹੀਆਂ |
| | ਦੂਜਾ | ਤੂੰ ਪੜ੍ਹੀ | ਤੁਸੀਂ ਪੜ੍ਹੀਆਂ |
| | ਤੀਜਾ | ਉਹ ਪੜ੍ਹੀ | ਉਹ ਪੜ੍ਹੀਆਂ |

**(2) ਸਧਾਰਨ ਭੂਤ-ਕਾਲ**

| | | | |
|---|---|---|---|
| ਪੁਲਿੰਗ : | ਪਹਿਲਾ | ਮੈਂ ਪੜ੍ਹਦਾ ਸੀ/ਸਾਂ | ਅਸੀਂ ਪੜ੍ਹਦੇ ਸੀ/ਸਾਂ। |
| | ਦੂਜਾ | ਤੂੰ ਪੜ੍ਹਦਾ ਸੀ/ਸੈਂ | ਤੁਸੀਂ ਪੜ੍ਹਦੇ ਸੀ/ਸਓ। |
| | ਤੀਜਾ | ਉਹ ਪੜ੍ਹਦਾ ਸੀ | ਉਹ ਪੜ੍ਹਦੇ ਸੀ/ਸਨ |
| ਇਸਤਰੀ ਲਿੰਗ : | ਪਹਿਲਾ | ਮੈਂ ਪੜ੍ਹਦੀ ਸੀ/ਸਾਂ | ਅਸੀਂ ਪੜ੍ਹਦੀਆਂ ਸੀ/ਸਾਂ। |
| | ਦੂਜਾ | ਤੂੰ ਪੜ੍ਹਦੀ ਸੀ/ਸੈਂ | ਤੁਸੀਂ ਪੜ੍ਹਦੀਆਂ ਸੀ/ਸਓ। |
| | ਤੀਜਾ | ਉਹ ਪੜ੍ਹਦੀ ਸੀ | ਉਹ ਪੜ੍ਹਦੀਆਂ ਸੀ/ਸਨ। |

**(3) ਅਪੂਰਨ ਚਾਲੂ ਭੂਤ-ਕਾਲ**

| | | | |
|---|---|---|---|
| ਪੁਲਿੰਗ : | ਪਹਿਲਾ | ਮੈਂ ਪੜ੍ਹ ਰਿਹਾ ਸੀ/ਸਾਂ | ਅਸੀਂ ਪੜ੍ਹ ਰਹੇ ਸੀ/ਸਾਂ। |
| | ਦੂਜਾ | ਤੂੰ ਪੜ੍ਹ ਰਿਹਾ ਸੀ/ਸੈਂ | ਤੁਸੀਂ ਪੜ੍ਹ ਰਹੇ ਸੀ/ਸਓ |
| | ਤੀਜਾ | ਉਹ ਪੜ੍ਹ ਰਿਹਾ ਸੀ | ਉਹ ਪੜ੍ਹ ਰਹੇ ਸੀ/ਸਨ |

| ਲਿੰਗ: | ਪੁਰਖ | ਇੱਕਵਚਨ | ਬਹੁਵਚਨ |
|---|---|---|---|
| ਇਸਤਰੀ-ਲਿੰਗ : | ਪਹਿਲਾ | ਮੈਂ ਪੜ੍ਹ ਰਹੀ ਸੀ/ਸਾਂ | ਅਸੀਂ ਪੜ੍ਹ ਰਹੀਆਂ ਸੀ/ਸਾਂ। |
| | ਦੂਜਾ | ਤੂੰ ਪੜ੍ਹ ਰਹੀ ਸੀ/ਸੈਂ | ਤੁਸੀਂ ਪੜ੍ਹ ਰਹੀਆਂ ਸੀ/ਸਓ। |
| | ਤੀਜਾ | ਉਹ ਪੜ੍ਹ ਰਹੀ ਸੀ | ਉਹ ਪੜ੍ਹ ਰਹੀਆਂ ਸੀ/ ਸਨ |

**(4) ਅਨਿਸ਼ਚਿਤ ਪੂਰਨ ਭੂਤ-ਕਾਲ**

| | | | |
|---|---|---|---|
| ਪੁਲਿੰਗ : | ਪਹਿਲਾ | ਮੈਂ ਪੜ੍ਹਿਆ ਸੀ/ਸਾਂ | ਅਸੀਂ ਪੜ੍ਹੇ ਸੀ/ਸਾਂ। |
| | ਦੂਜਾ | ਤੂੰ ਪੜ੍ਹਿਆ ਸੀ/ਸੈਂ | ਤੁਸੀਂ ਪੜ੍ਹੇ ਸੀ/ਸਓ |
| | ਤੀਜਾ | ਉਹ ਪੜ੍ਹਿਆ ਸੀ | ਉਹ ਪੜ੍ਹੇ ਸੀ/ਸਨ। |
| ਇਸਤਰੀ-ਲਿੰਗ : | ਪਹਿਲਾ | ਮੈਂ ਪੜ੍ਹੀ ਸੀ/ਸਾਂ। | ਅਸੀਂ ਪੜ੍ਹੇ ਸੀ/ਸਾਂ। |
| | ਦੂਜਾ | ਤੂੰ ਪੜ੍ਹੀ ਸੀ/ਸੈਂ। | ਤੁਸੀਂ ਪੜ੍ਹੀਆਂ ਸੀ/ਸਓ। |
| | ਤੀਜਾ | ਉਹ ਪੜ੍ਹੀ ਸੀ। | ਉਹ ਪੜ੍ਹੀਆਂ ਸੀ/ਸਨ। |

**(5) ਨਿਸ਼ਚਿਤ ਪੂਰਨ ਭੂਤ-ਕਾਲ**

| | | | |
|---|---|---|---|
| ਪੁਲਿੰਗ : | ਪਹਿਲਾ | ਮੈਂ ਪੜ੍ਹ ਚੁੱਕਾ ਸੀ/ਸਾਂ | ਅਸੀਂ ਪੜ੍ਹ ਚੁੱਕੇ ਸੀ/ਸਾਂ। |
| | ਦੂਜਾ | ਤੂੰ ਪੜ੍ਹ ਚੁੱਕਾ ਸੀ/ਸੈਂ | ਤੁਸੀਂ ਪੜ੍ਹੇ ਚੁੱਕੇ ਸੀ/ਸਓ। |
| | ਤੀਜਾ | ਉਹ ਪੜ੍ਹ ਚੁੱਕਾ ਸੀ। | ਉਹ ਪੜ੍ਹ ਚੁੱਕੇ ਸੀ/ਸਨ। |
| ਇਸਤਰੀ-ਲਿੰਗ : | ਪਹਿਲਾ | ਮੈਂ ਪੜ੍ਹ ਚੁੱਕੀ ਸੀ/ਸਾਂ। | ਅਸੀਂ ਪੜ੍ਹ ਚੁੱਕੀਆਂ ਸੀ/ਸਾਂ। |
| | ਦੂਜਾ | ਤੂੰ ਪੜ੍ਹ ਚੁੱਕੀ ਸੀ/ਸੈਂ। | ਤੁਸੀਂ ਪੜ੍ਹ ਚੁੱਕੀਆਂ ਸੀ/ਸਓ। |
| | ਤੀਜਾ | ਉਹ ਪੜ੍ਹ ਚੁੱਕੀ ਸੀ। | ਉਹ ਪੜ੍ਹ ਚੁੱਕੀਆਂ ਸੀ/ਸਨ |

**(6) ਸ਼ਰਤੀ ਭੂਤ-ਕਾਲ**

| | | | |
|---|---|---|---|
| ਪੁਲਿੰਗ : | ਪਹਿਲਾ | ਜੇ ਮੈਂ ਪੜ੍ਹਦਾ। | ਜੇ ਅਸੀਂ ਪੜ੍ਹਦੇ। |
| | ਦੂਜਾ | ਜੇ ਤੂੰ ਪੜ੍ਹਦਾ। | ਜੇ ਤੁਸੀਂ ਪੜ੍ਹਦੇ। |
| | ਤੀਜਾ | ਜੇ ਉਹ ਪੜ੍ਹਦਾ। | ਜੇ ਉਹ ਪੜ੍ਹਦੇ। |
| ਇਸਤਰੀ-ਲਿੰਗ : | ਪਹਿਲਾ | ਜੇ ਮੈਂ ਪੜ੍ਹਦੀ। | ਜੇ ਅਸੀਂ ਪੜ੍ਹਦੀਆਂ। |
| | ਦੂਜਾ | ਜੇ ਤੂੰ ਪੜ੍ਹਦੀ/ਪੜ੍ਹਦੀਓਂ। | ਜੇ ਤੁਸੀਂ ਪੜ੍ਹਦੀਆਂ। |
| | ਤੀਜਾ | ਜੇ ਉਹ ਪੜ੍ਹਦੀ। | ਜੇ ਉਹ ਪੜ੍ਹਦੀਆਂ। |

**ਵਰਤਮਾਨ ਕਾਲ :**

**(7) ਸਧਾਰਨ ਵਰਤਮਾਨ-ਕਾਲ**

| ਲਿੰਗ: | ਪੁਰਖ | ਇੱਕਵਚਨ | ਬਹੁਵਚਨ |
|---|---|---|---|
| ਪੁਲਿੰਗ : | ਪਹਿਲਾ | ਮੈਂ ਪੜ੍ਹਦਾ ਹਾਂ। | ਅਸੀਂ ਪੜ੍ਹਦੇ ਹਾਂ। |
| | ਦੂਜਾ | ਤੂੰ ਪੜ੍ਹਦਾ ਹੈਂ। | ਤੁਸੀਂ ਪੜ੍ਹਦੇ ਹੋ। |
| | ਤੀਜਾ | ਉਹ ਪੜ੍ਹਦਾ ਹੈ। | ਉਹ ਪੜ੍ਹਦੇ ਹਨ। |
| ਇਸਤਰੀ-ਲਿੰਗ : | ਪਹਿਲਾ | ਮੈਂ ਪੜ੍ਹਦੀ ਹਾਂ। | ਅਸੀਂ ਪੜ੍ਹਦੀਆਂ ਹਾਂ। |
| | ਦੂਜਾ | ਤੂੰ ਪੜ੍ਹਦੀ ਹੈਂ। | ਤੁਸੀਂ ਪੜ੍ਹਦੀਆਂ ਹੋ। |
| | ਤੀਜਾ | ਉਹ ਪੜ੍ਹਦੀ ਹੈ। | ਉਹ ਪੜ੍ਹਦੀਆਂ ਹਨ। |

### (8) ਅਪੂਰਨ ਚਾਲੂ ਵਰਤਮਾਨ-ਕਾਲ

| ਲਿੰਗ: | ਪੁਰਖ | ਇੱਕਵਚਨ | ਬਹੁਵਚਨ |
|---|---|---|---|
| ਪੁਲਿੰਗ : | ਪਹਿਲਾ | ਮੈਂ ਪੜ੍ਹ ਰਿਹਾ ਹਾਂ। | ਅਸੀਂ ਪੜ੍ਹ ਰਹੇ ਹਾਂ। |
| | ਦੂਜਾ | ਤੂੰ ਪੜ੍ਹ ਰਿਹਾ ਹੈਂ। | ਤੁਸੀਂ ਪੜ੍ਹ ਰਹੇ ਹੋ। |
| | ਤੀਜਾ | ਉਹ ਪੜ੍ਹ ਰਿਹਾ ਹੈ। | ਉਹ ਪੜ੍ਹ ਰਹੇ ਹਨ। |
| ਇਸਤਰੀ-ਲਿੰਗ : | ਪਹਿਲਾ | ਮੈਂ ਪੜ੍ਹ ਰਹੀ ਹਾਂ। | ਅਸੀਂ ਪੜ੍ਹ ਰਹੀਆਂ ਹਾਂ। |
| | ਦੂਜਾ | ਤੂੰ ਪੜ੍ਹ ਰਹੀ ਹੈਂ। | ਤੁਸੀਂ ਪੜ੍ਹ ਰਹੀਆਂ ਹੋ। |
| | ਤੀਜਾ | ਉਹ ਪੜ੍ਹ ਰਹੀ ਹੈ। | ਉਹ ਪੜ੍ਹ ਰਹੀਆਂ ਹਨ। |

### (9) ਅਨਿਸ਼ਚਿਤ ਪੂਰਨ ਵਰਤਮਾਨ-ਕਾਲ

| | | | |
|---|---|---|---|
| ਪੁਲਿੰਗ : | ਪਹਿਲਾ | ਮੈਂ ਪੜ੍ਹਿਆ ਹਾਂ। | ਅਸੀਂ ਪੜ੍ਹੇ ਹਾਂ। |
| | ਦੂਜਾ | ਤੂੰ ਪੜ੍ਹਿਆ ਹੈਂ। | ਤੁਸੀਂ ਪੜ੍ਹੇ ਹੋ। |
| | ਤੀਜਾ | ਉਹ ਪੜ੍ਹਿਆ ਹੈ। | ਉਹ ਪੜ੍ਹੇ ਹਨ। |
| ਇਸਤਰੀ-ਲਿੰਗ : | ਪਹਿਲਾ | ਮੈਂ ਪੜ੍ਹੀ ਹਾਂ। | ਅਸੀਂ ਪੜ੍ਹੀਆਂ ਹਾਂ। |
| | ਦੂਜਾ | ਤੂੰ ਪੜ੍ਹੀ ਹੈਂ। | ਤੁਸੀਂ ਪੜ੍ਹੀਆਂ ਹੋ। |
| | ਤੀਜਾ | ਉਹ ਪੜ੍ਹੀ ਹੈ। | ਉਹ ਪੜ੍ਹੀਆਂ ਹਨ। |

### (10) ਨਿਸ਼ਚਿਤ ਪੂਰਨ ਵਰਤਮਾਨ-ਕਾਲ

| | | | |
|---|---|---|---|
| ਪੁਲਿੰਗ : | ਪਹਿਲਾ | ਮੈਂ ਪੜ੍ਹ ਚੁੱਕਾ ਹਾਂ। | ਅਸੀਂ ਪੜ੍ਹ ਚੁੱਕੇ ਹਾਂ। |
| | ਦੂਜਾ | ਤੂੰ ਪੜ੍ਹ ਚੁੱਕਾ ਹੈਂ। | ਤੁਸੀਂ ਪੜ੍ਹ ਚੁੱਕੇ ਹੋ। |
| | ਤੀਜਾ | ਉਹ ਪੜ੍ਹ ਚੁੱਕਾ ਹੈ। | ਉਹ ਪੜ੍ਹ ਚੁੱਕੇ ਹਨ। |
| ਇਸਤਰੀ-ਲਿੰਗ : | ਪਹਿਲਾ | ਮੈਂ ਪੜ੍ਹ ਚੁੱਕੀ ਹਾਂ। | ਅਸੀਂ ਪੜ੍ਹ ਚੁੱਕੀਆਂ ਹਾਂ। |
| | ਦੂਜਾ | ਤੂੰ ਪੜ੍ਹ ਚੁੱਕੀ ਹੈਂ। | ਤੁਸੀਂ ਪੜ੍ਹ ਚੁੱਕੀਆਂ ਹੋ। |
| | ਤੀਜਾ | ਉਹ ਪੜ੍ਹ ਚੁੱਕੀ ਹੈ। | ਉਹ ਪੜ੍ਹ ਚੁੱਕੀਆਂ ਹਨ। |

### (11) ਸ਼ਰਤੀ ਵਰਤਮਾਨ-ਕਾਲ

| | | | |
|---|---|---|---|
| ਪੁਲਿੰਗ : | ਪਹਿਲਾ | ਜੇ ਮੈਂ ਪੜ੍ਹਾਂ। | ਜੇ ਅਸੀਂ ਪੜ੍ਹੀਏ। |
| | ਦੂਜਾ | ਜੇ ਤੂੰ ਪੜ੍ਹੇਂ। | ਜੇ ਤੁਸੀਂ ਪੜ੍ਹੋ। |
| | ਤੀਜਾ | ਜੇ ਉਹ ਪੜ੍ਹੇ। | ਜੇ ਉਹ ਪੜ੍ਹਨ। |
| ਇਸਤਰੀ-ਲਿੰਗ : | ਪਹਿਲਾ | ਜੇ ਮੈਂ ਪੜ੍ਹਾਂ। | ਜੇ ਅਸੀਂ ਪੜ੍ਹੀਏ। |
| | ਦੂਜਾ | ਜੇ ਤੂੰ ਪੜ੍ਹੇਂ। | ਜੇ ਤੁਸੀਂ ਪੜ੍ਹੋ। |
| | ਤੀਜਾ | ਜੇ ਉਹ ਪੜ੍ਹੇ। | ਜੇ ਉਹ ਪੜ੍ਹਨ। |

### (12) ਹੁਕਮੀ ਵਰਤਮਾਨ-ਕਾਲ

| | | | |
|---|---|---|---|
| ਪੁਲਿੰਗ : | ਪਹਿਲਾ | ਮੈਂ ਪੜ੍ਹਾਂ। | ਅਸੀਂ ਪੜ੍ਹੀਏ। |
| | ਦੂਜਾ | ਤੂੰ ਪੜ੍ਹ। | ਤੁਸੀਂ ਪੜ੍ਹੋ। |
| | ਤੀਜਾ | ਉਹ ਪੜ੍ਹੇ। | ਉਹ ਪੜ੍ਹਨ। |
| ਇਸਤਰੀ-ਲਿੰਗ : | ਪਹਿਲਾ | ਮੈਂ ਪੜ੍ਹਾਂ। | ਅਸੀਂ ਪੜ੍ਹੀਏ। |
| | ਦੂਜਾ | ਤੂੰ ਪੜ੍ਹ। | ਤੁਸੀਂ ਪੜ੍ਹੋ। |
| | ਤੀਜਾ | ਉਹ ਪੜ੍ਹੇ। | ਉਹ ਪੜ੍ਹਨ। |

## ਭਵਿਖਤ ਕਾਲ :

### (13) ਸਧਾਰਨ ਭਵਿਖਤ-ਕਾਲ

| ਲਿੰਗ: | ਪੁਰਖ | ਇੱਕਵਚਨ | ਬਹੁਵਚਨ |
|---|---|---|---|
| ਪੁਲਿੰਗ : | ਪਹਿਲਾ | ਮੈਂ ਪੜ੍ਹਾਂਗਾ। | ਅਸੀਂ ਪੜ੍ਹਾਂਗੇ। |
| | ਦੂਜਾ | ਤੂੰ ਪੜ੍ਹੇਂਗਾ। | ਤੁਸੀਂ ਪੜ੍ਹੋਗੇ। |
| | ਤੀਜਾ | ਉਹ ਪੜ੍ਹੇਗਾ। | ਉਹ ਪੜ੍ਹਨਗੇ। |
| ਇਸਤਰੀ-ਲਿੰਗ : | ਪਹਿਲਾ | ਮੈਂ ਪੜ੍ਹਾਂਗੀ। | ਅਸੀਂ ਪੜ੍ਹਾਂਗੀਆਂ। |
| | ਦੂਜਾ | ਤੂੰ ਪੜ੍ਹੇਂਗੀ। | ਤੁਸੀਂ ਪੜ੍ਹੋਗੀਆਂ। |
| | ਤੀਜਾ | ਉਹ ਪੜ੍ਹੇਗੀ। | ਉਹ ਪੜ੍ਹਨਗੀਆਂ। |

### (14) ਅਪੂਰਨ ਚਾਲੂ ਭਵਿਖਤ-ਕਾਲ

| | | | |
|---|---|---|---|
| ਪੁਲਿੰਗ : | ਪਹਿਲਾ | ਮੈਂ ਪੜ੍ਹ ਰਿਹਾ ਹੋਵਾਂਗਾ। | ਅਸੀਂ ਪੜ੍ਹ ਰਹੇ ਹੋਵਾਂਗੇ। |
| | ਦੂਜਾ | ਤੂੰ ਪੜ੍ਹ ਰਿਹਾ ਹੋਵੇਂਗਾ। | ਤੁਸੀਂ ਪੜ੍ਹ ਰਹੇ ਹੋਵੋਗੇ। |
| | ਤੀਜਾ | ਉਹ ਪੜ੍ਹ ਰਿਹਾ ਹੋਵੇਗਾ। | ਉਹ ਪੜ੍ਹ ਰਹੇ ਹੋਣਗੇ। |
| ਇਸਤਰੀ-ਲਿੰਗ : | ਪਹਿਲਾ | ਮੈਂ ਪੜ੍ਹ ਰਹੀ ਹੋਵਾਂਗੀ। | ਅਸੀਂ ਪੜ੍ਹ ਰਹੀਆਂ ਹੋਵਾਂਗੀਆਂ। |
| | ਦੂਜਾ | ਤੂੰ ਪੜ੍ਹ ਰਹੀ ਹੋਵੇਂਗੀ। | ਤੁਸੀਂ ਪੜ੍ਹ ਰਹੀਆਂ ਹੋਵੋਗੀਆਂ। |
| | ਤੀਜਾ | ਉਹ ਪੜ੍ਹ ਰਹੀ ਹੋਵੇਗੀ। | ਉਹ ਪੜ੍ਹ ਰਹੀਆਂ ਹੋਣਗੀਆਂ। |

### (15) ਚਾਲੂ ਭਵਿਖਤ-ਕਾਲ

| | | | |
|---|---|---|---|
| ਪੁਲਿੰਗ : | ਪਹਿਲਾ | ਮੈਂ ਪੜ੍ਹਦਾ ਹੋਵਾਂਗਾ। | ਅਸੀਂ ਪੜ੍ਹਦੇ ਹੋਵਾਂਗੇ। |
| | ਦੂਜਾ | ਤੂੰ ਪੜ੍ਹਦਾ ਹੋਵੇਂਗਾ। | ਤੁਸੀਂ ਪੜ੍ਹਦੇ ਹੋਵੋਗੇ। |
| | ਤੀਜਾ | ਉਹ ਪੜ੍ਹਦਾ ਹੋਵੇਗਾ। | ਉਹ ਪੜ੍ਹਦੇ ਹੋਣਗੇ। |
| ਇਸਤਰੀ-ਲਿੰਗ : | ਪਹਿਲਾ | ਮੈਂ ਪੜ੍ਹਦੀ ਹੋਵਾਂਗੀ। | ਅਸੀਂ ਪੜ੍ਹਦੀਆਂ ਹੋਵਾਂਗੀਆਂ। |
| | ਦੂਜਾ | ਤੂੰ ਪੜ੍ਹਦੀ ਹੋਵੇਂਗੀ। | ਤੁਸੀਂ ਪੜ੍ਹਦੀਆਂ ਹੋਵੋਗੀਆਂ। |
| | ਤੀਜਾ | ਉਹ ਪੜ੍ਹਦੀ ਹੋਵੇਗੀ। | ਉਹ ਪੜ੍ਹਦੀਆਂ ਹੋਣਗੀਆਂ। |

### (16) ਨਿਸ਼ਚਿਤ ਪੂਰਨ ਭਵਿਖਤ-ਕਾਲ

| ਲਿੰਗ: | ਪੁਰਖ | ਇੱਕਵਚਨ | ਬਹੁਵਚਨ |
|---|---|---|---|
| ਪੁਲਿੰਗ : | ਪਹਿਲਾ | ਮੈਂ ਪੜ੍ਹ ਚੁੱਕਾ ਹੋਵਾਂਗਾ। | ਅਸੀਂ ਪੜ੍ਹ ਚੁੱਕੇ ਹੋਵਾਂਗੇ। |
| | ਦੂਜਾ | ਤੂੰ ਪੜ੍ਹ ਚੁੱਕਾ ਹੋਵੇਂਗਾ। | ਤੁਸੀਂ ਪੜ੍ਹ ਚੁੱਕੇ ਹੋਵੋਗੇ। |
| | ਤੀਜਾ | ਉਹ ਪੜ੍ਹ ਚੁੱਕਾ ਹੋਵੇਗਾ। | ਉਹ ਪੜ੍ਹ ਚੁੱਕੇ ਹੋਣਗੇ। |
| ਇਸਤਰੀ-ਲਿੰਗ : | ਪਹਿਲਾ | ਮੈਂ ਪੜ੍ਹ ਚੁੱਕੀ ਹੋਵਾਂਗੀ। | ਅਸੀਂ ਪੜ੍ਹ ਚੁੱਕੀਆਂ ਹੋਵਾਂਗੀਆਂ। |
| | ਦੂਜਾ | ਤੂੰ ਪੜ੍ਹ ਚੁੱਕੀ ਹੋਵੇਂਗੀ। | ਤੁਸੀਂ ਪੜ੍ਹ ਚੁੱਕੀਆਂ ਹੋਵੋਗੀਆਂ। |
| | ਤੀਜਾ | ਉਹ ਪੜ੍ਹ ਚੁੱਕੀ ਹੋਵੇਗੀ। | ਉਹ ਪੜ੍ਹ ਚੁੱਕੀਆਂ ਹੋਣਗੀਆਂ। |

### (17) ਸ਼ਰਤੀ ਭਵਿਖਤ-ਕਾਲ

| | | | |
|---|---|---|---|
| ਪੁਲਿੰਗ : | ਪਹਿਲਾ | ਜੇ ਮੈਂ ਪੜ੍ਹਦਾ ਹੋਵਾਂ। | ਜੇ ਅਸੀਂ ਪੜ੍ਹਦੇ ਹੋਈਏ। |
| | ਦੂਜਾ | ਜੇ ਤੂੰ ਪੜ੍ਹਦਾ ਹੋਵੇਂ। | ਜੇ ਤੁਸੀਂ ਪੜ੍ਹਦੇ ਹੋਵੋ। |
| | ਤੀਜਾ | ਜੇ ਉਹ ਪੜ੍ਹਦਾ ਹੋਵੇ। | ਜੇ ਉਹ ਪੜ੍ਹਦੇ ਹੋਣ। |

| | | | |
|---|---|---|---|
| ਇਸਤਰੀ-ਲਿੰਗ : | ਪਹਿਲਾ | ਜੇ ਮੈਂ ਪੜ੍ਹਦੀ ਹੋਵਾਂ। | ਜੇ ਅਸੀਂ ਪੜ੍ਹਦੀਆਂ ਹੋਈਏ। |
| | ਦੂਜਾ | ਜੇ ਤੂੰ ਪੜ੍ਹਦੀ ਹੋਵੇਂ। | ਜੇ ਤੁਸੀਂ ਪੜ੍ਹਦੀਆਂ ਹੋਵੋ। |
| | ਤੀਜਾ | ਜੇ ਉਹ ਪੜ੍ਹਦੀ ਹੋਵੇ। | ਜੇ ਉਹ ਪੜ੍ਹਦੀਆਂ ਹੋਣ। |

## ਅਭਿਆਸ

1. ਕਿਰਿਆ ਕਿਸ ਨੂੰ ਆਖਦੇ ਹਨ ?
2. ਕਿਰਿਆ-ਸ਼ਬਦਾਂ ਦੀ ਵੰਡ ਕਿੰਨੀ ਤਰ੍ਹਾਂ ਕੀਤੀ ਜਾ ਸਕਦੀ ਹੈ ?
3. ਅਕਰਮਕ ਅਤੇ ਸਕਰਮਕ ਕਿਰਿਆ ਕਿਸ ਨੂੰ ਕਹਿੰਦੇ ਹਨ ? ਉਦਾਹਰਨਾਂ ਸਹਿਤ ਦੱਸੋ।
4. ਪ੍ਰੇਰਨਾਰਥਕ ਕਿਰਿਆ ਅਤੇ ਦੂਹਰੀ ਪ੍ਰੇਰਨਾਰਥਕ ਕਿਰਿਆ ਵਿੱਚ ਕੀ ਅੰਤਰ ਹੈ ? ਉਦਾਹਰਨਾਂ ਸਹਿਤ ਦੱਸੋ।
5. ਸੰਜੁਗਤ ਕਿਰਿਆ, ਇਕਹਿਰੀ ਕਿਰਿਆ ਨਾਲ਼ੋਂ ਕਿਵੇਂ ਵੱਖਰੀ ਹੈ ? ਉਦਾਹਰਨਾਂ ਦੇ ਕੇ ਦੱਸੋ।
6. ਹੇਠ ਲਿਖੇ ਵਾਕਾਂ ਵਿੱਚ ਮੂਲ ਕਿਰਿਆ ਅਤੇ ਸਹਾਇਕ ਕਿਰਿਆ-ਸ਼ਬਦ ਚੁਣੋ :
   (ੳ) ਪੰਜਾਬੀ ਵਾਲ਼ੇ ਅਧਿਆਪਕ ਬਹੁਤ ਚੰਗਾ ਪੜ੍ਹਾਉਂਦੇ ਹਨ।
   (ਅ) ਛੁੱਟੀਆਂ ਵਿੱਚ ਮੈਂ ਖ਼ੂਬ ਖੇਡਦਾ ਸਾਂ।
   (ੲ) ਤੁਸੀਂ ਕਿੱਥੋਂ ਆਏ ਹੋ ?
7. ਵਾਚ ਕਿਸ ਨੂੰ ਆਖਦੇ ਹਨ ?
8. ਪੰਜਾਬੀ ਵਿੱਚ ਵਾਚ ਕਿਹੜੇ-ਕਿਹੜੇ ਹਨ ?
9. ਕਰਤਰੀ ਵਾਚ ਅਤੇ ਕਰਮਣੀ ਵਾਚ ਵਿੱਚ ਕੀ ਅੰਤਰ ਹੁੰਦਾ ਹੈ ?
10. ਕਰਮਣੀ ਵਾਚ ਵਿੱਚ ਕਿਰਿਆ ਦਾ ਰੂਪ ਕਿਹੜੇ ਸ਼ਬਦ ਅਨੁਸਾਰ ਹੁੰਦਾ ਹੈ ?
11. ਹੇਠ ਲਿਖੇ ਵਾਕਾਂ ਵਿੱਚ ਕਿਰਿਆ-ਰੂਪ ਦਾ ਕਿਹੜਾ-ਕਿਹੜਾ ਵਾਚ ਹੈ ?
    (ੳ) ਮੈਥੋਂ ਮੰਦਾ-ਚੰਗਾ ਬੋਲਿਆ ਗਿਆ।
    (ਅ) ਮੰਦਾ-ਚੰਗਾ ਐਵੇਂ ਹੀ ਨਹੀਂ ਬੋਲਿਆ ਜਾਂਦਾ।
    (ੲ) ਕਈ ਲੋਕ ਚੰਗਾ ਖਾਂਦੇ ਪਰ ਮੰਦਾ ਬੋਲਦੇ ਹਨ।
12. (ੳ) ਕਾਲ ਕਿਸ ਨੂੰ ਕਹਿੰਦੇ ਹਨ ?
    (ਅ) ਮੁੱਖ ਕਾਲ ਕਿਹੜੇ-ਕਿਹੜੇ ਹਨ ?
    (ੲ) ਵਰਤਮਾਨ ਕਾਲ ਵਿੱਚ 'ਮੈਂ ਖੇਡਦਾ ਹਾਂ', ਦੇ ਲਿੰਗ, ਵਚਨ ਅਤੇ ਪੁਰਖ ਅਨੁਸਾਰ ਕਿਹੜੇ-ਕਿਹੜੇ ਕਾਲ-ਰੂਪ ਬਣਦੇ ਹਨ? ਸਾਰਨੀ ਬਣਾ ਕੇ ਦੱਸੋ।
13. ਹੇਠ ਲਿਖੇ ਵਾਕਾਂ ਵਿੱਚ ਕਿਰਿਆ ਦਾ ਕਾਲ-ਰੂਪ ਦੱਸੋ :
    (ੳ) ਉਹ ਪੜ੍ਹਦਾ ਸੀ।
    (ਅ) ਅਸੀਂ ਪੜ੍ਹਦੇ ਹਾਂ।
    (ੲ) ਜੇ ਮੈਂ ਪੜ੍ਹਾਂ।
    (ਸ) ਉਹ ਪੜ੍ਹੀਆਂ ਸਨ।

* * *

# ਕਿਰਿਆ-ਵਿਸ਼ੇਸ਼ਣ

ਵਾਕ ਵਿੱਚ ਕਿਰਿਆ ਦੀ ਵਿਸ਼ੇਸ਼ਤਾ ਪ੍ਰਗਟ ਕਰਨ ਵਾਲ਼ੇ ਸ਼ਬਦ ਨੂੰ ਕਿਰਿਆ-ਵਿਸ਼ੇਸ਼ਣ ਆਖਦੇ ਹਨ। ਇਹ ਉਹ ਸ਼ਬਦ ਹੁੰਦੇ ਹਨ ਜੋ ਕਿਰਿਆ-ਸ਼ਬਦਾਂ ਨੂੰ ਕਈ ਪੱਖਾਂ ਤੋਂ ਪ੍ਰਭਾਵਿਤ ਕਰਦੇ ਹਨ। ਕਿਰਿਆ-ਵਿਸ਼ੇਸ਼ਣ ਇੱਕ-ਸ਼ਬਦੀ ਵੀ ਹੋ ਸਕਦਾ ਹੈ ਤੇ ਸ਼ਬਦਾਂ ਦਾ ਸਮੂਹ ਵੀ ਹੋ ਸਕਦਾ ਹੈ। ਉਦਾਹਰਨ ਲਈ ਹੇਠ ਲਿਖੇ ਵਾਕਾਂ ਵਿੱਚ ਲਕੀਰੇ ਸ਼ਬਦਾਂ ਨੂੰ ਵੇਖਿਆ ਜਾ ਸਕਦਾ ਹੈ :

1. ਉਹ ਇੱਥੋਂ ਹੁਣੇ ਗਿਆ ਹੈ।
2. ਰਾਮ ਬਹੁਤ ਹੌਲ਼ੀ-ਹੌਲ਼ੀ ਤੁਰ ਰਿਹਾ ਸੀ।
3. ਉਹ ਬਿਲਕੁਲ ਸਾਡੇ ਸਾਹਮਣੇ ਬੈਠਾ ਸੀ।
4. ਉਹ ਹਰ ਰੋਜ਼ ਸਵੇਰੇ ਜਲਦੀ ਉੱਠ ਕੇ ਸਕੂਲ ਦਾ ਕੰਮ ਕਰਦਾ ਸੀ।
5. ਅੱਜ ਸ਼ਾਮ ਪੰਜ ਵੱਜ ਕੇ ਪੈਂਤੀ ਮਿੰਟ ਉੱਤੇ ਮੁਹਾਲ਼ੀ ਦੇ ਕ੍ਰਿਕਟ-ਸਟੇਡੀਅਮ ਤੋਂ ਟੀ.ਵੀ. ਉੱਤੇ ਮੈਚ ਦਾ ਸਿੱਧਾ ਪ੍ਰਸਾਰਨ ਦਿਖਾਇਆ ਜਾਵੇਗਾ।

ਇਹਨਾਂ ਵਾਕਾਂ ਵਿੱਚ ਲਕੀਰੇ ਸ਼ਬਦ ਕਿਰਿਆ ਦੇ ਕੰਮ ਦਾ ਸਮਾਂ, ਥਾਂ- ਟਿਕਾਣਾ, ਕਿਰਿਆ ਦੇ ਕੰਮ ਦੀ ਪ੍ਰਕਾਰ, ਆਦਿ ਨੂੰ ਪ੍ਰਗਟ ਕਰਦੇ ਹਨ। ਕਿਰਿਆ-ਵਿਸ਼ੇਸ਼ਣ ਬੇਸ਼ੱਕ ਕਿਰਿਆ ਦੇ ਨਾਲ਼ ਆ ਕੇ ਉਸ ਦੀ ਵਿਸ਼ੇਸ਼ਤਾ ਨੂੰ ਪ੍ਰਗਟਾਉਂਦੇ ਹਨ ਪਰ ਕਈ ਵਾਰ ਇਹਨਾਂ ਦਾ ਸਥਾਨ ਨਿਸ਼ਚਿਤ ਨਹੀਂ ਹੁੰਦਾ। ਅਰਥ ਦੇ ਆਧਾਰ ਉੱਤੇ ਕਿਰਿਆ-ਵਿਸ਼ੇਸ਼ਣ ਸ਼ਬਦ ਦੇ ਅੱਠ ਭੇਦ ਬਣਦੇ ਹਨ :

1. ਕਾਲਵਾਚਕ ਕਿਰਿਆ-ਵਿਸ਼ੇਸ਼ਣ
2. ਸਥਾਨਵਾਚਕ ਕਿਰਿਆ-ਵਿਸ਼ੇਸ਼ਣ
3. ਪ੍ਰਕਾਰ/ਵਿਧੀਵਾਚਕ ਕਿਰਿਆ-ਵਿਸ਼ੇਸ਼ਣ
4. ਕਾਰਨਵਾਚਕ ਕਿਰਿਆ-ਵਿਸ਼ੇਸ਼ਣ
5. ਪਰਿਮਾਣ/ਮਾਤਰਾਵਾਚਕ ਕਿਰਿਆ-ਵਿਸ਼ੇਸ਼ਣ
6. ਸੰਖਿਆਵਾਚਕ ਕਿਰਿਆ-ਵਿਸ਼ੇਸ਼ਣ
7. ਨਿਰਨਾਵਾਚਕ ਕਿਰਿਆ-ਵਿਸ਼ੇਸ਼ਣ
8. ਨਿਸ਼ਚੇਵਾਚਕ ਕਿਰਿਆ-ਵਿਸ਼ੇਸ਼ਣ

**1. ਕਾਲਵਾਚਕ ਕਿਰਿਆ-ਵਿਸ਼ੇਸ਼ਣ :** ਜਿਸ ਸ਼ਬਦ ਤੋਂ ਕਿਰਿਆ ਦੇ ਹੋਣ ਦੇ ਸਮੇਂ ਦਾ ਪਤਾ ਲੱਗਦਾ ਹੈ, ਉਸ ਨੂੰ ਕਾਲਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ :

(ੳ) ਅੱਜ, ਕੱਲ੍ਹ, ਪਰਸੋਂ, ਹੁਣੇ, ਤੁਰੰਤ, ਉਪਰੰਤ, ਭਲ਼ਕੇ, ਸਵੇਰੇ, ਸੰਦੇਹਾਂ, ਰਾਤੀਂ, ਪੰਜ ਵਜੇ, ਐਤਵਾਰ ਨੂੰ, ਕਦੋਂ, ਕਿੱਦਣ, ਕਦੇ, ਜਦ, ਜਦੋਂ, ਉਦੋਂ, ਓਦਣ ਆਦਿ।

(ਅ) ਚਾਰ ਘੰਟੇ, ਸਾਰੀ ਦੁਪਹਿਰ, ਦੋ ਸਾਲ, ਰਾਤੋ-ਰਾਤ, ਹਮੇਸ਼ਾਂ, ਮੰਗਲ਼ਵਾਰ ਤੱਕ, ਲਗਾਤਾਰ, ਦਿਨ-ਰਾਤ, ਉਦੋਂ ਤੱਕ, ਬੁੱਧਵਾਰ ਤੋਂ ਐਤਵਾਰ ਤੱਕ ਆਦਿ।

(ੲ) ਹਰ ਰੋਜ਼, ਹਰ ਮਹੀਨੇ, ਦਿਨੋ-ਦਿਨ, ਹਾੜ੍ਹੀ-ਸਾਉਣੀ, ਕਦੇ-ਕਦਾਈਂ, ਘੜੀ-ਮੁੜੀ, ਵਾਰ-ਵਾਰ, ਹਮੇਸ਼ਾਂ ਆਦਿ।

ਇਹ ਸਾਰੇ ਸ਼ਬਦ ਕਾਲਵਾਚਕ ਕਿਰਿਆ-ਵਿਸ਼ੇਸ਼ਣ ਸ਼੍ਰੇਣੀ ਤਹਿਤ ਆਉਂਦੇ ਹਨ। ਇਹ ਸਮੇਂ ਦੇ ਵੱਖ-ਵੱਖ

ਪਹਿਲੂਆਂ ਨੂੰ ਉਜਾਗਰ ਕਰਦੇ ਹਨ। ਇਹਨਾਂ ਕਿਰਿਆ-ਵਿਸ਼ੇਸ਼ਣਾਂ ਵਿੱਚੋਂ ਕੁਝ ਦੀ ਵਾਕਾਂ ਵਿੱਚ ਵਰਤੋਂ ਹੇਠਾਂ ਦਿੱਤੀ ਜਾਂਦੀ ਹੈ :

(ੳ) ਇਸ ਸ਼੍ਰੇਣੀ ਵਿਚਲੇ ਸ਼ਬਦ ਨਿਸ਼ਚਿਤ ਸਮੇਂ ਬਾਰੇ ਜਾਣਕਾਰੀ ਦੇ ਰਹੇ ਹਨ :

ਮੈਂ ਪਿੰਡ ਕੱਲ੍ਹ ਜਾਵਾਂਗਾ।

ਇਹ ਕੰਮ ਹੁਣੇ ਹੋ ਜਾਣਾ ਚਾਹੀਦਾ ਹੈ।

ਉਹ ਇੱਥੋਂ ਕਦੋਂ ਗਿਆ ਹੈ ?

(ਅ) ਇਸ ਸ਼੍ਰੇਣੀ ਵਿਚਲੇ ਕਿਰਿਆ-ਵਿਸ਼ੇਸ਼ਣ ਸ਼ਬਦ ਇਸ ਪੱਖ ਨੂੰ ਪੇਸ਼ ਕਰਦੇ ਹਨ ਕਿ ਕਿਰਿਆ ਨੂੰ ਵਾਪਰਨ ਲਈ ਕਿੰਨਾ ਸਮਾਂ ਲੱਗਿਆ :

ਉਹ ਲਗਾਤਾਰ ਬੈਠਾ ਪੜ੍ਹਦਾ ਰਹਿੰਦਾ ਸੀ।

ਪ੍ਰੋ. ਪੂਰਨ ਸਿੰਘ ਨੇ ਬਹੁਤ ਸਾਰੇ ਲੇਖ ਰਾਤੋ-ਰਾਤ ਲਿਖੇ ਸਨ।

(ੲ) ਇਸ ਸ਼੍ਰੇਣੀ ਵਿਚਲੇ ਕਿਰਿਆ-ਵਿਸ਼ੇਸ਼ਣ ਸ਼ਬਦ ਕਿਰਿਆ ਨੂੰ ਦੁਹਰਾਏ ਜਾਣ ਵਾਲ਼ੇ ਪੱਖ ਬਾਰੇ ਦੱਸਦੇ ਹਨ :

ਉਹ ਕਦੀ-ਕਦਾਈਂ ਹੀ ਇੱਥੇ ਆਉਂਦਾ ਸੀ।

ਉਹ ਹਰ-ਰੋਜ਼ ਕਈ-ਕਈ ਘੰਟੇ ਟੀ.ਵੀ. ਦੇਖਦਾ ਸੀ।

**2. ਸਥਾਨਵਾਚਕ ਕਿਰਿਆ-ਵਿਸ਼ੇਸ਼ਣ :** ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਹੋਣ ਦੇ ਸਥਾਨ ਦਾ ਪਤਾ ਲੱਗਦਾ ਹੈ, ਉਸ ਨੂੰ ਸਥਾਨਵਾਚਕ ਕਿਰਿਆ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ : ਇੱਥੇ, ਉੱਥੇ, ਅੰਦਰ-ਬਾਹਰ, ਹੇਠ, ਉੱਤੇ, ਦੂਰ, ਲਾਗੇ, ਕੋਲ਼, ਉਰੇ, ਅੰਦਰ, ਬਾਹਰ, ਹੇਠਾਂ, ਨੇੜੇ, ਸੱਜੇ, ਖੱਬੇ, ਪਰੇ, ਪਾਸ, ਇੱਧਰ, ਉੱਧਰ, ਜਿੱਧਰ, ਉਰ੍ਹਾਂ, ਪਰ੍ਹਾਂ, ਇੱਥੇ, ਉੱਥੇ, ਅੱਗੇ, ਪਿੱਛੇ, ਸਾਮ੍ਹਣੇ, ਕਿਧਰੇ-ਕਿਧਰੇ, ਪਟਿਆਲ਼ੇ, ਮੈਦਾਨ, ਸ਼ਹਿਰ, ਘਰ ਆਦਿ।

(ੳ) ਇਸ ਸ਼੍ਰੇਣੀ ਵਿੱਚ ਕੁਝ ਇਸ ਤਰ੍ਹਾਂ ਦੇ ਕਿਰਿਆ-ਵਿਸ਼ੇਸ਼ਣ ਵਿਚਰਦੇ ਹਨ ਜਿਹੜੇ ਕਿਸੇ ਖ਼ਾਸ ਪਾਸੇ ਜਾਣ ਦੀ ਹਾਲਤ ਦਰਸਾਉਣ ਲਈ ਵਰਤੇ ਜਾਂਦੇ ਹਨ, ਜਿਵੇਂ; ਇੱਧਰੋਂ-ਉੱਧਰੋਂ, ਸਕੂਲੋਂ, ਘਰੋਂ, ਸੱਜਿਓਂ-ਖੱਬਿਓਂ ਆਦਿ।

(ੳ) ਅਸੀਂ ਪਟਿਆਲ਼ੇ ਰਹਿੰਦੇ ਹਾਂ।

(ਅ) ਬੱਚੇ ਮੈਦਾਨ ਵਿੱਚ ਖੇਡ ਰਹੇ ਹਨ।

(ੲ) ਉਹ ਸ਼ਹਿਰ ਜਾ ਰਿਹਾ ਹੈ।

(ਸ) ਉਹ ਅੰਦਰ ਬੈਠਾ ਟੀ.ਵੀ. ਦੇਖ ਰਿਹਾ ਹੈ।

(ਅ) ਉਪਰੋਕਤ ਉਦਾਹਰਨਾਂ ਵਿਚਲੇ ਕਿਰਿਆ-ਵਿਸ਼ੇਸ਼ਣ ਸ਼ਬਦ ਕਿਰਿਆ ਦੇ ਵਾਪਰਨ ਦੇ ਸਥਾਨ ਦਾ ਬੋਧ ਕਰਵਾ ਰਹੇ ਹਨ ਜਦਕਿ ਕੁਝ ਕਿਰਿਆ-ਵਿਸ਼ੇਸ਼ਣ ਕਿਰਿਆ ਦੀ ਦਿਸ਼ਾ ਨੂੰ ਪ੍ਰਗਟਾਉਂਦੇ ਹਨ। ਕੁਝ ਹੋਰ ਉਦਾਹਰਨਾਂ ਦੇਖੋ—

(ੳ) ਉਹ ਕਿੱਧਰੋਂ ਆ ਰਿਹਾ ਹੈ ?

(ਅ) ਉਹ ਸ਼ਹਿਰੋਂ ਘਰ ਆ ਰਿਹਾ ਹੈ।

(ੲ) ਉਹ ਅੱਜ ਪਟਿਆਲ਼ਿਓਂ ਵਾਪਸ ਆ ਰਿਹਾ ਹੈ।

**3. ਪ੍ਰਕਾਰ/ਵਿਧੀਵਾਚਕ ਕਿਰਿਆ-ਵਿਸ਼ੇਸ਼ਣ :** ਜਿਸ ਸ਼ਬਦ ਤੋਂ ਕਿਸੇ ਕਿਰਿਆ ਦੇ ਹੋਣ ਦੇ ਢੰਗ, ਤਰੀਕੇ ਜਾਂ ਪ੍ਰਕਾਰ ਦਾ ਪਤਾ ਲੱਗੇ, ਉਸ ਨੂੰ ਪ੍ਰਕਾਰ ਜਾਂ ਵਿਧੀਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ : ਇਸ ਤਰ੍ਹਾਂ, ਜਿਵੇਂ, ਜਿਸ ਤਰ੍ਹਾਂ, ਉਸੇ ਤਰ੍ਹਾਂ, ਇਉਂ, ਜਿਉਂ, ਈਕੁਰ, ਕੀਕੁਰ, ਜੀਕੁਰ, ਹੌਲ਼ੀ, ਛੇਤੀ, ਸਹਿਜੇ, ਰੁਕ-ਰੁਕ

ਕੇ, ਉੱਤੋੜਿੱਤੀ, ਅੱਭੜਵਾਹੇ, ਜਲਦੀ, ਗਟਾਗਟ, ਨਿਰੰਤਰ, ਅੰਨ੍ਹੇਵਾਹ, ਝੱਟ-ਪੱਟ, ਅਚਨਚੇਤ, ਧੜਾਧੜ, ਤੇਜ਼, ਕਾਹਲ਼ੀ ਆਦਿ। ਇਹਨਾਂ ਵਿੱਚੋਂ ਕੁਝ ਸ਼ਬਦਾਂ ਦੀ ਵਾਕਾਂ ਵਿੱਚ ਵਰਤੋਂ ਇਸ ਪ੍ਰਕਾਰ ਹੈ :

(ੳ) ਉਹ ਬਹੁਤ ਹੌਲ਼ੀ-ਹੌਲ਼ੀ ਤੁਰ ਰਿਹਾ ਸੀ।

(ਅ) ਰਾਮ ਪਾਣੀ ਦਾ ਗਲਾਸ ਗਟਾਗਟ ਪੀ ਗਿਆ।

(ੲ) ਸੁਰਜੀਤ ਬੜੇ ਸਹਿਜ ਨਾਲ਼ ਬੋਲ ਰਿਹਾ ਸੀ।

(ਸ) ਸ਼ਾਮ ਇੱਥੋਂ ਝੱਟ-ਪੱਟ ਹੀ ਚਲਾ ਗਿਆ।

(ਹ) ਉਹ ਹਰੇਕ ਕੰਮ ਵਿੱਚ ਬਹੁਤ ਕਾਹਲ਼ੀ ਕਰਦਾ ਹੈ।

**4. ਕਾਰਨਵਾਚਕ ਕਿਰਿਆ ਵਿਸ਼ੇਸ਼ਣ :** ਜਿਸ ਸ਼ਬਦ ਤੋਂ ਕਿਸੇ ਕਿਰਿਆ ਦੇ ਹੋਣ, ਕੀਤੇ ਜਾਣ ਜਾਂ ਨਾ ਕੀਤੇ ਜਾਣ ਦੇ ਕਾਰਨ ਦਾ ਪਤਾ ਲੱਗੇ, ਉਸ ਨੂੰ ਕਾਰਨਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ : ਕਿਉਂ, ਕਿਉਂਕਿ, ਇਸ ਲਈ, ਇਸ ਕਰਕੇ, ਇਸ ਤਰ੍ਹਾਂ, ਇਸ ਵਾਸਤੇ, ਇੰਞ, ਕਿੰਞ, ਕਿੱਦਾਂ, ਕਿਵੇਂ, ਧੁੱਪ ਨਾਲ਼, ਭੁੱਖ ਨਾਲ਼ ਆਦਿ। ਇਹਨਾਂ ਵਿੱਚੋਂ ਕੁਝ ਸ਼ਬਦਾਂ ਦੀ ਵਾਕਾਂ ਵਿੱਚ ਵਰਤੋਂ ਇਸ ਪ੍ਰਕਾਰ ਹੈ :

(ੳ) ਉਹ ਭੁੱਖ ਨਾਲ਼ ਮਰ ਗਿਆ।

(ਅ) ਉਹ ਬਿਮਾਰ ਸੀ ਇਸ ਲਈ ਅੱਜ ਸਕੂਲ ਨਹੀਂ ਗਿਆ।

(ੲ) ਉਹ ਸਾਡੇ ਨਾਲ਼ ਇਸ ਤਰ੍ਹਾਂ ਕਿਵੇਂ ਕਰ ਸਕਦਾ ਹੈ ?

**ਨੋਟ :** ਇੱਥੇ ਇਹ ਧਿਆਨ ਦੇਣ ਦੀ ਲੋੜ ਹੈ ਕਿ ਕਈ ਵਾਰ ਇੱਕ ਹੀ ਸ਼ਬਦ ਵੱਖ-ਵੱਖ ਪ੍ਰਸੰਗਾਂ ਵਿੱਚ ਵੱਖ-ਵੱਖ ਸ਼ਬਦ-ਭੇਦਾਂ ਵਿੱਚ ਆਉਂਦਾ ਹੈ ਅਤੇ ਅੱਗੋਂ ਇੱਕ ਹੀ ਸ਼ਬਦ-ਭੇਦ ਦੀਆਂ ਵੱਖ-ਵੱਖ ਕਿਸਮਾਂ ਵਿੱਚ ਆ ਜਾਂਦਾ ਹੈ। ਉਦਾਹਰਨ ਲਈ 'ਇਸ ਤਰ੍ਹਾਂ' ਸ਼ਬਦ ਜਦੋਂ ਕਿਰਿਆ ਜਾਂ ਕੰਮ ਦੇ ਤਰੀਕੇ ਬਾਰੇ ਸੂਚਨਾ ਦਿੰਦਾ ਹੈ ਤਦ ਇਹ ਪ੍ਰਕਾਰਵਾਚਕ ਕਿਰਿਆ-ਵਿਸ਼ੇਸ਼ਣ ਹੈ ਪਰ ਜਦੋਂ ਕਿਰਿਆ ਦੇ ਕਿਸੇ ਕਾਰਨ ਨੂੰ ਪ੍ਰਗਟ ਕਰਦਾ ਹੈ ਤਾਂ ਕਾਰਨਵਾਚਕ ਕਿਰਿਆ-ਵਿਸ਼ੇਸ਼ਣ ਬਣ ਜਾਂਦਾ ਹੈ।

**5. ਪਰਿਮਾਣ-ਵਾਚਕ/ਮਾਤਰਾ-ਬੋਧਕ ਕਿਰਿਆ-ਵਿਸ਼ੇਸ਼ਣ :** ਜਿਸ ਸ਼ਬਦ ਤੋਂ ਕਿਸੇ ਕਿਰਿਆ ਦੇ ਪਰਿਮਾਣ, ਮਿਣਤੀ ਜਾਂ ਮਿਕਦਾਰ ਦਾ ਪਤਾ ਲੱਗੇ, ਉਸ ਨੂੰ ਪਰਿਮਾਣਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ : ਥੋੜ੍ਹਾ, ਬਹੁਤ, ਏਨਾ, ਜਿੰਨਾ, ਓਨਾ, ਕਿੰਨਾ, ਬੜਾ ਹੀ, ਜ਼ਰਾ ਕੁ, ਨਿਰਾ, ਅਧਵਾਟੇ, ਖਚਾਖਚ ਆਦਿ। ਇਹਨਾਂ ਵਿੱਚੋਂ ਕੁਝ ਸ਼ਬਦਾਂ ਦੀ ਵਾਕਾਂ ਵਿੱਚ ਵਰਤੋਂ ਦੀ ਉਦਾਹਰਨ ਇਸ ਪ੍ਰਕਾਰ ਹੈ :

(ੳ) ਉਹ ਬਹੁਤ ਘੱਟ ਬੋਲਦਾ ਹੈ।

(ਅ) ਬਲ਼ਦਾਂ ਨਾਲ਼ ਏਨਾ ਨਹੀਂ ਵਾਹਿਆ ਜਾ ਸਕਦਾ ਜਿੰਨਾ ਟ੍ਰੈੱਕਟਰ ਨਾਲ਼।

(ੲ) ਛੁੱਟੀਆਂ ਦੇ ਦਿਨੀਂ ਰੇਲਗੱਡੀਆਂ ਸਵਾਰੀਆਂ ਨਾਲ਼ ਖਚਾਖਚ ਭਰੀਆਂ ਹੁੰਦੀਆਂ ਹਨ।

(ਸ) ਉਹ ਸਾਡਾ ਸਾਥ ਅਧਵਾਟੇ ਹੀ ਛੱਡ ਗਿਆ।

**6. ਸੰਖਿਆਵਾਚਕ ਕਿਰਿਆ-ਵਿਸ਼ੇਸ਼ਣ :** ਜਿਹੜੇ ਸ਼ਬਦ ਤੋਂ ਕਿਰਿਆ ਦੀ ਵਾਰੀ ਜਾਂ ਦੁਹਰਾਅ ਦਾ ਪਤਾ ਲੱਗੇ, ਉਸ ਨੂੰ ਸੰਖਿਆਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ, ਜਿਵੇਂ : ਇੱਕ ਵਾਰ, ਕਈ ਵਾਰ, ਦੁਬਾਰਾ, ਵਾਰ-ਵਾਰ, ਅਨੇਕ ਵਾਰ, ਘੜੀ-ਮੁੜੀ ਆਦਿ। ਇਹਨਾਂ ਵਿੱਚੋਂ ਕੁਝ ਸ਼ਬਦਾਂ ਦੀ ਵਾਕਾਂ ਵਿੱਚ ਵਰਤੋਂ ਦੀ ਉਦਾਹਰਨ ਇਸ ਪ੍ਰਕਾਰ ਹੈ :

(ੳ) ਉਹ ਘੜੀ-ਮੁੜੀ ਸਾਡੇ ਵੱਲ ਵੇਖ ਰਿਹਾ ਸੀ।

(ਅ) ਉਸ ਦੇ ਵਾਰ-ਵਾਰ ਕਹਿਣ 'ਤੇ ਵੀ ਉਹ ਸਵੇਰੇ ਜਲਦੀ ਨਾ ਉੱਠਿਆ।

**7. ਨਿਰਨਾਵਾਚਕ ਕਿਰਿਆ-ਵਿਸ਼ੇਸ਼ਣ :** ਜਿਸ ਸ਼ਬਦ ਤੋਂ ਕਿਸੇ ਕਿਰਿਆ ਦੇ ਹੋਣ ਜਾਂ ਨਾ ਹੋਣ, ਕੀਤੇ ਜਾਣ ਜਾਂ ਨਾ ਕੀਤੇ ਜਾਣ ਬਾਰੇ ਨਿਰਨੇ ਦੇ ਰੂਪ ਵਿੱਚ ਕੋਈ ਸੂਚਨਾ ਮਿਲ਼ੇ, ਉਸ ਨੂੰ ਨਿਰਨਾਵਾਚਕ ਕਿਰਿਆ-ਵਿਸ਼ੇਸ਼ਣ

ਕਹਿੰਦੇ ਹਨ, ਜਿਵੇਂ : ਹਾਂ, ਨਾਂਹ, ਹਾਂ ਜੀ, ਆਹੋ ਜੀ, ਅੱਛਾ ਜੀ, ਚੰਗਾ ਜੀ, ਜੀ ਹਾਂ ਆਦਿ। ਇਹਨਾਂ ਵਿੱਚੋਂ ਕੁਝ ਸ਼ਬਦਾਂ ਦੀ ਵਾਕਾਂ ਵਿੱਚ ਵਰਤੋਂ ਦੀ ਉਦਾਹਰਨ ਇਸ ਪ੍ਰਕਾਰ ਹੈ :

(ੳ) ਹਾਂ ਜੀ, ਮੈਂ ਇਸ ਵਾਰ ਮਿਹਨਤ ਕਰਾਂਗਾ ਤੇ ਤੁਹਾਨੂੰ ਪਾਸ ਹੋ ਕੇ ਦਿਖਾਵਾਂਗਾ।

(ਅ) ਮੈਂ ਉਹਨਾਂ ਵਿੱਚੋਂ ਨਹੀਂ ਜਿਹੜੇ ਮੂੰਹ 'ਤੇ 'ਅੱਛਾ ਜੀ', 'ਚੰਗਾ ਜੀ' ਕਹਿ ਦਿੰਦੇ ਹਨ ਪਰ ਵੋਟ ਕਿਸੇ ਹੋਰ ਨੂੰ ਪਾਉਂਦੇ ਹਨ।

**8. ਨਿਸ਼ਚੇਵਾਚਕ ਕਿਰਿਆ-ਵਿਸ਼ੇਸ਼ਣ :** ਜਿਸ ਸ਼ਬਦ ਤੋਂ ਕਿਰਿਆ ਬਾਰੇ ਨਿਸ਼ਚੇ ਜਾਂ ਵਿਸ਼ਵਾਸ ਦੇ ਭਾਵ ਪ੍ਰਗਟ ਹੋਣ, ਉਸ ਨੂੰ ਨਿਸ਼ਚੇਵਾਚਕ ਕਿਰਿਆ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ : ਜ਼ਰੂਰ, ਵੀ, ਹੀ, ਬੇਸ਼ੱਕ, ਬਿਲਕੁਲ ਠੀਕ, ਹਾਂ ਜੀ, ਖ਼ੂਬ ਆਦਿ।

ਅਜਿਹੇ ਕੁਝ ਸ਼ਬਦਾਂ ਦੀ ਵਾਕਾਂ ਵਿੱਚ ਵਰਤੋਂ ਦੀ ਉਦਾਹਰਨ ਇਸ ਪ੍ਰਕਾਰ ਹੈ :

(ੳ) ਉਹ ਅੱਜ ਜ਼ਰੂਰ ਆਵੇਗਾ।

(ਅ) ਤੁਸੀਂ ਬਿਲਕੁਲ ਠੀਕ ਗੱਲ ਕਹੀ ਹੈ।

(ੲ) ਹਾਂ ਜੀ, ਮੈਂ ਬਿਲਕੁਲ ਠੀਕ-ਠਾਕ ਹਾਂ।

## ਅਭਿਆਸ

1. ਕਿਰਿਆ-ਵਿਸ਼ੇਸ਼ਣ ਕਿਸ ਨੂੰ ਕਿਹਾ ਜਾਂਦਾ ਹੈ ?
2. ਕਿਰਿਆ-ਵਿਸ਼ੇਸ਼ਣ ਸ਼ਬਦਾਂ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹਨ ?
3. ਹੇਠ ਲਿਖੇ ਸ਼ਬਦ ਕਿਹੜੀ ਕਿਸਮ ਦੇ ਕਿਰਿਆ-ਵਿਸ਼ੇਸ਼ਣ ਹਨ :
   ਉਦੋਂ, ਹਮੇਸ਼ਾਂ, ਕਦੇ-ਕਦਾਈਂ, ਵਾਰ-ਵਾਰ, ਕੱਲ੍ਹ, ਖ਼ੂਬ।
4. ਸਥਾਨਵਾਚਕ ਕਿਰਿਆ-ਵਿਸ਼ੇਸ਼ਣ ਤੋਂ ਕੀ ਭਾਵ ਹੈ ? ਉਦਾਹਰਨਾਂ ਦੇ ਕੇ ਦੱਸੋ।
5. 'ਚੰਡੀਗੜ੍ਹ' ਸ਼ਬਦ ਨੂੰ ਵਾਕ ਵਿੱਚ ਇਸ ਤਰ੍ਹਾਂ ਵਰਤੋ ਕਿ ਇਹ ਦਿਸ਼ਾ ਦੱਸਣ ਵਾਲ਼ਾ ਸਥਾਨਵਾਚਕ ਕਿਰਿਆ ਵਿਸ਼ੇਸ਼ਣ ਬਣ ਜਾਵੇ।
6. 'ਤੂੰ ਪੜ੍ਹਦਾ ਹੌਲ਼ੀ ਹੈਂ ਪਰ ਗੱਲਾਂ ਜ਼ੋਰ ਨਾਲ਼ ਕਰਦਾ ਹੈਂ।' ਇਸ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਸ਼ਬਦ ਚੁਣੋ ਤੇ ਉਹਨਾਂ ਦੀ ਕਿਸਮ ਦੱਸੋ।
7. ਕਾਰਨਵਾਚਕ ਕਿਰਿਆ-ਵਿਸ਼ੇਸ਼ਣ ਸ਼ਬਦਾਂ ਦੀਆਂ ਪੰਜ ਉਦਾਹਰਨਾਂ ਦਿਓ ਤੇ ਉਹਨਾਂ ਨੂੰ ਵਾਕਾਂ ਵਿੱਚ ਵਰਤੋ।
8. ਪਰਿਮਾਣਵਾਚਕ ਕਿਰਿਆ-ਵਿਸ਼ੇਸ਼ਣ ਦੇ ਲੱਛਣ ਦੱਸੋ, ਨਾਲ਼ ਦੋ ਉਦਾਹਰਨਾਂ ਵੀ ਦਿਓ।
9. ਨਿਸ਼ਚੇਵਾਚਕ ਕਿਰਿਆ-ਵਿਸ਼ੇਸ਼ਣ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਦਿਓ।
10. ਹੇਠਾਂ ਕੁਝ ਕਿਰਿਆ-ਵਿਸ਼ੇਸ਼ਣ ਸ਼ਬਦ ਦਿੱਤੇ ਹਨ। ਇਹਨਾਂ ਦੀਆਂ ਕਿਸਮਾਂ ਮੁਤਾਬਕ ਵਰਗ ਬਣਾਓ :
    ਹੌਲ਼ੀ, ਅੰਨ੍ਹੇਵਾਹ, ਝੱਟ-ਪੱਟ, ਬਦੋਬਦੀ, ਬੇਸ਼ੱਕ, ਇਕਦਮ, ਸੁੱਖੀਂ-ਸਾਂਦੀਂ, ਜ਼ਰੂਰ, ਅਨੇਕ ਵਾਰ, ਖਚਾਖਚ।

* * *

# ਸੰਬੰਧਕ

ਉਹ ਸ਼ਬਦ ਜੋ ਕਿਸੇ ਵਾਕ ਵਿੱਚ ਆਏ ਨਾਂਵ ਜਾਂ ਪੜਨਾਂਵ ਸ਼ਬਦਾਂ ਦੇ ਪਿੱਛੇ ਲੱਗ ਕੇ ਉਹਨਾਂ ਦਾ ਸੰਬੰਧ ਵਾਕ ਦੇ ਹੋਰ ਸ਼ਬਦਾਂ ਨਾਲ਼ ਜੋੜਨ, ਉਹਨਾਂ ਨੂੰ ਸੰਬੰਧਕ ਆਖਿਆ ਜਾਂਦਾ ਹੈ, ਜਿਵੇਂ—ਦਾ, ਦੇ, ਦੀ, ਨੇ, ਨੂੰ, ਤੋਂ, ਕੋਲ਼, ਉੱਤੇ ਆਦਿ।

(ੳ) ਉਹ ਕਾਰ ਵਿੱਚ ਬੈਠੇ ਹਨ।

(ਅ) ਉਹ ਸਾਡੇ ਘਰ ਦੇ ਨੇੜੇ ਹੀ ਰਹਿੰਦਾ ਹੈ।

(ੲ) ਉਹ ਕਾਰ ਰਾਹੀਂ ਚੰਡੀਗੜ੍ਹ ਗਿਆ ਹੈ।

(ਸ) ਉਹ ਸਾਡੇ ਸਾਮ੍ਹਣੇ ਦੀ ਲੰਘ ਗਿਆ।

ਉਪਰੋਕਤ ਵਾਕਾਂ ਵਿੱਚ ਲਕੀਰੇ ਸ਼ਬਦ ਸੰਬੰਧਕ ਹਨ। ਜੇ ਇਹਨਾਂ ਵਾਕਾਂ ਵਿੱਚੋਂ ਸੰਬੰਧਕ ਸ਼ਬਦ ਕੱਢ ਦਿੱਤੇ ਜਾਣ ਤਾਂ ਵਾਕਾਂ ਦਾ ਕੋਈ ਅਰਥ ਨਹੀਂ ਰਹਿ ਜਾਂਦਾ, ਜਿਵੇਂ :—

(ੳ)ਉਹ ਕਾਰ ਬੈਠੇ ਹਨ।

(ਅ)ਉਹ ਕਾਰ ਚੰਡੀਗੜ੍ਹ ਗਿਆ ਹੈ।

ਇਸ ਪ੍ਰਕਾਰ ਅਰਥ ਸਪਸ਼ਟ ਕਰਨ ਲਈ ਵਾਕ ਵਿੱਚ ਠੀਕ ਤਰਤੀਬ ਅਨੁਸਾਰ ਵਰਤੇ ਸੰਬੰਧਕ ਸ਼ਬਦ ਬਹੁਤ ਮਹੱਤਵਪੂਰਨ ਹੁੰਦੇ ਹਨ।

ਰੂਪ ਦੇ ਆਧਾਰ 'ਤੇ ਸੰਬੰਧਕ ਦੋ ਤਰ੍ਹਾਂ ਦੇ ਹੁੰਦੇ ਹਨ—ਵਿਕਾਰੀ ਅਤੇ ਅਵਿਕਾਰੀ।

ਜਿਨ੍ਹਾਂ ਸੰਬੰਧਕਾਂ ਦੇ ਰੂਪ ਸਥਿਰ ਰਹਿੰਦੇ ਹਨ, ਉਹਨਾਂ ਨੂੰ ਅਵਿਕਾਰੀ ਸੰਬੰਧਕ ਕਿਹਾ ਜਾਂਦਾ ਹੈ, ਜਿਵੇਂ—ਨੇ, ਨੂੰ, ਤੋਂ, ਲਈ, ਰਾਹੀਂ, ਦੁਆਰਾ, ਵਾਸਤੇ ਆਦਿ।

ਉਹ ਸੰਬੰਧਕ ਜਿਨ੍ਹਾਂ ਦੇ ਰੂਪ ਵਿੱਚ ਤਬਦੀਲੀ ਆ ਜਾਂਦੀ ਹੈ, ਉਹਨਾਂ ਨੂੰ ਵਿਕਾਰੀ ਸੰਬੰਧਕ ਕਿਹਾ ਜਾਂਦਾ ਹੈ, ਜਿਵੇਂ—ਦਾ, ਦੇ, ਦੀ, ਦੀਆਂ, ਕੋਲ਼, ਨਾਲ਼, ਵਿੱਚ, ਪਾਸ, ਨੇੜੇ, ਸਾਮ੍ਹਣੇ ਆਦਿ।

ਕੁਝ ਹੋਰ ਸੰਬੰਧਕ ਸ਼ਬਦ ਇਸ ਪ੍ਰਕਾਰ ਹਨ—

ਨਾਲ਼, ਥੋਂ, ਥੀਂ, ਉੱਪਰ, ਤੱਕ, ਤੋੜੀ, ਤਾਈਂ, ਵਿੱਚ, ਹੇਠਾਂ, ਨੇੜੇ, ਕੋਲ਼, ਵਿਚਕਾਰ, ਸਹਿਤ, ਪਾਸ, ਦੂਰ, ਪਰੇ, ਬਿਨਾਂ, ਵੱਲ ਆਦਿ।

ਸੰਬੰਧਕਾਂ ਬਾਰੇ ਧਿਆਨ ਦੇਣਯੋਗ ਗੱਲਾਂ :

1. ਵਾਕ ਵਿੱਚ ਸੰਬੰਧਕ ਸ਼ਬਦਾਂ ਦੀ ਅਣਹੋਂਦ ਜਾਂ ਗ਼ਲਤ ਵਰਤੋਂ ਵਾਕ ਦੇ ਅਰਥ ਨੂੰ ਸਪਸ਼ਟ ਨਹੀਂ ਹੋਣ ਦਿੰਦੀ।

2. ਪੰਜਾਬੀ ਵਿੱਚ ਸੰਬੰਧਕ ਸ਼ਬਦ ਆਮ ਤੌਰ 'ਤੇ ਨਾਂਵ ਜਾਂ ਪੜਨਾਂਵ ਸ਼ਬਦ ਤੋਂ ਪਿੱਛੋਂ ਆਉਂਦੇ ਹਨ।

3. ਜਿਵੇਂ ਕਿ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਇੱਕੋ ਸ਼ਬਦ ਵੱਖ-ਵੱਖ ਪ੍ਰਸੰਗਾਂ ਵਿੱਚ ਵੱਖ-ਵੱਖ ਸ਼ਬਦ-ਭੇਦਾਂ ਅਧੀਨ ਆ ਸਕਦਾ ਹੈ। ਇਸੇ ਤਰ੍ਹਾਂ ਜਿਹੜੇ ਸ਼ਬਦਾਂ ਨੂੰ ਸੰਬੰਧਕ ਕਿਹਾ ਜਾਂਦਾ ਹੈ, ਉਹ ਕਿਰਿਆ-ਵਿਸ਼ੇਸ਼ਣ ਵੀ ਹੋ ਸਕਦੇ ਹਨ। ਉਦਾਹਰਨ ਲਈ ਹੇਠ ਲਿਖੇ ਵਾਕਾਂ ਵਿੱਚ ਲਕੀਰੇ ਸ਼ਬਦਾਂ ਦੀ ਵਰਤੋਂ ਦੇਖੀ ਜਾ ਸਕਦੀ ਹੈ :

(ੳ)ਬਾਬਾ ਜੀ ਬਾਹਰ ਬੈਠੇ ਹਨ।

(ਅ) ਬਾਬਾ ਜੀ ਘਰੋਂ ਬਾਹਰ ਬੈਠੇ ਹਨ।

(ੲ) ਉਹ ਅੰਦਰ ਚਲਾ ਗਿਆ।

(ਸ) ਉਹ ਘਰ ਅੰਦਰ ਚਲਾ ਗਿਆ।

ਪਹਿਲੇ ਵਾਕ ਵਿੱਚ 'ਬਾਹਰ' ਸ਼ਬਦ ਕਿਰਿਆ-ਵਿਸ਼ੇਸ਼ਣ ਹੈ ਜਦਕਿ ਦੂਜੇ ਵਿੱਚ ਇਹ ਸ਼ਬਦ ਸੰਬੰਧਕ ਹੈ। ਇਸੇ ਤਰ੍ਹਾਂ ਤੀਜੇ ਵਾਕ ਵਿੱਚ 'ਅੰਦਰ' ਸ਼ਬਦ ਕਿਰਿਆ-ਵਿਸ਼ੇਸ਼ਣ ਹੈ। ਚੌਥੇ ਵਾਕ ਵਿੱਚ ਇਹੋ ਸ਼ਬਦ ਸੰਬੰਧਕ ਹੈ।

4. ਪੰਜਾਬੀ ਵਿੱਚ ਸੰਬੰਧਕ ਸ਼ਬਦਾਂ ਦੇ ਰੂਪ ਵਿੱਚ ਹਨ। ਜਿੱਥੇ ਕਿਤੇ ਇਹ ਮਾਤਰਾ (ਈਂ, ਓਂ, ਏ ਆਦਿ) ਦੇ ਰੂਪ ਵਿੱਚ ਪਿਛੇਤਰ ਦੇ ਤੌਰ 'ਤੇ ਵਰਤੇ ਜਾਂਦੇ ਹਨ, ਉੱਥੇ ਇਹਨਾਂ ਨੂੰ ਕਾਰਕੀ ਪਿਛੇਤਰ ਕਿਹਾ ਜਾਂਦਾ ਹੈ, ਜਿਵੇਂ 'ਉਸ ਨੇ ਪਹਾੜਾਂ ਵਿੱਚ ਬੱਦਲ਼ ਫਟਦਾ ਆਪਣੇ ਅੱਖੀਂ ਦੇਖਿਆ ਹੈ।'

ਇਹ ਵਾਕ ਇਸ ਪ੍ਰਕਾਰ ਵੀ ਲਿਖਿਆ ਜਾ ਸਕਦਾ ਹੈ :

'ਉਸ ਨੇ ਪਹਾੜਾਂ ਵਿੱਚ ਬੱਦਲ਼ ਫਟਦਾ ਆਪਣੀਆਂ ਅੱਖਾਂ ਨਾਲ਼ ਦੇਖਿਆ ਹੈ।'

### ਸੰਬੰਧਕੀ ਰੂਪ :

ਜਿਹੜੇ ਨਾਂਵ, ਪੜਨਾਂਵ ਤੇ ਵਿਸ਼ੇਸ਼ਣ ਪਿੱਛੋਂ ਸੰਬੰਧਕ ਆਉਂਦਾ ਹੈ, ਉਸ ਨਾਂਵ, ਪੜਨਾਂਵ ਤੇ ਵਿਸ਼ੇਸ਼ਣ ਦਾ ਰੂਪ ਕੁਝ ਬਦਲ ਜਾਂਦਾ ਹੈ। ਉਦਾਹਰਨ ਲਈ ਹੇਠ ਲਿਖੇ ਵਾਕਾਂ ਵਿੱਚ ਲਕੀਰੇ ਸ਼ਬਦ ਵੇਖੇ ਜਾਣ :

| | **ਸਧਾਰਨ ਰੂਪ** | **ਸੰਬੰਧਕੀ ਰੂਪ** |
|---|---|---|
| ਇੱਕਵਚਨ | ਮੁੰਡਾ | ਮੁੰਡੇ (ਨੇ ਗੀਤ ਗਾਇਆ।) |
| ਬਹੁਵਚਨ | ਮੁੰਡੇ | ਮੁੰਡਿਆਂ (ਨੇ ਗੀਤ ਗਾਇਆ।) |

ਮੁੰਡਾ ਸ਼ਬਦ ਦਾ ਸੰਬੰਧਕੀ ਰੂਪ 'ਮੁੰਡੇ' ਹੈ। 'ਮੁੰਡੇ' ਦਾ ਇਹ ਸੰਬੰਧਕੀ ਰੂਪ 'ਨੇ' ਸੰਬੰਧਕ ਦੇ ਕਾਰਨ ਬਣਿਆ ਹੈ, ਅੱਗੇ ਇਸ ਦਾ ਬਹੁਵਚਨ ਰੂਪ 'ਮੁੰਡਿਆ' ਬਣਦਾ ਹੈ।

ਨੋਟ : ਕਈ ਵਾਰੀ ਵਿਦਿਆਰਥੀ ਭੁਲੇਖੇ ਵਿੱਚ, ਜਿਵੇਂ ਕਿ ਪੰਨਾ 41 ਉੱਤੇ ਵੀ ਦੱਸਿਆ ਗਿਆ ਹੈ, 'ਹੱਥ' ਦਾ ਬਹੁਵਚਨ 'ਹੱਥਾਂ', 'ਸੇਬ' ਦਾ 'ਸੇਬਾਂ', 'ਆਦਮੀ' ਦਾ 'ਆਦਮੀਆਂ', 'ਡੱਡੂ' ਦਾ 'ਡੱਡੂਆਂ', 'ਭਰਾ' ਦਾ ਭਰਾਵਾਂ, 'ਤਲਾਅ' ਦਾ 'ਤਲਾਵਾਂ' ਅਤੇ 'ਮਿਰਗ' ਦਾ 'ਮਿਰਗਾਂ' ਆਦਿ ਕਰ ਦਿੰਦਾ ਹੈ। ਪਰ ਅਸਲ ਵਿੱਚ ਇਹਨਾਂ ਸ਼ਬਦਾਂ ਦਾ ਬਹੁਵਚਨ-ਰੂਪ ਇੱਕਵਚਨ ਵਾਲ਼ਾ ਹੀ ਹੈ। ਉੱਪਰ ਦਿੱਤੇ (ਹੱਥਾਂ, ਸੇਬਾਂ, ਆਦਮੀਆਂ, ਡੱਡੂਆਂ, ਭਰਾਵਾਂ, ਤਲਾਵਾਂ, ਮਿਰਗਾਂ) ਰੂਪ ਇਹਨਾਂ ਦੇ ਸੰਬੰਧਕੀ ਰੂਪ ਹਨ :

| | ਸਧਾਰਨ ਰੂਪ | ਸੰਬੰਧਕੀ ਰੂਪ |
|---|---|---|
| ਇੱਕਵਚਨ | ਉਸ ਦਾ ਇੱਕ ਹੱਥ ਜ਼ਖ਼ਮੀ ਹੈ। | ਕਿਰਸਾਣ ਇੱਕ ਹੱਥ ਨਾਲ਼ ਹਲ਼ ਦਾ ਮੁੰਨਾ ਫੜਦਾ ਹੈ। |
| ਬਹੁਵਚਨ | ਮੇਰੇ ਦੋਵੇਂ ਹੱਥ ਸਾਫ਼ ਹਨ। | ਤਾੜੀ ਦੋ ਹੱਥਾਂ ਨਾਲ਼ ਵੱਜਦੀ ਹੈ। |

('ਹੱਥਾਂ' ਸ਼ਬਦ 'ਹੱਥ' ਸ਼ਬਦ ਦੇ ਬਹੁਵਚਨ-ਰੂਪ ਦਾ ਸੰਬੰਧਕੀ ਰੂਪ ਹੈ।

| | | |
|---|---|---|
| ਇੱਕਵਚਨ | ਇਹ ਸੇਬ ਮਿੱਠਾ ਹੈ। | ਸੇਬ ਨੂੰ ਧੋ ਕੇ ਖਾਣਾ ਚਾਹੀਦਾ ਹੈ। |
| ਬਹੁਵਚਨ | ਟੋਕਰੀ ਵਿੱਚ ਦਸ ਸੇਬ ਹਨ। | ਹਿਮਾਚਲ ਪ੍ਰਦੇਸ਼ ਸੇਬਾਂ ਦਾ ਘਰ ਹੈ। |

('ਸੇਬਾਂ' ਸ਼ਬਦ 'ਸੇਬ' ਸ਼ਬਦ ਦੇ ਬਹੁਵਚਨ-ਰੂਪ ਦਾ ਸੰਬੰਧਕੀ ਰੂਪ ਹੈ।

## ਅਭਿਆਸ

1. ਸੰਬੰਧਕ ਕਿਸ ਨੂੰ ਆਖਦੇ ਹਨ ?
2. ਕਿਸੇ ਵਾਕ ਵਿੱਚ ਸੰਬੰਧਕ ਸ਼ਬਦਾਂ ਦੀ ਕੀ ਮਹੱਤਤਾ ਹੁੰਦੀ ਹੈ ?
3. ਹੇਠ ਲਿਖੇ ਵਾਕਾਂ ਵਿੱਚੋਂ ਸੰਬੰਧਕ ਸ਼ਬਦ ਚੁਣੋ :

(ੳ) ਮੇਰੇ ਚਾਚੇ ਦੀ ਕੁੜੀ ਨੇ ਇੰਗਲੈਂਡ ਤੋਂ ਮੈਨੂੰ ਇੱਕ ਕੈਮਰਾ ਭੇਜਿਆ।

(ਅ) ਉਹ ਵਿਹੜੇ ਦੇ ਬਿਲਕੁਲ ਵਿਚਕਾਰ ਖੜ੍ਹਾ ਸੀ।

(ੲ) ਸਕੂਲ ਦੀ ਛੱਤ ਉੱਪਰ ਤਿਰੰਗਾ ਝੰਡਾ ਲਹਿਰਾ ਰਿਹਾ ਹੈ।

4. ਕਿੰਨੇ ਹੀ ਦੇਸ-ਭਗਤਾਂ ਨੂੰ ਹੱਥੀਂ ਹਥਕੜੀਆਂ ਤੇ ਪੈਰੀਂ ਬੇੜੀਆਂ ਪਾ ਕੇ ਦੇਸੋਂ ਦੂਰ ਕਾਲ਼ੇਪਾਣੀ ਦੀਆਂ ਜੇਲ੍ਹਾਂ ਵਿੱਚ ਰੱਖਿਆ ਜਾਂਦਾ ਸੀ।

   ਉੱਪਰ ਦਿੱਤੇ ਵਾਕ ਵਿੱਚ ਲਕੀਰੇ ਸ਼ਬਦਾਂ ਨਾਲ਼ ਲੱਗੇ ਕਾਰਕੀ-ਪਿਛੇਤਰਾਂ ਦੀ ਥਾਂ ਸੰਬੰਧਕ ਲਾ ਕੇ ਵਾਕ ਨੂੰ ਮੁੜ ਲਿਖੋ।

5. ਮੁੱਖ ਅਧਿਆਪਕ ਜੀ ਦਫ਼ਤਰ ਅੰਦਰ ਬੈਠੇ ਹਨ।

   ਮੁੱਖ ਅਧਿਆਪਕ ਜੀ ਅੰਦਰ ਬੈਠੇ ਹਨ।

   ਪਿਤਾ ਜੀ ਬਾਹਰ ਗਏ ਹਨ।

   ਪਿਤਾ ਜੀ ਘਰੋਂ ਬਾਹਰ ਖੇਤਾਂ ਵਿੱਚ ਗਏ ਹਨ।

   (ੳ) 'ਅੰਦਰ' ਸ਼ਬਦ ਕਿਹੜੇ ਵਾਕ ਵਿੱਚ ਕਿਰਿਆ-ਵਿਸ਼ੇਸ਼ਣ ਵਜੋਂ ਵਰਤਿਆ ਗਿਆ ਹੈ ?

   (ਅ) 'ਬਾਹਰ' ਸ਼ਬਦ ਕਿਹੜੇ ਵਾਕ ਵਿੱਚ ਸੰਬੰਧਕ ਵਜੋਂ ਵਰਤਿਆ ਗਿਆ ਹੈ ?


6. 'ਨੌਕਰ', 'ਅੰਬ' ਅਤੇ 'ਤਲਾਅ' ਸ਼ਬਦਾਂ ਦੇ ਬਹੁਵਚਨ-ਰੂਪਾਂ ਦੇ ਸੰਬੰਧਕੀ ਰੂਪ ਕਿਹੜੇ ਹਨ ?
   ਵਾਕਾਂ ਵਿੱਚ ਵਰਤ ਕੇ ਸਪਸ਼ਟ ਕਰੋ।

* * *

# ਯੋਜਕ

ਯੋਜਕ ਉਹਨਾਂ ਸ਼ਬਦਾਂ ਨੂੰ ਕਿਹਾ ਜਾਂਦਾ ਹੈ ਜਿਹੜੇ ਦੋ ਸ਼ਬਦਾਂ, ਵਾਕਾਂਸ਼ਾਂ, ਉਪਵਾਕਾਂ ਜਾਂ ਵਾਕਾਂ ਨੂੰ ਇੱਕ-ਦੂਜੇ ਨਾਲ਼ ਜੋੜਦੇ ਹਨ, ਜਿਵੇਂ : ਅਤੇ, ਕਿ, ਕਿਉਂਕਿ, ਸਗੋਂ, ਪਰ ਆਦਿ। ਇਹ ਇੱਕ ਅਜਿਹੀ ਸ਼ਬਦ-ਸ਼੍ਰੇਣੀ ਹੈ ਜੋ ਵਿਆਕਰਨਿਕ ਇਕਾਈਆਂ ਨੂੰ ਇੱਕ ਨਵੀਂ ਇਕਾਈ ਵਿੱਚ ਬੰਨ੍ਹਣ ਦਾ ਕੰਮ ਕਰਦੀ ਹੈ। ਪੰਜਾਬੀ ਭਾਸ਼ਾ ਦੇ ਯੋਜਕ ਅਵਿਕਾਰੀ ਹਨ ਅਰਥਾਤ ਇਹਨਾਂ ਦੇ ਰੂਪ ਵਿੱਚ ਤਬਦੀਲੀ ਨਹੀਂ ਹੁੰਦੀ। ਪੰਜਾਬੀ ਭਾਸ਼ਾ ਦੀ ਵਿਆਕਰਨਿਕ ਸੰਰਚਨਾ ਵਿੱਚ ਯੋਜਕਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ :

(ੳ) ਕਾਰਜ (ਅ) ਬਣਤਰ




**1. ਸਮਾਨ ਯੋਜਕ :** ਜਿਹੜਾ ਯੋਜਕ ਸਮਾਨ ਜਾਂ ਬਰਾਬਰ ਦੇ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਨੂੰ ਜੋੜੇ, ਉਸ ਨੂੰ ਸਮਾਨ ਯੋਜਕ ਆਖਦੇ ਹਨ। ਇਹ ਸੰਯੁਕਤ ਵਾਕਾਂ ਦੀ ਸਿਰਜਣਾ ਕਰਦੇ ਹਨ। ਹੇਠਾਂ ਦਿੱਤੇ ਵਾਕਾਂ ਵਿੱਚ ਲਕੀਰੇ ਸ਼ਬਦ ਸਮਾਨ ਯੋਜਕ ਹਨ :

ੳ. ਚੰਡੀਗੜ੍ਹ ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਹੈ।

ਅ. ਸੱਚੀ ਸਿੱਖਿਆ ਦਿਲ ਤੇ ਦਿਮਾਗ਼ ਦੋਂਹਾਂ ਦੀ ਸਿਖਲਾਈ ਹੁੰਦੀ ਹੈ।

ੲ. ਰੇਸ਼ਮ ਸਿੰਘ ਨੌਕਰੀ ਕਰਦਾ ਹੈ ਨਾਲ਼ੇ ਪੜ੍ਹਦਾ ਹੈ।

ਸ. ਇੱਕ ਚੰਗਾ ਬੰਦਾ ਸਮਝਦਾਰ ਹੋ ਸਕਦਾ ਹੈ ਪਰ ਉਹ ਫ਼ੈਸਲਾ ਲੈਂਦਿਆਂ ਗ਼ਲਤ ਵੀ ਹੋ ਸਕਦਾ ਹੈ।

ਹ. ਮੁੰਡੇ ਖੇਡ ਰਹੇ ਹਨ ਅਤੇ ਕੁੜੀਆਂ ਪੜ੍ਹ ਰਹੀਆਂ ਹਨ।

ਕ. ਉਸ ਨੂੰ ਬਹੁਤ ਸਮਝਾਇਆ ਫਿਰ ਵੀ ਉਸ ਨੇ ਬੁਰੇ ਲੋਕਾਂ ਦਾ ਸਾਥ ਨਾ ਛੱਡਿਆ।

ਖ. ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ।

ਉੱਪਰ ਦਿੱਤੇ ਵਾਕਾਂ ਵਿੱਚ ਲਕੀਰੇ ਸ਼ਬਦ (ਤੇ, ਨਾਲ਼ੇ, ਪਰ, ਅਤੇ, ਫਿਰ ਵੀ, ਜਾਂ ਆਦਿ) ਸਮਾਨਯੋਜਕ ਹਨ।

**2. ਅਧੀਨ ਯੋਜਕ :** ਅਧੀਨ ਯੋਜਕ ਅਸਾਂਵੀਂਆਂ ਵਾਕਾਤਮਿਕ ਬਣਤਰਾਂ ਨੂੰ ਜੋੜਦੇ ਹਨ ਅਤੇ ਇਹ ਉਪਵਾਕਾਂ ਦੇ ਪੱਧਰ ਉੱਤੇ ਹੀ ਵਿਚਰਦੇ ਹਨ ਜਾਂ ਅਸੀਂ ਇੰਞ ਵੀ ਕਹਿ ਸਕਦੇ ਹਾਂ ਕਿ ਇਹ ਸਿਰਫ਼ ਮਿਸ਼ਰਤ ਵਾਕਾਂ ਦੀ ਸਿਰਜਣਾ ਕਰਦੇ ਹਨ। ਅਧੀਨ ਯੋਜਕਾਂ ਵਿੱਚ ਕਿ, ਜੋ, ਜਿਹੜਾ, ਜਿਵੇਂ, ਜਦੋਂ, ਜੇ, ਕਿਉਂਕਿ, ਤਾਂ, ਤਦੇ ਹੀ, ਤਾਂਕਿ, ਤਾਂ ਜੋ ਆਦਿ ਸ਼ਬਦਾਂ ਨੂੰ ਰੱਖਿਆ ਜਾਂਦਾ ਹੈ। ਅਧੀਨ ਯੋਜਕ ਨੂੰ ਸਮਝਣ ਲਈ ਹੇਠ ਲਿਖੇ ਵਾਕ ਵੇਖੋ :

ੳ. ਏਨੇ ਮਜ਼ਬੂਤ ਬਣੋ ਕਿ ਕੋਈ ਵੀ ਤੁਹਾਡੀ ਮਾਨਸਿਕ ਸ਼ਾਂਤੀ ਭੰਗ ਨਾ ਕਰ ਸਕੇ।

ਅ. ਜੇ ਅਸੀਂ ਆਪਣੇ ਵਰਤਮਾਨ ਦਾ ਪੂਰੀ ਤਰ੍ਹਾਂ ਅਨੰਦ ਲੈਂਦੇ ਹਾਂ ਤਾਂ ਅਸੀਂ ਆਪਣੇ ਚੰਗੇ ਭਵਿਖ ਦੇ ਬੀ ਬੀਜ ਰਹੇ ਹੁੰਦੇ ਹਾਂ।

ੲ. ਮੁਗ਼ਲ ਫ਼ੌਜਾਂ ਦੇ ਮੁਕਾਬਲੇ ਗੁਰੂ ਜੀ ਨਾਲ਼ ਬਹੁਤ ਥੋੜ੍ਹੇ ਸਿੰਘ-ਸਿਪਾਹੀ ਸਨ ਫਿਰ ਵੀ ਉਹ ਬਹਾਦਰੀ ਨਾਲ਼ ਲੜੇ।

ਸ. ਸਕੂਲ ਦੀ ਪ੍ਰਬੰਧਕ ਕਮੇਟੀ ਬਹੁਤ ਖ਼ੁਸ਼ ਸੀ ਕਿਉਂਕਿ ਸਾਰੇ ਵਿਦਿਆਰਥੀ ਬਹੁਪੱਖੀ ਸਿੱਖਿਆ ਪ੍ਰਾਪਤ ਕਰ ਰਹੇ ਸਨ।

ਹ. ਮਾਪੇ ਆਪਣੇ ਬੱਚਿਆਂ ਨੂੰ ਪੜ੍ਹਾਉਂਦੇ ਹਨ ਤਾਂਕਿ ਉਹਨਾਂ ਦਾ ਜੀਵਨ ਸਫਲ ਤੇ ਸੁਖਾਲ਼ਾ ਹੋ ਸਕੇ।

ਉੱਪਰ ਦਿੱਤੇ ਵਾਕਾਂ ਦੇ ਦੋ-ਦੋ ਹਿੱਸੇ ਹਨ : ਇੱਕ ਲਕੀਰਿਆ ਛਪਿਆ ਹਿੱਸਾ ਅਤੇ ਦੂਜਾ ਅਣਲਕੀਰਿਆ ਛਪਿਆ ਹੈ। ਇਹਨਾਂ ਵਿੱਚੋਂ ਕੋਈ ਵੀ ਹਿੱਸਾ ਪੂਰਨ ਭਾਂਤ ਸੁਤੰਤਰ ਨਹੀਂ ਹੈ। ਦੋਵੇਂ ਇੱਕ-ਦੂਜੇ ਉੱਤੇ ਨਿਰਭਰ ਕਰਦੇ ਹਨ ਪਰ ਫਿਰ ਵੀ ਪਹਿਲਾ ਹਿੱਸਾ ਕੁਝ ਹੱਦ ਤੱਕ ਸੁਤੰਤਰ ਵਾਕ ਹੈ। ਵਾਕ ਦਾ ਦੂਜਾ ਹਿੱਸਾ ਪਹਿਲੇ ਹਿੱਸੇ ਦੇ ਅਧੀਨ ਹੈ। ਇਹਨਾਂ ਵਾਕਾਂ ਦੇ ਲਕੀਰੇ ਅਤੇ ਅਣਲਕੀਰੇ ਹਿੱਸਿਆਂ ਨੂੰ ਜਿਹੜੇ ਸ਼ਬਦਾਂ (ਕਿ, ਤਾਂ, ਫਿਰ ਵੀ, ਕਿਉਂਕਿ, ਤਾਂਕਿ) ਨਾਲ਼ ਜੋੜਿਆ ਗਿਆ ਹੈ, ਉਹ ਯੋਜਕ ਹਨ। ਇਹ ਯੋਜਕ ਵਾਕ ਦੇ ਵਧੇਰੇ ਨਿਰਭਰ ਹਿੱਸੇ (ਜੋ ਲਕੀਰੇ ਹੋਏ ਹਨ) ਤੋਂ ਪਹਿਲਾਂ ਆਉਂਦੇ ਹਨ ਅਤੇ ਉਹਨਾਂ ਨੂੰ ਵਾਕ ਦੇ ਘੱਟ ਨਿਰਭਰ ਹਿੱਸੇ ਨਾਲ਼ ਜੋੜਦੇ ਹਨ। ਵਾਕ ਦੇ ਅਧੀਨ ਹਿੱਸੇ ਤੋਂ ਪਹਿਲਾਂ ਆਉਣ ਕਰਕੇ ਇਹਨਾਂ ਨੂੰ ਅਧੀਨ-ਯੋਜਕ ਕਿਹਾ ਜਾਂਦਾ ਹੈ।

**ਅ. ਬਣਤਰ ਤੇ ਵਰਤੋਂ ਦੇ ਪੱਖ ਤੋਂ ਯੋਜਕ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ :**

1. ਇਕਹਿਰੇ ਯੋਜਕ 2. ਸੰਜੁਗਤ ਯੋਜਕ 3. ਸਹਿ ਸੰਬੰਧਕੀ ਜਾਂ ਟੁੱਟਵੇਂ ਯੋਜਕ

**1. ਇਕਹਿਰੇ ਯੋਜਕ :** ਜਿਹੜਾ ਯੋਜਕ ਇੱਕ ਹੀ ਸ਼ਬਦ ਦਾ ਬਣਿਆ ਹੁੰਦਾ ਹੈ, ਉਸ ਨੂੰ ਇਕਹਿਰਾ ਯੋਜਕ ਕਿਹਾ ਜਾਂਦਾ ਹੈ, ਜਿਵੇਂ : ਤੇ, ਅਤੇ, ਪਰ, ਕਿ, ਜਾਂ, ਭਾਵੇਂ ਆਦਿ।

**2. ਸੰਜੁਗਤ ਯੋਜਕ :** ਦੋ ਜਾਂ ਦੋ ਤੋਂ ਵੱਧ ਸ਼ਬਦਾਂ ਤੋਂ ਮਿਲ਼ ਕੇ ਬਣੇ ਹੋਏ ਯੋਜਕਾਂ ਨੂੰ ਸੰਜੁਗਤ ਯੋਜਕ ਕਿਹਾ ਜਾਂਦਾ ਹੈ, ਜਿਵੇਂ : ਇਸ ਲਈ, ਇਸ ਕਰਕੇ, ਤਾਂਕਿ, ਤਾਂਜੋ, ਤਦੇ ਤਾਂ, ਕਿਉਂਕਿ ਆਦਿ।

**3. ਸਹਿ-ਸੰਬੰਧਕੀ ਜਾਂ ਟੁੱਟਵੇਂ ਯੋਜਕ :** ਸਹਿ-ਸੰਬੰਧਕੀ ਯੋਜਕ ਟੁੱਟਵੇਂ ਰੂਪ ਵਿੱਚ ਵਰਤੇ ਜਾਂਦੇ ਹਨ। ਜਿਨ੍ਹਾਂ ਵਾਕਾਂ ਵਿੱਚ ਇਸ ਪ੍ਰਕਾਰ ਦੇ ਯੋਜਕ ਵਰਤੇ ਜਾਂਦੇ ਹਨ, ਉਹਨਾਂ ਵਿੱਚ ਕਿਸੇ ਹੋਰ ਸ਼ਬਦ-ਸ਼੍ਰੇਣੀ ਦਾ ਤੱਤ ਜੁੜ ਕੇ ਆਉਂਦਾ ਹੈ, ਜਿਵੇਂ: ਹੇਠ ਲਿਖੇ ਵਾਕ ਵਿੱਚ 'ਫਿਰ' ਯੋਜਕ ਨਾਲ਼ 'ਵੀ' ਦਬਾਅਵਾਚੀ ਤੱਤ ਜੁੜ ਕੇ ਆਉਂਦਾ ਹੈ :

ਭਾਵੇਂ ਜ਼ੋਰ ਦਾ ਮੀਂਹ ਪੈ ਰਿਹਾ ਸੀ ਫਿਰ ਵੀ ਉਹ ਘਰੋਂ ਚੱਲ ਪਿਆ।

## ਅਭਿਆਸ

1. ਯੋਜਕ ਕਿਸ ਨੂੰ ਕਹਿੰਦੇ ਹਨ ?
2. ਯੋਜਕਾਂ ਦੀ ਵੰਡ ਕਿੰਨੇ ਤਰ੍ਹਾਂ ਨਾਲ਼ ਹੋ ਸਕਦੀ ਹੈ ? ਵੇਰਵੇ ਸਹਿਤ ਦੱਸੋ।
3. ਸਮਾਨ ਯੋਜਕਾਂ ਅਤੇ ਅਧੀਨ ਯੋਜਕਾਂ ਵਿੱਚ ਕੀ ਅੰਤਰ ਹੈ ?
4. ਹੇਠ ਲਿਖਿਆਂ ਵਿੱਚੋਂ ਕਿਹੜੇ ਵਾਕਾਂ ਵਿੱਚ ਸਹਿ-ਸੰਬੰਧਕੀ ਯੋਜਕ ਆਏ ਹਨ:
   (ੳ) ਮੈਂ ਤੁਹਾਨੂੰ ਸੂਚਿਤ ਕਰ ਦਿੱਤਾ ਸੀ ਕਿ ਮੈਂ ਸਕੂਲ ਨਹੀਂ ਆਵਾਂਗਾ।
   (ਅ) ਭਾਵੇਂ ਮੀਂਹ ਪਵੇ ਭਾਵੇਂ ਹੜ੍ਹ ਆਵੇ ਫਿਰ ਵੀ ਮੈਂ ਸਮੇਂ ਸਿਰ ਸਕੂਲ ਜਾਂਦਾ ਹਾਂ।
   (ੲ) ਤੂੰ ਸਾਰਾ ਦਿਨ ਖੇਡਦਾ ਰਹਿੰਦਾ ਹੈਂ ਤਦ ਹੀ ਪਰੀਖਿਆ ਵਿੱਚ ਤੇਰੇ ਘੱਟ ਅੰਕ ਆਏ ਹਨ।
   (ਸ) ਉਸ ਨੂੰ ਫਾਹੂ ਗੱਲਾਂ ਕਰਨ ਦੀ ਆਦਤ ਹੈ ਇਸ ਲਈ ਮੈਂ ਉਸ ਦੇ ਕੋਲ਼ ਬੈਠਣਾ ਪਸੰਦ ਨਹੀਂ ਕਰਦਾ।

* * *

# ਵਿਸਮਕ

ਵਿਸਮਕ ਸ਼ਬਦ ਬੋਲਣ ਵਾਲ਼ੇ ਦੀ ਭਾਵਨਾਤਮਿਕ ਮਨੋਸਥਿਤੀ ਨੂੰ ਭਾਸ਼ਾਈ ਪੱਧਰ ਉਤੇ ਸਾਕਾਰ ਕਰਦੇ ਹਨ। ਇਸ ਨੂੰ ਅਸੀਂ ਇੰਞ ਵੀ ਕਹਿ ਸਕਦੇ ਹਾਂ ਕਿ ਖ਼ੁਸ਼ੀ, ਗ਼ਮੀ, ਹੈਰਾਨੀ, ਭੈ, ਪ੍ਰਸੰਸਾ ਆਦਿ ਭਾਵਾਂ ਦੇ ਪ੍ਰਗਟਾਵੇ ਲਈ ਸੁਭਾਵਿਕ ਹੀ ਮੂੰਹੋਂ ਨਿਕਲ਼ਿਆ ਸ਼ਬਦ ਵਿਸਮਕ ਅਖਵਾਉਂਦਾ ਹੈ। ਇਸ ਸ਼ਬਦ ਦੇ ਨਾਲ਼ ਵਿਸਮਕ-ਚਿੰਨ੍ਹ (!) ਵਰਤਿਆ ਜਾਂਦਾ ਹੈ। ਪੰਜਾਬੀ ਭਾਸ਼ਾ ਵਿੱਚ ਵਿਸਮਕ-ਸ਼ਬਦ, ਵਾਕਾਂਸ਼ ਤੇ ਉਪਵਾਕ ਦੇ ਪੱਧਰ ਉੱਤੇ ਵਿਚਰਦੇ ਹਨ । ਇਹ ਵਾਕ ਜਾਂ ਉਪਵਾਕ ਦਾ ਅਹਿਮ ਹਿੱਸਾ ਨਹੀਂ ਹੁੰਦੇ। ਇਹਨਾਂ ਤੋਂ ਬਿਨਾਂ ਵੀ ਵਾਕ ਵਿਆਕਰਨਿਕ ਪੱਖੋਂ ਪੂਰਨ ਹੁੰਦਾ ਹੈ, ਜਿਵੇਂ :

ਬੱਲੇ ਓਏ ! ਤੂੰ ਤਾਂ ਕਮਾਲ ਕਰ ਦਿੱਤੀ!

ਹੈਂ ! ਉਹ ਵਿਦੇਸ਼ ਚਲਾ ਗਿਆ ਹੈ !

ਹਾਏ ! ਇਹ ਕੀ ਗ਼ਜ਼ਬ ਹੋ ਗਿਆ !

ਸ਼ਾਬਾਸ਼ ! ਤੁਸੀਂ ਬੜੀ ਦਲੇਰੀ ਦਿਖਾਈ ਹੈ!

ਉਪਰੋਕਤ ਵਾਕਾਂ ਵਿੱਚ/ ਬੱਲੇ ਓਏ, ਹੈਂ, ਹਾਏ, ਸ਼ਾਬਾਸ਼ ਆਦਿ ਵਿਸਮਕ ਸ਼ਬਦਾਂ ਨੂੰ ਜੇਕਰ ਵਾਕ ਵਿੱਚੋਂ ਖ਼ਾਰਜ ਵੀ ਕਰ ਦਿੱਤਾ ਜਾਵੇ ਤਾਂ ਵਾਕ ਵਿਆਕਰਨਿਕ ਪੱਖੋਂ ਫਿਰ ਵੀ ਪੂਰਨ ਰਹੇਗਾ।

ਆਮ ਕਰਕੇ ਖ਼ੁਸ਼ੀ ਲਈ 'ਆਹਾ!', ਗ਼ਮੀ ਲਈ 'ਹਾਏ!', 'ਉਫ਼!', 'ਉਹੋ!' ਅਤੇ ਹੈਰਾਨੀ ਲਈ 'ਵਾਹ!', 'ਹੈਂ', 'ਅੱਛਾ!', ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਪਰ ਇਹ ਗੱਲ ਨਿਸ਼ਚੇ ਨਾਲ਼ ਨਹੀਂ ਕਹੀ ਜਾ ਸਕਦੀ ਕਿ ਕੋਈ ਮਨੁੱਖ ਖ਼ੁਸ਼ੀ, ਦੁੱਖ, ਹੈਰਾਨੀ ਆਦਿ ਦੀ ਸਥਿਤੀ ਵਿੱਚ ਕਿਹੜੇ ਸ਼ਬਦ ਬੋਲੇਗਾ । ਉਦਾਹਰਨ ਲਈ ਦੁੱਖ ਜਾਂ ਘਬਰਾਹਟ ਦੀ ਸਥਿਤੀ ਵਿੱਚ 'ਹਾਏ' ਸ਼ਬਦ ਦੇ ਨਾਲ਼ 'ਰੱਬਾ', 'ਰਾਮ', 'ਮਾਂ', 'ਮੰਮੀ', 'ਬਾਪੂ ਜੀ', 'ਓਏ' ਆਦਿ ਕਿੰਨੇ ਹੀ ਸ਼ਬਦ ਵਰਤੇ ਜਾ ਸਕਦੇ ਹਨ। ਇਹ ਵੀ ਜ਼ਰੂਰੀ ਨਹੀਂ ਕਿ 'ਹਾਏ' ਸ਼ਬਦ ਕੇਵਲ ਦੁੱਖ ਜਾਂ ਘਬਰਾਹਟ ਦੀ ਸਥਿਤੀ ਵਿੱਚ ਹੀ ਵਰਤਿਆ ਜਾਵੇ। ਇਹ ਖ਼ੁਸ਼ੀ ਜਾਂ ਹੈਰਾਨੀ ਲਈ ਵੀ ਵਰਤਿਆ ਜਾ ਸਕਦਾ ਹੈ, ਜਿਵੇਂ :

ੳ. "ਹਾਏ! ਕਿਹਾ ਨਵਾਂ ਪ੍ਰਿੰਟ ਹੈ! ਮੁੜ-ਮੁੜ ਵੇਖਣ ਨੂੰ ਜੀਅ ਕਰਦਾ ਹੈ।"

ਅ. "ਹਾਏ! ਮੈਂ ਮਰ ਜਾਂ ! ਅੱਜ ਤਾਂ ਮੇਰਾ ਚੰਨ ਵੀਰ ਆਇਆ ਹੈ।"

ਇਸੇ ਤਰ੍ਹਾਂ 'ਬੱਲੇ' ਸ਼ਬਦ ਪ੍ਰਸੰਸਾ, ਫਿਟਕਾਰ, ਘਬਰਾਹਟ, ਦੁੱਖ, ਖ਼ੁਸ਼ੀ ਆਦਿ ਲਈ ਵਰਤਿਆ ਜਾ ਸਕਦਾ ਹੈ, ਜਿਵੇਂ :

ੳ. "ਬੱਲੇ! ਤੂੰ ਕੰਮ ਮੁਕਾ ਵੀ ਲਿਆ ਏ!" (ਪ੍ਰਸੰਸਾ)

ਅ. "ਬੱਲੇ! ਤੂੰ ਤਾਂ ਮੇਰੀ ਕਮੀਜ਼ ਹੀ ਖ਼ਰਾਬ ਕਰ ਦਿੱਤੀ ਹੈ।" (ਫਿਟਕਾਰ)

ੲ. "ਬੱਲੇ! ਤੂੰ ਆ ਵੀ ਗਿਆ!" (ਹੈਰਾਨੀ)

ਇਸ ਪ੍ਰਕਾਰ ਮੁੱਖ ਤੌਰ ਉੱਤੇ ਗੱਲ ਦੇ ਪ੍ਰਸੰਗ ਵਿੱਚ ਹੀ ਕੋਈ ਸ਼ਬਦ ਖ਼ੁਸ਼ੀ, ਗ਼ਮੀ, ਹੈਰਾਨੀ ਆਦਿ ਦੇ ਭਾਵਾਂ ਨਾਲ਼ ਜੁੜਦਾ ਹੈ। ਇਸ ਪਿੱਛੋਂ ਆਉਣ ਵਾਲ਼ਾ ਵਿਸਮਕ-ਚਿੰਨ੍ਹ ਪਾਠਕ ਨੂੰ ਭਾਵ ਅਨੁਸਾਰ ਪੜ੍ਹਨ ਦਾ ਸੰਕੇਤ ਕਰਦਾ ਹੈ।

ਪੰਜਾਬੀ ਭਾਸ਼ਾ ਦੀ ਵਾਕ-ਜੁਗਤ ਵਿੱਚ ਇਹਨਾਂ ਦਾ ਸਥਾਨ ਵਾਕ ਦੇ ਸ਼ੁਰੂ ਵਿੱਚ ਹੀ ਹੁੰਦਾ ਹੈ। ਪਰ ਕਈ ਵਾਰ ਬੁਲਾਰਾ ਆਪਣੀ ਲੋੜ ਅਨੁਸਾਰ ਇਹਨਾਂ ਦੀ ਵਰਤੋਂ ਅੰਤ ਵਿੱਚ ਵੀ ਕਰ ਲੈਂਦਾ ਹੈ। ਅਰਥ ਦੇ ਪੱਖ ਤੋਂ ਇਹਨਾਂ ਨੂੰ ਨੌਂ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ :

1. ਪ੍ਰਸੰਸਾਵਾਚਕ : ਵਾਹਵਾ, ਬੱਲੇ, ਧੰਨ, ਅਸ਼ਕੇ, ਸ਼ਾਬਾਸ਼, ਬੱਲੇ-ਬੱਲੇ, ਬਲਿਹਾਰੇ, ਸਦਕੇ ਆਦਿ।
2. ਹੈਰਾਨੀਵਾਚਕ : ਹੈਂ, ਹੈਂ-ਹੈਂ, ਹਲਾ, ਬਈ ਵਾਹ ਆਦਿ।

3. ਇੱਛਾਵਾਚਕ : ਜੇ ਕਿਤੇ, ਹਾਏ ਜੇ, ਹੇ ਰੱਬਾ, ਕਾਸ਼ ਆਦਿ।

4. ਸ਼ੋਕਵਾਚਕ : ਉਈ, ਅਫ਼ਸੋਸ, ਹਾਏ।

5. ਸੰਬੋਧਕੀ : ਨੀ, ਵੇ, ਬੀਬਾ, ਏ, ਓਏ, ਅੜਿਆ, ਕੁੜੇ, ਹੇ ਆਦਿ।

6. ਸਤਿਕਾਰਵਾਚਕ : ਆਈਏ, ਜੀ ਆਇਆਂ ਨੂੰ, ਆਓ ਜੀ, ਧੰਨਭਾਗ ਆਦਿ।

7. ਫਿਟਕਾਰਵਾਚਕ : ਦੁਰਫਿੱਟੇ-ਮੂੰਹ, ਤੇਰਾ ਕੱਖ ਨਾ ਰਹੇ, ਤੇਰਾ ਬੇੜਾ ਬਹਿ ਜਾਏ, ਲੱਖ ਲਾਹਨਤ ਆਦਿ।

8. ਅਸੀਸਵਾਚਕ : ਵਧੋ-ਫੁੱਲੋ, ਬੁੱਢਸੁਹਾਗਣ ਹੋਵੇਂ, ਜਿਊਂਦਾ-ਵੱਸਦਾ ਰਹਿ, ਜੁਗ-ਜੁਗ ਜੀਵੋ, ਖ਼ੁਸ਼ ਰਹੋ ਆਦਿ।

9. ਸੂਚਨਾਵਾਚਕ : ਵੇਖੀਂ, ਬਚੀਂ, ਖ਼ਬਰਦਾਰ, ਹੋਸ਼ਿਆਰ, ਜਾਗਦੇ ਰਹੋ, ਬਚ ਕੇ ਆਦਿ।

ਇਸ ਪ੍ਰਕਾਰ ਮੁੱਖ ਤੌਰ ਉੱਤੇ ਗੱਲ ਦੇ ਪ੍ਰਸੰਗ ਵਿੱਚ ਹੀ ਕੋਈ ਸ਼ਬਦ ਖ਼ੁਸ਼ੀ, ਗ਼ਮੀ, ਹੈਰਾਨੀ ਆਦਿ ਦੇ ਭਾਵਾਂ ਨਾਲ਼ ਜੁੜਦਾ ਹੈ। ਇਸ ਪਿੱਛੋਂ ਆਉਣ ਵਾਲ਼ਾ ਵਿਸਮਕ-ਚਿੰਨ੍ਹ ਪਾਠਕ ਨੂੰ ਭਾਵ ਅਨੁਸਾਰ ਪੜ੍ਹਨ ਦਾ ਸੰਕੇਤ ਕਰਦਾ ਹੈ।

**ਨੋਟ :** ਸੰਬੋਧਨ ਦੇ ਸ਼ਬਦ ਪਿੱਛੋਂ ਆਮ ਕਰਕੇ ਕਾਮਾ (,) ਲੱਗਦਾ ਹੈ ਪਰ ਜੇ ਪ੍ਰਸੰਗ ਤੋਂ ਪਤਾ ਲੱਗੇ ਕਿ ਸੰਬੋਧਨ ਦੇ ਸ਼ਬਦ ਖ਼ੁਸ਼ੀ, ਗ਼ਮੀ, ਹੈਰਾਨੀ, ਭੈ, ਪ੍ਰਸੰਸਾ, ਸ਼ੁਕਰਾਨਾ ਆਦਿ ਦੇ ਭਾਵ ਨਾਲ਼ ਜੁੜੇ ਹਨ ਤਦ ਵਿਸਮਕ-ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ :

"ਓ ਸੱਜਣਾ! ਓਏ ਇਲਮਿਆ!" ਸਾਹੋ-ਸਾਹ ਹੋਇਆ ਬਾਬਾ ਅਕਾਲੀ ਦੋਵੇਂ ਬਾਹੀਂ ਖਿਲਾਰ ਕੇ ਗਰਜਿਆ।

## ਅਭਿਆਸ

1. ਵਿਸਮਕ ਕਿਸ ਨੂੰ ਕਹਿੰਦੇ ਹਨ ?
2. ਹੇਠ ਲਿਖੇ ਭਾਵਾਂ ਨੂੰ ਪ੍ਰਗਟ ਕਰਨ ਲਈ ਆਮ ਤੌਰ 'ਤੇ ਕਿਹੜੇ-ਕਿਹੜੇ ਵਿਸਮਕ-ਸ਼ਬਦਾਂ ਦੀ ਵਰਤੋਂ ਹੁੰਦੀ ਹੈ ?

   ਖ਼ੁਸ਼ੀ, ਹੈਰਾਨੀ, ਡਰ, ਗ਼ਮੀ।
3. ਕਿਸੇ ਵਾਕ ਵਿੱਚ ਕੋਈ ਸ਼ਬਦ ਸੰਬੋਧਨੀ ਹੈ ਜਾਂ ਵਿਸਮਕ ਇਸ ਦਾ ਪਤਾ ਕਿਵੇਂ ਲੱਗਦਾ ਹੈ ?
4. ਹੇਠ ਲਿਖੇ ਵਾਕਾਂ ਵਿੱਚੋਂ ਵਿਸਮਕ ਸ਼ਬਦਾਂ ਨੂੰ ਚੁਣੋ :

   ੳ. "ਖ਼ਬਰਦਾਰ! ਜੇ ਮੇਰੀ ਗੇਂਦ ਨੂੰ ਹੱਥ ਲਾਇਆ," ਜੀਤੀ ਨੇ ਕੜਕ ਕੇ ਕਿਹਾ।

   ਅ. "ਬੱਲੇ-ਬੱਲੇ! ਬਾਹਰ ਸੂਰਜ ਕਿੰਨਾ ਚੜ੍ਹ ਆਇਐ!" ਬੂਹਾ ਖੋਲ੍ਹਦੇ ਹੋਏ ਸੁਮਿੱਤਰਾ ਨੇ ਕਿਹਾ।

   ੲ. "ਆਹ! ਕਿੰਨਾ ਚਲਾਕ ਬਣਦੈ! ਇਹ ਵਾਰੀ ਮੇਰੀ ਏ।" ਪ੍ਰੀਤੀ ਨੇ ਕਿਹਾ।

   ਸ. "ਹਾਏ! ਬਾਪੂ ਜੀ !" ਕੰਡਾ ਚੁਭਦਿਆਂ ਹੀ ਹਰਜੀਤ ਨੇ ਚੀਕਦਿਆਂ ਕਿਹਾ।

* * *

# ਸ਼ਬਦ-ਰਚਨਾ

ਸ਼ਬਦ ਅੱਖਰਾਂ, ਲਗਾਂ ਅਤੇ ਲਗਾਖਰਾਂ ਦੇ ਮੇਲ਼ ਨਾਲ਼ ਬਣਦੇ ਹਨ। ਅਰਥਾਂ ਦੇ ਪੱਧਰ 'ਤੇ ਇਹ ਭਾਸ਼ਾ ਦੀ ਛੋਟੀ ਤੋਂ ਛੋਟੀ ਸੁਤੰਤਰ ਇਕਾਈ ਹੈ।

ਜਿਹੜੀ ਬੋਲੀ ਅਸੀਂ ਬੋਲਦੇ ਜਾਂ ਲਿਖਦੇ ਹਾਂ, ਉਸ ਵਿੱਚ ਵਰਤੇ ਜਾਂਦੇ ਸ਼ਬਦ ਮੁੱਖ ਤੌਰ 'ਤੇ ਦੋ ਤਰ੍ਹਾਂ ਦੇ ਹੁੰਦੇ ਹਨ : (1) ਮੂਲ ਸ਼ਬਦ (2) ਰਚਿਤ ਸ਼ਬਦ।

**1. ਮੂਲ ਸ਼ਬਦ :** ਮੂਲ ਸ਼ਬਦ ਉਹ ਹੈ ਜੋ ਆਪਣੇ-ਆਪ ਵਿੱਚ ਇੱਕ ਪੂਰਨ ਇਕਾਈ ਹੁੰਦਾ ਹੈ। ਇਸ ਸ਼ਬਦ ਨੂੰ ਅੱਗੋਂ ਤੋੜਿਆ ਨਹੀਂ ਜਾ ਸਕਦਾ ਅਤੇ ਨਾ ਹੀ ਇਸ ਦੀ ਬਣਤਰ ਵਿੱਚ ਕਿਸੇ ਸ਼ਬਦ ਜਾਂ ਸ਼ਬਦਾਂਸ਼ ਦਾ ਮੇਲ਼ ਹੋਇਆ ਮਿਲ਼ਦਾ ਹੈ। ਉਦਾਹਰਨ ਲਈ ਹੇਠਾਂ ਦਿੱਤੇ ਸ਼ਬਦ ਮੂਲ ਸ਼ਬਦ ਹਨ :

ਕਰ, ਪੜ੍ਹ, ਰੇਤ, ਬਾਗ਼, ਜਾ, ਤੂੰ।

**2. ਰਚਿਤ ਸ਼ਬਦ :** ਰਚਿਤ ਸ਼ਬਦ ਉਹ ਹੈ ਜਿਹੜਾ ਮੂਲ ਸ਼ਬਦ ਤੋਂ ਵੱਖ-ਵੱਖ ਢੰਗਾਂ ਨਾਲ਼ ਰਚਿਆ ਜਾਂਦਾ ਹੈ। ਕਿਸੇ ਵੀ ਭਾਸ਼ਾ ਦੀ ਬਹੁਤੀ ਸ਼ਬਦਾਵਲੀ ਅਜਿਹੇ ਸ਼ਬਦਾਂ ਦੀ ਹੁੰਦੀ ਹੈ। ਰਚਿਤ ਸ਼ਬਦ ਦੋ ਤਰ੍ਹਾਂ ਦੇ ਹੁੰਦੇ ਹਨ :

ੳ. ਸਮਾਸੀ ਸ਼ਬਦ    ਅ. ਉਤਪੰਨ ਸ਼ਬਦ

**ੳ. ਸਮਾਸੀ ਸ਼ਬਦ :** ਸਮਾਸ ਦਾ ਅਰਥ ਹੈ ਜੋੜਨਾ ਜਾਂ ਸੰਖੇਪ ਕਰਨਾ। ਜਦੋਂ ਦੋ ਜਾਂ ਤਿੰਨ ਸ਼ਬਦਾਂ ਨੂੰ ਜੋੜ ਕੇ ਉਹਨਾਂ ਦਾ ਸੰਖੇਪ ਰੂਪ ਇਸ ਪ੍ਰਕਾਰ ਬਣਾਇਆ ਜਾਵੇ ਕਿ ਉਹ ਇੱਕ ਨਵਾਂ ਅਰਥ ਦੇਣ ਵਾਲ਼ਾ ਵੱਖਰਾ ਸ਼ਬਦ ਬਣ ਜਾਵੇ ਤਾਂ ਉਸ ਨੂੰ ਸਮਾਸੀ ਸ਼ਬਦ ਕਹਿੰਦੇ ਹਨ, ਜਿਵੇਂ : ਸੱਜਰੀ ਵਿਆਹੀ ਹੋਈ = ਸੱਜ-ਵਿਆਹੀ, ਹੱਥ ਨੂੰ ਲੱਗਣ ਵਾਲ਼ੀ ਕੜੀ = ਹਥਕੜੀ, ਲੋਕਾਂ ਦਾ ਰਾਜ = ਲੋਕ-ਰਾਜ।

## ਸਮਾਸ-ਵਿਧੀ ਨਾਲ਼ ਸ਼ਬਦ ਬਣਾਉਣ ਬਾਰੇ ਕੁਝ ਨੁਕਤੇ ਇਸ ਪ੍ਰਕਾਰ ਹਨ :

1. ਪੰਜਾਬੀ ਵਿੱਚ ਆਮ ਤੌਰ 'ਤੇ ਸਮਾਸ ਦੋ ਸ਼ਬਦਾਂ ਨੂੰ ਮਿਲ਼ਾ ਕੇ ਬਣਦਾ ਹੈ। ਕਦੀ-ਕਦਾਈਂ ਇਹ ਤਿੰਨ ਸ਼ਬਦਾਂ ਦਾ ਵੀ ਹੁੰਦਾ ਹੈ, ਜਿਵੇਂ : ਹਰਮਨ-ਪਿਆਰਾ (ਹਰ + ਮਨ + ਪਿਆਰਾ)।
2. ਸਮਾਸ-ਵਿਧੀ ਰਾਹੀਂ ਸ਼ਬਦ ਬਣਾਉਣ ਸਮੇਂ ਯੋਜਕ, ਸੰਬੰਧਕ ਆਦਿ ਸ਼ਬਦ ਛੱਡ ਦਿੱਤੇ ਜਾਂਦੇ ਹਨ, ਜਿਵੇਂ :

   ਰਾਸ਼ਟਰ ਦਾ ਪਤੀ – ਤੋਂ – ਰਾਸ਼ਟਰਪਤੀ

   ਆਪ ਨਾਲ਼ ਬੀਤੀ – ਤੋਂ – ਆਪਬੀਤੀ
3. ਸਮਾਸ ਵਿਧੀ ਰਾਹੀਂ ਬਣਿਆ ਸ਼ਬਦ ਸਾਰਥਕ ਹੁੰਦਾ ਹੈ, ਜਿਵੇਂ : ਆਤਮਘਾਤ, ਚਿੜੀਆ-ਘਰ, ਪਗ-ਡੰਡੀ ਆਦਿ।

   ਵੱਖ-ਵੱਖ ਸ਼ਬਦਾਂ ਤੋਂ ਜੁੜ ਕੇ ਬਣਦੇ ਸਮਾਸੀ ਸ਼ਬਦਾਂ ਦੀਆਂ ਕੁਝ ਉਦਾਹਰਨਾਂ ਇਸ ਪ੍ਰਕਾਰ ਹਨ :

   (ੳ) ਨਾਂਵ + ਨਾਂਵ = ਹਥਕੜੀ, ਜੇਬ-ਘੜੀ, ਚਿੜੀਆ-ਘਰ, ਜਲ-ਘਰ, ਹੱਥ-ਪੈਰ ਆਦਿ।

   (ਅ) ਵਿਸ਼ੇਸ਼ਣ + ਨਾਂਵ = ਖ਼ੁਸ਼ਕਿਸਮਤ, ਨੀਲਕਮਲ, ਕਾਲ਼ੇ-ਪਾਣੀ ਆਦਿ।

   (ੲ) ਕਿਰਿਆ-ਵਿਸ਼ੇਸ਼ਣ+ਨਾਂਵ=ਦੂਰ-ਦ੍ਰਿਸ਼ਟੀ, ਨਿੱਤ-ਨੇਮ ਆਦਿ।

   ਗਿਣਤੀ ਸੰਬੰਧੀ :

   ਇਕੱਤੀ = (ਇੱਕ+ਤੀਹ)

   ਸਤੱਤਰ = (ਸੱਤ+ਸੱਤਰ)

   ਤਿਕੋਣ = (ਤਿੰਨ+ਕੋਣ)

ਦੁਨਾਲ਼ੀ = (ਦੋ+ਨਾਲ਼ੀ)

**ਕੁਝ ਫੁਟਕਲ ਸਮਾਸੀ ਸ਼ਬਦ :**

| | | | |
|---|---|---|---|
| ਆਤਸ਼ਬਾਜ਼ੀ | ਸਿਰਪੀੜ | ਜੱਗਬੀਤੀ | ਪਤਝੜ |
| ਰਾਸ਼ਟਰਪਤੀ | ਅਖੰਡ-ਪਾਠ | ਹੱਦ-ਬੰਦੀ | ਜਗਤ-ਗੁਰੂ |
| ਬਾਲ-ਵਿਧਵਾ | ਲੂਣ-ਹਰਾਮ | ਆਪਹੁਦਰਾ | ਹਰਮਨ-ਪਿਆਰਾ |
| ਜੁੱਤੀ-ਚੋਰ | ਬੁੱਢ-ਸੁਹਾਗਣ | ਲੋਕ-ਸਭਾ | ਆਪਬੀਤੀ |
| ਕੰਮ-ਚੋਰ | ਠਾਕਰ-ਦੁਆਰਾ | ਭੇਡ-ਚਾਲ | ਲੋਕ-ਰਾਜ |
| ਅੰਮ੍ਰਿਤਧਾਰਾ | ਗੜ੍ਹੇਮਾਰ | ਟਿਕਟ-ਘਰ | ਮਾਲ-ਗੱਡੀ |
| ਸਦਾ-ਵਰਤ | ਗਿਠਮੁਠੀਆ | ਦੇਸ-ਭਗਤ | ਰੇਲਗੱਡੀ |
| ਗੁਰਦਵਾਰਾ | ਦੂਰ-ਦਰਸ਼ਨ | ਮਿਠਬੋਲਾ | ਸਰਬ-ਸੰਮਤੀ |
| ਚਿਟਕਪੜੀਆ | ਨੌਕਰਸ਼ਾਹੀ | ਰਾਮ-ਰੌਲ਼ਾ | ਅੱਤਕਥਨੀ |

**ਅ. ਉਤਪੰਨ-ਸ਼ਬਦ :** ਜਿਹੜਾ ਸ਼ਬਦ ਕਿਸੇ ਮੂਲ-ਸ਼ਬਦ ਤੋਂ ਪਹਿਲਾਂ ਅਗੇਤਰ ਲਾ ਕੇ ਜਾਂ ਪਿੱਛੇ ਪਿਛੇਤਰ ਲਾ ਕੇ ਬਣਾਇਆ ਜਾਵੇ, ਉਸਨੂੰ ਉਤਪੰਨ-ਸ਼ਬਦ ਕਹਿੰਦੇ ਹਨ। ਸ਼ਬਦਾਂ ਦੇ ਅੱਗੇ ਲੱਗਣ ਵਾਲ਼ੇ ਸ਼ਬਦਾਂਸ਼ ਅਗੇਤਰ ਅਤੇ ਪਿੱਛੇ ਲੱਗਣ ਵਾਲ਼ੇ ਪਿਛੇਤਰ ਹੁੰਦੇ ਹਨ। ਉਦਾਹਰਨ ਲਈ 'ਦੁਰਘਟਨਾ' ਸ਼ਬਦ ਵਿੱਚ 'ਘਟਨਾ' ਸ਼ਬਦ ਤੋਂ ਪਹਿਲਾਂ 'ਦੁਰ' ਅਗੇਤਰ ਲੱਗਾ ਹੈ ਅਤੇ 'ਅਣਖੀਲਾ' ਵਿੱਚ 'ਅਣਖ' ਸ਼ਬਦ ਦੇ ਪਿੱਛੇ 'ਈਲਾ' ਪਿਛੇਤਰ ਲੱਗਾ ਹੈ।

ਅਗੇਤਰਾਂ ਅਤੇ ਪਿਛੇਤਰਾਂ ਤੋਂ ਬਣੇ ਕੁਝ ਸ਼ਬਦਾਂ ਦਾ ਵੇਰਵਾ ਇਸ ਪ੍ਰਕਾਰ ਹੈ :

## ਅਗੇਤਰ :

### ਅਗੇਤਰ ਲੱਗੇ ਸ਼ਬਦ

ਉ (ਉੱਪਰੋਂ ਜਾਂ ਉੱਪਰ ਨੂੰ)— ਉੱਖੜਨਾ, ਉਥੱਲਣਾ, ਉਲੰਘਣਾ, ਉਲੱਦਣਾ

ਉਪ (ਛੋਟਾ) - ਉਪਨਾਮ, ਉਪਬੋਲੀ, ਉਪਮੰਤਰੀ, ਉਪਨਿਰਦੇਸ਼ਕ

ਅ (ਨਾਂਹਵਾਚਕ, ਬਿਨਾਂ, ਹੀਣ) —ਅਸਹਿ, ਅਕਹਿ, ਅਸੰਤੁਸ਼ਟ, ਅਸਫਲ, ਅਸੰਭਵ, ਅਸਮਰਥ, ਅਸ਼ਲੀਲ, ਅਸ਼ਾਂਤ, ਅਸਾਧ, ਅਸਧਾਰਨ, ਅਸ਼ੁੱਧ, ਅਸ਼ੁੱਭ, ਅਹਿੰਸਾ, ਅਕਾਰਨ, ਅਟੱਲ, ਅਟੁੱਟ, ਅਨਿਆਂ, ਅਪੂਰਨ, ਅਰੋਗ, ਅਮਰ, ਅਲੂਣਾ

ਅਣ (ਨਿਖੇਧਕ)—ਅਣਸੁਣਿਆ, ਅਣਹੋਣੀ, ਅਣਗਹਿਲੀ, ਅਣਗਿਣਤ, ਅਣਡਿੱਠ, ਅਣਥੱਕ

ਅਨ (ਨਿਖੇਧਕ)—ਅਨਰਥ, ਅਨਜਾਣ, ਅਨਪੜ੍ਹ, ਅਨੰਤ, ਅਨਾਦਰ, ਅਨਾਦਿ

ਅਨੁ (ਪਿੱਛੇ, ਸਮਾਨ)—ਅਨੁਸਾਰ, ਅਨੁਭਵ, ਅਨੁਮਾਨ, ਅਨੁਵਾਦ, ਅਨੁਯਾਈ

ਅਪ (ਬੁਰਾ, ਉਲਟਾ)—ਅਪਜਸ, ਅਪਮਾਨ, ਅਪਵਾਦ, ਅਪਵਿੱਤਰ

ਔ (ਬੁਰਾ)— ਔਗੁਣ

ਸ (ਸਾਥ)—ਸਚਿੱਤਰ, ਸਜੀਵ, ਸਫਲ, ਸਲੂਣਾ, ਸਪੁੱਤਰ, ਸਸ਼ੋਭਿਤ

ਸੰ (ਬਰਾਬਰ, ਚੰਗੀ ਤਰ੍ਹਾਂ)— ਸੰਗਠਨ, ਸੰਜੋਗ, ਸੰਪੂਰਨ, ਸੰਬੰਧ, ਸੰਵਿਧਾਨ

ਸੁ (ਚੰਗਾ)—ਸੁਸ਼ੀਲ, ਸੁਹਿਰਦ, ਸੁਗੰਧ, ਸੁਘੜ, ਸੁਚੱਜਾ, ਸੁਭਾਗ, ਸੁਮੇਲ, ਸੁਲੱਖਣਾ

ਸਹਿ (ਨਾਲ਼ ਰਲ਼ ਕੇ, ਸਾਥੀ)—ਸਹਿਕਾਰੀ, ਸਹਿਗਾਣ, ਸਹਿਪਾਠੀ, ਸਹਿਮਤ, ਸਹਿਯੋਗ

ਸ੍ਵੈ (ਖ਼ੁਦ, ਆਪਣਾ)—ਸ੍ਵੈ-ਅਧਿਕਾਰ, ਸ੍ਵੈਜੀਵਨੀ, ਸ੍ਵੈ-ਅਧੀਨ, ਸ੍ਵੈਮਾਣ

ਹਮ (ਬਰਾਬਰ)— ਹਮਉਮਰ, ਹਮਸਫ਼ਰ, ਹਮਸ਼ਕਲ, ਹਮਜੋਲੀ, ਹਮਰਾਹੀ

ਕੁ (ਭੈੜਾ)- ਕੁਸੰਗ, ਕੁਕਰਮ, ਕੁਚੱਜ, ਕੁਪੱਤ, ਕੁਮੱਤ

ਕਮ (ਥੋੜ੍ਹਾ)—ਕਮਦਿਲ, ਕਮਜ਼ੋਰ, ਕਮ-ਅਕਲ, ਕਮ-ਉਮਰ

ਖ਼ੁਸ਼ (ਚੰਗਾ)—ਖ਼ੁਸ਼ਹਾਲ, ਖ਼ੁਸ਼ਬੋ, ਖ਼ੁਸ਼ਕਿਸਮਤ, ਖ਼ੁਸ਼ਖ਼ਬਰੀ, ਖ਼ੁਸ਼ਖ਼ਤ, ਖ਼ੁਸ਼ਦਿਲ

ਗ਼ੈਰ (ਬਿਨਾਂ, ਬੇਗਾਨਾ, ਵਿਰੁੱਧ)—ਗ਼ੈਰਸਰਕਾਰੀ, ਗ਼ੈਰਹਾਜ਼ਰ, ਗ਼ੈਰਕਨੂੰਨੀ, ਗ਼ੈਰਰਸਮੀ

ਚੁ (ਚਾਰ)—ਚੁਕੰਨਾ, ਚੁਗਿਰਦਾ, ਚੁਪਾਇਆ, ਚੁਫੇਰਾ, ਚੁਆਨੀ

ਚੌ (ਚਾਰ) —ਚੌਕੜੀ, ਚੌਪਈ, ਚੌਮੁਖੀ, ਚੌਰਸ

ਛਿ (ਛੇ)—ਛਿਆਸੀ, ਛਿਹਰਟਾ, ਛਿਮਾਹੀ।

ਦੁ (ਦੋ)—ਦੁਆਬਾ, ਦੁਹੱਥੜ, ਦੁਪਰਤੀ, ਦੁਬਾਰਾ, ਦੁਮੂੰਹੀਂ, ਦੁਵੱਲਾ।

ਦੁਰ (ਬੁਰਾ, ਖੋਟਾ)—ਦੁਰਗਤ, ਦੁਰਗੰਧ, ਦੁਰਘਟਨਾ, ਦੁਰਦਸ਼ਾ, ਦੁਰਾਚਾਰ, ਦੁਰਵਰਤੋਂ

ਦੁਰ (ਔਖਾ)-ਦੁਰਲੱਭ, ਦੁਰਗਮ

ਨਾ (ਬਿਨਾਂ)—ਨਾਖ਼ੁਸ਼, ਨਾਚੀਜ਼, ਨਾਪਾਕ, ਨਾਮੁਰਾਦ, ਨਾਮਨਜ਼ੂਰ, ਨਾਲਾਇਕ, ਨਾਜਾਇਜ਼

ਨਿ (ਬਿਨਾਂ)—ਨਿਆਸਰਾ, ਨਿਸੰਗ, ਨਿਕੰਮਾ, ਨਿਗੁਰਾ, ਨਿਡਰ, ਨਿਧੜਕ

ਨਿਸ਼/ਨਿਹ (ਨਹੀਂ, ਬਿਨਾਂ)—ਨਿਸ਼ਕਾਮ, ਨਿਸ਼ਚਿੰਤ, ਨਿਸ਼ਫਲ, ਨਿਸ਼ਕਪਟ, ਨਿਹਚਲ, ਨਿਹਕਲੰਕ, ਨਿਹਫਲ

ਨਿਰ (ਨਹੀਂ, ਬਿਨਾਂ, ਬਾਝੋਂ)—ਨਿਰਗੁਣ, ਨਿਰਛਲ, ਨਿਰਜਲ, ਨਿਰਜੀਵ, ਨਿਰਦਈ, ਨਿਰਦੋਸ਼, ਨਿਰਧਨ, ਨਿਰਭੈ, ਨਿਰਮਲ, ਨਿਰਮੋਹ, ਨਿਰਲੱਜ, ਨਿਰਲੇਪ, ਨਿਰਵਿਘਨ, ਨਿਰਵੈਰ, ਨਿਰਾਸ, ਨਿਰਾਦਰ

ਪਰ (ਦੂਜਾ, ਪਰਾਇਆ)— ਪਰਉਪਕਾਰ, ਪਰਤੰਤਰ, ਪਰਦੇਸ, ਪਰਲੋਕ

ਪ੍ਰ (ਵੱਡਾ, ਚੰਗੀ ਤਰ੍ਹਾਂ)—ਪ੍ਰਬਲ, ਪ੍ਰਫੁਲਿਤ, ਪ੍ਰਚਲਿਤ, ਪ੍ਰਸਿੱਧ, ਪ੍ਰਮੁੱਖ, ਪ੍ਰਯਤਨ

ਪਰਿ (ਆਲ਼ੇ-ਦੁਆਲ਼ੇ)—ਪਰਿਸਥਿਤੀ, ਪਰਿਪੱਕ, ਪਰਿਪੂਰਨ, ਪਰਿਭਾਸ਼ਾ, ਪਰਿਕਰਮਾ

ਪੜ (ਇੱਕ ਦਰਜਾ ਪਰੇ)— ਪੜਦਾਦਾ, ਪੜਪੋਤਾ, ਪੜਨਾਨਾ, ਪੜਦੋਹਤਾ

ਬਦ (ਬੁਰਾ, ਭੈੜਾ)—ਬਦਅਸੀਸ, ਬਦਸ਼ਕਲ, ਬਦਸੂਰਤ, ਬਦਨਾਮ, ਬਦਕਾਰ, ਬਦਬੋ

ਬੇ (ਬਿਨਾਂ)— ਬੇਓੜਕ, ਬੇਸੁਰ, ਬੇਅਕਲ, ਬੇਅੰਤ, ਬੇਅਰਾਮ, ਬੇਈਮਾਨ, ਬੇਇੱਜ਼ਤ, ਬੇਕਾਰ, ਬੇਸਬਰ, ਬੇਸਮਝ, ਬੇਸ਼ਰਮ, ਬੇਹੋਸ਼, ਬੇਕਸੂਰ, ਬੇਕਿਰਕ, ਬੇਪਰਵਾਹ, ਬੇਚੈਨ, ਬੇਦਰਦ, ਬੇਫ਼ਿਕਰ, ਬੇਮਿਸਾਲ, ਬੇਰਹਿਮ, ਬੇਲਿਹਾਜ਼, ਬੇਲੋੜਾ

ਮਹਾ/ਮਹਾਂ (ਵੱਡਾ)-ਮਹਾਜਨ, ਮਹਾਤਮਾ, ਮਹਾਂਪੁਰਸ਼, ਮਹਾਂਭਾਰਤ, ਮਹਾਰਾਜਾ, ਮਹਾਰਾਣੀ

ਲਾ (ਬਿਨਾਂ)—ਲਾਇਲਾਜ, ਲਾਚਾਰ, ਲਾਪਰਵਾਹ, ਲਾਵਾਰਸ, ਲਾਸਾਨੀ

ਵਿ (ਖ਼ਾਸ, ਬਹੁਤ)— ਵਿਗਿਆਨ, ਵਿਨਾਸ

ਵਿ (ਬਿਨਾਂ)— ਵਿਅਰਥ, ਵਿਜੋਗ

## ਪਿਛੇਤਰ ਲੱਗੇ ਸ਼ਬਦ

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਜਿਹੜੇ ਸ਼ਬਦਾਂਸ਼ ਕਿਸੇ ਸ਼ਬਦ ਦੇ ਅੰਤ ਵਿੱਚ ਜੁੜ ਕੇ ਕਿਸੇ ਨਵੇਂ ਸ਼ਬਦ ਦਾ ਨਿਰਮਾਣ ਕਰਦੇ ਹਨ, ਉਹਨਾਂ ਨੂੰ ਪਿਛੇਤਰ ਕਿਹਾ ਜਾਂਦਾ ਹੈ। ਪੰਜਾਬੀ ਵਿੱਚ ਪਿਛੇਤਰਾਂ ਤੋਂ ਬਣਦੇ ਸ਼ਬਦਾਂ ਦੀਆਂ ਕੁਝ ਵੰਨਗੀਆਂ ਹੇਠ ਲਿਖੇ ਅਨੁਸਾਰ ਹਨ :

**ਕਿਰਿਆ-ਸ਼ਬਦਾਂ ਨਾਲ਼ ਪਿਛੇਤਰ ਲੱਗ ਕੇ ਬਣੇ ਨਾਂਵ-ਸ਼ਬਦ :**

| ਪਿਛੇਤਰ | ਕਿਰਿਆ | ਨਾਂਵ |
|---|---|---|
| ਕੰਨਾ ਅਤੇ ਈ | ਉਣ | ਉਣਾਈ |
| | ਸੁਣ | ਸੁਣਾਈ |
| | ਚੜ੍ਹ | ਚੜ੍ਹਾਈ |
| | ਚਿਣ | ਚਿਣਾਈ |

| ਪਿਛੇਤਰ | ਕਿਰਿਆ | ਨਾਂਵ |
|---|---|---|
| | ਪੜ੍ਹ | ਪੜ੍ਹਾਈ |
| | ਪਿੰਜ | ਪਿੰਜਾਈ |
| | ਰੰਗ | ਰੰਗਾਈ |
| | ਲੜ | ਲੜਾਈ |
| ਹਟ | ਗੁਣਗੁਣਾ | ਗੁਣਗੁਣਾਹਟ |
| | ਘਬਰਾ | ਘਬਰਾਹਟ |
| | ਮੁਸਕਰਾ | ਮੁਸਕਰਾਹਟ |
| ਕੰਨਾ ਅਤੇ ਵਟ | ਸਜ | ਸਜਾਵਟ |
| | ਗਿਰ | ਗਿਰਾਵਟ |
| | ਬਣ | ਬਣਾਵਟ |
| | ਮਿਲ਼ | ਮਿਲ਼ਾਵਟ |
| | ਰੁਕ | ਰੁਕਾਵਟ |
| ਬਿਹਾਰੀ (ੀ) | ਉਸਾਰ | ਉਸਾਰੀ |
| | ਘੂਰ | ਘੂਰੀ |

**ਨਾਂਵ-ਸ਼ਬਦਾਂ ਨਾਲ ਪਿਛੇਤਰ ਲੱਗ ਕੇ ਬਣੇ ਸ਼ਬਦ :**

| ਪਿਛੇਤਰ | ਨਾਂਵ | ਵਿਸ਼ੇਸ਼ਣ |
|---|---|---|
| ਦੁਲੈਂਕੜ ( ੂ) | ਉਜਾੜ | ਉਜਾੜੂ |
| | ਸਿਆਲ਼ | ਸਿਆਲ਼ੂ |
| ਅਲ | ਅੜੀ | ਅੜੀਅਲ |
| ਲ਼ | ਢਿੱਡ | ਢਿੱਡਲ਼ |
| | ਹੱਥ | ਹੱਥਲ਼ |
| | ਜੱਤ | ਜੱਤਲ਼ |
| | ਜ਼ਿਦ | ਜ਼ਿੱਦਲ਼ |
| | ਬੋਝ | ਬੋਝਲ਼ |
| ਕੰਨਾ ( ਾ) | ਸੱਚ | ਸੱਚਾ |
| | ਠੰਢ | ਠੰਢਾ |
| | ਝੂਠ | ਝੂਠਾ |
| | ਪਿਆਸ | ਪਿਆਸਾ |
| | ਭਾਰ | ਭਾਰਾ |
| | ਭੁੱਖ | ਭੁੱਖਾ |
| | ਮੈਲ਼ | ਮੈਲ਼ਾ |
| ਕੰਨਾ ਅਤੇ ਕਲ਼ | ਸ਼ਰਮ | ਸ਼ਰਮਾਕਲ਼ |
| | ਡਰ | ਡਰਾਕਲ਼ |
| ਕੰਨਾ ਅਤੇ ਨੀ | ਜਿਸਮ | ਜਿਸਮਾਨੀ |
| | ਬਰਫ਼ | ਬਰਫ਼ਾਨੀ |

| ਪਿਛੇਤਰ | ਨਾਂਵ | ਵਿਸ਼ੇਸ਼ਣ |
|---|---|---|
| | ਤੂਫ਼ਾਨ | ਤੂਫ਼ਾਨੀ |
| | ਇਨਸਾਨ | ਇਨਸਾਨੀ |
| ਸਿਹਾਰੀ ਅਤੇ ਕ ਲਾ ਕੇ | ਇਤਿਹਾਸ | ਇਤਿਹਾਸਿਕ |
| | ਸਮਾਜ | ਸਮਾਜਿਕ |
| | ਮਨੋਵਿਗਿਆਨ | ਮਨੋਵਿਗਿਆਨਿਕ |
| | ਭੂਗੋਲ | ਭੂਗੋਲਿਕ |
| | ਸਾਹਿਤ | ਸਾਹਿਤਿਕ |
| ਬਿਹਾਰੀ (ੀ) | ਅਸਮਾਨ | ਅਸਮਾਨੀ |
| | ਅਖ਼ਬਾਰ | ਅਖ਼ਬਾਰੀ |
| | ਅਖ਼ਲਾਕ | ਅਖ਼ਲਾਕੀ |
| | ਆਲ਼ਸ | ਆਲ਼ਸੀ |
| | ਅੰਮ੍ਰਿਤਸਰ | ਅੰਮ੍ਰਿਤਸਰੀ |
| | ਸੰਤੋਖ | ਸੰਤੋਖੀ |
| | ਸੁੱਖ | ਸੁਖੀ |
| | ਕੀਮਤ | ਕੀਮਤੀ |
| | ਕੁਦਰਤ | ਕੁਦਰਤੀ |
| | ਚੋਰ | ਚੋਰੀ |
| | ਟਕਸਾਲ | ਟਕਸਾਲੀ |
| | ਧਰਮ | ਧਰਮੀ |
| | ਨਹਿਰ | ਨਹਿਰੀ |
| | ਪਾਪ | ਪਾਪੀ |
| | ਰਾਸ਼ਟਰ | ਰਾਸ਼ਟਰੀ |
| | ਲਾਲਚ | ਲਾਲਚੀ |
| | ਲੋਭ | ਲੋਭੀ |
| | ਵਹਿਮ | ਵਹਿਮੀ |
| ਬਿਹਾਰੀ ਅਤੇ ਨ | ਨਮਕ | ਨਮਕੀਨ |
| | ਮਲ | ਮਲੀਨ |
| | ਰੰਗ | ਰੰਗੀਨ |
| ਬਿਹਾਰੀ ਅਤੇ ਲਾ | ਅਣਖ | ਅਣਖੀਲਾ |
| | ਸ਼ਰਮ | ਸ਼ਰਮੀਲਾ |
| | ਖ਼ਰਚ | ਖ਼ਰਚੀਲਾ |
| | ਚਮਕ | ਚਮਕੀਲਾ |
| | ਜ਼ਹਿਰ | ਜ਼ਹਿਰੀਲਾ |
| | ਭੜਕ | ਭੜਕੀਲਾ |
| | ਮਟਕ | ਮਟਕੀਲਾ |
| | ਰਸ | ਰਸੀਲਾ |
| | ਰੰਗ | ਰੰਗੀਲਾ |

| ਪਿਛੇਤਰ | ਨਾਂਵ | ਵਿਸ਼ੇਸ਼ਣ |
|---|---|---|
| | ਲਚਕ | ਲਚਕੀਲਾ |
| ਜਨਕ | ਆਸ਼ਾ | ਆਸ਼ਾਜਨਕ |
| | ਅਪਮਾਨ | ਅਪਮਾਨਜਨਕ |
| | ਸੰਤੋਖ | ਸੰਤੋਖਜਨਕ |
| | ਚਿੰਤਾ | ਚਿੰਤਾਜਨਕ |
| ਦਾਇਕ | ਸਿੱਖਿਆ | ਸਿੱਖਿਆਦਾਇਕ |
| | ਸੁੱਖ | ਸੁਖਦਾਇਕ |
| | ਰਸ | ਰਸਦਾਇਕ |
| | ਲਾਭ | ਲਾਭਦਾਇਕ |
| ਮਈ | ਸੋਗ | ਸੋਗਮਈ |
| | ਸ਼ੋਕ | ਸ਼ੋਕਮਈ |
| | ਸ਼ਰਧਾ | ਸ਼ਰਧਾਮਈ |
| ਲਾ | ਅਖੀਰ | ਅਖੀਰਲਾ |
| | ਅੰਤ | ਅੰਤਲਾ |
| | ਸੁਆਦ | ਸੁਆਦਲਾ |
| | ਫੁਰਤੀ | ਫੁਰਤੀਲਾ |
| | ਮੁੱਢ | ਮੁਢਲਾ |
| | ਲਾਡ | ਲਾਡਲਾ |
| ਲੂ | ਈਰਖਾ | ਈਰਖਾਲੂ |
| | ਸ਼ਰਧਾ | ਸ਼ਰਧਾਲੂ |
| | ਕਿਰਪਾ | ਕਿਰਪਾਲੂ |
| | ਦਇਆ | ਦਿਆਲੂ |

**ਵਿਸ਼ੇਸ਼ਣ-ਸ਼ਬਦਾਂ ਨਾਲ਼ ਪਿਛੇਤਰ ਲੱਗ ਕੇ ਬਣੇ ਨਾਂਵ-ਸ਼ਬਦ :**

| ਪਿਛੇਤਰ | ਵਿਸ਼ੇਸ਼ਣ | ਨਾਂਵ |
|---|---|---|
| ਬਿਹਾਰੀ (ੀ) | ਸਖ਼ਤ | ਸਖ਼ਤੀ |
| | ਸ਼ੁਕੀਨ | ਸ਼ੁਕੀਨੀ |
| | ਸਰਦ | ਸਰਦੀ |
| | ਹਮਦਰਦ | ਹਮਦਰਦੀ |
| | ਹਾਜ਼ਰ | ਹਾਜ਼ਰੀ |
| | ਹੁਸ਼ਿਆਰ | ਹੁਸ਼ਿਆਰੀ |
| | ਕਮਜ਼ੋਰ | ਕਮਜ਼ੋਰੀ |
| | ਖ਼ਰਾਬ | ਖ਼ਰਾਬੀ |
| | ਖ਼ੁਸ਼ | ਖ਼ੁਸ਼ੀ |
| | ਗਰਮ | ਗਰਮੀ |
| | ਗ਼ਰੀਬ | ਗ਼ਰੀਬੀ |
| | ਗ਼ਲਤ | ਗ਼ਲਤੀ |

| ਪਿਛੇਤਰ | ਵਿਸ਼ੇਸ਼ਣ | ਨਾਂਵ |
|---|---|---|
| | ਚਲਾਕ | ਚਲਾਕੀ |
| | ਚੁਸਤ | ਚੁਸਤੀ |
| | ਜ਼ਬਰਦਸਤ | ਜ਼ਬਰਦਸਤੀ |
| | ਤੇਜ਼ | ਤੇਜ਼ੀ |
| | ਨੇਕ | ਨੇਕੀ |
| | ਬਹਾਦਰ | ਬਹਾਦਰੀ |
| | ਬੇਅਕਲ | ਬੇਅਕਲੀ |
| | ਬੇਰੁਜ਼ਗਾਰ | ਬੇਰੁਜ਼ਗਾਰੀ |
| | ਮਜਬੂਰ | ਮਜਬੂਰੀ |
| | ਮਾਲਕ | ਮਾਲਕੀ |
| ਤਾ | ਉੱਤਮ | ਉੱਤਮਤਾ |
| | ਉਪਰਾਮ | ਉਪਰਾਮਤਾ |
| | ਅਸ਼ਲੀਲ | ਅਸ਼ਲੀਲਤਾ |
| | ਅਡੋਲ | ਅਡੋਲਤਾ |
| | ਅਰੋਗ | ਅਰੋਗਤਾ |
| | ਇਕਸਾਰ | ਇਕਸਾਰਤਾ |
| | ਇਕਸੁਰ | ਇਕਸੁਰਤਾ |
| | ਇਕਾਗਰ | ਇਕਾਗਰਤਾ |
| | ਸਫਲ | ਸਫ਼ਲਤਾ |
| | ਸੁੰਦਰ | ਸੁੰਦਰਤਾ |
| | ਸੂਖਮ | ਸੂਖਮਤਾ |
| | ਕਠੋਰ | ਕਠੋਰਤਾ |
| | ਕਿਰਪਾਲ | ਕਿਰਪਾਲਤਾ |
| | ਗੰਭੀਰ | ਗੰਭੀਰਤਾ |
| | ਦ੍ਰਿੜ੍ਹ | ਦ੍ਰਿੜ੍ਹਤਾ |
| | ਨਿਮਰ | ਨਿਮਰਤਾ |
| | ਪਵਿੱਤਰ | ਪਵਿੱਤਰਤਾ |
| ਪਣ | ਹੋਛਾ | ਹੋਛਾਪਣ |
| | ਘਟੀਆ | ਘਟੀਆਪਣ |
| | ਪਾਗਲ | ਪਾਗਲਪਣ |

**ਪਿਛੇਤਰ ਲੱਗ ਕੇ ਬਣੇ ਕੁਝ ਹੋਰ ਸ਼ਬਦ :**

| ਪਿਛੇਤਰ | | |
|---|---|---|
| ਕੰਨਾ ਅਤੇ ਲਾ | ਹਿਮ | ਹਿਮਾਲਾ |
| (ਜਗ੍ਹਾ ਅਤੇ ਘਰ) | ਪੁਸਤਕ | ਪੁਸਤਕਾਲਾ |
| | ਵਿੱਦਿਆ | ਵਿਦਿਆਲਾ |
| ਕੰਨਾ ਤੇ ਵਲੀ | ਸ਼ਬਦ | ਸ਼ਬਦਾਵਲੀ |
| (ਇਕੱਠ, ਸੰਗ੍ਰਹਿ) | ਨੇਮ | ਨੇਮਾਵਲੀ |

## ਪਿਛੇਤਰ

| | | |
|---|---|---|
| | ਬੰਸ | ਬੰਸਾਵਲੀ |
| | ਰਤਨ | ਰਤਨਾਵਲੀ |
| ਅੰਤਲੇ ਅੱਖਰ ਨਾਲ਼ ਸਿਹਾਰੀ ਤੇ ਸਤਾਨ ਲਾ ਕੇ (ਥਾਂ, ਰਹਿਣ ਦੀ ਥਾਂ) | ਅਫ਼ਗਾਨ | ਅਫ਼ਗਾਨਿਸਤਾਨ |
| | ਤੁਰਕ | ਤੁਰਕਿਸਤਾਨ |
| | ਪਾਕ | ਪਾਕਿਸਤਾਨ |
| | ਬਲੋਚ | ਬਲੋਚਿਸਤਾਨ |
| ਸਾਜ਼ (ਬਣਾਉਣ ਵਾਲ਼ਾ) | ਘੜੀ | ਘੜੀਸਾਜ਼ |
| | ਜਿਲਦ | ਜਿਲਦਸਾਜ਼ |
| ਸਾਰ (ਵਾਲ਼ਾ) | ਹੰਢਣ | ਹੰਢਣਸਾਰ |
| | ਚੱਲਣ | ਚੱਲਣਸਾਰ |
| | ਮਿਲ਼ਨ | ਮਿਲ਼ਨਸਾਰ |
| ਸ਼ਾਲਾ (ਥਾਂ, ਘਰ) | ਗਊ | ਗਊਸ਼ਾਲਾ |
| | ਚਿੱਤਰ | ਚਿੱਤਰਸ਼ਾਲਾ |
| | ਪਾਠ | ਪਾਠਸ਼ਾਲਾ |
| ਹਾਰ (ਵਾਲ਼ਾ) | ਸਿਰਜਣ | ਸਿਰਜਣਹਾਰ |
| | ਚੱਲਣ | ਚੱਲਣਹਾਰ |
| | ਰਚਣ | ਰਚਨਹਾਰ |
| ਹੀਣ (ਬਗ਼ੈਰ, ਬਿਨਾਂ) | ਉਤਸ਼ਾਹ | ਉਤਸ਼ਾਹਹੀਣ |
| | ਅੰਗ | ਅੰਗਹੀਣ |
| | ਨੇਤਰ | ਨੇਤਰਹੀਣ |
| ਕਾਰ (ਵਾਲ਼ਾ) | ਆਗਿਆ | ਆਗਿਆਕਾਰ |
| | ਸੰਗੀਤ | ਸੰਗੀਤਕਾਰ |
| | ਕਲਾ | ਕਲਾਕਾਰ |
| | ਚਿੱਤਰ | ਚਿੱਤਰਕਾਰ |
| | ਵਾਹੀ | ਵਾਹੀਕਾਰ |
| ਖ਼ਾਨਾ (ਥਾਂ, ਘਰ, ਜਗ੍ਹਾ) | ਕਾਰ | ਕਾਰਖ਼ਾਨਾ |
| | ਡਾਕ | ਡਾਕਖ਼ਾਨਾ |
| | ਮੁਰਗ਼ੀ | ਮੁਰਗ਼ੀਖ਼ਾਨਾ |
| | ਯਤੀਮ | ਯਤੀਮਖ਼ਾਨਾ |
| ਖ਼ੋਰ (ਖਾਣ ਵਾਲ਼ਾ) | ਸ਼ੱਕਰ | ਸ਼ੱਕਰਖ਼ੋਰ |
| | ਹਰਾਮ | ਹਰਾਮਖ਼ੋਰ |
| | ਚੁਗ਼ਲ | ਚੁਗ਼ਲਖ਼ੋਰ |
| | ਮਾਸ | ਮਾਸਖ਼ੋਰ |
| | ਵੱਢੀ | ਵੱਢੀਖ਼ੋਰ |
| ਗਾਰ (ਕਰਨ ਵਾਲ਼ਾ) | ਗੁਨਾਹ | ਗੁਨਾਹਗਾਰ |
| | ਪਰਹੇਜ਼ | ਪਰਹੇਜ਼ਗਾਰ |
| | ਮਦਦ | ਮਦਦਗਾਰ |

## ਪਿਛੇਤਰ

| | | |
|---|---|---|
| ਦਾਨ (ਰੱਖਣ ਦੀ ਥਾਂ) | ਕਲਮ | ਕਲਮਦਾਨ |
| | ਪਾਨ | ਪਾਨਦਾਨ |
| | ਰੋਸ਼ਨ | ਰੋਸ਼ਨਦਾਨ |
| ਦਾਨੀ (ਰੱਖਣ ਦੀ ਥਾਂ) | ਸਾਬਣ | ਸਾਬਣਦਾਨੀ |
| | ਲੂਣ | ਲੂਣਦਾਨੀ |
| ਦਾਰ (ਵਾਲ਼ਾ) | ਇੱਜ਼ਤ | ਇੱਜ਼ਤਦਾਰ |
| | ਇਮਾਨ | ਇਮਾਨਦਾਰ |
| | ਸੇਵਾ | ਸੇਵਾਦਾਰ |
| | ਜਗੀਰ | ਜਗੀਰਦਾਰ |
| ਨਾਕ (ਭਰਪੂਰ) | ਸ਼ਰਮ | ਸ਼ਰਮਨਾਕ |
| | ਦਰਦ | ਦਰਦਨਾਕ |
| | ਹੌਲ | ਹੌਲਨਾਕ |
| | ਖ਼ੌਫ਼ | ਖ਼ੌਫ਼ਨਾਕ |
| ਪਾਲ (ਰੱਖਿਆ ਕਰਨ ਵਾਲ਼ਾ) | ਗਊ | ਗਊਪਾਲ |
| | ਧਰਮ | ਧਰਮਪਾਲ |
| | ਰਾਜ | ਰਾਜਪਾਲ |
| ਬਾਜ਼ (ਖੇਡਣ ਵਾਲ਼ਾ, | ਕਬੂਤਰ | ਕਬੂਤਰਬਾਜ਼ |
| ਕਰਨ ਵਾਲ਼ਾ) | ਚਾਲ | ਚਾਲਬਾਜ਼ |
| ਬਾਨ (ਵਾਲ਼ਾ) | ਬਾਗ਼ | ਬਾਗ਼ਬਾਨ |
| | ਮਿਹਰ | ਮਿਹਰਬਾਨ |
| | ਮੇਜ਼ | ਮੇਜ਼ਬਾਨ |
| | ਦਰ | ਦਰਬਾਨ |
| ਮੰਦ (ਵਾਲ਼ਾ) | ਅਕਲ | ਅਕਲਮੰਦ |
| | ਹੁਨਰ | ਹੁਨਰਮੰਦ |
| | ਜ਼ਰੂਰਤ | ਜ਼ਰੂਰਤਮੰਦ |
| | ਦਰਦ | ਦਰਦਮੰਦ |
| ਵੰਤ (ਵਾਲ਼ਾ) | ਸੁੱਖ | ਸੁਖਵੰਤ |
| | ਕੁੱਲ | ਕੁਲਵੰਤ |
| | ਬਲ | ਬਲਵੰਤ |
| | ਜਸ | ਜਸਵੰਤ |
| | ਧਨ | ਧਨਵੰਤ |
| ਵਾਲ (ਵਾਲ਼ਾ) | ਸਾਂਝੀ | ਸਾਂਝੀਵਾਲ |
| | ਭਾਈ | ਭਾਈਵਾਲ |
| | ਮਹੀਂ | ਮਹੀਂਵਾਲ |

**ਨੋਟ :** ਪੁਲਿੰਗ-ਸ਼ਬਦਾਂ ਤੋਂ ਇਸਤਰੀ-ਲਿੰਗ ਅਤੇ ਇੱਕਵਚਨ ਤੋਂ ਬਹੁਵਚਨ ਸ਼ਬਦ ਬਣਾਉਣ ਵੇਲ਼ੇ ਵੀ ਪਿਛੇਤਰਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਇੱਕ ਸ਼ਬਦ-ਸ਼੍ਰੇਣੀ ਤੋਂ ਦੂਜੀ ਸ਼ਬਦ-ਸ਼੍ਰੇਣੀ ਵਿੱਚ ਤਬਦੀਲੀ ਸ਼ਬਦ ਦੇ ਰੂਪ ਵਿੱਚ ਕੁਝ ਫ਼ਰਕ ਪਾਉਣ ਨਾਲ਼ ਹੋ ਜਾਂਦੀ ਹੈ। ਇਸ ਤਰ੍ਹਾਂ ਉਹੀ ਸ਼ਬਦ ਪ੍ਰਯੋਗ ਦੇ ਪੱਖੋਂ ਨਵਾਂ ਰੂਪ ਧਾਰਨ ਕਰ ਲੈਂਦਾ ਹੈ। ਇਸ ਪ੍ਰਕਾਰ ਦੀ ਸ਼ਬਦ-ਰਚਨਾ ਦੀਆਂ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ :

| ਕਿਰਿਆ-ਮੂਲ | ਭਾਵਵਾਚਕ-ਨਾਂਵ | ਕਿਰਿਆ-ਮੂਲ | ਭਾਵਵਾਚਕ-ਨਾਂਵ |
|---|---|---|---|
| ਉਸਾਰ | ਉਸਾਰੀ | ਸਹਾਰ | ਸਹਾਰਾ |
| ਉਗਰਾਹ | ਉਗਰਾਹੀ | ਸਜਾ | ਸਜਾਵਟ |
| ਉੱਜੜ | ਉਜਾੜ | ਸਿੱਖ | ਸਿੱਖਿਆ |
| ਉੱਤਰ | ਉਤਰਾਈ | ਸਿੰਜ | ਸਿੰਜਾਈ |
| ਅੜ | ਅੜੀ ਜਾਂ ਅੜਿੱਕਾ | ਸੱਦ | ਸੱਦਾ |
| ਕਹਿ | ਕਹਾਵਤ (ਕਹਾਣੀ) | ਠੱਗ | ਠੱਗੀ |
| ਕੱਢਣ | ਕਢਾਈ, ਕਾਢ | ਢੋ | ਢੁਆਈ |
| ਕਮਾ | ਕਮਾਈ | ਤੱਕ | ਤੱਕਣੀ, ਤੱਕ |
| ਕਰ | ਕਰਨੀ, ਕਾਰ, ਕਾਰਾ | ਤਪ | ਤਪ, ਤਾਪ |
| ਖੱਟ | ਖੱਟੀ | ਤੁਰ | ਤੋਰ, ਤੋਰਾ |
| ਖਿੜ | ਖੇੜਾ | ਤੋੜ | ਤੁੜਾਈ |
| ਗਾ | ਗੀਤ | ਥੱਕ | ਥਕਾਵਟ, ਥਕੇਵਾਂ |
| ਗਿਣ | ਗਿਣਤੀ | ਦੇਖ | ਦਿਖਾਈ, ਦਿਖਾਵਾ |
| ਗਿਰ | ਗਿਰਾਵਟ | ਦੇ | ਦੇਣ, ਦਾਨ |
| ਚੱਟ | ਚਾਟ | ਨੱਚ | ਨਾਚ |
| ਚੱਲ | ਚਾਲ, ਚਾਲਾ | ਨਿਕਲ਼ | ਨਿਕਾਸ |
| ਚੜ੍ਹ | ਚੜ੍ਹਾਈ, ਚੜ੍ਹਤ | ਨਿਭ | ਨਿਭਾਅ |
| ਚੁਭ | ਚੋਭ | ਨਿਬੇੜ | ਨਿਬੇੜਾ |
| ਚੁਰਾ | ਚੋਰੀ | ਨਿਤਾਰ | ਨਿਤਾਰਾ |
| ਚੋ | ਚੁਆਈ | ਪੱਥ | ਪਥਾਈ |
| ਛਾਂਟ | ਛਾਂਟੀ | ਪੜ੍ਹ | ਪੜ੍ਹਾਈ |
| ਛਿੱਲ | ਛਿਲਾਈ | ਪਿੰਜ | ਪਿੰਜਾਈ |
| ਜਣ | ਜਣੇਪਾ | ਪੀਹ | ਪਿਹਾਈ |
| ਜਪ | ਜਾਪ | ਪੀੜ | ਪਿੜਾਈ |
| ਜਰ | ਜੇਰਾ | ਬਕ | ਬਕਵਾਸ |
| ਜੜ | ਜੜਤ | ਬਚ | ਬਚਾਅ |
| ਜਾਣ | ਜਾਣਕਾਰੀ | ਬਣ | ਬਣਤ, ਬਣਤਰ |
| ਜੀਅ | ਜੀਵਨ | ਬੋਲ | ਬੋਲ, ਬੋਲੀ |
| ਜੁੜ | ਜੋੜ | ਭੱਜ | ਭਾਜੜ, ਭਾਂਜ |
| ਜੋਖ | ਜੁਖਾਈ | ਭੁੱਲ | ਭੁੱਲ, ਭੁਲੇਖਾ |
| ਝਗੜ | ਝਗੜਾ | ਮੰਨ | ਮੰਨਤ |
| ਝੜ | ਝਾੜ | ਮਿਲ਼ | ਮੇਲ਼, ਮਿਲ਼ਾਪ, ਮੇਲਾ, ਮਿਲ਼ਨੀ |
| ਝੂਰ | ਝੋਰਾ | ਮੁੜ | ਮੋੜ |

| ਕਿਰਿਆ-ਮੂਲ | ਭਾਵਵਾਚਕ-ਨਾਂਵ | ਕਿਰਿਆ-ਮੂਲ | ਭਾਵਵਾਚਕ-ਨਾਂਵ |
|---|---|---|---|
| ਟਿਕ | ਟੇਕ, ਟਿਕਾਣਾ | ਵੱਸ | ਵੱਸੋਂ, ਵਾਸ, |
| ਰੰਗ | ਰੰਗਾਈ | | ਵਾਸਾ, ਵਸੇਬਾ |
| ਰੁੱਸ | ਰੋਸ, ਰੋਸਾ | ਰੋ | ਰੋਣ |
| ਵੱਟ | ਵੱਟਤ, ਵੱਟਕ | ਵਰਤ | ਵਰਤਾਰਾ, ਵਰਤੋਂ |
| ਲੰਘ | ਲਾਂਘਾ, ਉਲ਼ਾਂਘ | | |
| ਲੜ | ਲੜਾਈ | ਵਿਕ | ਵਿਕਰੀ |
| ਲਹਿ | ਲਹਾਈ | ਵਿਛ | ਵਿਛਾਈ |

## ਕਿਰਿਆ ਤੋਂ ਕਰਤਰੀ-ਨਾਂਵ

ਹੇਠਾਂ ਕਿਰਿਆ-ਸ਼ਬਦਾਂ ਤੋਂ ਕਰਤਰੀ-ਨਾਂਵ ਬਣਾਉਣ ਦੀਆਂ ਉਦਾਹਰਨਾਂ ਦਿੱਤੀਆਂ ਜਾਂਦੀਆਂ ਹਨ :

| ਕਿਰਿਆ-ਮੂਲ | ਕਰਤਰੀ-ਨਾਂਵ | ਕਿਰਿਆ-ਮੂਲ | ਕਰਤਰੀ-ਨਾਂਵ |
|---|---|---|---|
| ਉਸਾਰ | ਉਸਰੱਈਆ | ਧੋ | ਧੋਬੀ |
| ਸਿੱਖ | ਸਿੱਖਿਅਕ | ਨੱਚ | ਨਾਚਾ, ਨਚਾਰ |
| ਘੁਲ਼ | ਘੁਲ਼ਾਟੀਆ | ਪੜ੍ਹ | ਪਾੜ੍ਹਾ, ਪੜ੍ਹਾਕੂ |
| ਚਾਰ | ਚਰਵਾਹਾ, ਚਰਾਵਾ | ਪਾਲ਼ | ਪਾਲਕ |
| ਚੁਰਾ | ਚੋਰ | ਪਿੰਜ | ਪੇਂਜਾ |
| ਛੇੜ | ਛੇੜੂ | ਪੂਜ | ਪੁਜਾਰੀ |
| ਜਿੱਤ | ਜੇਤੂ | ਮੰਗ | ਮੰਗਤਾ |
| ਤੋਲ | ਤੋਲਾ | ਰੱਖ | ਰਾਖਾ |
| ਦੇ | ਦਾਤਾ | | |

## ਕਰਤਰੀ-ਨਾਂਵ ਅਤੇ ਵਿਸ਼ੇਸ਼ਣ

ਕਿਸੇ ਕਿਰਿਆ ਦੇ ਕਰਤਾ (ਕਰਨ ਵਾਲ਼ਾ) ਲਈ ਵਰਤਿਆ ਜਾਣ ਵਾਲ਼ਾ ਸ਼ਬਦ ਕਰਤਰੀ-ਨਾਂਵ ਹੁੰਦਾ ਹੈ, ਜਿਵੇਂ :

ਖੇਡਣ ਵਾਲ਼ਾ—ਖਿਡਾਰੀ

ਗਾਉਣ ਵਾਲ਼ਾ—ਗਾਇਕ

ਨੱਚਣ ਵਾਲ਼ਾ—ਨਾਚਾ ਜਾਂ ਨਚਾਰ

**ਨੋਟ :** ਪੰਜਾਬੀ ਵਿੱਚ ਅਜਿਹੇ ਸ਼ਬਦਾਂ ਦੀਆਂ ਉਦਾਹਰਨਾਂ ਮਿਲ਼ ਜਾਂਦੀਆਂ ਹਨ ਜੋ ਵਾਕ ਦੇ ਪ੍ਰਸੰਗ ਅਨੁਸਾਰ ਵੱਖ-ਵੱਖ ਸ਼ਬਦ-ਭੇਦਾਂ ਅਧੀਨ ਆ ਜਾਂਦੇ ਹਨ, ਜਿਵੇਂ :

| | | | |
|---|---|---|---|
| ਲੋੜਵੰਦ | (ਵਿਸ਼ੇਸ਼ਣ) | : | ਲੋੜਵੰਦ ਮਨੁੱਖ ਦੀ ਮਦਦ ਕਰੋ। |
| | (ਨਾਂਵ) | : | ਲੋੜਵੰਦ ਦੀ ਮਦਦ ਕਰੋ। |
| ਅਮੀਰ | (ਵਿਸ਼ੇਸ਼ਣ) | : | ਅਮੀਰ ਆਦਮੀ ਨੂੰ ਲੂਣ-ਤੇਲ ਦੀ ਚਿੰਤਾ ਨਹੀਂ ਹੁੰਦੀ। |
| | (ਨਾਂਵ) | : | ਅਮੀਰ ਨੂੰ ਲੂਣ-ਤੇਲ ਦੀ ਚਿੰਤਾ ਨਹੀਂ ਹੁੰਦੀ। |
| ਤੱਕ | (ਕਿਰਿਆ) | : | ਤੱਕ ਲੈ, ਜੀਅ ਭਰ ਕੇ ਤੱਕ ਲੈ, ਇਹ ਜੀਵਨ-ਮੇਲਾ ਮੁੜ ਨਹੀਂ ਮਿਲ਼ਨਾ। |
| | (ਨਾਂਵ) | : | ਭਾਬੀ ਜੀ ਦੀ ਤੱਕ ਸਹੀ ਹੁੰਦੀ ਹੈ। ਜਿੰਨਾ ਮਿੱਠਾ ਚਾਹ-ਦੁੱਧ ਵਿੱਚ ਚਾਹੀਦਾ ਹੁੰਦਾ ਹੈ, ਓਨਾ ਹੀ ਪਾਉਂਦੇ ਹਨ। |
| ਤਪ | (ਕਿਰਿਆ) | : | ਜੇਠ ਦੇ ਮਹੀਨੇ ਧਰਤੀ ਬਹੁਤ ਤਪ ਜਾਂਦੀ ਹੈ। |
| | (ਨਾਂਵ) | : | ਪੜ੍ਹਾਈ ਕਰਨਾ ਵੀ ਤਪ ਹੈ। |

ਕਰ (ਕਿਰਿਆ) : ਵਿਹਲਾ ਬੈਠਣ ਨਾਲ਼ੋਂ ਕੁਝ ਵੀ ਕਰ ਲੈਣਾ ਚੰਗਾ ਹੈ।

(ਨਾਂਵ) : ਦੇਸ ਦੇ ਨਾਗਰਿਕ ਜੋ ਕਰ ਸਰਕਾਰ ਨੂੰ ਦਿੰਦੇ ਹਨ, ਉਸ ਨਾਲ਼ ਸਮੂਹਿਕ ਭਲਾਈ ਦੇ ਅਨੇਕਾਂ ਕੰਮ ਹੁੰਦੇ ਹਨ।

ਝਾੜ (ਕਿਰਿਆ) : ਪੱਕੇ ਅੰਬਾਂ ਨੂੰ ਝਾੜ ਲਓ।

(ਨਾਂਵ) : ਇਸ ਵਾਰ ਕਣਕ ਦੀ ਫ਼ਸਲ ਦਾ ਝਾੜ ਚੰਗਾ ਨਿਕਲ਼ਿਆ ਹੈ।

## ਅਭਿਆਸ

1. ਮੂਲ ਸ਼ਬਦ ਕਿਸ ਨੂੰ ਕਹਿੰਦੇ ਹਨ ? ਤਿੰਨ ਉਦਾਹਰਨਾਂ ਦਿਓ।
2. ਰਚਿਤ-ਸ਼ਬਦ ਕਿਸ ਨੂੰ ਕਹਿੰਦੇ ਹਨ ? ਇਸ ਦੀਆਂ ਕਿਹੜੀਆਂ ਕਿਸਮਾਂ ਹਨ ?
3. ਸਮਾਸੀ ਸ਼ਬਦ ਕੀ ਹੁੰਦਾ ਹੈ ? ਉਦਾਹਰਨਾਂ ਸਹਿਤ ਦੱਸੋ।
4. ਹੇਠ ਲਿਖੇ ਸਮਾਸੀ ਸ਼ਬਦ ਜਿਹੜੇ-ਜਿਹੜੇ ਸ਼ਬਦਾਂ ਨੂੰ ਜੋੜ ਕੇ ਬਣੇ ਹਨ, ਸ਼ਬਦ-ਭੇਦਾਂ ਅਨੁਸਾਰ ਉਹਨਾਂ ਸ਼ਬਦਾਂ ਦੇ ਨਾਂ ਦੱਸੋ :

   ਹਥਕੜੀ, ਖ਼ੁਸ਼ਕਿਸਮਤ, ਨਿੱਤ-ਨੇਮ।
5. ਉਤਪੰਨ ਸ਼ਬਦ ਕਿਸ ਨੂੰ ਕਹਿੰਦੇ ਹਨ ? ਉਦਾਹਰਨਾਂ ਸਹਿਤ ਦੱਸੋ।
6. ਹੇਠ ਲਿਖੇ ਅਗੇਤਰ ਲਾ ਕੇ ਤਿੰਨ-ਤਿੰਨ ਸ਼ਬਦ ਬਣਾਓ :

   ਅਣ, ਸੁ, ਹਮ, ਗ਼ੈਰ, ਦੁਰ, ਨਿਰ, ਬੇ, ਲਾ।
7. ਹੇਠ ਲਿਖੇ ਸ਼ਬਦਾਂ ਦੇ ਅੰਤ ਵਿਚ ਲੱਗੇ ਪਿਛੇਤਰ ਦੱਸੋ :

   ਪੜ੍ਹਾਈ, ਮੁਸਕਰਾਹਟ, ਕਮਾਈ, ਅੜੀਅਲ, ਪਿਆਸਾ, ਡਰਾਕਲ਼, ਖਿਡਾਰੀ, ਅੰਮ੍ਰਿਤਸਰੀ, ਰਾਸ਼ਟਰੀ, ਨਮਕੀਨ, ਖ਼ਰਚੀਲਾ, ਕੁੜੱਤਣ, ਮਿਠਿਆਈ।
8. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜੇ ਅਗੇਤਰ ਲੱਗ ਕੇ ਬਣੇ ਹਨ ਅਤੇ ਕਿਹੜੇ ਪਿਛੇਤਰ ਲੱਗ ਕੇ। ਇਹਨਾਂ ਸ਼ਬਦਾਂ ਨਾਲ਼ ਲੱਗੇ ਅਗੇਤਰ ਜਾਂ ਪਿਛੇਤਰ ਵੀ ਦੱਸੋ :

   ਸੁੰਦਰਤਾ, ਸੁਗੰਧ, ਪਾਗਲਪਣ, ਅਨਾਦਰ, ਚੁਪਾਇਆ, ਸ਼ੇਰਨੀ, ਹਿਮਾਲਾ, ਅਮਰ, ਯਾਦਗਾਰ, ਜਥੇਦਾਰ, ਮਹਾਰਾਜਾ, ਕਲਾਕਾਰ।
9. ਹੇਠ ਲਿਖੇ ਪਿਛੇਤਰ ਲੱਗ ਕੇ ਬਣੇ ਤਿੰਨ-ਤਿੰਨ ਸ਼ਬਦ ਲਿਖੋ :

   ਆਲਾ, ਸਤਾਨ, ਸਾਰ, ਸ਼ਾਲਾ, ਹੀਣ, ਖ਼ਾਨਾ, ਗਾਰ, ਦਾਰ, ਮੰਦ, ਵੰਦ।
10. (ੳ) ਹੇਠ ਲਿਖੇ ਕਿਰਿਆ-ਮੂਲ ਸ਼ਬਦਾਂ ਤੋਂ ਭਾਵਵਾਚਕ ਨਾਂਵ ਸ਼ਬਦ ਬਣਾਓ :

    ਕਹਿ, ਗਾ, ਚੱਲ, ਜੁੜ, ਦੇਖ, ਨੱਚ, ਪੀਹ।

    (ਅ) ਹੇਠ ਲਿਖੇ ਭਾਵਵਾਚਕ ਨਾਂਵ ਕਿਹੜੇ ਕਿਰਿਆ-ਮੂਲ ਸ਼ਬਦਾਂ ਤੋਂ ਬਣੇ ਹਨ :

    ਸਜਾਵਟ, ਲੜਾਈ, ਵਿਕਰੀ, ਸਿੱਖਿਆ, ਖੇੜਾ, ਚੋਰੀ।

    (ੲ) ਹੇਠ ਲਿਖੇ ਕਿਰਿਆ-ਸ਼ਬਦਾਂ ਤੋਂ ਕਰਤਰੀ ਨਾਂਵ ਬਣਾਓ :

    (ਜਿਵੇਂ ਧੋ ਤੋਂ ਧੋਬੀ) ਦੇ, ਘੁਲ਼, ਜਿੱਤ, ਨੱਚ।

* * *

## ਅਧਿਆਇ—ਛੇ

# ਵਾਕ-ਬੋਧ

ਵਿਆਕਰਨ ਦੇ ਇਸ ਭਾਗ ਵਿੱਚ ਵਾਕ-ਰਚਨਾ ਦੇ ਨਿਯਮਾਂ ਅਤੇ ਵਾਕਾਂ ਸੰਬੰਧੀ ਵਿਚਾਰ ਕੀਤੀ ਜਾਂਦੀ ਹੈ। ਧੁਨੀ ਨੂੰ ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਮੰਨਿਆ ਗਿਆ ਹੈ। ਧੁਨੀਆਂ ਦੇ ਮੇਲ਼ ਨਾਲ਼ ਸਬਦ ਬਣਦੇ ਹਨ ਅਤੇ ਸ਼ਬਦਾਂ ਤੋਂ ਵਾਕ ਬਣਦੇ ਹਨ। ਭਾਸ਼ਾ ਦੇ ਵਾਕ-ਬੋਧ ਅੰਗ ਵਿੱਚ ਵਾਕਾਂਸ਼, ਉਪਵਾਕ ਅਤੇ ਵਾਕ ਆਦਿ ਵਿਆਕਰਨਿਕ ਇਕਾਈਆਂ ਨੂੰ ਵਿਚਾਰਿਆ ਜਾਂਦਾ ਹੈ। ਇਹ ਇਕਾਈਆਂ ਇੱਕ-ਦੂਜੇ ਨਾਲ਼ ਅੰਤਰ-ਸੰਬੰਧਿਤ ਹਨ ਅਤੇ ਇਹਨਾਂ ਨੂੰ ਇੱਕ-ਦੂਜੇ ਦੇ ਸੰਦਰਭ ਵਿੱਚ ਹੀ ਸਮਝਿਆ ਜਾ ਸਕਦਾ ਹੈ। ਇਸ ਵਿੱਚ ਵਾਕਾਂਸ਼ ਤੋਂ ਹੇਠਲੇ ਪੱਧਰਾਂ ਦਾ ਅਧਿਐਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਵਾਕਾਂਸ਼, ਉਪਵਾਕ ਤੇ ਵਾਕ ਕਾਰਜੀ ਇਕਾਈਆਂ ਹਨ। ਇਹ ਇਕਾਈਆਂ ਆਪਸ ਵਿੱਚ ਅੰਗ ਤੇ ਸਮੁੱਚ ਦੇ ਰਿਸ਼ਤੇ ਵਿੱਚ ਬੱਝੀਆਂ ਹੋਈਆਂ ਹਨ। ਇਸ ਵਿੱਚ ਭਾਸ਼ਾ ਦਾ ਵਿਆਕਰਨਿਕ ਨੇਮ-ਪ੍ਰਬੰਧ ਕੰਮ ਕਰ ਰਿਹਾ ਹੁੰਦਾ ਹੈ।

ਇਸ ਪ੍ਰਕਾਰ ਵਾਕ ਇੱਕ ਕਾਰਜੀ ਇਕਾਈ ਹੈ। ਵਾਕ ਨੂੰ ਭਾਸ਼ਾ ਦੀ ਵਿਆਕਰਨਿਕ ਪੱਧਰ ਉੱਤੇ ਸਭ ਤੋਂ ਵੱਡੀ ਇਕਾਈ ਮੰਨਿਆ ਗਿਆ ਹੈ। ਵਿਆਕਰਨ ਦੇ ਪੱਧਰ ਉੱਤੇ ਇਸ ਤੋਂ ਵੱਡੀ ਇਕਾਈ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਅਸਲ ਵਿੱਚ ਵਾਕ-ਪੱਧਰ ਉੱਤੇ ਪਹੁੰਚ ਕੇ ਛੋਟੀਆਂ ਵਿਆਕਰਨਿਕ ਇਕਾਈਆਂ ਦੀ ਅੰਦਰੂਨੀ ਬਣਤਰ ਸੰਪੂਰਨ ਹੋ ਜਾਂਦੀ ਹੈ ਤੇ ਇਸ ਪ੍ਰਕਾਰ ਉਹ ਸਾਰਥਕ ਸਮੁੱਚ ਦਾ ਹਿੱਸਾ ਬਣ ਜਾਂਦੀਆਂ ਹਨ।

ਵਿਆਕਰਨ ਵਿੱਚ ਵਾਕ ਨੂੰ ਉਦੇਸ਼ ਤੇ ਵਿਧੇਅ ਵਿੱਚ ਵੰਡ ਕੇ ਅਧਿਐਨ ਕੀਤਾ ਜਾਂਦਾ ਹੈ। ਇਹ ਦੋਵੇਂ ਵਾਕ ਦੇ ਜ਼ਰੂਰੀ ਅੰਗ ਹਨ ਜੇਕਰ ਇਹਨਾਂ ਵਿੱਚੋਂ ਕਿਸੇ ਇੱਕ ਨੂੰ ਵੀ ਖ਼ਾਰਜ ਕਰ ਦਿੱਤਾ ਜਾਵੇ ਤਾਂ ਵਾਕ ਦੀ ਸਾਰਥਕਤਾ ਖ਼ਤਮ ਹੋ ਜਾਵੇਗੀ। ਉਦੇਸ਼ ਤੇ ਵਿਧੇਅ ਨੂੰ ਆਧਾਰ ਬਣਾ ਕੇ ਕੁਝ ਵਾਕਾਂ ਦੇ ਨਮੂਨੇ ਹੇਠ ਲਿਖੇ ਅਨੁਸਾਰ ਦਿੱਤੇ ਜਾ ਰਹੇ ਹਨ :

| ਉਦੇਸ਼ | ਵਿਧੇਅ |
|---|---|
| ਮੇਰੇ ਪਿਤਾ ਜੀ | ਅੱਜ ਪਿੰਡ ਗਏ ਹਨ। |
| ਮੱਝਾਂ | ਖੇਤਾਂ ਵਿੱਚ ਚਰ ਰਹੀਆਂ ਹਨ। |
| ਮੈਂ | ਕੱਲ੍ਹ ਸ਼ਹਿਰ ਜਾਵਾਂਗਾ। |
| ਉਹ | ਪੰਜਾਬੀ ਦੀ ਪਾਠ-ਪੁਸਤਕ ਪੜ੍ਹ ਰਿਹਾ ਹੈ। |
| ਕੁੱਤੇ ਨੇ | ਮੇਰੀ ਕਿਤਾਬ ਪਾੜ ਦਿੱਤੀ। |
| ਬੱਚਾ | ਸੁੱਤਾ ਪਿਆ ਹੈ। |

**ਉਦੇਸ਼ ਦੀ ਬਣਤਰ :** ਇਹ ਹਮੇਸ਼ਾਂ ਵਾਕ ਦੇ ਸ਼ੁਰੂ ਵਿੱਚ ਆਉਂਦਾ ਹੈ। ਇਸ ਤੋਂ ਇਲਾਵਾ ਜਿਨ੍ਹਾਂ ਨਾਂਵਾਂ ਨਾਲ਼/ਨੇ/ਸੰਬੰਧਕ ਦੀ ਵਰਤੋਂ ਹੁੰਦੀ ਹੈ, ਉਹ ਵੀ ਉਦੇਸ਼ ਦੇ ਘੇਰੇ ਵਿੱਚ ਆਉਂਦਾ ਹੈ। ਉਦੇਸ਼ ਨੂੰ ਵਿਸਤਾਰ ਦੇਣ ਲਈ ਵਿਸ਼ੇਸ਼ਣ, ਆਦਰਵਾਚੀ ਤੇ ਦਬਾਅਵਾਚੀ ਸ਼ਬਦ (ਜੀ, ਵੀ, ਹੀ) ਵੀ ਇਸੇ ਸ਼੍ਰੇਣੀ ਵਿੱਚ ਆਉਂਦੇ ਹਨ। ਆਧੁਨਿਕ ਵਿਆਕਰਨ ਵਿੱਚ ਉਦੇਸ਼ ਨੂੰ 'ਨਾਂਵ-ਵਾਕਾਂਸ਼' ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ।

ਹੁਣ ਵਿਧੇਅ ਬਾਰੇ ਚਰਚਾ ਕਰਾਂਗੇ। ਦਰਅਸਲ ਉਦੇਸ਼ ਦੇ ਮੁਕਾਬਲੇ ਵਿਧੇਅ ਵੱਧ ਜਟਿਲ ਵਿਆਕਰਨਿਕ ਇਕਾਈ ਹੈ। ਉਦੇਸ਼ ਵਿੱਚ ਜਿੱਥੇ ਸਿਰਫ਼ ਇੱਕੋ ਨਾਂਵ-ਤੱਤ ਵਿਚਰਦਾ ਹੈ, ਉਸ ਦੇ ਮੁਕਾਬਲੇ ਵਿਧੇਅ ਵਿੱਚ ਇੱਕ ਤੋਂ ਵੱਧ ਨਾਂਵ-ਤੱਤ ਵਿਚਰ ਸਕਦੇ ਹਨ। ਵਿਧੇਅ ਦਾ ਕਿਰਿਆ ਜਾਂ ਕਿਰਿਆ-ਵਾਕਾਂਸ਼ ਤਾਂ ਲਾਜ਼ਮੀ ਤੱਤ ਹੈ ਪਰ

ਇਸ ਵਿੱਚ ਨਾਂਵ, ਵਿਸ਼ੇਸ਼ਣ, ਕਿਰਿਆ-ਵਿਸ਼ੇਸ਼ਣ ਤੇ ਸੰਬੰਧਕ ਆਦਿ ਤੱਤ ਵਿਚਰਦੇ ਹਨ। ਉਦੇਸ਼ ਬਾਰੇ ਜੋ ਕੁਝ ਕਿਹਾ ਜਾਵੇ, ਉਸ ਨੂੰ 'ਵਿਧੇਅ' ਕਹਿੰਦੇ ਹਨ।

## ਵਾਕ-ਵਿਓਂਤ :

ਵਾਕ-ਵਿਓਂਤ ਤੋਂ ਭਾਵ ਵਾਕ ਵਿੱਚ ਸ਼ਬਦਾਂ ਦੀ ਵਿਓਂਤ ਹੈ। ਅਸੀਂ ਜਦੋਂ ਕਿਸੇ ਨਾਲ਼ ਗੱਲ-ਬਾਤ ਕਰ ਰਹੇ ਹੁੰਦੇ ਹਾਂ ਤਾਂ ਉਸ ਸਮੇਂ ਵਿਆਕਰਨਿਕ ਨਿਯਮ ਸੁਤੇ-ਸਿੱਧ ਹੀ ਕਾਰਜਸ਼ੀਲ ਹੁੰਦੇ ਹਨ। ਵਾਕਾਂ ਦਾ ਅਧਿਐਨ ਕਰਨ ਵੇਲ਼ੇ ਇਹਨਾਂ ਨੂੰ ਵਾਕ-ਤੱਤ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾਂਦਾ ਹੈ। ਪੰਜਾਬੀ ਭਾਸ਼ਾ ਦੇ ਸਧਾਰਨ ਵਾਕਾਂ ਦੀ ਬਣਤਰ ਵਿੱਚ ਕਰਤਾ, ਕਰਮ, ਕਿਰਿਆ, ਕਿਰਿਆ-ਵਿਸ਼ੇਸ਼ਣ ਤੇ ਪੂਰਕ ਆਦਿ ਤੱਤ ਵਿਚਰਦੇ ਹਨ :

| | | | | |
|---|---|---|---|---|
| 1. | ਬੱਚੇ | ਖੇਡ ਰਹੇ ਹਨ। | | |
| | ਕਰਤਾ | + ਕਿਰਿਆ | | |
| 2. | ਕੁੜੀ | ਕਿਤਾਬ | ਪੜ੍ਹ ਰਹੀ ਹੈ। | |
| | ਕਰਤਾ + | ਕਰਮ + | ਕਿਰਿਆ | |
| 3. | ਮੁੰਡਿਆਂ | ਨੇ | ਅੱਜ | ਫ਼ੁਟਬਾਲ ਦਾ ਮੈਚ ਖੇਡਣਾ ਹੈ। |
| | ਕਰਤਾ + | ਸੰਬੰਧਕ + | ਕਿਰਿਆ-ਵਿਸ਼ੇਸ਼ਣ + | ਕਰਮ +ਕਿਰਿਆ |
| 4. | ਉਹ | ਡਾਕਟਰ | ਬਣ ਗਿਆ ਹੈ। | |
| | ਕਰਤਾ + | ਕਰਤਾ-ਪੂਰਕ + | ਕਿਰਿਆ | |
| 5. | ਸਾਡੇ ਪਿੰਡ | ਦੇ ਲੋਕਾਂ ਨੇ | ਉਸ ਨੂੰ ਸਰਪੰਚ ਬਣਾ ਦਿੱਤਾ। | |
| | ਕਰਤਾ + | ਕਰਮ + | ਕਰਮ-ਪੂਰਕ + ਕਿਰਿਆ | |

ਉਪਰੋਕਤ ਤਰਤੀਬ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਵਾਕ ਦੇ ਢਾਂਚੇ ਵਿੱਚ ਇਹ ਸਾਰੇ ਤੱਤ ਵਿਚਰਦੇ ਹਨ। ਵਾਕ ਵਿੱਚ ਨਾਂਵ ਤੇ ਕਿਰਿਆ ਸਭ ਤੋਂ ਅਹਿਮ ਤੱਤ ਹਨ। ਜੇਕਰ ਇਹਨਾਂ ਵਿੱਚੋਂ ਇੱਕ ਨੂੰ ਵੀ ਪਾਸੇ ਕਰ ਦਿੱਤਾ ਜਾਵੇ ਤਾਂ ਵਾਕ ਦੀ ਸਾਰਥਕਤਾ ਖ਼ਤਮ ਹੋ ਜਾਂਦੀ ਹੈ। ਵਾਕ ਦੇ ਕਰਤਾ ਵਜੋਂ ਨਾਂਵ ਤੇ ਪੜਨਾਂਵ ਤੱਤ ਵਿਚਰਦੇ ਹਨ। ਕਰਤਾ ਨੂੰ ਹੋਰ ਵਿਸਤਾਰ ਦੇਣ ਲਈ ਵਿਸ਼ੇਸ਼ਣ ਦੀ ਖ਼ਾਸ ਭੂਮਿਕਾ ਹੈ ਜਦ ਕਿ ਕਰਮ ਵਿੱਚ ਸਿਰਫ਼ ਨਾਂਵ-ਸ਼ਬਦ ਹੀ ਕਾਰਜਸ਼ੀਲ ਹੁੰਦੇ ਹਨ। ਕਈ ਵਾਰ ਵਾਕ ਨੂੰ ਹੋਰ ਵਿਸਤਾਰ ਦੇਣ ਲਈ ਕਰਮ ਦੇ ਨਾਲ਼ ਕਿਰਿਆ-ਵਿਸ਼ੇਸ਼ਣ ਵੀ ਵਿਚਰ ਸਕਦਾ ਹੈ। ਇਸ ਦਾ ਵੇਰਵਾ ਵਾਕ ਨੰਬਰ ਤਿੰਨ ਵਿੱਚ ਦੇਖਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਵਾਕ ਵਿੱਚ ਪੂਰਕ ਤੱਤ ਦੀ ਖ਼ਾਸ ਭੂਮਿਕਾ ਹੁੰਦੀ ਹੈ। ਇਹ ਤੱਤ ਕਰਤਾ ਜਾਂ ਕਰਮ ਦੀ ਵਿਆਖਿਆ ਕਰਦਾ ਹੈ।

ਉਪਰੋਕਤ ਵਾਕ ਨੰਬਰ ਚਾਰ ਵਿੱਚ ਪੂਰਕ, ਕਰਤਾ/ਉਦੇਸ਼ ਦੀ ਵਿਆਖਿਆ ਕਰ ਰਿਹਾ ਹੈ। 'ਉਹ ਡਾਕਟਰ ਬਣ ਗਿਆ' ਵਾਕ ਵਿੱਚ ਜੇਕਰ 'ਉਹ ਕੀ ਬਣ ਗਿਆ' ਪ੍ਰਸ਼ਨ ਲਾ ਕੇ ਪੁੱਛਿਆ ਜਾਵੇ ਤਾਂ ਉੱਤਰ 'ਡਾਕਟਰ' ਦੇ ਰੂਪ ਵਿੱਚ ਆਉਂਦਾ ਹੈ।

## ਵਾਕ ਵਿੱਚ ਵੱਖ-ਵੱਖ ਸ਼ਬਦ-ਭੇਦਾਂ ਦੀ ਸਥਿਤੀ ਇਸ ਪ੍ਰਕਾਰ ਹੈ :

## ਵਾਕ ਵਿੱਚ ਨਾਂਵ ਤੇ ਪੜਨਾਂਵ :

ਵਾਕ ਵਿੱਚ ਨਾਂਵ ਤੇ ਪੜਨਾਂਵ ਦਾ ਅਹਿਮ ਸਥਾਨ ਹੈ। ਕਿਸੇ ਵਾਕ ਵਿੱਚ ਨਾਂਵ ਇੱਕ ਤੋਂ ਵੱਧ ਵੀ ਹੋ ਸਕਦੇ ਹਨ। ਪੜਨਾਂਵ ਦੀ ਵਰਤੋਂ ਨਾਂਵ ਦੇ ਸਥਾਨ ਉੱਪਰ ਹੀ ਹੁੰਦੀ ਹੈ। ਪੜਨਾਂਵ ਦੀ ਵਰਤੋਂ ਨਾਂਵ ਦੇ ਦੁਹਰਾਅ ਨੂੰ ਰੋਕਣ ਲਈ ਕੀਤੀ ਜਾਂਦੀ ਹੈ, ਜਿਵੇਂ :

ਪੰਛੀ ਚੋਗਾ ਚੁਗ ਰਹੇ ਹਨ।

ਉਹ ਛੇਤੀ ਹੀ ਉੱਡ ਜਾਣਗੇ।

ਉਪਰੋਕਤ ਵਾਕਾਂ ਵਿੱਚ 'ਪੰਛੀ' ਨਾਂਵ ਤੇ 'ਉਹ' ਸ਼ਬਦ ਪੜਨਾਂਵ ਦੇ ਰੂਪ ਵਿੱਚ ਵਿਚਰ ਰਿਹਾ ਹੈ।

## ਵਾਕ ਵਿੱਚ ਵਿਸ਼ੇਸ਼ਣ :

ਵਾਕ ਵਿੱਚ ਵਿਸ਼ੇਸ਼ਣ ਦੀ ਵਰਤੋਂ ਨਾਂਵ ਤੋਂ ਪਹਿਲਾਂ ਜਾਂ ਪਿੱਛੋਂ ਵੀ ਹੋ ਸਕਦੀ ਹੈ। ਇਹਨਾਂ ਦੀ ਵਰਤੋਂ ਨਾਲ਼ ਵਾਕ ਵਿੱਚ ਵਿਸਤਾਰ ਆਉਂਦਾ ਹੈ। ਵਾਕ ਵਿੱਚ ਇਹ ਨਾਂਵ-ਸ਼ਬਦਾਂ ਦੀ ਵਿਸ਼ੇਸ਼ਤਾ ਦੱਸਦੇ ਹਨ, ਜਿਵੇਂ :

1. ਸਿਆਣੇ ਬੱਚੇ ਨੂੰ ਸਾਰੇ ਪਸੰਦ ਕਰਦੇ ਹਨ।

2. ਮੈਨੂੰ ਦੋ ਕਿੱਲੋ ਦੁੱਧ ਚਾਹੀਦਾ ਹੈ।

3. ਬੱਚਿਆਂ ਨੂੰ ਸਾਹਿਤ ਚੰਗਾ ਹੀ ਪੜ੍ਹਨਾ ਚਾਹੀਦਾ ਹੈ।

4. ਚਿੱਟਾ ਘੋੜਾ ਮੈਦਾਨ ਵਿੱਚ ਘੁੰਮ ਰਿਹਾ ਸੀ।

ਇਹਨਾਂ ਵਾਕਾਂ ਵਿੱਚ 'ਸਿਆਣੇ', 'ਦੋ ਕਿੱਲੋ', 'ਚੰਗਾ', 'ਚਿੱਟਾ' ਆਦਿ ਸ਼ਬਦ ਵਿਸ਼ੇਸ਼ਣ ਹਨ। ਇਹ ਨਾਂਵ-ਸ਼ਬਦਾਂ ਦੀ ਵਿਸ਼ੇਸ਼ਤਾ ਪ੍ਰਗਟ ਕਰ ਰਹੇ ਹਨ।

## ਵਾਕ ਵਿੱਚ ਕਿਰਿਆ :

ਕਿਰਿਆ-ਰੂਪ ਵਾਕ ਦੇ ਅੰਤ ਵਿੱਚ ਆਉਂਦੇ ਹਨ। ਇਹਨਾਂ ਕਿਰਿਆ- ਰੂਪਾਂ ਨੂੰ ਕਿਰਿਆ-ਵਾਕਾਂਸ਼ ਵੀ ਕਿਹਾ ਜਾਂਦਾ ਹੈ। ਇਹ ਕਿਰਿਆ-ਵਾਕਾਂਸ਼, ਮੁੱਖ ਕਿਰਿਆ, ਸੰਚਾਲਕ ਕਿਰਿਆ ਤੇ ਸਹਾਇਕ ਕਿਰਿਆ ਦੇ ਸੰਜੋਗ ਨਾਲ਼ ਬਣਦਾ ਹੈ। ਇਹਨਾਂ ਕਿਰਿਆ-ਰੂਪਾਂ ਵਿੱਚੋਂ ਸਹਾਇਕ ਕਿਰਿਆ ਕਾਲ-ਬੋਧਕ ਅੰਸ਼ ਦੀ ਭੂਮਿਕਾ ਨਿਭਾਉਂਦੀ ਹੈ। ਕਾਲ-ਬੋਧਕ ਅੰਸ਼ ਉਹ ਸ਼ਬਦ ਹਨ ਜਿਨ੍ਹਾਂ ਤੋਂ ਕਿਰਿਆ ਦੇ ਕਾਲ ਦਾ ਪਤਾ ਲੱਗਦਾ ਹੈ, ਜਿਵੇਂ :

1. ਸਾਡੀ ਜਮਾਤ ਦੇ ਬੱਚੇ ਖੇਡ ਰਹੇ ਸਨ।

2. ਉਹ ਕਮਰੇ ਵਿੱਚ ਪੜ੍ਹ ਰਿਹਾ ਹੈ।

3. ਉਹ ਸਕੂਲ ਤੋਂ ਸਿੱਧਾ ਘਰ ਜਾਂਦਾ ਸੀ।

4. ਮੈਂ ਰੋਜ਼ ਸਕੂਲ ਆਉਂਦਾ ਹਾਂ।

ਇਹਨਾਂ ਵਾਕਾਂ ਵਿੱਚ ਲਕੀਰੇ ਸ਼ਬਦ ਕਿਰਿਆ-ਰੂਪ ਹਨ ਜਿਨ੍ਹਾਂ ਵਿੱਚੋਂ ਅੰਤ ਉੱਤੇ ਆਉਣ ਵਾਲ਼ੇ ਸ਼ਬਦ 'ਸਨ', 'ਹੈ', 'ਸੀ' ਤੇ 'ਹਾਂ' ਕਾਲ-ਬੋਧਕ ਸ਼ਬਦ ਹਨ।

## ਵਾਕ ਵਿੱਚ ਕਿਰਿਆ-ਵਿਸ਼ੇਸ਼ਣ :

ਜਿਵੇਂ ਨਾਂਵ ਜਾਂ ਪੜਨਾਂਵ-ਸ਼ਬਦ ਦੀ ਵਿਸ਼ੇਸ਼ਤਾ ਦੱਸਣ ਵਾਲ਼ਾ ਸ਼ਬਦ ਵਿਸ਼ੇਸ਼ਣ ਹੁੰਦਾ ਹੈ, ਤਿਵੇਂ ਹੀ ਕਿਰਿਆ ਦੀ ਵਿਸ਼ੇਸ਼ਤਾ ਦੱਸਣ ਵਾਲ਼ਾ ਸ਼ਬਦ ਕਿਰਿਆ-ਵਿਸ਼ੇਸ਼ਣ ਹੁੰਦਾ ਹੈ ਪਰ ਇਸ ਦੀ ਵਰਤੋਂ ਨਾਲ਼ ਵਾਕ ਵਿੱਚ ਖ਼ਾਸ ਕਿਸਮ ਦਾ ਵਿਸਤਾਰ ਆਉਂਦਾ ਹੈ। ਆਮ ਤੌਰ 'ਤੇ ਕਿਰਿਆ-ਵਿਸ਼ੇਸ਼ਣ ਸ਼ਬਦ, ਕਿਰਿਆ-ਸ਼ਬਦ ਤੋਂ ਪਹਿਲਾਂ ਆਉਂਦਾ ਹੈ ਪਰ ਕਈ ਵਾਰ ਇਸ ਦਾ ਸਥਾਨ ਨਾਂਵ-ਸ਼ਬਦ ਤੋਂ ਪਹਿਲਾਂ ਜਾਂ ਵਾਕ ਵਿੱਚ ਕਿਸੇ ਵੀ ਜਗ੍ਹਾ ਉੱਤੇ ਹੋ ਸਕਦਾ ਹੈ, ਜਿਵੇਂ :

ਘੋੜਾ ਤੇਜ਼ ਦੌੜਦਾ ਹੈ।

ਉਹ ਹੌਲ਼ੀ-ਹੌਲ਼ੀ ਤੁਰ ਰਿਹਾ ਹੈ।

ਅੱਜ ਮੈਂ ਸ਼ਹਿਰ ਜਾ ਰਿਹਾ ਹਾਂ।

ਉਪਰੋਕਤ ਵਾਕਾਂ ਵਿੱਚ ਤੇਜ਼ ਤੇ ਹੌਲ਼ੀ-ਹੌਲ਼ੀ ਦੋ ਵਿਧੀ ਵਾਚਕ ਕਿਰਿਆ-ਵਿਸ਼ੇਸ਼ਣ ਕਿਰਿਆ-ਸ਼ਬਦਾਂ ਤੋਂ ਪਹਿਲਾਂ ਆਏ ਹਨ ਪਰ ਸਮਾਂ-ਸੂਚਕ ਕਿਰਿਆ-ਵਿਸ਼ੇਸ਼ਣ 'ਅੱਜ' ਵਾਕ ਵਿੱਚ ਬਿਲਕੁਲ ਸ਼ੁਰੂ ਵਿੱਚ ਵਿਚਰ ਰਿਹਾ ਹੈ।

## ਵਾਕ ਵਿੱਚ ਸੰਬੰਧਕ

ਵਾਕ ਵਿੱਚ ਸੰਬੰਧਕ ਦੀ ਵਰਤੋਂ ਨਾਂਵ ਜਾਂ ਪੜਨਾਂਵ ਸ਼ਬਦਾਂ ਤੋਂ ਪਿੱਛੋਂ ਹੁੰਦੀ ਹੈ, ਜਿਵੇਂ :

ਉਹ ਗੱਡੀ ਤੋਂ ਉੱਤਰਿਆ।

ਮਾਂ ਨੇ ਪੁੱਤ ਨੂੰ ਰੋਟੀ ਖੁਆਈ।

ਉਹ ਅੱਜ ਮੇਰੇ ਨਾਲ਼ ਘਰ ਜਾਵੇਗਾ।

ਉਪਰੋਕਤ ਵਾਕਾਂ ਵਿੱਚ ਤੋਂ, ਨੇ, ਨੂੰ, ਨਾਲ਼ ਸੰਬੰਧਕ ਨਾਂਵ ਜਾਂ ਪੜਨਾਂਵ-ਸ਼ਬਦਾਂ ਤੋਂ ਪਿੱਛੋਂ ਆਏ ਹਨ। ਉਪਰੋਕਤ ਸੰਬੰਧਕ ਕਾਰਕੀ-ਚਿੰਨ੍ਹ ਦੀ ਭੂਮਿਕਾ ਨਿਭਾਉਂਦੇ ਹਨ।

### ਵਾਕ ਵਿੱਚ ਯੋਜਕ

ਯੋਜਕ ਸ਼ਬਦ ਵਾਕ ਵਿੱਚ ਆਏ ਦੋ ਵਾਕਾਂਸ਼ਾਂ ਜਾਂ ਦੋ ਉਪਵਾਕਾਂ ਨੂੰ ਜੋੜਦਾ ਹੈ। ਇਸ ਲਈ ਆਮ ਤੌਰ 'ਤੇ ਯੋਜਕ ਸ਼ਬਦ ਜੋੜੇ ਜਾਣ ਵਾਲ਼ੇ ਵਾਕਾਂਸ਼ਾਂ ਜਾਂ ਵਾਕਾਂ ਦੇ ਵਿਚਕਾਰ ਆਉਂਦਾ ਹੈ :

1. ਸੋਹਨ ਤੇ ਮੋਹਨ ਸਕੂਲ ਜਾ ਰਹੇ ਹਨ।
2. ਮੁੰਡੇ ਖੇਡ ਰਹੇ ਹਨ ਪਰ ਕੁੜੀਆਂ ਪੜ੍ਹ ਰਹੀਆਂ ਹਨ।

ਪਹਿਲੇ ਵਾਕ ਵਿੱਚ 'ਤੇ' ਯੋਜਕ ਦੋ ਵਾਕਾਂਸ਼ਾਂ ਨੂੰ ਜੋੜ ਰਿਹਾ ਹੈ ਅਤੇ ਦੂਸਰੇ ਵਾਕ ਵਿੱਚ 'ਪਰ' ਯੋਜਕ ਦੋ ਉਪਵਾਕਾਂ ਨੂੰ ਆਪਸ ਵਿੱਚ ਜੋੜਦਾ ਹੋਇਆ ਸੰਯੁਕਤ ਵਾਕ ਦੀ ਸਿਰਜਣਾ ਕਰ ਰਿਹਾ ਹੈ।

### ਵਾਕ ਵਿੱਚ ਵਿਸਮਕ

ਵਿਸਮਕ ਸ਼ਬਦ ਆਮ ਤੌਰ 'ਤੇ ਵਾਕ ਦੇ ਅਰੰਭ ਵਿੱਚ ਹੀ ਆਉਂਦਾ ਹੈ ਪਰ ਕਈ ਵਾਰ ਬੋਲਣ ਵਾਲ਼ਾ ਇਸ ਦੀ ਵਰਤੋਂ ਵਾਕ ਦੇ ਅਖੀਰ ਉੱਤੇ ਵੀ ਕਰ ਲੈਂਦਾ ਹੈ, ਜਿਵੇਂ :

(ੳ) ਵਾਹ! ਕਿੰਨਾ ਸੋਹਣਾ ਫੁੱਲ ਹੈ !

(ਅ) ਕੇਹਾ ਸੁੰਦਰ ਦ੍ਰਿਸ਼ ਹੈ !

## ਵਾਕ ਵਿੱਚ ਵਾਕਾਂਸ਼ ਅਤੇ ਉਪਵਾਕ

### ਵਾਕਾਂਸ਼ :

ਵਾਕਾਂਸ਼ ਆਧੁਨਿਕ ਵਿਆਕਰਨ-ਪਰੰਪਰਾ ਦੀ ਦੇਣ ਹੈ। ਇਸ ਨੂੰ ਵਾਕ ਦੀ ਇੱਕ ਕਾਰਜੀ ਇਕਾਈ ਵੀ ਕਿਹਾ ਜਾਂਦਾ ਹੈ। ਪੰਜਾਬੀ ਭਾਸ਼ਾ ਦੀ ਵਾਕ- ਬਣਤਰ ਵਿੱਚ ਵਾਕਾਂਸ਼ ਦਾ ਸਥਾਨ ਉਪਵਾਕ ਤੋਂ ਥੱਲੇ ਦਾ ਅਤੇ ਸ਼ਬਦ ਤੋਂ ਉੱਪਰ ਦਾ ਹੁੰਦਾ ਹੈ। ਇਹ ਇੱਕ-ਸ਼ਬਦੀ ਵੀ ਹੋ ਸਕਦਾ ਹੈ ਤੇ ਸ਼ਬਦਾਂ ਦਾ ਸਮੂਹ ਵੀ। ਇੱਥੇ ਸ਼ਬਦ ਅਤੇ ਵਾਕਾਂਸ਼ ਦੇ ਭੇਦ ਨੂੰ ਸਪਸ਼ਟ ਕਰ ਦੇਣਾ ਵੀ ਜ਼ਰੂਰੀ ਹੈ। ਸ਼ਬਦ ਇੱਕ ਅਰਥਗਤ ਸ਼੍ਰੇਣੀ ਹੈ ਪਰ ਵਾਕਾਂਸ਼ ਇੱਕ ਕਾਰਜੀ ਇਕਾਈ ਹੈ। ਆਧੁਨਿਕ ਵਿਆਕਰਨ ਦੀ ਇਹ ਧਾਰਨਾ ਹੈ ਕਿ ਜਦ ਅਸੀਂ ਕਿਸੇ ਨਾਲ਼ ਗੱਲ-ਬਾਤ ਕਰ ਰਹੇ ਹੁੰਦੇ ਹਾਂ ਤਾਂ ਸਾਡੇ ਮੂੰਹ ਵਿੱਚੋਂ ਨਿਕਲ਼ਦੇ ਸ਼ਬਦ ਵਾਕਾਂਸ਼ ਦਾ ਰੂਪ ਧਾਰਨ ਕਰ ਜਾਂਦੇ ਹਨ। ਵਾਕ-ਪੱਧਰ ਉੱਪਰ ਵਿਚਰਦਾ ਹਰ ਨਾਂਵ/ਪੜਨਾਂਵ ਤੇ ਕਿਰਿਆ-ਸ਼ਬਦ ਵਾਕਾਂਸ਼ ਦੀ ਭੂਮਿਕਾ ਨਿਭਾਉਂਦਾ ਹੈ।

ਬੱਚਾ ਸੁੱਤਾ ਪਿਆ ਹੈ।

ਇਸ ਵਾਕ ਵਿੱਚ 'ਬੱਚਾ' ਇੱਕ ਨਾਂਵ-ਸ਼ਬਦ ਹੈ ਇੱਥੇ ਇਹ ਨਾਂਵ-ਵਾਕਾਂਸ਼ ਦੀ ਭੂਮਿਕਾ ਨਿਭਾ ਰਿਹਾ ਹੈ। ਇਸ ਵਾਕ ਦਾ ਦੂਸਰਾ ਹਿੱਸਾ 'ਸੁੱਤਾ ਪਿਆ ਹੈ' ਦੇ ਰੂਪ ਵਿੱਚ ਕਿਰਿਆ-ਵਾਕਾਂਸ਼ ਵਜੋਂ ਵਿਚਰ ਰਿਹਾ ਹੈ। ਇਹਨਾਂ ਨੂੰ ਵਾਕ ਦੇ ਲਾਜ਼ਮੀ ਤੱਤ ਵੀ ਕਿਹਾ ਜਾਂਦਾ ਹੈ। ਇਸ ਵਾਕ ਵਿਚਲਾ ਨਾਂਵ- ਸ਼ਬਦ 'ਬੱਚਾ' ਇੱਕ-ਸ਼ਬਦੀ ਵਾਕਾਂਸ਼ ਦੀ ਭੂਮਿਕਾ ਨਿਭਾ ਰਿਹਾ ਹੈ।

ਮੇਰੇ ਸਕੂਲ ਦੇ ਸਾਥੀ ਮੈਚ ਜਿੱਤ ਗਏ ਹਨ।

ਉਪਰੋਕਤ ਵਾਕ ਵਿੱਚ 'ਮੇਰੇ ਸਕੂਲ ਦੇ ਸਾਥੀ' ਸ਼ਬਦਾਂ ਦੇ ਸਮੂਹ ਦੇ ਤੌਰ 'ਤੇ ਨਾਂਵ-ਵਾਕਾਂਸ਼ ਵਜੋਂ ਕਾਰਜਸ਼ੀਲ ਹੈ।

ਇੱਥੇ ਇਹ ਤੱਥ ਵੀ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਪੰਜਾਬੀ ਵਿੱਚ ਸ਼ਬਦ-ਸ਼੍ਰੇਣੀਆਂ ਤਾਂ ਅੱਠ ਹਨ ਪਰ ਵਾਕਾਂਸ਼ ਦੀ ਭੂਮਿਕਾ ਸਿਰਫ਼ ਚਾਰ ਸ਼੍ਰੇਣੀਆਂ ਹੀ ਨਿਭਾਉਂਦੀਆਂ ਹਨ। ਇਹਨਾਂ ਚਹੁੰ ਸ਼੍ਰੇਣੀਆਂ ਦਾ ਵੇਰਵਾ ਇਸ ਪ੍ਰਕਾਰ ਹੈ : ਨਾਂਵ, ਵਿਸ਼ੇਸ਼ਣ, ਕਿਰਿਆ ਤੇ ਕਿਰਿਆ-ਵਿਸ਼ੇਸ਼ਣ।

ਹੇਠਾਂ ਇਹਨਾਂ ਸ਼ਬਦ-ਸ਼੍ਰੇਣੀਆਂ ਦੀਆਂ ਵਾਕਾਂਸ਼ ਵਜੋਂ ਕੁਝ ਉਦਾਹਰਨਾਂ ਇਸ ਪ੍ਰਕਾਰ ਹਨ :

1. **ਨਵੀਂਆਂ-ਨਵੀਂਆਂ ਕਾਰਾਂ** ਸੜਕਾਂ ਉੱਤੇ ਸੋਹਣੀਆਂ ਲੱਗਦੀਆਂ ਹਨ।
   ਗੂੜ੍ਹਾ ਛਪਿਆ ਸ਼ਬਦ-ਸਮੂਹ ਨਾਂਵ-ਵਾਕਾਂਸ਼ ਹੈ ਕਿਉਂਕਿ ਇਹ ਨਾਂਵ ਦਾ ਕੰਮ ਕਰਦਾ ਹੈ।
2. ਉਹ ਮੁੰਡਾ **ਬੜਾ ਚੰਗਾ** ਹੈ।
   ਗੂੜ੍ਹਾ ਛਪਿਆ ਸ਼ਬਦ-ਸਮੂਹ ਵਿਸ਼ੇਸ਼ਣੀ-ਵਾਕਾਂਸ਼ ਹੈ।

3. ਉਹ ਅੱਜ ਆਪਣੇ ਪਿੰਡ **ਜਾ ਰਿਹਾ ਹੈ।**

ਇਸ ਵਾਕਾਂਸ਼ ਵਿੱਚ ਗੂੜ੍ਹਾ ਛਪਿਆ ਸ਼ਬਦ-ਸਮੂਹ ਕਿਰਿਆ-ਵਾਕਾਂਸ਼ ਹੈ।

4. ਉਹ **ਕਦੇ ਅੰਦਰ ਕਦੇ ਬਾਹਰ** ਆ-ਜਾ ਰਿਹਾ ਸੀ।

ਇੱਥੇ ਗੂੜ੍ਹਾ ਛਪਿਆ ਸ਼ਬਦ-ਸਮੂਹ ਕਿਰਿਆ-ਵਿਸ਼ੇਸ਼ਣੀ ਵਾਕਾਂਸ਼ ਹੈ।

## ਉਪਵਾਕ

ਉਪਵਾਕ ਇੱਕ ਅਧੀਨ-ਵਿਆਕਰਨਿਕ ਇਕਾਈ ਹੈ। ਵਾਕ ਦੇ ਪੱਧਰ ਨਾਲ਼ੋਂ ਉਪਵਾਕ ਦਾ ਸਥਾਨ ਵਾਕ ਤੋਂ ਥੱਲੇ ਅਤੇ ਵਾਕਾਂਸ਼ ਤੋਂ ਉੱਪਰ ਦਾ ਹੈ। ਇਸ ਨੂੰ ਵਾਕ ਦਾ ਰਚਨਾਤਮਿਕ ਅੰਗ ਵੀ ਕਿਹਾ ਜਾਂਦਾ ਹੈ। ਉਪਵਾਕ ਸਧਾਰਨ ਵਾਕ ਵਾਂਗ ਵਿਚਰਨ ਦੀ ਸਮਰੱਥਾ ਰੱਖਦਾ ਹੈ। ਇਸ ਦੀ ਪਛਾਣ ਸੁਤੰਤਰ ਉਪਵਾਕ ਤੇ ਅਧੀਨ ਉਪਵਾਕ ਦੇ ਤੌਰ 'ਤੇ ਵੀ ਕੀਤੀ ਜਾਂਦੀ ਹੈ। ਜਦੋਂ ਦੋ ਸਧਾਰਨ ਵਾਕ ਮਿਲ਼ਦੇ ਹਨ ਤਾਂ ਇੱਕ ਨਵੇਂ ਵਾਕ ਦੀ ਸਿਰਜਣਾ ਹੁੰਦੀ ਹੈ। ਇਸ ਸਿਰਜਣਾ ਵਿੱਚ ਸਮਾਨ-ਯੋਜਕ ਦੀ ਖ਼ਾਸ ਭੂਮਿਕਾ ਹੁੰਦੀ ਹੈ। ਇਸ ਤਰ੍ਹਾਂ ਹੋਂਦ ਵਿੱਚ ਆਏ ਵਾਕ ਨੂੰ ਸੰਯੁਕਤ ਵਾਕ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਇੱਕ ਸੁਤੰਤਰ ਤੇ ਇੱਕ ਅਧੀਨ ਦੋ ਉਪਵਾਕਾਂ ਨੂੰ ਜੋੜਨ ਲਈ ਅਧੀਨ ਯੋਜਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਅਜਿਹੀ ਵਿਧੀ ਰਾਹੀਂ ਹੋਂਦ ਵਿੱਚ ਆਏ ਵਾਕ ਨੂੰ ਮਿਸ਼ਰਿਤ ਵਾਕ ਕਿਹਾ ਜਾਂਦਾ ਹੈ। ਬਣਤਰ ਦੇ ਆਧਾਰ ਉੱਤੇ ਉਪਵਾਕ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ, ਉਦਾਹਰਨ ਲਈ ਦੇਖੋ :

(1) ਸੁਤੰਤਰ ਉਪਵਾਕ

(2) ਅਧੀਨ ਉਪਵਾਕ

ਹੇਠਾਂ ਇਹਨਾਂ ਨੂੰ ਉਦਾਹਰਨਾਂ ਰਾਹੀਂ ਸਪਸ਼ਟ ਕੀਤਾ ਗਿਆ ਹੈ :

1. ਕੰਧ ਦਾ ਸਹਾਰਾ ਲੈ ਕੇ ਖੜ੍ਹੇ ਹੋਣਾ, ਕਿਸੇ ਦੇ ਘਰ ਬੇਵਕਤ ਜਾਣਾ, ਆਉਣ ਵੇਲ਼ੇ ਗੇਟ ਖੁੱਲ੍ਹਾ ਛੱਡ ਦੇਣਾ, ਇਹਨਾਂ ਨੂੰ ਸੱਭਿਆਚਾਰ ਵਿੱਚ ਮਾੜਾ ਮੰਨਿਆ ਗਿਆ ਹੈ।

2. ਜੇ ਤੁਸੀਂ ਮਿਹਨਤ ਕਰੋਗੇ ਤਾਂ ਪਾਸ ਹੋ ਜਾਓਗੇ।

ਉਪਰੋਕਤ ਵਾਕਾਂ ਵਿੱਚ ਪਹਿਲੇ ਵਾਕ ਵਿਚਲੇ ਵਾਕ ਕਾਮੇ ਦੀ ਸਹਾਇਤਾ ਨਾਲ਼ ਜੁੜੇ ਹੋਏ ਹਨ ਤੇ ਸਧਾਰਨ ਵਾਕਾਂ ਦੀ ਤਰ੍ਹਾਂ ਵਿਚਰਦੇ ਹੋਏ ਸੰਯੁਕਤ ਵਾਕ ਦੀ ਸਿਰਜਣਾ ਕਰ ਰਹੇ ਹਨ ਜਦਕਿ ਦੂਸਰੇ ਵਾਕ ਵਿੱਚ ਅਧੀਨ ਯੋਜਕ 'ਜੇ-ਤਾਂ' ਵਿਚਰ ਕੇ ਮਿਸ਼ਰਿਤ ਵਾਕ ਸਿਰਜ ਰਹੇ ਹਨ।

ਵਾਕਾਂਸ਼ ਅਤੇ ਉਪਵਾਕ ਦੋਵੇਂ ਵਾਕ ਦੇ ਅੰਗ ਹਨ, ਦੋਵੇਂ ਵਾਕ ਦੇ ਕਾਰਜੀ ਤੱਤ ਹਨ ਪਰ ਫਿਰ ਵੀ ਦੋਂਹਾਂ ਵਿੱਚ ਥੋੜ੍ਹਾ ਅੰਤਰ ਹੈ। ਅੰਤਰ ਇਹ ਹੈ ਕਿ ਉਪਵਾਕ ਵਿੱਚ ਉਦੇਸ਼ ਅਤੇ ਵਿਧੇਅ ਦੋਵੇਂ ਹੁੰਦੇ ਹਨ ਜਦਕਿ ਵਾਕਾਂਸ਼ ਵਿੱਚ ਦੋਂਹਾਂ ਵਿੱਚੋਂ ਇੱਕ ਹੋ ਸਕਦਾ ਹੈ।

## ਵਾਕਾਂ ਦੀ ਸ਼੍ਰੇਣੀ-ਵੰਡ

ਵਾਕਾਂ ਦੀ ਸ਼੍ਰੇਣੀ-ਵੰਡ ਦੋ ਤਰ੍ਹਾਂ ਨਾਲ਼ ਕੀਤੀ ਜਾਂਦੀ ਹੈ :

(ੳ) ਵਾਕਾਂ ਦੀ ਬਣਤਰ ਦੇ ਆਧਾਰ ਉੱਤੇ ਵੰਡ :

1. ਸਧਾਰਨ ਵਾਕ 2. ਸੰਜੁਗਤ ਵਾਕ 3. ਮਿਸ਼ਰਿਤ ਵਾਕ

(ਅ) ਵਾਕਾਂ ਦੀ ਕਾਰਜ ਦੇ ਆਧਾਰ ਉੱਤੇ ਵਾਕ-ਵੰਡ :

1. ਹਾਂਵਾਚਕ ਵਾਕ 2. ਨਾਂਹਵਾਚਕ ਵਾਕ 3. ਪ੍ਰਸ਼ਨਵਾਚਕ ਵਾਕ 4. ਵਿਸਮੈਵਾਚਕ ਵਾਕ

## ਵਾਕਾਂ ਦੀ ਬਣਤਰ ਦੇ ਆਧਾਰ ਉੱਤੇ ਵੰਡ

ਇਸ ਆਧਾਰ ਉੱਤੇ ਵਾਕਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ :

1. ਸਧਾਰਨ ਵਾਕ
2. ਸੰਜੁਗਤ ਵਾਕ
3. ਮਿਸ਼ਰਿਤ ਵਾਕ

**ਸਧਾਰਨ ਵਾਕ :** ਪੰਜਾਬੀ ਭਾਸ਼ਾ ਦਾ ਸਧਾਰਨ ਵਾਕ ਨਾਂਵ-ਵਾਕਾਂਸ਼ ਤੇ ਕਿਰਿਆ-ਵਾਕਾਂਸ਼ ਰਾਹੀਂ ਹੋਂਦ ਵਿੱਚ ਆਉਂਦਾ ਹੈ। ਇਹ ਦੋਵੇਂ ਵਾਕ ਦੇ ਲਾਜ਼ਮੀ ਤੱਤ ਹਨ। ਇਹਨਾਂ ਤੋਂ ਬਿਨਾਂ ਵਾਕ ਅਧੂਰਾ ਲੱਗਦਾ ਹੈ। ਇਸ ਤੋਂ ਇਲਾਵਾ ਹੋਰ ਵਾਕਾਂਸ਼ ਜੁੜ ਕੇ ਸਧਾਰਨ ਵਾਕ ਦਾ ਵਿਸਤਾਰ ਕਰਦੇ ਹਨ। ਇਸ ਵਿੱਚ ਇੱਕ ਹੀ ਕਿਰਿਆ ਜਾਂ ਕਿਰਿਆ-ਵਾਕਾਂਸ਼ ਹੁੰਦਾ ਹੈ। ਇਸ ਵਿੱਚ ਇੱਕ ਉਦੇਸ਼ ਅਤੇ ਇੱਕ ਵਿਧੇਅ ਹੁੰਦਾ ਹੈ।

1. ਮੁੰਡਾ ਰੋ ਰਿਹਾ ਹੈ।
2. ਬੱਚੇ ਪਤੰਗ ਉਡਾ ਰਹੇ ਹਨ।

ਉਪਰੋਕਤ ਵਾਕ ਸਧਾਰਨ ਵਾਕਾਂ ਵਜੋਂ ਵਿਚਰ ਰਹੇ ਹਨ। ਪਹਿਲੇ ਵਾਕ ਵਿੱਚ ਸਿਰਫ਼ ਨਾਂਵ-ਵਾਕਾਂਸ਼ ਤੇ ਕਿਰਿਆ-ਵਾਕਾਂਸ਼ ਵਿਚਰ ਰਹੇ ਹਨ ਜਦ ਕਿ ਦੂਸਰੇ ਵਾਕ ਵਿੱਚ ਦੋ ਨਾਂਵ-ਵਾਕਾਂਸ਼ ਵਿਚਰ ਰਹੇ ਹਨ। ਪਹਿਲੇ ਵਾਕ ਦਾ ਕਰਤਾ ਨਾਂਵ-ਵਾਕਾਂਸ਼ ਵਜੋਂ ਤੇ ਦੂਸਰਾ ਕਰਮ ਨਾਂਵ-ਵਾਕਾਂਸ਼ ਦੀ ਭੂਮਿਕਾ ਨਿਭਾ ਰਿਹਾ ਹੈ।

**ਸੰਜੁਗਤ ਵਾਕ :** ਸੰਜੁਗਤ ਵਾਕਾਂ ਦੀ ਬਣਤਰ ਸਾਂਵੀਂ ਹੁੰਦੀ ਹੈ। ਇੱਥੇ ਸਾਂਵੀਂ ਦਾ ਭਾਵ ਹੈ, ਹਰ ਪੱਖੋਂ ਬਰਾਬਰਤਾ ਦਾ ਭਾਵ ਰੱਖਣ ਵਾਲ਼ੇ ਵਾਕ। ਇਹਨਾਂ ਦੀ ਬਣਤਰ ਵਿੱਚ ਦੋ ਜਾਂ ਦੋ ਤੋਂ ਵੱਧ ਸੁਤੰਤਰ ਉਪਵਾਕ ਵਿਚਰਦੇ ਹਨ । ਵਿਆਕਰਨ ਦੀ ਦ੍ਰਿਸ਼ਟੀ ਤੋਂ  ਇਹ ਸੁਤੰਤਰ ਤੌਰ ਉੱਤੇ ਵਿਚਰਨ ਦੀ ਸਮਰੱਥਾ ਰੱਖਦੇ ਹਨ। ਸੰਜੁਗਤ ਵਾਕਾਂ ਵਿਚਲੇ ਦੋ ਜਾਂ ਦੋ ਤੋਂ ਵੱਧ ਸੁਤੰਤਰ, ਸਧਾਰਨ ਜਾਂ ਸਮਾਨ ਉਪਵਾਕਾਂ ਨੂੰ ਕਾਮੇ (,) ਜਾਂ ਤੇ, ਅਤੇ, ਪਰ, ਜਾਂ, ਚਾਹੇ, ਫਿਰ ਵੀ, ਪਰੰਤੂ, ਸਗੋਂ ਆਦਿ ਸਮਾਨ ਯੋਜਕਾਂ ਨਾਲ਼ ਜੋੜਿਆ ਜਾਂਦਾ ਹੈ :

1. ਰਾਹ ਪਿਆ ਜਾਣੀਏ **ਜਾਂ** ਵਾਹ ਪਿਆ ਜਾਣੀਏ।
2. ਹੁਣ ਉਸ ਨੂੰ ਹਾਂ ਕਰਨੀ ਵੀ ਆਉਂਦੀ ਹੈ **ਅਤੇ** ਨਾਂਹ ਕਰਨੀ ਵੀ ਆਉਂਦੀ ਹੈ।
3. ਜਿਊਂਦੀ ਮੱਛੀ ਵਹਿਣ ਦੇ ਵਿਰੁੱਧ ਚੱਲਦੀ ਹੈ **ਪਰ** ਮਰੀ ਹੋਈ ਮੱਛੀ ਵਹਿਣ ਦੇ ਨਾਲ਼ ਚੱਲਦੀ ਹੈ।

ਉਪਰੋਕਤ ਸੰਯੁਕਤ ਵਾਕ  **ਜਾਂ, ਅਤੇ, ਪਰ** ਆਦਿ ਸਮਾਨ-ਯੋਜਕਾਂ ਨਾਲ਼ ਬਣੇ ਹਨ। ਇਹਨਾਂ ਸੰਯੁਕਤ ਵਾਕਾਂ ਨੂੰ ਜੇਕਰ ਇੱਕ-ਦੂਸਰੇ ਤੋਂ ਵੱਖ ਵੀ ਕਰ ਦੇਈਏ ਤਾਂ ਵੀ ਸੁਤੰਤਰ ਰੂਪ ਵਿੱਚ ਵਿਚਰ ਸਕਣ ਦੀ ਸਮਰੱਥਾ ਰੱਖਦੇ ਹਨ ਕਿਉਂਕਿ ਇਹ ਉਪਵਾਕ ਇੱਕ-ਦੂਸਰੇ ਉੱਪਰ ਨਿਰਭਰ ਨਹੀਂ ਹਨ।

**ਮਿਸ਼ਰਿਤ ਵਾਕ :** ਮਿਸ਼ਰਿਤ ਵਾਕਾਂ ਦੀ ਬਣਤਰ ਅਸਾਂਵੀਂ ਮੰਨੀ ਜਾਂਦੀ ਹੈ  ਭਾਵ ਇਸ ਵਿਚਲੇ ਉਪਵਾਕ ਬਰਾਬਰਤਾ ਦੇ ਪੱਧਰ ਉੱਤੇ ਨਹੀਂ ਵਿਚਰ ਸਕਦੇ। ਮਿਸ਼ਰਿਤ ਵਾਕ ਦੀ ਬਣਤਰ ਵਿੱਚ ਇੱਕ ਮੁੱਖ ਉਪਵਾਕ ਤੇ ਇੱਕ ਜਾਂ ਇੱਕ ਤੋਂ ਵੱਧ ਅਧੀਨ ਉਪਵਾਕ ਕਾਰਜਸ਼ੀਲ ਹੁੰਦੇ ਹਨ। ਮੁੱਖ ਉਪਵਾਕ ਸੁਤੰਤਰ ਤੌਰ 'ਤੇ ਵਿਚਰਨ ਦੀ ਸਮਰੱਥਾ ਰੱਖਦਾ ਹੈ ਪਰ ਅਧੀਨ ਉਪਵਾਕ ਸੁਤੰਤਰ ਤੌਰ 'ਤੇ ਨਹੀਂ ਵਿਚਰ ਸਕਦੇ। ਇਹ ਤਾਂ ਕਿਸੇ ਮੁੱਖ ਉਪਵਾਕ ਨਾਲ਼ ਆ ਕੇ ਹੀ ਸਾਰਥਕਤਾ ਗ੍ਰਹਿਣ ਕਰਦੇ ਹਨ। ਪੰਜਾਬੀ ਭਾਸ਼ਾ ਵਿੱਚ ਅਧੀਨ ਉਪਵਾਕ ਯੋਜਕਾਂ : ਕਿਉਂਕਿ, ਜੋ, ਜਿਹੜਾ, ਜਿਸ, ਜਿਵੇਂ, ਜਦੋਂ, ਜਿਸ ਤਰ੍ਹਾਂ, ਜੇ,  ਕਿ ਆਦਿ ਨਾਲ਼ ਸ਼ੁਰੂ ਹੁੰਦੇ ਹਨ। ਇਹ ਸਾਰੇ ਅਧੀਨ-ਯੋਜਕ ਦੀ ਸ਼੍ਰੇਣੀ ਵਿੱਚ ਸ਼ਾਮਲ ਹਨ। ਉਦਾਹਰਨ ਲਈ ਹੇਠ ਲਿਖੇ ਵਾਕਾਂ ਨੂੰ ਦੇਖਿਆ ਜਾ ਸਕਦਾ ਹੈ :

1. **ਉਸ ਨੇ ਕਿਹਾ** ਕਿ ਅੱਜ ਤੋਂ ਬਾਅਦ ਉਹ ਇਹ ਗ਼ਲਤੀ ਦੁਬਾਰਾ ਨਹੀਂ ਕਰੇਗਾ।
2. **ਕੁਝ ਵਿਦਿਆਰਥੀ ਅਜਿਹੇ ਵੀ ਹੁੰਦੇ ਹਨ** ਜਿਹੜੇ ਆਪਣੇ ਅਧਿਆਪਕ ਦਾ ਨਾਂ ਰੁਸ਼ਨਾ ਦਿੰਦੇ ਹਨ।

ਇਹਨਾਂ ਵਾਕਾਂ ਵਿੱਚ ਗੂੜ੍ਹੇ ਛਪੇ ਉਪਵਾਕ ਮੁੱਖ ਉਪਵਾਕ ਹਨ ਤੇ ਹਲਕੇ ਛਪੇ ਅਧੀਨ ਉਪਵਾਕ ਹਨ। ਅਜਿਹੇ ਉਪਵਾਕ ਪੂਰਾ ਅਰਥ ਪ੍ਰਗਟ ਕਰਨ ਲਈ ਇੱਕ-ਦੂਜੇ ਉੱਪਰ ਨਿਰਭਰ ਕਰਦੇ ਹਨ। ਫਿਰ ਵੀ ਧਿਆਨ ਨਾਲ਼ ਦੇਖਿਆਂ ਪਤਾ ਲੱਗਦਾ ਹੈ ਕਿ ਇਹਨਾਂ ਵਿੱਚੋਂ ਕੋਈ ਇੱਕ ਉਪਵਾਕ ਦੂਜੇ ਉਪਵਾਕਾਂ ਨਾਲ਼ੋਂ ਕੁਝ ਵਧੇਰੇ ਸੁਤੰਤਰ ਹੈ।

## ਕਾਰਜ ਦੇ ਆਧਾਰ ਉੱਤੇ ਵਾਕ-ਵੰਡ

ਕਾਰਜ ਦੇ ਆਧਾਰ ਉੱਤੇ ਪੰਜਾਬੀ ਭਾਸ਼ਾ ਦੇ ਵਾਕਾਂ ਨੂੰ ਚਾਰ ਭਾਗਾਂ ਵਿੱਚ ਵੰਡਿਆ ਜਾਂਦਾ ਹੈ :

1. ਹਾਂਵਾਚਕ ਵਾਕ
2. ਨਾਂਹਵਾਚਕ ਵਾਕ
3. ਪ੍ਰਸ਼ਨਵਾਚਕ ਵਾਕ
4. ਵਿਸਮੈਵਾਚਕ ਵਾਕ

### 1. ਹਾਂਵਾਚਕ ਵਾਕ

ਜਿਸ ਵਾਕ ਵਿੱਚ ਕਿਰਿਆ ਹਾਂ-ਵਾਚਕ ਹੋਵੇ, ਉਸ ਨੂੰ ਹਾਂਵਾਚਕ ਵਾਕ ਆਖਦੇ ਹਨ, ਜਿਵੇਂ :

(ੳ) ਅਸੀਂ ਆਪਣੇ ਦੇਸ ਨੂੰ ਪਿਆਰ ਕਰਦੇ ਹਾਂ।

(ਅ) ਮਿਹਨਤੀ ਲੋਕ ਸਦਾ ਸੁੱਖ ਪਾਉਂਦੇ ਹਨ।

(ੲ) ਮੇਰੇ ਮਾਤਾ ਜੀ ਪੜ੍ਹੇ-ਲਿਖੇ ਹਨ।

(ਸ) ਮੈਂ ਸਕੂਲ ਦਾ ਕੰਮ ਮੁਕਾ ਲਿਆ ਹੈ।

### 2. ਨਾਂਹਵਾਚਕ ਵਾਕ

ਜਿਨ੍ਹਾਂ ਵਾਕਾਂ ਵਿੱਚ /ਨਾ, ਨਹੀਂ/ ਨਾਂਹਵਾਚਕ ਤੱਤ ਦੀ ਵਰਤੋਂ ਹੁੰਦੀ ਹੈ, ਉਹਨਾਂ ਨੂੰ ਨਾਂਹਵਾਚਕ ਵਾਕ ਕਹਿੰਦੇ ਹਨ, ਜਿਵੇਂ :

(ੳ) ਬੱਚਿਓ ! ਇੱਧਰ ਨਾ ਆਓ।

(ਅ) ਏਨੀ ਸਰਦੀ ਵਿੱਚ ਨੰਗੇ ਪੈਰ ਨਾ ਤੁਰੋ।

(ੲ) ਤੂੰ ਅੱਜ-ਕੱਲ੍ਹ ਸਮੇਂ ਸਿਰ ਘਰ ਨਹੀਂ ਆਉਂਦਾ।

(ਸ) ਮਿਹਨਤੀ ਲੋਕ ਕਦੇ ਹਾਰ ਨਹੀਂ ਮੰਨਦੇ।

### 3. ਪ੍ਰਸ਼ਨਵਾਚਕ ਵਾਕ

ਜਿਨ੍ਹਾਂ ਵਾਕਾਂ ਵਿੱਚ ਕੋਈ ਸਵਾਲ ਜਾਂ ਪ੍ਰਸ਼ਨ ਪੁੱਛਿਆ ਜਾਂਦਾ ਹੈ ਤੇ ਵਾਕ ਦੇ ਅੰਤ ਵਿੱਚ ਪ੍ਰਸ਼ਨ-ਸੂਚਕ ਚਿੰਨ੍ਹ (?) ਲਾਇਆ ਜਾਂਦਾ ਹੈ, ਉਹਨਾਂ ਨੂੰ ਪ੍ਰਸ਼ਨਵਾਚਕ ਵਾਕ ਆਖਦੇ ਹਨ। ਅਜਿਹੇ ਵਾਕਾਂ ਵਿੱਚ ਆਮ ਤੌਰ 'ਤੇ 'ਕੀ', 'ਕਿਉਂ', 'ਕਿੱਧਰ', 'ਕਿੱਥੇ', 'ਕਿਹੜਾ' ਆਦਿ ਸ਼ਬਦਾਂ ਦੀ ਵਰਤੋਂ ਹੁੰਦੀ ਹੈ, ਜਿਵੇਂ :

(ੳ) ਉਹ **ਕਿੱਥੇ** ਜਾ ਰਹੇ ਹਨ ?

(ਅ) ਭਾਰਤ **ਕਦੋਂ** ਅਜ਼ਾਦ ਹੋਇਆ ?

(ੲ) ਤੁਹਾਡੇ ਸਕੂਲ ਵਿੱਚ **ਕਿੰਨੇ** ਬੱਚੇ ਪੜ੍ਹਦੇ ਹਨ ?

(ਸ) ਉਸ ਦੀ ਸਿਹਤ ਹੁਣ **ਕਿਸ ਤਰ੍ਹਾਂ** ਹੈ ?

(ਹ) ਤੇਰੇ ਭਰਾ ਦਾ ਨਾਂ **ਕੀ** ਹੈ ?

### 4. ਵਿਸਮੈਵਾਚਕ ਵਾਕ

ਜਿਸ ਵਾਕ ਵਿੱਚ ਹੈਰਾਨੀ ਜਾਂ ਵਿਸਮੈ ਦਾ ਭਾਵ ਪ੍ਰਗਟ ਹੋਵੇ, ਉਸ ਨੂੰ ਵਿਸਮੈਵਾਚਕ ਵਾਕ ਕਹਿੰਦੇ ਹਨ। ਅਜਿਹੇ ਵਾਕਾਂ ਦੇ ਅੰਤ ਵਿੱਚ ਵਿਸਮਕ-ਚਿੰਨ੍ਹ ਦੀ ਵਰਤੋਂ ਹੁੰਦੀ ਹੈ, ਜਿਵੇਂ :

(ੳ) ਕਿੰਨਾ ਸੁੰਦਰ ਫੁੱਲ ਹੈ !

(ਅ) ਬੱਲੇ! ਉਹਨੇ ਕਿੰਨੀ ਉੱਚੀ ਛਾਲ਼ ਮਾਰੀ !

(ੲ) ਹਾਏ! ਮੈਂ ਕੀ ਕਰਾਂ !

ਇੱਥੇ ਇਹ ਗੱਲ ਧਿਆਨਯੋਗ ਹੈ ਕਿ ਜੇ ਵਿਸਮੈ ਦਾ ਭਾਵ ਇੱਕ ਸ਼ਬਦ ਵਿੱਚ ਪ੍ਰਗਟ ਹੈ ਤਦ ਵਿਸਮਕ-ਚਿੰਨ੍ਹ ਉਸ ਸ਼ਬਦ ਤੋਂ ਪਿੱਛੋਂ ਆਉਂਦਾ ਹੈ ਪਰ ਜੇ ਇਹ ਭਾਵ ਸਾਰੇ ਵਾਕ ਵਿੱਚ ਪ੍ਰਗਟ ਹੈ ਤਦ ਵਿਸਮਕ-ਚਿੰਨ੍ਹ ਸਾਰੇ ਵਾਕ ਪਿੱਛੋਂ ਆਉਂਦਾ ਹੈ।

**ਵਾਕਾਂ ਦੀ ਦੂਜੀ ਪ੍ਰਕਾਰ ਦੀ ਸ਼੍ਰੇਣੀ-ਵੰਡ ਵਿੱਚ ਉਪਰੋਕਤ ਤੋਂ ਬਿਨਾਂ ਆਗਿਆਵਾਚਕ ਅਤੇ ਇੱਛਾ-ਵਾਚਕ ਵਾਕ ਵੀ ਰੱਖੇ ਜਾਂਦੇ ਹਨ :**

#### ਆਗਿਆਵਾਚਕ ਵਾਕ—

ਇਹ ਵਾਕ ਆਗਿਆ ਜਾਂ ਹੁਕਮ ਦਿੱਤੇ ਜਾਣ ਦੇ ਭਾਵ ਨੂੰ ਉਜਾਗਰ ਕਰਦੇ ਹਨ। ਇਹਨਾਂ ਵਾਕਾਂ ਵਿੱਚ ਆਮ ਤੌਰ 'ਤੇ ਕਰਤਾ ਦੀ ਅਣਹੋਂਦ ਹੁੰਦੀ ਹੈ। ਕਈ ਵਾਰ ਇਹਨਾਂ ਵਾਕਾਂ ਵਿੱਚ ਆਦਰਵਾਚੀ ਤੱਤ/ਕਿਰਪਾ/ਜੀ/ ਆਦਿ ਦੀ ਵਰਤੋਂ ਵੀ ਹੁੰਦੀ ਹੈ, ਜਿਵੇਂ :

(ੳ) ਆਓ ਜੀ, ਚੱਲੀਏ।

(ਅ) ਕਿਰਪਾ ਕਰਕੇ ਚੁੱਪ ਕਰ ਜਾਓ।

(ੲ) ਚਾਹ ਲਿਆਓ।

(ਸ) ਆਓ, ਸਕੂਲ ਦਾ ਕੰਮ ਕਰੀਏ।

**ਇੱਛਾਵਾਚਕ ਵਾਕ—**

ਇਹਨਾਂ ਵਾਕਾਂ ਵਿੱਚ ਕਿਸੇ ਲਈ ਸ਼ੁੱਭ ਇੱਛਾਵਾਂ ਜਾਂ ਅਸੀਸ ਆਦਿ ਦੇ ਭਾਵਾਂ ਨੂੰ ਪ੍ਰਗਟ ਕੀਤਾ ਗਿਆ ਹੁੰਦਾ ਹੈ, ਜਿਵੇਂ :

(ੳ) ਤੇਰੀ ਦੇਹ ਨਿਰੋਈ ਰਹੇ।

(ਅ) ਤੈਨੂੰ ਤੱਤੀ 'ਵਾ ਨਾ ਲੱਗੇ।

(ੲ) ਤੂੰ ਸਦਾ ਕਾਮਯਾਬ ਹੋਵੇਂ।

## ਅਭਿਆਸ

1. ਭਾਸ਼ਾ ਦੀ ਸਭ ਤੋਂ ਛੋਟੀ ਅਤੇ ਸਭ ਤੋਂ ਵੱਡੀ ਇਕਾਈ ਕਿਸ ਨੂੰ ਕਿਹਾ ਜਾਂਦਾ ਹੈ ?
2. ਵਾਕ ਦੇ ਕਿਹੜੇ ਹਿੱਸੇ ਨੂੰ ਉਦੇਸ਼ ਅਤੇ ਕਿਹੜੇ ਨੂੰ ਵਿਧੇਅ ਕਿਹਾ ਜਾਂਦਾ ਹੈ ? ਉਦਾਹਰਨਾਂ ਸਹਿਤ ਦੱਸੋ।
3. ਪੰਜਾਬੀ ਦੇ ਆਮ ਵਾਕ ਵਿੱਚ ਕਿਰਿਆ, ਕਰਤਾ ਅਤੇ ਕਰਮ ਦੀ ਕੀ ਵਿਓਂਤ ਹੁੰਦੀ ਹੈ ?
4. ਵਾਕ ਵਿੱਚ ਹੇਠ ਲਿਖੇ ਸ਼ਬਦ-ਭੇਦਾਂ ਦਾ ਕੀ ਸਥਾਨ ਹੁੰਦਾ ਹੈ ?
   ਵਿਸ਼ੇਸ਼ਣ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ।
5. ਵਾਕਾਂਸ਼ ਕਿਸ ਨੂੰ ਆਖਦੇ ਹਨ ? ਵਿਸ਼ੇਸ਼ਣ-ਵਾਕਾਂਸ਼ਾਂ, ਕਿਰਿਆ-ਵਾਕਾਂਸ਼ਾਂ ਅਤੇ ਕਿਰਿਆ-ਵਿਸ਼ੇਸ਼ਣ ਵਾਕਾਂਸ਼ਾਂ ਦੀਆਂ ਉਦਾਹਰਨਾਂ ਦਿਓ।
6. ਵਾਕਾਂਸ਼ ਅਤੇ ਉਪਵਾਕ ਵਿੱਚ ਕੀ ਅੰਤਰ ਹੈ ?
7. ਵਾਕਾਂ ਦੀ ਵੱਖ-ਵੱਖ ਸ਼੍ਰੇਣੀ-ਵੰਡ ਅਨੁਸਾਰ ਵਾਕਾਂ ਦੀਆਂ ਵੰਨਗੀਆਂ ਦੇ ਨਾਂ ਲਿਖੋ।
8. ਸਧਾਰਨ ਵਾਕ ਕਿਸ ਨੂੰ ਆਖਦੇ ਹਨ ?
9. ਮਿਸ਼ਰਿਤ ਵਾਕ ਅਤੇ ਸੰਜੁਗਤ ਵਾਕ ਵਿੱਚ ਕੀ ਅੰਤਰ ਹੁੰਦਾ ਹੈ ? ਉਦਾਹਰਨਾਂ ਸਹਿਤ ਦੱਸੋ।
10. ਵਿਸਮੈਵਾਚਕ, ਪ੍ਰਸ਼ਨਵਾਚਕ ਅਤੇ ਆਗਿਆਵਾਚਕ ਵੰਨਗੀ ਦੇ ਦੋ-ਦੋ ਵਾਕ ਲਿਖੋ।

* * *

## ਅਧਿਆਇ—ਸੱਤ

# ਅਰਥ-ਬੋਧ

ਅਰਥ-ਬੋਧ ਤੋਂ ਭਾਵ ਹੈ—ਅਰਥਾਂ ਦੇ ਪੱਖ ਤੋਂ ਸ਼ਬਦਾਂ ਦੀ ਵਿਆਖਿਆ। ਅਰਥਾਂ ਪੱਖੋਂ ਸ਼ਬਦਾਂ ਦਾ ਅਧਿਐਨ ਹੇਠ ਲਿਖੇ ਆਧਾਰ 'ਤੇ ਕੀਤਾ ਜਾਂਦਾ ਹੈ—

1. ਬਹੁਅਰਥਕ ਸ਼ਬਦ
2. ਸਮਾਨਾਰਥਕ ਸ਼ਬਦ
3. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ
4. ਵਿਰੋਧਾਰਥਕ ਸ਼ਬਦ

## ਬਹੁਅਰਥਕ ਸ਼ਬਦ

ਬਹੁਅਰਥਕ ਸ਼ਬਦ ਉਹ ਸ਼ਬਦ ਹੁੰਦਾ ਹੈ ਜਿਸ ਦੇ ਅਰਥ ਇੱਕ ਤੋਂ ਵੱਧ ਹੋਣ। ਆਮ ਤੌਰ 'ਤੇ ਬਹੁਅਰਥਕ ਸ਼ਬਦ ਉਹਨਾਂ ਸ਼ਬਦਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦੇ ਸ਼ਬਦ-ਜੋੜ ਅਤੇ ਉਚਾਰਨ ਤਾਂ ਇੱਕੋ-ਜਿਹੇ ਹੁੰਦੇ ਹਨ ਪਰ ਅਰਥਾਂ ਵਿੱਚ ਢੇਰ ਅੰਤਰ ਹੁੰਦਾ ਹੈ। ਕਈ ਵਾਰੀ ਇਹ ਇੱਕੋ-ਜਿਹੇ ਜਾਪਦੇ ਸ਼ਬਦ ਵੱਖ-ਵੱਖ ਸੋਮਿਆਂ ਤੋਂ ਆਏ ਹੁੰਦੇ ਹਨ ਜਾਂ ਵੱਖ-ਵੱਖ ਪ੍ਰਸੰਗਾਂ ਵਿੱਚ ਲਗਾਤਾਰ ਵਰਤੋਂ ਕਾਰਨ ਵੱਖ-ਵੱਖ ਅਰਥਾਂ ਵਾਲ਼ੇ ਹੋ ਜਾਂਦੇ ਹਨ।

ਅਜਿਹੇ ਬਹੁਅਰਥਕ ਸ਼ਬਦਾਂ ਦੀਆਂ ਕੁਝ ਉਦਾਹਰਨਾਂ ਹੇਠਾਂ ਦਿੱਤੀਆਂ ਜਾਂਦੀਆਂ ਹਨ। ਇਹਨਾਂ ਉਦਾਹਰਨਾਂ ਵਿੱਚ ਕੇਵਲ ਉਹ ਸ਼ਬਦ ਹੀ ਲਏ ਗਏ ਹਨ ਜਿਨ੍ਹਾਂ ਦੇ ਦੋ ਤੋਂ ਵੱਧ ਅਰਥ ਬਣਦੇ ਹਨ :

### ਉੱਚਾ :

1. ਇਸ ਗਲ਼ੀ ਵਿੱਚ ਸਾਡਾ ਘਰ ਸਭ ਤੋਂ **ਉੱਚਾ** ਹੈ।
2. ਗੁਰਦੇਵ ਸਿੰਘ ਨੂੰ **ਉੱਚਾ** ਸੁਣਦਾ ਹੈ।
3. ਤਵੇ 'ਤੇ ਰੋਟੀਆਂ ਰਾੜ੍ਹਨ ਲਈ **ਉੱਚਾ** ਵਰਤਿਆ ਜਾਂਦਾ ਹੈ।
4. ਕਦੇ ਕਿਸੇ ਨੂੰ **ਉੱਚਾ** ਬੋਲ ਨਹੀਂ ਬੋਲਣਾ ਚਾਹੀਦਾ।

### ਉੱਤਰ :

1. ਸਾਡੇ ਸਕੂਲ ਦਾ ਮੁੱਖ ਦਰਵਾਜ਼ਾ **ਉੱਤਰ** ਵੱਲ ਹੈ।
2. ਅੱਜ ਜਮਾਤ ਵਿੱਚ ਮੈਂ ਅਧਿਆਪਕ ਵੱਲੋਂ ਪੁੱਛੇ ਸਾਰੇ ਪ੍ਰਸ਼ਨਾਂ ਦੇ ਠੀਕ **ਉੱਤਰ** ਦਿੱਤੇ।
3. ਤਿਲਕ ਕੇ ਡਿਗਣ ਨਾਲ਼ ਉਸ ਦਾ ਗੁੱਟ **ਉੱਤਰ** ਗਿਆ।
4. ਦਵਾਈ ਖਾਣ ਨਾਲ਼ ਬੁਖ਼ਾਰ **ਉੱਤਰ** ਜਾਂਦਾ ਹੈ।
5. ਮੀਂਹ ਨਾ ਪੈਣ ਕਰਕੇ ਖੂਹ ਦਾ ਪਾਣੀ **ਉੱਤਰ** ਗਿਆ।
6. ਬੱਸ ਰੁਕੀ ਅਤੇ ਸਵਾਰੀ **ਉੱਤਰ** ਗਈ।

### ਉਲਟੀ :

1. ਬੱਸ ਦੇ ਸਫ਼ਰ ਦੌਰਾਨ ਕਈਆਂ ਨੂੰ **ਉਲਟੀ** ਆ ਜਾਂਦੀ ਹੈ।
2. ਸ਼ਾਮ ਲਾਲ ਹਮੇਸ਼ਾਂ **ਉਲਟੀ** ਗੱਲ ਕਰਦਾ ਹੈ।
3. ਦੁਰਘਟਨਾ ਵਾਲੇ ਸਥਾਨ 'ਤੇ ਕਾਰ **ਉਲਟੀ** ਪਈ ਸੀ।
4. ਇਹ ਸ੍ਵੈਟਰ **ਉਲਟੀ** ਵੀ ਪਹਿਨੀ ਜਾ ਸਕਦੀ ਹੈ ਅਤੇ ਸਿੱਧੀ ਵੀ।

ਅੱਗਾ :

1. ਲੋੜਵੰਦਾਂ ਦੀ ਸੇਵਾ ਕਰਨ ਵਾਲ਼ੇ ਆਪਣਾ **ਅੱਗਾ** ਸੁਆਰ ਲੈਂਦੇ ਹਨ।
2. ਇਸ ਕਮੀਜ਼ ਦਾ **ਅੱਗਾ** ਤਾਂ ਕੱਢਿਆ ਹੋਇਆ ਹੈ ਪਰ ਪਿੱਛਾ ਨਹੀਂ।
3. ਸਿਆਣੇ ਬੰਦੇ **ਅੱਗਾ**-ਪਿੱਛਾ ਵੇਖ ਕੇ ਗੱਲ ਕਰਦੇ ਹਨ।
4. ਇਕਲੌਤੇ ਪੁੱਤਰ ਦੀ ਮੌਤ ਨਾਲ਼ ਉਸ ਦਾ ਤਾਂ **ਅੱਗਾ** ਹੀ ਮਾਰਿਆ ਗਿਆ ਹੈ।

ਹਾਲ :

1. ਪਹੀਏ ਦਾ **ਹਾਲ** ਗਰਮ ਕਰ ਕੇ ਚੜ੍ਹਾਇਆ ਜਾਂਦਾ ਹੈ।
2. ਮਿਲ਼ਨ ਵੇਲ਼ੇ ਅਸੀਂ ਆਪਣੇ ਸਾਕ-ਸੰਬੰਧੀਆਂ ਦਾ **ਹਾਲ** ਪੁੱਛਦੇ ਹਾਂ।
3. **ਹਾਲ** ਦੀ ਘੜੀ ਮੈਂ ਵਿਹਲਾ ਨਹੀਂ।

ਕੱਚਾ :

1. ਇਹ ਪਰੌਂਠਾ ਤਾਂ **ਕੱਚਾ** ਹੈ।
2. ਇਸ ਕਾਪੀ ਵਿੱਚ ਮੈਂ **ਕੱਚਾ** ਕੰਮ ਕਰਦੀ ਹਾਂ।
3. ਮੇਰਾ ਜੀਅ **ਕੱਚਾ** ਹੋ ਰਿਹਾ ਹੈ ਕਿਤੇ ਉਲਟੀ ਹੀ ਨਾ ਆ ਜਾਵੇ।
4. ਬੰਟੀ ਭਾਵੇਂ ਬੱਚਾ ਹੈ ਪਰ ਅਕਲ ਦਾ **ਕੱਚਾ** ਨਹੀਂ।
5. ਜਦੋਂ ਸੋਹਣ ਦਾ ਝੂਠ ਫੜਿਆ ਗਿਆ ਤਾਂ ਉਹ ਬਹੁਤ **ਕੱਚਾ** ਹੋਇਆ।
6. ਇਸ ਚੁੰਨੀ ਦਾ ਰੰਗ **ਕੱਚਾ** ਸੀ ਜੋ ਪਹਿਲੇ ਧੋ ਹੀ ਉੱਤਰ ਗਿਆ।

ਕੋਟ :

1. ਚੰਗੀ ਅਗਵਾਈ ਦੇਣ ਵਾਲ਼ੇ ਅਧਿਆਪਕ ਦਾ ਵਿਦਿਆਰਥੀਆਂ ਨੇ **ਕੋਟ**-ਕੋਟ ਧੰਨਵਾਦ ਕੀਤਾ।
2. ਸਰਕਾਰੀ ਸਕੂਲ ਵਿੱਚ **ਕੋਟ** ਵਰਦੀ ਦਾ ਹਿੱਸਾ ਨਹੀਂ। ਸਾਰੇ ਵਿਦਿਆਰਥੀ ਕੋਟੀਆਂ ਹੀ ਪਹਿਨਦੇ ਹਨ।
3. ਕੰਧਾਂ ਉੱਤੇ ਰੰਗ ਦੇ ਦੋ-ਤਿੰਨ **ਕੋਟ** ਤਾਂ ਕਰਨੇ ਹੀ ਪੈਂਦੇ ਹਨ।
4. **ਕੋਟ** ਵਿੱਚੋਂ ਨਿਕਲ਼ ਕੇ ਫ਼ੌਜ ਨੇ ਵੈਰੀ 'ਤੇ ਹਮਲਾ ਕਰ ਦਿੱਤਾ।

ਸੰਗ :

1. ਚੰਗਾ ਕੰਮ ਕਰਨ ਵਿੱਚ **ਸੰਗ** ਕਾਹਦੀ ?
2. ਪਰਮਾਤਮਾ ਸਭ ਦੇ **ਅੰਗ-ਸੰਗ** ਹੈ।
3. **ਸੰਗ** ਤਾਰੇ, ਕੁਸੰਗ ਡੋਬੇ।
4. ਇਸ ਮਕਾਨ ਵਿੱਚ **ਸੰਗ**ਮਰਮਰ ਦੀ ਵਰਤੋਂ ਕੀਤੀ ਗਈ ਹੈ।

ਸਰ :

1. ਸਰਕਾਰੀ ਸਕੂਲ ਵਿੱਚ ਦਾਖ਼ਲਾ ਲੈਣ ਲਈ ਬਹੁਤ ਥੋੜ੍ਹੇ ਪੈਸਿਆਂ ਨਾਲ਼ ਹੀ **ਸਰ** ਜਾਂਦਾ ਹੈ।
2. ਤਾਸ਼ ਖੇਡਦੇ ਸਮੇਂ ਉਸ ਦੀ ਇੱਕ **ਸਰ** ਵੱਧ ਹੋਣ ਕਾਰਨ ਉਹ ਜਿੱਤ ਗਿਆ।
3. ਅਸੀਂ ਗੁਰਦਵਾਰੇ ਮੱਥਾ ਟੇਕਿਆ ਅਤੇ ਪਵਿੱਤਰ **ਸਰ** ਵਿੱਚ ਇਸ਼ਨਾਨ ਕੀਤਾ।
4. ਹਿੰਮਤ ਵਾਲ਼ੇ ਲੋਕ ਹੀ ਮੰਜ਼ਲਾਂ **ਸਰ** ਕਰਦੇ ਹਨ।

ਸੂਆ :

1. ਸਾਡੀ ਮੱਝ ਦਾ ਇਹ ਦੂਜਾ **ਸੂਆ** ਹੈ।
2. ਸਾਡੇ ਖੇਤ ਕੋਲ਼ੋਂ ਲੰਘਦਾ **ਸੂਆ** ਹੁਣ ਸੁੱਕਾ ਪਿਆ ਹੈ।
3. ਬੋਰੀਆਂ ਸਿਊਂਣ ਲਈ **ਸੂਆ** ਵਰਤਿਆ ਜਾਂਦਾ ਹੈ।

**ਸੂਤ :**

1. ਮੇਰੇ ਦਾਦੀ ਜੀ ਬਹੁਤ ਬਰੀਕ **ਸੂਤ** ਕੱਤਦੇ ਸਨ।
2. ਇਹ ਸਰੀਆ ਦੋ **ਸੂਤ** ਛੋਟਾ ਰਹਿ ਗਿਆ ਹੈ।
3. ਨਿੱਕੇ-ਨਿੱਕੇ ਝਗੜਿਆਂ ਸਮੇਂ ਤਲਵਾਰਾਂ **ਸੂਤ** ਲੈਣਾ ਕੋਈ ਚੰਗੀ ਗੱਲ ਨਹੀਂ।
4. ਜਦੋਂ ਤੱਕ ਮੇਰਾ ਕੰਮ **ਸੂਤ** ਨਹੀਂ ਹੁੰਦਾ ਉਦੋਂ ਤੱਕ ਮੈਨੂੰ ਚੈਨ ਨਹੀਂ ਮਿਲ਼ਨਾ।

**ਚੱਕ :**

1. ਘੁਮਿਆਰ **ਚੱਕ** ਉੱਤੇ ਮਿੱਟੀ ਦੇ ਸੁੰਦਰ ਭਾਂਡੇ ਬਣਾਉਂਦਾ ਹੈ।
2. ਕੱਲ੍ਹ ਸ਼ਾਲੂ ਨੂੰ ਕੁੱਤੇ ਨੇ **ਚੱਕ** ਵੱਢ ਲਿਆ ਸੀ ਤਦੇ ਤਾਂ ਉਹ ਅੱਜ ਸਕੂਲ ਨਹੀਂ ਆਈ।
3. ਚੰਗੀ ਜ਼ਮੀਨ ਵੇਖ ਕੇ ਸਾਡੇ ਵਡੇਰਿਆਂ ਨੇ ਇੱਥੇ 'ਚੱਕ' ਬੱਧਾ ਸੀ, ਇਸ ਪਿੰਡ ਦਾ ਨਾਂ ਫੱਤੂ **ਚੱਕ** ਹੈ।

**ਜੱਗ :**

1. ਜਦੋਂ ਮੀਂਹ ਨਹੀਂ ਪੈਂਦਾ ਤਾਂ ਸਾਡੇ ਪਿੰਡ ਵਾਲ਼ੇ ਮਿੱਠੇ ਚੌਲ਼ਾਂ ਦਾ **ਜੱਗ** ਕਰਦੇ ਹਨ।
2. ਸਿਆਣਿਆਂ ਨੇ ਕਿਹਾ ਹੈ —"ਇਹ **ਜੱਗ** ਮਿੱਠਾ, ਅਗਲਾ ਕਿਨ ਡਿੱਠਾ ?"
3. ਠੰਢੀ ਲੱਸੀ ਦਾ **ਜੱਗ** ਭਰਿਆ ਪਿਆ ਹੈ।

**ਤਰ :**

1. ਇਸ ਦਰਿਆ 'ਤੇ ਨਾ ਕੋਈ ਪੁਲ਼ ਹੈ ਤੇ ਨਾ ਹੀ ਇੱਥੇ ਕੋਈ ਬੇੜੀ ਹੈ, ਇਸ ਨੂੰ ਤਾਂ **ਤਰ** ਕੇ ਹੀ ਪਾਰ ਕੀਤਾ ਜਾ ਸਕਦਾ ਹੈ।
2. ਫ਼ਰਸ਼ ਨੂੰ **ਤਰ** ਕਰੋ ਤਾਂਕਿ ਸੀਮਿੰਟ ਪੱਕ ਜਾਵੇ।
3. ਰੋਟੀ ਨਾਲ਼ **ਤਰ** ਖਾਣੀ ਗੁਣਕਾਰੀ ਹੁੰਦੀ ਹੈ।

**ਦੌਰਾ :**

1. ਨੇਤਾ ਜੀ ਨੇ ਜਿੱਤਣ ਤੋਂ ਬਾਅਦ ਆਪਣੇ ਹਲਕੇ ਦਾ ਧੰਨਵਾਦੀ **ਦੌਰਾ** ਕੀਤਾ।
2. ਕਸਰਤ ਕਰਨ ਨਾਲ਼ ਖ਼ੂਨ ਦਾ **ਦੌਰਾ** ਤੇਜ਼ ਹੋ ਜਾਂਦਾ ਹੈ।
3. ਸਵਿੱਤਰੀ ਨੂੰ ਮਿਰਗੀ ਦਾ **ਦੌਰਾ** ਪੈਂਦਾ ਹੈ।
4. ਜਿਹੜੇ ਬਰਤਨ ਵਿੱਚ ਲਲਾਰੀ ਪੱਗਾਂ ਨੂੰ ਮਾਵਾ ਲਾਉਂਦਾ ਹੈ, ਉਸ ਨੂੰ **ਦੌਰਾ** ਕਹਿੰਦੇ ਹਨ।

**ਧਾਰ :**

1. ਮੈਨੂੰ ਮੱਝਾਂ ਦੀ **ਧਾਰ** ਕੱਢਣੀ ਬਹੁਤ ਚੰਗੀ ਲੱਗਦੀ ਹੈ।
2. ਮੈਂ ਪੱਕਾ ਇਰਾਦਾ **ਧਾਰ** ਲਿਆ ਹੈ ਕਿ ਮੈਂ ਆਈ. ਏ. ਐੱਸ. ਅਫ਼ਸਰ ਹੀ ਬਣਨਾ ਹੈ।
3. ਸੱਚ ਦੇ ਰਾਹ 'ਤੇ ਤੁਰਨਾ ਤਲਵਾਰ ਦੀ **ਧਾਰ** 'ਤੇ ਤੁਰਨ ਵਾਂਗ ਹੈ।

**ਫੁੱਟ :**

1. ਪਰਿਵਾਰ ਦੇ ਮੈਂਬਰਾਂ ਦੀ ਆਪਸੀ **ਫੁੱਟ** ਘਰ ਨੂੰ ਬਰਬਾਦ ਕਰ ਦਿੰਦੀ ਹੈ ।
2. ਆਪਣੀ ਮਾਂ ਨੂੰ ਯਾਦ ਕਰ ਕੇ ਉਹ **ਫੁੱਟ-ਫੁੱਟ** ਕੇ ਰੋਣ ਲੱਗ ਪਈ।
3. **ਫੁੱਟ**, ਕੱਕੜੀ, ਖ਼ਰਬੂਜ਼ਾ ਇੱਕ ਹੀ ਭਾਂਤ ਦੇ ਫਲ਼ ਹਨ।
4. ਕਪਾਹ ਦੇ **ਫੁੱਟ** ਅਤੇ ਦਹੀਂ ਦੇ ਫੁੱਟ ਦੋਵੇਂ ਚਿੱਟੇ ਹੁੰਦੇ ਹਨ।
5. ਅਮਨ ਤਾਂ ਜਵਾਨ ਹੋ ਰਿਹੈ, ਸੁੱਖ ਨਾਲ਼ ਮੁੱਛਾਂ **ਫੁੱਟ** ਰਹੀਆਂ ਨੇ।

**ਫੁੱਲ :**

1. ਸਾਡੇ ਸਕੂਲ ਦੇ ਬਗ਼ੀਚੇ ਵਿੱਚ ਬਹੁਤ ਸੋਹਣੇ **ਫੁੱਲ** ਲੱਗੇ ਹਨ।
2. ਇਸ਼ਨਾਨ ਕਰਨ ਨਾਲ਼ ਮਨ ਖ਼ੁਸ਼ ਅਤੇ ਸਰੀਰ ਹੌਲ਼ਾ **ਫੁੱਲ** ਹੋ ਜਾਂਦਾ ਹੈ ।

3. ਬੱਚੇ ਗੁਣਵਾਨ ਹੋਣ ਤਾਂ ਮਾਪੇ **ਫੁੱਲ-ਫੁੱਲ** ਬਹਿੰਦੇ ਹਨ।
4. ਸਾਡੇ ਦੇਸ ਵਿੱਚ ਮਿਰਤਕਾਂ ਦੇ **ਫੁੱਲ** ਪਵਿੱਤਰ ਦਰਿਆਵਾਂ ਵਿੱਚ ਜਲ-ਪ੍ਰਵਾਹ ਕੀਤੇ ਜਾਂਦੇ ਹਨ।
5. ਥੋੜ੍ਹਾ ਜਿਹਾ ਕੰਮ ਕਰਨ ਨਾਲ਼ ਹੀ ਕਮਜ਼ੋਰ ਬੰਦੇ ਦਾ ਸਾਹ **ਫੁੱਲ** ਜਾਂਦਾ ਹੈ।

ਬੋਲੀ :

1. ਸਕੂਲ ਵਿੱਚ ਕੱਲ੍ਹ ਜਦੋਂ ਪੁਰਾਣੇ ਸਮਾਨ ਦੀ **ਬੋਲੀ** ਕੀਤੀ ਗਈ ਤਾਂ ਮੈਂ ਵੀ ਖੇਡਾਂ ਦਾ ਕੁਝ ਸਮਾਨ ਖ਼ਰੀਦ ਲਿਆ।
2. ਪੰਜਾਬੀ ਸਾਡੀ ਮਾਂ-**ਬੋਲੀ** ਹੈ।
3. ਭੰਗੜੇ ਵਿੱਚ ਜਦ **ਬੋਲੀ** ਪਾਈ ਜਾਂਦੀ ਹੈ ਤਦ ਢੋਲੀ ਦੇ ਤਾਲ 'ਤੇ ਸਾਰੀ ਟੋਲੀ ਨੱਚਣ ਲੱਗ ਪੈਂਦੀ ਹੈ।
4. ਸਾਨੂੰ ਕਦੇ ਕਿਸੇ ਨੂੰ **ਬੋਲੀ** ਨਹੀਂ ਮਾਰਨੀ ਚਾਹੀਦੀ।

ਲੜ :

1. ਬੱਚੇ ਨਿੱਕੀ ਜਿਹੀ ਗੱਲ 'ਤੇ **ਲੜ** ਪੈਂਦੇ ਹਨ ਪਰ ਅਗਲੇ ਪਲ ਫਿਰ ਇਕੱਠੇ ਹੋ ਜਾਂਦੇ ਹਨ।
2. ਮੇਰੇ ਹੱਥ 'ਤੇ ਭਰਿੰਡ **ਲੜ** ਗਈ ਹੈ।
3. ਮੇਰੀ ਸਹੇਲੀ ਰੁਮਾਲ ਨਹੀਂ ਲੈ ਕੇ ਆਉਂਦੀ, ਸਕੂਲ ਵਿੱਚ ਵੀ ਚੁੰਨੀ ਦੇ **ਲੜ** ਨਾਲ਼ ਹੀ ਹੱਥ ਪੂੰਝਦੀ ਹੈ।
4. ਬਲਵੰਤ ਨੇ ਆਪਣੀ ਧੀ ਨੂੰ ਸ਼ਰਾਬੀ ਦੇ **ਲੜ** ਲਾ ਦਿੱਤਾ।

ਲਾਂਵਾਂ :

1. ਪਰੰਪਰਾ ਅਨੁਸਾਰ ਵਿਆਹ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਲ਼ੇ ਚਾਰ **ਲਾਂਵਾਂ** ਲਈਆਂ ਜਾਂਦੀਆਂ ਹਨ।
2. ਹੋੜੇ ਅਤੇ ਕਨੌੜੇ ਵਾਂਗ **ਲਾਂਵਾਂ** ਵੀ ਅੱਖਰ ਦੇ ਉੱਪਰ ਲੱਗਦੀਆਂ ਹਨ।
3. ਇਸ ਤੱਕੜੀ ਨਾਲ਼ ਤੋਲਿਆ ਨਹੀਂ ਜਾ ਸਕਦਾ ਕਿਉਂਕਿ ਇਸ ਦੀਆਂ **ਲਾਂਵਾਂ** ਟੁੱਟੀਆਂ ਹੋਈਆਂ ਹਨ।

ਵੱਟ :

1. ਲਾਲ ਸਿੰਘ ਤੇ ਕਮਿੱਕਰ ਸਿੰਘ ਦੇ ਖੇਤ ਦੀ **ਵੱਟ** ਸਾਂਝੀ ਹੈ।
2. ਮੇਰੇ ਪੇਟ ਵਿੱਚ **ਵੱਟ** ਉੱਠ ਰਹੇ ਹਨ, ਲੱਗਦਾ ਹੈ ਡਾਕਟਰ ਕੋਲ਼ ਜਾਣਾ ਹੀ ਪਵੇਗਾ।
3. **ਵੱਟ** ਬਹੁਤ ਹੈ, ਜਾਪਦਾ ਹੈ ਮੀਂਹ ਆਵੇਗਾ।
4. ਗਰਮੀ ਦੇ ਮੌਸਮ ਵਿੱਚ ਸੇਵੀਆਂ **ਵੱਟ** ਲਓ, ਸਰਦੀਆਂ ਵਿੱਚ ਮਜ਼ੇ ਨਾਲ਼ ਖਾਵਾਂਗੇ।
5. ਮੱਥੇ 'ਤੇ ਹਰ ਵੇਲ਼ੇ **ਵੱਟ** ਪਾਈ ਰੱਖਣ ਵਾਲ਼ਿਆਂ ਨੂੰ ਕੋਈ ਪਸੰਦ ਨਹੀਂ ਕਰਦਾ।

ਵਾਹ :

1. ਦੱਬ ਕੇ **ਵਾਹ** ਤੇ ਰੱਜ ਕੇ ਖਾਹ।
2. **ਵਾਹ** ! ਤੂੰ ਕਿੰਨਾ ਸੋਹਣਾ ਗੀਤ ਗਾਇਆ!
3. ਚੰਗੇ ਡਾਕਟਰ ਮਰੀਜ਼ ਨੂੰ ਠੀਕ ਕਰਨ ਲਈ ਪੂਰੀ **ਵਾਹ** ਲਾਉਂਦੇ ਹਨ।

ਵਾਰ :

1. ਲੋੜ ਪੈਣ 'ਤੇ ਦੇਸ ਲਈ ਆਪਣੀ ਜਾਨ **ਵਾਰ** ਦੇਣੀ ਚਾਹੀਦੀ ਹੈ।
2. ਸਾਡੇ ਸਕੂਲ ਦੀ ਟੀਮ ਨੇ **ਵਾਰ**-ਗਾਇਨ ਮੁਕਾਬਲੇ ਵਿੱਚ ਪਹਿਲਾ ਇਨਾਮ ਪ੍ਰਾਪਤ ਕੀਤਾ ਹੈ।
3. ਮੈਂ ਕਈ **ਵਾਰ** ਚੰਡੀਗੜ੍ਹ ਗਿਆ ਹਾਂ।
4. 15 ਅਗਸਤ ਨੂੰ ਭਲਾ ਕੀ **ਵਾਰ** ਹੋਵੇਗਾ ?
5. ਮੈਂ ਹਾਰਾ ਬਣਾਉਣਾ ਸ਼ੁਰੂ ਕੀਤਾ ਹੈ, ਰੋਜ਼ ਇੱਕ **ਵਾਰ** ਦੇ ਦਿੰਦੀ ਹਾਂ।

ਵੇਲ :

1. ਅੰਗੂਰਾਂ ਦੀ **ਵੇਲ** ਅੰਗੂਰਾਂ ਨਾਲ਼ ਭਰੀ ਪਈ ਹੈ।
2. ਤੂੰ ਰੋਟੀ **ਵੇਲ**, ਮੈਂ ਤਵੀ 'ਤੇ ਪਾਉਂਦੀ ਹਾਂ।
3. ਨਕਲੀਏ **ਵੇਲ** ਕਰਨ ਵਾਲ਼ੇ ਦੀ ਖ਼ੂਬ ਪ੍ਰਸੰਸਾ ਕਰਦੇ ਹਨ।

## ਸਮਾਨਾਰਥਕ ਸ਼ਬਦ

ਅਸੀਂ ਪਹਿਲਾਂ ਪੜ੍ਹ ਚੁੱਕੇ ਹਾਂ ਕਿ ਇੱਕ ਹੀ ਸ਼ਬਦ ਦੇ ਵੱਖ-ਵੱਖ ਪ੍ਰਸੰਗਾਂ ਵਿੱਚ ਵੱਖ-ਵੱਖ ਅਰਥ ਹੁੰਦੇ ਹਨ। ਇਸੇ ਤਰ੍ਹਾਂ ਇੱਕ ਹੀ ਅਰਥ ਨੂੰ ਪ੍ਰਗਟਾਉਣ ਲਈ ਕਈ-ਕਈ ਸ਼ਬਦ ਹੁੰਦੇ ਹਨ। ਕੁਝ ਵੱਖ-ਵੱਖ ਸ਼ਬਦ ਬਿਲਕੁਲ ਇੱਕ ਹੀ ਅਰਥ ਰੱਖਦੇ ਹਨ ਪਰ ਬਹੁਤੀ ਵਾਰੀ ਸਮਾਨਾਰਥਕ ਸਮਝੇ ਜਾਂਦੇ ਸ਼ਬਦ ਕੇਵਲ ਨੇੜੇ-ਤੇੜੇ ਦੇ ਅਰਥਾਂ ਨੂੰ ਹੀ ਪ੍ਰਗਟਾਉਂਦੇ ਹਨ। ਪਹਿਲੀ ਤਰ੍ਹਾਂ ਦੇ ਸਮਾਨਾਰਥਕ ਸ਼ਬਦਾਂ ਦੀਆਂ ਕੁਝ ਉਦਾਹਰਨਾਂ ਇਸ ਪ੍ਰਕਾਰ ਹਨ—

| | | |
|---|---|---|
| ਜਤਨ | — | ਕੋਸ਼ਸ਼ |
| ਡਰ | — | ਭੈ |
| ਜਲ | — | ਪਾਣੀ |
| ਉੱਘਾ | — | ਮਸ਼ਹੂਰ |
| ਉੱਤਰ | — | ਜਵਾਬ |

ਇਸ ਪ੍ਰਕਾਰ ਦੇ ਇੱਕੋ ਅਰਥ ਨੂੰ ਪ੍ਰਗਟਾਉਂਦੇ ਸ਼ਬਦ ਵੱਖ-ਵੱਖ ਸੋਮਿਆਂ ਤੋਂ ਆਏ ਹੁੰਦੇ ਹਨ। ਦੂਜੀ ਤਰ੍ਹਾਂ ਦੇ ਸ਼ਬਦ ਉਹ ਹਨ ਜਿਹੜੇ ਬਿਲਕੁਲ ਸਮਾਨਾਰਥਕ ਨਹੀਂ ਹੁੰਦੇ ਸਗੋਂ ਕੇਵਲ ਨੇੜੇ-ਤੇੜੇ ਦੇ ਅਰਥ ਰੱਖਦੇ ਹਨ, ਜਿਵੇਂ :

| | |
|---|---|
| ਉਚਾਟ | ਉਦਾਸ |
| ਸਾਦਾ | ਸਰਲ |

ਵਿਦਿਆਰਥੀ ਲਈ ਸਮਾਨਾਰਥਕ ਸ਼ਬਦਾਂ ਦੀ ਜਾਣਕਾਰੀ ਹੋਣੀ ਬੜੀ ਜ਼ਰੂਰੀ ਹੈ। ਇਸ ਨਾਲ਼ ਉਸ ਦੇ ਸ਼ਬਦ-ਭੰਡਾਰ ਵਿੱਚ ਵਾਧਾ ਹੁੰਦਾ ਹੈ। ਉਹ ਪ੍ਰਸੰਗ ਅਨੁਸਾਰ ਆਪਣੇ ਭਾਵਾਂ ਨੂੰ ਪ੍ਰਗਟ ਕਰਨ ਲਈ ਨੇੜੇ ਦੇ ਅਰਥ ਰੱਖਦੇ ਵੱਖ-ਵੱਖ ਸ਼ਬਦਾਂ ਨੂੰ ਵਰਤ ਸਕਦਾ ਹੈ। ਦੂਜੇ ਇੱਕ ਹੀ ਅਰਥ ਲਈ ਵੱਖ-ਵੱਖ ਥਾਂਵਾਂ ਉੱਤੇ ਵੱਖ-ਵੱਖ ਸ਼ਬਦ ਵਰਤਣ ਨਾਲ਼ ਪੜ੍ਹਨ ਵੇਲ਼ੇ ਅਕੇਵਾਂ ਨਹੀਂ ਹੁੰਦਾ। ਹੇਠਾਂ ਪੰਜਾਬੀ ਦੇ ਕੁਝ ਚੋਣਵੇਂ ਸਮਾਨਾਰਥਕ ਸ਼ਬਦ ਦਿੱਤੇ ਜਾਂਦੇ ਹਨ :

| | |
|---|---|
| ਉਸਤਤ | ਉਪਮਾ, ਸ਼ਲਾਘਾ, ਪ੍ਰਸੰਸਾ, ਵਡਿਆਈ |
| ਉਚਿਤ | ਠੀਕ, ਯੋਗ, ਢੁਕਵਾਂ |
| ਉਜੱਡ | ਅੱਖੜ, ਗਵਾਰ, ਮੂਰਖ |
| ਉੱਜਲ | ਸਾਫ਼, ਨਿਰਮਲ |
| ਉਜਾਲਾ | ਚਾਨਣ, ਪ੍ਰਕਾਸ਼, ਲੋਅ, ਰੋਸ਼ਨੀ |
| ਉੱਤਮ | ਚੰਗਾ, ਸ੍ਰੇਸ਼ਟ, ਵਧੀਆ |
| ਉੱਦਮ | ਉਪਰਾਲਾ, ਜਤਨ, ਕੋਸ਼ਸ਼ |
| ਉਦਾਸ | ਚਿੰਤਾਤਰ, ਫ਼ਿਕਰਮੰਦ, ਪਰੇਸ਼ਾਨ, ਨਿਰਾਸ, ਉਪਰਾਮ |
| ਉੱਨਤੀ | ਤਰੱਕੀ, ਵਿਕਾਸ, ਖ਼ੁਸ਼ਹਾਲੀ, ਪ੍ਰਗਤੀ |
| ਉਪਕਾਰ | ਭਲਾਈ, ਨੇਕੀ, ਅਹਿਸਾਨ, ਮਿਹਰਬਾਨੀ |
| ਉਪਯੋਗ | ਵਰਤੋਂ, ਲਾਭ |
| ਉਮੰਗ | ਤਾਂਘ, ਇੱਛਾ, ਉਤਸ਼ਾਹ, ਚਾਅ |
| ਉਲਟਾ | ਮੂਧਾ, ਪੁੱਠਾ, ਵਿਰੁੱਧ |

| | |
|---|---|
| ਊਣਾ | ਹੋਛਾ, ਅਧੂਰਾ, ਅਪੂਰਨ |
| ਓਪਰਾ | ਬੇਗਾਨਾ, ਪਰਾਇਆ, ਬਾਹਰਲਾ, ਗ਼ੈਰ |
| ਓੜਕ | ਅਖੀਰ, ਅੰਤ, ਛੇਕੜ |
| ਅਕਲ | ਮੱਤ, ਸਮਝ, ਸਿਆਣਪ |
| ਅਕਾਸ਼ | ਅਸਮਾਨ, ਗਗਨ, ਅੰਬਰ, ਅਰਸ਼ |
| ਅੰਞਾਣਾ | ਨਿਆਣਾ, ਅਨਜਾਣ, ਬੇਸਮਝ |
| ਅੱਡਰਾ | ਵੱਖ, ਅਲੱਗ, ਜੁਦਾ, ਭਿੰਨ |
| ਅੰਤਰ | ਭੇਦ, ਫ਼ਰਕ, ਵਿੱਥ |
| ਅਨਾਥ | ਯਤੀਮ, ਬੇਸਹਾਰਾ |
| ਅਮਨ | ਸ਼ਾਂਤੀ, ਚੈਨ, ਟਿਕਾਅ |
| ਅਮੀਰ | ਧਨਵਾਨ, ਧਨਾਢ, ਦੌਲਤਮੰਦ |
| ਅਰਥ | ਭਾਵ, ਮਤਲਬ, ਮੰਤਵ, ਮਾਅਨਾ |
| ਅਰੰਭ | ਆਦਿ, ਸ਼ੁਰੂ, ਮੁੱਢ, ਮੂਲ |
| ਅਲੌਕਿਕ | ਅਲੋਕਾਰ, ਅਨੋਖਾ, ਅਨੂਠਾ, ਅਦਭੁਤ, ਬੇਮਿਸਾਲ |
| ਅਜ਼ਾਦੀ | ਸੁਤੰਤਰਤਾ, ਸ੍ਵਾਧੀਨਤਾ, ਮੁਕਤੀ, ਰਿਹਾਈ |
| ਆਥਣ | ਸ਼ਾਮ, ਸੰਝ, ਤਕਾਲ਼ਾਂ |
| ਆਦਰ | ਮਾਣ, ਇੱਜ਼ਤ, ਵਡਿਆਈ, ਸਤਿਕਾਰ, ਆਉ-ਭਗਤ |
| ਔਖ | ਬਿਪਤਾ, ਕਠਨਾਈ, ਦੁੱਖ, ਸਮੱਸਿਆ, ਰੁਕਾਵਟ, ਅੜਚਨ, ਮੁਸ਼ਕਲ |
| ਇਸਤਰੀ | ਤੀਵੀਂ, ਔਰਤ, ਨਾਰੀ, ਜ਼ਨਾਨੀ, ਮਹਿਲਾ, ਤ੍ਰੀਮਤ |
| ਇਕਰਾਰ | ਕੌਲ, ਵਚਨ, ਵਾਇਦਾ, ਪ੍ਰਣ, ਪ੍ਰਤਿੱਗਿਆ |
| ਇਨਸਾਨ | ਆਦਮੀ, ਬੰਦਾ, ਮਨੁੱਖ, ਪੁਰਖ, ਮਰਦ, ਮਾਨਵ |
| ਸਸਤਾ | ਸਵੱਲਾ, ਹੌਲ਼ਾ, ਹਲਕਾ, ਮਾਮੂਲੀ, ਆਮ |
| ਸੰਕੋਚ | ਸੰਗ, ਸ਼ਰਮ, ਝਿਜਕ, ਲੱਜਿਆ |
| ਸੰਜੋਗ | ਮੇਲ਼, ਸੰਗਮ, ਢੋਅ, ਸਮਾਗਮ |
| ਸੰਤੋਖ | ਸਬਰ, ਰੱਜ, ਤ੍ਰਿਪਤੀ |
| ਸੱਭਿਅਤਾ | ਤਹਿਜ਼ੀਬ, ਸ਼ਿਸ਼ਟਾਚਾਰ |
| ਸ੍ਵਾਰਥ | ਗੌਂ, ਮਤਲਬ, ਗਰਜ਼ |
| ਸੂਖਮ | ਬਰੀਕ, ਨਾਜ਼ਕ, ਕੋਮਲ, ਪਤਲਾ |
| ਸੋਹਣਾ | ਸੁੰਦਰ, ਖ਼ੂਬਸੂਰਤ, ਮਨੋਹਰ, ਆਕਰਸ਼ਕ, ਵਧੀਆ, ਪਿਆਰਾ |
| ਹੁਸ਼ਿਆਰ | ਸਾਵਧਾਨ, ਚੁਕੰਨਾ, ਸਜਗ, ਚਤਰ, ਚਲਾਕ, ਸੁਜਾਨ |
| ਖ਼ਰਾਬ | ਗੰਦਾ, ਮੰਦਾ, ਭੈੜਾ, ਬੁਰਾ |
| ਖ਼ੁਸ਼ਬੋ | ਮਹਿਕ, ਸੁਗੰਧ |
| ਖ਼ੁਸ਼ੀ | ਪ੍ਰਸੰਨਤਾ, ਅਨੰਦ, ਸਰੂਰ |
| ਗ਼ਰੀਬੀ | ਕੰਗਾਲੀ, ਥੁੜ, ਨਿਰਧਨਤਾ, ਸਾਧਨਹੀਣਤਾ |

| | |
|---|---|
| ਗ਼ੁੱਸਾ | ਕ੍ਰੋਧ, ਨਰਾਜ਼ਗੀ, ਕਹਿਰ |
| ਜਾਨ | ਜ਼ਿੰਦਗੀ, ਜੀਵਨ, ਪ੍ਰਾਣ, ਜਿੰਦ |
| ਜਿਸਮ | ਸਰੀਰ, ਤਨ, ਦੇਹ, ਬਦਨ, ਜੁੱਸਾ, ਕਾਇਆਂ, ਵਜੂਦ |
| ਠਰ੍ਹੰਮਾ | ਧੀਰਜ, ਸ਼ਾਂਤੀ, ਸਬਰ, ਟਿਕਾਅ |
| ਤਾਕਤ | ਸ਼ਕਤੀ, ਜ਼ੋਰ, ਬਲ, ਸਮਰੱਥਾ |
| ਦੋਸਤੀ | ਯਾਰੀ, ਮਿੱਤਰਤਾ, ਸੱਜਣਤਾ |
| ਧਰਤੀ | ਜ਼ਮੀਨ, ਭੌਂ, ਭੂਮੀ, ਪ੍ਰਿਥਵੀ |
| ਨਿਰਮਲ | ਸਾਫ਼, ਸ਼ੁੱਧ, ਸੁਥਰਾ |
| ਪਤਲਾ | ਮਾੜਾ, ਕਮਜ਼ੋਰ, ਦੁਰਬਲ, ਕੋਮਲ, ਬਰੀਕ |
| ਬਹਾਦਰ | ਵੀਰ, ਸੂਰਮਾ, ਦਲੇਰ, ਬਲਵਾਨ, ਵਰਿਆਮ |
| ਮਦਦ | ਸਹਾਇਤਾ, ਹਮਾਇਤ, ਸਮਰਥਨ |
| ਵਰਖਾ | ਮੀਂਹ, ਬਾਰਸ਼, ਬਰਸਾਤ |
| ਵੈਰੀ | ਵਿਰੋਧੀ, ਦੁਸ਼ਮਣ, ਸ਼ਤਰੂ |

## ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ

ਹਰ ਮਨੁੱਖ ਚਾਹੁੰਦਾ ਹੈ ਕਿ ਉਹ ਬੋਲਣ ਜਾਂ ਲਿਖਣ ਵੇਲ਼ੇ ਆਪਣੀ ਗੱਲ ਥੋੜ੍ਹੇ ਤੋਂ ਥੋੜ੍ਹੇ ਸ਼ਬਦਾਂ ਵਿੱਚ ਸਪਸ਼ਟ ਤੌਰ 'ਤੇ ਕਹਿ ਸਕੇ। ਇਸ ਲਈ ਉਸ ਦਾ ਹਮੇਸ਼ਾਂ ਇਹ ਜਤਨ ਰਿਹਾ ਹੈ ਕਿ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਦੀ ਵਰਤੋਂ ਕੀਤੀ ਜਾਵੇ। ਅਗੇਤਰ ਅਤੇ ਪਿਛੇਤਰ ਲਾ ਕੇ ਨਵੇਂ ਸ਼ਬਦਾਂ ਦੀ ਉਤਪਤੀ, ਸਮਾਸ-ਵਿਧੀ ਰਾਹੀਂ ਵਾਕਾਂਸ਼ਾਂ ਦੀ ਥਾਂ ਇੱਕ ਸ਼ਬਦ, ਮੁਹਾਵਰੇ ਤੇ ਅਖਾਉਤਾਂ ਦੀ ਸਿਰਜਣਾ ਇਸੇ ਜਤਨ ਦਾ ਸਿੱਟਾ ਹਨ। ਇਹ ਗੱਲ ਬਿਲਕੁਲ ਉਸੇ ਤਰ੍ਹਾਂ ਹੈ, ਜਿਵੇਂ ਅਸੀਂ ਪੂਰੇ ਦਸ, ਪੰਝੀ ਜਾਂ ਪੰਜਾਹ ਪੈਸੇ ਗਿਣ ਕੇ ਦੇਣ ਦੀ ਥਾਂ ਇਹਨਾਂ ਇਕਾਈਆਂ ਦੇ ਸਿੱਕੇ ਦੇ ਦਿੰਦੇ ਹਾਂ। ਇਸ ਤਰ੍ਹਾਂ ਭਾਸ਼ਾ ਦੀ ਵਰਤੋਂ ਵਿੱਚ ਸੰਖੇਪਤਾ ਵੀ ਆਉਂਦੀ ਹੈ ਅਤੇ ਪ੍ਰਭਾਵ ਵੀ ਵਧਦਾ ਹੈ। ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਦੀ ਵਰਤੋਂ ਵੀ ਇਸੇ ਤਰ੍ਹਾਂ ਦਾ ਇੱਕ ਜਤਨ ਹੈ। ਉਦਾਹਰਨ ਲਈ ਦੋ ਵਾਕ ਹਨ—

1. ਸੰਦੀਪ ਦਾ ਪਤੀ ਜਿਊਂਦਾ ਹੈ, ਉਹ ਭਾਗਾਂ ਵਾਲ਼ੀ ਹੈ।
2. ਸੰਦੀਪ ਸੁਹਾਗਣ-ਭਾਗਣ ਹੈ।

ਇਹਨਾਂ ਵਿੱਚੋਂ ਕਿਹੜਾ ਵਾਕ ਸੰਖੇਪ ਅਤੇ ਪ੍ਰਭਾਵਸ਼ਾਲੀ ਹੈ? ਨਿਸ਼ਚੇ ਹੀ ਦੂਜਾ। ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਦੀਆਂ ਬਹੁਤ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ। ਇੱਥੇ ਇਹਨਾਂ ਵਿੱਚੋਂ ਕੁਝ ਚੋਣਵੀਆਂ ਉਦਾਹਰਨਾਂ ਦਿੱਤੀਆਂ ਜਾਂਦੀਆਂ ਹਨ—

| | |
|---|---|
| ਕੀਤੇ ਨੂੰ ਜਾਣਨ ਵਾਲ਼ਾ | —ਕ੍ਰਿਤੱਗ |
| ਕੀਤੇ ਨੂੰ ਨਾ ਜਾਣਨ ਵਾਲ਼ਾ | — ਅਕ੍ਰਿਤਘਣ |
| ਜਿਹੜਾ ਪਾਠ ਮੁੱਢ ਤੋਂ ਅਖੀਰ ਤੱਕ ਲਗਾਤਾਰ ਹੁੰਦਾ ਰਹੇ | —ਅਖੰਡ-ਪਾਠ |
| ਜੋ ਕਦੇ ਨਾ ਥੱਕੇ | —ਅਣਥੱਕ |
| ਜਿਹੜੀ ਗੱਲ ਬਹੁਤ ਵਧਾ-ਚੜ੍ਹਾ ਕੇ ਆਖੀ ਜਾਵੇ | —ਅੱਤਕਥਨੀ |
| ਉਹ ਗੀਤ ਜਿਸ ਨੂੰ ਦੋ ਤੋਂ ਵੱਧ ਵਿਅਕਤੀ ਰਲ਼ ਕੇ ਗਾਉਣ | — ਸਹਿਗਾਣ |
| ਸਾਰਿਆਂ ਦੀ ਸਾਂਝੀ, ਮਿਲ਼ਵੀਂ ਰਾਏ | — ਸਰਬ-ਸੰਮਤੀ |
| ਆਪਣੇ ਜੀਵਨ ਦਾ ਹਾਲ | — ਸ੍ਵੈਜੀਵਨੀ |
| ਇੱਕ ਦੇਸ਼ ਦੀ ਹਕੂਮਤ ਵੱਲੋਂ ਹੋਰ ਦੇਸਾਂ ਉੱਪਰ ਹਕੂਮਤ ਕਰਨ ਦਾ ਸਿਧਾਂਤ | — ਸਾਮਰਾਜਵਾਦ |

| | |
|---|---|
| ਕਿਸੇ ਉੱਚੇ ਆਦਰਸ਼ ਲਈ ਆਪਣੀ ਜਾਨ ਦੀ ਕੁਰਬਾਨੀ ਦੇਣ ਵਾਲ਼ਾ | — ਸ਼ਹੀਦ |
| ਕਿਸੇ ਪ੍ਰਤਿ ਪ੍ਰਗਟ ਕੀਤੀ ਸ਼ਰਧਾ | —ਸ਼ਰਧਾਂਜਲੀ |
| ਕਿਸੇ ਲੇਖਕ ਜਾਂ ਕਲਾਕਾਰ ਦੀ ਸਭ ਤੋਂ ਉੱਤਮ ਰਚਨਾ | — ਸ਼ਾਹਕਾਰ |
| ਸਭ ਦੇ ਮਨਾਂ ਨੂੰ ਪਿਆਰਾ ਲੱਗਣ ਵਾਲ਼ਾ | —ਹਰਮਨ-ਪਿਆਰਾ |
| ਜੋ ਵਿਅਕਤੀ ਆਪਣੀਆਂ ਲੋੜਾਂ ਦੀ ਪੂਰਤੀ ਆਪ ਕਰੇ, ਦੂਜਿਆਂ ਉੱਤੇ ਬੋਝ ਨਾ ਬਣੇ | — ਆਤਮ-ਨਿਰਭਰ |
| ਬਹੁਤੀਆਂ ਕੌਮਾਂ ਨਾਲ਼ ਸੰਬੰਧ ਰੱਖਣ ਵਾਲ਼ਾ | —ਕੌਮਾਂਤਰੀ |
| ਕਿਸੇ ਸੁਆਰਥ ਅਧੀਨ ਦੂਜਿਆਂ ਦੀ ਝੂਠੀ ਪ੍ਰਸੰਸਾ ਕਰਨ ਵਾਲ਼ਾ | — ਖ਼ੁਸ਼ਾਮਦੀ |
| ਉਹ ਰਾਜ ਜੋ ਜਨਤਾ ਦੇ ਚੁਣੇ ਹੋਣੇ ਪ੍ਰਤਿਨਿਧਾਂ ਦੁਆਰਾ ਚਲਾਇਆ ਜਾਵੇ | — ਗਣਤੰਤਰ |
| ਜੋ ਧੋਖਾ ਦੇਵੇ ਅਤੇ ਔਖੇ ਵੇਲ਼ੇ ਸਾਥ ਛੱਡ ਦੇਵੇ | — ਗ਼ੱਦਾਰ |
| ਉਹ ਲੜਾਈ ਜਿਸ ਵਿੱਚ ਬਹੁਤ ਸਾਰੇ ਵਿਅਕਤੀ ਮਾਰੇ ਜਾਣ | — ਘੱਲੂਘਾਰਾ |
| ਚਹੁੰ ਪੈਰਾਂ ਵਾਲ਼ਾ ਪਸ਼ੂ | —ਚੁਪਾਇਆ |
| ਚਹੁੰ ਮੂੰਹਾਂ ਵਾਲ਼ਾ | — ਚਮੁਖੀਆ |
| ਜਿਹੜਾ ਕਦੇ ਇੱਕ ਧੜੇ ਨਾਲ਼ ਹੋਵੇ, ਕਦੇ ਦੂਜੇ ਧੜੇ ਨਾਲ਼ | —ਚੁਫੇਰਗੜ੍ਹੀਆ |
| ਵਸਤਾਂ ਭਾਰੀ ਮੁਨਾਫ਼ੇ ਹਿਤ ਅਤੇ ਨਿਯਤ ਭਾਅ ਤੋਂ ਵਧੇਰੇ, ਚੋਰੀ-ਛੱਪੇ ਵੇਚਣਾ ਤੇ ਖ਼ਰੀਦਣਾ | —ਚੋਰ-ਬਜ਼ਾਰੀ |
| ਜਿਸ ਥਾਂ ਪੈਸੇ, ਰੁਪਏ ਆਦਿ ਦੇ ਸਿੱਕੇ ਬਣਾਏ ਜਾਂਦੇ ਹਨ | —ਟਕਸਾਲ |
| ਜਿਹੜਾ ਕਿਸੇ ਵੀ ਧਿਰ ਨਾਲ਼ ਪੱਖ-ਪਾਤ ਨਾ ਕਰੇ | —ਨਿਰਪੱਖ |
| ਦੂਜਿਆਂ ਦਾ ਉਪਕਾਰ ਕਰਨ ਵਾਲ਼ਾ | —ਪਰਉਪਕਾਰੀ |
| ਕੁਝ ਵਿਅਕਤੀਆਂ ਵੱਲੋਂ ਰਾਏ ਦੇਣ ਲਈ ਚੁਣਿਆ ਵਿਅਕਤੀ | — ਪ੍ਰਤਿਨਿਧ |
| ਘਰ ਵਿੱਚ ਪਹਿਲਾ ਹੋਇਆ ਪੁੱਤਰ/ਧੀ | —ਪਲ਼ੇਠਾ/ਪਲ਼ੇਠੀ, ਜੇਠਾ, ਜੇਠੀ |
| ਮੌਤ ਪਿੱਛੋਂ ਆਇਆ ਸਲਾਨਾ ਮੌਤ ਦਾ ਦਿਨ | —ਬਰਸੀ |
| ਵੰਡੀ ਜਾਣ ਵਾਲ਼ੀ ਜਾਇਦਾਦ ਦਾ ਵੇਰਵਾ ਕਿ ਕਿੰਨੀ ਕਿਸ ਨੂੰ ਮਿਲ਼ੇ | —ਵਸੀਅਤ |
| ਦੂਜੇ ਦੇ ਕੀਤੇ ਵਿਸ਼ਵਾਸ ਉੱਤੇ ਪੂਰਾ ਉੱਤਰਨ ਦੀ ਥਾਂ ਉਲਟਾ ਨੁਕਸਾਨ ਪਹੁੰਚਾਉਣ ਵਾਲ਼ਾ | —ਵਿਸ਼ਵਾਸ-ਘਾਤੀ |
| ਜੋ ਆਮ ਜਿਹਾ ਨਾ ਹੋਵੇ, ਖ਼ਾਸ ਹੋਵੇ | —ਵਿਲੱਖਣ |

## ਵਿਰੋਧਾਰਥਕ ਸ਼ਬਦ

ਵਿਰੋਧਾਰਥਕ ਸ਼ਬਦਾਂ ਦਾ ਗਿਆਨ ਦੇਣ ਦਾ ਮੰਤਵ ਵਿਦਿਆਰਥੀ ਦੇ ਸ਼ਬਦ-ਭੰਡਾਰ ਵਿੱਚ ਵਾਧਾ ਕਰਨਾ ਹੈ। ਆਮ ਵਰਤੋਂ ਵਿੱਚ ਇੱਕ ਸ਼ਬਦ ਦੇ ਵਿਰੋਧੀ ਅਰਥ ਵਾਲ਼ੇ ਸ਼ਬਦ ਵਰਤਣ ਦੀ ਲੋੜ ਪੈਂਦੀ ਹੈ, ਜਿਵੇਂ :

1. ਉੱਚੀ ਨਾ ਬੋਲ, ਹੌਲ਼ੀ ਬੋਲ, ਬਾਕੀ ਜਮਾਤਾਂ ਦੇ ਵਿਦਿਆਰਥੀ ਦੂਰ ਨਹੀਂ, ਨੇੜੇ ਹੀ ਬੈਠੇ ਹਨ।
2. ਨਿੱਕਾ ਹੁੰਦਾ ਨਰਿੰਦਰ ਪਤਲਾ ਹੁੰਦਾ ਸੀ, ਹੁਣ ਵੱਡਾ ਹੋ ਕੇ ਮੋਟਾ ਹੋ ਗਿਆ ਹੈ।
3. ਦੁੱਖ ਅਤੇ ਸੁੱਖ ਜੀਵਨ ਵਿੱਚ ਆਉਂਦੇ-ਜਾਂਦੇ ਹਨ ਪਰ ਬੰਦੇ ਨੂੰ ਇਮਾਨਦਾਰ ਰਹਿਣਾ ਚਾਹੀਦਾ ਹੈ, ਬੇਈਮਾਨ ਨਹੀਂ।

ਇਹਨਾਂ ਵਾਕਾਂ ਵਿੱਚ ਹੇਠ ਲਿਖੇ ਵਿਰੋਧਾਰਥਕ ਸ਼ਬਦਾਂ ਦੇ ਜੋੜੇ ਆਏ ਹਨ :

| | |
|---|---|
| ਉੱਚੀ | ਹੌਲ਼ੀ |
| ਨੇੜੇ | ਦੂਰ |

| | |
|---|---|
| ਨਿੱਕਾ | ਵੱਡਾ |
| ਪਤਲਾ | ਮੋਟਾ |
| ਦੁੱਖ | ਸੁੱਖ |
| ਇਮਾਨਦਾਰ | ਬੇਈਮਾਨ |
| ਆਉਂਦੇ | ਜਾਂਦੇ |

ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਕਿਸੇ ਸ਼ਬਦ ਦਾ ਕੋਈ ਵਿਰੋਧਾਰਥਕ ਸ਼ਬਦ ਕਿਸੇ ਖ਼ਾਸ ਪ੍ਰਸੰਗ ਵਿੱਚ ਹੀ ਹੁੰਦਾ ਹੈ। ਕਿਸੇ ਹੋਰ ਪ੍ਰਸੰਗ ਵਿੱਚ ਉਸ ਸ਼ਬਦ ਦਾ ਕੋਈ ਹੋਰ ਵਿਰੋਧਾਰਥਕ ਸ਼ਬਦ ਹੋ ਸਕਦਾ ਹੈ। ਉਦਾਹਰਨ ਲਈ ਉੱਪਰਲੇ ਵਾਕਾਂ ਵਿੱਚ ਆਏ ਵਿਰੋਧਾਰਥਕ ਸ਼ਬਦਾਂ ਵਿੱਚੋਂ 'ਉੱਚੀ' ਅਤੇ 'ਪਤਲਾ' ਸ਼ਬਦ ਲੈਂਦੇ ਹਾਂ।

ਇੱਥੇ 'ਉੱਚੀ' ਸ਼ਬਦ ਦਾ ਵਿਰੋਧਾਰਥਕ ਸ਼ਬਦ 'ਹੌਲ਼ੀ' ਹੈ ਪਰ ਹੋਰ ਪ੍ਰਸੰਗ ਵਿੱਚ ਇਸ ਦਾ ਵਿਰੋਧਾਰਥਕ ਸ਼ਬਦ 'ਨੀਵੀਂ' ਹੋ ਸਕਦਾ ਹੈ, ਜਿਵੇਂ :

"ਦਵਾਈਆਂ ਕਿਸੇ ਉੱਚੀ ਥਾਂ 'ਤੇ ਰੱਖੋ, ਨੀਵੀਂ ਥਾਂ ਰੱਖੀਆਂ ਦਵਾਈਆਂ ਬੱਚਿਆਂ ਦੇ ਹੱਥ ਲੱਗ ਸਕਦੀਆਂ ਹਨ।"

ਇਸੇ ਤਰ੍ਹਾਂ 'ਪਤਲਾ' ਸ਼ਬਦ ਦਾ ਵਿਰੋਧਾਰਥਕ ਸ਼ਬਦ 'ਮੋਟਾ' ਹੋਣ ਤੋਂ ਬਿਨਾਂ 'ਗਾੜ੍ਹਾ' ਜਾਂ 'ਗਫ਼' ਵੀ ਹੋ ਸਕਦਾ ਹੈ, ਜਿਵੇਂ :

1. ਗਰਮੀਆਂ ਵਿੱਚ ਪਤਲਾ ਕੱਪੜਾ ਪਸੰਦ ਕੀਤਾ ਜਾਂਦਾ ਹੈ ਅਤੇ ਸਰਦੀਆਂ ਵਿੱਚ ਗਫ਼।"
2. ਜੇ ਬੱਚੇ ਨੂੰ ਗਾੜ੍ਹਾ ਦੁੱਧ ਨਾ ਪਚੇ ਤਾਂ ਪਤਲਾ ਕਰਕੇ ਦੇਣਾ ਚਾਹੀਦਾ ਹੈ।

ਇਸ ਗੱਲ ਨੂੰ ਹੋਰ ਸਪਸ਼ਟ ਕਰਨ ਲਈ ਅਸੀਂ 'ਸੁੱਕਾ' ਅਤੇ 'ਪੱਕਾ' ਸ਼ਬਦਾਂ ਦੀਆਂ ਉਦਾਹਰਨਾਂ ਲੈਂਦੇ ਹਾਂ। ਅੱਗੇ ਦਿੱਤੇ ਵਾਕਾਂ ਵਿੱਚ ਵੱਖ-ਵੱਖ ਪ੍ਰਸੰਗਾਂ ਵਿੱਚ ਬਣਦੇ ਇਹਨਾਂ ਸ਼ਬਦਾਂ ਦੇ ਵਿਰੋਧਾਰਥਕ ਸ਼ਬਦ ਲਏ ਗਏ ਹਨ :

1. ਇਹ ਬੂਟਾ ਉੱਤੋਂ ਸੁੱਕਾ ਹੈ ਪਰ ਜੜ੍ਹ ਤੋਂ ਹਰਾ ਹੈ।
2. ਘੋੜੀ ਉੱਤੇ ਸਫ਼ਰ ਕਰਦਿਆਂ ਰਾਹ ਦਾ ਕੋਈ ਫ਼ਰਕ ਨਹੀਂ ਪੈਂਦਾ, ਗਿੱਲਾ ਹੋਵੇ ਭਾਵੇਂ ਸੁੱਕਾ।
3. 2012 ਤੱਕ ਮੈਂ ਕੱਚਾ ਕਰਮਚਾਰੀ ਰਿਹਾ, ਹੁਣ ਮੈਂ ਪੱਕਾ ਹਾਂ।
4. ਠੋਲਾ ਮਾਰ ਕੇ ਵੇਖਣ ਨਾਲ਼ ਅਵਾਜ਼ ਤੋਂ ਪੱਕਾ ਅਤੇ ਪਿੱਲਾ ਭਾਂਡਾ ਪਛਾਣਿਆ ਜਾਂਦਾ ਹੈ।
5. ਕੱਚਾ ਅੰਬ ਅਚਾਰ ਪਾਉਣ ਦੇ ਕੰਮ ਆਉਂਦਾ ਹੈ ਪਰ ਪੱਕਾ ਇਸੇ ਤਰ੍ਹਾਂ ਖਾਣ ਦੇ।

ਕੁਝ ਸ਼ਬਦ ਅਜਿਹੇ ਹਨ ਜਿਨ੍ਹਾਂ ਦਾ ਵਿਰੋਧਾਰਥਕ ਸ਼ਬਦ ਅਗੇਤਰ ਲਾ ਕੇ ਬਣਦਾ ਹੈ, ਜਿਵੇਂ :

**ਅਗੇਤਰ ਲਾ ਕੇ**

| | |
|---|---|
| ਸਫਲਤਾ | ਅਸਫਲਤਾ (ਅ + ਸਫਲਤਾ) |
| ਆਸ | ਨਿਰਾਸ (ਨਿਰ + ਆਸ) |
| ਪੜ੍ਹਿਆ | ਅਨਪੜ੍ਹ (ਅਨ + ਪੜ੍ਹ) |
| ਹਾਜ਼ਰ | ਗ਼ੈਰਹਾਜ਼ਰ (ਗ਼ੈਰ + ਹਾਜ਼ਰ) |
| ਸਮਰੱਥ | ਅਸਮਰਥ (ਅ + ਸਮਰੱਥ) |

**ਕੁਝ ਅਜਿਹੇ ਸ਼ਬਦ ਹਨ ਜਿਨ੍ਹਾਂ ਅੱਗੇ ਵੱਖ-ਵੱਖ ਅਗੇਤਰ ਲੱਗਣ ਨਾਲ਼ ਵਿਰੋਧਾਰਥਕ ਜੋੜੇ ਬਣਦੇ ਹਨ, ਜਿਵੇਂ :**

| | | | |
|---|---|---|---|
| (ਆਕਾਰ) | ਸਾਕਾਰ | (ਸ+ਆਕਾਰ) | ਨਿਰਾਕਾਰ (ਨਿਰ+ਆਕਾਰ) |
| (ਜੋਗ) | ਸੰਜੋਗ | (ਸੰ+ਜੋਗ) | ਵਿਜੋਗ (ਵਿ+ਜੋਗ) |
| (ਵੇਲ਼ਾ) | ਸਵੇਲ਼ਾ | (ਸ+ਵੇਲ਼ਾ) | ਕਵੇਲ਼ਾ (ਕ+ਵੇਲ਼ਾ) |
| (ਆਚਾਰ) | ਦੁਰਾਚਾਰ | (ਦੁਰ+ਆਚਾਰ) | ਸਦਾਚਾਰ (ਸਦ+ਆਚਾਰ) |

ਹੇਠਾਂ ਪੰਜਾਬੀ ਵਿੱਚ ਵਿਰੋਧਾਰਥਕ ਸ਼ਬਦਾਂ ਦੇ ਜੋੜਿਆਂ ਵਿੱਚੋਂ ਕੁਝ ਉਦਾਹਰਨਾਂ ਦਿੱਤੀਆਂ ਜਾਂਦੀਆਂ ਹਨ :

**ਕਿਰਿਆ-ਸ਼ਬਦ**

| | | | |
|---|---|---|---|
| ਉੱਸਰਨਾ | ਢਹਿਣਾ, ਢੱਠਣਾ | ਉੱਜੜਨਾ | ਵੱਸਣਾ |
| ਉੱਤਰਨਾ | ਚੜ੍ਹਨਾ | ਉਲਝਣਾ | ਸੁਲਝਣਾ |
| ਸਲਾਹੁਣਾ | ਨਿੰਦਣਾ/ਭੰਡਣਾ | ਸੁਆਰਨਾ | ਵਿਗਾੜਨਾ |
| ਸੁੱਟਣਾ | ਚੁੱਕਣਾ | ਸੁਧਰਨਾ | ਵਿਗੜਨਾ |
| ਖ਼ਰੀਦਣਾ | ਵੇਚਣਾ | ਗੁਆਚਣਾ | ਮਿਲ਼ਨਾ, ਲੱਭਣਾ |
| ਘਟਣਾ | ਵਧਣਾ | ਚੜ੍ਹਨਾ | ਉੱਤਰਨਾ, ਲਹਿਣਾ |

**ਕਿਰਿਆ**

| | | | |
|---|---|---|---|
| ਛੱਡਣਾ | ਫੜਨਾ | ਜਗਣਾ | ਬੁਝਣਾ |
| ਜਿੱਤਣਾ | ਹਾਰਨਾ | ਤਾਰਨਾ | ਡੋਬਣਾ |
| ਪੁੱਟਣਾ | ਦੱਬਣਾ, ਗੱਡਣਾ, ਲਾਉਣਾ | ਬੰਨ੍ਹਣਾ | ਖੋਲ੍ਹਣਾ |
| ਭਿੱਜਣਾ | ਸੁੱਕਣਾ | ਮੰਨਣਾ | ਰੁੱਸਣਾ, ਮੁੱਕਰਨਾ |

**ਨਾਂਵ-ਸ਼ਬਦ**

| | | | |
|---|---|---|---|
| ਉੱਦਮ | ਆਲਸ | ਉਚ | ਨੀਚ |
| ਅੱਗਾ | ਪਿੱਛਾ | ਅਗਾੜੀ | ਪਿਛਾੜੀ |
| ਅਜ਼ਾਦੀ | ਗ਼ੁਲਾਮੀ | ਅਮਨ | ਜੰਗ |
| ਔਖ | ਸੌਖ | ਆਸਾ | ਨਿਰਾਸਾ |
| ਆਮਦਨ | ਖ਼ਰਚ | ਸ੍ਰਾਪ | ਵਰ |
| ਸੱਚ | ਝੂਠ | ਸੱਜਣ | ਵੈਰੀ, ਦੁਰਜਨ |
| ਸੁਸਤੀ | ਚੁਸਤੀ | ਸੁੱਖ | ਦੁੱਖ |
| ਸੁਖਾਂਤ | ਦੁਖਾਂਤ | ਸੋਗ | ਹਰਖ |
| ਹਨੇਰਾ | ਚਾਨਣਾ | ਹਰਾਮ | ਹਲਾਲ |
| ਹਾਨੀ | ਲਾਭ | ਹਾਰ | ਜਿੱਤ |
| ਹਿੰਸਾ | ਅਹਿੰਸਾ | ਗਰਮੀ | ਸਰਦੀ |
| ਚੰਗਿਆਈ | ਬੁਰਿਆਈ | ਜਨਮ | ਮਰਨ |
| ਦੇਸ | ਪਰਦੇਸ | ਨਰਕ | ਸੁਰਗ |
| ਨੇਕੀ | ਬਦੀ | ਪਾਪ | ਪੁੰਨ |

**ਵਿਸ਼ੇਸ਼ਣ-ਸ਼ਬਦ**

| | | | |
|---|---|---|---|
| ਉੱਚਾ | ਨੀਵਾਂ | ਉਲਟਾ | ਸਿੱਧਾ |
| ਉਤਲਾ | ਹੇਠਲਾ | ਅਸਲੀ | ਨਕਲੀ |
| ਅਗਲਾ | ਪਿਛਲਾ, ਮਗਰਲਾ | ਅੰਦਰਲਾ | ਬਾਹਰਲਾ |
| ਅਮੀਰ | ਗ਼ਰੀਬ | ਆਸਤਿਕ | ਨਾਸਤਿਕ |
| ਆਮ | ਖ਼ਾਸ | ਸਸਤਾ | ਮਹਿੰਗਾ |
| ਸੰਘਣਾ | ਵਿਰਲਾ | ਸੁੱਚਾ | ਜੂਠਾ |

| | | | |
|---|---|---|---|
| ਸੂਮ | ਸਖੀ | ਕੁਆਰਾ | ਵਿਆਹਿਆ |
| ਕੌੜਾ | ਮਿੱਠਾ | ਗੁਪਤ | ਪ੍ਰਗਟ |
| ਗੂੜ੍ਹਾ | ਫਿੱਕਾ | ਘਟੀਆ | ਵਧੀਆ |
| ਠੀਕ | ਗ਼ਲਤ | ਢਿੱਲਾ | ਕੱਸਿਆ |
| ਤਕੜਾ | ਮਾੜਾ | ਤਿੱਖਾ | ਖੁੰਢਾ |
| ਥੋੜ੍ਹਾ | ਬਹੁਤ | ਨਵਾਂ | ਪੁਰਾਣਾ |
| ਨੰਗਾ | ਕੱਜਿਆ, ਢਕਿਆ | ਬਰੀਕ | ਮੋਟਾ |
| ਬੇਹਾ | ਸੱਜਰਾ | ਭਾਰਾ | ਹੌਲ਼ਾ |
| ਭੁੱਖਾ | ਰੱਜਿਆ | ਅਕ੍ਰਿਤਘਣ | ਕ੍ਰਿਤੱਗ |

## ਅਭਿਆਸ

1. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਹਰ ਇੱਕ ਦੇ ਤਿੰਨ-ਤਿੰਨ ਵੱਖਰੇ ਅਰਥ ਸਪਸ਼ਟ ਹੋ ਜਾਣ—

   ਸੂਤ, ਕੋਟ, ਦੌਰਾ, ਫੁੱਲ, ਮਾਰ, ਵਾਰ, ਵੇਲ।

2. ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਸਮਾਨਾਰਥਕ ਸ਼ਬਦਾਂ ਦੇ ਗੁੱਟ ਬਣਾਓ—

   ਉਜਾਲਾ, ਉਪਕਾਰ, ਅਨਾਥ, ਦੌਲਤਮੰਦ, ਰੋਸ਼ਨੀ, ਮਿਹਰਬਾਨੀ, ਯਤੀਮ, ਧਨਾਢ, ਪ੍ਰਕਾਸ਼, ਨੇਕੀ, ਬੇਸਹਾਰਾ, ਧਨਵਾਨ, ਲੋਅ, ਅਮੀਰ, ਚਾਨਣ।

3. ਇਸਤਰੀ, ਸੰਕੋਚ, ਖ਼ੁਸ਼ੀ, ਜਿਸਮ, ਬਹਾਦਰ, ਦੋਸਤੀ ਸ਼ਬਦਾਂ ਦੇ ਤਿੰਨ-ਤਿੰਨ ਸਮਾਨਾਰਥਕ ਸ਼ਬਦ ਲਿਖੋ।

4. ਹੇਠਾਂ ਦਿੱਤੇ ਬਹੁਤੇ ਸ਼ਬਦਾਂ (ਵਾਕਾਂਸ਼ਾਂ) ਦੀ ਥਾਂ ਇੱਕ-ਇੱਕ ਢੁਕਵਾਂ ਸ਼ਬਦ ਲਿਖੋ—

   ਜੋ ਕਦੇ ਨਾ ਥੱਕੇ ...........

   ਆਪਣੇ ਜੀਵਨ ਦਾ ਹਾਲ ..........

   ਕਿਸੇ ਲੇਖਕ ਜਾਂ ਕਲਾਕਾਰ ਦੀ ਸਭ ਤੋਂ ਉੱਤਮ ਰਚਨਾ ..........

   ਜੋ ਧੋਖਾ ਦੇਵੇ ਅਤੇ ਔਖੇ ਵੇਲ਼ੇ ਸਾਥ ਛੱਡ ਜਾਵੇ ..........

   ਮੌਤ ਪਿੱਛੋਂ ਆਇਆ ਮੌਤ ਦਾ ਸਲਾਨਾ ਦਿਨ ...........

5. ਵਿਰੋਧਾਰਥਕ ਸ਼ਬਦ ਲਿਖੋ—

   ਸੁਆਰਨਾ, ਜਗਣਾ, ਸੁਖਾਂਤ, ਚੰਗਿਆਈ, ਸ੍ਰਾਪ, ਹਰਾਮ, ਸੰਘਣਾ, ਬੇਹਾ, ਆਸਤਿਕ, ਗੁਪਤ, ਤਿੱਖਾ, ਬਰੀਕ, ਦੁਰਾਚਾਰ, ਕੁਚੱਜਾ।

* * *

**ਅਧਿਆਇ—ਅੱਠ**

# ਵਿਸਰਾਮ-ਚਿੰਨ੍ਹ

ਅਸੀਂ ਪਿੱਛੇ ਪੜ੍ਹ ਆਏ ਹਾਂ ਕਿ ਵਿਆਕਰਨ ਵਿੱਚ ਭਾਸ਼ਾ ਦੀ ਵੱਡੀ ਤੋਂ ਵੱਡੀ ਇਕਾਈ ਵਾਕ ਹੈ। ਇੱਕ ਵਾਕ ਨੂੰ ਦੂਜੇ ਵਾਕ ਤੋਂ ਨਿਖੇੜਨ ਲਈ ਕੋਈ ਚਿੰਨ੍ਹ ਲਾਇਆ ਜਾਂਦਾ ਹੈ। ਪੰਜਾਬੀ ਵਿੱਚ ਅਜਿਹਾ ਚਿੰਨ੍ਹ ਡੰਡੀ (। ) ਹੈ। ਇਹ ਇੱਕ ਵਿਸਰਾਮ-ਚਿੰਨ੍ਹ ਹੈ। ਇਸ ਪ੍ਰਕਾਰ ਦੇ ਕੁਝ ਹੋਰ ਵਿਸਰਾਮ-ਚਿੰਨ੍ਹ ਵੀ ਹਨ, ਜਿਵੇਂ : ਕਾਮਾ (,), ਬਿੰਦੀ-ਕਾਮਾ(;), ਦੁਬਿੰਦੀ(:), ਪ੍ਰਸ਼ਨ-ਚਿੰਨ੍ਹ(?) ਅਤੇ ਵਿਸਮਿਕ-ਚਿੰਨ੍ਹ( !) ਆਦਿ।

ਬੋਲਣ ਵੇਲ਼ੇ ਜੋ ਉਤਰਾਅ, ਚੜ੍ਹਾਅ ਤੇ ਠਹਿਰਾਅ ਆਉਂਦੇ ਹਨ, ਉਹਨਾਂ ਨੂੰ ਲਿਖਤ ਵਿੱਚ ਅੰਕਿਤ ਕਰਨ ਲਈ ਵਿਸਰਾਮ-ਚਿੰਨ੍ਹ ਵਰਤੇ ਜਾਂਦੇ ਹਨ। ਵਿਸਰਾਮ-ਚਿੰਨ੍ਹਾਂ ਦੀ ਵਰਤੋਂ ਵਿੱਚ ਕੀਤੀ ਅਣਗਹਿਲੀ ਕਾਰਨ ਜਾਂ ਤਾਂ ਅਰਥ ਸਪਸ਼ਟ ਨਹੀਂ ਹੁੰਦਾ ਜਾਂ ਅਰਥ ਦਾ ਅਨਰਥ ਹੋ ਜਾਂਦਾ ਹੈ। ਉਦਾਹਰਨ ਲਈ ਹੇਠ ਲਿਖੇ ਵਾਕਾਂ ਵਿੱਚ ਵਿਸਰਾਮ-ਚਿੰਨ੍ਹਾਂ ਕਾਰਨ ਆਈ ਅਰਥ-ਤਬਦੀਲੀ ਵੇਖੀ ਜਾਵੇ :

1. ਤੂੰ ਠੀਕ ਹੈਂ।
2. ਤੂੰ ਠੀਕ ਹੈਂ ?

ਪਹਿਲੇ ਵਾਕ ਵਿੱਚ ਬੋਲਣ ਵਾਲ਼ਾ ਵਿਅਕਤੀ ਦੂਜੇ ਵਿਅਕਤੀ ਨੂੰ ਦੱਸ ਰਿਹਾ ਹੈ ਕਿ ਉਹ ਠੀਕ ਹੈ। ਦੂਜੇ ਵਾਕ ਵਿੱਚ ਉਹ ਦੂਜੇ ਵਿਅਕਤੀ ਨੂੰ ਪੁੱਛ ਰਿਹਾ ਹੈ ਕਿ ਕੀ ਉਹ ਠੀਕ ਹੈ ? ਬਾਕੀ ਸਾਰੇ ਸ਼ਬਦ ਉਹੋ ਹੀ ਹਨ ਕੇਵਲ ਅੰਤ ਵਿੱਚ ਲੱਗੇ ਵਿਸਰਾਮ-ਚਿੰਨ੍ਹਾਂ ਦੀ ਤਬਦੀਲੀ ਕਾਰਨ ਅਰਥਾਂ ਵਿੱਚ ਅੰਤਰ ਆ ਗਿਆ ਹੈ।

ਇਸੇ ਤਰ੍ਹਾਂ ਹੇਠਾਂ ਦਿੱਤੇ ਵਾਕ ਵਿੱਚ ਕਾਮੇ (,) ਦੀ ਦੋ ਤਰ੍ਹਾਂ ਨਾਲ਼ ਕੀਤੀ ਵਰਤੋਂ ਕਾਰਨ ਅਰਥਾਂ ਵਿੱਚ ਆਈ ਤਬਦੀਲੀ ਵੇਖੀ ਜਾਵੇ :

1. ਚੋਰ, ਜਾਵੇ ਨਾ, ਫੜੋ।
2. ਚੋਰ ਜਾਵੇ, ਨਾ ਫੜੋ।

ਦੋਂਹਾਂ ਵਾਕਾਂ ਵਿੱਚ ਅਰਥ ਬਿਲਕੁਲ ਉਲਟ ਹੋ ਗਿਆ ਹੈ। ਪਹਿਲੇ ਵਾਕ ਵਿੱਚ ਬੋਲਣ ਵਾਲ਼ਾ ਚੋਰ ਬਾਰੇ ਉੱਚੀ ਪੁਕਾਰ ਕੇ ਦੱਸ ਰਿਹਾ ਹੈ, ਨਾਲ਼ ਹੀ ਕਹਿ ਰਿਹਾ ਹੈ ਕਿ ਚੋਰ ਨੂੰ ਜਾਣ ਨਾ ਦਿੱਤਾ ਜਾਵੇ, ਫੜ ਲਿਆ ਜਾਵੇ। ਦੂਜੇ ਵਾਕ ਵਿੱਚ ਬੋਲਣ ਵਾਲ਼ਾ ਕਹਿ ਰਿਹਾ ਹੈ ਕਿ ਚੋਰ ਚਲਾ ਜਾਵੇ ਅਤੇ ਉਸ ਨੂੰ ਫੜਿਆ ਨਾ ਜਾਵੇ। ਇਸੇ ਤਰ੍ਹਾਂ—

1. ਪ੍ਰੇਮ ਸਿੰਘ ਬਡਵਾਲ਼ ਅਤੇ ਰਛਪਾਲ ਬਜ਼ਾਰ ਗਏ।
2. ਪ੍ਰੇਮ ਸਿੰਘ, ਬਡਵਾਲ਼ ਅਤੇ ਰਛਪਾਲ ਬਜ਼ਾਰ ਗਏ।

ਇੱਕ ਕਾਮੇ (,) ਦੇ ਲੱਗਣ ਕਰਕੇ ਦੂਜੇ ਵਾਕ ਵਿੱਚ ਤਿੰਨ ਬੰਦੇ ਪ੍ਰੇਮ ਸਿੰਘ, ਬਡਵਾਲ਼ ਅਤੇ ਰਛਪਾਲ ਬਣ ਗਏ ਹਨ। ਜਦੋਂ ਕਿ ਪਹਿਲੇ ਵਾਕ ਵਿੱਚ ਕੇਵਲ ਦੋ ਬੰਦੇ (ਪ੍ਰੇਮ ਸਿੰਘ ਬਡਵਾਲ਼ ਅਤੇ ਰਛਪਾਲ) ਹੀ ਹਨ।

ਹੇਠਾਂ ਇਹਨਾਂ ਵਿਸਰਾਮ-ਚਿੰਨ੍ਹਾਂ ਦੀ ਵਰਤੋਂ ਬਾਰੇ ਮੋਟੀ-ਮੋਟੀ ਜਾਣਕਾਰੀ ਦਿੱਤੀ ਜਾ ਰਹੀ ਹੈ :

**ਡੰਡੀ ( । ) :** ਇਹ ਪੂਰਨ-ਵਿਸਰਾਮ ਜਾਂ ਠਹਿਰਾਅ ਦਾ ਚਿੰਨ੍ਹ ਹੈ ਇਸ ਲਈ ਵਾਕ ਦੇ ਅੰਤ ਵਿੱਚ ਲਾਇਆ ਜਾਂਦਾ ਹੈ। ਇਸ ਚਿੰਨ੍ਹ ਦੀ ਵਰਤੋਂ ਹੇਠ ਲਿਖੇ ਅਨੁਸਾਰ ਹੁੰਦੀ ਹੈ :

(ੳ) ਪ੍ਰਸ਼ਨ-ਵਾਚਕ ਵਾਕ ਜਾਂ ਵਿਸਮੈਵਾਚਕ ਵਾਕ ਨੂੰ ਛੱਡ ਕੇ ਹਰ ਪ੍ਰਕਾਰ ਦੇ ਵਾਕ ਦੇ ਅੰਤ ਵਿੱਚ ਡੰਡੀ(।) ਲੱਗਦੀ ਹੈ, ਜਿਵੇਂ: ਰਾਸ਼ਟਰਪਤੀ ਦਾ ਅਹੁਦਾ ਦੇਸ ਦਾ ਸਭ ਤੋਂ ਵੱਡਾ ਅਹੁਦਾ ਹੈ।

(ਅ) ਪ੍ਰਸ਼ਨਵਾਚਕ ਵਾਕ ਦੇ ਅੰਤ ਵਿੱਚ ਪ੍ਰਸ਼ਨ-ਚਿੰਨ੍ਹ ਆਉਂਦਾ ਹੈ ਪਰ ਜਦੋਂ ਕੋਈ ਪ੍ਰਸ਼ਨ-ਵਾਚਕ ਵਾਕ ਅਧੀਨ ਉਪਵਾਕ ਵਜੋਂ ਆਉਂਦਾ ਹੈ ਤਾਂ ਉਸ ਪਿੱਛੋਂ ਪ੍ਰਸ਼ਨ-ਚਿੰਨ੍ਹ ਦੀ ਥਾਂ ਡੰਡੀ ਆਉਂਦੀ ਹੈ, ਜਿਵੇਂ :

1. ਮੈਂ ਜਾਣਨਾ ਚਾਹੁੰਦਾ ਹਾਂ ਕਿ ਤੁਸੀਂ ਇਹ ਸਵਾਲ ਕਿਵੇਂ ਕੱਢਿਆ।

2. ਬਾਬਾ ਜੀ ਨੂੰ ਪਤਾ ਨਹੀਂ ਕਿ ਮੈਂ ਕਿਹੜੇ ਸੈੱਕਸ਼ਨ ਵਿੱਚ ਪੜ੍ਹਦਾ ਹਾਂ।

(ਏ) ਕਵਿਤਾ ਦੀ ਇੱਕ ਪੂਰੀ ਤੁਕ ਪਿੱਛੋਂ ਵੀ ਡੰਡੀ ਲੱਗਦੀ ਹੈ, ਜਿਵੇਂ:

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਉਹ ਕਰ ਅਰਾਮ ਨਹੀਂ ਬਹਿੰਦੇ।

**ਨੋਟ :** ਗੁਰਬਾਣੀ ਦੀ ਤੁਕ ਪਿੱਛੋਂ ਦੋ ਡੰਡੀਆਂ ਦਾ ਵਿਸਰਾਮ-ਚਿੰਨ੍ਹ ਆਉਂਦਾ ਹੈ, ਜਿਵੇਂ :

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥

**ਪ੍ਰਸ਼ਨ-ਚਿੰਨ੍ਹ (?) :** ਜਿਸ ਵਾਕ ਵਿੱਚ ਕੋਈ ਪ੍ਰਸ਼ਨ ਪੁੱਛਿਆ ਜਾਵੇ, ਉਸ ਵਾਕ ਦੇ ਅੰਤ ਵਿੱਚ ਪ੍ਰਸ਼ਨ-ਚਿੰਨ੍ਹ ਲਾਇਆ ਜਾਂਦਾ ਹੈ, ਜਿਵੇਂ :

1. ਸਕੂਲ ਨੂੰ ਛੁੱਟੀ ਕਦੋਂ ਹੁੰਦੀ ਹੈ ?

2. ਤੁਹਾਡੀ ਪਰੀਖਿਆ ਕਿਹੜੀ ਤਰੀਕ ਤੋਂ ਸ਼ੁਰੂ ਹੋ ਰਹੀ ਹੈ ?

3. ਤੂੰ ਸਕੂਲ ਦਾ ਕੰਮ ਕਿਉਂ ਨਹੀਂ ਕੀਤਾ ?

**ਨੋਟ :** 1. ਡੰਡੀ ਦੀ ਵਰਤੋਂ ਬਾਰੇ ਪਹਿਲਾਂ ਦੱਸਿਆ ਗਿਆ ਸੀ ਕਿ ਜਿਸ ਮਿਸ਼ਰਿਤ ਵਾਕ ਵਿੱਚ ਅਧੀਨ ਪ੍ਰਸ਼ਨਵਾਚਕ ਵਾਕ ਆਉਂਦਾ ਹੋਵੇ, ਉਸ ਵਾਕ ਪਿੱਛੋਂ ਪ੍ਰਸ਼ਨ-ਚਿੰਨ੍ਹ ਨਹੀਂ ਲਾਇਆ ਜਾਂਦਾ ਪਰ ਜੇ ਸਾਰਾ ਮਿਸ਼ਰਿਤ-ਵਾਕ ਹੀ ਪ੍ਰਸ਼ਨਵਾਚਕ ਵਾਕ ਹੋਵੇ ਤਾਂ ਅੰਤ ਵਿੱਚ ਪ੍ਰਸ਼ਨ-ਚਿੰਨ੍ਹ ਲੱਗਦਾ ਹੈ, ਜਿਵੇਂ :

"ਕੀ ਤੂੰ ਜਾਣਦਾ ਹੈਂ ਕਿ ਮੁੱਖ-ਅਧਿਆਪਕ ਜੀ ਦਾ ਘਰ ਕਿਹੜਾ ਹੈ?"

**ਨੋਟ :** 2. ਜੇ ਪ੍ਰਸ਼ਨ ਆਗਿਆਵਾਚਕ ਵਾਕ ਹੋਵੇ ਤਾਂ ਉਸ ਵਾਕ ਦੇ ਅੰਤ ਵਿੱਚ ਪ੍ਰਸ਼ਨ-ਚਿੰਨ੍ਹ ਨਹੀਂ ਲੱਗਦਾ, ਜਿਵੇਂ : ਪੰਜਾਬ ਦੇ ਸਭ ਤੋਂ ਵੱਡੇ ਸ਼ਹਿਰ ਦਾ ਨਾਂ ਦੱਸੋ।

**ਵਿਸਮਕ-ਚਿੰਨ੍ਹ ( ! ) :** ਇਹ ਚਿੰਨ੍ਹ ਖ਼ੁਸ਼ੀ, ਗ਼ਮੀ, ਹੈਰਾਨੀ, ਭੈ, ਪ੍ਰਸੰਸਾ ਆਦਿ ਦੇ ਭਾਵ ਪ੍ਰਗਟ ਕਰਨ ਵਾਲ਼ੇ ਸ਼ਬਦ, ਵਾਕਾਂਸ਼ ਜਾਂ ਵਾਕ ਤੋਂ ਪਿੱਛੋਂ ਆਉਂਦਾ ਹੈ, ਜਿਵੇਂ :

ਮੰਮੀ, ਵੀਰਾ ਆ ਗਿਆ ਏ! (ਖ਼ੁਸ਼ੀ)

ਹਾਏ! ਮੇਰੇ ਚੰਨ ਪੁੱਤ ਨੂੰ ਕੀ ਹੋ ਗਿਆ! (ਗ਼ਮੀ)

ਹੈਂ! ਇਸਤਰੀ ਨੇ ਡਾਕੂ ਮਾਰ ਭਜਾ ਦਿੱਤੇ ! (ਹੈਰਾਨੀ)

ਬਈ ਵਾਹ! ਕਮਾਲ ਕਰ ਦਿੱਤਾ ਏ, ਬਹਾਦਰ ਕੁੜੀ ਨੇ! (ਹੈਰਾਨੀ, ਪ੍ਰਸੰਸਾ)

ਮਾਰ ਘੱਤਿਆ ਓਏ! (ਡਰ)

**ਨੋਟ :** 1. ਜਿਸ ਵਾਕ ਦੇ ਅੰਤ ਵਿੱਚ ਵਿਸਮਕ-ਚਿੰਨ੍ਹ ਲੱਗਦਾ ਹੈ, ਉੱਥੇ ਡੰਡੀ ਜਾਂ ਪ੍ਰਸ਼ਨ-ਚਿੰਨ੍ਹ ਨਹੀਂ ਲੱਗਦਾ।

**ਨੋਟ :** 2. ਵਿਸਮਕ-ਚਿੰਨ੍ਹ ਦੀ ਵਰਤੋਂ ਬਾਰੇ ਇੱਕ ਮੋਟਾ ਨਿਯਮ ਇਹ ਹੈ ਕਿ ਜਿਹੜਾ ਸ਼ਬਦ, ਵਾਕਾਂਸ਼ ਜਾਂ ਵਾਕ ਕਿਸੇ ਤੀਬਰ ਭਾਵ ਜਾਂ ਜਜ਼ਬੇ ਨੂੰ ਇਕਦਮ ਪ੍ਰਗਟ ਕਰੇ, ਉਸ ਪਿੱਛੋਂ ਇਸ ਚਿੰਨ੍ਹ ਦੀ ਵਰਤੋਂ ਕਰਨੀ ਚਾਹੀਦੀ ਹੈ।

ਕਈ ਵਾਰੀ ਅਤਿ ਤੀਬਰ ਭਾਵ ਜਾਂ ਜਜ਼ਬੇ ਦੇ ਪ੍ਰਗਟਾਅ ਲਈ ਵਰਤੇ ਸ਼ਬਦ, ਵਾਕਾਂਸ਼ ਜਾਂ ਵਾਕ ਤੋਂ ਪਿੱਛੋਂ ਵਿਸਮਕ-ਚਿੰਨ੍ਹ ਦੋ ਜਾਂ ਤਿੰਨ ਵਾਰੀ ਲਿਖਿਆ ਜਾਂਦਾ ਹੈ, ਜਿਵੇਂ :

ਹੈਂ! ਹੈਂ!! ਇਹ ਕੀ ਭਾਣਾ ਵਰਤ ਗਿਆ ?

**ਕਾਮਾ (,) :** ਇਸ ਨੂੰ ਅਲਪ ਵਿਰਾਮ-ਚਿੰਨ੍ਹ ਵੀ ਕਿਹਾ ਜਾਂਦਾ ਹੈ। ਥੋੜ੍ਹੇ ਜਿਹੇ ਠਹਿਰਾਅ ਨੂੰ ਪ੍ਰਗਟ ਕਰਨ ਲਈ ਇਸ ਚਿੰਨ੍ਹ ਦੀ ਵਰਤੋਂ ਅੱਗੇ ਲਿਖੇ ਅਨੁਸਾਰ ਹੁੰਦੀ ਹੈ :

(ੳ) ਜਦੋਂ ਕਿਸੇ ਵਾਕ ਵਿੱਚ ਇੱਕ ਸ਼੍ਰੇਣੀ ਦੇ ਦੋ ਤੋਂ ਵੱਧ ਸ਼ਬਦ ਇਕੱਠੇ ਆਉਣ ਤਾਂ ਉਹਨਾਂ ਨੂੰ ਇੱਕ-ਦੂਜੇ ਤੋਂ ਨਿਖੇੜਨ ਲਈ ਕਾਮਾ ਲਾਇਆ ਜਾਂਦਾ ਹੈ, ਜਿਵੇਂ :

1. ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਬਠਿੰਡਾ ਤੇ ਪਟਿਆਲ਼ਾ ਪੰਜਾਬ ਦੇ ਪ੍ਰਸਿੱਧ ਨਗਰ ਹਨ।

2. ਮੈਨੂੰ ਪਤਾ ਹੈ ਕਿ ਲੱਡੂ, ਜਲੇਬੀ, ਗੁਲਾਬ-ਜਾਮਣ, ਰਸਗੁੱਲਾ, ਬਰਫ਼ੀ ਤੇ ਅੰਮ੍ਰਿਤੀ ਤੇਰੀ ਪਸੰਦ ਦੀਆਂ ਚੀਜ਼ਾਂ ਹਨ ਜਦਕਿ ਕੇਲਾ, ਸੰਗਤਰਾ, ਅਮਰੂਦ, ਬੇਰ, ਸੇਬ ਤੇ ਅੰਬ ਮੇਰੀ ਪਸੰਦ ਦੀਆਂ ਚੀਜ਼ਾਂ ਹਨ।

**ਨੋਟ :** ੳ. ਇੱਕ ਸ਼੍ਰੇਣੀ ਦੇ ਅੰਤਲੇ ਦੋ ਸ਼ਬਦਾਂ ਜਾਂ ਵਾਕਾਂਸ਼ਾਂ ਵਿਚਕਾਰ ਕਾਮਾ ਲਾਉਣ ਦੀ ਥਾਂ 'ਤੇ' ਜਾਂ 'ਅਤੇ' ਦੀ ਵਰਤੋਂ ਕੀਤੀ ਜਾਂਦੀ ਹੈ।

ਵਾਕ ਵਿੱਚ ਦੋ ਤੋਂ ਵੱਧ ਵਾਕਾਂਸ਼ਾਂ ਵਿਚਕਾਰ ਵੀ ਕਾਮਾ ਲਾਇਆ ਜਾਂਦਾ ਹੈ ਪਰ ਅੰਤਲੇ ਦੋ ਵਾਕਾਂਸ਼ਾਂ ਵਿਚਕਾਰ 'ਤੇ' ਜਾਂ 'ਅਤੇ' ਨਹੀਂ ਲੱਗਦਾ, ਜਿਵੇਂ :

ਮੇਲੇ ਵਿੱਚ ਪੁਰਖ ਤੇ ਇਸਤਰੀਆਂ, ਵਿਆਹੇ ਤੇ ਕੁਆਰੇ, ਬੱਚੇ ਤੇ ਬੁੱਢੇ, ਮੁੰਡੇ ਤੇ ਕੁੜੀਆਂ ਸਾਰੇ ਖ਼ੁਸ਼-ਖ਼ੁਸ਼ ਘੁੰਮ ਰਹੇ ਸਨ।

ਅ. ਸੰਬੋਧਕ ਸ਼ਬਦ ਜਾਂ ਸ਼ਬਦਾਂ ਪਿੱਛੋਂ ਕਾਮਾ ਵਰਤਿਆ ਜਾਂਦਾ ਹੈ, ਜਿਵੇਂ :

1. ਮਾਸਟਰ ਜੀ, ਅੱਜ ਤੁਸੀਂ ਛੁੱਟੀਆਂ ਦਾ ਕੰਮ ਵੇਖਣਾ ਏ।

2. ਅੜੀਏ, ਇਸ ਤਰ੍ਹਾਂ ਖਰ੍ਹਵਾ ਨਹੀਂ ਬੋਲੀਦਾ।

3. ਸਾਥੀਓ, ਅੱਜ ਅਸੀਂ ਰਲ਼ ਕੇ ਸਕੂਲ ਦੇ ਖੇਡ-ਮੈਦਾਨ ਲਈ ਜ਼ਮੀਨ ਪੱਧਰੀ ਕਰਨੀ ਹੈ।

ੲ. ਜਿੱਥੇ ਯੋਜਕ ਲੁਪਤ ਹੋਣ, ਉੱਥੇ ਕਾਮਾ ਵਰਤਿਆ ਜਾਂਦਾ ਹੈ, ਜਿਵੇਂ :

"ਖੇਤੀ ਮਸ਼ੀਨੀ ਹੋ ਗਈ ਹੈ, ਥਾਂ-ਥਾਂ ਟਿਊਬਵੈੱਲ ਤੇ ਟ੍ਰੈੱਕਟਰ ਚੱਲ ਰਹੇ ਹਨ, ਪਿੰਡਾਂ ਦੀ ਨੁਹਾਰ ਬਦਲ ਗਈ ਹੈ।"

ਸ. 'ਸਗੋਂ', 'ਪਰ', 'ਇਸ ਲਈ', 'ਇਸ', 'ਇਸ ਕਰਕੇ', 'ਤਾਂ ਵੀ' ਆਦਿ ਯੋਜਕਾਂ ਤੋਂ ਪਹਿਲਾਂ ਵੀ ਕਈ ਵਾਰੀ ਕਾਮਾ ਵਰਤਿਆ ਜਾਂਦਾ ਹੈ, ਜਿਵੇਂ : "ਮੇਰੀ ਭੈਣ ਦਾ ਵਿਆਹ ਹੈ, ਇਸ ਲਈ ਮੈਂ ਸਕੂਲ ਵਿੱਚ ਹਾਜ਼ਰ ਨਹੀਂ ਹੋ ਸਕਦਾ।" ਤੇ "ਤੂੰ ਸਕੂਲ ਵਿੱਚੋਂ ਪਹਿਲੇ ਨੰਬਰ' ਤੇ ਹੈਂ, ਪਰ ਡਵੀਜ਼ਨ ਦੂਜੀ ਹੀ ਹੈ।"

ਹ. ਵਾਕ ਦੇ ਇੱਕ ਹਿੱਸੇ ਵਿੱਚ ਪੁੱਠੇ ਅਤੇ ਸਿੱਧੇ ਕਾਮਿਆਂ ਵਿੱਚ ਦਿੱਤੇ ਜਿਉਂ ਦੇ ਤਿਉਂ ਕਥਨ ਤੋਂ ਪਹਿਲਾਂ ਕਾਮਾ ਲਾਇਆ ਜਾਂਦਾ ਹੈ, ਜਿਵੇਂ :

ਬਲਜਿੰਦਰ ਨੇ ਕਿਹਾ, "ਪਿਤਾ ਜੀ, ਮੈਂ ਜਮਾਤ ਵਿੱਚੋਂ ਫ਼ਸਟ ਆਈ ਹਾਂ।"

ਕ. ਵਾਕ ਦੇ ਅਰੰਭ ਵਿੱਚ ਆਏ 'ਹਾਂ ਜੀ', 'ਨਾ', 'ਨਹੀਂ', 'ਨਾ ਜੀ', 'ਅੱਛਾ' ਆਦਿ ਸ਼ਬਦਾਂ ਤੋਂ ਪਿੱਛੋਂ ਕਾਮਾ ਲੱਗਦਾ ਹੈ, ਜਿਵੇਂ :

1. ਹਾਂ ਜੀ, ਇਹ ਗ਼ਲਤੀ ਮੈਥੋਂ ਹੋਈ ਹੈ। ਮੈਂ ਸਜ਼ਾ ਦਾ ਹੱਕਦਾਰ ਹਾਂ।

2. ਨਹੀਂ, ਤੁਸੀਂ ਇਸ ਤਰ੍ਹਾਂ ਬਿਨਾਂ ਕੁਝ ਖਾਧੇ-ਪੀਤੇ ਨਹੀਂ ਜਾ ਸਕਦੇ।

ਖ. ਕਿਸੇ ਉਪਵਾਕ ਦੇ ਵਿਚਾਲ਼ੇ ਆਉਣ ਵਾਲ਼ੇ ਕਿਸੇ ਦੂਜੇ ਉਪਵਾਕ ਤੋਂ ਪਹਿਲਾਂ ਅਤੇ ਪਿੱਛੋਂ ਕਾਮਾ ਲਾਇਆ ਜਾਂਦਾ ਹੈ, ਜਿਵੇਂ :

1. ਪੰਜਵੇਂ ਗੁਰੂ ਜੀ ਦਾ ਸੁਭਾਅ, ਜਿਵੇਂ ਤੁਸੀਂ ਜਾਣਦੇ ਹੀ ਹੋ, ਸ਼ਾਂਤੀ ਤੇ ਨਿਮਰਤਾ ਵਾਲ਼ਾ ਸੀ।

2. ਇਹ ਕਿਤਾਬ, ਜਿਹੜੀ ਤੁਹਾਡੇ ਹੱਥ ਵਿੱਚ ਹੈ, ਮੈਨੂੰ ਇਨਾਮ ਵਿੱਚ ਮਿਲ਼ੀ ਸੀ।

ਗ. ਜੇ ਵਾਕ ਦਾ ਉਦੇਸ਼ ਵਾਲ਼ਾ ਹਿੱਸਾ ਕਾਫ਼ੀ ਲੰਮਾ ਹੋਵੇ ਤਾਂ ਉਸ ਪਿੱਛੋਂ ਕਾਮਾ ਲੱਗਦਾ ਹੈ, ਜਿਵੇਂ :

ਸਾਰੇ ਪੰਜਾਬ ਦੇ ਸਕੂਲਾਂ ਦੀਆਂ ਸਲਾਨਾ ਪਰੀਖਿਆਵਾਂ ਲੈਣ ਵਾਲ਼ੇ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਦਫ਼ਤਰ, ਅੱਜ-ਕੱਲ੍ਹ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਹੈ।

ਘ. ਕਿਸੇ ਵਾਕ ਜਾਂ ਉਪਵਾਕ ਦੇ ਵਿਚਾਲ਼ੇ ਆਉਣ ਵਾਲ਼ੇ ਵਾਕਾਂਸ਼ ਨੂੰ ਵੀ ਇੰਞ ਹੀ ਅੱਗੇ ਤੇ ਪਿੱਛੇ ਕਾਮੇ ਲਾ ਕੇ ਨਿਖੇੜਿਆ ਜਾਂਦਾ ਹੈ, ਜਿਵੇਂ :

1. ਅਸੀਂ ਸਾਰੇ ਪਰਿਵਾਰ ਨੇ, ਤੁਹਾਡੇ ਸੁਝਾਅ ਅਨੁਸਾਰ, ਬਿਨਾਂ ਦਾਜ-ਦਹੇਜ ਤੋਂ ਵਿਆਹ ਕਰਨ ਦਾ ਫ਼ੈਸਲਾ ਕਰ ਲਿਆ ਹੈ।

2. ਇੰਨੀ ਕੁ ਤਨਖ਼ਾਹ ਨਾਲ਼, ਅੱਜ ਦੀ ਮਹਿੰਗਾਈ ਵਿੱਚ ਗੁਜ਼ਾਰਾ ਕਰਨਾ ਬਹੁਤ ਔਖਾ ਹੈ।

**ਬਿੰਦੀ-ਕਾਮਾ (;) :** ਪੂਰਨ-ਵਿਸਰਾਮ ਤੋਂ ਅੱਧੇ ਠਹਿਰਾਅ ਜਾਂ ਅਰਧ-ਵਿਸਰਾਮ ਲਈ ਬਿੰਦੀ-ਕਾਮਾ ਦੀ ਵਰਤੋਂ ਦਾ ਨਿਯਮ ਇਸ ਪ੍ਰਕਾਰ ਹੈ :

ੳ. ਲਿਖਤ ਵਿੱਚ ਜਿਸ ਥਾਂ ਕਾਮਾ ਲਾਉਣ ਤੋਂ ਵੱਧ ਅਤੇ ਪੂਰਨ ਵਿਸਰਾਮ-ਚਿੰਨ੍ਹ ਲਾਉਣ ਤੋਂ ਘੱਟ ਠਹਿਰਾਅ ਜਾਪੇ, ਉੱਥੇ ਬਿੰਦੀ-ਕਾਮਾ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ :

ਰੋਟੀ ਪੱਕ ਗਈ ਹੈ; ਸਬਜ਼ੀ ਤਿਆਰ ਹੈ; ਮਹਿਮਾਨਾਂ ਦੇ ਬੈਠਣ ਦੀ ਦੇਰ ਹੈ।

ਅ. ਉਦਾਹਰਨ ਦੇਣ ਲਈ ਵਰਤੇ ਜਾਂਦੇ ਸ਼ਬਦ, 'ਜਿਵੇਂ', 'ਜਿਹਾ ਕਿ' ਆਦਿ ਸ਼ਬਦਾਂ ਤੋਂ ਪਹਿਲਾਂ ਬਿੰਦੀ-ਕਾਮਾ ਲੱਗਦਾ ਹੈ, ਉਦਾਹਰਨ ਵਜੋਂ :

ਲੁਧਿਆਣੇ ਵਿੱਚ ਹੌਜ਼ਰੀ ਦਾ ਸਮਾਨ ਬਣਦਾ ਹੈ; ਜਿਹਾ ਕਿ ਜੁਰਾਬਾਂ, ਬਨੈਣਾਂ ਆਦਿ।

**ਨੋਟ :** 'ਜਿਵੇਂ' ਸ਼ਬਦ ਤੋਂ ਪਹਿਲਾਂ ਬਿੰਦੀ-ਕਾਮੇ (;) ਦੀ ਥਾਂ ਕੇਵਲ ਕਾਮੇ (,) ਦੀ ਵਰਤੋਂ ਵੀ ਕੀਤੀ ਜਾਂਦੀ ਹੈ।

**ਪੁੱਠੇ ਕਾਮੇ (" ") :**

ਕਿਸੇ ਦੇ ਕਹੇ ਜਾਂ ਲਿਖੇ ਸ਼ਬਦਾਂ ਨੂੰ ਜਿਉਂ ਦਾ ਤਿਉਂ ਲਿਖਣ ਲਈ ਪੁੱਠੇ ਕਾਮਿਆਂ ਵਿੱਚ ਰੱਖਿਆ ਜਾਂਦਾ ਹੈ, ਜਿਵੇਂ :

ਮੁੱਖ ਅਧਿਆਪਕ ਜੀ ਨੇ ਕਿਹਾ, "ਮੈਂ ਹਮੇਸ਼ਾਂ ਮਿਹਨਤੀ ਅਤੇ ਲਗਨ ਵਾਲ਼ੇ ਵਿਦਿਆਰਥੀਆਂ ਦੀ ਕਦਰ ਕਰਦਾ ਹਾਂ।"

**ਨੋਟ :** 1. ਜੇ ਵਾਕ ਵਿੱਚ ਕਿਸੇ ਪੁਸਤਕ ਦਾ ਨਾਂ ਲਿਖਣਾ ਹੋਵੇ ਤਾਂ ਉਸ ਨੂੰ ਇਕਹਿਰੇ ਪੁੱਠੇ ਕਾਮਿਆਂ ਵਿੱਚ ਰੱਖਿਆ ਜਾਂਦਾ ਹੈ, ਜਿਵੇਂ : ਨਾਨਕ ਸਿੰਘ ਰਚਿਤ 'ਚਿੱਟਾ ਲਹੂ' ਪ੍ਰਸਿੱਧ ਨਾਵਲ ਹੈ।

**ਨੋਟ :** 2. ਦੂਜੇ ਦੇ ਕਹੇ ਜਾਂ ਲਿਖੇ ਹੋਏ ਇੱਕ-ਦੋ ਸ਼ਬਦਾਂ ਨੂੰ ਵਾਕ ਵਿੱਚ ਇਕਹਿਰੇ ਪੁੱਠੇ ਕਾਮਿਆਂ ਵਿੱਚ ਹੀ ਰੱਖ ਕੇ ਲਿਖਿਆ ਜਾਂਦਾ ਹੈ, ਜਿਵੇਂ :

ਅੰਗਰੇਜ਼ੀ ਰਾਜ ਦੇ ਸਮੇਂ ਦੇ 'ਦੇਸ-ਧ੍ਰੋਹੀ' ਸਾਡੀਆਂ ਨਜ਼ਰਾਂ ਵਿੱਚ ਦੇਸ-ਭਗਤ ਹਨ।

**ਦੁਬਿੰਦੀ (:) :** ਇਸ ਵਿਸਰਾਮ-ਚਿੰਨ੍ਹ ਦੀ ਵਰਤੋਂ ਹੇਠ ਲਿਖੇ ਅਨੁਸਾਰ ਹੁੰਦੀ ਹੈ :

ੳ. ਕਿਸੇ ਸ਼ਬਦ, ਵਾਕਾਂਸ਼ ਜਾਂ ਉਪਵਾਕ ਦੀ ਵਿਆਖਿਆ ਜਾਂ ਵੇਰਵੇ ਤੋਂ ਪਹਿਲਾਂ ਦੁਬਿੰਦੀ ਲਾਈ ਜਾਂਦੀ ਹੈ, ਜਿਵੇਂ :

1. ਵਰਖਾ ਰੁੱਤ ਦੇ ਪਹਿਲੇ ਮੀਂਹ ਪਿੱਛੋਂ ਬੀਜੀਆਂ ਜਾਂਦੀਆਂ ਸਾਉਣੀ ਦੀਆਂ ਫ਼ਸਲਾਂ ਹਨ : ਮੱਕੀ, ਜਵਾਰ, ਤਿਲ਼, ਮੂੰਗੀ।

2. ਮੇਰੇ ਮਨ-ਭਾਉਂਦੇ ਪੰਜਾਬੀ ਦੇ ਚਾਰ ਸਾਹਿਤਕਾਰ ਹਨ : ਨਾਨਕ ਸਿੰਘ, ਗੁਰਬਖ਼ਸ਼ ਸਿੰਘ, ਮੋਹਨ ਸਿੰਘ ਅਤੇ ਸ਼ਿਵ ਕੁਮਾਰ ਬਟਾਲ਼ਵੀ।

ਅ. ਕਿਸੇ ਵਿਅਕਤੀ ਦੇ ਲੰਮੇ ਬਿਆਨ, ਵਿਚਾਰ, ਟੂਕ ਆਦਿ ਦੇ ਅਰੰਭ ਹੋਣ ਤੋਂ ਪਹਿਲਾਂ ਦੁਬਿੰਦੀ ਲਾਈ ਜਾਂਦੀ ਹੈ, ਜਿਵੇਂ : ਭਾਈ ਵੀਰ ਸਿੰਘ ਜੀ ਆਪਣੇ ਮਹਾਂ-ਕਾਵਿ, 'ਰਾਣਾ ਸੂਰਤ ਸਿੰਘ' ਦੀ ਉਥਾਨਕਾ ਵਿੱਚ ਲਿਖਦੇ ਹਨ :

ਪਤੀ ਦੇ ਚਲਾਣੇ ਮਗਰ ਤੋਂ ਲੈ ਕੇ ਸਤਿਸੰਗ ਦੀ ਪ੍ਰਾਪਤੀ ਤੱਕ ਦੀਆਂ ਦਰਦਨਾਕ ਘਟਨਾਵਾਂ ਅਤੇ ਰਾਣੀ ਦੇ ਤੀਬਰ ਵਿਰਲਾਪ ਦੇ ਸਮਾਚਾਰ ਪੁਸਤਕ ਵਿੱਚ ਹਨ।

ੲ. ਕਿਸੇ ਨਾਟਕੀ ਵਾਰਤਾਲਾਪ ਤੋਂ ਪਹਿਲਾਂ ਅਤੇ ਉਸ ਵਾਰਤਾਲਾਪ ਨੂੰ ਬੋਲਣ ਵਾਲ਼ੇ ਦੇ ਨਾਂ ਤੋਂ ਪਿੱਛੋਂ ਦੁਬਿੰਦੀ ਲਾਈ ਜਾਂਦੀ ਹੈ, ਜਿਵੇਂ :

ਮਾਸਟਰ ਜੀ : ਸੁਰਿੰਦਰ, ਤੂੰ ਅੱਜ ਦੇਰ ਨਾਲ਼ ਕਿਉਂ ਆਇਆ ਹੈਂ ?

ਸੁਰਿੰਦਰ : ਮਾਸਟਰ ਜੀ, ਮੇਰਾ ਸਾਈਕਲ ਪੰਚਰ ਹੋ ਗਿਆ ਸੀ।

ਮਾਸਟਰ ਜੀ : ਠੀਕ ਹੈ, ਜਾਓ ਬੈਠੋ।

ਸ. ਹਿੰਦਸਿਆਂ ਵਿੱਚ ਸਮੇਂ ਦੇ ਘੰਟੇ, ਮਿੰਟ ਦੱਸਣ ਲਈ ਦੁਬਿੰਦੀ ਵਰਤੀ ਜਾਂਦੀ ਹੈ, ਜਿਵੇਂ :

| | |
|---|---|
| ਜੰਞ ਦੀ ਪਹੁੰਚ | 8:15 ਸਵੇਰੇ |
| ਚਾਹ | 8:45 ਸਵੇਰੇ |
| ਅਨੰਦ-ਕਾਰਜ | 9:30 ਸਵੇਰੇ |

**ਦੁਬਿੰਦੀ ਡੈਸ਼ (:—) :** ਇਸ ਵਿਸਰਾਮ-ਚਿੰਨ੍ਹ ਦੀ ਵਰਤੋਂ ਲਗ-ਪਗ ਦੁਬਿੰਦੀ (ੳ, ਅ ਅਤੇ ੲ) ਵਾਲ਼ੀ ਹੀ ਹੈ।

**ਜੋੜਨੀ (-) :** ਜੋੜਨੀ ਦਾ ਅਰਥ ਹੈ ਜੋੜਨ ਵਾਲ਼ੀ। ਇਹ ਚਿੰਨ੍ਹ ਦੋ ਜਾਂ ਦੋ ਤੋਂ ਵੱਧ ਸ਼ਬਦਾਂ ਨੂੰ ਜੋੜ ਕੇ ਇੱਕ ਸ਼ਬਦ ਬਣਾਉਂਦਾ ਹੈ, ਜਿਵੇਂ : ਚਾਹ-ਪਾਣੀ, ਪੜ੍ਹਾਈ-ਲਿਖਾਈ ਆਦਿ।

ਜੋੜਨੀ ਦੀ ਵਰਤੋਂ ਦੀਆਂ ਕੁਝ ਉਦਾਹਰਨਾਂ ਇਸ ਪ੍ਰਕਾਰ ਹਨ :

ੳ. ਘਿਓ-ਖਿਚੜੀ, ਦਾਲ਼-ਫੁਲਕਾ, ਖਾਣ-ਪੀਣ, ਹੱਥ-ਪੈਰ। ਇਹਨਾਂ ਸ਼ਬਦਾਂ ਵਿੱਚ ਜੋੜਨੀ 'ਤੇ' ਜਾਂ 'ਅਤੇ' ਸ਼ਬਦਾਂ ਦਾ ਕੰਮ ਦਿੰਦੀ ਹੈ। ਨਾਲ਼ ਹੀ ਦੋ ਸ਼ਬਦਾਂ ਨੂੰ ਜੋੜਦੀ ਵੀ ਹੈ। ਜੋੜਨੀ ਤੋਂ ਬਿਨਾਂ ਇਹ ਸ਼ਬਦ ਇਸ ਤਰ੍ਹਾਂ ਲਿਖੇ ਜਾਣੇ ਸਨ :

ਘਿਓ ਤੇ ਖਿਚੜੀ, ਦਾਲ਼ ਤੇ ਫੁਲਕਾ, ਖਾਣ ਤੇ ਪੀਣ, ਹੱਥ ਤੇ ਪੈਰ।

ਅ. ਸ਼ਬਦ-ਜੋੜ, ਜਨਮ-ਮਿਤੀ, ਬੁੱਤ-ਪੂਜਾ, ਹੱਥ-ਘੜੀ ਜਿਹੇ ਸ਼ਬਦਾਂ ਵਿੱਚ ਜੋੜਨੀ 'ਦਾ', 'ਦੇ' ਜਾਂ 'ਦੀ' ਸੰਬੰਧਕ ਦਾ ਕੰਮ ਦਿੰਦੀ ਹੈ। ਜੋੜਨੀ ਨਾ ਲੱਗਣ ਦੀ ਹਾਲਤ ਵਿੱਚ ਇਹ ਸ਼ਬਦ ਇਸ ਤਰ੍ਹਾਂ ਲਿਖੇ ਜਾਣੇ ਸਨ : ਸ਼ਬਦ ਦੇ ਜੋੜ, ਜਨਮ ਦੀ ਮਿਤੀ, ਬੁੱਤ ਦੀ ਪੂਜਾ, ਹੱਥ ਦੀ ਘੜੀ।

ੲ. ਇੱਕੋ ਅਰਥ ਵਾਲ਼ੇ ਦੋ ਸ਼ਬਦਾਂ ਅਤੇ ਵਿਰੋਧੀ ਅਰਥਾਂ ਵਾਲ਼ੇ ਸ਼ਬਦਾਂ ਵਿਚਾਲ਼ੇ ਵੀ ਜੋੜਨੀ ਲੱਗਦੀ ਹੈ, ਜਿਵੇਂ :

ਸਾਧ-ਸੰਤ, ਲਾਲ-ਸੂਹਾ, ਕੰਮ-ਕਾਰ, ਚਿੱਟਾ-ਦੁੱਧ, ਰੋਟੀ-ਟੁੱਕ (ਇੱਕੋ ਅਰਥ ਵਾਲ਼ੇ ਸ਼ਬਦ), ਊਚ-ਨੀਚ, ਚੰਗਾ-ਮੰਦਾ, ਦੂਰ-ਨੇੜੇ, ਦੁੱਖ-ਸੁੱਖ, ਨਿੱਕਾ-ਮੋਟਾ (ਵਿਰੋਧੀ ਅਰਥ ਵਾਲ਼ੇ ਸ਼ਬਦ)।

ਸ. ਇੱਕ ਹੀ ਸ਼ਬਦ ਦੇ ਦੁਹਰਾਅ ਵਿਚਾਲ਼ੇ ਜੋੜਨੀ ਲੱਗਦੀ ਹੈ, ਜਿਵੇਂ :

1. ਦੋ-ਦੋ ਦੀਆਂ ਲਾਈਨਾਂ ਵਿੱਚ ਚੱਲੋ।
2. ਘਰ-ਘਰ ਜਾ ਕੇ ਸੱਦਾ-ਪੱਤਰ ਦਿਓ।

ਹ. ਸ਼ਬਦਾਂ ਦੇ ਅਜਿਹੇ ਜੋੜੇ ਜਿਨ੍ਹਾਂ ਵਿੱਚੋਂ ਇੱਕ ਨਿਰਾਰਥਕ ਹੋਵੇ, ਦੇ ਵਿਚਕਾਰ ਜੋੜਨੀ ਲੱਗਦੀ ਹੈ, ਜਿਵੇਂ : ਉਘੜ-ਦੁਘੜੇ, ਨੇੜੇ-ਤੇੜੇ, ਚਾਹ-ਚੂਹ, ਪਾਣੀ-ਧਾਣੀ, ਲਾਗੇ-ਚਾਗੇ ਆਦਿ।

**ਨੋਟ :** ਮੁੱਖ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਜੋੜਨੀ ਉਹਨਾਂ ਦੋ ਜਾਂ ਦੋ ਤੋਂ ਵੱਧ ਸ਼ਬਦਾਂ ਵਿਚਕਾਰ ਲੱਗਦੀ ਹੈ ਜਿਹੜੇ ਜੁੜ ਕੇ ਅਰਥ ਵਜੋਂ ਇੱਕ ਸ਼ਬਦ ਬਣਾਉਂਦੇ ਹਨ।

**ਛੁੱਟ-ਮਰੋੜੀ (') :** ਬਣਤਰ ਪੱਖੋਂ ਇਹ ਵਿਸਰਾਮ-ਚਿੰਨ੍ਹ ਇੱਕ ਕਾਮੇ ਵਾਂਗ ਹੀ ਹੈ। ਇਸ ਦੀ ਵਰਤੋਂ ਹੇਠ ਲਿਖੇ ਅਨੁਸਾਰ ਕੀਤੀ ਜਾਂਦੀ ਹੈ :

1. ਸੱਜਣ ਪੁਰਖ ਮੱਥੇ 'ਤੇ ਕਦੇ ਵੱਟ ਨਹੀਂ ਪਾਉਂਦੇ।
2. ਸਾਡੀ ਰਹਾਇਸ਼ ਖੇਤ 'ਚ ਹੀ ਹੈ।

**ਡੈਸ਼ (—) :** ਇਹ ਵਿਸਰਾਮ-ਚਿੰਨ੍ਹ ਵੇਖਣ ਨੂੰ ਜੋੜਨੀ ਜਿਹਾ ਹੈ ਪਰ ਇਹ ਲਮਾਈ ਵਿੱਚ ਜੋੜਨੀ ਤੋਂ ਕੁਝ ਵੱਡਾ ਹੁੰਦਾ ਹੈ। ਇਸ ਚਿੰਨ੍ਹ ਦੀ ਵਰਤੋਂ ਹੇਠ ਲਿਖੇ ਅਨੁਸਾਰ ਹੁੰਦੀ ਹੈ :

ੳ. ਲਿਖਦੇ ਹੋਏ ਵਾਕ ਦੇ ਅੱਧ ਵਿੱਚ ਹੀ ਅਚਾਨਕ ਕੋਈ ਹੋਰ ਗੱਲ ਵਿਆਖਿਆ ਵਜੋਂ ਜੋੜਨ ਦੀ ਲੋੜ ਅਨੁਭਵ ਹੋਵੇ ਤਦ ਡੈਸ਼ ਲਾ ਕੇ ਉਸ ਗੱਲ ਨੂੰ ਲਿਖਿਆ ਜਾਂਦਾ ਹੈ, ਜਿਵੇਂ :

1. ਇਹ ਸਮਾਧੀ ਸ਼ਹੀਦ ਭਗਤ ਸਿੰਘ—ਉਹ ਭਗਤ ਸਿੰਘ ਜਿਸ ਨੇ ਦੇਸ ਦੀ ਅਜ਼ਾਦੀ ਲਈ ਫਾਂਸੀ ਦਾ ਰੱਸਾ ਚੁੰਮ ਲਿਆ ਸੀ—ਦੀ ਯਾਦ ਵਿੱਚ ਬਣਾਈ ਗਈ ਹੈ।
2. ਇਹਨਾਂ ਖੇਤਾਂ ਵਿੱਚ ਕੋਈ ਵੀ ਫ਼ਸਲ ਮੱਕੀ, ਕਮਾਦ, ਮਿਰਚਾਂ—ਜੋ ਵੀ ਬੀਜੀ ਜਾਵੇ—ਬੇਅੰਤ ਹੁੰਦੀ ਹੈ।

ਅ. ਜਦੋਂ ਲਿਖਤ ਵਿੱਚ ਭਾਵ ਪ੍ਰਧਾਨ ਹੋਵੇ ਤਦ ਸ਼ਬਦਾਂ, ਵਾਕਾਂਸ਼ਾਂ ਤੇ ਉਪਵਾਕਾਂ ਵਿਚਕਾਰ ਡੈਸ਼ ਲਾ ਕੇ ਹੀ ਰਚਨਾ ਦੇ ਵਿਆਕਰਨਿਕ ਕ੍ਰਮ ਨੂੰ ਠੀਕ ਰੱਖਿਆ ਜਾਂਦਾ ਹੈ, ਜਿਵੇਂ:

ਬੱਦਲ਼ ਆ ਰਹੇ ਹਨ—ਕਾਲ਼ੇ, ਮਸਤ ਹਾਥੀਆਂ ਵਾਂਗ ਝੂੰਮਦੇ—ਦੂਰ ਸਮੁੰਦਰਾਂ ਦੇ ਪਾਣੀਆਂ ਨੂੰ ਮਾਸ਼ਕੀਆਂ ਵਾਂਗ ਚੁੱਕੀ ਆਉਂਦੇ, ਪਤਾ ਨਹੀਂ ਕਿੱਥੇ ਵਰ੍ਹ ਪੈਣਗੇ—ਚਿਰਾਂ ਤੋਂ ਤਪਦੀ ਧਰਤੀ ਨੂੰ ਠਾਰਨ ਲਈ, ਉਸ ਦੀ ਕਾਇਆਂ-ਕਲਪ ਕਰਨ ਲਈ—ਹਾਂ, ਇਹ ਕਾਲ਼ੇ ਬੱਦਲ਼ ਆ ਰਹੇ ਹਨ।

ੲ. ਕਈ ਵਾਰੀ ਅਤਿ ਜਜ਼ਬਾਤੀ ਹਾਲਾਤ ਵਿੱਚ ਪੂਰੇ ਵਾਕ ਨਹੀਂ ਬੋਲੇ ਜਾਂਦੇ ਸਗੋਂ ਅਧੂਰੇ ਜਾਂ ਟੁੱਟਵੇਂ ਸ਼ਬਦ ਹੀ ਬੋਲੇ ਜਾਂਦੇ ਹਨ। ਲਿਖਤ ਵਿੱਚ ਇਹਨਾਂ ਬਿਖਰੇ ਸ਼ਬਦਾਂ ਦੇ ਵਿਚਕਾਰ ਡੈਸ਼ ਲਾਈ ਜਾਂਦੀ ਹੈ, ਜਿਵੇਂ :

ਮੇ—ਮੇ—ਰੀ—ਮਾਂ—ਨੂੰ—ਬ—ਬੁਲਾ—ਦਿਓ।

**ਬਿੰਦੀ (.) :** ਪੰਜਾਬੀ ਵਿੱਚ ਇਸ ਵਿਸਰਾਮ-ਚਿੰਨ੍ਹ ਦੀ ਵਰਤੋਂ ਏਨੀ ਨਹੀਂ ਹੁੰਦੀ। ਇਸ ਦੀ ਵਰਤੋਂ ਦੇ ਕੁਝ ਨਿਯਮ ਹੇਠ ਲਿਖੇ ਅਨੁਸਾਰ ਹਨ :

ਸੰਖੇਪ ਵਿੱਚ ਲਿਖੇ ਖ਼ਿਤਾਬਾਂ ਤੇ ਡਿਗਰੀਆਂ ਆਦਿ ਦੇ ਨਾਂ ਲਿਖਣ ਵੇਲ਼ੇ ਬਿੰਦੀ ਦੀ ਵਰਤੋਂ ਹੁੰਦੀ ਹੈ, ਜਿਵੇਂ : ਐੱਮ.ਬੀ.ਬੀ.ਐੱਸ.,ਐੱਮ.ਐੱਲ.ਏ., ਐੱਮ.ਪੀ., ਪੀ-ਐਚ. ਡੀ., ਬੀ.ਐੱਸ-ਸੀ., ਆਈ.ਏ. ਐੱਸ. ਆਦਿ।

## ਅਭਿਆਸ

1. ਵਿਸਰਾਮ-ਚਿੰਨ੍ਹ ਦੀ ਵਰਤੋਂ ਕਿਉਂ ਕੀਤੀ ਜਾਂਦੀ ਹੈ ?
2. ਹੇਠ ਲਿਖੇ ਵਿਸਰਾਮ-ਚਿੰਨ੍ਹ ਕਦੋਂ ਵਰਤੇ ਜਾਂਦੇ ਹਨ, ਉਦਾਹਰਨਾਂ ਸਹਿਤ ਦੱਸੋ :

   ਵਿਸਮਕ-ਚਿੰਨ੍ਹ (!)

   ਪ੍ਰਸ਼ਨ-ਚਿੰਨ੍ਹ (?)

   ਡੰਡੀ (।)
3. ਲੁੜੀਂਦੇ ਵਿਸਰਾਮ-ਚਿੰਨ੍ਹ ਲਾਓ :
   - ੳ. ਇੱਕ ਸਿੱਖ ਨੇ ਆ ਕੇ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ ਪਾਤਸ਼ਾਹ ਮੈਂ ਬਾਣੀ ਤਾਂ ਹਰ ਰੋਜ਼ ਪੜ੍ਹਦਾ ਹਾਂ ਸਿਮਰਨ ਵੀ ਕਰਨ ਦਾ ਜਤਨ ਕਰਦਾ ਰਹਿੰਦਾ ਹਾਂ ਪਰ ਮਨ ਫਿਰ ਵੀ ਭਟਕਦਾ ਫਿਰਦਾ ਹੈ ਅਜੇ ਤੱਕ ਸ਼ਾਂਤੀ ਨਹੀਂ ਮਿਲ਼ੀ
   - ਅ. ਸ਼ਾਮ ਨੂੰ ਮਹਿੰਦਰ ਸਕੂਲੋਂ ਆਇਆ ਤਾਂ ਸਵਰਨੋ ਨੇ ਦੂਰੋਂ ਵੇਖ ਕੇ ਆਖਿਆ ਮ੍ਹਿੰਦਰ ਕੀ ਲਿਆਇਆ ਏਂ ਮੁੰਡੇ ਵਾਸਤੇ ਉਹਦਾ ਤਾਂ ਦਾਰ ਜੀ ਦਾਰ ਜੀ ਕਰਦੇ ਦਾ ਮੂੰਹ ਵੀ ਸੁੱਕ ਗਿਆ ਏ
   - ੲ. ਅਕਲ ਕਰ ਓਏ ਇੰਦਰਾ ਕਿਉਂ ਇੱਥੋਂ ਘਰ ਉਜਾੜਦੇ ਜੇ ਕਿਉਂ ਸਾਰੀ ਸ਼ਰੀਕਾਂ ਦੇ ਸਾਂਭਣ ਜੋਗੀ ਛੱਡਦੇ ਜੇ ਸੰਤਾ ਸਿੰਘ ਨੇ ਦੋਵੇਂ ਬਾਂਹੀਂ ਉੱਚੀਆਂ ਚੁੱਕ ਕੇ ਕਿਹਾ ਰੌਲ਼ਾ ਸੁਣ ਕੇ ਉਹ ਰੋਟੀ ਖਾਂਦਾ ਵਿੱਚੇ ਛੱਡ ਕੇ ਏਧਰ ਨੂੰ ਭੱਜ ਉੱਠਾ ਸੀ
   - ਸ. ਕੀ ਹੋਇਆ ਕੁੜੇ ਕਹਿੰਦੀ ਹੋਈ ਭੂਆ ਆਪਣੀ ਡੰਗੋਰੀ ਖੜਕਾਉਂਦੀ ਹੋਈ ਮੇਰੇ ਪਾਸ ਆ ਪੁੱਜੀ ਕੁਝ ਨਹੀਂ ਦੁੱਧ ਡੁੱਲ੍ਹ ਗਿਆ ਏ ਨੂੰਹ ਨੇ ਸ਼ਰਮਿੰਦਗੀ ਭਰੀ ਅਵਾਜ਼ ਵਿੱਚ ਕਿਹਾ
   - ਹ. ਉਹਨਾਂ ਨੇ ਆਪਣੀ ਪਤਨੀ ਨੂੰ ਅਵਾਜ਼ ਦਿੱਤੀ ਭਾਗੋ ਜੀ ਸੈਲਾਨੀ ਪਰਿਵਾਰ ਆਇਆ ਹੈ ਇਹਨਾਂ ਲਈ ਚਾਹ ਤਿਆਰ ਕਰੋ ਇੱਕ ਬਿਰਧ ਪਰ ਨਰੋਏ ਸਰੀਰ ਦੀ ਹਸੂੰ ਹਸੂੰ ਕਰਦੀ ਬੀਬੀ ਬਾਹਰ ਆਈ ਤੇ ਕਹਿਣ ਲੱਗੀ ਆਪਣੇ ਘਰ ਸੱਜਣ ਆਉਣ ਤਾਂ ਕਿਉਂ ਨਾ ਚਾਹ ਪਿਆਈਏ ਚਾਹ ਹੁਣੇ ਛਿਣਾਂ ਪਲਾਂ ਚ ਤਿਆਰ ਹੋ ਜਾਂਦੀ ਹੈ।
   - ਕ. ਕਿਤਾਬਾਂ ਦੀ ਦੁਕਾਨ ਚ ਵੜਦਿਆਂ ਦੁਕਾਨ ਵਾਲ਼ੇ ਨੂੰ ਸੰਬੋਧਨ ਹੋ ਕੇ ਯੁਵੀ ਬੋਲਿਆ ਅੰਕਲ ਉਹ ਉੱਡਣਾ ਸਿੱਖ ਮਿਲਖਾ ਸਿੰਘ ਕਿਤਾਬ ਕਿਤਿਓਂ ਮਿਲ਼ੀ ਕਿ ਨਹੀਂ ਮੈਂ ਪਿਛਲੀ ਵਾਰ ਵੀ ਤੁਹਾਨੂੰ ਕਿਹਾ ਸੀ ਕਿ ਮੰਗਵਾ ਦਿਓ ਯਾਦ ਨਹੀਂ ਰਿਹਾ ਮੈਂ ਐਸ ਹਫ਼ਤੇ ਹੀ ਮੰਗਵਾ ਦਿਆਂਗਾ ਡਾਇਰੀ ਚ ਨੋਟ ਕਰ ਲੈਂਦਾ ਹਾਂ
4. ਹੇਠ ਲਿਖੇ ਵਾਕਾਂ ਨੂੰ ਲੁੜੀਂਦੇ ਵਿਸਰਾਮ-ਚਿੰਨ੍ਹ ਲਾਓ :
   - ੳ. ਹਾਏ ਮੇਰੀਆਂ ਸਾਰੀਆਂ ਆਸਾਂ ਤੇ ਪਾਣੀ ਫਿਰ ਗਿਆ
   - ਅ. ਵਿਦਿਆਰਥੀਓ ਜਿਵੇਂ ਕਿ ਮੈਂ ਪਹਿਲਾਂ ਕਈ ਵਾਰੀ ਕਿਹਾ ਹੈ ਸਖ਼ਤ ਮਿਹਨਤ ਚੰਗੇ ਆਚਰਨ ਦੀ ਬੁਨਿਆਦ ਬਣਦੀ ਹੈ
   - ੲ. ਨਾਵਲ ਇੱਕ ਹੋਰ ਨਵਾਂ ਸਾਲ ਜੋ ਕਿ ਨਰਿੰਜਨ ਤਸਨੀਮ ਦਾ ਲਿਖਿਆ ਹੋਇਆ ਹੈ ਪੰਜਾਬੀ ਦੇ ਕੋਰਸ ਵਿੱਚ ਲੱਗਿਆ ਹੋਇਆ ਹੈ
   - ਸ. ਰੋਟੀ ਟੁੱਕ ਤਿਆਰ ਕਰਨ ਚ ਹੋਰ ਕਿੰਨਾ ਸਮਾਂ ਲੱਗੇਗਾ
   - ਹ. ਅੱਛਾ ਤਾਂ ਤੇਰੇ ਮਾਤਾ ਜੀ ਵੀ ਐੱਮ ਏ ਹਨ

* * *

## ਅਧਿਆਇ—ਨੌਂ

# ਪੰਜਾਬੀ ਸ਼ਬਦ-ਜੋੜ

ਪੰਜਾਬੀ ਪੰਜਾਬ ਦੀ ਰਾਜ-ਭਾਸ਼ਾ ਹੈ। ਰਾਜ-ਪ੍ਰਬੰਧ ਲਈ, ਸਿੱਖਿਆ-ਸੰਸਥਾਵਾਂ ਵਿੱਚ ਸਿੱਖਿਆ ਦੇ ਮਾਧਿਅਮ ਲਈ ਅਤੇ ਇਸ ਪ੍ਰਕਾਰ ਦੇ ਹੋਰ ਬਹੁਮੁਖੀ ਕਾਰਜਾਂ ਲਈ ਪਿਛਲੇ ਕੁਝ ਸਮੇਂ ਤੋਂ ਪੰਜਾਬੀ ਦੀ ਵਰਤੋਂ ਹੋ ਰਹੀ ਹੈ। ਇਸ ਲਈ ਜਿੱਥੇ ਪੰਜਾਬੀ ਵਿੱਚ ਵੱਖ-ਵੱਖ ਖੇਤਰਾਂ ਅਤੇ ਵਿਸ਼ਿਆਂ ਲਈ ਤਕਨੀਕੀ ਸ਼ਬਦਾਵਲੀ ਨਿਰਧਾਰਿਤ ਕਰਨ ਦੀ ਲੋੜ ਅਨੁਭਵ ਹੋਈ, ਉੱਥੇ ਪੰਜਾਬੀ ਸ਼ਬਦ-ਜੋੜਾਂ ਨੂੰ ਪ੍ਰਮਾਣਿਕ ਬਣਾਉਣਾ ਵੀ ਜ਼ਰੂਰੀ ਹੋ ਗਿਆ।

ਪੰਜਾਬੀ ਸ਼ਬਦ-ਜੋੜਾਂ ਦੀ ਪ੍ਰਮਾਣਿਕਤਾ ਲਈ ਵੱਖ-ਵੱਖ ਵਿਅਕਤੀਆਂ ਅਤੇ ਸੰਸਥਾਵਾਂ ਵੱਲੋਂ ਸਮੇਂ-ਸਮੇਂ ਕੰਮ ਹੋਇਆ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ ਵਿੱਚ ਤਾਂ ਇਸ ਕਾਰਜ ਲਈ ਇੱਕ 'ਸ਼ਬਦ-ਜੋੜ ਕੋਸ਼' ਸੈੱਲ ਬਣਾਇਆ ਗਿਆ ਸੀ। ਇਸ ਸੈੱਲ ਵੱਲੋਂ 'ਪੰਜਾਬੀ ਸ਼ਬਦ-ਰੂਪ ਅਤੇ ਸ਼ਬਦ-ਜੋੜ ਕੋਸ਼' ਛਾਪਿਆ ਗਿਆ ਹੈ। ਇਸ ਵਿੱਚ ਸ਼ਬਦ-ਜੋੜਾਂ ਸੰਬੰਧੀ ਕੁਝ ਨਿਯਮ ਦਿੱਤੇ ਹੋਏ ਹਨ। ਪੰਜਾਬੀ ਸ਼ਬਦ-ਜੋੜਾਂ ਬਾਰੇ ਇਸ ਅਧਿਆਇ ਵਿੱਚ ਮੁੱਖ ਤੌਰ 'ਤੇ ਇਹਨਾਂ ਨਿਯਮਾਂ ਨੂੰ ਹੀ ਆਧਾਰ ਬਣਾਇਆ ਗਿਆ ਹੈ।

ਵਿਦਿਆਰਥੀਆਂ ਲਈ ਠੀਕ ਸ਼ਬਦ-ਜੋੜਾਂ ਦੀ ਵਰਤੋਂ ਕਰਨੀ ਬਹੁਤ ਜ਼ਰੂਰੀ ਹੈ। ਇਸ ਨਾਲ਼ ਜਿੱਥੇ ਕਿਸੇ ਸ਼ਬਦ ਦੇ ਅਰਥਾਂ ਬਾਰੇ ਟਪਲ਼ਾ ਲੱਗਣ ਤੋਂ ਬਚਾਅ ਹੁੰਦਾ ਹੈ ਅਤੇ ਲਿਖਤ ਪੜ੍ਹਨੀ ਸੁਖਾਲ਼ੀ ਹੁੰਦੀ ਹੈ, ਉੱਥੇ ਲਿਖਤ ਦਾ ਸਮੁੱਚਾ ਪ੍ਰਭਾਵ ਵੀ ਚੰਗਾ ਪੈਂਦਾ ਹੈ।

ਇਹ ਧਿਆਨ ਰਹੇ ਕਿ ਪੰਜਾਬੀ ਦੇ ਉਹ ਸਾਰੇ ਸ਼ਬਦ ਜਿਨ੍ਹਾਂ ਦੇ ਜੋੜਾਂ ਬਾਰੇ ਸ਼ੰਕਾ ਹੋ ਸਕਦਾ ਹੈ, ਇਸ ਪਾਠ-ਪੁਸਤਕ ਵਿੱਚ ਦੇਣੇ ਸੰਭਵ ਨਹੀਂ ਹਨ। ਇਹ ਪੂਰੇ ਕੋਸ਼ ਦਾ ਕੰਮ ਹੈ। ਦੂਜਾ ਪੰਜਾਬੀ ਦੇ ਸਾਰੇ ਸ਼ਬਦ-ਜੋੜਾਂ ਦੀ ਪ੍ਰਮਾਣਿਕਤਾ ਅਜੇ ਨਹੀਂ ਹੋਈ। ਹੇਠਾਂ ਪੰਜਾਬੀ ਦੇ ਕੁਝ ਸ਼ਬਦਾਂ ਦੇ ਭੁਲੇਖਾ ਪੈਣ ਵਾਲ਼ੇ ਸ਼ਬਦ-ਜੋੜ ਦਿੱਤੇ ਹਨ। ਨਾਲ਼ ਹੀ ਹਰ ਵਰਗ ਦੇ ਠੀਕ ਸ਼ਬਦ-ਜੋੜਾਂ ਪਿੱਛੇ ਕੰਮ ਕਰਦਾ ਸਿਧਾਂਤ ਦਿੱਤਾ ਹੈ।

ੳ. ਜੇ ਕਿਸੇ ਸ਼ਬਦ ਦੇ ਅਰੰਭ ਵਿੱਚ ਐ ( ੈ) ਧੁਨੀ ਆਉਂਦੀ ਹੋਵੇ ਤਾਂ ਪਹਿਲੇ ਅੱਖਰ ਉੱਤੇ ਦੁਲਾਵਾਂ ਦੀ ਲਗ ਲੱਗਦੀ ਹੈ, ਪਰ ਜੇ ਇਹਨਾਂ ਸ਼ਬਦਾਂ ਵਿੱਚ ਹਾਹੇ ਤੋਂ ਪਹਿਲਾਂ ਏ ( ੇ) ਜਾਂ ( ੈ) ਦੀ ਧੁਨੀ ਆਉਂਦੀ ਹੈ ਤਾਂ ਇਹਨਾਂ ਦੇ ਸ਼ਬਦ-ਜੋੜਾਂ ਸੰਬੰਧੀ ਨਿਯਮ ਅੱਗੇ ਲਿਖੇ ਅਨੁਸਾਰ ਹਨ :

1. ਜਿਸ ਸ਼ਬਦ ਵਿੱਚ ਹਾਹੇ ਤੋਂ ਪਹਿਲਾਂ ਏ ( ੇ) ਧੁਨੀ ਹੋਵੇ ਤਾਂ ਹਾਹੇ ਤੋਂ ਪਹਿਲੇ ਅੱਖਰ ਨੂੰ ਲਾਂ ( ੇ) ਦੀ ਥਾਂ ਸਿਹਾਰੀ (ਿ ) ਲਾਈ ਜਾਂਦੀ ਹੈ, ਜਿਵੇਂ : ਸਿਹਤ, ਕਿਹੜਾ, ਚਿਹਰਾ, ਮਿਹਣਾ, ਮਿਹਰ, ਵਿਹਲਾ, ਵਿਹੜਾ, ਮਿਹਨਤ, ਮਿਹਰਬਾਨ ਆਦਿ।

**ਨੋਟ :** ਜੇ ਸ਼ਬਦ ਦੇ ਅੰਤ ਵਿੱਚ ਹਾਹਾ ਆਵੇ ਤਾਂ ਉਹਨਾਂ ਅੱਖਰਾਂ ਨੂੰ ਲਾਂ ( ੇ) ਹੀ ਲੱਗੇਗੀ, ਜਿਵੇਂ : ਸੇਹ, ਖੇਹ, ਰੇਹ। ਪਰ 'ਇਹ' ਸ਼ਬਦ ਦੇ ਸ਼ਬਦ-ਜੋੜ ਸਿਹਾਰੀ ਨਾਲ਼ ਹੀ ਪ੍ਰਚਲਿਤ ਹੋ ਚੁੱਕੇ ਹਨ, ਇਸ ਲਈ ਇਹ ਸ਼ਬਦ-ਜੋੜ ਸਿਹਾਰੀ ਵਾਲ਼ੇ ਹੀ ਠੀਕ ਮੰਨੇ ਗਏ ਹਨ।

2. ਜਿਸ ਸ਼ਬਦ ਵਿੱਚ ਹਾਹੇ ਤੋਂ ਪਹਿਲਾਂ ਐ ( ੈ) ਧੁਨੀ ਹੋਵੇ, ਉੱਥੇ ਹਾਹੇ ਤੋਂ ਪਹਿਲਾ ਅੱਖਰ ਤਾਂ ਮੁਕਤਾ ਹੀ ਰਹਿੰਦਾ ਹੈ ਪਰ ਹਾਹੇ ਨੂੰ ਸਿਹਾਰੀ ਲੱਗਦੀ ਹੈ, ਜਿਵੇਂ : ਸ਼ਹਿਰ, ਸ਼ਹਿਦ, ਨਹਿਰ, ਠਹਿਰ, ਪਹਿਰ, ਮਹਿਲ, ਸੁਨਹਿਰਾ, ਕਚਹਿਰੀ, ਠਹਿਰਨਾ, ਦੁਪਹਿਰ, ਦਸਹਿਰਾ ਆਦਿ।

3. ਜੇ ਸ਼ਬਦ ਵਿੱਚ ਹਾਹੇ ਤੋਂ ਪਹਿਲਾਂ ਔ ( ੌ) ਧੁਨੀ ਹੋਵੇ ਤਾਂ ਉਹ ਅੱਖਰ ਮੁਕਤਾ ਰਹਿੰਦਾ ਹੈ ਪਰ ਹਾਹੇ ਨੂੰ ਔਂਕੜ ( ੁ) ਲਾਈ ਜਾਂਦੀ ਹੈ, ਜਿਵੇਂ : ਸਹੁਰਾ, ਚਹੁਰਾ, ਬਹੁਤਾ, ਵਹੁਟੀ ਆਦਿ।

4. ਜਿਸ ਸ਼ਬਦ ਵਿਚ ਹਾਹੇ ਤੋਂ ਪਹਿਲਾਂ ਓ ( ੋ) ਧੁਨੀ ਹੋਵੇ, ਉਸ ਅਵਸਥਾ ਵਿਚ ਹਾਹਾ ਮੁਕਤਾ ਰਹੇਗਾ, ਜਿਵੇਂ : ਖੋਹ, ਮੋਹ, ਲੋਹ ਆਦਿ।

ਅ. ਨ ਦੀ ਵਰਤੋਂ : ਪੰਜਾਬੀ ਵਿੱਚ 'ਰ', 'ਲ਼', 'ਣ' ਤੇ 'ੜ' ਪਿੱਛੇ ਜੇ ਧੁਨੀ ਨਾਸਿਕੀ ਹੋਵੇ ਤਾਂ 'ਨ' ਆਉਂਦਾ ਹੈ, ਜਿਵੇਂ :

'ਰ' ਵਾਲ਼ੇ ਸ਼ਬਦ :

ਸਧਾਰਨ, ਵਿਆਕਰਨ, ਭਿਖਾਰਨ, ਹਿਰਨ, ਕਿਰਨ, ਕਾਰਨ ਆਦਿ। (ਕੇਵਲ 'ਰਣ' ਸ਼ਬਦ ਨੂੰ ਛੱਡ ਕੇ)।

'ਲ਼' ਵਾਲ਼ੇ ਸ਼ਬਦ : ਗਲ਼ਨਾ, ਮਲ਼ਨਾ, ਟਲ਼ਨਾ, ਸੰਭਲ਼ਨਾ ਆਦਿ।

'ੜ' ਵਾਲ਼ੇ ਸ਼ਬਦ : ਪੜ੍ਹਨਾ, ਮੁੜਨਾ, ਲੜਨਾ ਆਦਿ।

'ਣ' ਵਾਲ਼ੇ ਸ਼ਬਦ : ਗਿਣਨਾ, ਸੁਣਨਾ, ਚੁਣਨਾ, ਮਿਣਨਾ, ਜਾਣਨਾ, ਛਾਣਨਾ, ਮਾਣਨਾ ਆਦਿ।

ੲ. ਕੁਝ ਸ਼ਬਦਾਂ ਦੇ ਵਿਸ਼ੇਸ਼ਣ ਬਣਾਉਣ ਵੇਲ਼ੇ ਅੰਤ ਵਿੱਚ 'ਕ' ਲਾਇਆ ਜਾਂਦਾ ਹੈ ਪਰ ਨਾਲ਼ ਹੀ ਉਸ ਤੋਂ ਪਹਿਲੇ ਅੱਖਰ ਨੂੰ ਸਿਹਾਰੀ ਲਾਈ ਜਾਂਦੀ ਹੈ, ਜਿਵੇਂ : ਇਤਿਹਾਸ ਤੋਂ ਇਤਿਹਾਸਿਕ, ਸਪਤਾਹ ਤੋਂ ਸਪਤਾਹਿਕ, ਸਮਾਜ ਤੋਂ ਸਮਾਜਿਕ, ਸਾਹਿਤ ਤੋਂ ਸਾਹਿਤਿਕ, ਭੂਗੋਲ ਤੋਂ ਭੂਗੋਲਿਕ, ਵਿਗਿਆਨ ਤੋਂ ਵਿਗਿਆਨਿਕ ਆਦਿ।

**ਨੋਟ 1.** ਉਪਰੋਕਤ ਅਨੁਸਾਰ ਕੁਝ ਸ਼ਬਦਾਂ ਦੇ ਵਿਸ਼ੇਸ਼ਣ ਬਣਾਉਂਦੇ ਹੋਏ ਪਹਿਲੇ ਅੱਖਰ ਨਾਲ਼ ਦੀਰਘ ਮਾਤਰਾ ਲੱਗ ਜਾਂਦੀ ਹੈ, ਜਿਵੇਂ :

| **ਅਰਥ** | **ਆਰਥਿਕ** |
|---|---|
| ਸ਼ਬਦ | ਸ਼ਾਬਦਿਕ |
| ਦਿਨ | ਦੈਨਿਕ |
| ਧਰਮ | ਧਾਰਮਿਕ |
| ਬੁੱਧੀ | ਬੌਧਿਕ |
| ਵਰਸ਼ | ਵਾਰਸ਼ਿਕ |

**ਨੋਟ 2.** ਜੇ ਕ-ਅੰਤਿਕ ਸ਼ਬਦ ਕਰਤਰੀ-ਨਾਂਵ ਹੋਵੇ ਤਾਂ ਉੱਪਰ ਦਿੱਤੇ ਨਿਯਮ ਵਾਲ਼ੀ ਸਿਹਾਰੀ ਨਹੀਂ ਲੱਗਦੀ, ਜਿਵੇਂ: ਸੰਪਾਦਕ, ਚਾਲਕ, ਵਾਚਕ, ਲੇਖਕ, ਆਲੋਚਕ, ਪਾਠਕ, ਦਰਸ਼ਕ ਆਦਿ।

ਸ. ਕੁਝ ਸ਼ਬਦਾਂ ਦੇ ਮੂਲ ਰੂਪ ਵਿੱਚ ਅੰਤਲੇ ਅੱਖਰ ਤੋਂ ਪਹਿਲੇ ਅੱਖਰ ਨਾਲ਼ ਆਉਂਦੀ ਸਿਹਾਰੀ ਜਾਂ ਔਂਕੜ ਇਹਨਾਂ ਸ਼ਬਦਾਂ ਦੇ ਅਜੋਕੇ ਪੰਜਾਬੀ ਰੂਪ ਵਿੱਚ ਨਹੀਂ ਵਰਤੀ ਜਾਂਦੀ। ਅਜਿਹੇ ਕੁਝ ਸ਼ਬਦ ਇਸ ਪ੍ਰਕਾਰ ਹਨ :

| **ਮੂਲ ਰੂਪ** | **ਪੰਜਾਬੀ ਰੂਪ** |
|---|---|
| ਸ਼ਾਮਿਲ | ਸ਼ਾਮਲ |
| ਸਾਬਿਤ | ਸਾਬਤ |
| ਹਾਸਿਲ | ਹਾਸਲ |
| ਹਾਕਿਮ | ਹਾਕਮ |
| ਕਾਤਿਲ | ਕਾਤਲ |
| ਖ਼ਾਤਿਰ | ਖ਼ਾਤਰ |
| ਖ਼ਾਲਿਸ | ਖ਼ਾਲਸ |
| ਪੰਡਿਤ | ਪੰਡਤ |
| ਮਾਹਿਰ | ਮਾਹਰ |
| ਮਾਲਿਕ | ਮਾਲਕ |
| ਵਾਰਿਸ | ਵਾਰਸ |
| ਜ਼ਾਹਿਰ | ਜ਼ਾਹਰ |
| ਜ਼ਾਲਿਮ | ਜ਼ਾਲਮ |
| ਕਠਿਨ | ਕਠਨ |
| ਮੰਦਿਰ | ਮੰਦਰ |

| ਮੂਲ ਰੂਪ | ਪੰਜਾਬੀ ਰੂਪ |
|---|---|
| ਵਣਿਜ | ਵਣਜ |
| ਚਤੁਰ | ਚਤਰ |
| ਠਾਕੁਰ | ਠਾਕਰ |
| ਭਾਵੁਕ | ਭਾਵਕ |

ਹ. ਕੁਝ ਸ਼ਬਦ ਅਜਿਹੇ ਹਨ ਜਿਨ੍ਹਾਂ ਦੇ ਮੂਲ ਵਿੱਚ ਅੰਤਲੇ ਵਿਅੰਜਨ ਨੂੰ ਸਿਹਾਰੀ ਜਾਂ ਔਂਕੜ ਲੱਗਦਾ ਹੈ, ਅਜੋਕੀ ਪੰਜਾਬੀ ਵਿੱਚ ਇਹਨਾਂ ਸ਼ਬਦਾਂ ਦੇ ਅੰਤ ਵਿੱਚ ਇਹ ਮਾਤਰਾਵਾਂ ਜਾਂ ਤਾਂ ਲੋਪ ਹੋ ਜਾਂਦੀਆਂ ਹਨ ਜਾਂ ਇਹਨਾਂ ਦੀ ਥਾਂ ਬਿਹਾਰੀ ਜਾਂ ਦੁਲੈਂਕੜ ਲੱਗਦਾ ਹੈ, ਜਿਵੇਂ : ਉੱਨਤੀ, ਸ੍ਰਿਸ਼ਟੀ, ਕ੍ਰਾਂਤੀ, ਜਾਤੀ (ਜਾਂ ਜਾਤ), ਦ੍ਰਿਸ਼ਟੀ, ਪੁਸ਼ਟੀ, ਬੁੱਧੀ, ਭਗਤੀ, ਭੂਮੀ, ਵਿਅਕਤੀ, ਰਿਸ਼ੀ, ਸਾਧੂ, ਗੁਰੂ, ਪਸੂ ਆਦਿ।

ਕ. ਦੋ ਤੋਂ ਵੱਧ ਅੱਖਰਾਂ ਵਾਲ਼ੇ ਕੁਝ ਸ਼ਬਦਾਂ ਦੇ ਮੂਲ ਰੂਪ ਵਿੱਚ ਪਹਿਲੇ ਦੋ ਅੱਖਰਾਂ ਨਾਲ਼ ਦੀਰਘ ਮਾਤਰਾਵਾਂ ਲੱਗਦੀਆਂ ਹਨ। ਇਹਨਾਂ ਸ਼ਬਦਾਂ ਦੇ ਅਜੋਕੇ ਪੰਜਾਬੀ ਰੂਪ ਵਿੱਚ ਦੋਂਹਾਂ ਵਿੱਚੋਂ ਇੱਕ ਦੀਰਘ ਮਾਤਰਾ ਹੀ ਰਹਿ ਜਾਂਦੀ ਹੈ। ਦੂਜੀ ਦੀਰਘ ਮਾਤਰਾ ਜਾਂ ਤਾਂ ਲੋਪ ਹੋ ਜਾਂਦੀ ਹੈ ਜਾਂ ਲਘੂ ਮਾਤਰਾ ਵਿੱਚ ਬਦਲ ਜਾਂਦੀ ਹੈ, ਜਿਵੇਂ :

| ਮੂਲ ਰੂਪ | ਪੰਜਾਬੀ ਰੂਪ |
|---|---|
| ਆਸਾਨ | ਅਸਾਨ |
| ਆਬਾਦੀ | ਅਬਾਦੀ |
| ਆਕਾਸ਼ | ਅਕਾਸ਼ |
| ਆਚਾਰੀਆ | ਅਚਾਰੀਆ |
| ਆਜ਼ਾਦ | ਅਜ਼ਾਦ |
| ਕਾਨੂੰਨ | ਕਨੂੰਨ |
| ਆਰਾਮ | ਅਰਾਮ |
| ਆਵਾਜ਼ | ਅਵਾਜ਼ |
| ਈਮਾਨਦਾਰ | ਇਮਾਨਦਾਰ |
| ਸਾਧਾਰਨ | ਸਧਾਰਨ |
| ਸਾਮਾਨ | ਸਮਾਨ |
| ਸਾਮਾਜਿਕ | ਸਮਾਜਿਕ |
| ਸਾਲਾਨਾ | ਸਲਾਨਾ |
| ਚਾਲਾਕ | ਚਲਾਕ |
| ਜਾਸੂਸ | ਜਸੂਸ |
| ਜਾਗੀਰ | ਜਗੀਰ |
| ਡੂੰਘਾਈ | ਡੂੰਘਾਈ |
| ਤੂਫ਼ਾਨ | ਤੁਫ਼ਾਨ |
| ਨਾਰਾਜ਼ | ਨਰਾਜ਼ |
| ਪਾਤਾਲ਼ | ਪਤਾਲ਼ |
| ਪਾਜਾਮਾ | ਪਜਾਮਾ |
| ਬਾਗ਼ੀਚਾ | ਬਗ਼ੀਚਾ |
| ਬਾਜ਼ਾਰ | ਬਜ਼ਾਰ |
| ਦੀਵਾਲ਼ੀ | ਦਿਵਾਲ਼ੀ |
| ਬਾਦਾਮ | ਬਦਾਮ |

| | |
|---|---|
| ਬਾਰੀਕ | ਬਰੀਕ |
| ਬੀਮਾਰੀ | ਬਿਮਾਰੀ |
| ਭੂਚਾਲ਼ | ਭੁਚਾਲ਼ |
| ਮਾਸੂਮ | ਮਸੂਮ |
| ਰਾਸਾਇਣ | ਰਸਾਇਣ |
| ਰਾਸਤਾ | ਰਸਤਾ |

ਕੁਝ ਸ਼ਬਦਾਂ ਦਾ ਮੂਲ ਰੂਪ ਵੀ ਪੰਜਾਬੀ ਵਿੱਚ ਯੋਗ ਮੰਨਿਆ ਜਾਂਦਾ ਹੈ, ਜਿਵੇਂ : ਆਕਾਰ, ਆਚਾਰ, ਆਧਾਰ, ਆਵੇਸ਼, ਆਲੋਚਨਾ, ਭੂਗੋਲ, ਨਾਜਾਇਜ਼, ਮਾਮੂਲੀ, ਬਾਕਾਇਦਾ ਆਦਿ।

ਖ. ਸੰਸਕ੍ਰਿਤ ਦਾ 'ਯ' ਪੰਜਾਬੀ ਵਿੱਚ ਬਹੁਤ ਥਾਂਵਾਂ 'ਤੇ 'ਜ' ਬਣ ਚੁੱਕਾ ਹੈ। ਅਜਿਹੇ ਕੁਝ ਸ਼ਬਦਾਂ ਦੀਆਂ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ :

| | |
|---|---|
| ਸੰਯਮ | ਸੰਜਮ |
| ਸੰਯੋਗ | ਸੰਜੋਗ |
| ਕਾਰਯ | ਕਾਰਜ |
| ਯਤਨ | ਜਤਨ |
| ਯਮ | ਜਮ |
| ਯੁਗ | ਜੁਗ |
| ਯੋਧਾ | ਜੋਧਾ |
| ਯੋਗੀ | ਜੋਗੀ |

ਗ. ਕਈ ਹਾਲਤਾਂ ਵਿੱਚ ਸੰਸਕ੍ਰਿਤ ਦਾ 'ਯ' ਪੰਜਾਬੀ ਵਿੱਚ ਜਾਂ ਤਾਂ ਖ਼ਤਮ ਹੋ ਗਿਆ ਹੈ ਜਾਂ ਇਸ ਦੀ ਥਾਂ ਈ+ ਆ ਜਾਂ ਈ+ਉ ਆਦਿ ਹੋ ਗਿਆ ਹੈ। ਇਸ ਤਰ੍ਹਾਂ ਬਣੇ ਕੁਝ ਸ਼ਬਦਾਂ ਦੇ ਸ਼ਬਦ-ਜੋੜਾਂ ਦੀਆਂ ਉਦਾਹਰਨਾਂ ਅੱਗੇ ਲਿਖੇ ਅਨੁਸਾਰ ਹਨ :

ਅਭਿਆਸ, ਆਰੀਆ, ਉਪਾਅ, ਨਿਰਭੈ, ਭਾਰਤੀ, ਮੱਧ, ਮੁੱਲ, ਰਾਸ਼ਟਰੀ, ਵਪਾਰ ਆਦਿ।

ਘ. ਜਿਨ੍ਹਾਂ ਸ਼ਬਦਾਂ ਦੇ ਮੂਲ-ਰੂਪ ਵਿੱਚ ਸੰਜੁਗਤ-ਵਿਅੰਜਨ ਹਨ, ਉਹ ਸ਼ਬਦ ਪੰਜਾਬੀ ਵਿੱਚ ਵੱਖ-ਵੱਖ ਵਿਅੰਜਨਾਂ ਨਾਲ਼ ਲਿਖੇ ਜਾਂਦੇ ਹਨ, ਜਿਵੇਂ :

ਕਿਰਪਾ, ਬਿਰਧ, ਭਰਮ, ਸੰਗਰਾਮ, ਮਾਤਰਾ, ਸ਼ਰਧਾ, ਵਿਸਰਾਮ ਆਦਿ।

ਙ. ਸੰਸਕ੍ਰਿਤ ਵਿੱਚ ਜਿਨ੍ਹਾਂ ਸ਼ਬਦਾਂ ਦੇ ਅੰਤ ਵਿੱਚ ਸੰਜੁਗਤ-ਵਿਅੰਜਨ ਹਨ, ਉਹਨਾਂ ਨੂੰ ਵੀ ਪੰਜਾਬੀ ਵਿੱਚ ਵੱਖਰੇ-ਵੱਖਰੇ ਵਿਅੰਜਨਾਂ ਨਾਲ਼ ਲਿਖਿਆ ਜਾਂਦਾ ਹੈ, ਜਿਵੇਂ :

ਇੰਦ੍ਰ ਤੋਂ ਇੰਦਰ

ਕੇਂਦ੍ਰ ਤੋਂ ਕੇਂਦਰ

ਮੰਤ੍ਰ ਤੋਂ ਮੰਤਰ

## ਅਧਕ ਦੀ ਵਰਤੋਂ

ਪਿੱਛੇ ਤੁਸੀਂ ਪੜ੍ਹ ਚੁੱਕੇ ਹੋ ਕਿ ਬਲ ਨੂੰ ਅੰਕਿਤ ਕਰਨ ਲਈ ਅਧਕ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਧਿਆਨ ਰੱਖਣ ਵਾਲ਼ੀ ਗੱਲ ਹੈ ਕਿ ਅਧਕ ਦੀ ਵਰਤੋਂ ਕਰਨ ਜਾਂ ਨਾ ਕਰਨ ਨਾਲ਼ ਕਈ ਵਾਰ ਸ਼ਬਦਾਂ ਦੇ ਅਰਥਾਂ ਵਿੱਚ ਫ਼ਰਕ ਪੈ ਜਾਂਦਾ ਹੈ। ਅਜਿਹੇ ਫ਼ਰਕ ਨੂੰ ਸਪਸ਼ਟ ਕਰਨ ਲਈ ਕੁਝ ਉਦਾਹਰਨਾਂ ਹੇਠਾਂ ਦਿੱਤੀਆਂ ਜਾਂਦੀਆਂ ਹਨ :

- ਵਿਦਿਆਰਥੀਆਂ ਨੇ ਸਫ਼ਾਈ ਕਰ ਕੇ ਸਕੂਲ ਨੂੰ ਸਜਾ ਦਿੱਤਾ ਹੈ।
- ਦੋਵੇਂ ਹੱਥ ਰਲ਼ ਕੇ ਕੰਮ ਕਰਦੇ ਹਨ, ਜੇ ਖੱਬਾ ਕਾਪੀ ਫੜਦਾ ਹੈ ਤਾਂ ਸੱਜਾ ਲਿਖਦਾ ਹੈ।
- ਪਰਉਪਕਾਰੀ ਸਦਾ ਦੂਜਿਆਂ ਦਾ ਭਲਾ ਸੋਚਦੇ ਹਨ, ਸ੍ਵਾਰਥੀ ਕੇਵਲ ਆਪਣਾ।
- ਇੱਕ ਧਨਾਢ ਨੇ ਆਪਣੀ ਦੌਲਤ ਦਾ ਦਿਖਾਵਾ ਕਰਨ ਲਈ ਇੱਕ ਸਮਾਗਮ ਰਚਿਆ ਜਿਸ ਵਿੱਚ ਇਲਾਕੇ ਕੇ ਬਹੁਤ ਸਾਰੇ ਲੋਕਾਂ ਨੂੰ ਸੱਦਾ ਦਿੱਤਾ।

– ਅਸੀਂ ਕਿਸੇ ਦਾ ਦਿਲ ਦੁਖਾ ਕੇ ਸੁਖੀ ਨਹੀਂ ਰਹਿ ਸਕਦੇ।
– ਪੰਜਾਬੀ ਵਿੱਚ ਹੀਰ-ਰਾਂਝੇ ਦੇ ਕਈ ਕਿੱਸੇ ਮਿਲ਼ਦੇ ਹਨ।
– ਹਰ ਔਖ-ਸੌਖ ਵਿੱਚ ਸਾਥ ਦੇਣ ਵਾਲ਼ੇ ਮਿੱਤਰ ਕਿਤੇ-ਕਿਤੇ ਹੀ ਮਿਲ਼ਦੇ ਹਨ।
– ਹੱਥੀਂ ਕੰਮ ਕਰਨ ਵਾਲ਼ੇ ਲਈ ਕਿੱਤੇ ਬਥੇਰੇ ਹਨ ਕੇਵਲ ਬਾਬੂ ਬਣਨ ਵਾਲ਼ਿਆਂ ਲਈ ਹੀ ਘੱਟ ਹਨ
– ਕਾਲ਼ੀ ਘਟ ਅੱਗੇ ਉੱਡਦੇ ਬਗਲਿਆਂ ਦਾ ਦ੍ਰਿਸ਼ ਮਨਮੋਹਣਾ ਹੁੰਦਾ ਹੈ।
– ਜਿਹੜੇ ਦੁਕਾਨਦਾਰ ਘੱਟ ਤੋਲਦੇ ਅਤੇ ਵੱਧ ਪੈਸੇ ਲੈਂਦੇ ਹਨ, ਉਹਨਾਂ ਨੂੰ ਚੈਨ ਦੀ ਨੀਂਦ ਨਹੀਂ ਆ ਸਕਦੀ।
– ਗੁਰੂ ਸਾਹਿਬਾਂ ਅਨੁਸਾਰ ਚੰਗੇ ਮਨੁੱਖ ਦਾ ਇੱਕ ਲੱਛਣ ਦਸਾਂ ਨਹੁੰਆਂ ਦੀ ਕਿਰਤ ਕਰਨਾ ਹੈ।
– ਭੈਣ ਜੀ, ਕੀ ਦੱਸਾਂ, ਫ਼ੀਸ ਨਾ ਦੇ ਸਕਣ ਕਾਰਨ ਬੱਚੇ ਦਾ ਨਾਂ ਸਕੂਲ ਵਿੱਚੋਂ ਕੱਟਿਆ ਗਿਆ ਹੈ।
– ਚਿੱਠੀ ਉੱਤੇ ਸੁੰਦਰ ਢੰਗ ਨਾਲ਼ ਲਿਖੇ ਪਤੇ ਤੋਂ ਲਿਖਣ ਵਾਲ਼ੇ ਦੀ ਸੁੰਦਰ ਸ਼ਖ਼ਸੀਅਤ ਦਾ ਪਤਾ ਲੱਗ ਜਾਂਦਾ ਹੈ।
– ਜਦ ਬਹਾਰ ਆਉਂਦੀ ਹੈ ਤਾਂ ਹਰ ਟਾਹਣੀ 'ਤੇ ਪੱਤਾ-ਪੱਤਾ ਸਜ ਜਾਂਦਾ ਹੈ।

## ਅਭਿਆਸ

**1.** ਸ਼ਬਦ-ਜੋੜ ਸ਼ੁੱਧ ਕਰਕੇ ਲਿਖੋ :

ਮੇਹਨਤ, ਵੇਹੜਾ, ਸ਼ੈਹਰ, ਕਚੈਹਰੀ, ਦੁਪੈਹਰ, ਬੈਂਹਤਾ, ਵੈਂਹਟੀ, ਪੜ੍ਹਣਾ, ਸਾਧਾਰਣ, ਸੰਭਾਲਣਾ।

**2.** ਹੇਠ ਲਿਖੇ ਸ਼ਬਦਾਂ ਦਾ ਵਿਸ਼ੇਸ਼ਣ-ਰੂਪ ਲਿਖੋ :

ਦਿਨ, ਧਰਮ, ਸ਼ਬਦ, ਵਰਸ਼।

**3.** ਇਹਨਾਂ ਸ਼ਬਦਾਂ ਦਾ ਪੰਜਾਬੀ ਰੂਪ ਲਿਖੋ :

ਹਾਸਿਲ, ਜ਼ਾਲਿਮ, ਮੰਦਿਰ, ਚਤੁਰ, ਆਸਮਾਨ, ਆਰਾਮ, ਰਾਸਾਇਣ, ਤੂਫ਼ਾਨ, ਦੀਵਾਲ਼ੀ, ਪਾਜਾਮਾ, ਬਾਰੀਕ, ਮਾਸੂਮ, ਯਤਨ, ਯੋਗੀ।

**4.** ਸ਼ੁੱਧ ਸ਼ਬਦ-ਜੋੜ ਲਿਖੋ :

ਕਯੋਂ, ਪਯਾਰਾ, ਨਿਰਭਯ, ਭਾਰਤੀਯ, ਬਯਾਜ, ਦਯਾ।

**5.** ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ ਤਾਂਕਿ ਅਰਥਾਂ ਦਾ ਅੰਤਰ ਸਪਸ਼ਟ ਹੋ ਜਾਵੇ :

ੳ. ਸੱਕ, ਸ਼ੱਕ; ਸਰਮਾਇਆ, ਸ਼ਰਮਾਇਆ; ਸੇਰ, ਸ਼ੇਰ; ਸਨ, ਸੰਨ; ਧਨ, ਧੰਨ; ਵਰ, ਵਰ੍ਹ; ਸੰਗ, ਸੰਘ; ਨਿੱਗਰ, ਨਿੱਘਰ; ਮੋਗਾ, ਮੋਘਾ; ਪੂੰਜੀ, ਪੂੰਝੀ; ਸਾਡੇ, ਸਾਢੇ; ਬਾਨੀ, ਬਾਣੀ; ਮਨ, ਮਣ; ਸੁਗੰਦ-ਸੁਗੰਧ; ਬਾਗ਼ੀ, ਵਾਗੀ; ਖ਼ਾਕੇ, ਖਾ ਕੇ : ਰੋਕੇ, ਰੋ ਕੇ।

ਅ. ਔਕੜ, ਔਂਕੜ; ਸੌਦਾ, ਸੌਂਦਾ; ਕੱਤ, ਕੰਤ; ਖੱਡ, ਖੰਡ; ਸਤ, ਸੱਤ; ਸਦਾ, ਸੱਦਾ; ਕਿਸੇ, ਕਿੱਸੇ; ਕੁਲੀ, ਕੁੱਲੀ; ਘਟ, ਘੱਟ; ਪਕਾ, ਪੱਕਾ; ਬਚਾ, ਬੱਚਾ; ਭਜ, ਭੱਜ; ਵਟਾ, ਵੱਟਾ।

* * *

# ਅਧਿਆਇ—ਦਸ

# ਮੁਹਾਵਰੇ

ਮੁਹਾਵਰਿਆਂ ਨਾਲ਼ ਭਾਸ਼ਾ ਵਧੇਰੇ ਪ੍ਰਭਾਵਸ਼ਾਲੀ ਬਣਦੀ ਹੈ ਕਿਉਂਕਿ ਇਹਨਾਂ ਦੀ ਵਰਤੋਂ ਨਾਲ਼ ਗੱਲ ਸੰਖੇਪ ਤੇ ਰੋਚਕ ਢੰਗ ਨਾਲ਼ ਕਹੀ ਜਾਂਦੀ ਹੈ। ਉਦਾਹਰਨ ਲਈ 'ਆਵਾ ਹੀ ਊਤ ਜਾਣਾ' ਮੁਹਾਵਰਾ ਲੈ ਲਈਏ।

ਜਦੋਂ ਕਿਸੇ ਸੰਸਥਾ ਦੀ ਹਰ ਇਕਾਈ ਆਸ ਤੋਂ ਉਲਟ ਨੀਵੇਂ ਪੱਧਰ ਦੀ ਜਾਂ ਅਯੋਗ ਹੋਵੇ ਤਦ ਉਸ ਸੰਸਥਾ ਦੀ ਸਮੁੱਚੀ ਹਾਲਤ ਨੂੰ ਦਰਸਾਉਣ ਲਈ ਇਹ ਮੁਹਾਵਰਾ ਵਰਤਿਆ ਜਾਂਦਾ ਹੈ। ਮੁਹਾਵਰਾ ਨਾ ਵਰਤਣ ਦੀ ਹਾਲਤ ਵਿੱਚ ਬੋਲਣ ਜਾਂ ਲਿਖਣ ਵਾਲ਼ੇ ਨੂੰ ਉਸ ਸੰਸਥਾ ਦੀ ਅਯੋਗਤਾ ਬਿਆਨ ਕਰਨ ਲਈ ਵਿਸਤਾਰ ਨਾਲ਼ ਦੱਸਣਾ ਪਵੇਗਾ। ਤਦ ਵੀ, ਹੋ ਸਕਦਾ ਹੈ, ਇਹ ਬਿਆਨ ਇਸ ਮੁਹਾਵਰੇ ਦੀ ਵਰਤੋਂ ਨਾਲ਼ ਪਏ ਪ੍ਰਭਾਵ ਜਿੰਨਾ ਅਸਰਦਾਰ ਨਾ ਹੋਵੇ।

ਕੁਝ ਮੁਹਾਵਰਿਆਂ ਨੂੰ ਬੋਲਦਿਆਂ ਹੀ ਅੱਖਾਂ ਸਾਮ੍ਹਣੇ ਇੱਕ ਸ਼ਬਦ-ਚਿੱਤਰ ਆਉਂਦਾ ਹੈ। ਇਸ ਕਾਰਨ ਵੀ ਗੱਲ ਰੋਚਕ ਅਤੇ ਪ੍ਰਭਾਵਸ਼ਾਲੀ ਹੋ ਜਾਂਦੀ ਹੈ।

ਉਦਾਹਰਨ ਵਜੋਂ ਹੇਠ ਲਿਖੇ ਮੁਹਾਵਰੇ ਵੇਖੇ ਜਾਣ :

**ਖੱਫਣ ਬੰਨ੍ਹ ਕੇ ਨਿਕਲ਼ਨਾ, ਗਿੱਲੇ ਗੋਹੇ ਵਾਂਗ ਧੁਖਣਾ, ਗੋਂਗਲੂਆਂ ਤੋਂ ਮਿੱਟੀ ਝਾੜਨਾ।**

ਮੁਹਾਵਰੇ ਦਾ ਇੱਕ ਗੁਣ ਇਹ ਵੀ ਹੁੰਦਾ ਹੈ ਕਿ ਗੱਲ ਇਸ਼ਾਰੇ ਨਾਲ਼ ਸੁਝਾਈ ਜਾਂਦੀ ਹੈ, ਜਿਵੇਂ : ਅੱਗ ਨਾਲ਼ ਖੇਡਣਾ, ਸੱਜੀ ਬਾਂਹ ਹੋਣਾ, ਕਣਕ ਨਾਲ਼ ਘੁਣ ਪਿਸਣਾ।

ਉਪਰੋਕਤ ਤੋਂ ਬਿਨਾਂ ਗੱਲ ਦਾ ਪ੍ਰਭਾਵ ਤੀਖਣ ਕਰਨ ਲਈ ਗੱਲ ਵਧਾ ਕੇ ਕੀਤੀ ਜਾਂਦੀ ਹੈ, ਜਿਵੇਂ : ਅਸਮਾਨ ਦੇ ਤਾਰੇ ਤੋੜਨਾ, ਸੜ-ਬਲ਼ ਕੇ ਕੋਲੇ ਹੋਣਾ, ਕੁੱਜੇ ਵਿੱਚ ਸਮੁੰਦਰ ਬੰਦ ਕਰਨਾ।

ਕਿਸੇ ਭਾਸ਼ਾ ਦੇ ਮੁਹਾਵਰੇ ਉਸ ਭਾਸ਼ਾ ਨੂੰ ਬੋਲਣ ਵਾਲ਼ੇ ਲੋਕਾਂ ਦੇ ਸਮਾਜਿਕ, ਆਰਥਿਕ ਆਦਿ ਵਿਭਿੰਨ ਰਿਸ਼ਤਿਆਂ ਨੂੰ ਪ੍ਰਗਟਾਉਂਦੇ ਹਨ। ਇਹਨਾਂ ਵਿੱਚ ਲੋਕਾਂ ਦੇ ਉਹ ਅਨੁਭਵ, ਸਥਿਤੀਆਂ ਅਤੇ ਕਿਰਿਆਵਾਂ ਦੱਸੀਆਂ ਹੁੰਦੀਆਂ ਹਨ ਜਿਹੜੀਆਂ ਉਹਨਾਂ ਦੇ ਜੀਵਨ ਵਿੱਚ ਮੁੜ-ਮੁੜ ਆਉਂਦੀਆਂ ਹਨ।

ਜੀਵਨ ਗਤੀਸ਼ੀਲ ਹੈ। ਸਮਾਜਿਕ, ਆਰਥਿਕ ਆਦਿ ਪਰਿਸਥਿਤੀਆਂ ਬਦਲਦੀਆਂ ਰਹਿੰਦੀਆਂ ਹਨ। ਇਹਨਾਂ ਦੇ ਫਲ਼ਸਰੂਪ ਮੁਹਾਵਰਿਆਂ ਦੇ ਪ੍ਰਸੰਗ ਬਦਲ ਜਾਂਦੇ ਹਨ। ਕੁਝ ਮੁਹਾਵਰੇ ਲੋਪ ਹੋ ਜਾਂਦੇ ਹਨ ਅਤੇ ਕੁਝ ਨਵੇਂ ਬਣ ਜਾਂਦੇ ਹਨ ਪਰ ਇਹ ਪਰਿਵਰਤਨ ਭਾਸ਼ਾ ਦੇ ਪਰਿਵਰਤਨ ਵਾਂਗ ਬਹੁਤ ਹੌਲ਼ੀ ਹੁੰਦਾ ਹੈ। ਕਈ ਵਾਰੀ ਦੂਜੀਆਂ ਬੋਲੀਆਂ ਦੇ ਸੰਪਰਕ ਨਾਲ਼ ਉਹਨਾਂ ਬੋਲੀਆਂ ਦੇ ਕੁਝ ਮੁਹਾਵਰੇ ਕਿਸੇ ਬੋਲੀ ਵਿੱਚ ਜਿਉਂ ਦੇ ਤਿਉਂ ਜਾਂ ਕੁਝ ਤਬਦੀਲੀ ਨਾਲ਼ ਆ ਜਾਂਦੇ ਹਨ।

ਪੰਜਾਬੀ ਭਾਸ਼ਾ ਮੁਹਾਵਰਿਆਂ ਦੇ ਪੱਖੋਂ ਬੜੀ ਅਮੀਰ ਹੈ। ਇਸ ਦੇ ਮੁਹਾਵਰੇ, ਇਸ ਦੀਆਂ ਅਖਾਉਤਾਂ ਅਤੇ ਲੋਕ-ਗੀਤਾਂ ਵਾਂਗ, ਪੰਜਾਬੀ ਸੱਭਿਆਚਾਰ ਦੀ ਝਲਕ ਦਿੰਦੇ ਹਨ।

ਕਿਸੇ ਜੀਵਿਤ ਭਾਸ਼ਾ ਦੇ ਸਾਰੇ ਮੁਹਾਵਰਿਆਂ ਨੂੰ ਕਿਸੇ ਕੋਸ਼ ਜਾਂ ਗ੍ਰੰਥ ਦੇ ਰੂਪ ਵਿੱਚ ਇਕੱਠਾ ਕਰਨਾ ਸੰਭਵ ਨਹੀਂ ਹੈ। ਇਸ ਪਾਠ-ਪੁਸਤਕ ਵਿੱਚ ਆਕਾਰ ਦੀ ਸੀਮਾ ਕਾਰਨ ਵੰਨਗੀ ਵਜੋਂ ਗਿਣਤੀ ਦੇ ਮੁਹਾਵਰੇ ਹੀ ਦਿੱਤੇ ਗਏ ਹਨ ।

ਮੁਹਾਵਰੇ ਦਾ ਪੂਰਾ ਮੁੱਲ ਉਸ ਦੀ ਢੁਕਵੀਂ ਵਰਤੋਂ ਨਾਲ਼ ਹੀ ਪੈਂਦਾ ਹੈ। ਪੰਜਾਬੀ ਬੋਲਣ ਵਾਲ਼ੇ ਆਮ ਲੋਕ ਜਿਨ੍ਹਾਂ

ਵਿੱਚ ਅਨਪੜ੍ਹ ਵੀ ਸ਼ਾਮਲ ਹਨ ਪੰਜਾਬੀ ਦੇ ਮੁਹਾਵਰਿਆਂ ਦੀ ਸਹਿਜ-ਸੁਭਾਅ ਹੀ ਢੁਕਵੀਂ ਵਰਤੋਂ ਕਰਦੇ ਹਨ। ਵਿਦਿਆਰਥੀਆਂ ਨੇ ਭਾਸ਼ਾ ਦੀ ਪੜ੍ਹਾਈ ਰਾਹੀਂ ਭਾਸ਼ਾ ਉੱਤੇ ਛੇਤੀ ਅਤੇ ਵਧੇਰੇ ਅਧਿਕਾਰ ਪ੍ਰਾਪਤ ਕਰਨਾ ਹੁੰਦਾ ਹੈ, ਇਸ ਵਾਸਤੇ ਉਹਨਾਂ ਲਈ ਵੱਧ ਤੋਂ ਵੱਧ ਮੁਹਾਵਰਿਆਂ ਅਤੇ ਉਹਨਾਂ ਦੀ ਢੁਕਵੀਂ ਵਰਤੋਂ ਦੀ ਜਾਣਕਾਰੀ ਹਾਸਲ ਕਰਨਾ ਜ਼ਰੂਰੀ ਹੈ। ਮੁਹਾਵਰੇ ਦੀ ਸੁਚੱਜੀ ਵਰਤੋਂ ਜਿੱਥੇ ਭਾਸ਼ਾ ਨੂੰ ਪ੍ਰਭਾਵਸ਼ਾਲੀ ਬਣਾਉਂਦੀ ਹੈ ਉੱਥੇ ਉਸ ਦੀ ਕੁਚੱਜੀ ਵਰਤੋਂ ਪ੍ਰਭਾਵ ਨੂੰ ਗੁਆ ਦਿੰਦੀ ਹੈ। ਇਸ ਪਾਠ-ਪੁਸਤਕ ਵਿੱਚ ਚੁਣੇ ਗਏ ਮੁਹਾਵਰਿਆਂ ਵਿੱਚੋਂ ਕੁਝ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤ ਕੇ ਦਰਸਾਇਆ ਗਿਆ ਹੈ। ਵਿਦਿਆਰਥੀ ਇਹਨਾਂ ਮੁਹਾਵਰਿਆਂ ਨੂੰ ਆਪਣੇ ਵੱਖਰੇ ਵਾਕਾਂ ਵਿੱਚ ਵਰਤਣ ਦਾ ਅਭਿਆਸ ਕਰ ਸਕਦੇ ਹਨ। ਇਸ ਦੇ ਨਾਲ਼ ਹੀ ਉਹ ਅਭਿਆਸ ਲਈ ਦਿੱਤੇ ਮੁਹਾਵਰਿਆਂ ਦੀ ਇਸੇ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਰਨ।

ਇੱਕੋ ਹੀ ਮੁਹਾਵਰਾ ਜਦੋਂ ਵੱਖ-ਵੱਖ ਸਥਿਤੀਆਂ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ ਤਾਂ ਉਸ ਦੇ ਅਰਥਾਂ ਵਿੱਚ ਕੁਝ ਹੱਦ ਤੱਕ ਤਬਦੀਲੀ ਆ ਜਾਂਦੀ ਹੈ, ਜਿਵੇਂ : 'ਚੜ੍ਹੀ-ਲੱਥੀ ਦੀ ਨਾ ਹੋਣਾ' ਨੂੰ ਅੱਗੇ ਲਿਖੇ ਵਾਕਾਂ ਵਿੱਚ ਵਰਤਿਆ ਗਿਆ ਹੈ :

1. ਬੱਚਿਆਂ ਨੂੰ ਕੋਈ ਚੜ੍ਹੀ-ਲੱਥੀ ਦੀ ਨਹੀਂ ਹੁੰਦੀ ਉਹ ਆਪਣੀ ਖੇਡ ਵਿੱਚ ਮਸਤ ਰਹਿੰਦੇ ਹਨ।
2. ਅਮਲੀ ਨੂੰ ਕੋਈ ਚੜ੍ਹੀ-ਲੱਥੀ ਦੀ ਨਹੀਂ ਹੁੰਦੀ ਉਹ ਆਪਣੇ ਨਸ਼ੇ ਵਿੱਚ ਮਸਤ ਰਹਿੰਦਾ ਹੈ।

ਭਾਵੇਂ ਦੋਂਹਾਂ ਵਾਕਾਂ ਵਿੱਚ ਇਸ ਮੁਹਾਵਰੇ ਦੇ ਮੂਲ ਅਰਥ ਇੱਕ ਹੀ ਰਹੇ ਹਨ ਪਰ ਪਰਿਸਥਿਤੀਆਂ ਵੱਖ ਹੋਣ ਕਾਰਨ ਉਹਨਾਂ ਦੇ ਭਾਵ ਵਿੱਚ ਅੰਤਰ ਆ ਗਿਆ ਹੈ। ਬੱਚੇ ਦੀ ਬੇਪਰਵਾਹੀ ਘਿਰਨਾਯੋਗ ਨਹੀਂ ਹੈ ਸਗੋਂ ਪਿਆਰ ਕਰਨਯੋਗ ਹ ਜਦੋਂ ਕਿ ਅਮਲੀ ਦੀ ਬੇਪਰਵਾਹੀ ਘਿਰਨਾਯੈਗ ਹ।

ਕਈ ਮੁਹਾਵਰਿਆਂ ਦੇ ਅਰਥ ਇੰਨ-ਬਿੰਨ ਦੱਸਣੇ ਸੰਭਵ ਨਹੀਂ ਹਨ ਪਰ ਉਹਨਾਂ ਨੂੰ ਵਾਕਾਂ ਵਿੱਚ ਵਰਤ ਕੇ ਬਹੁਤ ਸੁਖਾਲ਼ੇ ਸਮਝਾਇਆ ਜਾ ਸਕਦਾ ਹੈ, ਜਿਵੇਂ : ਧੱਜੀਆਂ ਉਡਾਉਣੀਆਂ, ਢੱਠੇ ਖੂਹ ਵਿੱਚ ਪੈਣਾ, ਨਾਨੀ ਚੇਤੇ ਆਉਣਾ।

ਆਮ ਵਰਤੇ ਜਾਂਦੇ ਮੁਹਾਵਰਿਆਂ ਦੇ ਵੀ ਵਾਕਾਂ ਰਾਹੀਂ ਅਰਥ ਸਮਝਣੇ ਤੇ ਸਮਝਾਉਣੇ ਸੌਖੇ ਹਨ ਪਰ ਠੀਕ-ਠੀਕ ਦੱਸਣੇ ਔਖੇ ਹਨ। ਇਸ ਲਈ ਆਮ ਗੱਲ-ਬਾਤ ਵਿੱਚ ਮੁਹਾਵਰੇ ਦੀ ਵਰਤੋਂ ਕਰਨ ਵਾਲ਼ਾ ਕੋਈ ਵੀ ਵਿਅਕਤੀ ਵੱਖਰੇ ਤੌਰ 'ਤੇ ਇਸ ਦੇ ਅਰਥ ਨਹੀਂ ਦੱਸਦਾ। ਮੁਹਾਵਰੇ ਦੇ ਅਰਥ ਉਸ ਦੀ ਵਰਤੋਂ ਨਾਲ਼ ਆਪਣੇ-ਆਪ ਸਪਸ਼ਟ ਹੋ ਜਾਂਦੇ ਹਨ। ਜਿਸ ਵਾਕ ਵਿੱਚ ਮੁਹਾਵਰਾ ਗੱਲ ਨੂੰ ਵਧੇਰੇ ਸਪਸ਼ਟ ਕਰਨ ਵਿੱਚ ਸਹਾਈ ਹੁੰਦਾ ਹੈ, ਉਸ ਵਾਕ ਵਿੱਚ ਮੁਹਾਵਰੇ ਦੀ ਵਰਤੋਂ ਸਫਲ ਮੰਨੀ ਜਾਂਦੀ ਹੈ।

ਕੁਝ ਮੁਹਾਵਰੇ ਅਤੇ ਉਹਨਾਂ ਦੀ ਵਾਕਾਂ ਵਿੱਚ ਵਰਤੋਂ :

**ਉਸਤਾਦੀ ਕਰਨੀ**—ਬੇਈਮਾਨ ਲੋਕ ਆਪਣੇ ਨੇੜਲੇ ਬੰਦਿਆਂ ਨਾਲ਼ ਵੀ ਉਸਤਾਦੀ ਕਰ ਜਾਂਦੇ ਹਨ।

**ਉਂਗਲ਼ ਕਰਨਾ**—ਸਾਡੇ ਮੁੱਖ ਅਧਿਆਪਕ ਏਨੇ ਇਮਾਨਦਾਰ ਅਤੇ ਸੱਚੇ-ਸੁੱਚੇ ਹਨ ਕਿ ਉਹਨਾਂ ਵੱਲ ਕੋਈ ਉਂਗਲ਼ ਨਹੀਂ ਕਰ ਸਕਦਾ।

**ਉੱਚਾ ਸਾਹ ਨਾ ਕੱਢਣਾ**—ਜੇ ਘਰ ਵਿੱਚ ਮਾਤਾ ਜਾਂ ਪਿਤਾ ਜੀ ਸਖ਼ਤ ਸੁਭਾਅ ਦੇ ਹੋਣ ਤਾਂ ਉਹਨਾਂ ਦੀ ਹਾਜ਼ਰੀ ਵਿੱਚ ਬੱਚੇ ਉੱਚਾ ਸਾਹ ਨਹੀਂ ਕੱਢਦੇ।

**ਉੱਚਾ-ਨੀਵਾਂ ਬੋਲਣਾ**—ਅੱਜ-ਕੱਲ੍ਹ ਭਾਵੇਂ ਕੋਈ ਛੋਟੀ ਨੌਕਰੀ ਹੀ ਕਰਦਾ ਹੋਵੇ, ਆਪਣੇ ਅਫ਼ਸਰ ਦੁਆਰਾ **ਉੱਚਾ-ਨੀਵਾਂ** ਬੋਲਣਾ ਪਸੰਦ ਨਹੀਂ ਕਰਦਾ।

**ਉਡੀਕ-ਉਡੀਕ ਕੇ ਬੁੱਢਾ ਹੋ ਜਾਣਾ**—ਨੀਲਮ, ਤੈਨੂੰ ਵੀਰੇ ਦੇ ਵਿਆਹ 'ਤੇ ਉਡੀਕ-ਉਡੀਕ ਕੇ ਮੈਂ ਬੁੱਢੀ ਹੋ ਗਈ, ਪਰ ਤੂੰ ਨਾ ਆਈ।

**ਉੱਨੀ-ਇੱਕੀ ਦਾ ਫ਼ਰਕ ਹੋਣਾ**—ਸਾਡੀ ਸ਼੍ਰੇਣੀ ਵਿੱਚ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲ਼ੇ ਵਿਦਿਆਰਥੀਆਂ ਦੇ ਅੰਕਾਂ ਵਿੱਚ ਕੇਵਲ ਉੱਨੀ-ਇੱਕੀ ਦਾ ਫ਼ਰਕ ਸੀ।

**ਉੱਲੂ ਬਣਾਉਣਾ**—ਜਿਹੜੇ ਦੂਜਿਆਂ ਨੂੰ ਉੱਲੂ ਬਣਾਉਣ ਦੀ ਕੋਸ਼ਸ਼ ਕਰਦੇ ਹਨ, ਉਹ ਆਪ ਉੱਲੂ ਹੁੰਦੇ ਹਨ।

**ਉੱਲੂ ਬੋਲਣਾ**—ਘਰ ਵਿੱਚ ਬੱਚਿਆਂ ਤੋਂ ਬਿਨਾਂ ਉੱਲੂ ਬੋਲਦੇ ਜਾਪਦੇ ਹਨ।

**ਅੱਖਾਂ ਅੱਗੇ ਹਨੇਰਾ ਆਉਣਾ**—ਗੜਿਆਂ ਨਾਲ਼ ਆਪਣੀ ਫ਼ਸਲ ਤਬਾਹ ਹੋਈ ਵੇਖ ਕੇ ਕਿਸਾਨ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ।

**ਅੱਖਾਂ ਫੇਰ ਲੈਣਾ**—ਜਦੋਂ ਮਹਿੰਦਰ ਕੋਲ਼ ਧਨ ਮੁੱਕ ਗਿਆ ਤਾਂ ਉਸਦੇ ਸੁਆਰਥੀ ਮਿੱਤਰਾਂ ਨੇ ਅੱਖਾਂ ਫੇਰ ਲਈਆਂ।

**ਅੱਖਾਂ ਵਿੱਚ ਲਹੂ ਉੱਤਰਨਾ**—ਜੱਲ੍ਹਿਆਂਵਾਲ਼ੇ ਬਾਗ਼ ਦੀ ਘਟਨਾ ਵੇਖ ਕੇ ਊਧਮ ਸਿੰਘ ਦੀਆਂ ਅੱਖਾਂ ਵਿੱਚ ਲਹੂ ਉੱਤਰ ਆਇਆ ਤੇ ਉਸ ਨੇ ਬਦਲਾ ਲੈਣ ਦਾ ਨਿਸ਼ਚਾ ਕੀਤਾ।

**ਅੱਖੋਂ ਓਹਲੇ ਕਰਨਾ**—ਕੋਈ ਵੀ ਮਾਂ ਵਾਹ ਲੱਗਦੀ ਆਪਣੀ ਉਲ਼ਾਦ ਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੁੰਦੀ।

**ਅੱਗ ਨਾਲ਼ ਖੇਡਣਾ**—ਸਰਕਸ ਦੇ ਕਲਾਕਾਰ ਆਪਣੇ ਕਰਤਬ ਦਿਖਾਉਂਦੇ ਹੋਏ ਅੱਗ ਨਾਲ਼ ਖੇਡਦੇ ਹਨ।

**ਅੱਗ ਲਾਉਣਾ**—ਫ਼ਿਰਕਾਪ੍ਰਸਤ ਲੋਕ ਆਪਣੇ ਸੁਆਰਥ ਲਈ ਸ਼ਾਂਤੀ ਨਾਲ਼ ਵੱਸਦੇ ਵੱਖ-ਵੱਖ ਧਰਮਾਂ ਦੇ ਲੋਕਾਂ ਵਿੱਚ ਫ਼ਿਰਕਾਪ੍ਰਸਤੀ ਦੀ ਅੱਗ ਲਾਉਂਦੇ ਹਨ।

**ਅੱਡੀਆਂ ਚੁੱਕ-ਚੁੱਕ ਵੇਖਣਾ**—ਹਰਦੀਪ ਦੇ ਪਿਤਾ ਜੀ ਨੇ ਅੱਜ ਆਉਣਾ ਹੈ। ਉਹ ਸਵੇਰ ਤੋਂ ਹੀ ਅੱਡੀਆਂ ਚੁੱਕ-ਚੁੱਕ ਕੇ ਉਹਨਾਂ ਦਾ ਰਾਹ ਵੰਖ ਰਹੀ ਹੈ।

**ਅੱਡੀ-ਚੋਟੀ ਦਾ ਜ਼ੋਰ ਲਾਉਣਾ**—ਨੌਕਰੀ ਪ੍ਰਾਪਤ ਕਰਨ ਲਈ ਉਸ ਨੇ ਅੱਡੀ- ਚੋਟੀ ਦਾ ਜ਼ੋਰ ਲਾ ਦਿੱਤਾ।

**ਅੱਡੀ ਨਾ ਲੱਗਣਾ**—ਸਕੂਲ ਦੀਆਂ ਸਲਾਨਾ ਖੇਡਾਂ ਵੇਲ਼ੇ ਪੀ.ਟੀ. ਮਾਸਟਰ ਜੀ ਦੀ ਤਾਂ ਅੱਡੀ ਨਹੀਂ ਸੀ ਲੱਗਦੀ।

**ਅਨਿਆਈ ਮੌਤ ਮਰਨਾ**—ਟ੍ਰੈਫ਼ਿਕ-ਨਿਯਮਾਂ ਦੀ ਪਾਲਣਾ ਨਾ ਕਰਨ ਕਰਕੇ ਹਾਦਸੇ ਹੁੰਦੇ ਹਨ ਜਿਨ੍ਹਾਂ ਵਿੱਚ ਕਈ ਲੋਕ ਅਨਿਆਈ ਮੌਤ ਮਰਦੇ ਹਨ।

**ਅੱਤ ਚੁੱਕਣਾ**—ਕਈ ਮੋਟਰ-ਚਾਲਕਾਂ ਨੇ ਤਾਂ ਏਨੀ ਅੱਤ ਚੁੱਕੀ ਹੁੰਦੀ ਹੈ ਕਿ ਉਹ ਭੀੜ ਵਾਲ਼ੀਆਂ ਥਾਂਵਾਂ ਤੋਂ ਵੀ ਤੇਜ਼ ਰਫ਼ਤਾਰ ਨਾਲ਼ ਮੋਟਰ-ਸਾਈਕਲ ਚਲਾਉਂਦੇ ਲੰਘ ਜਾਂਦੇ ਹਨ।

**ਅਬਾ-ਤਬਾ ਬੋਲਣਾ**—ਸ਼ਰਾਬ ਪੀਣ ਦਾ ਇੱਕ ਔਗੁਣ ਇਹ ਵੀ ਹੈ ਕਿ ਸ਼ਰਾਬੀ ਨਸ਼ੇ ਵਿੱਚ ਅਬਾ-ਤਬਾ ਬੋਲਦਾ ਹੈ ਜਿਸ ਕਾਰਨ ਕਈ ਵਾਰ ਲੜਾਈ ਵੀ ਹੋ ਜਾਂਦੀ ਹੈ।

**ਅਲਖ ਮੁਕਾਉਣਾ**—ਰਾਜੇ-ਮਹਾਰਾਜਿਆਂ ਦੇ ਜ਼ਮਾਨੇ ਵਿੱਚ ਜੇ ਕੋਈ ਉਹਨਾਂ ਦਾ ਵਿਰੋਧ ਕਰਦਾ ਸੀ ਤਾਂ ਉਸ ਦੀ ਅਲਖ ਮੁਕਾ ਦਿੱਤੀ ਜਾਂਦੀ ਸੀ।

**ਅਲੂਣੀ ਸਿਲ਼ ਚੱਟਣਾ**—ਜਿਹੜੇ ਵਿਦਿਆਰਥੀ ਦੀ ਪੜ੍ਹਨ ਵਿੱਚ ਦਿਲਚਸਪੀ ਨਹੀਂ ਹੁੰਦੀ, ਉਸ ਲਈ ਪੜ੍ਹਾਈ ਕਰਨੀ ਅਲੂਣੀ ਸਿਲ਼ ਚੱਟਣ ਵਾਂਗ ਹੁੰਦੀ ਹੈ।

**ਅੰਨ੍ਹੇ ਅੱਗੇ ਦੀਦੇ ਗਾਲਣੇ**—ਅੰਗਰੇਜ਼ੀ ਰਾਜ ਵਿੱਚ ਭਾਰਤੀਆਂ ਦਾ ਸਰਕਾਰ ਅੱਗੇ ਦਾਦ-ਫ਼ਰਿਆਦ ਕਰਨਾ ਅੰਨ੍ਹੇ ਅੱਗੇ ਦੀਦੇ ਗਾਲਣ ਵਾਲ਼ੀ ਗੱਲ ਹੁੰਦੀ ਸੀ।

**ਆਪਣੀ ਲੱਤ ਉੱਪਰ ਰੱਖਣੀ**—ਜਿਹੜਾ ਵਿਅਕਤੀ ਹਰ ਗੱਲ ਵਿੱਚ ਆਪਣੀ ਲੱਤ ਉੱਪਰ ਰੱਖਣ ਦੀ ਕੋਸ਼ਸ਼ ਕਰਦਾ ਹੈ, ਉਹਨੂੰ ਘੁਮੰਡੀ ਅਤੇ ਜ਼ਿੱਦੀ ਕਿਹਾ ਜਾਂਦਾ ਹੈ।

**ਆਪਣੇ ਪੈਰੀਂ ਆਪ ਕੁਹਾੜਾ ਮਾਰਨਾ**—ਜਿਹੜੇ ਕਰਮਚਾਰੀ ਕੰਮ ਕਰਨ ਦੀ ਥਾਂ ਵਿਹਲੇ ਰਹਿਣ ਦੀ ਆਦਤ ਪਾ ਲੈਂਦੇ ਹਨ, ਉਹ ਆਪਣੇ ਪੈਰੀਂ ਆਪ ਕੁਹਾੜਾ ਮਾਰਦੇ ਹਨ।

**ਆਪਣੇ ਮੂੰਹੋਂ ਮੀਆਂ ਮਿੱਠੂ ਬਣਨਾ**—ਤੁਹਾਡੇ ਗੁਣਾਂ ਕਰਕੇ ਜੇ ਕੋਈ ਦੂਜਾ ਤੁਹਾਡੀ ਪ੍ਰਸ਼ੰਸਾ ਕਰੇ ਤਾਂ ਉਚਿਤ ਹੈ ਪਰ ਆਪਣੇ ਮੂੰਹੋਂ ਮੀਆਂ ਮਿੱਠੂ ਬਣਨਾ ਚੰਗਾ ਨਹੀਂ।

**ਆਲ਼ੇ ਕੌਡੀ ਛਿੱਕੇ ਕੌਡੀ ਕਰਨਾ**—ਮੈਂ ਜਦੋਂ ਵੀ ਦਫ਼ਤਰ ਆਉਂਦਾ ਹਾਂ ਬਾਬੂ ਆਲ਼ੇ ਕੌਡੀ ਛਿੱਕੇ ਕੌਡੀ ਕਰ ਦਿੰਦਾ ਹੈ। ਸਿੱਧੀ ਤਰ੍ਹਾਂ ਗੱਲ ਨਹੀਂ ਕਰਦਾ ਕਿ ਉਹ ਚਾਹ-ਪਾਣੀ ਪੀਣਾ ਚਾਹੁੰਦਾ ਹੈ।

**ਆਵਾ ਊਤ ਜਾਣਾ**—ਉਸ ਦਾ ਇੱਕ ਭਰਾ ਸ਼ਰਾਬੀ ਹੈ, ਦੂਜਾ ਜੁਆਰੀਆ ਅਤੇ ਤੀਜਾ ਕਬੂਤਰਬਾਜ਼ੀ ਦਾ ਸ਼ੌਕ ਰੱਖਦਾ ਹੈ। ਗੱਲ ਕੀ, ਉਹਨਾਂ ਦਾ ਤਾਂ ਆਵਾ ਹੀ ਊਤਿਆ ਪਿਆ ਹੈ।

**ਆਈ-ਚਲਾਈ ਕਰਨਾ**—ਘਰ ਦੀ ਆਮਦਨ ਨਾਲ਼ ਮਸਾਂ ਆਈ-ਚਲਾਈ ਹੀ ਹੁੰਦੀ ਹੈ। ਮੇਰੀ ਪੜ੍ਹਾਈ ਦੇ ਖ਼ਰਚ ਜੋਗੇ ਪੈਸਿਆਂ ਦਾ ਪ੍ਰਬੰਧ ਬਹੁਤ ਔਖਾ ਹੁੰਦਾ ਹੈ।

**ਆਸਾਂ ਉੱਤੇ ਪਾਣੀ ਫਿਰ ਜਾਣਾ**—ਨਰਿੰਦਰ ਦਾ ਦਸਵੀਂ ਵਿੱਚ ਤੀਜਾ ਦਰਜਾ ਆਉਣ ਕਾਰਨ ਜਾਣੋ ਉਸ ਦੀਆਂ ਆਸਾਂ 'ਤੇ ਪਾਣੀ ਹੀ ਫਿਰ ਗਿਆ।

**ਆਹੂ ਲਾਹੁਣਾ**—ਸਾਹਿਬਜ਼ਾਦਾ ਅਜੀਤ ਸਿੰਘ ਨੇ ਚਮਕੌਰ ਦੀ ਲੜਾਈ ਵਿੱਚ ਦੁਸ਼ਮਣਾਂ ਦੇ ਆਹੂ ਲਾਹ ਸੁੱਟੇ।

**ਆਟੇ ਵਿੱਚ ਲੂਣ ਹੋਣਾ**—ਅੰਗਰੇਜ਼ਾਂ ਦੇ ਰਾਜ ਵਿੱਚ ਸਕੂਲ ਜਾਂਦੇ ਬੱਚਿਆਂ ਦੀ ਗਿਣਤੀ ਆਟੇ ਵਿੱਚ ਲੂਣ ਸੀ। ਇਸ ਦੇ ਉਲਟ ਹੁਣ ਅਜ਼ਾਦ ਭਾਰਤ ਵਿੱਚ ਸਕੂਲ ਨਾ ਜਾਣ ਵਾਲ਼ੇ ਬੱਚਿਆਂ ਦੀ ਗਿਣਤੀ ਆਟੇ ਵਿੱਚ ਲੂਣ ਦੇ ਬਰਾਬਰ ਹੈ।

**ਆਂਦਰਾਂ ਠਾਰਨਾ**—ਜਿਹੜੇ ਵਿਦਿਆਰਥੀ ਮਿਹਨਤ ਨਾਲ਼ ਪੜ੍ਹਾਈ ਕਰਦੇ ਹਨ, ਉਹ ਨਾ ਕੇਵਲ ਆਪਣੇ ਅਧਿਆਪਕਾਂ ਨੂੰ ਚੰਗੇ ਲੱਗਦੇ ਹਨ ਸਗੋਂ ਆਪਣੇ ਮਾਪਿਆਂ ਦੀਆਂ ਆਂਦਰਾਂ ਵੀ ਠਾਰਦੇ ਹਨ।

**ਆਪਣਾ ਉੱਲੂ ਸਿੱਧਾ ਕਰਨਾ**—ਕਈ ਵਿਅਕਤੀ ਆਪਣਾ ਉੱਲੂ ਸਿੱਧਾ ਕਰਨ ਲਈ ਦੂਜਿਆਂ ਨਾਲ਼ ਦੋਸਤੀ ਦਾ ਵਿਖਾਵਾ ਵੀ ਕਰਦੇ ਹਨ।

**ਆਪਣੀ ਢਾਈ ਪਾ ਖਿਚੜੀ ਵੱਖਰੀ ਪਕਾਉਣੀ**—ਤੈਨੂੰ ਸਾਰਿਆਂ ਨਾਲ਼ ਰਲ਼ ਕੇ ਰਹਿਣਾ ਚਾਹੀਦਾ ਹੈ। ਆਪਣੀ ਢਾਈ ਪਾ ਖਿੱਚੜੀ ਵੱਖਰੀ ਪਕਾਉਣੀ ਚੰਗੀ ਗੱਲ ਨਹੀਂ।

**ਆਪਣੀ ਪੀਹੜੀ ਹੇਠ ਸੋਟਾ ਫੇਰਨਾ**—ਕਿਸੇ ਵੱਲ ਉਂਗਲ਼ ਕਰਨ ਤੋਂ ਪਹਿਲਾਂ ਸਾਨੂੰ ਆਪਣੀ ਪੀਹੜੀ ਹੇਠ ਸੋਟਾ ਫੇਰਨਾ ਚਾਹੀਦਾ ਹੈ।

**ਇੱਕ ਅੱਖ ਨਾਲ਼ ਵੇਖਣਾ**—ਲੋਕ ਉਸ ਨੇਤਾ ਨੂੰ ਪਸੰਦ ਕਰਦੇ ਹਨ ਜੋ ਸਭ ਨੂੰ ਇੱਕ ਅੱਖ ਨਾਲ਼ ਵੇਖਦਾ ਹੈ।

**ਇੱਕ ਕੰਨੋਂ ਸੁਣ ਕੇ ਦੂਜੇ ਕੰਨੋਂ ਕੱਢ ਦੇਣਾ**—ਲੋਕ ਉਸ ਹਾਕਮ ਦਾ ਸਤਿਕਾਰ ਨਹੀਂ ਕਰਦੇ ਜਿਹੜਾ ਕਿਸੇ ਦੀ ਦਾਦ-ਫ਼ਰਿਆਦ ਨੂੰ ਇੱਕ ਕੰਨ ਸੁਣ ਕੇ ਦੂਜੇ ਕੰਨੋਂ ਕੱਢ ਦਿੰਦਾ ਹੈ।

**ਇੱਕ ਦੀਆਂ ਚਾਰ ਸੁਣਾਉਣਾ**—ਉਸ ਨੇ ਆਪਣਾ ਦੋਸ਼ ਨਹੀਂ ਮੰਨਣਾ, ਉਹਨੂੰ ਕੁਝ ਕਹੋਗੇ ਤਾਂ ਉਹ ਇੱਕ ਦੀਆਂ ਚਾਰ ਸੁਣਾਏਗਾ।

**ਇੱਕੋ ਰੱਸੇ ਫਾਹੇ ਦੇਣਾ**—ਅੰਗਰੇਜ਼ੀ ਰਾਜ ਵਿੱਚ ਨਿਆਂ ਕੇਵਲ ਦਿਖਾਵੇ ਮਾਤਰ ਲਈ ਸੀ, ਬਹੁਤੀ ਵਾਰੀ ਇੱਕ ਦੇ ਕਸੂਰ ਬਦਲੇ ਸਭ ਨੂੰ ਇੱਕੋ ਰੱਸੇ ਫਾਹੇ ਲਾਇਆ ਜਾਂਦਾ ਸੀ।

**ਇੱਕੋ ਤੱਕੜੀ ਦੇ ਵੱਟੇ ਹੋਣਾ**—ਚੋਰ-ਬਜ਼ਾਰੀਏ ਭਾਵੇਂ ਕਿਸੇ ਵੀ ਦੇਸ ਜਾਂ ਪ੍ਰਾਂਤ ਦੇ ਹੋਣ ਇੱਕੋ ਤੱਕੜੀ ਦੇ ਵੱਟੇ ਹੁੰਦੇ ਹਨ।

**ਇੱਜ਼ਤ ਨੂੰ ਵੱਟਾ ਲਾਉਣਾ**—ਜਿਹੜੇ ਲੋਕ ਬੇਈਮਾਨੀ, ਰਿਸ਼ਵਤਖ਼ੋਰੀ ਜਾਂ ਚੋਰ-ਬਜ਼ਾਰੀ ਆਦਿ ਕੁਕਰਮਾਂ ਰਾਹੀਂ ਦੇਸ-ਧ੍ਰੋਹ ਕਰਦੇ ਹਨ, ਉਹ ਦੇਸ ਦੀ ਇੱਜ਼ਤ ਨੂੰ ਵੱਟਾ ਲਾਉਂਦੇ ਹਨ।

**ਇੱਟ-ਕੁੱਤੇ ਦਾ ਵੈਰ ਹੋਣਾ**—ਕਿਹਾ ਜਾਂਦਾ ਹੈ ਕਿ ਸੱਪ ਅਤੇ ਨਿਓਲ਼ੇ ਦਾ ਆਪਸ ਵਿੱਚ ਇੱਟ-ਕੁੱਤੇ ਦਾ ਵੈਰ ਹੁੰਦਾ ਹੈ।

**ਇੱਟ-ਚੁੱਕਦੇ ਨੂੰ ਪੱਥਰ ਚੁੱਕਣਾ**—ਭਾਰਤ ਭਾਵੇਂ ਸ਼ਾਂਤੀ ਦਾ ਪੁਜਾਰੀ ਹੈ ਤਾਂ ਵੀ ਇਹ ਇੱਟ ਚੁੱਕਦੇ ਨੂੰ ਪੱਥਰ ਚੁੱਕ ਕੇ ਮੁਕਾਬਲਾ ਕਰਨ ਲਈ ਤਿਆਰ ਰਹਿੰਦਾ ਹੈ।

**ਇੱਟ ਨਾਲ਼ ਇੱਟ ਖੜਕਾਉਣਾ**—ਪੁਰਾਣੇ ਸਮੇਂ ਵਿੱਚ ਕਈ ਵਾਰ ਜਦੋਂ ਹਮਲਾ ਹੁੰਦਾ ਸੀ ਤਾਂ ਸ਼ਹਿਰਾਂ ਤੇ ਨਗਰਾਂ ਦੀ ਇੱਟ ਨਾਲ਼ ਇੱਟ ਖੜਕਾ ਦਿੱਤੀ ਜਾਂਦੀ ਸੀ।

**ਈਦ ਦਾ ਚੰਨ ਹੋਣਾ**—ਕਿੱਥੇ ਰਹਿੰਦਾ ਏਂ ? ਬੜੀ ਦੇਰ ਬਾਅਦ ਮਿਲ਼ਿਆ ਏਂ, ਤੂੰ ਤਾਂ ਈਦ ਦਾ ਚੰਨ ਹੋ ਗਿਆ ਏਂ!

**ਈਨ ਮੰਨਣਾ**—ਸ਼ਹੀਦ ਉਹ ਹੁੰਦਾ ਹੈ ਜੋ ਸ਼ਹਾਦਤ ਦੇ ਦਿੰਦਾ ਹੈ ਪਰ ਈਨ ਨਹੀਂ ਮੰਨਦਾ।

ਸਾਹਿਬਜ਼ਾਦਿਆਂ ਨੇ ਆਪਣੀ ਜਾਨ ਦੇ ਦਿੱਤੀ ਪਰ ਜ਼ਾਲਮ ਹਾਕਮਾਂ ਦੀ ਈਨ ਨਾ ਮੰਨੀ।

**ਸੱਜੀ ਬਾਂਹ ਹੋਣਾ**—ਭਾਰਤ ਅਮਨ-ਪਸੰਦ ਦੇਸਾਂ ਦੀ ਸੱਜੀ ਬਾਂਹ ਹੈ।

**ਸੱਤਰਿਆ-ਬਹੱਤਰਿਆ ਜਾਣਾ**—ਬਜ਼ੁਰਗਾਂ ਦੇ ਤਜਰਬੇ ਤੋਂ ਲਾਭ ਉਠਾਉਣਾ ਚਾਹੀਦਾ ਹੈ। ਉਹਨਾਂ ਨੂੰ ਸੱਤਰਿਆ-ਬਹੱਤਰਿਆ ਕਹਿ ਕੇ ਤ੍ਰਿਸਕਾਰਨਾ ਨਹੀਂ ਚਾਹੀਦਾ।

**ਸੱਤੀਂ ਕੱਪੜੀਂ ਅੱਗ ਲੱਗਣਾ**—ਸ: ਮਹਿੰਦਰ ਸਿੰਘ ਵਰਗੇ ਨੇਕ ਅਤੇ ਸ਼ਰੀਫ਼ ਇਨਸਾਨ ਉੱਤੇ ਚੋਰੀ ਦੇ ਝੂਠੇ ਇਲਜ਼ਾਮ ਨੂੰ ਸੁਣ ਕੇ ਮੇਰੇ ਸੱਤੀਂ ਕੱਪੜੀਂ ਅੱਗ ਲੱਗ ਗਈ।

**ਸੱਪ ਸੁੰਘ ਜਾਣਾ**—ਕਈ ਲੋਕ ਆਪਣੇ ਹੱਕਾਂ ਲਈ ਤਾਂ ਰੌਲ਼ਾ ਪਾਉਂਦੇ ਹਨ ਪਰ ਜਦੋਂ ਉਹਨਾਂ ਦੇ ਫ਼ਰਜ਼ ਦੀ ਗੱਲ ਕਰੋ ਤਾਂ ਉਹਨਾਂ ਨੂੰ ਸੱਪ ਸੁੰਘ ਜਾਂਦਾ ਹੈ।

**ਸੱਪਾਂ ਨੂੰ ਦੁੱਧ ਪਿਆਉਣਾ**—ਚੋਰ-ਬਜ਼ਾਰੀਆਂ ਅਤੇ ਹੋਰ ਦੇਸ-ਧ੍ਰੋਹੀਆਂ ਨੂੰ ਕਨੂੰਨ ਦੇ ਸ਼ਿਕੰਜੇ ਤੋਂ ਬਚਾਉਣਾ ਸੱਪਾਂ ਨੂੰ ਦੁੱਧ ਪਿਆਉਣਾ ਹੈ।

**ਸਬਰ ਦਾ ਘੁੱਟ ਭਰਨਾ**—ਸੰਗਠਿਤ ਹੋਏ ਮਨੁੱਖ ਹੀ ਜ਼ੁਲਮ ਅਤੇ ਅਨਿਆਂ ਦਾ ਮੁਕਾਬਲਾ ਕਰ ਸਕਦੇ ਹਨ, ਇਕੱਲੇ ਮਨੁੱਖ ਨੂੰ ਤਾਂ ਜ਼ੁਲਮ ਅੱਗੇ ਸਬਰ ਦਾ ਘੁੱਟ ਭਰਨਾ ਪੈਂਦਾ ਹੈ।

**ਸਬਰ ਦਾ ਪਿਆਲਾ ਛਲ਼ਕਣਾ**—ਜਦੋਂ ਗ਼ੁਲਾਮ ਕੌਮਾਂ ਦੇ ਸਬਰ ਦਾ ਪਿਆਲਾ ਛਲ਼ਕ ਜਾਂਦਾ ਹੈ ਤਾਂ ਉਹ ਗ਼ੁਲਾਮੀ ਦਾ ਜੂਲ਼ਾ ਲਾਹੁਣ ਲਈ ਤਤਪਰ ਹੋ ਜਾਂਦੇ ਹਨ।

**ਸਮੇਂ ਦੀ ਨਬਜ਼ ਪਛਾਣਨਾ**—ਸਿਆਣੇ ਮਾਪੇ ਸਮੇਂ ਦੀ ਨਬਜ਼ ਪਛਾਣਦੇ ਹੋਏ ਆਪਣੇ ਬੱਚਿਆਂ ਨਾਲ਼ ਲਚਕਦਾਰ ਵਤੀਰਾ ਰੱਖਦੇ ਹਨ।

**ਸ਼ਸ਼ੋਪੰਜ ਵਿੱਚ ਪੈ ਜਾਣਾ**—ਠੀਕ ਅਗਵਾਈ ਨਾ ਮਿਲ਼ਨ ਕਰਕੇ ਕਈ ਵਿਦਿਆਰਥੀ ਚੋਣਵੇਂ ਵਿਸ਼ਿਆਂ ਦੀ ਚੋਣ ਬਾਰੇ ਸ਼ਸ਼ੋਪੰਜ ਵਿੱਚ ਪਏ ਰਹਿੰਦੇ ਹਨ।

**ਸ਼ਰਮ ਨਾਲ਼ ਪਾਣੀ-ਪਾਣੀ ਹੋ ਜਾਣਾ**—ਕੱਚੇ ਇਮਤਿਹਾਨਾਂ ਵਿੱਚ ਜਦੋਂ ਮਨੀਟਰ ਕੋਲ਼ੋਂ ਨਕਲ ਮਾਰਨ ਲਈ ਰੱਖੇ ਕਾਗ਼ਜ਼ ਫੜੇ ਗਏ ਤਾਂ ਉਹ ਸ਼ਰਮ ਨਾਲ਼ ਪਾਣੀ-ਪਾਣੀ ਹੋ ਗਿਆ।

**ਸਾਹ-ਸਤ ਮੁੱਕ ਜਾਣਾ**—ਮੈਂ ਤਾਂ ਪਹਿਲੇ ਦਰਜੇ ਦੀ ਆਸ ਲਾਈ ਬੈਠਾ ਸੀ ਪਰ ਨਤੀਜਾ ਨਿਕਲ਼ਨ 'ਤੇ ਅਖ਼ਬਾਰ ਵਿੱਚ ਜਦੋਂ ਮੈਨੂੰ ਆਪਣਾ ਰੋਲ ਨੰਬਰ ਨਾ ਦਿਸਿਆ ਤਾਂ ਮੇਰਾ ਸਾਹ-ਸਤ ਹੀ ਮੁੱਕ ਗਿਆ।

**ਸਾਹ ਨਾ ਲੈਣ ਦੇਣਾ**—ਮਾਤਾ ਜੀ ਮੈਨੂੰ ਆਪ ਅੰਗਰੇਜ਼ੀ ਪੜ੍ਹਾਉਣਾ ਚਾਹੁੰਦੇ ਹਨ ਪਰ ਉਹਨਾਂ ਨੂੰ ਤਾਂ ਘਰ ਦੇ ਕੰਮ ਹੀ ਸਾਹ ਨਹੀਂ ਲੈਣ ਦਿੰਦੇ।

**ਸਾਖੀ ਭਰਨਾ**—ਜੱਲ੍ਹਿਆਂਵਾਲ਼ਾ ਬਾਗ਼ ਅੰਗਰੇਜ਼ਾਂ ਦੇ ਜ਼ੁਲਮ ਦੀ ਸਾਖੀ ਭਰਦਾ ਹੈ।

**ਸ਼ਾਨ ਨੂੰ ਵੱਟਾ ਲਾਉਣਾ**—ਸ: ਭਗਤ ਸਿੰਘ ਨੇ ਆਪਣੀ ਜਾਨ ਦੇ ਦਿੱਤੀ ਪਰ ਕੌਮ ਦੀ ਸ਼ਾਨ ਨੂੰ ਵੱਟਾ ਨਹੀਂ ਲੱਗਣ ਦਿੱਤਾ।

**ਸਿੱਕਾ ਜੰਮਣਾ**—ਹਿੰਦ-ਪਾਕ ਦੀ ਜੰਗ ਵੇਲ਼ੇ ਬਹਾਦਰ ਰਾਜੂ ਨੇ ਆਪਣੀ ਤੋਪ ਨਾਲ਼ ਦੁਸ਼ਮਣਾਂ ਦੇ ਜਹਾਜ਼ ਫੁੰਡ-ਫੁੰਡ ਕੇ ਆਪਣੀ ਨਿਸ਼ਾਨੇਬਾਜ਼ੀ ਦਾ ਸਿੱਕਾ ਜਮਾ ਦਿੱਤਾ।

**ਸਿੱਧੇ ਮੂੰਹ ਗੱਲ ਨਾ ਕਰਨਾ**—ਉਸ ਹੈਂਕੜਬਾਜ਼ ਦੀ ਲਾਟਰੀ ਕੀ ਨਿਕਲ਼ ਆਈ, ਉਹ ਕਿਸੇ ਨਾਲ਼ ਸਿੱਧੇ ਮੂੰਹ ਗੱਲ ਈ ਨਹੀਂ ਕਰਦਾ।

**ਸਿਰ ਉੱਤੋਂ ਪਾਣੀ ਲੰਘਣਾ**—ਕੋਈ ਵੀ ਮਾਂ ਆਪਣੇ ਬੱਚੇ ਉੱਪਰ ਹੱਥ ਨਹੀਂ ਚੁੱਕਣਾ ਚਾਹੁੰਦੀ ਪਰ ਜਦੋਂ ਬੱਚੇ ਦੀਆਂ ਭੈੜੀਆਂ ਆਦਤਾਂ ਕਰਕੇ ਪਾਣੀ ਸਿਰ ਉੱਤੋਂ ਲੰਘ ਜਾਵੇ ਤਾਂ ਉਹ ਬੱਚੇ ਨੂੰ ਸਜ਼ਾ ਦੇਣ ਤੋਂ ਵੀ ਨਹੀਂ ਝਿਜਕਦੀ।

**ਸਿਰ ਸਿਹਰਾ ਆਉਣਾ**—ਸਕੂਲ ਦਾ ਨਤੀਜਾ ਸੌ ਪ੍ਰਤਿਸ਼ਤ ਆਉਣ ਦਾ ਸਿਹਰਾ ਸਾਡੇ ਮਿਹਨਤੀ ਅਧਿਆਪਕਾਂ ਸਿਰ ਹੈ।

**ਸਿਰ 'ਤੇ ਖੱਫਣ ਬੰਨ੍ਹਣਾ**—ਦੇਸ-ਭਗਤ ਸਿਰ 'ਤੇ ਖੱਫਣ ਬੰਨ੍ਹ ਕੇ ਅਜ਼ਾਦੀ ਦੀ ਲਹਿਰ ਵਿੱਚ ਕੁੱਦ ਪਏ।

**ਸਿਰ ਖਾਣਾ**—ਬੱਚਿਆਂ ਦੀਆਂ ਫ਼ਰਮਾਇਸ਼ਾਂ ਤੋਂ ਤੰਗ ਆ ਕੇ ਮਾਂ ਨੇ ਕਿਹਾ, "ਚੁੱਪ ਕਰ ਕੇ ਬੈਠੋ। ਮੇਰਾ ਸਿਰ ਨਾ ਖਾਓ।"

**ਸਿਰ ਖੁਰਕਣ ਦੀ ਵਿਹਲ ਨਾ ਹੋਣਾ**—ਵਿਆਹ ਵਿੱਚ ਏਨਾ ਕੰਮ ਸੀ ਕਿ ਸਾਨੂੰ ਸਿਰ ਖੁਰਕਣ ਦੀ ਵਿਹਲ ਨਹੀਂ ਸੀ।

**ਸਿਰ ਤਲੀ 'ਤੇ ਧਰਨਾ**—ਫ਼ੌਜੀ ਜਵਾਨ ਸਿਰ ਤਲੀ 'ਤੇ ਧਰ ਕੇ ਸਰਹੱਦਾਂ ਦੀ ਰਾਖੀ ਕਰਦੇ ਹਨ।

**ਸਿਰ ਉੱਤੇ ਹੱਥ ਰੱਖਣਾ**—ਗੁਰੂ ਜੀ ਨੇ ਬਾਬਾ ਬਚਿੱਤਰ ਸਿੰਘ ਦੇ ਸਿਰ ਉੱਤੇ ਹੱਥ ਰੱਖਿਆ ਅਤੇ ਉਹਨੇ ਦੁਸ਼ਮਣ ਦੇ ਮਸਤ ਹਾਥੀ ਨੂੰ ਵੀ ਪਛਾੜ ਦਿੱਤਾ।

**ਸਿਰ ਉੱਤੇ ਕੁੰਡਾ ਨਾ ਹੋਣਾ**—ਸਿਰ ਉੱਤੇ ਕੁੰਡਾ ਨਾ ਹੋਣ ਕਰਕੇ ਮੁੰਡੇ ਦੀਆਂ ਆਦਤਾਂ ਵਿਗੜ ਗਈਆਂ।

**ਸਿਰ ਉੱਤੇ ਜੂੰ ਨਾ ਸਰਕਣਾ**—ਹੁਣ ਫ਼ੇਲ੍ਹ ਹੋਣ 'ਤੇ ਕਿਉਂ ਰੋਂਦਾ ਹੈਂ ? ਜਦੋਂ ਤੈਨੂੰ ਪੜ੍ਹਨ ਲਈ ਕਹਿੰਦੇ ਸਾਂ ਤਾਂ ਤੇਰੇ ਸਿਰ ਉੱਤੇ ਜੂੰ ਨਹੀਂ ਸੀ ਸਰਕਦੀ।

**ਸਿਰ ਉੱਤੇ ਪੈਰ ਰੱਖ ਕੇ ਨੱਸਣਾ**—ਸਿਪਾਹੀ ਨੂੰ ਵੇਖਦਿਆਂ ਜੇਬ-ਕਤਰਾ ਸਿਰ ਉੱਤੇ ਪੈਰ ਰੱਖ ਕੇ ਨੱਸ ਗਿਆ।

**ਸਿਰ-ਪੈਰ ਨਾ ਹੋਣਾ**—ਵਕਤਾ ਇੱਕ ਘੰਟਾ ਬੋਲਦਾ ਰਿਹਾ ਪਰ ਉਹਦੇ ਭਾਸ਼ਣ ਦਾ ਕੋਈ ਸਿਰ-ਪੈਰ ਨਾ ਹੋਣ ਕਾਰਨ ਸ੍ਰੋਤਿਆਂ ਦੇ ਪੱਲੇ ਕੁਝ ਨਾ ਪਿਆ।

**ਸਿਰ-ਧੜ ਦੀ ਬਾਜ਼ੀ ਲਾਉਣਾ**—ਡਾਕੂਆਂ ਦੇ ਹਮਲੇ ਸਮੇਂ ਪਿੰਡ ਦੇ ਸਾਰੇ ਲੋਕ ਸਿਰ-ਧੜ ਦੀ ਬਾਜ਼ੀ ਲਾਉਣ ਲਈ ਤਿਆਰ ਹੋ ਗਏ ਜਿਸ ਕਾਰਨ ਡਾਕੂਆਂ ਨੂੰ ਭੱਜਣਾ ਪਿਆ।

**ਸਿਰ ਨਾ ਚੁੱਕਣਾ**—ਬਾਬਾ ਜੀ ਦੇ ਸਖ਼ਤ ਸੁਭਾਅ ਕਾਰਨ ਸਾਡੇ ਘਰ ਵਿੱਚ ਕੋਈ ਵੀ ਉਹਨਾਂ ਅੱਗੇ ਸਿਰ ਨਹੀਂ ਚੁੱਕਦਾ।

**ਸਿਰ-ਮੱਥੇ ਉੱਤੇ ਮੰਨਣਾ**—ਠੀਕ ਗੱਲ ਸਿਰ-ਮੱਥੇ ਉੱਤੇ ਮੰਨਣੀ ਚਾਹੀਦੀ ਹੈ, ਕਹਿਣ ਵਾਲ਼ਾ ਭਾਵੇਂ ਕੋਈ ਵੀ ਹੋਵੇ।

**ਸਿਰ ਮਾਰਨਾ**—ਮੈਨੂੰ ਆਸ ਸੀ ਕਿ ਥੋੜ੍ਹੀ ਜਿੰਨੀ ਜਾਣ-ਪਛਾਣ ਹੋਣ ਕਰਕੇ ਦੁਕਾਨਦਾਰ ਮੈਨੂੰ ਉਧਾਰ ਦੇ ਦੇਵੇਗਾ ਪਰ ਉਹਨੇ ਮੇਰੀ ਗੱਲ ਸੁਣਦਿਆਂ ਹੀ ਸਿਰ ਮਾਰ ਦਿੱਤਾ।

**ਸਿਰੋਂ ਨੰਗੀ ਹੋਣਾ**—ਅਵਤਾਰ ਕੌਰ ਦਾ ਪਤੀ ਦੁਰਘਟਨਾ ਵਿੱਚ ਮਾਰਿਆ ਗਿਆ। ਉਹ ਨੌਕਰੀ ਕਰਦੀ ਸੀ ਇਸ ਲਈ ਉਸ ਨੇ ਸਿਰੋਂ ਨੰਗੀ ਹੋ ਜਾਣ 'ਤੇ ਵੀ ਆਪਣੇ ਬੱਚਿਆਂ ਦੀ ਪੜ੍ਹਾਈ ਜਾਰੀ ਰੱਖੀ।

**ਸੁਹਾਗ ਲੁੱਟ ਲੈਣਾ**—ਜੰਗ ਵਿੱਚ ਅਨੇਕਾਂ ਇਸਤਰੀਆਂ ਦੇ ਸੁਹਾਗ ਲੁੱਟੇ ਜਾਂਦੇ ਹਨ।

**ਸੁੱਕ ਕੇ ਤੀਲ੍ਹਾ ਹੋਣਾ**—ਲੰਮੀ ਬਿਮਾਰੀ ਕਾਰਨ ਉਹ ਸੁੱਕ ਕੇ ਤੀਲ੍ਹਾ ਹੋ ਗਿਆ ਹੈ।

**ਸੁੱਕਣੇ ਪਾ ਛੱਡਣਾ**—ਸਕੂਲ ਦੇ ਸਮਾਗਮ ਵਿੱਚ ਮੁੱਖ ਮਹਿਮਾਨ ਦੋ ਘੰਟੇ ਲੇਟ ਆਇਆ ਇਸ ਲਈ ਵਿਦਿਆਰਥੀ ਦੋ ਘੰਟੇ ਸੁੱਕਣੇ ਪਏ ਰਹੇ। ***ਜਾਂ***

ਜੇ ਤੁਸੀਂ ਏਨੀ ਹੀ ਦੇਰ ਨਾਲ਼ ਆਉਣਾ ਸੀ ਤਾਂ ਮੈਨੂੰ ਪਹਿਲਾਂ ਹੀ ਕਿਉਂ ਸੁੱਕਣੇ ਪਾ ਛੱਡਿਆ ?

**ਸ਼ੇਖ਼ਚਿਲੀ ਦੇ ਪਲਾਅ ਪਕਾਉਣਾ**—ਵਿਹਲੇ ਹੱਥ 'ਤੇ ਹੱਥ ਧਰ ਕੇ ਸ਼ੇਖ਼ਚਿਲੀ ਦੇ ਪਲਾਅ ਪਕਾਉਣ ਨਾਲ਼ੋਂ ਚੰਗਾ ਹੈ, ਹਿੰਮਤ ਨਾਲ਼ ਕੋਈ ਕੰਮ ਕੀਤਾ ਜਾਵੇ।

**ਸੇਕ ਲੱਗਣਾ**—ਜੇ ਦੇਸ ਵਿੱਚ ਕਿਸੇ ਵੀ ਪ੍ਰਕਾਰ ਦੀ ਬਦਅਮਨੀ ਹੋਵੇ ਤਾਂ ਉਸ ਦਾ ਸੇਕ ਹਰ ਪਰਿਵਾਰ ਨੂੰ ਲੱਗਦਾ ਹੈ।

**ਸੁਰ ਮਿਲ਼ਨਾ**—ਦਸਵੀਂ ਨੂੰ ਪੜ੍ਹਾਉਣ ਵਾਲ਼ੇ ਅਧਿਆਪਕਾਂ ਦੀ ਸੁਰ ਚੰਗੀ ਮਿਲ਼ੀ ਹੈ, ਆਸ ਹੈ ਨਤੀਜਾ ਸ਼ਾਨਦਾਰ ਆਵੇਗਾ।

**ਸੁੱਤੀ ਕਲਾ ਜਗਾਉਣਾ**—ਫ਼ਿਰਕਾਪ੍ਰਸਤੀ ਨੂੰ ਹਵਾ ਦੇਣੀ ਸੁੱਤੀ ਕਲਾ ਜਗਾਉਣਾ ਹੈ।

**ਸੁੱਖ ਦੀ ਨੀਂਦਰੇ ਸੌਣਾ**—ਪਰੀਖਿਆ ਮੁੱਕਣ 'ਤੇ ਵਿਦਿਆਰਥੀ ਕੁਝ ਸਮਾਂ ਤਾਂ ਸੁੱਖ ਦੀ ਨੀਂਦਰੇ ਸੌਂਦੇ ਹਨ।

**ਸੁੱਖ ਦਾ ਸਾਹ ਆਉਣਾ**—ਜੰਗ ਬੰਦ ਹੋਈ ਤਾਂ ਸਭ ਨੇ ਸੁੱਖ ਦਾ ਸਾਹ ਲਿਆ।

**ਸੁੱਕੇ ਬਾਗ਼ ਹਰੇ ਹੋਣਾ**—ਮਾਪਿਆਂ ਨੇ ਅਤਿ ਗ਼ਰੀਬੀ ਵਿੱਚ ਆਪਣੇ ਬੱਚੇ ਨੂੰ ਡਾਕਟਰੀ ਦੀ ਪੜ੍ਹਾਈ ਕਰਵਾਈ। ਜਦੋਂ ਉਹਦੀ ਨੌਕਰੀ ਲੱਗੀ ਤਾਂ ਮਾਪਿਆਂ ਦੇ ਸੁੱਕੇ ਬਾਗ਼ ਹਰੇ ਹੋ ਗਏ।

**ਸ਼ੇਰ ਹੋ ਜਾਣਾ**—ਡਾਕੂਆਂ ਦੇ ਮੁਕਾਬਲੇ ਵਿੱਚ ਘਰ ਵਾਲ਼ੇ ਘਬਰਾ ਗਏ ਸਨ ਪਰ ਜਦੋਂ ਪਿੰਡ ਵਾਲ਼ੇ ਉਹਨਾਂ ਦੀ ਮਦਦ ਲਈ ਆ ਗਏ ਤਾਂ ਘਰ ਵਾਲ਼ੇ ਵੀ ਸ਼ੇਰ ਹੋ ਗਏ।

**ਸ਼ੇਰ ਦੀ ਮੁੱਛ ਫੜਨਾ**—ਦੁਸ਼ਮਣ ਨੂੰ ਪਤਾ ਹੈ ਕਿ ਸਾਡੀਆਂ ਸਰਹੱਦਾਂ ਵੱਲ ਤੱਕਣਾ ਸ਼ੇਰ ਦੀ ਮੁੱਛ ਫੜਨਾ ਹੈ।

**ਸੈਲ-ਪੱਥਰ ਹੋਣਾ**—ਨਾਗਾਸਾਕੀ ਅਤੇ ਹੀਰੋਸ਼ੀਮਾ ਉੱਤੇ ਬੰਬ ਡਿਗਣ ਨਾਲ਼ ਅਨੇਕਾਂ ਲੋਕ ਮਾਰੇ ਗਏ। ਜਿਹੜੇ ਬਚ ਵੀ ਗਏ ਉਹ ਸਦਮੇ ਨਾਲ਼ ਜਿਵੇਂ ਸੈਲ ਪੱਥਰ ਹੋ ਗਏ।

**ਸੋਹਲੇ ਸੁਣਾਉਣਾ**—ਬੱਚਿਆਂ ਦੀ ਲੜਾਈ ਕਰਕੇ ਕਈ ਮਾਪੇ ਆਪਸ ਵਿੱਚ ਹੀ ਉਲ਼ਝ ਕੇ ਇੱਕ-ਦੂਜੇ ਨੂੰ ਸੋਹਲੇ ਸੁਣਾਉਣ ਲੱਗ ਪੈਂਦੇ ਹਨ।

**ਸੋਤਰ ਸੁੱਕ ਜਾਣਾ**—ਕਈ ਬੱਚੇ ਏਨੇ ਕੋਮਲ-ਚਿਤ ਹੁੰਦੇ ਹਨ ਕਿ ਉਹਨਾਂ ਨੂੰ ਮਾਪੇ ਜਾਂ ਅਧਿਆਪਕ ਕੋਈ ਵੀ ਗ਼ੁੱਸੇ ਵਿੱਚ ਕੁਝ ਕਹੇ ਤਾਂ ਉਹਨਾਂ ਦੇ ਸੋਤਰ ਸੁੱਕ ਜਾਂਦੇ ਹਨ।

**ਸੋਨੇ 'ਤੇ ਸੁਹਾਗੇ ਦਾ ਕੰਮ ਕਰਨਾ**—ਉਸ ਦੀ ਕਵਿਤਾ ਤਾਂ ਵਧੀਆ ਸੀ ਹੀ ਪਰ ਉਹਦੀ ਸੁਰੀਲੀ ਅਵਾਜ਼ ਨੇ ਸੋਨੇ 'ਤੇ ਸੁਹਾਗੇ ਦਾ ਅਜਿਹਾ ਕੰਮ ਕੀਤਾ ਕਿ ਰੰਗ ਹੀ ਬੱਝ ਗਿਆ।

**ਸੋਨੇ ਦੀ ਲੰਕਾ ਬਣਾਉਣਾ**—ਇਮਾਨਦਾਰੀ ਨਾਲ਼ ਤਾਂ ਮਸਾਂ ਰੋਟੀ-ਟੁਕ ਹੀ ਚੱਲਦਾ ਹੈ। ਬੇਈਮਾਨੀ ਕਰਕੇ ਭਾਵੇਂ ਸੋਨੇ ਦੀ ਲੰਕਾ ਬਣਾ ਲਓ।

**ਸੌ ਦੀ ਇੱਕ ਮੁਕਾਉਣਾ**—ਸੌ ਦੀ ਇੱਕ ਮੁਕਾਵਾਂ—ਵਿੱਦਿਆ ਉਹ ਹੈ ਜੋ ਵਿਦਿਆਰਥੀ ਨੂੰ ਇੱਕ ਚੰਗਾ ਨਾਗਰਿਕ ਬਣਾਵੇ।

**ਹੱਥ ਵਟਾਉਣਾ**—ਵਿਦਿਆਰਥੀਆਂ ਨੂੰ ਵਿਹਲੇ ਸਮੇਂ ਵਿੱਚ ਆਪਣੇ ਮਾਂ-ਬਾਪ ਦੇ ਕੰਮਾਂ ਵਿੱਚ ਹੱਥ ਵਟਾਉਣਾ ਚਾਹੀਦਾ ਹੈ।

**ਹੱਥ ਵੱਢ ਦੇਣਾ**—ਤੂੰ ਕਚਹਿਰੀ ਵਿੱਚ ਹੱਥ ਵੱਢ ਕੇ ਦੇ ਚੁੱਕਾ ਹੈਂ ਇਸ ਲਈ ਮੈਨੂੰ ਜ਼ਮੀਨ ਦਾ ਹਿੱਸਾ ਦੇਣ ਤੋਂ ਤੂੰ ਮੁੱਕਰ ਨਹੀਂ ਸਕਦਾ।

**ਹੱਥ ਵਿਖਾਉਣਾ**—ਭਾਰਤੀ ਹਰ ਖੇਤਰ ਵਿੱਚ ਦੁਸ਼ਮਣਾਂ ਨੂੰ ਅਜਿਹੇ ਹੱਥ ਵਿਖਾਉਂਦੇ ਹਨ ਕਿ ਸਾਰੇ ਵੇਖਦੇ ਰਹਿ ਜਾਂਦੇ ਹਨ।

**ਹੱਥਾਂ ਦੇ ਤੋਤੇ ਉੱਡਣੇ**—ਰਘੁਬੀਰ ਨੇ ਕੇਵਲ ਗੈੱਸ-ਪੇਪਰ ਵਿੱਚੋਂ ਸਵਾਲ ਤਿਆਰ ਕੀਤੇ ਸਨ, ਜਦੋਂ ਪਰੀਖਿਆ ਵਿੱਚ ਉਹਨਾਂ ਵਿੱਚੋਂ ਕੋਈ ਵੀ ਸਵਾਲ ਨਾ ਆਇਆ ਤਾਂ ਉਸ ਦੇ ਹੱਥਾਂ ਦੇ ਤੋਤੇ ਉੱਡ ਗਏ।

**ਹੱਡਾਂ-ਪੈਰਾਂ ਦਾ ਖੁੱਲ੍ਹੇ ਹੋਣਾ**—ਪੇਂਡੂ ਲੋਕ ਚੰਗਾ ਖਾਂਦੇ-ਪੀਂਦੇ ਹਨ, ਇਸ ਲਈ ਸ਼ਹਿਰੀਆਂ ਨਾਲ਼ੋਂ ਹੱਡਾਂ-ਪੈਰਾਂ ਦੇ ਵਧੇਰੇ ਖੁੱਲ੍ਹੇ ਹੁੰਦੇ ਹਨ।

**ਹੱਥਾਂ-ਪੈਰਾਂ ਦੀ ਪੈਣਾ**—ਪਿੰਡ ਦੇ ਨੇੜੇ ਕੋਈ ਡਿਸਪੈਂਸਰੀ ਨਹੀਂ ਸੀ ਇਸ ਲਈ ਬਾਪੂ ਜੀ ਜਦੋਂ ਅਚਾਨਕ ਬਿਮਾਰ ਹੋ ਗਏ ਤਾਂ ਸਾਨੂੰ ਹੱਥਾਂ-ਪੈਰਾਂ ਦੀ ਪੈ ਗਈ।

**ਹੱਥੀਂ ਛਾਂਵਾਂ ਕਰਨੀਆਂ**—ਅੱਜ ਦੇ ਜੁਗ ਵਿੱਚ ਜਿਸ ਕੋਲ਼ ਧਨ-ਦੌਲਤ ਜਾਂ ਕੋਈ ਵੱਡਾ ਅਹੁਦਾ ਹੈ, ਉਸ ਨੂੰ ਹੱਥੀਂ ਛਾਂਵਾਂ ਹੁੰਦੀਆਂ ਹਨ।

**ਹਨੇਰ ਆਉਣਾ**—ਜੇ ਮੁੰਡੇ ਨੇ ਆਪਣੀ ਪਸੰਦ ਦੀ ਕੁੜੀ ਨਾਲ਼ ਵਿਆਹ ਕਰਨ ਦੀ ਗੱਲ ਕੀਤੀ ਹੈ ਤਾਂ ਕੀ ਹਨੇਰ ਆ ਗਿਆ ?

**ਹਨੇਰ ਪੈ ਜਾਣਾ**—ਇੱਕੋ-ਇੱਕ ਕਮਾਊ ਮੈਂਬਰ ਦੇ ਦਿਹਾਂਤ ਨਾਲ਼ ਘਰ ਵਿੱਚ ਹਨੇਰ ਪੈ ਗਿਆ।

**ਹਵਾਈ ਕਿਲ੍ਹੇ ਉਸਾਰਨਾ**—ਕੰਮ ਕਰਨ ਵਾਲ਼ੇ ਅੱਗੇ ਲੰਘ ਗਏ, ਕੇਵਲ ਹਵਾਈ ਕਿਲ੍ਹੇ ਉਸਾਰਨ ਵਾਲ਼ੇ ਬੈਠੇ ਰਹਿ ਗਏ।

**ਹਾਲਤ ਪਤਲੀ ਹੋਣਾ**—ਘਰ ਦੀ ਹਾਲਤ ਪਤਲੀ ਹੋਣ ਕਰਕੇ ਉਹ ਇੱਛਾ ਰੱਖਦਾ ਹੋਇਆ ਵੀ ਉਚੇਰੀ ਪੜ੍ਹਾਈ ਨਾ ਕਰ ਸਕਿਆ।

**ਹਿੱਕ 'ਤੇ ਮੂੰਗ ਦਲ਼ਨਾ**—ਧਨੀ ਲੋਕ ਵਿਆਹਾਂ-ਸ਼ਾਦੀਆਂ 'ਤੇ ਫ਼ਜ਼ੂਲ-ਖ਼ਰਚੀ ਰਾਹੀਂ ਆਪਣੇ ਧਨ ਦਾ ਵਿਖਾਵਾ ਕਰਕੇ ਨਿਰਧਨਾਂ ਦੀ ਹਿੱਕ 'ਤੇ ਮੂੰਗ ਦਲ਼ਦੇ ਹਨ।

**ਹਿੰਗ-ਫਟਕੜੀ ਨਾ ਲੱਗਣਾ**—ਦੋਹਾਂ ਪਰਿਵਾਰਾਂ ਨੇ ਮੁੰਡੇ ਤੇ ਕੁੜੀ ਦਾ ਬਿਲਕੁਲ ਸਾਦੇ ਢੰਗ ਨਾਲ਼ ਵਿਆਹ ਕੀਤਾ; ਨਾ ਹਿੰਗ ਲੱਗੀ, ਨਾ ਫਟਕੜੀ ਅਤੇ ਸੋਭਾ ਵਾਧੇ ਦੀ ਹੋਈ।

**ਹੇਠਲੀ ਉੱਤੇ ਕਰ ਦੇਣਾ**—ਜਦੋਂ ਕਿਸੇ ਦੇਸ ਵਿੱਚ ਘਰੋਗੀ ਜੰਗ ਛਿੜਦੀ ਹੈ ਤਾਂ ਹੇਠਲੀ ਉੱਤੇ ਹੋ ਜਾਂਦੀ ਹੈ।

**ਹੌਲ਼ਾ ਫੁੱਲ ਹੋਣਾ**—ਮੈਂ ਪਰੀਖਿਆ ਦਾ ਆਖ਼ਰੀ ਪਰਚਾ ਦੇ ਕੇ ਹੌਲ਼ਾ ਫੁੱਲ ਹੋ ਗਿਆ।

**ਹੌਲ਼ਾ ਪੈਣਾ**—ਬਾਬਾ ਫ਼ਰੀਦ ਦਾ ਵਿਚਾਰ ਹੈ ਕਿ ਪਰਾਏ ਆਸਰੇ ਰਹਿਣ ਨਾਲ਼ ਬੰਦਾ ਹੌਲ਼ਾ ਪੈਂਦਾ ਹੈ।

**ਹੱਡ-ਗੋਡੇ ਰਗੜਨਾ**—ਚੰਗਾ ਸਮਾਜ ਉਹ ਹੈ ਜਿਸ ਵਿੱਚ ਕਿਸੇ ਵੀ ਵਿਅਕਤੀ ਨੂੰ ਬੁਢਾਪੇ ਵਿੱਚ ਹੱਡ-ਗੋਡੇ ਨਾ ਰਗੜਨੇ ਪੈਣ।

**ਹੱਡ ਭੰਨ ਕੇ ਕੰਮ ਕਰਨਾ**—ਮਜ਼ਦੂਰ ਹੱਡ ਭੰਨ ਕੇ ਕੰਮ ਕਰਦੇ ਹਨ, ਫਿਰ ਵੀ ਉਹਨਾਂ ਦਾ ਗੁਜ਼ਾਰਾ ਨਹੀਂ ਚੱਲਦਾ।

**ਹੱਡਾਂ ਨੂੰ ਰੋਗ ਲਾਉਣਾ**—ਉਹਦਾ ਜੁਆਨ ਪੁੱਤਰ ਕੀ ਮਰ ਗਿਆ, ਉਸ ਨੇ ਤਾਂ ਹੱਡਾਂ ਨੂੰ ਰੋਗ ਲਾ ਲਿਆ; ਪੁੱਤਰ ਦੀ ਮੌਤ ਤੋਂ ਛੇ ਮਹੀਨੇ ਬਾਅਦ ਆਪ ਵੀ ਚੱਲ ਵੱਸੀ।

**ਹੱਡਾਂ ਵਿੱਚ ਪਾਣੀ ਪੈਣਾ, ਹੱਥ ਉੱਤੇ ਹੱਥ ਧਰ ਕੇ ਬੈਠਣਾ**—ਹੱਥ ਉੱਤੇ ਹੱਥ ਧਰ ਕੇ ਬੈਠਣ ਨਾਲ਼ ਬੰਦਾ ਵੱਡਾ ਨਹੀਂ ਹੋ ਜਾਂਦਾ ਸਗੋਂ ਉਸ ਦੇ ਹੱਡਾਂ ਵਿੱਚ ਪਾਣੀ ਪੈ ਜਾਂਦਾ ਹੈ।

**ਹੱਥ ਅੱਡਣਾ**—ਜੇ ਗ਼ਰੀਬ ਆਦਮੀ ਨਸ਼ੇ ਕਰਨ ਲੱਗ ਪਵੇ ਤਾਂ ਉਹਨੂੰ ਛੇਤੀ ਹੀ ਦੂਜਿਆਂ ਅੱਗੇ ਹੱਥ ਅੱਡਣ ਲਈ ਮਜਬੂਰ ਹੋਣਾ ਪੈਂਦਾ ਹੈ।

**ਹੱਥ ਹਿਲਾਉਣਾ**—ਹੱਥ ਹਿਲਾਉਣ ਤੋਂ ਬਿਨਾਂ ਕਿਸੇ ਵੀ ਕੰਮ ਵਿੱਚ ਕਾਮਯਾਬੀ ਹਾਸਲ ਨਹੀਂ ਹੋ ਸਕਦੀ। ਇਸ ਲਈ ਹੱਥ ਉੱਤੇ ਹੱਥ ਧਰ ਕੇ ਨਾ ਬੈਠੋ।

**ਹੱਥ ਖੁੱਲ੍ਹਾ ਰੱਖਣਾ**—ਅੱਜ ਦੀ ਮਹਿੰਗਾਈ ਵਿੱਚ ਇਮਾਨਦਾਰੀ ਦੀ ਕਮਾਈ ਕਰ ਕੇ ਹੱਥ ਖੁੱਲ੍ਹਾ ਨਹੀਂ ਰੱਖਿਆ ਜਾ ਸਕਦਾ।

**ਹੱਥ ਗਰਮ ਹੋਣਾ**—ਦਫ਼ਤਰਾਂ ਵਿੱਚ ਸਾਰੇ ਕਰਮਚਾਰੀ ਬੇਈਮਾਨ ਨਹੀਂ ਹੁੰਦੇ ਕਿ ਉਹ ਹੱਥ ਗਰਮ ਹੋਣ 'ਤੇ ਹੀ ਕੰਮ ਕਰਨ। ਇੱਕਾ-ਦੁੱਕਾ ਗ਼ਲਤ ਬੰਦਿਆਂ ਕਾਰਨ ਹੀ ਬਾਕੀ ਦੇ ਕਰਮਚਾਰੀ ਬਦਨਾਮ ਹੁੰਦੇ ਹਨ।

**ਹੱਥ ਦਾ ਸੁੱਚਾ ਹੋਣਾ**—ਜਿਹੜਾ ਵਿਅਕਤੀ ਹੱਥ ਦਾ ਸੁੱਚਾ ਹੁੰਦਾ ਹੈ ਉਸ ਦਾ ਸਾਰੇ ਇਤਬਾਰ ਕਰਦੇ ਹਨ।

**ਹੱਥ ਧੋ ਕੇ ਪਿੱਛੇ ਪੈਣਾ**—ਜਿਹੜੇ ਕੰਮ ਨੂੰ ਹੱਥ ਧੋ ਕੇ ਪਿੱਛੇ ਪੈ ਜਾਈਏ ਉਸ ਨੇ ਤਾਂ ਹੋਣਾ ਹੀ ਹੁੰਦਾ ਹੈ।

**ਹੱਥ ਨੂੰ ਹੱਥ ਨਾ ਦਿਸਣਾ**—ਮੱਸਿਆ ਦੀ ਕਾਲ਼ੀ ਰਾਤ ਵਿੱਚ ਹੱਥ ਨੂੰ ਹੱਥ ਨਹੀਂ ਦਿਸਦਾ ਪਰ ਦਿਵਾਲ਼ੀ ਵਾਲ਼ੇ ਦਿਨ ਦੀਵਿਆਂ ਨਾਲ਼ ਇਹੀ ਰਾਤ ਜਗਮਗ-ਜਗਮਗ ਕਰਨ ਲੱਗ ਪੈਂਦੀ ਹੈ।

**ਹੱਥ ਪੀਲ਼ੇ ਕਰਨਾ**—ਦਾਜ ਦੀ ਸਮੱਸਿਆ ਕਾਰਨ ਗ਼ਰੀਬ ਆਦਮੀ ਦੀ ਆਪਣੀ ਧੀ ਦੇ ਹੱਥ ਪੀਲ਼ੇ ਕਰਨ ਦੀ ਚਿੰਤਾ ਵਿੱਚ ਨੀਂਦ ਹਰਾਮ ਹੋ ਜਾਂਦੀ ਹੈ।

**ਹੱਥ-ਪੈਰ ਮਾਰਨਾ**—ਆਮ ਬੰਦੇ ਨੂੰ ਰੋਟੀ ਲਈ ਕਈ ਪਾਸੇ ਹੱਥ-ਪੈਰ ਮਾਰਨੇ ਪੈਂਦੇ ਹਨ।

**ਹੱਥ ਮਲ਼ਨਾ**—ਕਿਸੇ ਵੀ ਕੰਮ ਨੂੰ ਸਿਰੇ ਚੜ੍ਹਾਉਣ ਲਈ ਸਾਨੂੰ ਮਿਹਨਤ ਕਰਨੀ ਚਾਹੀਦੀ ਹੈ। ਬਾਅਦ ਵਿੱਚ ਹੱਥ ਮਲ਼ਨ ਦਾ ਕੋਈ ਲਾਭ ਨਹੀਂ।

**ਹੱਥ ਰੰਗਣਾ**—ਬੇਈਮਾਨ ਵਪਾਰੀ ਲੁੜੀਂਦੀਆਂ ਵਸਤਾਂ ਦੀ ਥੁੜ ਪੈਦਾ ਕਰਕੇ ਅਤੇ ਦੂਣੇ-ਤੀਣੇ ਭਾਅ ਵੇਚ ਕੇ ਆਪਣੇ ਹੱਥ ਰੰਗਦੇ ਹਨ।

**ਹੱਥ ਲਮਕਾਉਂਦੇ ਆਉਣਾ**—ਸਾਡੇ ਪਿੰਡ ਦੇ ਕਈ ਗੱਭਰੂ ਵੱਡੀ ਕਮਾਈ ਕਰਨ ਦੀ ਆਸ ਨਾਲ਼ ਵਿਦੇਸ਼ ਗਏ

ਪਰ ਉੱਥੋਂ ਛੇਤੀ ਹੀ ਹੱਥ ਲਮਕਾਉਂਦੇ ਪਰਤ ਆਏ।

ਹੇਠਾਂ ਅਭਿਆਸ ਲਈ ਮੁਹਾਵਰੇ ਦਿੱਤੇ ਹਨ। ਨਾਲ਼ ਬ੍ਰੈਕਟ ਵਿੱਚ ਇਹਨਾਂ ਦੇ ਅਰਥ ਦਿੱਤੇ ਹਨ। ਇਹ ਅਰਥ ਵਿਦਿਆਰਥੀਆਂ ਨੂੰ ਮੁਹਾਵਰੇ ਸਮਝਣ ਵਿੱਚ ਕੇਵਲ ਸਹਾਇਤਾ ਕਰਨ ਲਈ ਹਨ। ਵਾਕਾਂ ਵਿੱਚ ਵਰਤੋਂ ਵੇਲ਼ੇ ਇਹਨਾਂ ਦੀ ਕੋਈ ਲੋੜ ਨਹੀਂ।

1. ਕੱਖ ਨਾ ਰਹਿਣਾ (ਖੁਰਾ-ਖੋਜ ਮਿਟ ਜਾਣਾ)
2. ਕਈ ਪੱਤਣਾਂ ਦਾ ਪਾਣੀ ਪੀਤਾ ਹੋਣਾ (ਚਲਾਕ ਹੋਣਾ)
3. ਕੱਖ ਭੰਨ ਕੇ ਦੂਹਰਾ ਨਾ ਕਰਨਾ (ਬਿਲਕੁਲ ਕੰਮ ਨਾ ਕਰਨਾ)
4. ਕੱਖਾਂ ਤੋਂ ਹੌਲ਼ਾ ਹੋਣਾ (ਬੇਇੱਜ਼ਤ ਹੋਣਾ)
5. ਕੱਚਾ ਕਰਨਾ (ਸ਼ਰਮਸਾਰ ਕਰਨਾ)
6. ਕੱਚੀਆਂ ਗੋਲ਼ੀਆਂ ਖੇਡੇ ਹੋਣਾ (ਅੱਲ੍ਹੜ ਹੋਣਾ)
7. ਕੱਛਾਂ ਮਾਰਨਾ (ਕਿਸੇ ਜਿੱਤ ਜਾਂ ਪ੍ਰਾਪਤੀ 'ਤੇ ਖ਼ੁਸ਼ੀ ਪ੍ਰਗਟ ਕਰਨਾ)
8. ਕਦਮਾਂ ਹੇਠ ਅੱਖਾਂ ਵਿਛਾਉਣਾ (ਬਹੁਤ ਆਦਰ ਪ੍ਰਗਟ ਕਰਨਾ)
9. ਕੱਪੜਿਆਂ ਤੋਂ ਬਾਹਰ ਹੋਣਾ (ਗ਼ੁੱਸੇ ਵਿੱਚ ਭੜਕ ਜਾਣਾ)
10. ਕਬਰ ਕਿਨਾਰੇ ਹੋਣਾ (ਮੌਤ ਦੇ ਨੇੜੇ ਹੋਣਾ)
11. ਕਬਰਾਂ ਦੇ ਮੁਰਦੇ ਪੁੱਟਣਾ (ਪੁਰਾਣੀਆਂ ਅਣਸੁਖਾਵੀਆਂ ਗੱਲਾਂ ਨੂੰ ਛੇੜਨਾ)
12. ਕਮਰ ਕੱਸੇ ਕਰਨਾ (ਤਿਆਰ-ਬਰ-ਤਿਆਰ ਹੋਣਾ)
13. ਕਰਮਾਂ ਨੂੰ ਰੋਣਾ (ਆਪਣੀ ਮਾੜੀ ਹਾਲਤ 'ਤੇ ਦੁਖੀ ਹੋਣਾ)
14. ਕੱਲਰ ਦਾ ਕੰਵਲ ਹੋਣਾ (ਭੈੜੀਆਂ ਤੋਂ ਭੈੜੀਆਂ ਪਰਿਸਥਿਤੀਆਂ ਵਿੱਚ ਚੰਗਾ ਮਨੁੱਖ ਬਣ ਸਕਣਾ)
15. ਕਲ਼ੇਜਾ ਕੰਬ ਜਾਣਾ (ਘਬਰਾ ਜਾਣਾ ਜਾਂ ਡਰ ਜਾਣਾ)
16. ਕਲ਼ੇਜਾ ਫੜ ਕੇ ਬਹਿ ਜਾਣਾ (ਦੁੱਖ ਵਿੱਚ ਗ੍ਰਸੇ ਜਾਣਾ)
17. ਕਲ਼ੇਜਾ ਵਿੰਨ੍ਹਿਆ ਜਾਣਾ (ਬਹੁਤ ਦੁੱਖ ਹੋਣਾ)
18. ਕਲ਼ੇਜੇ ਭਾਂਬੜ ਬਲ਼ਨਾ (ਕ੍ਰੋਧ ਆਉਣਾ)
19. ਕਾਇਆਂ ਪਲਟ ਦੇਣਾ (ਨਵਾਂ-ਨਿਰੋਆ ਕਰ ਦੇਣਾ, ਬਿਲਕੁਲ ਬਦਲ ਦੇਣਾ)
20. ਕਾਂਜੀ ਘੋਲ਼ਨਾ (ਬੇਸੁਆਦੀ ਕਰਨਾ)
21. ਕਾਰਾ ਹੋ ਜਾਣਾ (ਬਹੁਤ ਬੁਰੀ ਗੱਲ ਵਾਪਰ ਜਾਣੀ)
22. ਕਾਲ਼ਜੇ ਛੁਰੀਆਂ ਮਾਰਨਾ (ਚੁਭਵੀਆਂ ਗੱਲਾਂ ਕਹਿਣਾ)
23. ਕਾਂਵਾਂ-ਰੌਲ਼ੀ ਪਾਉਣਾ (ਇੱਕ-ਦੂਜੇ ਦੀ ਨਾ ਸੁਣ ਕੇ ਆਪੋ -ਆਪਣੀ ਕਹੀ ਜਾਣੀ)
24. ਪਲ ਵਿੱਚ ਤੋਲ਼ਾ ਪਲ ਵਿੱਚ ਮਾਸਾ (ਜਲਦੀ ਮਨ ਬਦਲਦੇ ਰਹਿਣਾ)
25. ਕੀਤੀ-ਕਰਾਈ ਖੂਹ 'ਚ ਪੈਣਾ (ਕੀਤੀ ਮਿਹਨਤ ਵਿਅਰਥ ਜਾਣਾ)
26. ਕੁੱਜੇ ਵਿੱਚ ਸਮੁੰਦਰ ਬੰਦ ਕਰਨਾ (ਵੱਡੀ ਗੱਲ ਨੂੰ ਬਹੁਤ ਸੰਖੇਪ ਵਿੱਚ ਕਹਿਣਾ)
27. ਕੁੱਤੇ ਦੀ ਮੌਤ ਮਰਨਾ (ਬਹੁਤ ਮੰਦੇ ਹਾਲੀਂ ਮਰਨਾ)
28. ਕੁੱਬੇ ਨੂੰ ਲੱਤ ਰਾਸ ਆਉਣਾ (ਭੈੜੇ ਵਰਤਾਅ ਵਿੱਚੋਂ ਵੀ ਲਾਭ ਹੋ ਜਾਣਾ)
29. ਕੋਠੇ ਜਿੱਡੀ ਹੋ ਜਾਣਾ (ਮੁਟਿਆਰ ਹੋ ਜਾਣਾ)
30. ਕੌੜਾ ਘੁੱਟ ਭਰਨਾ (ਅਣਚਾਹੀ ਗੱਲ ਨੂੰ ਬੇਵੱਸੀ ਵਿੱਚ ਪ੍ਰਵਾਨ ਕਰਨਾ)

31. ਕੰਘਾ ਹੋ ਜਾਣਾ (ਬਰਬਾਦ ਹੋ ਜਾਣਾ)
32. ਕੰਡ ਲਾਉਣਾ (ਹਰਾ ਦੇਣਾ)
33. ਕੰਡੇ ਬੀਜਣਾ (ਕਿਸੇ ਅੱਗੇ ਰੁਕਾਵਟਾਂ ਖੜ੍ਹੀਆਂ ਕਰਨਾ)
34. ਕੰਧਾਂ ਨਾਲ਼ ਗੱਲਾਂ ਕਰਨੀਆਂ (ਇਕੱਲਿਆਂ ਹੀ ਬੋਲੀ ਜਾਣਾ)
35. ਕੰਨ ਖੜ੍ਹੇ ਹੋਣੇ (ਚੌਕਸ ਹੋਣਾ)
36. ਕੰਨ 'ਤੇ ਜੂੰ ਨਾ ਸਰਕਣੀ (ਕੋਈ ਅਸਰ ਨਾ ਹੋਣਾ)
37. ਕੰਨ ਧਰਨਾ (ਧਿਆਨ ਦੇਣਾ)
38. ਕੰਨ ਪਈ ਅਵਾਜ਼ ਸੁਣਾਈ ਨਾ ਦੇਣੀ (ਬਹੁਤੇ ਸ਼ੋਰ ਕਾਰਨ ਕੁਝ ਵੀ ਸੁਣਾਈ ਨਾ ਦੇਣਾ)
39. ਕੰਨ ਭਰਨਾ (ਕਿਸੇ ਦੇ ਵਿਰੁੱਧ ਵਧਾ-ਚੜ੍ਹਾ ਕੇ ਗੱਲ ਕਰਨਾ, ਚੁਗਲੀ ਕਰਨੀ)
40. ਕੰਨ ਵਲ੍ਹੇਟ ਕੇ ਤੁਰਨਾ (ਕਿਸੇ ਦੀ ਨਾ ਸੁਣਨਾ)
41. ਕੰਨਾਂ ਤੀਕ ਮੂੰਹ ਪਾਟਣਾ (ਮੂੰਹ-ਫੱਟ ਹੋਣਾ)
42. ਕੰਨਾਂ ਦੇ ਕੱਚੇ ਹੋਣਾ (ਬਿਨਾਂ ਸੋਚੇ ਸਮਝੇ ਸੁਣੀ-ਸੁਣਾਈ ਗੱਲ 'ਤੇ ਇਤਬਾਰ ਕਰਨਾ)
43. ਕੰਨਾਂ ਨੂੰ ਹੱਥ ਲਵਾਉਣੇ (ਬੱਸ ਕਰਾ ਦੇਣੀ)
44. ਕੰਨਾਂ ਵਿੱਚ ਉਂਗਲ਼ੀਆਂ ਦੇਣਾ (ਭੈੜੀਆਂ ਗੱਲਾਂ ਸੁਣਨ ਤੋਂ ਔਖ ਪ੍ਰਗਟ ਕਰਨਾ)
45. ਖੱਟੇ ਪਿਆ ਹੋਣਾ (ਕਿਸੇ ਵਿਘਨ ਕਾਰਨ ਕੰਮ ਸਿਰੇ ਨਾ ਚੜ੍ਹਨਾ)
46. ਖ਼ਾਕ ਛਾਣਨਾ (ਵਿਅਰਥ ਯਤਨ ਕਰਨਾ)
47. ਖ਼ਾਨਿਓਂ ਜਾਣਾ (ਘਬਰਾ ਜਾਣਾ)
48. ਖ਼ਿਆਲੀ ਪੁਲਾਅ ਪਕਾਉਣਾ (ਕੇਵਲ ਸੁਪਨੇ ਦੇਖਣਾ)
49. ਖਿੱਲੀ ਉਡਾਉਣਾ (ਮਜ਼ਾਕ ਕਰਨਾ, ਹਾਸਾ ਉਡਾਉਣਾ)
50. ਖੁੰਬ ਠੱਪਣਾ (ਝਾੜ ਕੇ ਨਿਰੁੱਤਰ ਕਰਨਾ)
51. ਖੂਹ ਦੀ ਮਿੱਟੀ ਖੂਹ ਨੂੰ ਲਾਉਣਾ (ਜਿੰਨੀ ਖੱਟੀ, ਓਨਾ ਖ਼ਰਚ ਹੋਣਾ)
52. ਖ਼ੂਨ ਸਫ਼ੈਦ ਹੋਣਾ (ਅਪਣੱਤ ਖ਼ਤਮ ਹੋ ਜਾਣਾ)
53. ਖੇਰੂੰ-ਖੇਰੂੰ ਹੋ ਜਾਣਾ (ਆਪਸੀ ਫੁੱਟ ਕਾਰਨ ਖਿੰਡ-ਪੁੰਡ ਜਾਣਾ)
54. ਖੰਡ-ਖੀਰ ਹੋਣਾ (ਘੁਲ਼-ਮਿਲ਼ ਜਾਣਾ) ***ਜਾਂ*** (ਘਿਓ-ਸ਼ੱਕਰ ਹੋਣਾ, ਜਾਂ ਘਿਓ-ਖਿਚੜੀ ਹੋਣਾ)
55. ਗਰਮ ਹੋਣਾ (ਗ਼ੁੱਸੇ ਹੋਣਾ)
56. ਗਲ਼ ਪਿਆ ਢੋਲ ਵਜਾਉਣਾ (ਮਜਬੂਰੀਵੱਸ ਕੰਮ ਕਰਨਾ)
57. ਗਲ਼ ਪੈ ਜਾਣਾ (ਝਗੜਨਾ)
58. ਗੱਲ ਪੱਲੇ ਬੰਨ੍ਹਣਾ (ਕਿਸੇ ਉਪਦੇਸ਼ ਨੂੰ ਮੰਨ ਲੈਣਾ)
59. ਗਲ਼ਾ ਭਰ ਆਉਣਾ (ਭਾਵਕ ਹੋ ਜਾਣਾ)
60. ਗਾਹ ਪਾਉਣਾ (ਖਿਲਾਰਾ ਪਾਉਣਾ)
61. ਗਿੱਲਾ ਪੀਹਣ ਪਾਉਣਾ (ਕੰਮ ਲਮਕਾਉਣਾ)

62. ਗਿੱਲੇ ਗੋਹੇ ਵਾਂਗ ਧੁਖਣਾ (ਅੰਦਰੋ-ਅੰਦਰੀ ਦੁਖੀ ਰਹਿਣਾ)
63. ਗੁੱਡੀ ਚੜ੍ਹਨੀ (ਸਫਲਤਾ ਅਤੇ ਮਸ਼ਹੂਰੀ ਹੋਣੀ)
64. ਗੁਲਛਰੇ ਉਡਾਉਣਾ (ਫ਼ਜ਼ੂਲ ਖ਼ਰਚ ਕਰਨਾ)
65. ਗੋਂਗਲੂਆਂ ਤੋਂ ਮਿੱਟੀ ਝਾੜਨਾ (ਕੇਵਲ ਦਿਖਾਵੇ ਲਈ ਕੰਮ ਕਰਨਾ)
66. ਗੋਦੜੀ ਵਿੱਚ ਲਾਲ ਹੋਣਾ (ਮੰਦੇ ਹਾਲਤਾਂ ਵਿੱਚ ਉੱਚੇ ਹੁਨਰ ਦਾ ਮਾਲਕ ਹੋਣਾ)
67. ਗੰਢ ਭੇਜਣਾ (ਸੱਦਾ ਭੇਜਣਾ)
68. ਗੰਢ ਲੈਣਾ (ਆਪਣੇ ਹੱਕ ਦਾ ਕਰ ਲੈਣਾ)
69. ਘਰੋਂ-ਘਾਟੋਂ ਜਾਣਾ (ਕਿਸੇ ਥਾਂ ਦਾ ਵੀ ਨਾ ਰਹਿਣਾ)
70. ਘੋਗਲ਼-ਕੰਨਾ ਬਣਨਾ (ਮਚਲਾ ਹੋਣਾ)
71. ਘੋਗਾ ਚਿੱਤ ਕਰਨਾ (ਮਾਰ ਦੇਣਾ)
72. ਚੱਪਣੀ ਵਿੱਚ ਨੱਕ ਡੋਬ ਕੇ ਮਰਨਾ (ਬਹੁਤ ਸ਼ਰਮਿੰਦਾ ਹੋਣਾ)
73. ਚੜ੍ਹ ਮੱਚਣੀ (ਹਰ ਜਾਇਜ਼-ਨਾਜਾਇਜ਼ ਪੁੱਗੀ ਜਾਣੀ)
74. ਚੜ੍ਹਦੀ ਕਲਾ ਵਿੱਚ ਹੋਣਾ (ਉਤਸ਼ਾਹ ਵਿੱਚ ਰਹਿਣਾ)
75. ਚੜ੍ਹੀ-ਲੱਥੀ ਦੀ ਨਾ ਹੋਣਾ (ਬੇਪਰਵਾਹ ਹੋਣਾ, ਬੇਸ਼ਰਮ ਹੋਣਾ)
76. ਚਾਂਦੀ ਦੀ ਜੁੱਤੀ ਮਾਰਨਾ (ਵੱਢੀ ਦੇਣਾ)
77. ਚਾਰ ਚੰਨ ਲੱਗ ਜਾਣਾ (ਸੋਭਾ ਦੇਣਾ)
78. ਚਾਰੇ ਕੰਨੀਆਂ ਚੂਪਣਾ (ਖ਼ਾਲੀ ਹੋਣਾ)
79. ਚਿੱਕੜ ਸੁੱਟਣਾ (ਦੋਸ਼ ਲਾਉਣਾ)
80. ਚਿਹਰਾ ਉੱਤਰਿਆ ਹੋਣਾ (ਉਦਾਸ ਹੋਣਾ, ਲਿੱਸਾ ਹੋਣਾ)
81. ਚਿਹਰੇ ਉੱਤੇ ਹਵਾਈਆਂ ਉੱਡਣਾ (ਘਬਰਾਉਣਾ)
82. ਚੰਨ ਚਾੜ੍ਹਨਾ (ਬਦਨਾਮੀ ਵਾਲ਼ਾ ਕੰਮ ਕਰਨਾ)
83. ਛੱਕੇ ਛੁਡਾਉਣਾ (ਕਰਾਰੀ ਹਾਰ ਦੇਣਾ)
84. ਛੱਜ ਵਿੱਚ ਪਾ ਕੇ ਛੱਟਣਾ (ਭੰਡਣਾ)
85. ਛਾਂਈਂ-ਮਾਂਈਂ ਹੋਣਾ (ਲੋਪ ਹੋਣਾ)
86. ਛਿੰਝ ਪਾਉਣੀ (ਝਗੜਾ ਪਾਉਣਾ)
87. ਛਿੱਲ ਲਾਹੁਣਾ (ਲੁੱਟਣਾ)
88. ਜ਼ਹਿਰ ਫੈਲਾਉਣਾ (ਨਫ਼ਰਤ ਫੈਲਾਉਣੀ)
89. ਜ਼ਖਮ ਉੱਤੇ ਫਹਿਆ ਧਰਨਾ (ਹਮਦਰਦੀ ਪ੍ਰਗਟ ਕਰਨੀ)
90. ਜ਼ਖ਼ਮਾਂ ਉੱਤੇ ਲੂਣ ਛਿੜਕਣਾ (ਦੁਖੀ ਨੂੰ ਹੋਰ ਦੁਖੀ ਕਰਨਾ)
91. ਜਫ਼ਰ ਜਾਲਣੇ (ਘਾਲਣਾ ਘਾਲਣੀ)
92. ਜ਼ਬਾਨ ਨੂੰ ਲਗਾਮ ਦੇਣਾ (ਚੁੱਪ ਰਹਿਣਾ, ਚੁੱਪ ਕਰਾਉਣਾ)
93. ਜ਼ਬਾਨੀ ਜਮ੍ਹਾ-ਖ਼ਰਚ ਕਰਨਾ (ਵਿਅਰਥ ਗੱਲਾਂ ਕਰਨੀਆਂ)
94. ਜੜ੍ਹੀਂ ਤੇਲ ਦੇਣਾ (ਨਾਸ ਕਰਨ ਦਾ ਯਤਨ ਕਰਨਾ)
95. ਜਾਗ ਲੱਗਣਾ (ਅਸਰ ਹੋਣਾ, ਪ੍ਰੇਰਨਾ ਮਿਲ਼ਨੀ)

| | | |
|---|---|---|
| 96. | ਜਾਨ ਸੁੱਕਣਾ | (ਸਹਿਮ ਜਾਣਾ) |
| 97. | ਜਾਨ ਮਾਰਨਾ | (ਸਖ਼ਤ ਮਿਹਨਤ ਕਰਨੀ) |
| 98. | ਜਿੰਦ ਨੱਕ ਵਿੱਚ ਆਉਣਾ | (ਬਹੁਤ ਦੁਖੀ ਹੋਣਾ) |
| 99. | ਜਿਊਂਦੇ ਮਰ ਜਾਣਾ | (ਬਹੁਤ ਜ਼ਿਆਦਾ ਸ਼ਰਮਿੰਦਾ ਹੋਣਾ) |
| 100. | ਜੀਅ ਭਰ ਜਾਣਾ | (ਇੱਛਾ ਨਾ ਰਹਿਣੀ) |
| 101. | ਜਿਊਂਣਾ ਦੁੱਭਰ ਕਰਨਾ | (ਜਿਊਂਣਾ ਮੁਸ਼ਕਲ ਕਰ ਦੇਣਾ) |
| 102. | ਜੀਭ ਗੰਦੀ ਕਰਨਾ | (ਮੰਦਾ ਬੋਲਣਾ) |
| 103. | ਜੀਭ ਦੰਦਾਂ ਹੇਠ ਦੇਣਾ | (ਸਹਿ ਜਾਣਾ, ਸਬਰ ਕਰਨਾ) |
| 104. | ਝੱਗ ਛੱਡਣਾ | (ਬੇਲੋੜਾ ਬੋਲਣਾ) |
| 105. | ਝੁੱਗਾ ਚੌੜ ਹੋਣਾ | (ਤਬਾਹ ਹੋ ਜਾਣਾ) |
| 106. | ਝੋਲ਼ੀ ਚੁੱਕਣਾ | (ਖ਼ੁਸ਼ਾਮਦ ਕਰਨੀ) |
| 107. | ਟੱਕਰਾਂ ਮਾਰਨਾ | (ਭਟਕਦੇ ਫਿਰਨਾ) |
| 108. | ਟਕੇ ਵਰਗਾ ਜਵਾਬ ਦੇਣਾ | (ਸਾਫ਼ ਨਾਂਹ ਕਰਨਾ) |
| 109. | ਟੰਗ ਅੜਾਉਣਾ | (ਬੇਲੋੜਾ ਦਖ਼ਲ ਦੇਣਾ) |
| 110. | ਠੁੱਠ ਵਿਖਾਉਣਾ | (ਨਾਂਹ ਕਰਨੀ) |
| 111. | ਠੋਕ-ਵਜਾ ਕੇ ਵੇਖਣਾ | (ਚੰਗੀ ਤਰ੍ਹਾਂ ਪਰਖਣਾ) |
| 112. | ਠੰਢੀਆਂ ਛਾਂਵਾਂ ਮਾਣਨਾ | (ਸੁੱਖ ਮਾਣਨਾ) |
| 113. | ਡੰਡੇ ਵਜਾਉਣਾ | (ਵਿਹਲੇ ਫਿਰਨਾ) |
| 114. | ਢਹੇ ਚੜ੍ਹਨਾ | (ਚਲਾਕੀ ਵਿੱਚ ਫਸ ਜਾਣਾ) |
| 115. | ਢਕੀ ਰਿੱਝਣਾ | (ਬੁਰੀ ਗੱਲ ਦਾ ਭੇਤ ਪ੍ਰਗਟ ਨਾ ਹੋਣਾ) |
| 116. | ਢੱਠੇ ਖੂਹ ਵਿੱਚ ਪੈਣਾ | (ਜਾਣ-ਬੁੱਝ ਕੇ ਬਰਬਾਦ ਹੋਣਾ) |
| 117. | ਢਿੱਡ ਵਿੱਚ ਚੂਹੇ ਨੱਚਣਾ | (ਬਹੁਤ ਭੁੱਖ ਲੱਗਣਾ) |
| 118. | ਢੇਰੀ ਢਾਹੁਣਾ | (ਨਿਰਾਸ ਹੋ ਕੇ ਕੰਮ ਛੱਡ ਦੇਣਾ) |
| 119. | ਤੱਤੀ 'ਵਾ ਨਾ ਲੱਗਣਾ | (ਸੁਰੱਖਿਅਤ ਰਹਿਣਾ) |
| 120. | ਤਰਲੋ-ਮੱਛੀ ਹੋਣਾ | (ਉਤਾਵਲਾ ਹੋਣਾ, ਬਹੁਤ ਬੇਚੈਨ ਹੋਣਾ) |
| 121. | ਤ੍ਰਾਹ ਨਿਕਲ਼ ਜਾਣਾ | (ਅਚਾਨਕ ਡਰ ਜਾਣਾ) |
| 122. | ਤਿੱਤਰ ਹੋਣਾ | (ਨੱਸ ਜਾਣਾ) |
| 123. | ਤਿਲ਼ ਸੁੱਟਿਆਂ ਭੋਂ 'ਤੇ ਨਾ ਪੈਣਾ<br>***ਜਾਂ***<br>ਤਿਲ਼ ਧਰਨ ਨੂੰ ਥਾਂ ਨਾ ਹੋਣਾ | (ਬਹੁਤ ਭੀੜ ਹੋਣੀ) |
| 124. | ਤੀਰ ਕਮਾਨੋਂ ਨਿਕਲ਼ਨਾ | (ਗੱਲ ਮੂੰਹੋਂ ਨਿਕਲ਼ ਜਾਣੀ) |
| 125. | ਤੇਲ ਚੋਣਾ | (ਸੁਆਗਤ ਕਰਨਾ) |

| | | |
|---|---|---|
| 126. | ਤੋੜ-ਤੋੜ ਖਾਣਾ | (ਦੁਖੀ ਕਰਨਾ) |
| 127. | ਥਈਆ-ਥਈਆ ਕਰਨਾ | (ਖ਼ੁਸ਼ੀ ਵਿੱਚ ਝੂਮਣਾ) |
| 128. | ਥਰ-ਥਰ ਕੰਬਣਾ | (ਬਹੁਤ ਡਰ ਜਾਣਾ) |
| 129. | ਥੁੱਕ ਕੇ ਚੱਟਣਾ | (ਕੀਤੇ ਇਕਰਾਰ ਤੋਂ ਮੁੱਕਰ ਜਾਣਾ) |
| 130. | ਥੁੱਕੀਂ ਵੜੇ ਪਕਾਉਣਾ | (ਕੇਵਲ ਗੱਲਾਂ-ਬਾਤਾਂ ਨਾਲ਼ ਕੰਮ ਸਾਰਨਾ) |
| 131. | ਦਸਾਂ ਨਹੁੰਆਂ ਦੀ ਕਿਰਤ ਕਰਨਾ | (ਹੱਕ ਦੀ ਕਮਾਈ ਕਰਨੀ) |
| 132. | ਦਮਗਜੇ ਮਾਰਨਾ | (ਫੜ੍ਹਾਂ ਮਾਰਨਾ) |
| 133. | ਦੜ ਵੱਟਣਾ | (ਦੁੱਖ ਜਾਂ ਔਕੜ ਨੂੰ ਸਬਰ ਕਰਕੇ ਸਹਿਣਾ, ਘੇਸ ਮਾਰਨਾ) |
| 134. | ਦਾੜ੍ਹੀ ਨਾਲ਼ੋਂ ਮੁੱਛਾਂ ਵੱਡੀਆਂ ਹੋਣਾ | (ਮੂਲ ਨਾਲ਼ੋਂ ਵਿਆਜ ਵੱਧ ਹੋਣਾ) |
| 135. | ਦਾਲ਼ ਵਿੱਚ ਕਾਲ਼ਾ ਹੋਣਾ | (ਸ਼ੱਕ ਹੋਣਾ) |
| 136. | ਦਿਨ-ਰਾਤ ਇੱਕ ਕਰਨਾ | (ਬਹੁਤ ਮਿਹਨਤ ਕਰਨਾ) |
| 137. | ਦਿਨਾਂ ਦਾ ਪਰਾਹੁਣਾ ਹੋਣਾ | (ਮਰਨ ਕਿਨਾਰੇ ਹੋਣਾ) |
| 138. | ਦਿਲ ਖੱਟਾ ਹੋਣਾ | (ਕਿਸੇ ਗੱਲ ਤੋਂ ਘਿਰਣਾ ਹੋਣਾ) |
| 139. | ਦੁੱਧ ਦਾ ਉਬਾਲ਼ ਹੋਣਾ | (ਥੋੜ੍ਹੇ ਚਿਰ ਦਾ ਜੋਸ਼ ਹੋਣਾ) |
| 140. | ਦੁੱਧ ਵਿੱਚ ਮੇਂਗਣਾ ਪਾਉਣਾ | (ਬੇਸੁਆਦੀ ਨਾਲ਼ ਕੰਮ ਕਰਨਾ) |
| 141. | ਦੋਂਹੀਂ ਹੱਥੀਂ ਤਾੜੀ ਵੱਜਣਾ | (ਦੋਂਹਾਂ ਧਿਰਾਂ ਦਾ ਕਸੂਰ ਹੋਣਾ) |
| 142. | ਦੋ ਬੇੜੀਆਂ ਵਿੱਚ ਲੱਤਾਂ ਹੋਣੀਆਂ | (ਦੁਚਿੱਤੀ ਵਿੱਚ ਹੋਣਾ) |
| 143. | ਦੋਜ਼ਖ ਦੀ ਅੱਗ ਵਿੱਚ ਸੜਨਾ | (ਅੰਤਾਂ ਦਾ ਮਾਨਸਿਕ ਕਸ਼ਟ ਭੋਗਣਾ) |
| 144. | ਦੰਦ ਖੱਟੇ ਕਰਨਾ | (ਹਰਾ ਦੇਣਾ) |
| 145. | ਦੰਦ ਪੀਹਣਾ | (ਕਚੀਚੀਆਂ ਵੱਟਣਾ) |
| 146. | ਦੰਦ ਵੱਜਣਾ | (ਠੰਢ ਨਾਲ਼ ਕੰਬਣਾ) |
| 147. | ਧੱਜੀਆਂ ਉਡਾਉਣਾ | (ਬੁਰਾ ਹਾਲ ਕਰ ਦੇਣਾ, ਡਾਢੀ ਜਿੱਤ ਪ੍ਰਾਪਤ ਕਰਨੀ) |
| 148. | ਧੁੜਕੂ ਲੱਗਣਾ | (ਚਿੰਤਾ ਰਹਿਣੀ) |
| 149. | ਧੂੰ ਕੱਢਣਾ | (ਭੇਤ ਦੇਣਾ) |
| 150. | ਧੌਲ਼ਿਆਂ ਦੀ ਲਾਜ ਰੱਖਣਾ | (ਵੱਡੀ ਉਮਰ ਦਾ ਲਿਹਾਜ਼ ਕਰਨਾ) |
| 151. | ਧੌਲ਼ਿਆਂ ਵਿੱਚ ਘੱਟਾ ਪਾਉਣਾ | (ਬੁੱਢੇ ਵਾਰੇ ਬਦਨਾਮੀ ਦਾ ਕੰਮ ਕਰਨਾ) |
| 152. | ਨੱਸ-ਭੱਜ ਕਰਨਾ | (ਯਤਨ ਕਰਨਾ) |
| 153. | ਨਹਿਲੇ ਉੱਤੇ ਦਹਿਲਾ ਮਾਰਨਾ | (ਤੁਰਤ ਵਧ-ਚੜ੍ਹ ਕੇ ਜਵਾਬ ਦੇਣਾ) |
| 154. | ਨਹੁੰ ਅੜ ਜਾਣਾ | (ਕੁਝ ਸਹਾਰਾ ਮਿਲ਼ ਜਾਣਾ) |
| 155. | ਨਹੁੰ-ਮਾਸ ਦਾ ਰਿਸ਼ਤਾ ਹੋਣਾ | (ਨੇੜਲੇ ਸੰਬੰਧ ਹੋਣਾ) |
| 156. | ਨੱਕ ਉੱਤੇ ਮੱਖੀ ਨਾ ਬਹਿਣ ਦੇਣਾ | (ਅਭਿਮਾਨ ਵਿੱਚ ਕਿਸੇ ਦੀ ਪਰਵਾਹ ਨਾ ਕਰਨਾ) |
| 157. | ਨੱਕ ਹੇਠ ਨਾ ਲਿਆਉਣਾ | (ਜ਼ਰਾ ਵੀ ਪਸੰਦ ਨਾ ਕਰਨਾ) |

158. ਨੱਕ ਚਾੜ੍ਹਨਾ (ਘਿਰਨਾ ਕਰਨੀ)
159. ਨੱਕ 'ਚ ਦਮ ਕਰਨਾ (ਬਹੁਤ ਤੰਗ ਕਰਨਾ)
160. ਨੱਕ ਨਕੇਲ ਪਾਉਣਾ (ਕਾਬੂ ਕਰਨਾ)
161. ਨੱਕ ਨਾਲ਼ ਲਕੀਰਾਂ ਕੱਢਣਾ (ਤੋਬਾ ਕਰਨੀ)
162. ਨੱਕ ਬੁੱਲ੍ਹ ਮਾਰਨਾ (ਨੁਕਸ ਕੱਢਣਾ)
163. ਨੱਕ ਰੱਖਣਾ (ਇੱਜ਼ਤ ਰੱਖਣਾ)
164. ਨੱਕ ਰਗੜਨਾ (ਤਰਲੇ ਕਰਨੇ)
165. ਨਗਾਰੇ ਦੀ ਚੋਟ ਨਾਲ਼ ਆਖਣਾ (ਸ਼ਰ੍ਹੇਆਮ ਕਹਿਣਾ)
166. ਨਜ਼ਰ ਚੁਰਾਉਣਾ (ਬਚ ਕੇ ਲੰਘਣਾ)
167. ਨਬਜ਼ ਪਛਾਣਨਾ (ਸਥਿਤੀ ਨੂੰ ਤਾੜ ਲੈਣਾ)
168. ਨਹੁੰਆਂ 'ਤੇ ਲਿਖਿਆ ਹੋਣਾ (ਚੰਗੀ ਤਰ੍ਹਾਂ ਪਤਾ ਹੋਣਾ)
169. ਨਾਨੀ ਚੇਤੇ ਆਉਣੀ (ਦੁੱਖ ਵਿੱਚ ਘਿਰੇ ਹੋਣ ਦਾ ਅਨੁਭਵ ਹੋਣਾ)
170. ਨਾਂ ਨੂੰ ਵੱਟਾ ਲਾਉਣਾ (ਬਦਨਾਮੀ ਖੱਟਣੀ)
171. ਨਾਂ ਪੈਦਾ ਕਰਨਾ (ਇੱਜ਼ਤ ਬਣਾਉਣੀ)
172. ਨੀਂਦ ਹਰਾਮ ਹੋਣਾ (ਪਰੇਸ਼ਾਨੀ ਹੋਣਾ)
173. ਨੰਗੇ ਧੜ ਲੜਨਾ (ਇਕੱਲਿਆਂ ਸਿਰੜ ਪਾਲਣਾ)
174. ਪਹਾੜ ਨਾਲ਼ ਟੱਕਰ ਲਾਉਣਾ (ਤਕੜੇ ਨਾਲ਼ ਵੈਰ ਪਾਉਣਾ)
175. ਪੱਕੇ ਪੈਰਾਂ 'ਤੇ ਖਲੋਣਾ (ਸੁਰੱਖਿਅਤ ਹੋ ਜਾਣਾ)
176. ਪੱਗ ਨੂੰ ਹੱਥ ਪਾਉਣਾ (ਬੇਇੱਜ਼ਤੀ ਕਰਨਾ)
177. ਪੱਗ ਵਟਾਉਣਾ (ਧਰਮ ਦਾ ਭਰਾ ਬਣਨਾ)
178. ਪੱਟ ਦੇ ਪੰਘੂੜੇ ਝੂਟਣਾ (ਐਸ਼ਾਂ ਕਰਨੀਆਂ, ਮੌਜਾਂ ਮਾਣਨਾ)
179. ਪੱਤ-ਪੱਤ ਢੂੰਡਣਾ (ਬਹੁਤ ਢੂੰਡਣਾ)
180. ਪੱਤਰਾ ਵਾਚ ਜਾਣਾ (ਖਿਸਕ ਜਾਣਾ)
181. ਪੱਥਰ ਚੱਟ ਕੇ ਮੁੜਨਾ (ਕਿਸੇ ਗੱਲ ਦੀ ਅੱਤ ਵੇਖ ਕੇ ਜਾਂ ਸੱਟ ਖਾ ਕੇ ਮੁੜਨਾ)
182. ਪੱਥਰਾਂ ਨੂੰ ਰੁਆ ਦੇਣਾ (ਕਠੋਰ ਮਨਾਂ ਨੂੰ ਵੀ ਪੱਘਰਾ ਦੇਣਾ)
183. ਪਰ ਲੱਗਣਾ (ਚਾਮ੍ਹਲ ਜਾਣਾ)
184. ਪਰਛਾਂਵੇਂ ਤੋਂ ਡਰਨਾ (ਦੂਰ ਰਹਿਣਾ)
185. ਪਰਨਾਲ਼ਾ ਉੱਥੇ ਹੀ ਰਹਿਣਾ (ਹਠ 'ਤੇ ਕਾਇਮ ਰਹਿਣਾ)
186. ਪੱਲਾ ਗਲ਼ ਵਿੱਚ ਪਾਉਣਾ (ਨਿਮਰਤਾ ਪੂਰਬਕ ਬੇਨਤੀ ਕਰਨਾ)
187. ਪੱਲਾ ਛੁਡਾਉਣਾ (ਜ਼ੁੰਮੇਵਾਰੀ ਤੋਂ ਬਚਣਾ, ਖਹਿੜਾ ਛੁਡਾਉਣਾ)
188. ਪੱਲਾ ਝਾੜਨਾ (ਸਭ ਕੁਝ ਛੱਡ ਦੇਣਾ)
189. ਪੱਲਾ ਫੜਨਾ ਜਾਂ ਪਕੜਨਾ (ਆਸਰਾ ਲੈਣਾ)

| | | |
|---|---|---|
| 190. | ਪੱਲੇ ਬੰਨ੍ਹ ਲੈਣਾ | (ਮਨ ਵਿੱਚ ਵਸਾਉਣਾ) |
| 191. | ਪਰਦਾ ਫ਼ਾਸ਼ ਕਰਨਾ | (ਭੇਦ ਖੋਲ੍ਹਣਾ) |
| 192. | ਪਾਜ ਖੁੱਲ੍ਹ ਜਾਣਾ | (ਭੇਦ ਖੁੱਲ੍ਹ ਜਾਣਾ) |
| 193. | ਪਾਣੀ-ਪਾਣੀ ਹੋਣਾ | (ਬਹੁਤ ਸ਼ਰਮਸਾਰ ਹੋਣਾ) |
| 194. | ਪਾਣੀ ਪੀ-ਪੀ ਕੇ ਕੋਸਣਾ | (ਬਹੁਤ ਲਾਹਨਤਾਂ ਪਾਉਣੀਆਂ) |
| 195. | ਪਾਣੀ ਭਰਨਾ (ਕਿਸੇ ਦਾ) | (ਗ਼ੁਲਾਮੀ ਕਰਨੀ) |
| 196. | ਪਾਣੀ ਵਾਰ ਕੇ ਪੀਣਾ | (ਬਲਿਹਾਰ ਜਾਣਾ) |
| 197. | ਪਾਣੀਓਂ ਪਤਲੇ ਕਰਨਾ | (ਬੇਪਤੀ ਕਰਨੀ) |
| 198. | ਪਾਂਧਾ ਨਾ ਪੁੱਛਣਾ | (ਕੰਮ ਲਈ ਝੱਟ ਤਿਆਰ ਹੋ ਜਾਣਾ) |
| 199. | ਪਾਪੜ ਵੇਲਣਾ | (ਕਈ ਭਾਂਤ ਦੇ ਯਤਨ ਕਰਨੇ) |
| 200. | ਪਾਰਾ ਚੜ੍ਹ ਜਾਣਾ | (ਗ਼ੁੱਸਾ ਚੜ੍ਹ ਜਾਣਾ) |
| 201. | ਪਿੱਠ ਠੋਕਣਾ | (ਸ਼ਾਬਾਸ਼ ਦੇਣਾ, ਹਲਾਸ਼ੇਰੀ ਦੇਣੀ) |
| 202. | ਪਿੱਠ ਦੇਣਾ | (ਮੌਕੇ ’ਤੇ ਕੰਮ ਨਾ ਆਉਣਾ) |
| 203. | ਪਿੱਠ ਲੱਗਣਾ | (ਹਾਰ ਜਾਣਾ) |
| 204. | ਪੁੱਠੀਆਂ ਛਾਲ਼ਾਂ ਮਾਰਨੀਆਂ | (ਬਹੁਤ ਖ਼ੁਸ਼ ਹੋਣਾ) |
| 205. | ਪੈਰ ਉੱਖੜਨਾ | (ਕਾਇਮ ਨਾ ਰਹਿਣਾ) |
| 206. | ਪੈਰ ਜੰਮਣਾ | (ਕਾਇਮ ਹੋਣਾ) |
| 207. | ਪੈਰ ਜ਼ਮੀਨ ’ਤੇ ਨਾ ਲੱਗਣਾ | (ਬਹੁਤ ਖ਼ੁਸ਼ ਹੋਣਾ) |
| 208. | ਪੈਰ ਧੋ-ਧੋ ਕੇ ਪੀਣਾ | (ਬਹੁਤ ਆਦਰ ਕਰਨਾ) |
| 209. | ਪੈਰਾਂ ਹੇਠੋਂ ਜ਼ਮੀਨ ਖਿਸਕਣਾ | (ਬਹੁਤ ਘਬਰਾ ਜਾਣਾ) |
| 210. | ਪੈਰਾਂ ’ਤੇ ਪਾਣੀ ਨਾ ਪੈਣ ਦੇਣਾ | (ਗ਼ਲਤੀ ਬਿਲਕੁਲ ਨਾ ਮੰਨਣਾ) |
| 211. | ਪੋਟਾ-ਪੋਟਾ ਦੁਖੀ ਹੋਣਾ | (ਬਹੁਤ ਦੁਖੀ ਹੋਣਾ) |
| 212. | ਫੁੱਲ-ਫੁੱਲ ਬਹਿਣਾ | (ਬਹੁਤ ਖ਼ੁਸ਼ ਹੋਣਾ) |
| 213. | ਫਸਤਾ ਵੱਢਣਾ | (ਮੁਕਾ ਦੇਣਾ) |
| 214. | ਫੁੱਲਾਂ ਨਾਲ਼ ਤੋਲ ਕੇ ਰੱਖਣਾ | (ਆਦਰ, ਲਾਡ ਜਾਂ ਪਿਆਰ ਕਰਨਾ) |
| 215. | ਫੁੱਲੇ ਨਾ ਸਮਾਉਣਾ | (ਬਹੁਤ ਖ਼ੁਸ਼ ਹੋਣਾ) |
| 216. | ਵਣ-ਵਣ ਦੀ ਲੱਕੜੀ ’ਕੱਠੀ ਹੋਣਾ | (ਵੱਖ-ਵੱਖ ਲੋਕ ਇਕੱਠੇ ਹੋਣਾ) |
| 217. | ਬੱਲ-ਬੱਲ ਜਾਣਾ | (ਕੁਰਬਾਨ ਜਾਣਾ) |
| 218. | ਬਲ਼ਦੀ ਉੱਤੇ ਤੇਲ ਪਾਉਣਾ | (ਗ਼ੁੱਸਾ ਭੜਕਾਉਣਾ) |
| 219. | ਬਜ਼ਾਰ ਗਰਮ ਹੋਣਾ | (ਚਰਚਾ ਹੋਣਾ) |
| 220. | ਬਾਂਹ ਭੱਜਣਾ (ਟੁੱਟਣੀ) | (ਭਰਾ ਜਾਂ ਮਿੱਤਰ ਦਾ ਮਰ ਜਾਣਾ) |
| 221. | ਬਾਜ਼ੀ ਲੈ ਜਾਣਾ | (ਜਿੱਤ ਪ੍ਰਾਪਤ ਕਰਨਾ) |

222. ਬਾਤ ਦਾ ਬਤੰਗੜ ਬਣਾਉਣਾ (ਨਿੱਕੀ ਗੱਲ ਨੂੰ ਬਹੁਤ ਵਧਾਉਣਾ)
223. ਬਾਨ੍ਹਣੂ ਬੰਨ੍ਹਣਾ (ਪ੍ਰਬੰਧ ਕਰਨਾ)
224. ਬਿਸਤਰਾ ਗੋਲ਼ ਕਰਨਾ (ਚਲੇ ਜਾਣਾ, ਰਵਾਨਾ ਹੋਣਾ)
225. ਬੇਗਾਨੀ ਛਾਹ ਪਿੱਛੇ ਮੁੱਛਾਂ ਮੁਨਾਉਣਾ (ਬੇਗਾਨੀ ਆਸ 'ਤੇ ਕੋਈ ਫ਼ੈਸਲਾ ਲੈ ਲੈਣਾ)
226. ਬਿੱਲੀ ਲਈ ਛਿੱਕਾ ਟੁੱਟ ਪੈਣਾ (ਬਿਨਾਂ ਯਤਨ ਕੀਤੇ ਇੱਛਾ ਪੂਰੀ ਹੋਣਾ)
227. ਬੁੱਕਲ਼ ਵਿੱਚ ਰੋੜੀ ਭੰਨਣਾ (ਗੁਪਤ ਯਤਨ ਕਰਨਾ)
228. ਬੁੱਲੇ ਲੁੱਟਣਾ (ਮੌਜ ਕਰਨੀ)
229. ਬੇੜਾ ਗ਼ਰਕ ਹੋਣਾ (ਤਬਾਹੀ ਹੋਣਾ)
230. ਬੇੜਾ ਪਾਰ ਕਰਨਾ (ਸਫਲ ਕਰਨਾ)
231. ਬੇੜੀਆਂ ਵਿੱਚ ਵੱਟੇ ਪਾਉਣਾ (ਕਿਸੇ ਦੀ ਬਰਬਾਦੀ ਲਈ ਯਤਨ ਕਰਨਾ)
232. ਬੋਲਾਂ ਵਿੱਚ ਸ਼ਹਿਦ ਦੇ ਘੁੱਟ ਹੋਣਾ (ਮਿੱਠਾ ਬੋਲਣਾ)
233. ਬੰਨ੍ਹ ਕੇ ਖੀਰ ਖੁਆਉਣਾ (ਜ਼ਬਰਦਸਤੀ ਭਲਾ ਕਰਨਾ)
234. ਭੱਠ ਝੋਕਣਾ (ਫ਼ਜ਼ੂਲ ਕੰਮ ਕਰਨਾ)
235. ਭਰਿਆ-ਪੀਤਾ ਹੋਣਾ (ਅੰਦਰੋ-ਅੰਦਰ ਗ਼ੁੱਸੇ ਵਿੱਚ ਹੋਣਾ)
236. ਭਾਂ-ਭਾਂ ਕਰਨਾ (ਸੁੰਞਾ ਹੋਣਾ)
237. ਭਾਨੀ ਮਾਰਨਾ (ਫ਼ੈਸਲੇ ਵਿੱਚ ਰੁਕਾਵਟ ਪਾਉਣ ਦਾ ਯਤਨ ਕਰਨਾ)
238. ਭਿੱਜੀ ਬਿੱਲੀ ਬਣ ਜਾਣਾ (ਚੁੱਪ ਕਰ ਕੇ ਬਹਿ ਜਾਣਾ)
239. ਭੁੱਖੇ ਸ਼ੇਰ ਵਾਂਗ ਪੈਣਾ (ਗ਼ੁੱਸੇ ਵਿੱਚ ਉੱਚੀ ਬੋਲਣਾ)
240. ਭੁੱਖ ਲਹਿ-ਲਹਿ ਜਾਣਾ (ਸੁੰਦਰ ਚੀਜ਼ ਵੇਖ ਕੇ ਖ਼ੁਸ਼ ਹੋਣਾ)
241. ਭੁੰਨੇ ਤਿੱਤਰ ਉਡਾਉਣਾ (ਅਣਹੋਣੀਆਂ ਗੱਲਾਂ ਕਰਨਾ)
242. ਭੂੰਡਾਂ ਦੇ ਖੱਖਰ ਨੂੰ ਛੇੜਨਾ (ਲੜਾਕਿਆਂ ਨੂੰ ਛੇੜਨਾ)
243. ਭੂਤ ਸਵਾਰ ਹੋਣਾ (ਕਿਸੇ ਗੱਲ ਦੇ ਪਿੱਛੇ ਪੈ ਜਾਣਾ)
244. ਭੰਗ ਦੇ ਭਾਅ ਜਾਣਾ (ਅਜਾਈਂ ਜਾਣਾ)
245. ਭੰਗ ਭੁੱਜਣਾ (ਘੋਰ ਗ਼ਰੀਬੀ ਹੋਣਾ)
246. ਮੱਖਣ ਵਿੱਚੋਂ ਵਾਲ਼ ਵਾਂਗੂੰ ਕੱਢਣਾ (ਸੌਖੇ ਢੰਗ ਨਾਲ਼ ਵਿਰੋਧੀ ਨੂੰ ਖ਼ਤਮ ਕਰਨਾ)
247. ਮੱਖੀ 'ਤੇ ਮੱਖੀ ਮਾਰਨਾ (ਬੇਅਕਲੀ ਨਾਲ਼ ਨਕਲ ਕਰਨੀ)
248. ਮਗਰਮੱਛ ਵਾਲ਼ੇ ਅੱਥਰੂ ਵਹਾਉਣਾ (ਹਮਦਰਦੀ ਦਾ ਪਖੰਡ ਕਰਨਾ)
249. ਮੱਛੀ ਵਿਕਣਾ (ਬਹੁਤ ਰੌਲ਼ਾ ਪੈਣਾ)
250. ਮੱਥਾ ਠਣਕਣਾ (ਖ਼ਤਰੇ ਦਾ ਸ਼ੱਕ ਪੈਣਾ)
251. ਮਨ 'ਚ ਲੱਡੂ ਭੋਰਨਾ (ਮਨ ਹੀ ਮਨ ਖ਼ੁਸ਼ ਹੋਣਾ)
252. ਮਰਨ ਦੀ ਵਿਹਲ ਨਾ ਹੋਣਾ (ਬਹੁਤ ਰੁੱਝੇ ਹੋਣਾ)
253. ਮਿੱਟੀ ਪਲੀਤ ਹੋਣਾ (ਅਪਮਾਨ ਹੋਣਾ)

| | | |
|---|---|---|
| 254. | ਮਿਰਚਾਂ ਲੱਗਣਾ | (ਬੁਰਾ ਲੱਗਣਾ) |
| 255. | ਮਿਰਚ-ਮਸਾਲਾ ਲਾਉਣਾ | (ਵਧਾ-ਚੜ੍ਹਾ ਕੇ ਗੱਲ ਕਰਨੀ) |
| 256. | ਮੁੱਛ ਦਾ ਵਾਲ਼ ਬਣਨਾ | (ਨਿਕਟਵਰਤੀ ਬਣਨਾ) |
| 257. | ਮੁੱਠੀ ਗਰਮ ਕਰਨਾ | (ਰਿਸ਼ਵਤ ਦੇਣਾ) |
| 258. | ਮੂੰਹ ਅੱਡਣਾ | (ਲਾਲਚ ਕਰਨਾ) |
| 259. | ਮੂੰਹ ਸਿਊਂਣਾ | (ਚੁੱਪ ਰਹਿਣਾ) |
| 260. | ਮੂੰਹ-ਚਿੱਤ ਲੱਗਣਾ | (ਜਚਣਾ) |
| 261. | ਮੂੰਹ-ਤੋੜ ਜਵਾਬ ਦੇਣਾ | (ਬੇਦਲੀਲ ਕਰਨਾ) |
| 262. | ਮੂੰਹ ਦਿਖਾਉਣ ਜੋਗਾ ਨਾ ਰਹਿ | (ਬਹੁਤ ਸ਼ਰਮਿੰਦਾ ਮਹਿਸੂਸ ਜਾਣਾ ਕਰਨਾ) |
| 263. | ਮੂੰਹ ਦੀ ਖਾਣਾ | (ਬੁਰੀ ਤਰ੍ਹਾਂ ਹਾਰਨਾ) |
| 264. | ਮੂੰਹ ਨਾ ਲਾਉਣਾ | (ਸੰਬੰਧ ਨਾ ਰੱਖਣਾ) |
| 265. | ਮੂੰਹ ਨੂੰ ਲਹੂ ਲੱਗਣਾ | (ਅਣਕਮਾਏ ਧਨ ਦਾ ਚਸਕਾ ਪੈਣਾ) |
| 266. | ਮੂੰਹ ਫੁਲਾਉਣਾ | (ਰੋਸ ਪ੍ਰਗਟਾਉਣਾ) |
| 267. | ਮੂੰਹ ਵਿੱਚ ਉਂਗਲ਼ੀ ਪਾ ਲੈਣਾ | (ਹੈਰਾਨ ਹੋਣਾ) |
| 268. | ਮੂੰਹ ਵਿੱਚ ਪਾਣੀ ਭਰ ਆਉਣਾ | (ਲਲਚਾਉਣਾ) |
| 269. | ਮੂੰਹੋਂ ਕੱਢ ਕੇ ਦੇਣਾ | (ਆਪਣੇ ਨਾਲ਼ੋਂ ਦੂਜੇ ਦੀ ਲੋੜ ਨੂੰ ਪਹਿਲ ਦੇਣਾ) |
| 270. | ਰਗ-ਰਗ ਤੋਂ ਜਾਣੂ ਹੋਣਾ | (ਪੂਰੀ ਤਰ੍ਹਾਂ ਜਾਣੂ ਹੋਣਾ) |
| 271. | ਰੱਤ ਪੀਣਾ | (ਦੂਜਿਆਂ ਦਾ ਹੱਕ ਖਾਣਾ) |
| 272. | ਰਾਈ ਦਾ ਪਹਾੜ ਬਣਾਉਣਾ | (ਗੱਲ ਵਧਾ ਕੇ ਦੱਸਣਾ) |
| 273. | ਰਾਹ ਤੱਕਣਾ | (ਉਡੀਕਣਾ) |
| 274. | ਰਾਹ ’ਤੇ ਆਉਣਾ | (ਸੁਧਰ ਜਾਣਾ) |
| 275. | ਰਾਹ ਵਿੱਚ ਰੋੜਾ ਅਟਕਾਉਣਾ | (ਰੁਕਾਵਟ ਪਾਉਣੀ) |
| 276. | ਰਾਤ ਅੱਖਾਂ ਵਿੱਚ ਲੰਘਾਉਣਾ | (ਔਖ ਵਿੱਚ ਸਾਰੀ ਰਾਤ ਜਾਗਣਾ) |
| 277. | ਰੇਖ ਵਿੱਚ ਮੇਖ ਮਾਰਨਾ | (ਹਾਲਾਤ ਬਦਲ ਦੇਣਾ) |
| 278. | ਰੌਂਗਟੇ ਖੜ੍ਹੇ ਹੋ ਜਾਣਾ | (ਡਰ ਤੇ ਘਬਰਾਹਟ ਹੋਣੀ) |
| 279. | ਰੰਗ ਉੱਡ ਜਾਣਾ | (ਘਬਰਾਉਣਾ) |
| 280. | ਰੰਗ ਬੰਨ੍ਹਣਾ | (ਰੌਣਕ ਲਾਉਣੀ) |
| 281. | ਰੰਗ ਮਾਣਨਾ | (ਸੁੱਖ ਮਾਣਨਾ) |
| 282. | ਰੰਗ ਵਿੱਚ ਭੰਗ ਪਾਉਣਾ | (ਖ਼ੁਸ਼ੀ ਵਿੱਚ ਵਿਘਨ ਪਾਉਣਾ) |
| 283. | ਲਹੂ ਖੌਲਣਾ | (ਜੋਸ਼ ਆਉਣਾ) |
| 284. | ਲਹੂ ਚੂਸਣਾ | (ਬੇਰਹਿਮੀ ਨਾਲ਼ ਕਿਸੇ ਦੀ ਕਮਾਈ ਖੋਹਣੀ) |
| 285. | ਲਹੂ ਦੇ ਘੁੱਟ ਭਰਨਾ | (ਵੱਡੇ ਦੁੱਖ ਨੂੰ ਅੰਦਰੋ-ਅੰਦਰ ਸਹਿ ਲੈਣਾ) |

| | | |
|---|---|---|
| 286. | ਲਹੂ ਦੇ ਅੱਥਰੂ ਕੇਰਨਾ | (ਵਿਰਲਾਪ ਕਰਨਾ) |
| 287. | ਲਹੂ ਦੇ ਤਿਹਾਏ ਹੋਣਾ | (ਪੱਕੇ ਦੁਸ਼ਮਣ ਹੋਣਾ) |
| 288. | ਲਹੂ ਵਿੱਚ ਨ੍ਹਾਉਣਾ | (ਜ਼ੁਲਮ ਕਰਨਾ) |
| 289. | ਲਹੂ ਨਾਲ਼ ਲਹੂ ਧੋਣਾ | (ਮਾੜੇ ਕੰਮ ਦਾ ਬਦਲਾ ਮਾੜੇ ਕੰਮ ਨਾਲ਼ ਲੈਣਾ) |
| 290. | ਲਹੂ-ਪਸੀਨਾ ਇੱਕ ਕਰਨਾ | (ਕਰੜੀ ਮਿਹਨਤ ਕਰਨਾ) |
| 291. | ਲੱਕ ਸਿੱਧਾ ਕਰਨਾ | (ਥੋੜ੍ਹੀ ਦੇਰ ਅਰਾਮ ਕਰਨਾ) |
| 292. | ਲੱਕ ਬੰਨ੍ਹਣਾ | (ਤਿਆਰ ਹੋਣਾ) |
| 293. | ਲਗਾਮ ਢਿੱਲੀ ਛੱਡ ਦੇਣਾ | (ਖੁੱਲ੍ਹ ਦੇਣਾ) |
| 294. | ਲੱਤਾਂ ਵਿੱਚ ਸਿੱਕਾ ਭਰ ਜਾਣਾ | (ਥੱਕ ਜਾਣਾ) |
| 295. | ਲਾਹ-ਪਾਹ ਕਰਨਾ | (ਬੇਇੱਜ਼ਤੀ ਕਰਨਾ) |
| 296. | ਲਾਂਘਾ ਲੰਘਣਾ | (ਗੁਜ਼ਾਰਾ ਹੋਣਾ) |
| 297. | ਲਾਲ-ਪੀਲ਼ਾ ਹੋਣਾ | (ਗ਼ੁੱਸੇ ਹੋਣਾ) |
| 298. | ਲੀਕ ਪੈਣਾ | (ਰੀਤ ਪੈਣੀ) |
| 299. | ਲੀਰਾਂ ਲਮਕਣਾ | (ਮੰਦੇ ਹਾਲ ਹੋਣਾ) |
| 300. | ਲੈਣੇ ਦੇ ਦੇਣੇ ਪੈ ਜਾਣੇ | (ਲਾਭ ਦੀ ਥਾਂ ਨੁਕਸਾਨ ਹੋਣਾ) |
| 301. | ਲੋਈ ਲਾਹੁਣਾ | (ਨਿਸੰਗ ਹੋਣਾ) |
| 302. | ਲੋਹਾ ਮੰਨਣਾ | (ਪ੍ਰਭਾਵ ਮੰਨਣਾ) |
| 303. | ਲੋਹਾ-ਲਾਖਾ ਹੋਣਾ | (ਬਹੁਤ ਗ਼ੁੱਸੇ ਹੋਣਾ) |
| 304. | ਲੰਮੀਆਂ ਤਾਣ ਕੇ ਸੌਣਾ | (ਬੇਫ਼ਿਕਰ ਹੋਣਾ) |
| 305. | ਵਕਤ ਨੂੰ ਧੱਕਾ ਦੇਣਾ | (ਸਮਾਂ ਔਖਾ ਕੱਟਣਾ) |
| 306. | ਵੱਟ ਖਾਣਾ | (ਗ਼ੁੱਸਾ ਕਰਨਾ) |
| 307. | ਵੱਢਿਆਂ ਰੂਹ ਨਾ ਕਰਨਾ | (ਕੋਈ ਕੰਮ ਕਰਨ ਲਈ ਮਨ ਨ ਕਰਨਾ) |
| 308. | ਹਵਾ ਦਾ ਰੁਖ਼ ਵੇਖਣਾ | (ਸਥਿਤੀ ਪਛਾਣਨਾ) |
| 309. | ਹਵਾ ਵੱਲ ਨਾ ਵੇਖ ਸਕਣਾ | (ਨੁਕਸਾਨ ਕਰਨ ਦੀ ਹਿੰਮਤ ਨਾ ਕਰ ਸਕਣਾ) |
| 310. | ਵਾਛਾਂ ਖਿੜ ਜਾਣਾ | (ਖ਼ੁਸ਼ ਹੋ ਜਾਣਾ) |
| 311. | ਵਾਲ਼ ਦੀ ਖੱਲ ਲਾਹੁਣਾ | (ਬੇਲੋੜੀਆਂ ਬਰੀਕੀਆਂ ਵਿੱਚ ਪੈ ਜਾਣਾ) |
| 312. | ਵਾਲ਼ ਵਿੰਗਾ ਨਾ ਹੋਣਾ | (ਜ਼ਰਾ ਵੀ ਨੁਕਸਾਨ ਨਾ ਹੋਣਾ) |
| 313. | ਵਿੱਸ ਘੋਲ਼ਨਾ | (ਕੁੜ੍ਹਨਾ) |

# ਅਖਾਉਤਾਂ


ਅਖਾਉਤਾਂ ਪੰਜਾਬੀ ਲੋਕ-ਸਾਹਿਤ ਦਾ ਅਹਿਮ ਅੰਗ ਹਨ। ਇਹਨਾਂ ਨੂੰ ਅਖਾਣ ਜਾਂ ਕਹਾਵਤਾਂ ਵੀ ਕਿਹਾ ਜਾਂਦਾ ਹੈ। ਆਪਣੀ ਰੋਚਕਤਾ, ਵਿਸ਼ਾਲਤਾ ਅਤੇ ਵਿਆਪਕ ਹੋਂਦ ਕਾਰਨ ਅਖਾਉਤਾਂ ਲੋਕ-ਸਾਹਿਤ ਦਾ ਵਧੇਰੇ ਚਰਚਿਤ ਅਤੇ ਸ੍ਵੀਕ੍ਰਿਤ ਰੂਪ ਹਨ। ਇਹ ਲੋਕ-ਸੂਝ ਦੇ ਪ੍ਰਮਾਣਿਕ ਸਰੂਪ ਨੂੰ ਪ੍ਰਗਟਾਉਂਦੀਆਂ ਹਨ। ਅਖਾਉਤਾਂ ਵਿੱਚ ਮਨੁੱਖੀ ਜੀਵਨ-ਅਨੁਭਵ ਦੀ ਕਸੌਟੀ ਉੱਤੇ ਪੂਰੇ ਉੱਤਰਦੇ ਜੀਵਨ-ਸੱਚ, ਪੀੜ੍ਹੀਓ-ਪੀੜ੍ਹੀ ਵਿਕਸਿਤ ਹੋਈ ਜੀਵਨ-ਜਾਚ ਅਤੇ ਸਮੁੱਚੇ ਸੱਭਿਆਚਾਰਿਕ ਤਾਣੇ-ਬਾਣੇ ਪਿੱਛੇ ਕੰਮ ਕਰਦੀ ਲੋਕ-ਮਾਨਸਿਕਤਾ ਨੂੰ ਸਹਿਜ ਰੂਪ ਵਿੱਚ ਪੇਸ਼ ਕੀਤਾ ਹੁੰਦਾ ਹੈ। ਡਾ. ਵਣਜਾਰਾ ਬੇਦੀ ਅਨੁਸਾਰ, "ਉਹ ਸੰਜਮ ਤੇ ਲੈਅ ਭਰਪੂਰ ਚੁਸਤ ਵਾਕ ਜਿਨ੍ਹਾਂ ਵਿੱਚ ਜੀਵਨ ਬਾਰੇ ਕੋਈ ਤੱਥ ਜਾਂ ਨਿਰਨਾ ਪ੍ਰਭਾਵਸ਼ਾਲੀ ਵਿਧੀ ਨਾਲ਼ ਸਮੋਇਆ ਹੁੰਦਾ ਹੈ, ਅਖਾਉਤ ਅਖਵਾਉਂਦੇ ਹਨ।"

ਅਖਾਉਤਾਂ ਦੀ ਸਿਰਜਣ-ਪ੍ਰਕਿਰਿਆ ਲੋਕ-ਸਾਹਿਤ ਦੇ ਬਾਕੀ ਰੂਪਾਂ ਵਾਂਗ ਹੀ ਸਮੂਹ ਦੀ ਪ੍ਰਵਾਨਗੀ ਨਾਲ਼ ਜੁੜੀ ਹੁੰਦੀ ਹੈ। ਇਹਨਾਂ ਦਾ ਸਿਰਜਕ ਸਮੇਂ ਦੇ ਪ੍ਰਵਾਹ ਵਿੱਚ ਗੁਮਨਾਮ ਹੋ ਜਾਂਦਾ ਹੈ ਅਤੇ ਇਹ ਪੀੜ੍ਹੀਓ-ਪੀੜ੍ਹੀ , ਮੌਖਿਕ ਰੂਪ ਵਿੱਚ ਚੱਲਦੀਆਂ ਰਹਿੰਦੀਆਂ ਹਨ। ਇਹ ਲੋਕ-ਜੀਵਨ ਦੇ ਪ੍ਰਤਿਮਾਨਾਂ, ਮਾਨਤਾਵਾਂ, ਕਦਰਾਂ-ਕੀਮਤਾਂ ਅਤੇ ਵਿਭਿੰਨ ਲੋਕ-ਧਾਰਾਈ ਸਰੋਕਾਰਾਂ ਦਾ ਨਿਚੋੜ/ਸਾਰ-ਤੱਤ ਪੇਸ਼ ਕਰਦੀਆਂ ਹਨ। ਅਖਾਉਤ ਦੀ ਸਿਰਜਣਾ ਪਿੱਛੇ ਕੋਈ ਠੋਸ ਘਟਨਾ, ਕਥਾ-ਪ੍ਰਸੰਗ, ਸਥਿਤੀ, ਵਰਤਾਰਾ ਜਾਂ ਆਦਤ ਹੁੰਦੀ ਹੈ। ਇਹ ਕਥਾ-ਪ੍ਰਸੰਗ ਜਾਂ ਘਟਨਾ ਸਮਾਜ ਵਿੱਚ ਘਟਿਤ ਹੋ ਕੇ ਪਰਦੇ ਪਿੱਛੇ ਲੁਕ-ਛੁਪ ਜਾਂਦੇ ਹਨ ਪਰ ਉਹਨਾਂ ਦਾ ਸਾਰ-ਤੱਤ ਅਖਾਉਤ ਦੇ ਰੂਪ ਵਿੱਚ ਪੀੜ੍ਹੀਓ -ਪੀੜ੍ਹੀ ਚੱਲਦਾ ਰਹਿੰਦਾ ਹੈ। ਇਉਂ ਅਖਾਉਤਾਂ ਨੂੰ ਲੋਕ-ਅਨੁਭਵ ਵਿੱਚੋਂ ਕਸ਼ੀਦਿਆ ਹੋਇਆ ਸੂਤਰਿਕ ਸੱਚ ਕਿਹਾ ਜਾ ਸਕਦਾ ਹੈ। ਇਸ ਤੋਂ ਬਿਨਾਂ ਵਿਸ਼ਿਸ਼ਟ ਸਾਹਿਤ ਦੀਆਂ ਕੁਝ ਤੁਕਾਂ ਜਾਂ ਪੰਕਤੀਆਂ ਜਿਹੜੀਆਂ ਲੋਕ-ਮਨਾਂ ਵਿੱਚ ਵੱਸ ਜਾਂਦੀਆਂ ਹਨ, ਉਹ ਵੀ ਅਖਾਉਤਾਂ ਦਾ ਰੂਪ ਇਖ਼ਤਿਆਰ ਕਰ ਲੈਂਦੀਆਂ ਹਨ, ਜਿਵੇਂ :—'ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ਼' ਆਦਿ।


ਸੰਰਚਨਾ ਦੇ ਪੱਖ ਤੋਂ ਅਖਾਉਤਾਂ ਗੱਦ ਅਤੇ ਪਦ ਦੋਂਹਾਂ ਰੂਪਾਂ ਵਿੱਚ ਪ੍ਰਚਲਿਤ ਹਨ ਅਰਥਾਤ ਅਖਾਉਤ ਦੀ ਬਣਤਰ ਸਧਾਰਨ ਵਾਰਤਕ ਦੇ ਵਾਕ ਵਾਂਗ ਵੀ ਹੋ ਸਕਦੀ ਹੈ ਅਤੇ ਕਾਵਿਕ-ਬਣਤਰ ਵਾਲ਼ੀ ਵੀ। ਵਾਰਤਕ ਜਾਂ ਗੱਦ-ਰੂਪ ਅਖਾਉਤਾਂ ਦਾ ਕੇਂਦਰੀ ਤੱਤ ਮਨੁੱਖੀ ਅਨੁਭਵ ਜਾਂ ਕੁਦਰਤੀ ਵਰਤਾਰੇ ਰਾਹੀਂ ਕਿਸੇ ਮੂਲ ਮਨੁੱਖੀ ਸੱਚ ਨੂੰ ਉਜਾਗਰ ਕਰਨਾ ਹੁੰਦਾ ਹੈ। ਅਜਿਹੀਆਂ ਅਖਾਉਤਾਂ ਪੰਜਾਬੀ ਭਾਸ਼ਾ ਦੀ ਸਧਾਰਨ ਵਾਕ-ਬਣਤਰ ਦੇ ਜ਼ਿਆਦਾ ਨੇੜੇ ਹੁੰਦੀਆਂ ਹਨ। ਅਖਾਉਤ ਵਿੱਚ ਪੇਸ਼ ਕੀਤੇ ਦ੍ਰਿਸ਼, ਘਟਨਾ, ਕਾਰਜ ਜਾਂ ਪਾਤਰ ਦੇ ਸਮੂਰਤ ਬਿੰਬ ਵਿੱਚੋਂ ਅਰਥ ਸਹਿਜੇ ਹੀ ਪ੍ਰਕਾਸ਼ਮਾਨ ਹੁੰਦਾ ਹੈ। ਕਾਵਿਕ-ਬਣਤਰ ਵਾਲ਼ੀਆਂ ਅਖਾਉਤਾਂ ਵਿੱਚ ਕਾਵਿਕਤਾ ਪ੍ਰਮੁੱਖ ਹੁੰਦੀ ਹੈ। ਇਸ ਵਿੱਚ ਤੁਕਾਂਤ, ਲੈਅ, ਅਲੰਕਾਰ, ਚਿੰਨ੍ਹ, ਪ੍ਰਤੀਕ ਆਦਿ ਵਿਭਿੰਨ ਕਾਵਿਕ ਜੁਗਤਾਂ ਦੀ ਵਰਤੋਂ ਹੁੰਦੀ ਹੈ। ਸਾਹਿਤਿਕਤਾ ਦੋਂਹਾਂ ਤਰ੍ਹਾਂ ਦੀਆਂ ਅਖਾਉਤਾਂ ਦਾ ਪਰਿਭਾਸ਼ਿਕ ਗੁਣ ਹੈ। ਨਾਟਕੀਅਤਾ ਅਤੇ ਵਿਅੰਗ ਦੇ ਅੰਸ਼ ਵੀ ਅਖਾਉਤਾਂ ਵਿੱਚ ਮਿਲ਼ਦੇ ਹਨ।

ਅਖਾਉਤਾਂ ਦੇ ਅਰਥ ਇਸ ਦੇ ਸ਼ਬਦਾਂ ਤੋਂ ਪਾਰ ਹੁੰਦੇ ਹਨ। ਇਹਨਾਂ ਨੂੰ 'ਅਭਿਧਾ' ਸ਼ਕਤੀ ਰਾਹੀਂ ਅਰਥਾਤ ਸਤਹੀ ਸ਼ਾਬਦਿਕ ਅਰਥਾਂ ਰਾਹੀਂ ਨਹੀਂ ਸਮਝਿਆ ਜਾ ਸਕਦਾ ਸਗੋਂ ਲੱਛਣਾ ਅਤੇ ਵਿਅੰਜਨਾ ਸ਼ਬਦ-ਸ਼ਕਤੀਆਂ ਅਖਾਉਤਾਂ ਦੀ ਜਿੰਦ-ਜਾਨ ਹੁੰਦੀਆਂ ਹਨ। ਪ੍ਰਮਾਣਿਕ ਅਖਾਉਤ ਭਾਸ਼ਾਈ ਪਾਠ, ਪੇਸ਼ਕਾਰੀ ਪ੍ਰਸੰਗ ਅਤੇ ਸੱਭਿਆਚਾਰਿਕ ਬਿਬੇਕ; ਤਿੰਨਾਂ ਦੇ ਸੁਮੇਲ ਵਿੱਚੋਂ ਸਰੂਪ ਗ੍ਰਹਿਣ ਕਰਦੀ ਹੈ ਤਦ ਹੀ ਇਸ ਦੇ ਲੱਛਣਾ ਅਤੇ ਵਿਅੰਜਨਾ-ਮੂਲਿਕ ਅਰਥਾਂ ਦੀਆਂ ਰਮਜ਼ਾਂ ਨੂੰ ਸਮਝਣਾ ਸੰਭਵ ਹੁੰਦਾ ਹੈ—

## ਅਖਾਉਤਾਂ




ਉਪਰੋਕਤ ਸੰਚਾਰ ਮਾਡਲ ਰਾਹੀਂ ਕਿਸੇ ਅਖਾਉਤ ਨੂੰ ਸਮਝਿਆ ਜਾ ਸਕਦਾ ਹੈ। ਹੇਠਾਂ ਇਕ ਅਖਾਉਤ ਦੀ ਉਦਾਹਰਨ ਲੈ ਕੇ ਇਸ ਨੂੰ ਹੋਰ ਸਪਸ਼ਟ ਕੀਤਾ ਗਿਆ ਹੈ :—




ਅਖਾਉਤਾਂ ਦੇ ਅਧਿਐਨ ਰਾਹੀਂ ਲੋਕਾਂ ਦੇ ਸਮਾਜਿਕ, ਰਾਜਨੀਤਿਕ ਤੇ ਇਤਿਹਾਸਿਕ ਪੱਖਾਂ ਬਾਰੇ ਵੀ ਜਾਣਕਾਰੀ ਮਿਲ਼ਦੀ ਹੈ। ਅਖਾਉਤਾਂ ਅਨੇਕਾਂ ਪੀੜ੍ਹੀਆਂ ਦੇ ਤਜਰਬਿਆਂ ਤੇ ਸਿਆਣਪਾਂ ਨਾਲ਼ ਓਤ-ਪੋਤ ਹੁੰਦੀਆਂ ਹਨ। ਇਸ ਕਾਰਨ ਗੱਲ-ਬਾਤ ਦੌਰਾਨ ਅਖਾਉਤਾਂ ਦੀ ਵਰਤੋਂ ਭਾਸ਼ਾਈ ਸੰਚਾਰ ਨੂੰ ਗਹਿਰਾਈ ਅਤੇ ਪਰਿਪੱਕਤਾ ਪ੍ਰਦਾਨ ਕਰਦੀ ਹੈ।

ਅਖਾਉਤਾਂ ਅਤੇ ਮੁਹਾਵਰਿਆਂ ਦੇ ਰੂਪ ਅਤੇ ਵਰਤੋਂ ਵਿੱਚ ਕੁਝ ਬੁਨਿਆਦੀ ਵਖਰੇਵੇਂ ਹਨ ਜਿਨ੍ਹਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

| ਲੜੀ ਨੰ: | ਮੁਹਾਵਰਾ | ਅਖਾਉਤ |
|---|---|---|
| 1. | ਮੁਹਾਵਰਾ ਵਧੇਰੇ ਕਰਕੇ ਕਿਰਿਆ-ਰੂਪ ਦੀ ਵਿਆਕਰਨਿਕ ਸੰਰਚਨਾ ਦਾ ਧਾਰਨੀ ਹੁੰਦਾ ਹੈ। ਮੁਹਾਵਰੇ ਦੇ ਅੰਤ 'ਤੇ ਆਮ ਤੌਰ 'ਤੇ ਨਾ, ਨੀ, ਣਾ, ਣੀ, ਆਦਿ ਆਉਂਦੇ ਹਨ। | ਅਖਾਉਤਾਂ ਕਾਵਿਕ ਜਾਂ ਵਾਰਤਕ ਵਰਗੀ ਸੰਰਚਨਾ ਦੀਆਂ ਹੋ ਸਕਦੀਆਂ ਹਨ । |
| 2. | ਮੁਹਾਵਰੇ ਵਿੱਚ ਪੂਰੀ ਗੱਲ ਸਮਾਈ ਨਹੀਂ ਹੁੰਦੀ। ਵਾਕਾਂ ਵਿੱਚ ਵਰਤੇ ਜਾਣ ਨਾਲ਼ ਹੀ ਇਹਨਾਂ ਵਿੱਚ ਲੁਕੇ ਭਾਵਾਂ ਦਾ ਬੋਧ ਹੁੰਦਾ ਹੈ। | ਅਖਾਉਤ ਇੱਕ ਅਟੱਲ ਸਚਾਈ, ਭਾਵ ਜਾਂ ਵਿਚਾਰ ਆਦਿ ਦਾ ਪੂਰਨ ਪ੍ਰਗਟਾਅ ਕਰਦੀ ਹੈ। ਇਸ ਨੂੰ ਕਿਸੇ ਕਥਨ ਦੀ ਪੁਸ਼ਟੀ ਵਜੋਂ ਕਿਹਾ ਜਾਂਦਾ ਹੈ । |
| 3. | ਮੁਹਾਵਰਾ ਕਾਲ, ਵਚਨ, ਲਿੰਗ, ਪੁਲਿੰਗ ਤੇ ਕਿਰਿਆ ਅਨੁਸਾਰ ਬਦਲ ਸਕਦਾ ਹੈ। | ਅਖਾਉਤ ਵਿੱਚ ਅਜਿਹਾ ਬਦਲਾਅ ਨਹੀਂ ਹੁੰਦਾ। |
| 4. | ਵਾਕ ਵਿੱਚ ਵਰਤਣ ਵੇਲ਼ੇ ਮੁਹਾਵਰੇ ਦੇ ਰੂਪ ਵਿੱਚ ਕੁਝ ਤਬਦੀਲੀ ਆ ਜਾਂਦੀ ਹੈ। | ਅਖਾਉਤ ਦਾ ਰੂਪ ਨਿਸ਼ਚਿਤ ਰਹਿੰਦਾ ਹੈ। |
| 5. | ਮੁਹਾਵਰੇ ਵਿੱਚ ਅਰਥ-ਵਿਸਤਾਰ ਹੁੰਦਾ ਹੈ। ਇਹ ਅਰਥ-ਵਿਸਤਾਰ ਵਿਅੰਜਨਾ- ਸ਼ਕਤੀ ਰਾਹੀਂ ਨਵੀਂ ਭਾਸ਼ਾ-ਘਾੜਤ ਵਿੱਚੋਂ ਪ੍ਰਗਟ ਹੁੰਦਾ ਹੈ। | ਅਖਾਉਤ ਵਿੱਚ ਸਮਾਜਿਕ ਜ਼ਿੰਦਗੀ ਦੇ ਪਰਸਪਰ ਟਾਕਰੇ ਜਾਂ ਸੁਮੇਲ ਦੇ ਇਕਾਗਰ ਰੂਪਕ ਬਿੰਬ ਵਿੱਚੋਂ ਨਵੇਂ ਅਰਥ ਉਤਪੰਨ ਕੀਤੇ ਜਾਂਦੇ ਹਨ । |
| 6. | ਮੁਹਾਵਰਿਆਂ ਦੀ ਉਤਪਤੀ ਪਿੱਛੇ ਕੋਈ ਕਥਾ ਜਾਂ ਪ੍ਰਸੰਗ ਨਹੀਂ ਹੁੰਦਾ। | ਆਮ ਤੌਰ 'ਤੇ ਅਖਾਉਤ ਦੀ ਉਤਪਤੀ ਪਿੱਛੇ ਕੋਈ ਕਥਾ ਜਾਂ ਪ੍ਰਸੰਗ ਹੁੰਦਾ ਹੈ । |

ਵਿਦਿਆਰਥੀਆਂ ਲਈ ਮੁਹਾਵਰਿਆਂ ਅਤੇ ਅਖਾਉਤਾਂ ਵਿਚਲੀ ਉਪਰੋਕਤ ਭਿੰਨਤਾ ਨੂੰ ਜਾਣਨਾ ਤੇ ਸਮਝਣਾ ਬਹੁਤ ਜ਼ਰੂਰੀ ਹੈ। ਵਿਦਿਆਰਥੀਆਂ ਨੂੰ ਇਸ ਗੱਲ ਬਾਰੇ ਵੀ ਜਾਣਨਾ ਚਾਹੀਦਾ ਹੈ ਕਿ ਕੋਈ ਅਖਾਉਤ ਕਿਹੜੀ ਸਥਿਤੀ ਵਿੱਚ ਕਿਵੇਂ ਵਰਤੀ ਜਾਂਦੀ ਹੈ। ਇਸ ਪਾਠ-ਪੁਸਤਕ ਵਿੱਚ ਕੁਝ ਅਖਾਉਤਾਂ ਦਾ ਪ੍ਰਯੋਗ ਉਹਨਾਂ ਦੀ ਵਰਤੋਂ-ਸਥਿਤੀ ਦੱਸ ਕੇ ਕੀਤਾ ਗਿਆ ਹੈ। ਇਹ ਪ੍ਰਯੋਗ ਵਾਰਤਾਲਾਪ-ਸ਼ੈਲੀ ਜਾਂ ਬਿਆਨੀਆ-ਸ਼ੈਲੀ ਵਿੱਚ ਕੀਤਾ ਜਾ ਸਕਦਾ ਹੈ। ਅੱਗੇ (ਅਭਿਆਸ ਲਈ) ਕੁਝ ਚੋਣਵੀਂਆਂ ਅਖਾਉਤਾਂ ਵਰਤੋਂ ਦੀ ਸਥਿਤੀ ਸਮੇਤ ਦਿੱਤੀਆਂ ਗਈਆਂ ਹਨ। ਅੰਤ ਵਿੱਚ ਕੁਝ ਹੋਰ ਅਖਾਉਤਾਂ ਦੀ ਸੂਚੀ ਦਿੱਤੀ ਗਈ ਹੈ। ਵਿਦਿਆਰਥੀ ਇਹਨਾਂ ਦੀ ਵਰਤੋਂ-ਸਥਿਤੀ ਬਾਰੇ ਸਮਝ ਕੇ ਅਖਾਉਤਾਂ ਵਰਤਣ ਦਾ ਅਭਿਆਸ ਕਰ ਸਕਦੇ ਹਨ। ਇਸ ਪਾਠ-ਪੁਸਤਕ ਲਈ ਅਖਾਉਤਾਂ ਦੀ ਚੋਣ ਕਰਦੇ ਸਮੇਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ ਕਿ ਇਹ ਅਖਾਉਤਾਂ ਅਜੋਕੀਆਂ ਜੀਵਨ-ਸਥਿਤੀਆਂ ਉੱਤੇ ਢੁਕਵੀਆਂ ਹੋਣ ਅਤੇ ਇਹਨਾਂ ਵਿੱਚ ਪ੍ਰਗਟ ਜੀਵਨ-ਅਨੁਭਵ ਵਿਦਿਆਰਥੀਆਂ ਦੇ ਸਿੱਖਣਯੋਗ ਹੋਵੇ।

### 1. ਉਹ ਕਿਹੜੀ ਗਲ਼ੀ ਜਿੱਥੇ ਭਾਗੋ ਨਹੀਂ ਖਲੀ

ਸਾਡੇ ਪਿੰਡ ਦਾ ਗੁਰਜੀਤ ਸਿੰਘ ਪਿੰਡ ਦੇ ਹਰੇਕ ਮਸਲੇ ਵਿੱਚ ਸ਼ਾਮਲ ਹੁੰਦਾ ਹੈ—ਭਾਵੇਂ ਕੋਈ ਘਰੇਲੂ ਝਗੜਾ ਹੋਵੇ, ਕੋਈ ਪੰਚਾਇਤੀ ਮਸਲਾ ਹੋਵੇ, ਚੰਦਾ ਮੰਗਣ ਵਾਲ਼ਿਆਂ ਨਾਲ਼ ਘਰ-ਘਰ ਘੁੰਮਣਾ ਹੋਵੇ। ਉਸ ਨੂੰ ਹਰ ਥਾਂ ਹਾਜ਼ਰ ਵੇਖ ਕੇ ਲੋਕ ਅਕਸਰ ਕਹਿ ਦਿੰਦੇ ਹਨ—**ਉਹ ਕਿਹੜੀ ਗਲ਼ੀ ਜਿੱਥੇ ਭਾਗੋ ਨਹੀਂ ਖਲੀ**।

### 2. ਉਹ ਦਿਨ ਡੁੱਬਾ, ਜਦੋਂ ਘੋੜੀ ਚੜ੍ਹਿਆ ਕੁੱਬਾ

**ਪਿਤਾ** : ਮੈਨੂੰ ਪੂਰੀ ਆਸ ਹੈ ਕਿ ਸੁਖਦੇਵ ਇਸ ਵਾਰ ਜ਼ਰੂਰ ਆਪਣੀ ਸ਼੍ਰੇਣੀ ਵਿੱਚੋਂ ਅੱਵਲ ਆਵੇਗਾ।

**ਅਧਿਆਪਕ** : ਮੈਂ ਉਸ ਦੀਆਂ ਆਦਤਾਂ ਤੋਂ ਚੰਗੀ ਤਰ੍ਹਾਂ ਜਾਣੂ ਹਾਂ। ਉਹ ਮਿਹਨਤ ਬਿਲਕੁਲ ਨਹੀਂ ਕਰਦਾ। ਉਸ

ਦੇ ਅੱਵਲ ਆਉਣ ਬਾਰੇ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ 'ਉਹ ਦਿਨ ਡੁੱਬਾ, ਜਦ ਘੋੜੀ ਚੜ੍ਹਿਆ ਕੁੱਬਾ।'

### 3. ਉਹੀ ਨਾਰ ਸੁਲੱਖਣੀ, ਜਿਸ ਪਹਿਲੇ ਜਾਈ ਲੱਛਮੀ

ਨੀਲਮ ਦੀ ਨੂੰਹ ਨੇ ਲੜਕੀ ਨੂੰ ਜਨਮ ਦਿੱਤਾ ਤਾਂ ਗੁਆਂਢਣ ਸਵਿੱਤਰੀ ਨੇ ਅਫ਼ਸੋਸ ਜ਼ਾਹਰ ਕਰਦਿਆਂ ਕਿਹਾ, "ਕੁੜੇ ਨੀਲਮ, ਤੇਰਾ ਪੁੱਤਰ ਤਾਂ ਕਬੀਲਦਾਰ ਹੋ ਗਿਆ। ਧੀ ਦਾ ਪਿਓ ਬਣ ਗਿਆ ਵਿਚਾਰਾ।" "ਸਾਨੂੰ ਤਾਂ ਧੀ ਜੰਮੀ ਦੀ ਬਥੇਰੀ ਖ਼ੁਸ਼ੀ ਹੈ। ਮੇਰੀ ਨੂੰਹ ਤਾਂ ਭਾਗਾਂ ਵਾਲ਼ੀ ਹੈ। ਸਿਆਣਿਆਂ ਨੇ ਐਵੇਂ ਤਾਂ ਨਹੀਂ ਕਿਹਾ—"**ਉਹ ਨਾਰ ਸੁਲੱਖਣੀ ਜਿਸ ਪਹਿਲੇ ਜਾਈ ਲੱਛਮੀ**", ਨੀਲਮ ਨੇ ਉੱਤਰ ਦਿੱਤਾ।

### 4. ਔਲ਼ੇ ਦਾ ਖਾਧਾ ਤੇ ਸਿਆਣੇ ਦਾ ਕਿਹਾ ਪਿੱਛੋਂ ਪਤਾ ਲੱਗਦਾ ਹੈ

ਵਿਨੋਦ ਦੇ ਮਾਪੇ ਉਸ ਨੂੰ ਹਮੇਸ਼ਾਂ ਮੋਟਰ-ਸਾਈਕਲ ਹੌਲ਼ੀ ਚਲਾਉਣ ਲਈ ਕਹਿੰਦੇ ਰਹੇ, ਪਰ ਉਸ ਨੇ ਇੱਕ ਨਾ ਸੁਣੀ। ਹੁਣ ਜਦੋਂ ਉਹ ਦੁਰਘਟਨਾ ਵਿੱਚ ਲੱਤ ਤੁੜਵਾ ਬੈਠਾ ਹੈ ਤਾਂ ਹਸਪਤਾਲ ਵਿੱਚ ਪਏ ਨੂੰ ਉਸ ਨੂੰ ਆਪਣੇ ਮਾਪਿਆਂ ਦੀ ਨਸੀਹਤ ਵਾਰ-ਵਾਰ ਯਾਦ ਆਉਂਦੀ ਹੈ। ਸਿਆਣਿਆਂ ਠੀਕ ਹੀ ਕਿਹਾ ਹੈ ਕਿ **ਔਲ਼ੇ ਦਾ ਖਾਧਾ ਤੇ ਸਿਆਣੇ ਦਾ ਕਿਹਾ ਪਿੱਛੋਂ ਪਤਾ ਲੱਗਦਾ ਹੈ।**

### 5. ਆਪਣਾ ਨੀਂਗਰ, ਪਰਾਇਆ ਢੀਂਗਰ

ਭਜਨ ਕੌਰ ਆਪਣੇ ਮਾੜਚੂ ਜਿਹੇ ਨਾਲਾਇਕ ਪੁੱਤਰ ਦੀਆਂ ਸਿਫ਼ਤਾਂ ਕਰਦੀ ਨਹੀਂ ਥੱਕਦੀ ਪਰ ਹੋਰਨਾਂ ਦੇ ਚੰਗੇ-ਭਲੇ ਬੱਚਿਆਂ ਵਿੱਚ ਵੀ ਨੁਕਸ ਕੱਢਦੀ ਰਹਿੰਦੀ ਹੈ। ਉਸ ਦੀ ਤਾਂ ਇਹ ਗੱਲ ਹੈ ਅਖੇ, '**ਆਪਣਾ ਨੀਂਗਰ, ਪਰਾਇਆ ਢੀਂਗਰ।**'

### 6. ਇੱਕ ਹੱਥ ਨਾਲ਼ ਤਾੜੀ ਨਹੀਂ ਵੱਜਦੀ

ਅਮਨਦੀਪ : ਬੱਚੇ ਅੱਜ ਫਿਰ ਆਪਸ ਵਿੱਚ ਲੜ ਪਏ। ਮਾਤਾ ਜੀ, ਅੱਜ ਤੁਸੀਂ ਇਹਨਾਂ ਦੇ ਕੋਲ਼ ਸੀ। ਤੁਸੀਂ ਦੱਸੋ ਕਿਸ ਦੀ ਗ਼ਲਤੀ ਹੈ ?

ਮਾਤਾ ਜੀ : ਪੁੱਤਰ ਤੂੰ ਆਪ ਸਿਆਣਾ ਏਂ, **ਇੱਕ ਹੱਥ ਨਾਲ਼ ਤਾੜੀ ਨਹੀਂ ਵੱਜਦੀ**, ਘੱਟ ਇਹਨਾਂ ਦੋਂਹਾਂ ਵਿੱਚੋਂ ਕੋਈ ਨਹੀਂ।

### 7. ਇਹਨਾਂ ਤਿਲ਼ਾਂ ਵਿੱਚ ਤੇਲ ਨਹੀਂ

ਲਵਪ੍ਰੀਤ ਔਖੇ ਵੇਲ਼ੇ ਆਪਣੇ ਦੋਸਤ ਸਤਬੀਰ ਕੋਲ਼ੋਂ ਮਦਦ ਮੰਗਣ ਲਈ ਜਾਣ ਲੱਗਿਆ ਤਾਂ ਉਸਦੀ ਪਤਨੀ ਨੇ ਉਸ ਨੂੰ ਰੋਕਦਿਆਂ ਕਿਹਾ, "ਸਤਬੀਰ ਕੋਲ਼ ਜਾਣ ਦਾ ਕੋਈ ਫ਼ਾਇਦਾ ਨਹੀਂ, ਉਸ ਤੋਂ ਮਦਦ ਦੀ ਆਸ ਰੱਖਣਾ ਫ਼ਜ਼ੂਲ ਹੈ, ਮੈਨੂੰ ਪਤਾ ਹੈ ਕਿ **ਇਹਨਾਂ ਤਿਲ਼ਾਂ ਵਿੱਚ ਤੇਲ ਨਹੀਂ।**

### 8. ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ

ਦੋ ਭਰਾ ਕਿਸੇ ਗੱਲ 'ਤੇ ਬਹਿਸ ਕਰ ਰਹੇ ਸਨ। ਰਾਹ ਜਾਂਦਾ ਕਰਤਾਰਾ ਉਹਨਾਂ ਨੂੰ ਸਮਝਾਉਣ ਲੱਗ ਪਿਆ ਤਾਂ ਇੱਕ ਭਰਾ ਨੇ ਕਿਹਾ, "ਤੂੰ ਜਾਹ ਭਾਈ, ਅਸੀਂ ਆਪੇ ਨਜਿੱਠ ਲਵਾਂਗੇ ਆਪਣਾ ਮਸਲਾ, ਅਖੇ, '**ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ।**'

### 9. ਸਖ਼ੀ ਨਾਲੋਂ ਸੂਮ ਭਲਾ ਜਿਹੜਾ ਤੁਰਤ ਦੇਵੇ ਜਵਾਬ

ਸੋਹਣ ਲਾਲ ਦੇ ਦੋਸਤ ਨੇ ਉਸ ਤੋਂ ਪੰਜਾਹ ਹਜ਼ਾਰ ਰੁਪਏ ਉਧਾਰ ਮੰਗੇ ਤਾਂ ਸੋਹਣ ਲਾਲ ਨੇ ਕਿਹਾ, "ਭਰਾਵਾ ਏਨੇ ਪੈਸੇ ਮੈਂ ਤਾਂ ਦੇ ਨਹੀਂ ਸਕਦਾ। ਤੂੰ ਕੋਈ ਹੋਰ ਹੀਲਾ ਕਰ। ਮੈਂ ਤੈਨੂੰ ਝੂਠੇ ਲਾਰਿਆਂ ਵਿੱਚ ਨਹੀਂ ਰੱਖਣਾ ਚਾਹੁੰਦਾ ਕਿਉਂਕਿ ਸਿਆਣਿਆਂ ਨੇ ਕਿਹਾ ਹੈ—**ਸਖ਼ੀ ਨਾਲ਼ੋਂ ਸੂਮ ਭਲਾ ਜਿਹੜਾ ਤੁਰਤ ਦੇਵੇ ਜਵਾਬ।**"

### 10. ਸਹੇ ਦੀ ਨਹੀਂ ਪਹੇ ਦੀ ਪਈ ਏ

ਪੁਨੀਤ ਘਰੋਂ ਬਿਨਾਂ ਦੱਸੇ ਦੋ ਸੌ ਰੁਪਏ ਲੈ ਕੇ ਦੋਸਤਾਂ ਨਾਲ਼ ਫ਼ਿਲਮ ਦੇਖਣ ਚਲਿਆ ਗਿਆ। ਵਾਪਸ ਮੁੜਿਆ,.ਤਾਂ ਉਸ ਦੀ ਮਾਂ ਨੇ ਚਪੇੜਾਂ ਵੀ ਲਾਈਆਂ ਤੇ ਖ਼ੂਬ ਝਿੜਕਿਆ ਵੀ। ਪੁਨੀਤ ਦੀ ਭੂਆ ਨੇ ਕਿਹਾ, "ਭਲਾ ਦੋ ਸੌ ਰੁਪਏ ਪਿੱਛੇ ਇੰਨੀ ਕੁਪੱਤ ਕਿਉਂ ਕਰਦੀ ਏਂ ?" "ਭੈਣ ਜੀ, ਗੱਲ ਦੋ ਸੌ ਰੁਪਏ ਦੀ ਨਹੀਂ। ਇਹਦੀਆਂ ਆਦਤਾਂ ਵਿਗੜਣ ਦੀ ਹੈ। ਮੈਨੂੰ **ਸਹੇ ਦੀ ਨਹੀਂ ਪਹੇ ਦੀ ਪਈ ਏ**," ਪੁਨੀਤ ਦੀ ਮਾਂ ਨੇ ਕਿਹਾ।

### 11. ਹਸਾਏ ਦਾ ਨਾਂ ਨਹੀਂ ਰੁਆਏ ਦਾ ਨਾਂ ਹੋ ਜਾਂਦਾ ਏ

"ਆਪਣੀ ਭਾਣਜੀ ਨੂੰ ਆਪਣੇ ਕੋਲ਼ ਰੱਖ ਕੇ ਪੜ੍ਹਾਉਣ ਦੀ ਜ਼ਿਦ ਛੱਡ ਦੇ। ਜਦ ਬੱਚਾ ਆਪਣੇ ਕੋਲ਼ ਰਹਿੰਦਾ ਹੋਵੇ, ਪਿਆਰ ਤਾਂ ਆਪਾਂ ਕਰਦੇ ਹੀ ਹਾਂ। ਪਰ ਜੇਕਰ ਬੱਚਾ ਕੋਈ ਗ਼ਲਤੀ ਕਰੇ ਤਾਂ ਉਸ ਨੂੰ ਝਿੜਕਣਾ ਵੀ ਪੈ ਜਾਂਦਾ ਹੈ। ਇਸ ਤਰ੍ਹਾਂ **ਹਸਾਏ ਦਾ ਨਾਂ ਨਹੀਂ ਰੁਆਏ ਦਾ ਨਾਂ ਹੋ ਜਾਂਦਾ ਏ**", ਕਾਂਤਾ ਦੀ ਸੱਸ ਨੇ ਉਸਨੂੰ ਸਮਝਾਉਂਦਿਆਂ ਕਿਹਾ।

### 12. ਹੱਥ ਪੁਰਾਣੇ ਖੌਂਸੜੇ ਬਸੰਤੇ ਹੋਰੀਂ ਆਏ

ਬਲਜੀਤ ਆਪਣੇ ਮਾਪਿਆਂ ਅੱਗੇ ਹਮੇਸ਼ਾਂ ਵਿਦੇਸ਼ ਜਾਣ ਦੀ ਰੱਟ ਲਾਈ ਰੱਖਦਾ ਸੀ। ਉਸ ਦੇ ਪਿਓ ਨੇ ਪੰਜ ਵਿੱਘੇ ਜ਼ਮੀਨ ਵੇਚ ਕੇ ਉਸ ਨੂੰ ਵਿਦੇਸ਼ ਭੇਜਣ ਦਾ ਪ੍ਰਬੰਧ ਕਰ ਦਿੱਤਾ। ਸਾਲ ਕੁ ਬਾਅਦ ਬਲਜੀਤ ਖ਼ਾਲੀ ਹੱਥ ਵਾਪਸ ਆ ਗਿਆ। ਉਸ ਨੂੰ ਵੇਖ ਕੇ ਲੋਕਾਂ ਨੇ ਕਿਹਾ, '**ਹੱਥ ਪੁਰਾਣੇ ਖੌਂਸੜੇ ਬਸੰਤੇ ਹੋਰੀਂ ਘਰ ਆਏ।**'

### 13. ਹੱਥੀਂ ਦਿੱਤੀਆਂ ਦੰਦੀਂ ਖੋਲ੍ਹਣੀਆਂ ਪੈਂਦੀਆਂ ਹਨ

ਜਤਿੰਦਰ ਕਈ ਸਾਲਾਂ ਤੋਂ ਨਕਲੀ ਘਿਓ ਤਿਆਰ ਕਰ ਕੇ ਵੇਚ ਰਿਹਾ ਸੀ। ਦਿਵਾਲ਼ੀ ਦੇ ਦਿਨਾਂ ਵਿੱਚ ਡਾਕਟਰਾਂ ਨੇ ਉਸ ਦੇ ਤਿਆਰ ਕੀਤੇ ਘਿਓ ਦੀ ਪਰਖ ਕਰਵਾਈ ਤਾਂ ਮਿਲ਼ਾਵਟ ਸਾਬਤ ਹੋ ਗਈ। ਜੁਰਮਾਨੇ ਦੇ ਨਾਲ਼ ਉਸ ਨੂੰ ਦੋ ਸਾਲ ਦੀ ਕੈਦ ਵੀ ਹੋ ਗਈ। ਜੇਲ੍ਹ ਵਿੱਚ ਮਿਲ਼ਨ ਆਈ ਉਸ ਦੀ ਮਾਂ ਨੇ ਕਿਹਾ, "ਦੇਖ ਲੈ ਪੁੱਤਰ, **ਹੱਥੀਂ ਦਿੱਤੀਆਂ ਦੰਦੀਂ ਖੋਲ੍ਹਣੀਆਂ ਪੈਂਦੀਆਂ ਹਨ।"**

### 14. ਹਾਥੀ ਲੰਘ ਗਿਆ ਪੂਛ ਬਾਕੀ ਰਹਿ ਗਈ

ਜਦੋਂ ਆਕ੍ਰਿਤੀ ਦੇ ਮਾਮਾ ਜੀ ਨੇ ਪੁੱਛਿਆ, "ਪੁੱਤਰ, ਤੇਰੀ ਡਾਕਟਰੀ ਦੀ ਪੜ੍ਹਾਈ ਕਿੰਨੀ ਕੁ ਰਹਿ ਗਈ ਹੈ ?" ਤਾਂ ਆਕ੍ਰਿਤੀ ਨੇ ਕਿਹਾ, "ਮਾਮਾ ਜੀ, ਆਖ਼ਰੀ ਸਾਲ ਦੇ ਸਿਰਫ਼ ਦੋ ਪਰਚੇ ਰਹਿ ਗਏ ਹਨ।" "ਬੱਸ ਫਿਰ ਤਾਂ **ਹਾਥੀ ਲੰਘ ਗਿਆ, ਪੂਛ ਹੀ ਬਾਕੀ ਰਹਿ ਗਈ ਹੈ**", ਉਸ ਦੇ ਮਾਮਾ ਜੀ ਨੇ ਕਿਹਾ।

### 15. ਕੰਧਾਂ ਦੇ ਵੀ ਕੰਨ ਹੁੰਦੇ ਹਨ

ਚਰਨਜੀਤ ਤੇ ਅਮਨਦੀਪ ਦੋਵੇਂ ਭਰਾ ਆਪਣੇ ਘਰ ਦੀ ਕਬੀਲਦਾਰੀ ਬਾਰੇ ਉੱਚੀ-ਉੱਚੀ ਬੋਲ ਕੇ ਗੱਲਾਂ ਕਰ ਰਹੇ ਸਨ ਤਾਂ ਉਹਨਾਂ ਦੇ ਪਿਤਾ ਜੀ ਨੇ ਕਿਹਾ, "ਪੁੱਤਰ, ਘਰ ਦੇ ਭੇਤ ਦੀ ਗੱਲ ਕਰਦਿਆਂ ਅਵਾਜ਼ ਹੌਲ਼ੀ ਰੱਖੀਦੀ ਹੈ, ਸਿਆਣੇ ਕਹਿੰਦੇ ਹਨ–**ਕੰਧਾਂ ਦੇ ਵੀ ਕੰਨ ਹੁੰਦੇ ਹਨ**।"

### 16. ਕੰਮ ਪਿਆਰਾ ਹੈ ਚੰਮ ਪਿਆਰਾ ਨਹੀਂ

ਰਾਮ ਪਰਤਾਪ : ਹਰਜੀਤ ਸਿੰਘ, ਤੇਰੇ ਦੋਵੇਂ ਮੁੰਡੇ ਬਹੁਤ ਸੋਹਣੇ-ਸੁਨੱਖੇ ਹਨ, ਦੇਖ ਕੇ ਜਾਣੋ ਭੁੱਖ ਲਹਿੰਦੀ ਹੈ।

ਹਰਜੀਤ ਸਿੰਘ : ਭਰਾਵਾ **ਕੰਮ ਪਿਆਰਾ ਹੁੰਦਾ ਹੈ, ਚੰਮ ਪਿਆਰਾ ਨਹੀਂ ਹੁੰਦਾ।** ਮੈਂ ਤਾਂ ਇਹਨਾਂ ਵਿਹਲੜਾਂ ਤੋਂ ਦੁਖੀ ਹੋਇਆ ਪਿਆਂ। ਕੰਮ ਦਾ ਡੱਕਾ ਦੂਹਰਾ ਨਹੀਂ ਕਰਦੇ ਦੋਵੇਂ।

### 17. ਕੱਲੀ ਤਾਂ ਲੱਕੜ ਵੀ ਨਹੀਂ ਬਲ਼ਦੀ

ਵਿਧਵਾ ਮਨਜੀਤ ਕੌਰ ਦੇ ਦੋਵੇਂ ਪੁੱਤਰ ਆਪਣੇ ਪਰਿਵਾਰਾਂ ਸਮੇਤ ਵਿਦੇਸ਼ ਚਲੇ ਗਏ। ਇਕੱਲਤਾ ਕਾਰਨ ਉਹ ਬਹੁਤ ਉਦਾਸ ਰਹਿੰਦੀ ਸੀ। ਹੁਣ ਉਸ ਨੇ ਆਪਣੀ ਦੋਹਤੀ ਨੂੰ ਆਪਣੇ ਕੋਲ਼ ਰੱਖ ਲਿਆ ਹੈ। ਚੰਗਾ ਹੀ ਕੀਤਾ, ਕਹਿੰਦੇ ਹਨ, "'**ਕੱਲੀ ਤਾਂ ਲੱਕੜ ਵੀ ਨਹੀਂ ਬਲ਼ਦੀ।** "

### 18. ਕਾਹਲ਼ੀ ਦੀ ਘਾਣੀ ਅੱਧਾ ਤੇਲ ਅੱਧਾ ਪਾਣੀ

"ਵੰਦਨਾ, ਕੱਲ੍ਹ ਤੂੰ ਰਜਾਈਆਂ ਦੇ ਗਿਲਾਫ਼, ਚਾਦਰਾਂ ਸਮੇਤ ਕੱਪੜੇ ਤਾਂ ਬਹੁਤ ਧੋਤੇ ਪਰ ਬਹੁਤੇ ਕੱਪੜੇ ਚੱਜ ਨਾਲ਼ ਨਿੱਖਰੇ ਨਹੀਂ।" "ਬੀਜੀ, ਕੱਲ੍ਹ ਦਸ ਦਿਨਾਂ ਬਾਅਦ ਧੁੱਪ ਨਿਕਲ਼ੀ ਸੀ, ਮੈਂ ਸੋਚਿਆ ਛੇਤੀ-ਛੇਤੀ ਸਾਰੇ ਕੱਪੜੇ ਧੋ ਕੇ ਸੁੱਕਣੇ ਪਾ ਦੇਵਾਂ।" ਬੀਜੀ ਨੇ ਕਿਹਾ, "ਬੱਸ ਧੀਏ, ਤਾਂ ਹੀ ਇਹ ਹਾਲ ਹੋਇਆ, ਅਖੇ– **ਕਾਹਲ਼ੀ ਦੀ ਘਾਣੀ, ਅੱਧਾ ਤੇਲ ਅੱਧਾ ਪਾਣੀ।"**

### 19. ਕਾਠ ਦੀ ਹਾਂਡੀ ਇੱਕੋ ਵਾਰ ਚੜ੍ਹਦੀ ਹੈ

"ਪਿਛਲੇ ਸਾਲ ਤੁਸੀਂ ਅੱਖਾਂ ਦਾ ਕੈਂਪ ਲਾਉਣ ਲਈ ਪੈਸੇ ਲੈ ਕੇ ਗਏ ਸੀ। ਪਰ ਕੋਈ ਕੈਂਪ ਨਹੀਂ ਲੱਗਿਆ। ਅੱਜ ਤੁਸੀਂ ਗ਼ਰੀਬ ਲੜਕੀਆਂ ਦੇ ਵਿਆਹ ਲਈ ਚੰਦਾ ਮੰਗ ਰਹੇ ਹੋ। **ਕਾਠ**

**ਦੀ ਹਾਂਡੀ ਇੱਕੋ ਵਾਰ ਚੜ੍ਹਦੀ ਹੈ**, ਹੁਣ ਤੁਸੀਂ ਸਾਥੋਂ ਕਿਸੇ ਚੰਦੇ ਦੀ ਆਸ ਨਾ ਰੱਖੋ।" ਵੇਦ ਪ੍ਰਕਾਸ਼ ਨੇ ਚੰਦਾ ਮੰਗਣ ਆਏ ਬੰਦਿਆਂ ਨੂੰ ਕਿਹਾ।

### 20. ਕਾਂਵਾਂ ਦੇ ਆਖਿਆਂ ਢੋਰ ਨਹੀਂ ਮਰਦੇ

ਲੜਦਿਆਂ ਹੋਇਆਂ ਜਦੋਂ ਸੁਮਨ ਨੇ ਮੈਨੂੰ ਬਰਬਾਦ ਹੋ ਜਾਣ ਦੀ ਬਦਅਸੀਸ ਦਿੱਤੀ ਤਾਂ ਮੈਂ ਕਿਹਾ—**ਕਾਂਵਾਂ ਦੇ ਆਖਿਆਂ ਢੋਰ ਨਹੀਂ ਮਰਦੇ।**

### 21. ਕੁੱਛੜ ਕੁੜੀ ਗਰਾਂਅ ਹੋਕਾ/ਕੁੱਛੜ ਕੁੜੀ ਤੇ ਸ਼ਹਿਰ ਢੰਡੋਰਾ

ਰੁਪਿੰਦਰ ਦਫ਼ਤਰ ਜਾਣ ਸਮੇਂ ਆਪਣਾ ਮੋਬਾਈਲ ਲੱਭਣ ਲੱਗੀ। ਪਰ ਉਸਨੂੰ ਮੋਬਾਈਲ ਕਿਤੇ ਨਹੀਂ ਸੀ ਲੱਭ ਰਿਹਾ। ਉਸ ਦੇ ਪਤੀ ਨੇ ਆਪਣੇ ਮੋਬਾਈਲ ਤੋਂ ਉਸ ਦਾ ਨੰਬਰ ਮਿਲ਼ਾਇਆ ਤਾਂ ਮੋਬਾਈਲ ਦੀ ਅਵਾਜ਼ ਰੁਪਿੰਦਰ ਦੇ ਪਰਸ ਵਿੱਚੋਂ ਹੀ ਆਈ। ਉਸ ਦੇ ਪਤੀ ਨੇ ਕਿਹਾ—**ਕੁੱਛੜ ਕੁੜੀ ਤੇ ਗਰਾਂਅ ਹੋਕਾ।**

### 22. ਕੁੱਤਾ ਭੌਂਕੇ ਚੰਨ ਨੂੰ ਕੀ ?

ਸਰਪੰਚ ਗੰਗਾ ਰਾਮ ਆਪਣੇ ਇਲਾਕੇ ਦੇ ਉੱਘੇ ਸਮਾਜ ਸੇਵਕ ਹਨ। ਆਪਣੀ ਸਮਰੱਥਾ ਅਨੁਸਾਰ ਉਹ ਹਮੇਸ਼ਾਂ ਲੋੜਵੰਦਾਂ ਦੇ ਕੰਮ ਆਉਂਦੇ ਹਨ। ਕੁਝ ਨਿੰਦਕ ਉਹਨਾਂ ਨੂੰ ਬਦਨਾਮ ਕਰਨ ਦਾ ਯਤਨ ਵੀ ਕਰਦੇ ਹਨ ਪਰ ਉਹਨਾਂ 'ਤੇ ਅਜਿਹੀਆਂ ਗੱਲਾਂ ਦਾ ਕੋਈ ਅਸਰ ਨਹੀਂ ਹੁੰਦਾ। ਉਹਨਾਂ 'ਤੇ ਇਹ ਅਖਾਉਤ ਪੂਰੀ ਤਰ੍ਹਾਂ ਢੁਕਦੀ ਹੈ—**ਕੁੱਤਾ ਭੌਂਕੇ ਚੰਨ ਨੂੰ ਕੀ ?**

### 23. ਕੁੱਤਾ ਵੀ ਪੂਛ ਮਾਰ ਕੇ ਬਹਿੰਦਾ ਹੈ

ਕੁਸਮ ਜਦੋਂ ਦਫ਼ਤਰੋਂ ਘਰ ਪਹੁੰਚੀ ਤਾਂ ਘਰ ਵਿੱਚ ਅੰਤਾਂ ਦਾ ਖਿਲਾਰਾ ਵੇਖ ਕੇ ਉਸ ਨੇ ਆਪਣੇ ਬੱਚਿਆਂ ਨੂੰ ਕਿਹਾ, "ਆਲ਼ੇ-ਦੁਆਲ਼ੇ ਦੀ ਸਫ਼ਾਈ ਦਾ ਧਿਆਨ ਵੀ ਕਰ ਲਿਆ ਕਰੋ, **ਕੁੱਤਾ ਵੀ ਜਿੱਥੇ ਬਹਿੰਦਾ ਹੈ, ਪੂਛ ਮਾਰ ਕੇ ਬਹਿੰਦਾ ਹੈ।"**

### 24. ਕੋਈ ਮਰੇ ਕੋਈ ਜੀਵੇ ਸੁਥਰਾ ਘੋਲ਼ ਪਤਾਸੇ ਪੀਵੇ

ਹੈਪੀ ਦੇ ਚਚੇਰੇ ਭਰਾ ਆਪਸ ਵਿੱਚ ਲੜ ਰਹੇ ਸਨ ਤੇ ਉਹ ਕੋਲ਼ ਬੈਠੀ ਮੋਬਾਈਲ 'ਤੇ ਖੇਡਾਂ ਖੇਡਣ ਵਿੱਚ ਮਸਤ ਸੀ। ਬੱਚਿਆਂ ਦਾ ਚੀਕ-ਚਿਹਾੜਾ ਸੁਣ ਕੇ ਉਸ ਦੀ ਚਾਚੀ ਅੰਦਰ ਆਈ ਤੇ ਹੈਪੀ ਨੂੰ ਕਹਿਣ ਲੱਗੀ, "ਤੇਰੇ ਸਾਮ੍ਹਣੇ ਬੱਬੂ ਤੇ ਬਿੱਟੂ ਲੜੀ ਜਾਂਦੇ ਨੇ, ਤੂੰ ਹਟਾ ਨਹੀਂ ਸਕਦੀ ? ਤੇਰਾ ਤਾਂ ਉਹ ਹਾਲ ਹੈ—**ਕੋਈ ਮਰੇ ਕੋਈ ਜੀਵੇ ਸੁਥਰਾ ਘੋਲ਼ ਪਤਾਸੇ ਪੀਵੇ।"**

### 25. ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲ਼ਾ

ਹਰਦੇਵ ਸਿੰਘ ਨੇ ਨਸ਼ਿਆਂ ਦੀ ਤਸਕਰੀ ਦੇ ਗੁਨਾਹ ਵਿੱਚ ਫਸੇ ਸ਼ਰਨਦੀਪ ਨੂੰ ਜ਼ਮਾਨਤ 'ਤੇ ਛੁਡਵਾਉਣ ਦੀ ਕੋਸ਼ਸ਼ ਕੀਤੀ ਤਾਂ ਪੁਲਿਸ ਨੇ ਉਸ ਨੂੰ ਵੀ ਪੁੱਛ-ਪੜਤਾਲ ਕਰਨ ਲਈ ਹਿਰਾਸਤ ਵਿੱਚ ਲੈ ਲਿਆ। ਸਿਆਣਿਆਂ ਨੇ ਠੀਕ ਹੀ ਕਿਹਾ ਹੈ—**ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲ਼ਾ।**

### 26. ਖ਼ੁਆਜੇ ਦਾ ਗਵਾਹ ਡੱਡੂ

ਪਰੀਖਿਆ ਦੇ ਦਿਨਾਂ ਵਿੱਚ ਦੇਰ ਤੱਕ ਟੈਲੀਵੀਜ਼ਨ ਦੇਖ ਰਹੀ ਸਾਨੀਆ ਨੂੰ ਉਸ ਦੀ ਮਾਂ ਨੇ ਝਿੜਕਿਆ ਤਾਂ ਉਸ ਦਾ ਛੋਟਾ ਭਰਾ ਰਿਸ਼ਿਤ ਕਹਿਣ ਲੱਗਾ, "ਟੈਲੀਵੀਜ਼ਨ ਤਾਂ ਹੁਣੇ ਹੀ ਲਾਇਆ ਹੈ, ਪਹਿਲਾਂ ਤਾਂ ਦੀਦੀ ਪੜ੍ਹਦੇ ਸੀ।"
"ਤੂੰ ਚੁੱਪ ਕਰ, **ਅਖੇ ਖ਼ੁਆਜੇ ਦਾ ਗਵਾਹ ਡੱਡੂ।"** ਮਾਂ ਨੇ ਗ਼ੁੱਸੇ ਨਾਲ ਕਿਹਾ।

### 27. ਖਾਈਏ ਮਨ-ਭਾਉਂਦਾ ਪਹਿਨੀਏ ਜੱਗ-ਭਾਉਂਦਾ

ਪਰਮਜੀਤ ਨੇ ਆਪਣੇ ਪੋਤੇ ਦੇ ਵਿਆਹ ਵਾਲ਼ੇ ਦਿਨ ਪਹਿਨਣ ਲਈ ਭੜਕੀਲਾ ਜਿਹਾ ਸੂਟ ਪਸੰਦ ਕੀਤਾ। ਉਸ ਦੀ ਨੂੰਹ ਅਤੇ ਧੀ ਨੇ ਕਿਹਾ, "ਮਾਤਾ ਜੀ, ਉਮਰ ਦੇ ਹਿਸਾਬ ਨਾਲ਼ ਤੁਹਾਨੂੰ ਹਲਕੇ ਰੰਗ ਦਾ ਸੂਟ ਪਹਿਨਣਾ ਚਾਹੀਦਾ ਹੈ—ਸਿਆਣਿਆਂ ਨੇ ਐਵੇਂ ਤਾਂ ਨਹੀਂ ਕਿਹਾ—**ਖਾਈਏ ਮਨ-ਭਾਉਂਦਾ ਪਹਿਨੀਏ ਜੱਗ-ਭਾਉਂਦਾ**, ਕੱਪੜਾ ਉਮਰ ਦੇ ਹਿਸਾਬ ਨਾਲ ਹੀ ਪਹਿਨਣਾ ਠੀਕ ਹੈ।"

### 28. ਖਾਣ-ਪੀਣ ਨੂੰ ਦੋ-ਦੋ ਮੰਨੀਆਂ ਕੰਮ ਕਰਨ ਨੂੰ ਬਾਂਹਾਂ ਭੰਨੀਆਂ

ਰਵਿੰਦਰ ਖਾਣ-ਪੀਣ ਵਿੱਚ ਤਾਂ ਅੱਗੇ ਹੁੰਦਾ ਹੈ ਪਰ ਕੰਮ ਕਰਨ ਤੋਂ ਟਲ਼ਦਾ ਰਹਿੰਦਾ ਹੈ। ਇੱਕ ਦਿਨ ਉਸ ਦੀ ਮਾਂ

ਨੇ ਉਸ ਨੂੰ ਮੱਝਾਂ ਨੂੰ ਪੱਠੇ ਪਾਉਣ ਨੂੰ ਕਿਹਾ ਤਾਂ ਉਹ ਸਿਰ ਦੁਖਦੇ ਹੋਣ ਦਾ ਬਹਾਨਾ ਲਾ ਕੇ ਮੰਜੇ 'ਤੇ ਪੈ ਗਿਆ। ਮਾਂ ਨੇ ਦੁਖੀ ਹੋ ਕੇ ਕਿਹਾ—"**ਖਾਣ-ਪੀਣ ਨੂੰ ਦੋ-ਦੋ ਮੰਨੀਆਂ, ਕੰਮ ਕਰਨ ਨੂੰ ਬਾਂਹਾਂ ਭੰਨੀਆਂ।**"

### 29. ਗਊ ਪੁੰਨ ਦੀ ਦੰਦ ਕੌਣ ਗਿਣੇ

ਅਮੀਕ ਨੇ ਅਮਿਤੋਜ ਦਾ ਨਵਾਂ ਮੋਬਾਈਲ ਫ਼ੋਨ ਦੇਖ ਕੇ ਕਿਹਾ, "ਕੰਪਨੀ ਤਾਂ ਵਧੀਆ ਹੈ ਪਰ ਇਹਦਾ ਰੰਗ ਨਹੀਂ ਸੋਹਣਾ। ਅਮਿਤੋਜ ਨੇ ਕਿਹਾ, ਇਹ ਤਾਂ ਮੇਰੇ ਭੂਆ ਜੀ ਨੇ ਦਿੱਤਾ ਹੈ। ਮੇਰੇ ਕਿਹੜਾ ਇਸ ਉੱਤੇ ਪੈਸੇ ਲੱਗੇ ਨੇ, ਅਖੇ-**ਗਊ ਪੁੰਨ ਦੀ ਦੰਦ ਕੌਣ ਗਿਣੇ।**"

### 30. ਗੰਗਾ ਗਏ ਤਾਂ ਗੰਗਾ ਰਾਮ ਜਮਨਾ ਗਏ ਤਾਂ ਜਮਨਾ ਦਾਸ

ਰਾਜਬੀਰ ਕਿਸੇ ਵੀ ਰਾਜਨੀਤਿਕ ਪਾਰਟੀ ਦਾ ਵਫ਼ਾਦਾਰ ਨਹੀਂ। ਜਿਹੜੀ ਪਾਰਟੀ ਸੱਤਾ ਵਿੱਚ ਹੁੰਦੀ ਹੈ, ਉਹ ਉਸੇ ਦਾ ਗੁਣ-ਗਾਣ ਕਰਨ ਲੱਗ ਜਾਂਦਾ ਹੈ। ਉਸ ਦਾ ਤਾਂ ਉਹ ਹਾਲ ਹੈ, ਅਖੇ—**ਗੰਗਾ ਗਏ ਤਾਂ ਗੰਗਾ ਰਾਮ, ਜਮਨਾ ਗਏ ਤਾਂ ਜਮਨਾ ਦਾਸ।**

### 31. ਗਿੱਦੜ ਦਾਖ ਨਾ ਅੱਪੜੇ ਆਖੇ ਥੂਹ ਕੌੜੀ/ਹੱਥ ਨਾ ਅੱਪੜੇ ਥੂਹ ਕੌੜੀ

ਬਾਰ੍ਹਵੀਂ ਸ਼੍ਰੇਣੀ ਵਿੱਚੋਂ ਘੱਟ ਅੰਕ ਹੋਣ ਕਾਰਨ ਸੋਨੀਆ ਨੂੰ ਸਰਕਾਰੀ ਕਾਲਜ ਵਿੱਚ ਦਾਖ਼ਲਾ ਨਹੀਂ ਮਿਲ਼ਿਆ। ਉਹ ਆਪਣੀਆਂ ਸਹੇਲੀਆਂ ਨੂੰ ਕਹਿਣ ਲੱਗੀ ਕਿ ਸਰਕਾਰੀ ਕਾਲਜ ਵਿੱਚ ਪੜ੍ਹਾਈ ਵਧੀਆ ਨਹੀਂ ਹੁੰਦੀ। ਉਸ ਦੀ ਗੱਲ ਸੁਣ ਕੇ ਉਸ ਦੀ ਇੱਕ ਸਹੇਲੀ ਨੇ ਕਿਹਾ, "ਤੇਰੀ ਤਾਂ ਉਹ ਗੱਲ ਹੈ ਅਖੇ—**ਗਿੱਦੜ ਦਾਖ ਨਾ ਅੱਪੜੇ ਆਖੇ ਥੂਹ ਕੌੜੀ।**"

### 32. ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ

ਸਹਿਜਮੀਤ ਦੀ ਚਾਚੀ ਗਣਿਤ-ਅਧਿਆਪਕਾ ਹੈ। ਇੱਕ ਦਿਨ ਉਹ ਆਪਣੇ ਦੋਸਤ ਦੇ ਪਿਤਾ ਜੀ ਤੋਂ ਗਣਿਤ ਦੇ ਸਵਾਲ ਸਮਝਣ ਲਈ ਜਾਣ ਲੱਗਿਆ ਤਾਂ ਉਸਦੀ ਦਾਦੀ ਨੇ ਕਿਹਾ, "ਤੇਰੀ ਚਾਚੀ ਤੋਂ ਤਾਂ ਸਾਰੀ ਗਲ਼ੀ ਦੇ ਬੱਚੇ ਸਵਾਲ ਸਮਝ ਕੇ ਜਾਂਦੇ ਨੇ, ਤੂੰ ਹੋਰਨਾਂ ਦੇ ਘਰੇ ਤੁਰਿਆ ਫਿਰਦਾ ਏਂ। ਤੇਰੀ ਤਾਂ ਉਹ ਗੱਲ ਹੈ, ਅਖੇ—**ਘਰ ਦਾ ਜੋਗੀ ਜੋਗੜਾ, ਬਾਹਰ ਦਾ ਜੋਗੀ ਸਿੱਧ।**"

### 33. ਘਰ ਦੀ ਖੰਡ ਕਿਰਕਿਰੀ, ਬਾਹਰ ਦਾ ਗੁੜ ਮਿੱਠਾ

ਗੁਰਸਿਮਰ ਦੇ ਮਾਤਾ ਜੀ ਨੇ ਉਸ ਲਈ ਦੇਸੀ ਘਿਓ ਦੇ ਪਰੌਂਠੇ ਬਣਾਏ ਪਰ ਉਸ ਨੇ ਖਾਧੇ ਨਹੀਂ ਸਗੋਂ ਕਹਿਣ ਲੱਗਿਆ, "ਸਾਡੇ ਹੋਸਟਲ ਵਿੱਚ ਬਹੁਤ ਸੁਆਦ ਪਰੌਂਠੇ ਬਣਦੇ ਹਨ। ਮੈਂ ਤਾਂ ਉੱਥੇ ਹੀ ਖਾਵਾਂਗਾ।" "ਤੂੰ ਤਾਂ ਪੁੱਤਰ ਉਹ ਗੱਲ ਕਰ ਦਿੱਤੀ, ਅਖੇ, **ਘਰ ਦੀ ਖੰਡ ਕਿਰਕਿਰੀ, ਬਾਹਰ ਦਾ ਗੁੜ ਮਿੱਠਾ।**" ਗੁਰਸਿਮਰ ਦੀ ਮਾਂ ਨੇ ਕਿਹਾ।

### 34. ਘਰ ਲੜਾਕੀ ਬਾਹਰ ਸੰਘਣੀ ਮੇਲੋ ਮੇਰਾ ਨਾਂ

ਸੇਠ ਸਖੀ ਮੱਲ ਆਪਣੇ ਗਾਹਕਾਂ ਨੂੰ ਖ਼ੂਬ ਲੁੱਟਦੇ ਹਨ। ਆਪਣੇ ਨੌਕਰਾਂ ਨਾਲ਼ ਸਖ਼ਤ ਵਿਹਾਰ ਕਰਦੇ ਹਨ। ਘਰ ਵਿੱਚ ਵੀ ਰੱਜ ਕੇ ਕੰਜੂਸ ਹਨ। ਕਦੇ-ਕਦਾਈਂ ਆਪਣਾ ਨਾਂ ਉੱਘਾ ਕਰਨ ਲਈ ਛੋਟਾ-ਮੋਟਾ ਦਾਨ ਵੀ ਕਰ ਦਿੰਦੇ ਹਨ । ਸੇਠ ਸਖੀ ਮੱਲ ਦੇ ਨਾਂ ਅਤੇ ਉਹਨਾਂ ਦੇ ਅਨੋਖੇ ਜੀਵਨ-ਢੰਗ ਨੂੰ ਵੇਖ ਕੇ ਮੈਂ ਕਿਹਾ, "ਇਸ ਦੀ ਤਾਂ ਉਹ ਗੱਲ ਹੋਈ, ਅਖੇ—**ਘਰ ਲੜਾਕੀ ਬਾਹਰ ਸੰਘਣੀ ਮੇਲੋ ਮੇਰਾ ਨਾਂ।**"

### 35. ਘੜੀ ਦਾ ਖੁੰਝਿਆ (ਘੁੱਥਾ) ਸੌ ਕੋਹ 'ਤੇ ਜਾ ਪੈਂਦਾ ਹੈ

ਰਾਜਵਿੰਦਰ ਨੇ ਇੰਟਰਵਿਊ ਦੇਣ ਲਈ ਦਿੱਲੀ ਜਾਣਾ ਸੀ। ਉਹ ਸਮੇਂ ਸਿਰ ਗੱਡੀ ਚੜ੍ਹਨੋਂ ਖੁੰਝ ਗਿਆ। ਦੇਰ ਨਾਲ਼ ਪਹੁੰਚਣ ਕਾਰਨ ਉਹ ਇੰਟਰਵਿਊ ਨਾ ਦੇ ਸਕਿਆ। ਉਸ ਤੋਂ ਘੱਟ ਯੋਗਤਾ ਵਾਲ਼ਿਆਂ ਨੂੰ ਵੀ ਉਹ ਨੌਕਰੀ ਮਿਲ਼ ਗਈ ਪਰ ਰਾਜਵਿੰਦਰ ਹੁਣ ਤੱਕ ਨੌਕਰੀ ਲਈ ਧੱਕੇ ਖਾ ਰਿਹਾ ਹੈ। ਕਿਸੇ ਨੇ ਸੱਚ ਹੀ ਕਿਹਾ ਹੈ ਕਿ **ਘੜੀ ਦਾ ਖੁੰਝਿਆ ਸੌ ਕੋਹ 'ਤੇ ਜਾ ਪੈਂਦਾ ਹੈ।**

### 36. ਘਿਓ ਡੁੱਲ੍ਹਾ ਥਾਲ਼ ਨਾ ਮਿਹਣਾ ਨਾ ਗਾਲ਼

ਰਾਤੀਂ ਜੀਤ ਨੇ ਆਪਣਾ ਖੇਤ ਸਿੰਜਣ ਲਈ ਮੋਟਰ ਚਲਾਈ। ਫਿਰ ਉਸ ਦੀ ਅੱਖ ਲੱਗ ਗਈ। ਨੱਕਾ ਟੁੱਟ ਗਿਆ ਤੇ ਸਾਰੀ ਰਾਤ ਪਾਣੀ ਮੀਤੇ ਹੋਰਾਂ ਦੇ ਖੇਤ ਵਿੱਚ ਪੈਂਦਾ ਰਿਹਾ। ਸਵੇਰ ਨੂੰ ਜੀਤ ਦੇ ਪਿਤਾ ਜੀ ਨੇ ਦੇਖਿਆ ਤਾਂ

ਕਿਹਾ, "ਮੀਤੇ ਹੋਰਾਂ ਦੀ ਜ਼ਮੀਨ ਵੀ ਐਤਕੀਂ ਆਪਾਂ ਹੀ ਠੇਕੇ 'ਤੇ ਲਈ ਹੈ। ਕੱਲ੍ਹ ਨੂੰ ਇਹ ਖੇਤ ਵੀ ਸਿੰਜਣਾ ਹੀ ਸੀ। ਅੱਜ ਕੱਦੂ ਇਸੇ ਖੇਤ ਵਿੱਚ ਕਰ ਲੈਂਦੇ ਹਾਂ, ਅਖੇ—**ਘਿਓ ਡੁੱਲ੍ਹਾ ਥਾਲ਼, ਨਾ ਮਿਹਣਾ ਨਾ ਗਾਲ਼।**"

### 37. ਚੋਰ ਨੂੰ ਨਾ ਮਾਰੋ ਚੋਰ ਦੀ ਮਾਂ ਨੂੰ ਮਾਰੋ

"ਮਾਸਟਰ ਜੀ, ਆਪਣੇ ਪਿੰਡ ਦੇ ਤਾਂ ਬਹੁਤੇ ਗੱਭਰੂ ਸ਼ਰਾਬ ਪੀਣ ਦੇ ਆਦੀ ਹੋ ਗਏ ਹਨ। ਇਹਨਾਂ ਨੂੰ ਕੋਈ ਮੱਤ ਦੇਈਏ।" ਨੰਬਰਦਾਰ ਧਰਮ ਚੰਦ ਨੇ ਕਿਹਾ। "ਨੰਬਰਦਾਰ ਜੀ, ਪਹਿਲਾਂ ਪਿੰਡ ਵਿੱਚੋਂ ਸ਼ਰਾਬ ਦਾ ਠੇਕਾ ਚੁਕਵਾਉਣ ਦਾ ਹੀਲਾ ਕਰੀਏ। ਸਿਆਣਿਆਂ ਨੇ ਵੀ ਕਿਹਾ ਹੈ—**ਚੋਰ ਨੂੰ ਨਾ ਮਾਰੋ, ਚੋਰ ਦੀ ਮਾਂ ਨੂੰ ਮਾਰੋ,**" ਮਾਸਟਰ ਜੀ ਨੇ ਸਲਾਹ ਦਿੱਤੀ।

### 38. ਛੀਹੋ ਕੀਤਿਆਂ ਕੋਈ ਪਾਣੀ ਨਹੀਂ ਪੀਂਦਾ

ਮੀਨਲ ਰੋਟੀ ਨਹੀਂ ਖਾ ਰਹੀ ਸੀ ਪਰ ਉਸ ਦੀ ਮਾਂ ਵਾਰ-ਵਾਰ ਉਸ ਨੂੰ ਰੋਟੀ ਖਾਣ ਲਈ ਆਖ ਰਹੀ ਸੀ। ਕੋਲ਼ ਬੈਠੀ ਉਸ ਦੀ ਨਾਨੀ ਨੇ ਕਿਹਾ, "ਤੂੰ ਵਾਰ-ਵਾਰ ਕਿਉਂ ਕਹਿੰਦੀ ਹੈਂ, **ਛੀਹੋ ਕੀਤਿਆਂ ਕੋਈ ਪਾਣੀ ਨਹੀਂ ਪੀਂਦਾ**, ਜਦੋਂ ਇਹਨੂੰ ਭੁੱਖ ਲੱਗੇਗੀ, ਆਪੇ ਖਾ ਲਵੇਗੀ।"

### 39. ਜਿੱਥੇ ਪਈ ਫੁੱਟ ਉੱਥੇ ਪਈ ਲੁੱਟ

ਜਤਿੰਦਰ ਤੇ ਮਨਿੰਦਰ ਦੋਹਾਂ ਭਰਾਵਾਂ ਦੀ ਆਪਸ ਵਿੱਚ ਨਹੀਂ ਬਣਦੀ। ਪਿਤਾ ਦੀ ਮੌਤ ਤੋਂ ਬਾਅਦ ਸਾਂਝੇ ਵਪਾਰ ਵੱਲ ਧਿਆਨ ਦੇਣ ਦੀ ਥਾਂ ਉਹ ਇੱਕ-ਦੂਜੇ ਉੱਤੇ ਸ਼ੱਕ ਕਰਦੇ ਰਹੇ। ਇਸ ਗੱਲ ਦਾ ਫ਼ਾਇਦਾ ਉਠਾ ਕੇ ਨੌਕਰਾਂ ਨੇ ਦੁਕਾਨ ਵਿੱਚੋਂ ਚੋਰੀ ਕਰਕੇ ਸਮਾਨ ਵੇਚਣਾ ਸ਼ੁਰੂ ਕਰ ਦਿੱਤਾ। ਇਹ ਸਭ ਵੇਖ ਕੇ ਉਹਨਾਂ ਦੀ ਮਾਂ ਨੇ ਕਿਹਾ, "ਤੁਸੀਂ ਹੁਣ ਵੀ ਸੰਭਲ਼ ਜਾਓ, ਤੁਹਾਡੀ ਦੋਹਾਂ ਦੀ ਲੜਾਈ ਦਾ ਫ਼ਾਇਦਾ ਨੌਕਰ ਉਠਾ ਰਹੇ ਹਨ। ਸਿਆਣਿਆਂ ਨੇ ਠੀਕ ਹੀ ਕਿਹਾ ਹੈ—**ਜਿੱਥੇ ਪਈ ਫੁੱਟ, ਉੱਥੇ ਪਈ ਲੁੱਟ।**"

### 40. ਜਿਹਨੇ ਲਾਈ ਗੱਲੀਂ ਉਸੇ ਨਾਲ਼ ਉੱਠ ਚੱਲੀ

**ਰੀਤੂ** : ਗੁਰਨੂਰ, ਤੂੰ ਸਕੂਲ ਦਾ ਕੰਮ ਕਰਦਾ-ਕਰਦਾ ਕਾਪੀਆਂ-ਕਿਤਾਬਾਂ ਖੁੱਲ੍ਹੀਆਂ ਹੀ ਛੱਡ ਕੇ ਕਿੱਧਰ ਚਲਾ ਗਿਆ ਸੀ ?

**ਗੁਰਨੂਰ** : ਮੰਮੀ, ਮੇਰਾ ਦੋਸਤ ਰਿਸ਼ੀ ਆ ਗਿਆ ਸੀ। ਮੈਂ ਉਹਦੇ ਨਾਲ਼ ਖੇਡਣ ਚਲਿਆ ਗਿਆ ਸੀ।

**ਰੀਤੂ** : ਵਾਹ ਬਈ, ਪੁੱਤਰਾ, ਪਹਿਲਾਂ ਸਕੂਲ ਦਾ ਕੰਮ ਤਾਂ ਪੂਰਾ ਕਰ ਲੈਂਦਾ, ਤੇਰਾ ਤਾਂ ਉਹ ਹਾਲ ਹੈ, ਅਖੇ—**ਜਿਹਨੇ ਲਾਈ ਗੱਲੀਂ, ਉਸੇ ਨਾਲ਼ ਉੱਠ ਚੱਲੀ ।**

### 41. ਟਾਟ ਦੀ ਜੁੱਲੀ ਰੇਸ਼ਮ ਦਾ ਬਖੀਆ

ਗੀਤਾ ਹੋਰੀਂ ਆਪਣੇ ਘਰ ਵਿੱਚ ਰੰਗ-ਰੋਗਨ ਕਰਵਾ ਰਹੇ ਸਨ ਤਾਂ ਗੀਤਾ ਨੇ ਕਿਹਾ, "ਇੱਕ ਕਮਰੇ ਦੀ ਕੰਧ ਉੱਤੇ ਆਪਾਂ 'ਟੈੱਕਸਚਰ ਰੰਗ' ਕਰਵਾ ਲੈਂਦੇ ਹਾਂ।" ਇਹ ਸੁਣ ਕੇ ਉਸ ਦੇ ਪਿਤਾ ਜੀ ਬੋਲੇ, "ਪੁਰਾਣਾ ਤਾਂ ਘਰ ਹੈ ਆਪਣਾ, ਛੱਤਾਂ ਬਦਲਣ ਵਾਲ਼ੀਆਂ ਨੇ ਤੇ ਕੰਧਾਂ ਤੋਂ ਵੀ ਸੀਮਿੰਟ ਭੁਰਦਾ ਹੈ। ਤੂੰ ਤਾਂ ਉਹ ਗੱਲ ਕਰ ਦਿੱਤੀ, ਅਖੇ—**"ਟਾਟ ਦੀ ਜੁੱਲੀ ਰੇਸ਼ਮ ਦਾ ਬਖੀਆ।"**

### 42. ਠੂਹ ਮਾਸੀ ਸਲਾਮ

"ਰਾਜੀ, ਭਾਵੇਂ ਤੇਰੇ ਮਾਮਾ-ਮਾਮੀ ਦਿੱਲੀ ਰਹਿੰਦੇ ਹਨ ਪਰ ਤੂੰ ਆਪਣੇ ਹੋਸਟਲ ਵਿੱਚ ਹੀ ਰਹੀਂ। ਉੱਥੇ ਕਦੇ-ਕਦਾਈਂ ਭਾਵੇਂ ਜਾ ਆਇਆ ਕਰੀਂ। ਨਿੱਤ ਦੀ **ਠੂਹ ਮਾਸੀ ਸਲਾਮ** ਤੋਂ ਨੇੜੇ ਦੇ ਰਿਸ਼ਤੇਦਾਰ ਵੀ ਅੱਕ ਜਾਂਦੇ ਹਨ," ਪੜ੍ਹਨ ਲਈ ਦਿੱਲੀ ਜਾ ਰਹੀ ਰਾਜੀ ਨੂੰ ਸਮਝਾਉਂਦਿਆਂ ਉਸ ਦੀ ਮਾਂ ਨੇ ਕਿਹਾ ।

### 43. ਡੁੱਬੀ ਤਾਂ ਜੇ ਸਾਹ ਨਾ ਆਇਆ

ਮਹਿੰਦਰ ਕੌਰ ਦੇ ਪੁੱਤਰ ਤੇ ਨੂੰਹ ਵਿਚਕਾਰ ਹਰ ਰੋਜ਼ ਹੁੰਦਾ ਲੜਾਈ-ਝਗੜਾ ਵੇਖ ਕੇ ਉਸ ਦੀ ਗੁਆਂਢਣ ਨੇ ਕਿਹਾ, "ਮਹਿੰਦਰ, ਤੂੰ ਆਪਣੇ ਪੁੱਤਰ ਨੂੰ ਸਮਝਾ ਕਿ ਉਹ ਸ਼ਰਾਬ ਪੀਣੀ ਛੱਡ ਦੇਵੇ, ਨਿੱਤ ਦਾ ਕਲ਼ੇਸ ਆਪੇ ਖ਼ਤਮ ਹੋ ਜਾਵੇਗਾ।" "ਹਰਿੰਦਰ ਭੈਣੇ, **ਡੁੱਬੀ ਤਾਂ ਜੇ ਸਾਹ ਨਾ ਆਇਆ**, ਜੇ ਮੁੰਡਾ ਮੇਰੀ ਸੁਣਦਾ ਹੁੰਦਾ ਤਾਂ ਇਹ ਲੜਾਈ-ਝਗੜੇ ਦੀ ਨੌਬਤ ਕਾਹਨੂੰ ਆਉਂਦੀ ?" ਮਹਿੰਦਰ ਕੌਰ ਨੇ ਭਰੇ ਮਨ ਨਾਲ਼ ਕਿਹਾ।

### 44. ਡੁੱਲ੍ਹੇ ਬੇਰਾਂ ਦਾ ਅਜੇ ਕੁਝ ਨਹੀਂ ਵਿਗੜਿਆ

ਨੌਮਾਹੀ ਪਰੀਖਿਆ ਵਿੱਚ ਸਹਿਜਨੂਰ ਦੇ ਅੰਕ ਘੱਟ ਆਏ ਤਾਂ ਉਹ ਉਦਾਸ ਹੋ ਗਿਆ। "ਸਲਾਨਾ ਪਰੀਖਿਆ ਵਿੱਚ ਅਜੇ ਤਿੰਨ ਮਹੀਨੇ ਪਏ ਹਨ। ਜੇ ਤੂੰ ਦੱਬ ਕੇ ਮਿਹਨਤ ਕਰੇਂ ਤਾਂ ਚੰਗੇ ਨੰਬਰ ਲੈ ਸਕਦਾ ਹੈਂ, **ਡੁੱਲ੍ਹੇ ਬੇਰਾਂ ਦਾ ਅਜੇ ਕੁਝ ਨਹੀਂ ਵਿਗੜਿਆ।** ਉਦਾਸ ਨਾ ਹੋ ਸਗੋਂ ਦਿਨ-ਰਾਤ ਇੱਕ ਕਰਕੇ ਪੜ੍ਹਾਈ ਕਰ", ਅਧਿਆਪਕ ਨੇ ਸਹਿਜਨੂਰ ਨੂੰ ਸਮਝਾਇਆ।

### 45. ਢਿੱਡ ਭਰਿਆ ਕੰਮ ਸਰਿਆ

ਜਗਦੀਸ਼ ਨੂੰ ਜਦੋਂ ਵਾਹੀ ਲਈ ਟ੍ਰੈੱਕਟਰ ਚਾਹੀਦਾ ਸੀ, ਉਦੋਂ ਸਵੇਰੇ-ਸ਼ਾਮ ਸਾਡੇ ਘਰ ਪੁੱਛਣ ਆਉਂਦਾ ਸੀ ਕਿ ਟ੍ਰੈੱਕਟਰ ਵਿਹਲਾ ਹੋਇਆ ਕਿ ਨਹੀਂ। ਚਾਰ ਦਿਨ ਟ੍ਰੈੱਕਟਰ ਨਾਲ਼ ਵਾਹੀ ਕਰਨ ਉਪਰੰਤ ਆਪਣੇ ਨੌਕਰ ਦੇ ਹੱਥ ਉਸ ਨੇ ਟ੍ਰੈੱਕਟਰ ਵਾਪਸ ਭੇਜ ਦਿੱਤਾ। ਉਸ ਦਾ ਤਾਂ ਉਹ ਹਾਲ ਹੈ, ਅਖੇ-**ਢਿੱਡ ਭਰਿਆ ਕੰਮ ਸਰਿਆ।** ਹੁਣ ਉਹ ਧੰਨਵਾਦ ਕਰਨ ਵੀ ਨਹੀਂ ਆ ਸਕਿਆ।

### 46. ਦੁੱਧ ਦਾ ਸੜਿਆ ਲੱਸੀ ਨੂੰ ਵੀ ਫੂਕ-ਫੂਕ ਪੀਂਦਾ ਹੈ

**ਸਤਨਾਮ ਸਿੰਘ—**ਮੈਂ ਹਰਨਾਮ ਸਿੰਘ ਦੇ ਮੁੰਡੇ ਲਈ ਬਹੁਤ ਵਧੀਆ ਰਿਸ਼ਤਾ ਦੱਸਿਆ ਹੈ ਪਰ ਉਹ ਤਾਂ ਬਹੁਤਾ ਹੀ ਪੁੱਛ-ਪੜਤਾਲ ਦੇ ਚੱਕਰਾਂ ਵਿੱਚ ਪੈ ਗਿਆ ਹੈ।

**ਜਰਨੈਲ ਸਿੰਘ—**ਤੈਨੂੰ ਪਤਾ ਹੀ ਹੈ ਕਿ ਉਸ ਨੇ ਆਪਣੇ ਇੱਕ ਰਿਸ਼ਤੇਦਾਰ ਦੇ ਕਹਿਣ 'ਤੇ ਆਪਣੀ ਧੀ ਦਾ ਰਿਸ਼ਤਾ ਵਿਦੇਸ਼ ਰਹਿੰਦੇ ਮੁੰਡੇ ਨਾਲ਼ ਕੀਤਾ ਸੀ। ਉਹ ਧੋਖੇਬਾਜ਼ ਨਿਕਲ਼ੇ। ਕੁੜੀ ਅਗਲੇ ਦੀ ਘਰੇ ਬੈਠੀ ਹੈ। ਸਿਆਣਿਆਂ ਨੇ ਠੀਕ ਹੀ ਕਿਹਾ ਹੈ—**ਦੁੱਧ ਦਾ ਸੜਿਆ ਲੱਸੀ ਨੂੰ ਵੀ ਫੂਕ-ਫੂਕ ਪੀਂਦਾ ਹੈ।**

### 47. ਪੱਗ ਵੇਚ ਕੇ ਘਿਓ ਨਹੀਂ ਖਾਈਦਾ

"ਬਾਪੂ ਜੀ, ਮੈਂ ਸੋਚਦਾਂ ਆਪਾਂ ਆਪਣੀ ਜ਼ਮੀਨ ਵਿੱਚੋਂ ਪੰਜ ਕੁ ਵਿੱਘੇ ਜ਼ਮੀਨ ਵੇਚ ਕੇ ਕੋਠੀ ਪਾ ਲਈਏ," ਨਵਦੀਪ ਨੇ ਕਿਹਾ। "ਪੁੱਤਰਾ, ਕੋਠੀ ਆਪਾਂ ਉਦੋਂ ਪਾਵਾਂਗੇ ਜਦੋਂ ਵੱਡਾ ਹੋ ਕੇ ਤੂੰ ਵੀ ਕਮਾਉਣ ਲੱਗ ਪਿਆ। ਜ਼ਮੀਨ ਵੇਚ ਕੇ ਆਪਾਂ ਕੋਠੀ ਨਹੀਂ ਪਾਉਣੀ। ਸਿਆਣਿਆਂ ਨੇ ਕਿਹਾ ਹੈ—**ਪੱਗ ਵੇਚ ਕੇ ਘਿਓ ਨਹੀਂ ਖਾਈਦਾ।** ਹਾਲੇ ਰਹਿਣ ਜੋਗਾ ਇਹ ਘਰ ਵਧੀਆ ਹੈ," ਨਵਦੀਪ ਦੇ ਪਿਤਾ ਜੀ ਨੇ ਉਸ ਨੂੰ ਸਮਝਾਉਂਦਿਆਂ ਕਿਹਾ।

### 48. ਬੇਗਾਨੀ ਛਾਹ 'ਤੇ ਮੁੱਛਾਂ ਨਹੀਂ ਮੁਨਾਈਦੀਆਂ

**ਕਮਲੇਸ਼—**ਮੁਨੀਸ਼ ਤੇਰਾ ਦੋਸਤ ਤਾਂ ਆਇਆ ਹੀ ਨਹੀਂ ਕਾਰ ਲੈ ਕੇ, ਘੰਟਾ ਹੋ ਗਿਆ ਤੈਨੂੰ ਤਿਆਰ ਹੋ ਕੇ ਬੈਠੇ ਨੂੰ, ਫ਼ੋਨ ਕਰ ਕੇ ਪੁੱਛ ਲੈ, ਉਸ ਨੂੰ।

**ਮੁਨੀਸ਼—**ਮੰਮੀ, ਉਹਨੇ ਵੀ ਪਰਚਾ ਦੇਣ ਚੰਡੀਗੜ੍ਹ ਜਾਣਾ ਹੈ ਪਰ ਹੁਣ ਉਸ ਨੇ ਮੋਬਾਈਲ ਬੰਦ ਕੀਤਾ ਹੋਇਆ ਹੈ।

**ਕਮਲੇਸ਼—**ਮੁਨੀਸ਼, ਹੁਣ ਤੂੰ ਉਸ ਦੀ ਉਡੀਕ ਛੱਡ ਅਤੇ ਜਲਦੀ ਬੱਸ ਚੜ੍ਹ ਕੇ ਚੰਡੀਗੜ੍ਹ ਪਹੁੰਚ, ਪਰਚਾ ਦੇਣ ਲਈ। ਤੈਨੂੰ ਬਥੇਰੀ ਵਾਰ ਕਿਹਾ ਹੈ ਕਿ **ਬੇਗਾਨੀ ਛਾਹ 'ਤੇ ਮੁੱਛਾਂ ਨਹੀਂ ਮੁਨਾਈਦੀਆਂ** ਪਰ ਤੂੰ ਸਮਝਦਾ ਹੀ ਨਹੀਂ।

### 49. ਭੁੱਲ ਗਏ ਰਾਗ ਰੰਗ-ਭੁੱਲ ਗਈਆਂ ਯੱਕੜੀਆਂ, ਤਿੰਨੇ ਗੱਲਾਂ ਯਾਦ ਰਹੀਆਂ—ਲੂਣ, ਤੇਲ, ਲੱਕੜੀਆਂ

ਮਨਦੀਪ ਤੇ ਜੁਗਰਾਜ ਦੋਵੇਂ ਇਕੱਠੇ ਪੜ੍ਹਦੇ ਸਨ। ਜਦੋਂ ਉਹ ਅਚਾਨਕ ਪੰਦਰਾਂ ਸਾਲ ਬਾਅਦ ਮਿਲ਼ੇ ਤਾਂ ਜੁਗਰਾਜ ਨੇ ਮਨਦੀਪ ਤੋਂ ਪੁੱਛਿਆ, "ਤੇਰੀ ਚਿੱਤਰਕਾਰੀ ਤੇ ਕਵਿਤਾ-ਸਿਰਜਣਾ ਦਾ ਕੀ ਹਾਲ ਹੈ ?" "ਹਾਲ ਕਾਹਦਾ ਯਾਰ, ਹੁਣ ਤਾਂ ਕਬੀਲਦਾਰੀ ਨੇ ਸੁਰਤ ਭੁਲਾਈ ਪਈ ਹੈ, ਅਖੇ—**ਭੁੱਲ ਗਏ ਰਾਗ-ਰੰਗ ਭੁੱਲ ਗਈਆਂ ਯੱਕੜੀਆਂ, ਤਿੰਨੇ ਗੱਲਾਂ ਯਾਦ ਰਹੀਆਂ—ਲੂਣ, ਤੇਲ, ਲੱਕੜੀਆਂ।**" ਮਨਦੀਪ ਨੇ ਕਿਹਾ।

### 50. ਮਨ ਹਰਾਮੀ ਹੁੱਜਤਾਂ ਢੇਰ—

"ਪੁੱਤਰ, ਪੜ੍ਹ ਲੈ ਆ ਕੇ, ਬਿਜਲੀ ਆ ਗਈ ਹੈ, ਅਮੀ ਦੀ ਮਾਂ ਨੇ ਗਲ਼ੀ ਵਿੱਚ ਖੇਡ ਰਹੇ ਅਮੀ ਨੂੰ ਅਵਾਜ਼ ਦਿੱਤੀ। ਅਮੀ ਘਰ ਆ ਕੇ ਟੈਲੀਵੀਜ਼ਨ ਵੇਖਣ ਲੱਗ ਪਿਆ ਤੇ ਕਹਿਣ ਲੱਗਾ, "ਥੋੜ੍ਹਾ ਜਿਹਾ ਪਸੀਨਾ ਸੁੱਕ ਲਵੇ ਫਿਰ ਪੜ੍ਹਾਂਗਾ।" "**ਮਨ ਹਰਾਮੀ ਹੁੱਜਤਾਂ ਢੇਰ**, ਪਹਿਲਾਂ ਬਿਜਲੀ ਨਾ ਹੋਣ ਦਾ ਬਹਾਨਾ ਕਰਕੇ ਖੇਡਣ ਤੁਰ ਗਿਆ। ਹੁਣ

ਟੀ.ਵੀ. ਅੱਗੇ ਬੈਠ ਗਿਆ", ਅਮੀ ਦੀ ਮਾਂ ਨੇ ਖਿਝ ਕੇ ਕਿਹਾ।

**51. ਲਾਲ ਗੋਦੜੀਆਂ ਵਿੱਚ ਲੁਕੇ ਨਹੀਂ ਰਹਿੰਦੇ—**

ਰਿਕਸ਼ਾ-ਚਾਲਕ ਦੇ ਆਈ. ਏ. ਐੱਸ. ਬਣੇ ਪੁੱਤਰ ਦਾ ਸਨਮਾਨ ਕਰਦਿਆਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੇ ਕਿਹਾ, "ਪਰਮੀਤ ਦੀ ਪ੍ਰਾਪਤੀ ਨੇ ਇਹ ਸਿੱਧ ਕਰ ਦਿੱਤਾ ਹੈ ਕਿ **ਲਾਲ ਗੋਦੜੀਆਂ ਵਿੱਚ ਲੁਕੇ ਨਹੀਂ ਰਹਿੰਦੇ।**"

# ਅਭਿਆਸ ਲਈ ਅਖਾਉਤਾਂ

**(ਸਥਿਤੀਆਂ ਸਮੇਤ)**

**1. ਉਹ ਭੁੱਲਾ ਨਾ ਜਾਣੀਏ ਜਿਹੜਾ ਮੁੜ ਘਰ ਆਵੇ—**ਜਦੋਂ ਕੋਈ ਵਿਅਕਤੀ ਆਪਣੀ ਗ਼ਲਤੀ ਮੰਨ ਕੇ ਜਲਦੀ ਹੀ ਉਸ ਵਿੱਚ ਸੁਧਾਰ ਕਰ ਲਵੇ ਤਾਂ ਇਹ ਅਖਾਉਤ ਵਰਤਦੇ ਹਨ।

**2. ਉਹ ਮਾਂ ਮਰ ਗਈ ਜਿਹੜੀ ਦਹੀਂ (ਮੱਖਣ) ਨਾਲ਼ ਟੁੱਕ ਦਿੰਦੀ ਸੀ—**ਜਦੋਂ ਕੋਈ ਵਿਅਕਤੀ ਸੁੱਖ ਵਿੱਚ ਬਿਤਾਏ ਦਿਨਾਂ ਨੂੰ ਯਾਦ ਕਰਦਾ ਹੈ, ਉਦੋਂ ਕਹਿੰਦੇ ਹਨ।

**3. ਉੱਖਲ਼ੀ ਵਿੱਚ ਸਿਰ ਦਿੱਤਾ ਤਾਂ ਮੋਹਲ਼ਿਆਂ ਦਾ ਕੀ ਡਰ—**ਜਦੋਂ ਇਹ ਦੱਸਣਾ ਹੋਵੇ ਕਿ ਔਖਾ ਕੰਮ ਅਰੰਭ ਕਰ ਕੇ ਉਸ ਦੀਆਂ ਔਕੜਾਂ ਤੋਂ ਡਰਨਾ ਨਹੀਂ ਚਾਹੀਦਾ।

**4. ਉੱਚਾ ਬੋਲ ਨਾ ਬੋਲੀਏ ਕਰਤਾਰੋਂ ਡਰੀਏ—**ਜੇਕਰ ਕੋਈ ਹੰਕਾਰ ਵੱਸ ਹੋ ਕੇ ਕੋਈ ਗੱਲ ਕਰਦਾ ਹੈ ਤਾਂ ਉਹਨੂੰ ਹੰਕਾਰ ਕਰਨ ਤੋਂ ਰੋਕਣ ਲਈ ਇਹ ਅਖਾਣ ਵਰਤਿਆ ਜਾਂਦਾ ਹੈ।

**5. ਉੱਚੀ ਦੁਕਾਨ ਫਿੱਕਾ ਪਕਵਾਨ—**ਜੇ ਕੋਈ ਵਿਅਕਤੀ ਆਪਣੀ ਸ਼ੁਹਰਤ ਅਤੇ ਯੋਗਤਾ ਅਨੁਸਾਰ ਪੂਰਾ ਨਾ ਉੱਤਰੇ ਜਾਂ ਉਸ ਤੋਂ ਘਟੀਆ ਸਾਬਤ ਹੋਵੇ, ਉਸ ਲਈ ਇਹ ਅਖਾਉਤ ਵਰਤਦੇ ਹਨ।

**6. ਉੱਠ ਨਾ ਸਕਾਂ ਫਿੱਟੇ-ਮੂੰਹ ਗੋਡਿਆਂ ਦਾ—**ਜਦੋਂ ਕੋਈ ਵਿਅਕਤੀ ਆਪ ਕੰਮ ਨਾ ਕਰ ਸਕਦਾ ਹੋਵੇ ਜਾਂ ਕਰਨਾ ਨਾ ਚਾਹੁੰਦਾ ਹੋਵੇ ਅਤੇ ਦੋਸ਼ੀ ਦੂਜਿਆਂ ਨੂੰ ਠਹਿਰਾਵੇ, ਉਦੋਂ ਇਹ ਅਖਾਉਤ ਵਰਤਦੇ ਹਨ।

**7. ਉੱਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ—**ਜਦੋਂ ਇਹ ਦੱਸਣਾ ਹੋਵੇ ਕਿ ਉੱਦਮ ਅਤੇ ਮਿਹਨਤ ਕੀਤਿਆਂ ਸਫ਼ਲਤਾ ਪ੍ਰਾਪਤ ਹੁੰਦੀ ਹੈ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**8. ਉਲਟਾ ਚੋਰ ਕੋਤਵਾਲ ਨੂੰ ਡਾਂਟੇ—**ਜਦੋਂ ਕੋਈ ਦੋਸ਼ੀ ਹੁੰਦਾ ਹੋਇਆ ਵੀ ਅੱਗੋਂ ਆਕੜੇ ਤਾਂ ਕਹਿੰਦੇ ਹਨ।

**9. ਉਲਟੀ ਵਾੜ ਖੇਤ ਨੂੰ ਖਾਏ—**ਜਦੋਂ ਕਿਸੇ ਨੂੰ ਸੁਰੱਖਿਆ ਦੇਣ ਦੀ ਜ਼ੁੰਮੇਵਾਰੀ ਸੌਂਪੀ ਜਾਵੇ ਪਰ ਉਹ ਆਪ ਹੀ ਉਸ ਦਾ ਨੁਕਸਾਨ ਕਰੇ, ਤਾਂ ਇਹ ਅਖਾਉਤ ਵਰਤੀ ਜਾਂਦੀ ਹੈ।

**10. ਊਠ ਨਾ ਕੁੱਦੇ ਬੋਰੇ ਕੁੱਦੇ—**ਜਦੋਂ ਕਿਸੇ ਚੀਜ਼ ਦਾ ਅਸਲੀ ਹੱਕਦਾਰ ਤਾਂ ਚੁੱਪ ਰਹੇ ਪਰ ਦੂਸਰਾ ਐਵੇਂ ਹੀ ਰੌਲ਼ਾ ਪਾਈ ਜਾਵੇ।

**11. ਅਸਮਾਨ ਤੋਂ ਡਿਗੀ ਖਜੂਰ 'ਤੇ ਅਟਕੀ—**ਜਦੋਂ ਕੋਈ ਇੱਕ ਮੁਸੀਬਤ 'ਚੋਂ ਨਿਕਲ਼ ਕੇ ਦੂਸਰੀ ਮੁਸੀਬਤ ਵਿੱਚ ਫਸ ਜਾਵੇ।

**12. ਅਕਲ ਵਾਲ਼ੇ ਨਾਲ਼ ਭੀਖ ਮੰਗੀ ਚੰਗੀ, ਪਰ ਮੂਰਖ ਨਾਲ਼ ਰਾਜ ਰਾਜਿਆ ਮੰਦਾ—**ਮੂਰਖ ਦੀ ਸੰਗਤ ਵਿੱਚ ਸੁੱਖ ਕੱਟਣ ਨਾਲ਼ੋਂ ਸਿਆਣੇ ਦੀ ਸੰਗਤ ਵਿੱਚ ਤੰਗੀ ਕੱਟਣੀ ਚੰਗੀ।

**13. ਅੱਖੀਂ ਵੇਖ ਕੇ ਮੱਖੀ ਨਹੀਂ ਨਿਗਲ਼ੀ ਜਾਂਦੀ—**ਜਾਣ-ਬੁੱਝ ਕੇ ਕੋਈ ਬੁਰਾ ਕੰਮ ਨਹੀਂ ਕੀਤਾ ਜਾ ਸਕਦਾ ਜਾਂ ਕਿਸੇ ਬੁਰੇ ਬੰਦੇ ਦੀਆਂ ਆਦਤਾਂ ਬਾਰੇ ਜਾਣਦੇ ਹੋਏ ਉਸ ਨਾਲ ਸਾਂਝ ਨਹੀਂ ਪਾਈ ਜਾ ਸਕਦੀ।

**14. ਅੱਗ ਲੈਣ ਆਈ ਘਰ-ਬਾਰਨ ਬਣ ਬੈਠੀ—**ਜਦੋਂ ਲੋੜ ਵੇਲ਼ੇ ਕਿਸੇ ਤੋਂ ਕੋਈ ਮਦਦ ਲਈ ਜਾਵੇ ਪਰ ਬਾਅਦ ਵਿੱਚ ਮਦਦ ਲੈਣ ਵਾਲ਼ਾ ਮਦਦਗਾਰ ਦੀ ਚੀਜ਼ 'ਤੇ ਕਬਜ਼ਾ ਕਰ ਲਵੇ।

**15. ਅੰਨ੍ਹਾ ਵੰਡੇ ਸ਼ੀਰਨੀ ਮੁੜ-ਘਿੜ ਆਪਣਿਆਂ ਨੂੰ—**ਜਦੋਂ ਕੋਈ ਵਿਅਕਤੀ ਬਹੁਤਿਆਂ ਨੂੰ ਲਾਭ ਪਹੁੰਚਾਉਣ ਦੀ ਸਮਰੱਥਾ ਰੱਖਦਿਆਂ ਹੋਇਆਂ ਵੀ ਕੇਵਲ ਆਪਣਿਆਂ ਨੂੰ ਹੀ ਲਾਭ ਪਹੁੰਚਾਈ ਜਾਵੇ ਉਦੋਂ ਇਹ ਅਖਾਣ ਵਰਤਦੇ ਹਨ।

**16. ਅੰਨ੍ਹੇ ਅੱਗੇ ਰੋਣਾ ਅੱਖੀਆਂ ਦਾ ਖੌ**—ਹਮਦਰਦੀ ਜਾਂ ਮਦਦ ਲਈ ਕਿਸੇ ਅਜਿਹੇ ਬੰਦੇ ਅੱਗੇ ਪੁਕਾਰ ਕਰਨੀ ਜਿਸ ਉੱਤੇ ਕੋਈ ਅਸਰ ਨਾ ਹੋਵੇ।

**17. ਆਪਣੀ ਮੱਝ ਦਾ ਦੁੱਧ ਸੌ ਕੋਹ 'ਤੇ ਜਾ ਪੀਵੀਦਾ ਏ**—ਘਰ ਆਏ ਮਹਿਮਾਨ ਦੀ ਕੀਤੀ ਟਹਿਲ-ਸੇਵਾ ਦਾ ਬਦਲਾ ਸਾਨੂੰ ਉਹੋ-ਜਿਹੀ ਟਹਿਲ ਸੇਵਾ ਵਿੱਚ ਮਿਲ਼ ਜਾਂਦਾ ਹੈ ਜਦੋਂ ਅਸੀਂ ਅਗਲੇ ਦੇ ਮਹਿਮਾਨ ਬਣ ਕੇ ਜਾਂਦੇ ਹਾਂ।

**18. ਆਪਣੇ ਘਰ ਲੱਗੇ ਤਾਂ ਅੱਗ ਦੂਜੇ ਦੇ ਘਰ ਲੱਗੇ ਤਾਂ ਬਸੰਤਰ**—ਜਦੋਂ ਕੋਈ ਆਪਣਾ ਨੁਕਸਾਨ ਹੋਣ ਉੱਤੇ ਬਹੁਤ ਦੁਖੀ ਹੋਵੇ ਪਰੰਤੂ ਦੂਜਿਆਂ ਦਾ ਉਸੇ ਤਰ੍ਹਾਂ ਦਾ ਨੁਕਸਾਨ ਦੇਖ ਕੇ ਖ਼ੁਸ਼ ਹੋਵੇ ਤਦ ਇਹ ਅਖਾਉਤ ਵਰਤਦੇ ਹਨ।

**19. ਆਪਣੇ ਨੈਣ ਮੈਨੂੰ ਦੇ ਦੇ ਤੂੰ ਮਟਕਾਉਂਦੀ ਫਿਰ**—ਜਦੋਂ ਕੋਈ ਦੂਸਰੇ ਦੀ ਲੋੜ ਤੋਂ ਬਿਲਕੁਲ ਬੇਪਰਵਾਹ ਹੋ ਕੇ ਉਸ ਦੀ ਅਤਿ ਲੁੜੀਂਦੀ ਚੀਜ਼ ਮੰਗੇ ।

**20. ਅੰਮਾਂ ਨਾਲ਼ੋਂ ਹੇਜਲੀ ਸੋ ਫਫੇ ਕੁੱਟਣ**—ਜਦੋਂ ਕੋਈ ਬੰਦਾ ਕਿਸੇ ਦੂਜੇ ਨਾਲ਼ ਉਸ ਦੇ ਸਕਿਆਂ ਨਾਲ਼ੋਂ ਵੀ ਵੱਧ ਪਿਆਰ ਹੋਣ ਦਾ ਪਖੰਡ ਕਰੇ।

**21. ਆਟਾ ਗੁੰਨ੍ਹਦੀਏ ਹਿੱਲਦੀ ਕਿਉਂ ਏਂ ?**—ਜਦੋਂ ਕੋਈ ਐਵੇਂ ਹੀ ਬਹਾਨਾ ਲੱਭ ਕੇ ਕਿਸੇ ਦੇ ਨੁਕਸ ਕੱਢੇ।

**22. ਆਪ ਬੀਬੀ ਕੋਕਾਂ ਮੱਤੀ ਦੇਵੇ ਲੋਕਾਂ**—ਜਦੋਂ ਕੋਈ ਆਪਣੀਆਂ ਖ਼ਾਮੀਆਂ (ਕਮਜ਼ੋਰੀਆਂ) ਵੱਲ ਤਾਂ ਧਿਆਨ ਨਾ ਦੇਵੇ ਪਰ ਦੂਸਰਿਆਂ ਨੂੰ ਸਿੱਖਿਆ ਦੇਵੇ।

**23. ਈਸਬਗੋਲ ਤੇ ਕੁੱਝ ਨਾ ਫੋਲ**—ਜਦੋਂ ਕਿਸੇ ਮਸਲੇ ਜਾਂ ਵਿਅਕਤੀ ਬਾਰੇ ਵਿਸਤਾਰ ਨਾਲ਼ ਗੱਲ ਕੀਤਿਆਂ ਕੇਵਲ ਨੁਕਸ ਜਾਂ ਬੁਰਾਈਆਂ ਹੀ ਲੱਭਣ, ਤਾਂ ਕਹਿੰਦੇ ਹਨ।

**24. ਇਹ ਜੱਗ ਮਿੱਠਾ ਅਗਲਾ ਕਿਨ ਡਿੱਠਾ**—ਜਿਹੜੇ ਬੰਦੇ ਇਸ ਦੁਨੀਆ ਦੇ ਸੁੱਖਾਂ ਅਤੇ ਮੌਜ-ਮਸਤੀਆਂ ਨੂੰ ਮਹੱਤਤਾ ਦਿੰਦੇ ਹਨ, ਉਹ ਆਖਦੇ ਹਨ।

**25. ਇੱਕ ਅਨਾਰ ਸੌ ਬਿਮਾਰ**—ਜਦੋਂ ਚੀਜ਼ ਘੱਟ ਹੋਵੇ ਅਤੇ ਉਸ ਦੀ ਮੰਗ ਕਰਨ ਵਾਲ਼ੇ ਬਹੁਤੇ ਹੋਣ।

**26. ਇੱਕ ਹੋਵੇ ਕਮਲ਼ਾ ਤਾਂ ਸਮਝਾਏ ਵਿਹੜਾ, ਵਿਹੜਾ ਹੋਵੇ ਕਮਲ਼ਾ ਤਾਂ ਸਮਝਾਏ ਕਿਹੜਾ**—ਜਦੋਂ ਇਹ ਦੱਸਣਾ ਹੋਵੇ ਕਿ ਇੱਕ-ਅੱਧ ਬੰਦੇ ਨੂੰ ਤਾਂ ਸਮਝਾਇਆ ਜਾ ਸਕਦਾ ਹੈ ਪਰ ਜੇਕਰ ਸਾਰਾ ਸਮਾਜ ਹੀ ਵਿਗੜ ਜਾਵੇ ਫਿਰ ਕੋਈ ਚਾਰਾ ਨਹੀਂ ।

**27. ਇਕ ਕਮਲ਼ੀ ਦੂਜੀ ਪੈ ਗਈ ਸਿਵਿਆਂ ਦੇ ਰਾਹ**—ਜਦੋਂ ਕਿਸੇ ਮੂਰਖ ਦੀ ਮੂਰਖਤਾ ਨੂੰ ਵਧੇਰੇ ਕਰਕੇ ਦੱਸਣਾ ਹੋਵੇ।

**28. ਸੱਸ ਨਾ ਨਣਾਨ ਵਹੁਟੀ ਆਪੇ ਪ੍ਰਧਾਨ**—ਜਦੋਂ ਘਰ ਵਿੱਚ ਕਿਸੇ ਨੂੰ ਕੋਈ ਰੋਕ-ਟੋਕ ਕਰਨ ਵਾਲ਼ਾ ਨਾ ਹੋਵੇ ਤੇ ਉਹ ਆਪਹੁਦਰੀਆਂ ਕਰੇ, ਤਦ ਕਿਹਾ ਜਾਂਦਾ ਹੈ।

**29. ਸਹਿਜ ਪੱਕੇ ਸੋ ਮਿੱਠਾ ਹੋਏ**—ਠਰ੍ਹੰਮੇ ਨਾਲ ਕੀਤਾ ਕੰਮ ਕਾਹਲ਼ੀ ਵਿੱਚ ਕੀਤੇ ਕੰਮ ਤੋਂ ਹਮੇਸ਼ਾਂ ਠੀਕ ਹੁੰਦਾ ਹੈ।

**30. ਸੱਪ ਵੀ ਮਰ ਜਾਵੇ ਤੇ ਲਾਠੀ ਵੀ ਬਚ ਜਾਵੇ**—ਕਿਸੇ ਅਜਿਹੀ ਜੁਗਤ ਨਾਲ ਚੱਲਣਾ ਕਿ ਕੰਮ ਵੀ ਹੋ ਜਾਵੇ ਤੇ ਕਿਸੇ ਦਾ ਨੁਕਸਾਨ ਵੀ ਨਾ ਹੋਵੇ।

**31. ਸ਼ਮਲਾ ਤੱਕ ਕੇ ਭੁੱਲੀ ਨਾ ਕੁੱਲੀ ਨਾ ਗੁੱਲੀ**—ਜਦੋਂ ਕੋਈ ਬੰਦਾ ਕਿਸੇ ਦੇ ਬਾਹਰੀ ਦਿਖਾਵੇ ਉੱਤੇ ਭਰਮ ਜਾਵੇ ਅਤੇ ਪਿੱਛੋਂ ਉਸ ਨੂੰ ਛਲ਼ਾਵੇ ਦਾ ਗਿਆਨ ਹੋ ਜਾਵੇ।

**32. ਸਰਫ਼ਾ ਕਰ ਕੇ ਸੁੱਤੀ ਆਟਾ ਖਾ ਗਈ ਕੁੱਤੀ**—ਜਦੋਂ ਕਿਸੇ ਕੰਜੂਸ ਦਾ ਜੋੜਿਆ ਧਨ ਕੋਈ ਹੋਰ ਫ਼ਜ਼ੂਲ-ਖ਼ਰਚੀ ਵਿੱਚ ਉਡਾ ਦੇਵੇ ਤਾਂ ਆਖਦੇ ਹਨ ।

**33. ਸੋਟਾ ਮਾਰਿਆਂ ਪਾਣੀ ਦੋ ਨਹੀਂ ਹੁੰਦੇ**—ਜਦੋਂ ਇਹ ਦੱਸਣਾ ਹੋਵੇ ਕਿ ਭੁਲੇਖੇ ਪਾਏ ਜਾਣ ਜਾਂ ਕਿਸੇ ਦੇ ਦੁਫੇੜ ਪਾਉਣ ਦੇ ਯਤਨਾਂ ਨਾਲ਼ ਸਕੇ ਸਾਕਾਂ ਵਿੱਚ ਸਦੀਵੀ ਫ਼ਰਕ ਨਹੀਂ ਪੈਂਦਾ।

**34. ਸੌ ਸਿਆਣਿਆਂ ਇੱਕੋ ਮੱਤ ਮੂਰਖ ਆਪੋ-ਆਪਣੀ**—ਸਮਝਦਾਰ ਬੰਦੇ ਭਾਵੇਂ ਗਿਣਤੀ ਵਿੱਚ ਕਿੰਨੇ ਵੀ ਹੋਣ, ਇੱਕ ਗੱਲ ਉੱਤੇ ਅਸਾਨੀ ਨਾਲ਼ ਸਹਿਮਤ ਹੋ ਜਾਂਦੇ ਹਨ ਪਰ ਮੂਰਖ ਆਪੋ-ਆਪਣੇ ਵਿਚਾਰਾਂ ਨੂੰ ਠੀਕ ਸਮਝਦੇ ਹਨ।

**35. ਹੱਸਦਿਆਂ ਦੇ ਘਰ ਵੱਸਦੇ**—ਪ੍ਰਸੰਨ-ਚਿੱਤ ਬੰਦੇ ਹਮੇਸ਼ਾਂ ਸੁਖੀ ਜੀਵਨ ਬਿਤਾਉਂਦੇ ਹਨ।

**36. ਹਾਥੀ ਦੇ ਦੰਦ ਖਾਣ ਨੂੰ ਹੋਰ ਦਿਖਾਉਣ ਨੂੰ ਹੋਰ**—ਜਦੋਂ ਕੋਈ ਵਿਅਕਤੀ ਬਾਹਰੋਂ ਹੋਰ ਹੋਵੇ ਅਤੇ ਅੰਦਰੋਂ ਹੋਰ।

**37. ਹਿੰਗ ਲੱਗੇ ਨਾ ਫਟਕੜੀ ਰੰਗ ਨਵੇਲਾ ਹੋਏ**—ਜਦੋਂ ਖ਼ਰਚ ਅਤੇ ਯਤਨ ਕੀਤੇ ਤੋਂ ਬਿਨਾਂ ਹੀ ਕੋਈ ਕੰਮ ਸਿਰੇ ਚੜ੍ਹ ਜਾਵੇ।

**38. ਹੀਲੇ ਰਿਜ਼ਕ ਬਹਾਨੇ ਮੌਤ**—ਰੋਜ਼ੀ ਕਮਾਉਣ ਲਈ ਉੱਦਮ ਕਰਨਾ ਪੈਂਦਾ ਹੈ ਅਤੇ ਮੌਤ ਕਿਸੇ ਨਾ ਕਿਸੇ ਕਾਰਨ ਕਰਕੇ ਹੁੰਦੀ ਹੈ।

**39. ਕਦੀ ਤੋਲ਼ਾ ਕਦੀ ਮਾਸਾ ਉਸ ਦੀ ਗੱਲ ਦਾ ਕੀ ਭਰਵਾਸਾ**—ਉਸ ਬੰਦੇ ਲਈ ਵਰਤਿਆ ਜਾਂਦਾ ਹੈ ਜਿਹੜਾ ਥੋੜ੍ਹੀ-ਥੋੜ੍ਹੀ ਦੇਰ ਬਾਅਦ ਆਪਣੀ ਕਹੀ ਗੱਲ ਤੋਂ ਬਦਲਦਾ ਰਹੇ।

**40. ਕੱਲ੍ਹ ਨਾਮ ਕਾਲ਼ ਦਾ ਏ**—ਆਉਣ ਵਾਲ਼ੇ ਸਮੇਂ ਦਾ ਕੋਈ ਭਰੋਸਾ ਨਹੀਂ ਹੁੰਦਾ। ਕੀ ਪਤਾ ਕੱਲ੍ਹ ਨੂੰ ਕੀ ਹੋਣਾ ਹੈ। ਭਾਵ ਕਰਨ ਵਾਲ਼ਾ ਕੰਮ ਹੁਣੇ ਕਰ ਲਓ, ਅੱਗੇ ਨਾ ਪਾਓ।

**41. ਕਾਲ਼ੇ ਕਦੇ ਨਾ ਹੋਵਣ ਬੱਗੇ ਭਾਵੇਂ ਸੌ ਮਣ ਸਾਬਣ ਲੱਗੇ**—ਜਦੋਂ ਕਿਸੇ ਨਾ ਬਦਲੇ ਜਾ ਸਕਣ ਵਾਲ਼ੇ ਲੱਛਣ ਵੱਲ ਇਸ਼ਾਰਾ ਕਰਨਾ ਹੋਵੇ ਤਾਂ ਇਹ ਅਖਾਉਤ ਵਰਤੀ ਜਾਂਦੀ ਹੈ।

**42. ਕੁੱਕੜ ਖੇਹ ਉਡਾਏ ਤੇ ਆਪਣੇ ਝਾਟੇ ਪਾਏ**—ਜਦੋਂ ਕੋਈ ਵਿਅਕਤੀ ਕਿਸੇ ਘਟੀਆ ਗੱਲ ਕਰਕੇ ਆਪਣੀ ਬੇਇੱਜ਼ਤੀ ਆਪ ਹੀ ਕਰਵਾ ਲਵੇ, ਉਦੋਂ ਇਹ ਅਖਾਉਤ ਵਰਤਦੇ ਹਨ।

**43. ਖਲੋਣ ਨੂੰ ਥਾਂ ਮਿਲ਼ੇ ਬਹਿਣ ਨੂੰ ਆਪੇ ਬਣਾ ਲਵਾਂਗੇ**—ਜਦੋਂ ਕੋਈ ਵਿਅਕਤੀ ਥੋੜ੍ਹੀ ਜਿੰਨੀ ਮਦਦ ਲੈ ਕੇ ਫਿਰ ਆਪਣੀ ਹਿੰਮਤ ਨਾਲ਼ ਆਪਣੇ ਪੈਰਾਂ 'ਤੇ ਖਲੋਣ ਦਾ ਇਰਾਦਾ ਰੱਖੇ।

**44. ਖਾਈਏ ਦਾਲ਼ ਜਿਹੜੀ ਨਿਭੇ ਨਾਲ਼**—ਜਦੋਂ ਇਹ ਦੱਸਣਾ ਹੋਵੇ ਕਿ ਸਾਦਾ ਭੋਜਨ ਹੀ ਸਦਾ ਨਾਲ਼ ਨਿਭਦਾ ਹੈ ਤਾਂ ਆਖਿਆ ਜਾਂਦਾ ਹਨ।

**45. ਖਾਣ-ਪੀਣ ਨੂੰ ਚੰਗੀ ਭਲੀ, ਰਾਮ ਜਪਣ ਨੂੰ ਗੂੰਗੀ**—ਜਦੋਂ ਕੋਈ ਵਿਅਕਤੀ ਖਾਣ-ਪੀਣ ਲਈ ਤਾਂ ਤਿਆਰ ਰਹੇ ਪਰ ਕੰਮ ਕਰਨ ਵੇਲ਼ੇ ਬਹਾਨੇ ਬਣਾਵੇ, ਉਦੋਂ ਕਹਿੰਦੇ ਹਨ।

**46. ਗਏ ਨਿਮਾਣੇ ਰੋਜੜੇ ਰਹਿ ਗਏ ਨੌਂ ਤੇ ਵੀਹ**—ਜਦ ਕਰਨ ਵਾਲ਼ਾ ਕੰਮ ਤਾਂ ਬਹੁਤ ਪਿਆ ਹੋਵੇ ਤਾਂ ਮਨ ਨੂੰ ਧਰਵਾਸ ਦੇਣ ਲਈ ਇਹ ਅਖਾਉਤ ਵਰਤੀ ਜਾਂਦੀ ਹੈ।

**47. ਗੱਲ ਲਾਈ ਗਿੱਟੇ ਕੋਈ ਰੋਵੇ ਤੇ ਕੋਈ ਪਿੱਟੇ**—ਕਿਸੇ ਨੂੰ ਬਿਨਾਂ ਸੋਚੇ-ਸਮਝੇ ਅਜਿਹੀ ਚੁਭਵੀਂ ਗੱਲ ਕਹਿ ਦੇਣੀ ਜਿਸ ਨੂੰ ਸੁਣ ਕੇ ਅਗਲੇ ਦਾ ਮਨ ਬਹੁਤ ਦੁਖੀ ਹੋਵੇ।

**48. ਗੱਲੀਂ-ਬਾਤੀਂ ਮੈਂ ਵੱਡੀ ਕਰਤੂਤੀਂ ਵੱਡੀ ਜਿਠਾਣੀ**—ਜਦੋਂ ਕੋਈ ਸਿਰਫ਼ ਗੱਲਾਂ ਨਾਲ਼ ਆਪਣੇ ਆਪ ਨੂੰ ਵੱਡਾ ਜਤਾਏ ਪਰ ਕੰਮ ਨਾ ਕਰੇ ਅਤੇ ਕੰਮ ਕਰਨ ਦੇ ਮੌਕੇ ਟਾਲ਼ ਜਾਵੇ, ਉਸ ਬੰਦੇ ਲਈ ਇਹ ਅਖਾਉਤ ਵਰਤੀ ਜਾਂਦੀ ਹੈ।

**49. ਗੁੜ, ਘੀ, ਮੈਦਾ ਤੇਰਾ, ਜਲ, ਫੂਕ, ਬਸੰਤਰ ਮੇਰਾ**—ਜਦੋਂ ਕੋਈ ਬੰਦਾ ਸਾਂਝੀ ਚੀਜ਼ ਵਿੱਚੋਂ ਆਪਣਾ ਹਿੱਸਾ ਤਾਂ ਪੂਰਾ ਲੈਣਾ ਚਾਹੁੰਦਾ ਹੋਵੇ ਪਰ ਆਪਣੇ ਹਿੱਸੇ ਦਾ ਖ਼ਰਚ ਕਰਨ ਤੋਂ ਸੰਕੋਚ ਕਰੇ ਉਦੋਂ ਇਹ ਅਖਾਉਤ ਵਰਤੀ ਜਾਂਦੀ ਹੈ।

**50. ਗੁੜ ਦਿੱਤਿਆਂ ਜੇ ਦੁਸ਼ਮਣ ਮਰੇ ਮਹੁਰਾ ਕਿਉਂ ਦੇਈਏ**—ਜੇ ਕੋਈ ਕੰਮ ਨਰਮੀ ਨਾਲ਼ ਨਿਪਟਾਇਆ ਜਾ ਸਕਦਾ ਹੋਵੇ ਤਾਂ ਉਸ ਨੂੰ ਸਖ਼ਤ ਵਤੀਰੇ ਨਾਲ਼ ਕਰਨ ਦੀ ਲੋੜ ਨਹੀਂ।

## ਅਭਿਆਸ ਲਈ ਕੁਝ ਹੋਰ ਅਖਾਉਤਾਂ

1. ਕੰਮ ਦਾ ਨਾ ਕਾਜ ਦਾ, ਵੈਰੀ ਅਨਾਜ ਦਾ
2. ਕੁੱਤਾ ਰੋਟੀ ਲੈ ਗਿਆ, ਭਗਵਾਨ ਤੇਰੇ ਲੇਖੇ
3. ਕੁੜਮ ਵਿਗੁੱਤਾ ਚੰਗਾ, ਗੁਆਂਢ ਵਿਗੁੱਤਾ ਮੰਦਾ

4. ਘਰ ਦਾ ਸੜਿਆ ਵਣ ਗਿਆ, ਵਣ ਨੂੰ ਲੱਗੀ ਅੱਗ
5. ਘਰ ਦਾ ਭੇਤੀ ਲੰਕਾ ਢਾਹੇ
6. ਘਰ ਦੀ ਅੱਧੀ, ਬਾਹਰ ਦੀ ਸਾਰੀ ਨਾਲ਼ੋਂ ਚੰਗੀ
7. ਘਰ ਦੀ ਕੁੱਕੜੀ (ਮੁਰਗ਼ੀ) ਦਾਲ਼ ਬਰਾਬਰ
8. ਘਰ ਦੇ ਮਾਹਣੂ ਭੁੱਖੇ ਮਰਦੇ, ਬਾਹਰ ਸ਼ੀਰਨੀ ਵੰਡੀਂਦੀ
9. ਘਰ ਫੂਕ ਤਮਾਸ਼ਾ ਦੇਖ
10. ਘਰ ਵੱਸਦਿਆਂ ਦੇ, ਸਾਕ ਮਿਲ਼ਦਿਆਂ ਦੇ ਅਤੇ ਖੇਤ ਵਾਹੁੰਦਿਆਂ ਦੇ
11. ਘਰੋਂ ਖਾਂਦਿਆਂ ਦੇ ਅੰਗ-ਸਾਕ ਸੱਭੇ
12. ਚੱਜ ਨਾ ਆਚਾਰ, ਘੁਲ਼ਨ ਨੂੰ ਤਿਆਰ
13. ਚਮੜੀ ਜਾਏ, ਦਮੜੀ ਨਾ ਜਾਏ
14. ਚੜ੍ਹਿਆ ਸੌ ਤੇ ਲੱਥਾ ਭੌ
15. ਚਾਚਾ ਆਖਿਆਂ ਪੰਡ ਕੋਈ ਨਹੀਂ ਚੁੱਕਦਾ
16. ਚਾਰ ਦਿਨਾਂ ਦੀ ਚਾਨਣੀ ਫੇਰ ਹਨੇਰੀ ਰਾਤ
17. ਚੂਹੇ ਨੂੰ ਸੁੰਢ ਦੀ ਗੱਠੀ ਲੱਭੀ, ਪਸਾਰੀ ਬਣ ਬੈਠਾ
18. ਚੋਰ ਤੇ ਲਾਠੀ ਦੋ ਜਣੇ, ਮੈਂ ਤੇ ਬਾਪੂ 'ਕੱਲੇ
19. ਚੋਰੀ ਕੱਖ ਦੀ ਵੀ ਤੇ ਲੱਖ ਦੀ ਵੀ
20. ਚਿੜੀਆਂ ਦੀ ਮੌਤ, ਗਵਾਰਾਂ ਦਾ ਹਾਸਾ
21. ਛੱਜ ਤਾਂ ਬੋਲੇ, ਛਾਣਨੀ ਕੀ ਬੋਲੇ
22. ਛੱਡਿਆ ਗਰਾਂਅ ਤੇ ਲੈਣਾ ਕੀ ਨਾਂ ?
23. ਛੋਲਿਆਂ ਨਾਲ਼ ਘੁਣ ਵੀ ਪਿਸ ਜਾਂਦਾ ਹੈ
24. ਜਦ ਤੱਕ ਸ੍ਵਾਸ, ਤਦ ਤੱਕ ਆਸ
25. ਜੰਮਣ ਵਾਲ਼ੇ ਛੁੱਟ ਗਏ, ਸਹੇੜਦੇ ਫਸ ਗਏ
26. ਜਾਂ ਦਿਨ ਹੋਣ ਸਵੱਲੜੇ, ਉੱਗਣ ਭੁੱਜੇ ਮੋਠ
27. ਜਾਹ ਨੀ ਧੀਏ ਰਾਵੀ, ਨਾ ਕੋਈ ਆਵੀ ਤੇ ਨਾ ਕੋਈ ਜਾਵੀ
28. ਜਾਗਦੇ ਦਾ ਲੱਖ, ਸੁੱਤੇ ਦਾ ਕੱਖ
29. ਜਿਉਂ-ਜਿਉਂ ਭਿੱਜੇ ਕੰਬਲ਼ੀ, ਤਿਉਂ-ਤਿਉਂ ਭਾਰੀ ਹੋਏ
30. ਜਿਸ ਦੀ ਨਾ ਫੁੱਟੀ ਬਿਆਈ, ਉਹ ਕੀ ਜਾਣੇ ਪੀੜ ਪਰਾਈ
31. ਜਿਸ ਦੇ ਹੱਥ ਡੋਈ, ਉਸ ਦਾ ਸਭ ਕੋਈ
32. ਜਿਸ ਨੇ ਕੀਤੀ ਸ਼ਰਮ, ਉਸ ਦੇ ਫੁੱਟੇ ਕਰਮ
33. ਜਿਹੜੇ ਇੱਥੇ (ਏਥੇ) ਭੈੜੇ, ਉਹ ਲਾਹੌਰ ਵੀ ਭੈੜੇ
34. ਜਿੱਥੇ ਸੌ, ਉੱਥੇ ਇਕੋਤਰ ਸੌ
35. ਜਿੱਥੇ ਦਰਖ਼ਤ (ਰੁੱਖ) ਨਹੀਂ, ਉੱਥੇ ਰਿੰਡ ਈ ਪ੍ਰਧਾਨ ਏ
36. ਜਿੱਧਰ ਗਈਆਂ ਬੇੜੀਆਂ, ਉੱਧਰ ਗਏ ਮਲਾਹ
37. ਜਿਨ੍ਹਾਂ ਖਾਧੀਆਂ ਗਾਜਰਾਂ, ਪੇਟ ਉਹਨਾਂ ਦੇ ਪੀੜ

38. ਜਿੰਨਾ ਫਲ਼ੇ ਓਨਾ ਝੁਕੇ
39. ਜੇ ਪਤ ਲੋੜੇਂ ਆਪਣੀ, ਛੱਡ ਬੁਰੇ ਦਾ ਸਾਥ
40. ਜੇਹੀ ਨੀਤ, ਤੇਹੀ ਮੁਰਾਦ
41. ਜੇਠ ਹਾੜ੍ਹ ਗੁੱਠੀਂ, ਸਾਵਣ-ਭਾਦਰੋਂ ਰੁੱਖੀਂ
42. ਜੇਡੇ ਸਿਰ ਓਡੀਆਂ ਸਿਰਪੀੜਾਂ
43. ਜੇਹਾ ਕਰੋਗੇ, ਤੇਹਾ ਭਰੋਗੇ
44. ਜੋ ਵੱਟਿਆ ਸੋ ਖੱਟਿਆ
45. ਜੋੜੀਆਂ ਜੱਗ ਥੋੜ੍ਹੀਆਂ (ਪਰ) ਨਰੜ ਬਥੇਰੇ
46. ਝੂਠ ਦੇ ਪੈਰ ਨਹੀਂ ਹੁੰਦੇ
47. ਟੱਟੂ ਭਾੜੇ ਕਰਨਾ ਏ ਤਾਂ ਕੁੜਮਾਂ ਦਾ ਈ ਕਰਨਾ ਏ?
48. ਟੁੱਟੀਆਂ ਬਾਂਹਾਂ ਗਲ਼ ਨੂੰ ਆਉਂਦੀਆਂ ਨੇ
49. ਡਾਢਾ ਮਾਰੇ ਤੇ ਰੋਣ ਵੀ ਨਾ ਦੇਵੇ
50. ਡਾਢੇ ਦੀ ਮਾਰ, ਲਿੱਸੇ ਦੀ ਗਾਲ਼
51. ਡਿਗ-ਡਿਗ ਕੇ ਹੀ ਸਵਾਰ ਹੋਈਦਾ ਏ
52. ਡਿਗੀ ਖੋਤੀ ਤੋਂ, ਗ਼ੁੱਸਾ ਘੁਮਿਆਰ 'ਤੇ
53. ਢੱਗਿਆ ਤੈਨੂੰ ਚੋਰ ਲੈ ਜਾਣ, ਅਖੇ ਯਾਰਾਂ ਤਾਂ ਪੱਠੇ ਈ ਖਾਣੇ ਨੇ
54. ਢਾਈ ਘਰ ਤਾਂ ਡੈਣ ਵੀ ਛੱਡ ਦਿੰਦੀ ਹੈ
55. ਢੱਗੀ ਨਾ ਵੱਛੀ, ਨੀਂਦ ਆਵੇ ਅੱਛੀ
56. ਤਕੜੇ 'ਤੇ ਡਿਗਾਂ ਨਾ, ਮਾੜੇ 'ਤੇ ਘੜੰਮ
57. ਤੀਹ ਪੁੱਤਰ 'ਤੇ ਚਾਲ਼ੀ ਪੋਤਰੇ, ਅਜੇ ਵੀ ਬਾਬਾ ਘਾਹ ਖੋਤਰੇ
58. ਤਲਵਾਰ ਦਾ ਫੱਟ ਮਿਲ਼ ਜਾਂਦਾ ਏ, ਜ਼ੁਬਾਨ ਦਾ ਨਹੀਂ ਮਿਲ਼ਦਾ
59. ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਾਂ 'ਕੱਲੀ
60. ਤਿੰਨਾਂ ਵਿੱਚ, ਨਾ ਤੇਰ੍ਹਾਂ ਵਿੱਚ
61. ਤੀਰ ਕਮਾਨੋਂ ਤੇ ਬੋਲ ਜ਼ੁਬਾਨੋਂ ਨਿਕਲ਼ ਕੇ ਮੁੜ ਨਹੀਂ ਆਉਂਦੇ
62. ਤੂੰ ਮੇਰਾ ਮੁੰਡਾ ਖਿਡਾ, ਮੈਂ ਤੇਰੀ ਖੀਰ ਖਾਂਦੀ ਹਾਂ
63. ਤੇਰੇ ਪੀਠੇ ਦਾ ਕੀ ਛਾਣਨਾ ਹੈ?
64. ਤੇਲ ਦੇਖੋ, ਤੇਲ ਦੀ ਧਾਰ ਦੇਖੋ
65. ਦਾਣੇ-ਦਾਣੇ 'ਤੇ ਮੋਹਰ ਹੁੰਦੀ ਹੈ
66. ਦਾਨਾ ਦੁਸ਼ਮਣ, ਮੂਰਖ (ਨਾਦਾਨ) ਸੱਜਣ ਨਾਲ਼ੋਂ ਚੰਗਾ
67. ਦਾਲ਼ ਵਿੱਚ ਕੁਝ ਕਾਲ਼ਾ ਹੈ
68. ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀਆਂ ਜਾਣੇ
69. ਦੁੱਧ ਤੇ ਬੁੱਧ ਫਿੱਟਦਿਆਂ ਦੇਰ ਨਹੀਂ ਲੱਗਦੀ
70. ਦੁੱਧ ਦਾ ਦੁੱਧ, ਪਾਣੀ ਦਾ ਪਾਣੀ
71. ਦੁਬਿਧਾ ਵਿੱਚ ਦੋਵੇਂ ਗਏ, ਮਾਇਆ ਮਿਲ਼ੀ ਨਾ ਰਾਮ

72. ਦੂਰ ਦੇ ਢੋਲ ਸੁਹਾਵਣੇ
73. ਦੇਸੀ ਟੱਟੂ, ਖ਼ੁਰਾਸਾਨੀ ਦੁਲੱਤੇ
74. ਨੱਸਦਿਆਂ (ਭੱਜਦਿਆਂ) ਨੂੰ ਵਾਹਣ ਇੱਕੋ-ਜਿਹੇ ਨੇ
75. ਨਹੁੰਆਂ ਨਾਲ਼ੋਂ ਮਾਸ ਨਹੀਂ ਨਿੱਖੜਦਾ (ਵੱਖ ਨਹੀਂ ਹੁੰਦਾ)
76. ਵਿਹਲੀ ਜੱਟੀ, ਉੱਨ ਵੇਲੇ
77. ਨਮਾਜ਼ ਬਖ਼ਸ਼ਾਉਣ ਗਏ, ਰੋਜ਼ੇ ਗਲ਼ ਪਾਏ
78. ਨਵਾਂ ਨੌਂ ਦਿਨ, ਪੁਰਾਣਾ ਸੌ ਦਿਨ
79. ਨਾ ਹਾੜ੍ਹ ਸੁੱਕੇ, ਨਾ ਸਾਉਣ ਹਰੇ
80. ਨਾ ਦੇਸ ਢੋਈ, ਨਾ ਪਰਦੇਸ ਢੋਈ
81. ਨਾ ਨੌਂ ਮਣ ਤੇਲ ਹੋਵੇ, ਨਾ ਰਾਧਾ ਨੱਚੇ
82. ਨਾਈਆਂ ਦੀ ਜੰਞ, ਸੱਭੇ ਰਾਜੇ
83. ਨੌਂ ਸੌ ਚੂਹੇ ਖਾ ਕੇ, ਬਿੱਲੀ ਹੱਜ ਨੂੰ ਚੱਲੀ
84. ਨੌਂ ਕੋਹ ਦਰਿਆ, ਘੱਗਰਾ (ਤੰਬਾ) ਮੋਢੇ 'ਤੇ
85. ਨੌਕਰੀ ਕੀ ਤੇ ਨਖ਼ਰਾ ਕੀ
86. ਪਹਾੜ ਨਾਲ਼ ਟੱਕਰ ਲਾਇਆਂ (ਮਾਰਿਆਂ) ਸਿਰ ਹੀ ਪਾਟਦਾ ਹੈ
87. ਪਰਾਇਆ ਗਹਿਣਾ ਪਾਇਆ, ਅੱਧਾ ਰੂਪ ਗੁਆਇਆ
88. ਪਾਪ ਦੀ ਬੇੜੀ ਭਰ ਕੇ ਡੁੱਬਦੀ ਹੈ
89. ਪਿੰਡ ਨੂੰ ਅੱਗ ਲੱਗੀ, ਕੁੱਤਾ ਰੂੜੀ 'ਤੇ
90. ਪਿੰਡਾ ਵੇ ਅਗਾਂਹ, ਪੁੱਤਾ ਵੇ ਪਿਛਾਂਹ
91. ਪੰਚਾਂ ਦਾ ਕਹਿਣਾ ਸਿਰ ਮੱਥੇ, ਪਰਨਾਲ਼ਾ ਉੱਥੇ ਦਾ ਉੱਥੇ
92. ਫੂਹੀ-ਫੂਹੀ ਤਲਾਅ ਭਰਿਆ ਜਾਂਦਾ ਹੈ
93. ਬਹੁਤਾ (ਅੱਤ ਦਾ) ਭਲਾ ਨਾ ਹੱਸਣਾ (ਬੋਲਣਾ) ਬਹੁਤੀ (ਅੱਤ ਦੀ) ਭਲੀ ਨਾ ਚੁੱਪ, ਬਹੁਤਾ (ਅੱਤ ਦਾ) ਭਲਾ ਨਾ ਮੀਂਹੜਾ (ਮੇਘਲਾ), ਬਹੁਤੀ (ਅੱਤ ਦੀ) ਭਲੀ ਨਾ ਧੁੱਪ
94. ਬੱਕਰਾ ਜਾਨੋਂ ਗਿਆ (ਬੱਕਰੇ ਦੀ ਜਾਨ ਗਈ), ਖਾਣ ਵਾਲ਼ੇ ਨੂੰ ਸੁਆਦ ਨਾ ਆਇਆ।
95. ਬਦ ਨਾਲੋਂ ਬਦਨਾਮ ਬੁਰਾ
96. ਬਾਣੀ ਸੋ ਜੋ ਹੋਵੇ ਕੰਠ, ਪੈਸਾ ਸੋ ਜੋ ਹੋਵੇ ਗੰਠ
97. ਬਾਬਾਣੀਆਂ ਕਹਾਣੀਆਂ, ਪੁੱਤ ਸਪੁੱਤ ਕਰੇਨ
98. ਬਾਲ ਦਾ ਪੱਜ, ਮਾਂ ਦਾ ਰੱਜ
99. ਬਿੱਲੀ ਦੇ ਸਿਰ੍ਹਾਣੇ ਦੁੱਧ ਨਹੀਂ ਜੰਮਦਾ
100. ਬੂਰ ਦੇ ਲੱਡੂ, ਖਾਏ ਉਹ ਵੀ ਪਛਤਾਏ, ਨਾ ਖਾਏ ਉਹ ਵੀ ਪਛਤਾਏ
101. ਭੱਠ ਪਿਆ ਸੋਨਾ ਜਿਹੜਾ ਕੰਨ ਪਾੜੇ
102. ਭਲਾ ਹੋਇਆ ਮੇਰਾ ਚਰਖਾ ਟੁੱਟਾ, ਜਿੰਦ ਅਜ਼ਾਬੋਂ ਛੁੱਟੀ
103. ਮੱਝ ਵੇਚ ਕੇ ਘੋੜੀ ਲਈ, ਦੁੱਧ ਪੀਣੋਂ ਗਏ, ਲਿੱਦ ਚੁੱਕਣੀ ਪਈ
104. ਮਾੜੇ ਦਿਨ ਹੋਣ ਤਾਂ ਊਠ 'ਤੇ ਬੈਠੇ ਨੂੰ ਵੀ ਕੁੱਤਾ ਵੱਢ ਜਾਂਦਾ ਹੈ

105. ਮਾੜਾ ਢੱਗਾ, ਛੱਤੀ ਰੋਗ
106. ਮੈਂ ਸ਼ਰਮਾਊਂਦੀ ਅੰਦਰ ਵੜੀ, ਮੂਰਖ ਆਖੇ ਮੈਥੋਂ ਡਰੀ
107. ਮੈਂ ਵੀ ਰਾਣੀ, ਤੂੰ ਵੀ ਰਾਣੀ, ਕੌਣ ਭਰੇਗਾ ਪਾਣੀ
108. ਯਰਾਨੇ ਲਾਉਣੇ ਊਠਾਂ ਵਾਲਿਆਂ ਨਾਲ਼ ਦਰਵਾਜ਼ੇ ਨੀਵੇਂ ਰੱਖਣੇ
109. ਰੱਸੀ ਸੜ ਗਈ, ਵੱਟ ਨਾ ਗਿਆ
110. ਵੰਝਲ਼ੀ ਦਾ ਕੀ ਵਜਾਉਣਾ, ਮੂੰਹ ਹੀ ਵਿੰਗਾ ਕਰਨਾ ਏ।

# ਮੁਹਾਵਰੇਦਾਰ ਵਾਕਾਂਸ਼

ਦੋ, ਤਿੰਨ ਜਾਂ ਚਾਰ ਸ਼ਬਦਾਂ ਦੇ ਉਸ ਸਮੂਹ ਨੂੰ ਵਾਕਾਂਸ਼ ਕਿਹਾ ਜਾ ਸਕਦਾ ਹੈ ਜੋ ਕਿਸੇ ਵਾਕ ਦਾ ਭਾਗ ਜਾਂ ਅੰਸ਼ ਹੋਵੇ। ਮੁਹਾਵਰੇਦਾਰ ਵਾਕਾਂਸ਼ ਉਹ ਹੁੰਦਾ ਹੈ ਜੋ ਮੁਹਾਵਰੇ ਵਾਂਗ ਸਥਾਪਿਤ ਅਤੇ ਪ੍ਰਚਲਿਤ ਹੋਵੇ। ਉਦਾਹਰਨ ਲਈ: 'ਅੱਗ ਦੇ ਭਾਅ', 'ਹਿੱਕ ਦਾ ਧੱਕਾ', 'ਢਲ਼ਦਾ ਪਰਛਾਂਵਾਂ', 'ਬਗ਼ਲਾ ਭਗਤ', 'ਲਕੀਰ ਦਾ ਫ਼ਕੀਰ' ਮੁਹਾਵਰੇਦਾਰ ਵਾਕਾਂਸ਼ ਹਨ।

ਮੁਹਾਵਰੇਦਾਰ ਵਾਕਾਂਸ਼ ਦਾ ਮੁਹਾਵਰੇ ਨਾਲ਼ੋਂ ਥੋੜ੍ਹਾ ਅੰਤਰ ਹੈ। ਮੁਹਾਵਰੇ ਦੇ ਪਿੱਛੇ 'ਣਾ', 'ਣੀ', 'ਨਾ', 'ਨੀ' ਆਦਿ ਲੱਗੇ ਹੁੰਦੇ ਹਨ। ਵਰਤੋਂ ਸਮੇਂ ਇਹਨਾਂ ਦੀ ਥਾਂ ਲਿੰਗ, ਵਚਨ ਅਤੇ ਕਾਰਕ ਅਨੁਸਾਰ ਕਿਰਿਆ ਲੱਗਦੀ ਹੈ। ਮੁਹਾਵਰੇਦਾਰ ਵਾਕਾਂਸ਼ ਦੇ ਅੰਤ ਵਿੱਚ ਅਜਿਹਾ ਕੋਈ ਸ਼ਬਦ ਜਾਂ ਕਿਰਿਆ ਨਹੀਂ ਹੁੰਦੀ। ਇਸ ਨੂੰ ਅਖਾਣ ਵਾਂਗ ਜਿਉਂ ਦਾ ਤਿਉਂ ਵਰਤਿਆ ਜਾਂਦਾ ਹੈ। ਮੁਹਾਵਰੇਦਾਰ ਵਾਕਾਂਸ਼ ਦਾ ਮੁਹਾਵਰੇ ਵਾਂਗ ਸ਼ਾਬਦਿਕ ਅਰਥ ਦੀ ਥਾਂ ਸੰਕੇਤਿਕ ਅਤੇ ਸੁਝਾਊ ਅਰਥ ਹੁੰਦਾ ਹੈ। ਇਸ ਨੂੰ ਮੁਹਾਵਰੇ ਵਾਂਗ ਹੀ ਵਾਕ ਵਿੱਚ ਵਰਤਿਆ ਜਾਂਦਾ ਹੈ।

ਰਚਨਾ ਅਨੁਸਾਰ ਮੁਹਾਵਰੇਦਾਰ ਵਾਕਾਂਸ਼ ਦੋ ਤਰ੍ਹਾਂ ਦੇ ਹੋ ਸਕਦੇ ਹਨ। ਇੱਕ ਉਹ ਹਨ ਜਿਨ੍ਹਾਂ ਵਿੱਚ 'ਦਾ, ਦੇ, ਦੀ' ਆਦਿ ਸੰਬੰਧਕ ਆਉਂਦੇ ਹਨ, ਜਿਵੇਂ : 'ਸਿਆਪੇ ਦੀ ਨੈਣ ', 'ਹੱਥਾਂ ਦਾ ਸੁੱਚਾ', 'ਭੂੰਡਾਂ ਦਾ ਖੱਖਰ'। ਦੂਜੇ ਉਹ ਹਨ ਜੋ ਸਮਾਸ-ਵਿਧੀ ਨਾਲ਼ ਬਣਦੇ ਹਨ, ਜਿਵੇਂ : ਕਿਤਾਬੀ-ਕੀੜਾ, ਫ਼ਸਲੀ-ਬਟੇਰਾ ਆਦਿ।

ਸਮਾਸੀ ਸ਼ਬਦ ਅਤੇ ਮੁਹਾਵਰੇਦਾਰ ਵਾਕਾਂਸ਼ ਵਿੱਚ ਬਣਤਰ ਪੱਖੋਂ ਕੋਈ ਅੰਤਰ ਨਹੀਂ ਹੁੰਦਾ। ਇਹਨਾਂ ਦਾ ਫ਼ਰਕ ਕੇਵਲ ਅਰਥ ਦੀ ਦ੍ਰਿਸ਼ਟੀ ਤੋਂ ਹੁੰਦਾ ਹੈ। ਸਮਾਸੀ ਸ਼ਬਦ ਦਾ ਅਰਥ ਸ਼ਾਬਦਿਕ ਹੁੰਦਾ ਹੈ, ਜਿਵੇਂ ਚਿੜੀਆ-ਘਰ, ਦੂਰ-ਦਰਸ਼ਨ, ਸੋਨ-ਸਵੇਰ। ਮੁਹਾਵਰੇਦਾਰ ਵਾਕਾਂਸ਼ ਦਾ ਅਰਥ ਸੰਕੇਤਿਕ, ਸੁਝਾਊ ਅਤੇ ਗੁੱਝਾ ਹੁੰਦਾ ਹੈ। ਉਦਾਹਰਨ ਲਈ 'ਹੱਥਾਂ ਦੀ ਮੈਲ਼' ਦਾ ਅਰਥ ਹੱਥਾਂ ਨੂੰ ਲੱਗਿਆ ਧੂੜ-ਘੱਟਾ ਨਹੀਂ ਸਗੋਂ ਹੱਥਾਂ ਨਾਲ਼ ਕਮਾਈ ਜਾ ਸਕਣ ਵਾਲ਼ੀ ਵਸਤੂ ਜਾਂ ਧਨ ਹੈ ਜੋ ਮਨੁੱਖ ਦੇ ਮੁਕਾਬਲੇ ਨਿਗੂਣਾ ਹੈ। ਇਵੇਂ ਹੀ 'ਪਾਣੀ ਦਾ ਬੁਲਬੁਲਾ' ਦਾ ਸੰਕੇਤਿਕ ਅਰਥ ਕਿਸੇ ਵੀ ਸਮੇਂ ਨਾਸ ਹੋਣ ਵਾਲ਼ੀ ਚੀਜ਼ ਹੈ। ਇਹ ਮੁਹਾਵਰੇਦਾਰ ਵਾਕਾਂਸ਼ ਮਨੁੱਖੀ ਸਰੀਰ ਦੇ ਨਾਸਵਾਨ ਹੋਣ ਨੂੰ ਦੱਸਣ ਲਈ ਵਰਤਿਆ ਜਾਂਦਾ ਹੈ।

ਅਖਾਣਾਂ ਤੇ ਮੁਹਾਵਰਿਆਂ ਵਾਂਗ ਮੁਹਾਵਰੇਦਾਰ ਵਾਕਾਂਸ਼ ਨਵੇਂ ਬਣਦੇ ਰਹਿੰਦੇ ਹਨ। ਪਰ ਅਖਾਣਾਂ ਵਿਚ ਇਹ ਤਬਦੀਲੀ ਬਹੁਤ ਹੌਲ਼ੀ-ਹੌਲੀ ਹੁੰਦੀ ਹੈ। ਇਸ ਦੇ ਮੁਕਾਬਲੇ ਮੁਹਾਵਰੇਦਾਰ ਵਾਕਾਂਸ਼ਾਂ ਵਿੱਚ ਇਹ ਤਬਦੀਲੀ ਕੁਝ ਵਧੇਰੇ ਤੇਜ਼ੀ ਨਾਲ਼ ਹੁੰਦੀ ਹੈ।

ਕਈ ਵਾਰੀ ਮੁਹਾਵਰੇਦਾਰ ਵਾਕਾਂਸ਼ ਕਿਸੇ ਮੁਹਾਵਰੇ ਜਾਂ ਅਖਾਣ ਦਾ ਹਿੱਸਾ ਹੁੰਦੇ ਹਨ । ਉਦਾਹਰਨ ਲਈ 'ਅੱਗ ਦੇ ਭਾਅ ਹੋਣਾ', 'ਆਟੇ ਵਿਚ ਲੂਣ ਹੋਣਾ', 'ਗੋਦੜੀ ਦਾ ਲਾਲ ਹੋਣਾ', 'ਦਸਾਂ ਨਹੁੰਆਂ ਦੀ ਕਮਾਈ ਕਰਨਾ', 'ਖੱਖਰ ਛੇੜਨਾ', 'ਮਗਰ-ਮੱਛ ਦੇ ਹੰਝੂ ਕੇਰਨਾ' ਮੁਹਾਵਰੇ ਹਨ, ਪਰ 'ਅੱਗ ਦੇ ਭਾਅ', 'ਆਟੇ ਵਿਚ ਲੂਣ', 'ਗੋਦੜੀ ਦਾ ਲਾਲ, 'ਦਸਾਂ ਨਹੁੰਆਂ ਦੀ ਕਮਾਈ', 'ਭੂੰਡਾਂ ਦਾ ਖੱਖਰ', 'ਮਗਰ-ਮੱਛ ਦੇ ਹੰਝੂ', ਮੁਹਾਵਰੇਦਾਰ ਵਾਕਾਂਸ਼ ਹਨ। ਇਸੇ ਤਰ੍ਹਾਂ 'ਇੱਕ ਸੱਪ, ਦੂਜਾ ਉੱਡਣਾ' ਅਤੇ 'ਸਾਨ੍ਹਾਂ ਦਾ ਭੇੜ ਤੇ ਝੁੰਡਾਂ ਦਾ ਨਾਸ' ਅਖਾਣ ਹਨ ਪਰੰਤੂ 'ਉੱਡਣਾ ਸੱਪ' ਅਤੇ 'ਸਾਨ੍ਹਾਂ ਦਾ ਭੇੜ' ਮੁਹਾਵਰੇਦਾਰ ਵਾਕਾਂਸ਼ ਹਨ।

ਅੱਗੇ ਨਮੂਨੇ ਵਜੋਂ ਕੁਝ ਮੁਹਾਵਰੇਦਾਰ ਵਾਕਾਂਸ਼ਾਂ ਨੂੰ ਵਾਕਾਂ ਵਿੱਚ ਵਰਤਿਆ ਗਿਆ ਹੈ। ਬ੍ਰੈਕਟ ਵਿੱਚ ਹਰ ਮੁਹਾਵਰੇਦਾਰ ਵਾਕਾਂਸ਼ ਦਾ ਅਰਥ ਦਿੱਤਾ ਹੈ ਪਰ ਵਿਦਿਆਰਥੀ ਲਈ ਇਸ ਨੂੰ ਵਾਕ ਵਿੱਚ ਵਰਤਣ ਵੇਲ਼ੇ ਅਰਥ ਦੇਣ ਦੀ ਲੋੜ ਨਹੀਂ। ਇਸ ਉਪਰੰਤ ਅਭਿਆਸ ਲਈ ਕੁਝ ਮਹਾਵਰੇਦਾਰ ਵਾਕਾਂਸ਼ ਦਿੱਤੇ ਹਨ।

**ਓਹੜ-ਪੋਹੜ** (ਮਾੜਾ-ਮੋਟਾ ਘਰੋਗੀ ਇਲਾਜ)

**ਸਿਆਪੇ ਦੀ ਨੈਣ** (ਝਗੜਾ ਕਰਾਉਣ ਵਾਲ਼ਾ)

ਇੱਕ ਫ਼ਿਰਕਾਪ੍ਰਸਤ ਆਦਮੀ ਸਿਆਪੇ ਦੀ ਨੈਣ ਬਣ ਕੇ ਵੱਖ-ਵੱਖ ਧਰਮਾਂ ਦੇ ਲੋਕਾਂ ਵਿਚ ਝਗੜੇ ਖੜ੍ਹੇ ਕਰਵਾਉਂਦਾ ਹੈ।

**ਸਾਨ੍ਹਾਂ ਦਾ ਭੇੜ** (ਤਾਕਤਵਰਾਂ ਦੀ ਲੜਾਈ)

ਸਰਪੰਚ ਅਤੇ ਲੰਬੜਦਾਰ ਦੀ ਲੜਾਈ ਨਿਰੀ ਸਾਨ੍ਹਾਂ ਦਾ ਭੇੜ ਸੀ। ਪਿੰਡ ਦੇ ਕਈ ਘਰਾਂ ਨੇ ਇਸ ਤੋਂ ਦੂਰ ਰਹਿਣ ਵਿੱਚ ਹੀ ਆਪਣਾ ਭਲਾ ਸਮਝਿਆ।

**ਸਿਰ ਮੱਥੇ 'ਤੇ** (ਸਤਿਕਾਰ ਨਾਲ਼ ਪ੍ਰਵਾਨ ਕਰ ਲੈਣਾ)

ਅਧਿਆਪਕਾਂ ਦੀ ਸਿੱਖਿਆ ਵਿਦਿਆਰਥੀਆਂ ਦੇ ਸਿਰ ਮੱਥੇ 'ਤੇ ਹੁੰਦੀ ਹੈ। ਸੋਲ਼ਾਂ ਆਨੇ (ਪੂਰਾ)

ਹਮੇਸ਼ਾਂ ਉਸ ਮਨੁੱਖ ਦਾ ਹੀ ਇਤਬਾਰ ਕੀਤਾ ਜਾਂਦਾ ਹੈ ਜਿਸ ਦੀ ਹਰ ਗੱਲ ਸੋਲ਼ਾਂ ਆਨੇ ਹੁੰਦੀ ਹੈ।

**ਹੱਡੀਆਂ ਦੀ ਮੁੱਠ** (ਬਹੁਤ ਕਮਜ਼ੋਰ)

ਲੰਮੀ ਬਿਮਾਰੀ ਤੋਂ ਪਿੱਛੋਂ ਪਿਤਾ ਜੀ ਨਿਰੀ ਹੱਡੀਆਂ ਦੀ ਮੁੱਠ ਰਹਿ ਗਏ ਸਨ।

**ਹੱਥਾਂ ਦਾ ਸੁੱਚਾ** (ਇਮਾਨਦਾਰ)

ਮਾਲਕ ਨੇ ਨੌਕਰ ਨੂੰ ਹੱਥਾਂ ਦਾ ਸੁੱਚਾ ਹੋਣ ਕਰਕੇ ਸਾਰੀ ਦੁਕਾਨ ਦੀ ਜ਼ੁੰਮੇਵਾਰੀ ਸੰਭਾਲ਼ ਦਿੱਤੀ।

**ਹੱਥਾਂ ਦੀ ਮੈਲ਼** (ਹੱਥਾਂ ਨਾਲ਼ ਕਮਾਈ ਜਾਣ ਵਾਲੀ ਵਸਤੂ, ਧਨ)

ਧਨ ਕਾਰਨ ਬੰਦੇ ਨੂੰ ਬੇਈਮਾਨ ਨਹੀਂ ਬਣਨਾ ਚਾਹੀਦਾ, ਧਨ ਤਾਂ ਹੱਥਾਂ ਦੀ ਮੈਲ਼ ਹੈ ।

**ਹਿੱਕ ਦਾ ਧੱਕਾ** (ਜ਼ੋਰਾਵਰੀ)

ਸਰਪੰਚ ਨੇ ਪਿੰਡ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਪੰਚਾਇਤ ਹਿੱਕ ਦੇ ਧੱਕੇ ਨਾਲ਼ ਮੱਲੀ ਸ਼ਾਮਲਾਟ ਦੀ ਜ਼ਮੀਨ ਨੂੰ ਸੰਤਾ ਸਿੰਘ ਦੇ ਕਬਜ਼ੇ ਹੇਠੋਂ ਛੇਤੀ ਛੁਡਵਾ ਲਵੇਗੀ।

**ਜਾਭਾਂ ਦਾ ਭੇੜ** (ਵਾਧੂ ਝਗੜਾ)

"ਸਾਨੂੰ ਜਾਭਾਂ ਦਾ ਭੇੜ ਛੱਡ ਕੇ ਅਸਲੀ ਮਸਲੇ ਵੱਲ ਆਉਣਾ ਚਾਹੀਦਾ ਹੈ", ਸਰਪੰਚ ਨੇ ਕਿਹਾ।

**ਕਿਤਾਬੀ-ਕੀੜਾ** (ਹਰ ਵੇਲ਼ੇ ਪੜ੍ਹਦੇ ਰਹਿਣ ਵਾਲ਼ਾ)

ਪੜ੍ਹਾਈ ਵਿਚ ਸਫ਼ਲਤਾ ਨੇਮ ਅਤੇ ਧਿਆਨ ਨਾਲ਼ ਪੜ੍ਹ ਕੇ ਮਿਲ਼ਦੀ ਹੈ ਨਾ ਕਿ ਕਿਤਾਬੀ-ਕੀੜਾ ਬਣਨ ਨਾਲ਼।

**ਕਲਮ ਦਾ ਧਨੀ** (ਨਿਪੁੰਨ ਲਿਖਾਰੀ)।

ਪੰਜਾਬੀ ਵਿਚ ਧਨੀ ਰਾਮ ਚਾਤ੍ਰਿਕ, ਮੋਹਨ ਸਿੰਘ ਅਤੇ ਸ਼ਿਵ ਕੁਮਾਰ ਜਿਹੇ ਕਲਮ ਦੇ ਧਨੀ ਹੋਏ ਹਨ।

**ਕਿਸਮਤ ਦੇ ਕੜਛੇ** (ਚੰਗੇ ਭਾਗਾਂ ਨਾਲ਼ ਢੇਰ ਸਾਰੇ ਪਦਾਰਥ ਮਿਲ਼ਨੇ)

ਆਮ ਵਿਚਾਰ ਅਨੁਸਾਰ ਜਿਨ੍ਹਾਂ ਨੂੰ ਕਿਸਮਤ ਦੇ ਕੜਛੇ ਮਿਲ਼ਦੇ ਹਨ, ਅਸਲ ਵਿੱਚ ਇਹ ਉਹਨਾਂ ਦੀ ਸਖ਼ਤ ਮਿਹਨਤ ਦਾ ਸਿੱਟਾ ਹੁੰਦਾ ਹੈ।

**ਖੂਹ ਦਾ ਡੱਡੂ** (ਸੀਮਿਤ ਜਾਣਕਾਰੀ ਵਾਲ਼ਾ)

ਜੇ ਕੋਰਸ ਵਿਚ ਲੱਗੀਆਂ ਪਾਠ-ਪੁਸਤਕਾਂ ਤੋਂ ਬਿਨਾਂ ਹੋਰ ਕੁਝ ਨਾ ਪੜ੍ਹਿਆ ਜਾਵੇ ਤਾਂ ਬੰਦਾ ਗਿਆਨ ਦੇ ਪੱਖੋਂ ਖ਼ੂਹ ਦਾ ਡੱਡੂ ਬਣ ਕੇ ਰਹਿ ਜਾਂਦਾ ਹੈ।

**ਘੜੇ ਜਿੱਡਾ ਮੋਤੀ** (ਬਹੁਤ ਸਿਆਣਾ ਤੇ ਚੰਗਾ ਆਦਮੀ)

ਜਵਾਹਰ ਲਾਲ ਨਹਿਰੂ ਘੜੇ ਜਿੱਡਾ ਮੋਤੀ ਸੀ।

## ਅਭਿਆਸ ਲਈ ਮੁਹਾਵਰੇਦਾਰ ਵਾਕਾਂਸ਼

1. ਜਿਗਰ ਦਾ ਟੋਟਾ
2. ਜੁੱਤੀ ਦਾ ਯਾਰ
3. ਢਲ਼ਦਾ ਪਰਛਾਂਵਾਂ
4. ਦਸਾਂ ਨਹੁੰਆਂ ਦੀ ਕਮਾਈ
5. ਦਿਲ ਦਰਿਆ
6. ਦੁੱਧ ਦਾ ਉਬਾਲ਼
7. ਨਗਾਰੇ ਦੀ ਚੋਟ
8. ਪੱਥਰ 'ਤੇ ਲੀਕ
9. ਪਾਣੀ ਦਾ ਬੁਲਬੁਲਾ
10. ਫ਼ਸਲੀ ਬਟੇਰਾ
11. ਭੂੰਡਾਂ ਦੀ ਖੱਖਰ
12. ਮਿੱਟੀ ਦੇ ਮੁੱਲ
13. ਮਿੱਠੀ ਛੁਰੀ
14. ਮਾਤਾ ਦਾ ਮਾਲ
15. ਸੱਤਾਂ ਚੁੱਲ੍ਹਿਆਂ ਦੀ ਸੁਆਹ
16. ਲੰਗੋਟੀਆ ਯਾਰ।

* * *

# ਅਧਿਆਇ—ਗਿਆਰਾਂ

## ਲੇਖ-ਰਚਨਾ

ਵਿਦਿਆਰਥੀਆਂ ਵਿਚ ਮੌਲਿਕ ਤੇ ਰਚਨਾਤਮਿਕ ਲਿਖਣ-ਹੁਨਰ ਪੈਦਾ ਕਰਨ ਲਈ ਲੇਖ-ਰਚਨਾ ਇੱਕ ਮਹੱਤਵਪੂਰਨ ਸਾਧਨ ਹੈ। ਲੇਖ-ਰਚਨਾ ਲਈ ਦਿੱਤੇ ਗਏ ਕਿਸੇ ਵੀ ਵਿਸ਼ੇ ਦੇ ਅਨੇਕਾਂ ਪੱਖ ਹੋ ਸਕਦੇ ਹਨ। ਇੱਕ ਆਮ ਲੇਖ ਵਿੱਚ ਇਹਨਾਂ ਸਾਰੇ ਪੱਖਾਂ ਬਾਰੇ ਲਿਖਣਾ ਜ਼ਰੂਰੀ ਮੰਨਿਆ ਜਾਂਦਾ ਹੈ। ਪਰੰਤੂ ਇਹ ਇੱਕ ਮੁਸ਼ਕਲ ਕਾਰਜ ਹੈ। ਇਸ ਲਈ ਸਕੂਲ ਪੱਧਰ ਉੱਤੇ ਇਸ ਵਿੱਚ ਮਹੱਤਵਪੂਰਨ ਪੱਖਾਂ ਨੂੰ ਛੂਹਿਆ ਜਾਂਦਾ ਹੈ। ਲੇਖ ਲਿਖਣ ਦੀ ਕਲਾ ਇਸ ਗੱਲ ਵਿੱਚ ਹੈ ਕਿ ਲਿਖਿਆ ਲੇਖ ਆਪਣੇ-ਆਪ ਵਿੱਚ ਮੁਕੰਮਲ ਰਚਨਾ ਜਾਪੇ।

ਲੇਖ ਲਿਖਣ ਦੀ ਕਲਾ ਬਾਰੇ ਵਿਚਾਰ ਕਰਨ ਲਈ ਲੇਖਾਂ ਦਾ ਵਰਗੀਕਰਨ ਕੀਤਾ ਜਾ ਸਕਦਾ ਹੈ। ਇਹ ਵਰਗੀਕਰਨ ਲੇਖਾਂ ਦੇ ਵੱਖ-ਵੱਖ ਖੇਤਰਾਂ ਅਤੇ ਲੇਖ ਲਿਖਣ ਦੇ ਢੰਗ ਨੂੰ ਆਧਾਰ ਬਣਾ ਕੇ ਕੀਤਾ ਜਾ ਸਕਦਾ ਹੈ।

### (ੳ) ਖੇਤਰ ਅਨੁਸਾਰ ਲੇਖਾਂ ਦਾ ਵਰਗੀਕਰਨ

(1) ਸਮਾਜ, ਰਾਜਨੀਤੀ, ਵਿੱਦਿਆ, ਵਿਗਿਆਨ, ਸਾਹਿਤ, ਕਲਾ, ਸੱਭਿਆਚਾਰ ਆਦਿ ਖੇਤਰਾਂ ਨਾਲ਼ ਸੰਬੰਧਿਤ ਲੇਖ।

(2) ਪੇਂਡੂ ਜਾਂ ਸ਼ਹਿਰੀ ਜੀਵਨ ਨਾਲ਼ ਸੰਬੰਧਿਤ ਲੇਖ।

(3) ਸਥਾਨਿਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਮੱਸਿਆਵਾਂ ਬਾਰੇ ਲੇਖ।

### (ਅ) ਲਿਖਣ ਢੰਗ ਅਨੁਸਾਰ ਲੇਖਾਂ ਦਾ ਵਰਗੀਕਰਨ

(1) ਵਰਨਣਾਤਮਿਕ ਲੇਖ
(2) ਬਿਰਤਾਂਤਿਕ ਲੇਖ
(3) ਵਿਚਾਰਾਤਮਿਕ ਲੇਖ
(4) ਭਾਵਾਤਮਿਕ ਲੇਖ
(5) ਕਲਪਨਾਮਈ ਲੇਖ।

ਇਸ ਤਰ੍ਹਾਂ ਖੇਤਰਾਂ ਅਨੁਸਾਰ ਲੇਖਾਂ ਦੇ ਹੋਰ ਵਰਗੀਕਰਨ ਵੀ ਹੋ ਸਕਦੇ ਹਨ।

**(ੳ) ਖੇਤਰ ਅਨੁਸਾਰ ਲੇਖ :** ਮਨੁੱਖੀ ਜੀਵਨ ਬਹੁਪਰਤੀ ਅਤੇ ਵਿਸ਼ਾਲ ਹੈ। ਅਧਿਐਨ ਦੀ ਸੌਖ ਲਈ ਇਸ ਦੇ ਵੱਖ-ਵੱਖ ਖੇਤਰ ਮਿਥ ਲਏ ਗਏ ਹਨ। ਜਦੋਂ ਅਸੀਂ ਕਿਸੇ ਵਿਸ਼ੇ 'ਤੇ ਲੇਖ ਲਿਖਦੇ ਹਾਂ ਤਾਂ ਉਸ ਵੇਲ਼ੇ ਉਸ ਨਾਲ਼ ਸੰਬੰਧਿਤ ਖੇਤਰ ਦੇ ਵਰਗ ਵਿੱਚ ਉਸ ਲੇਖ ਨੂੰ ਲੈ ਆਉਂਦੇ ਹਾਂ। ਪਰ ਇਸ ਦਾ ਅਰਥ ਇਹ ਨਹੀਂ ਹੁੰਦਾ ਕਿ ਉਸ ਵਿਸ਼ੇ ਦਾ ਦੂਜੇ ਖੇਤਰਾਂ ਨਾਲ਼ ਕੋਈ ਲਾਗਾ-ਦੇਗਾ ਨਹੀਂ ਹੈ। ਉਸ ਦਾ ਬਾਕੀ ਖੇਤਰਾਂ ਨਾਲ ਵੀ ਥੋੜ੍ਹਾ-ਬਹੁਤ ਸੰਬੰਧ ਰਹਿੰਦਾ ਹੈ। ਉਦਾਹਰਨ ਲਈ 'ਮਾਦਾ ਭਰੂਣ-ਹੱਤਿਆ ਦੀ ਸਮੱਸਿਆ' ਦਾ ਲੇਖ ਪਰਿਵਾਰਿਕ ਖੇਤਰ ਵਿੱਚ ਆਉਂਦਾ ਹੈ। ਪਰ ਇਸ ਦਾ ਸਮਾਜਿਕ ਪੱਖ ਵੀ ਹੈ। ਜਦੋਂ ਸਾਹਿਤਕਾਰ ਇਸ ਗੰਭੀਰ ਸਮੱਸਿਆ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਉਂਦੇ ਹਨ ਤਾਂ ਇਹ ਵਿਸ਼ਾ ਸਾਹਿਤਿਕ ਖੇਤਰ ਨਾਲ਼ ਵੀ ਸੰਬੰਧਿਤ ਹੋ ਜਾਂਦਾ ਹੈ। ਇਸ ਪ੍ਰਕਾਰ ਇਹ ਸਮੱਸਿਆ ਸਿਹਤ-ਵਿਭਾਗ ਅਤੇ ਰਾਜਨੀਤੀ ਦੇ ਖੇਤਰ ਦੀ ਸਮੱਸਿਆ ਵੀ ਬਣ ਜਾਂਦੀ ਹੈ। ਵਿੱਦਿਆ ਦੇ ਖੇਤਰ ਵਿੱਚ ਇਸ ਸਮੱਸਿਆ ਦੇ ਮਾੜੇ ਪ੍ਰਭਾਵਾਂ ਸੰਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਂਦਾ ਹੈ। ਇਹਨਾਂ ਵੱਖ-ਵੱਖ ਖੇਤਰਾਂ ਨਾਲ਼ ਸੰਬੰਧ ਰੱਖਣ ਦੇ ਬਾਵਜੂਦ ਇਹ ਵਿਸ਼ਾ ਮੁੱਖ ਤੌਰ 'ਤੇ ਸਮਾਜ ਦੇ ਖੇਤਰ ਦਾ ਹੈ। ਇਸ ਕਾਰਨ ਇਸ ਨੂੰ ਸਮਾਜਿਕ ਸਮੱਸਿਆ ਦੇ ਖੇਤਰ ਵਿੱਚ ਰੱਖਿਆ ਜਾਂਦਾ ਹੈ।

ਇਸ ਪ੍ਰਕਾਰ ਰਾਸ਼ਟਰੀ-ਦਿਵਸਾਂ ਬਾਰੇ ਲੇਖ—ਅਜ਼ਾਦੀ-ਦਿਵਸ ਅਤੇ ਗਣਤੰਤਰ-ਦਿਵਸ ਰਾਜਨੀਤੀ ਦੇ ਖੇਤਰ

ਵਿੱਚ ਆਉਂਦੇ ਹਨ। ਅਨਪੜ੍ਹਤਾ, ਬਾਲਗ਼-ਸਿੱਖਿਆ, ਵਿਦਿਆਰਥੀਆਂ ਵਿੱਚ ਅਨੁਸ਼ਾਸਨ ਆਦਿ ਲੇਖ ਵਿੱਦਿਆ ਦੇ ਖੇਤਰ ਵਿੱਚ; ਵਿਗਿਆਨ ਦੇ ਲਾਭ-ਹਾਣ, ਵਿਗਿਆਨ ਦੇ ਚਮਤਕਾਰ, ਰੇਡੀਓ, ਟੈਲੀਵੀਜ਼ਨ, ਕੰਪਿਊਟਰ, ਇੰਟਰਨੈੱਟ ਦੇ ਲਾਭ ਅਤੇ ਹਾਨੀਆਂ ਲੇਖ ਵਿਗਿਆਨ ਦੇ ਖੇਤਰ ਵਿੱਚ ਆਉਂਦੇ ਹਨ। ਖੇਤੀ ਨਾਲ਼ ਸੰਬੰਧਿਤ ਅਤੇ ਪਿੰਡਾਂ ਦੇ ਜੀਵਨ ਤੇ ਵਿਕਾਸ ਬਾਰੇ ਲੇਖ ਪੇਂਡੂ ਜੀਵਨ ਦੇ ਖੇਤਰ ਵਿੱਚ; ਸੜਕ ਉੱਤੇ ਚੱਲਣ ਦੇ ਨਿਯਮਾਂ ਬਾਰੇ, ਸਵੇਰ ਤੇ ਸ਼ਾਮ ਦੀ ਸੈਰ ਬਾਰੇ ਆਦਿ ਲੇਖ ਸ਼ਹਿਰੀ ਜੀਵਨ ਦੇ ਖੇਤਰ ਵਿੱਚ ਆਉਂਦੇ ਹਨ।

ਇਸੇ ਤਰ੍ਹਾਂ ਹੀ ਜਨਤਿਕ ਥਾਂਵਾਂ ਬਾਰੇ ਲੇਖ ਸਥਾਨਿਕ ਜੀਵਨ ਦੇ ਖੇਤਰ ਵਿੱਚ; ਬੇਰੁਜ਼ਗਾਰੀ, ਆਰਥਿਕ ਪਛੜੇਵਾਂ, ਭ੍ਰਿਸ਼ਟਾਚਾਰ, ਸੰਪਰਦਾਇਕ ਏਕਤਾ, ਰਾਸ਼ਟਰੀ ਏਕਤਾ, ਭਾਵਾਤਮਿਕ ਏਕਤਾ, ਅਬਾਦੀ ਦੀ ਸਮੱਸਿਆ, ਮਹਿੰਗਾਈ ਦੀ ਸਮੱਸਿਆ ਬਾਰੇ ਲੇਖ, ਰਾਸ਼ਟਰੀ ਖੇਤਰ ਵਿੱਚ ; ਸੰਸਾਰ-ਅਮਨ, ਪਰਮਾਣੂ ਹਥਿਆਰ ਤੇ ਜੰਗ, ਗਲੋਬਲ ਪਿੰਡ ਆਦਿ ਲੇਖ ਅੰਤਰਰਾਸ਼ਟਰੀ ਖੇਤਰ ਵਿੱਚ ਆਉਂਦੇ ਹਨ।

**(ਅ) ਲਿਖਣ ਦੇ ਢੰਗ ਅਨੁਸਾਰ—**ਲੇਖ ਲਿਖਣ ਦੀਆਂ ਵਿਧੀਆਂ ਜਾਂ ਸ਼ੈਲੀਆਂ ਬਹੁਤ ਹਨ ਪਰ ਮੋਟੇ ਤੌਰ ’ਤੇ ਹੇਠ ਲਿਖਿਆ ਵਰਗੀਕਰਨ ਵਧੇਰੇ ਪ੍ਰਚਲਿਤ ਹੈ :

**(1) ਵਰਨਣਾਤਮਿਕ ਲੇਖ :** ਇਹ ਉਹ ਲੇਖ ਹਨ ਜਿਨ੍ਹਾਂ ਵਿੱਚ ਕਿਸੇ ਦੱਸੀ ਵਸਤੂ, ਜੀਵ, ਸਥਾਨ, ਨਜ਼ਾਰੇ ਆਦਿ ਦਾ ਵਰਨਣ ਹੋਵੇ। ਉਦਾਹਰਨ ਲਈ ਜੇ ਲੇਖ ਹਰਿਮੰਦਰ ਸਾਹਿਬ ਬਾਰੇ ਹੈ ਤਾਂ ਇਸ ਵਿੱਚ ਉਸ ਹਰ ਚੀਜ਼ ਦਾ ਵਰਨਣ ਕੀਤਾ ਜਾਵੇਗਾ ਜਿਹੜੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਵੇਲੇ ਦਿਸਦੀ ਅਤੇ ਪ੍ਰਭਾਵਿਤ ਕਰਦੀ ਹੈ। ਇਸੇ ਤਰ੍ਹਾਂ ਜਦੋਂ ਕਿਸੇ ਸ਼ਹਿਰ ਬਾਰੇ ਲੇਖ ਲਿਖਿਆ ਜਾਂਦਾ ਹੈ ਤਦ ਉਸ ਦੀਆਂ ਇਮਾਰਤਾਂ, ਸੜਕਾਂ, ਬਾਗ਼-ਬਗ਼ੀਚੇ, ਕੁਦਰਤੀ ਦ੍ਰਿਸ਼ ਆਦਿ ਦਾ ਵਰਨਣ ਕੀਤਾ ਜਾਂਦਾ ਹੈ। ਇਸ ਪ੍ਰਕਾਰ ਜਿਹੜੇ ਲੇਖ ਵਿੱਚ ਵਰਨਣ ਪ੍ਰਧਾਨ ਹੋਵੇ, ਉਸ ਨੂੰ ਵਰਨਣਾਤਮਿਕ ਲੇਖ ਕਿਹਾ ਜਾਂਦਾ ਹੈ। ਸ਼ਹਿਰਾਂ, ਪਹਾੜਾਂ, ਅੱਖੀਂ ਡਿੱਠੇ ਮੇਲਿਆਂ ਆਦਿ ਬਾਰੇ ਲੇਖ ਵਰਨਣਾਤਮਿਕ ਲੇਖ ਹੁੰਦੇ ਹਨ।

**(2) ਬਿਰਤਾਂਤਿਕ ਲੇਖ :** ਕਿਸੇ ਵਾਪਰੀ ਘਟਨਾ ਦਾ ਕ੍ਰਮ ਅਨੁਸਾਰ ਵੇਰਵਾ ਪੇਸ਼ ਕਰਨ ਨੂੰ ਬਿਰਤਾਂਤ ਆਖਦੇ ਹਨ। ਇਸ ਵਿੱਚ ਜੀਵਨੀਆਂ, ਅਭੁੱਲ ਯਾਦਾਂ, ਯਾਤਰਾਵਾਂ, ਇਤਿਹਾਸ ਵਿੱਚ ਵਾਪਰੀਆਂ ਮਹੱਤਵਪੂਰਨ ਘਟਨਾਵਾਂ ਬਾਰੇ ਲੇਖ ਆਉਂਦੇ ਹਨ।

ਇਹ ਵੀ ਵਰਨਣਯੋਗ ਹੈ ਕਿ ਕੋਈ ਵੀ ਲੇਖ ਮੁਕੰਮਲ ਤੌਰ ’ਤੇ ਨਾ ਵਰਨਣਾਤਮਿਕ ਹੈ ਅਤੇ ਨਾ ਬਿਰਤਾਂਤਿਕ। ਵਰਨਣਾਤਮਿਕ ਲੇਖਾਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਉਦਾਹਰਨ ਦਿੱਤੀ ਗਈ ਹੈ, ਜਿਵੇਂ : ਅੱਜ ਜੋ ਸ੍ਰੀ ਹਰਿਮੰਦਰ ਸਾਹਿਬ ਹੈ, ਉਸ ਬਾਰੇ ਦਿੱਤਾ ਵੇਰਵਾ ਵਰਨਣਾਤਮਿਕ ਹੋਵੇਗਾ ਪਰ ਉਸ ਦੇ ਇਤਿਹਾਸ ਦਾ ਵੇਰਵਾ ਬਿਰਤਾਂਤਿਕ ਹੋਵੇਗਾ । ਵਰਨਣਾਤਮਿਕ ਲੇਖ ਵਿੱਚ ਸਥਾਨ ਦੇ ਪੱਖੋਂ ਵੇਰਵਾ ਹੁੰਦਾ ਹੈ ਅਤੇ ਬਿਰਤਾਂਤਿਕ ਲੇਖ ਵਿੱਚ ਸਮੇਂ ਦੇ ਪੱਖੋਂ।

**(3) ਵਿਚਾਰਾਤਮਿਕ ਲੇਖ :** ਜਿਨ੍ਹਾਂ ਲੇਖਾਂ ਵਿੱਚ ਵਿਚਾਰ ਪ੍ਰਧਾਨ ਹੋਵੇ, ਉਹਨਾਂ ਨੂੰ ਵਿਚਾਰਾਤਮਿਕ ਲੇਖ ਕਹਿੰਦੇ ਹਨ। ਕਿਸੇ ਪ੍ਰਸਿੱਧ ਲੇਖਕ ਦੀ ਤੁਕ, ਅਖਾਉਤ ਜਾਂ ਕਿਸੇ ਸੂਖਮ ਵਿਸ਼ੇ ਉੱਤੇ ਲਿਖੇ ਲੇਖਾਂ ਵਿੱਚ ਵਿਚਾਰ ਪ੍ਰਧਾਨ ਹੁੰਦਾ ਹੈ। ਅਜਿਹੇ ਲੇਖਾਂ ਵਿੱਚ ਬਿਰਤਾਂਤ ਜਾਂ ਬਿਆਨ ਬਹੁਤ ਘੱਟ ਹੁੰਦਾ ਹੈ । ਵਿਆਖਿਆ, ਵਿਸ਼ਲੇਸ਼ਣ ਅਤੇ ਤਰਕ ਵਧੇਰੇ ਹੁੰਦੇ ਹਨ। ਕਦੇ-ਕਦੇ ਦ੍ਰਿਸ਼ਟਾਂਤ ਲਈ ਕੋਈ ਘਟਨਾ, ਕਥਨ ਆਦਿ ਦਿੱਤੇ ਜਾਂਦੇ ਹਨ।

**(4) ਭਾਵਾਤਮਿਕ ਲੇਖ :** ਜਿਹੜੇ ਲੇਖਾਂ ਵਿੱਚ ਭਾਵ ਜਾਂ ਜਜ਼ਬਾ ਪ੍ਰਧਾਨ ਹੋਵੇ ਉਹਨਾਂ ਲੇਖਾਂ ਨੂੰ ਭਾਵਾਤਮਿਕ ਲੇਖ ਕਿਹਾ ਜਾਂਦਾ ਹੈ। ਉਦਾਹਰਨ ਵਜੋਂ ਮਾਂ ਦੀ ਮਮਤਾ, ਬਚਪਨ, ਦੇਸ-ਪਿਆਰ, ਫੁੱਲਾਂ ਦੀ ਸੁੰਦਰਤਾ, ਪਿਆਰ ਆਦਿ ਲੇਖ ਇਸ ਵੰਨਗੀ ਦੇ ਹੋ ਸਕਦੇ ਹਨ। ਇੱਥੇ ਇਹ ਫਿਰ ਦੱਸਿਆ ਜਾਂਦਾ ਹੈ ਕਿ ਲੇਖਾਂ ਦੇ ਵਿਸ਼ਿਆਂ ਦੀ ਅਜਿਹੀ ਕੋਈ ਵੰਡ ਪੱਕੀ-ਪੀਡੀ ਨਹੀਂ ਹੈ। ਲੇਖ ਲਿਖਣ ਵਾਲ਼ੇ ਦੀ ਰੁਚੀ ਅਤੇ ਸੋਚਣੀ ਦੇ ਅਨੁਸਾਰ ਵੀ ਕਿਸੇ ਵਿਸ਼ੇ ’ਤੇ ਲਿਖਿਆ ਲੇਖ ਇੱਕ ਜਾਂ ਦੂਜੇ ਵਰਗ ਵਿੱਚ ਜਾ ਸਕਦਾ ਹੈ।

**(5) ਕਲਪਨਾਮਈ ਲੇਖ :** ਜਿਵੇਂ ਕਿ ਇਸ ਦੇ ਨਾਂ ਤੋਂ ਹੀ ਸਪਸ਼ਟ ਹੈ, ਇਸ ਪ੍ਰਕਾਰ ਦੇ ਲੇਖਾਂ ਵਿੱਚ ਕਲਪਨਾ ਪ੍ਰਧਾਨ ਹੁੰਦੀ ਹੈ। ਲੇਖਕ ਨੇ ਲੇਖ ਦੀ ਸਮਗਰੀ ਆਪਣੀ ਕਲਪਨਾ ਰਾਹੀਂ ਇਕੱਤਰ ਕਰਨੀ ਹੁੰਦੀ ਹੈ, ਜਿਵੇਂ : ‘ਜੇ ਮੈਂ ਪ੍ਰਧਾਨ ਮੰਤਰੀ ਹੋਵਾਂ’, ‘ਸੰਨ 2020 ਦਾ ਭਾਰਤ,’ ‘ਜੇ ਮੈਂ ਮੁੱਖ-ਮੰਤਰੀ ਹੋਵਾਂ,’ ‘ਜੇ ਮੇਰੀ ਲਾਟਰੀ ਨਿਕਲ਼ ਆਵੇ’ ਆਦਿ ਲੇਖ ਇਸ ਪ੍ਰਕਾਰ ਦੇ ਲੇਖਾਂ ਵਿੱਚ ਆਉਂਦੇ ਹਨ।

# ਲੇਖ ਲਿਖਣ ਦੀ ਵਿਧੀ

### ਵਿਸ਼ੇ ਬਾਰੇ ਸਪਸ਼ਟਤਾ

ਲੇਖ ਲਿਖਣ ਲਈ ਪਹਿਲਾ ਕਦਮ ਲੇਖ ਦੇ ਸਿਰਲੇਖ ਨੂੰ ਧਿਆਨ ਨਾਲ਼ ਪੜ੍ਹਨਾ ਹੈ। ਇਸ ਨੂੰ ਠੀਕ ਤਰ੍ਹਾਂ ਸਮਝਣ ਨਾਲ਼ ਪਤਾ ਲੱਗਦਾ ਹੈ ਕਿ ਲੇਖ ਵਿੱਚ ਕੀ ਕੁਝ ਦਿੱਤਾ ਜਾਣਾ ਹੈ। ਕੁਝ ਸਿਰਲੇਖ ਬਿਲਕੁਲ ਸਪਸ਼ਟ ਹੁੰਦੇ ਹਨ ਪਰ ਕਈ ਸਿਰਲੇਖ ਥੋੜ੍ਹੀ ਬੇਧਿਆਨੀ ਵਰਤਿਆਂ ਭੁਲੇਖਾ ਪਾ ਸਕਦੇ ਹਨ। ਉਦਾਹਰਨ ਦੇ ਤੌਰ 'ਤੇ 'ਵਿਸਾਖੀ' ਅਤੇ 'ਵਿਸਾਖੀ ਦਾ ਮੇਲਾ' ਸਿਰਲੇਖਾਂ ਵਿੱਚ ਬਹੁਤਾ ਅੰਤਰ ਨਹੀਂ ਜਾਪਦਾ ਪਰ ਧਿਆਨ ਨਾਲ਼ ਵੇਖਿਆਂ ਇਹ ਦੋ ਵੱਖਰੇ-ਵੱਖਰੇ ਵਿਸ਼ੇ ਹਨ। 'ਵਿਸਾਖੀ' ਦਾ ਲੇਖ ਲਿਖਣ ਵੇਲ਼ੇ ਇਸ ਤਿਉਹਾਰ ਦੇ ਮਨਾਏ ਜਾਣ ਦਾ ਸਮਾਂ, ਇਤਿਹਾਸਿਕ ਪਿਛੋਕੜ, ਮਨਾਉਣ ਦਾ ਢੰਗ ਤੇ ਮਹੱਤਤਾ, ਦੂਜੇ ਤਿਉਹਾਰਾਂ ਨਾਲ਼ ਤੁਲਨਾ ਅਤੇ ਦਲੀਲ ਨਾਲ਼ ਦਿੱਤੇ ਜਾ ਸਕਦੇ ਹਨ। 'ਵਿਸਾਖੀ ਦਾ ਮੇਲਾ' ਲੇਖ ਵਿੱਚ ਜਿੱਥੇ ਇਸ ਤਿਉਹਾਰ ਨਾਲ਼ ਸੰਬੰਧਿਤ ਕੁਝ ਚਰਚਾ ਹੋਵੇਗੀ, ਉੱਥੇ ਲੇਖ ਦਾ ਵਧੇਰੇ ਭਾਗ ਇਸ ਤਿਉਹਾਰ ਦੇ ਮੌਕੇ ਉੱਤੇ ਲੱਗੇ ਮੇਲੇ ਦਾ ਵਰਨਣ ਕਰਨ ਵਿੱਚ ਹੋਵੇਗਾ। 'ਵਿਸਾਖੀ' ਬਾਰੇ ਪਹਿਲਾ ਲੇਖ ਆਮ ਜਾਣਕਾਰੀ ਦਾ ਹੋਵੇਗਾ ਪਰ ਦੂਜਾ ਲੇਖ ਲਿਖਣ ਵਾਲ਼ੇ ਦੇ ਅਨੁਭਵ ਨਾਲ਼ ਸੰਬੰਧ ਰੱਖੇਗਾ। ਆਮ ਤੌਰ 'ਤੇ ਦੂਜਾ ਲੇਖ ਪਹਿਲੇ ਪੁਰਖ ਵਿੱਚ ਹੋਵੇਗਾ। ਇਸੇ ਤਰ੍ਹਾਂ 'ਸਵੇਰ ਦੀ ਸੈਰ' ਅਤੇ 'ਇੱਕ ਸਵੇਰ ਦੀ ਸੈਰ', 'ਮੁੱਖ ਅਧਿਆਪਕ' ਅਤੇ 'ਮੇਰੇ ਸਕੂਲ ਦਾ ਮੁੱਖ ਅਧਿਆਪਕ' ਸਿਰਲੇਖਾਂ ਵਿੱਚ ਵੀ ਓਪਰੀ ਜਾਪਦੀ ਸਾਂਝ ਦੇ ਬਾਵਜੂਦ ਬਹੁਤ ਅੰਤਰ ਹੈ।

### ਵਿਸ਼ੇ ਬਾਰੇ ਜਾਣਕਾਰੀ

ਲੇਖ ਲਿਖਣ ਲਈ ਦੂਜਾ ਕਦਮ ਦਿੱਤੇ ਸਿਰਲੇਖ ਨਾਲ਼ ਸੰਬੰਧਿਤ ਸਮਗਰੀ ਦੀ ਜਾਣਕਾਰੀ ਪ੍ਰਾਪਤ ਕਰਨਾ ਹੈ। ਕਿਸੇ ਵਿਸ਼ੇ ਉੱਤੇ ਲੇਖ ਲਿਖਣ ਲਈ ਲੁੜੀਂਦੀ ਸਮਗਰੀ ਵਿਦਿਆਰਥੀ ਨੂੰ ਹੇਠ ਲਿਖੇ ਸਾਧਨਾਂ ਤੋਂ ਪ੍ਰਾਪਤ ਹੋ ਸਕਦੀ ਹੈ—

(ੳ) ਆਪ ਪੜ੍ਹ ਕੇ
(ਅ) ਅਧਿਆਪਕ ਤੋਂ
(ੲ) ਹੋਰ ਸਾਧਨਾਂ ਤੋਂ
(ਸ) ਨਿੱਜੀ ਅਨੁਭਵ ਤੋਂ।

**(ੳ) ਆਪ ਪੜ੍ਹ ਕੇ—**ਵਿਦਿਆਰਥੀ ਨੂੰ ਗਿਆਨ ਦਾ ਵੱਡਾ ਭੰਡਾਰ ਆਪ ਪੜ੍ਹੀਆਂ ਪਾਠ-ਪੁਸਤਕਾਂ, ਪਾਠ-ਕ੍ਰਮ ਤੋਂ ਇਲਾਵਾ ਪੁਸਤਕਾਂ, ਆਮ ਗਿਆਨ ਦੀਆਂ ਪੁਸਤਕਾਂ, ਰਿਸਾਲੇ, ਅਖ਼ਬਾਰਾਂ ਆਦਿ ਤੋਂ ਮਿਲ਼ਦਾ ਹੈ। ਜਿਹੜੇ ਵਿਦਿਆਰਥੀਆਂ ਨੂੰ ਘਰੇਲੂ, ਸਕੂਲ ਜਾਂ ਕਿਸੇ ਹੋਰ ਲਾਇਬ੍ਰੇਰੀ ਵਿੱਚ ਜਾਣ ਅਤੇ ਪੁਸਤਕਾਂ, ਅਖ਼ਬਾਰਾਂ ਆਦਿ ਪੜ੍ਹਨ ਦਾ ਮੌਕਾ ਮਿਲ਼ਦਾ ਹੈ, ਉਹਨਾਂ ਨੂੰ ਕਿਸੇ ਵਿਸ਼ੇ ਉੱਤੇ ਲੇਖ ਲਿਖਣ ਲਈ ਕੋਈ ਮੁਸ਼ਕਲ ਪੇਸ਼ ਨਹੀਂ ਆਉਂਦੀ।

**(ਅ) ਅਧਿਆਪਕ ਤੋਂ—**ਅਧਿਆਪਕ ਗਿਆਨ ਦਾ ਸੋਮਾ ਹੁੰਦਾ ਹੈ। ਉਹ ਆਪਣੇ ਵਿਸ਼ਾਲ ਅਧਿਐਨ ਅਤੇ ਅਨੁਭਵ ਵਿੱਚੋਂ ਸਮੇਂ-ਸਮੇਂ 'ਤੇ ਵਿਦਿਆਰਥੀਆਂ ਨੂੰ ਕੁਝ ਨਾ ਕੁਝ ਜਾਣਕਾਰੀ ਦਿੰਦਾ ਰਹਿੰਦਾ ਹੈ। ਸਿਆਣੇ ਵਿਦਿਆਰਥੀ ਅਧਿਆਪਕ ਦਾ ਪੜ੍ਹਾਇਆ ਜਾਂ ਦੱਸਿਆ ਧਿਆਨ ਨਾਲ਼ ਸੁਣਦੇ ਅਤੇ ਵਿਚਾਰਦੇ ਹਨ ਅਤੇ ਲੋੜ ਪੈਣ 'ਤੇ ਅਧਿਆਪਕ ਤੋਂ ਨਿਰਸੰਕੋਚ ਪੁੱਛਦੇ ਵੀ ਹਨ।

**(ੲ) ਹੋਰ ਸਾਧਨਾਂ ਤੋਂ—**ਵਿਦਿਆਰਥੀ ਸਕੂਲ ਤੋਂ ਬਿਨਾਂ ਰੇਡੀਓ, ਟੈਲੀਵੀਜ਼ਨ, ਇੰਟਰਨੈੱਟ, ਜਨਤਿਕ ਸਥਾਨਾਂ ਆਦਿ ਤੋਂ ਵੱਖ-ਵੱਖ ਵਿਸ਼ਿਆਂ ਬਾਰੇ ਗਿਆਨ ਪ੍ਰਾਪਤ ਕਰ ਸਕਦਾ ਹੈ।

**(ਸ) ਨਿੱਜੀ ਅਨੁਭਵ ਤੋਂ—**ਮਨੁੱਖੀ ਜੀਵਨ ਅਤੇ ਉਸ ਦਾ ਆਲ਼ਾ-ਦੁਆਲ਼ਾ ਇੱਕ ਵਿਸ਼ਾਲ ਖੁੱਲ੍ਹੀ ਪੁਸਤਕ ਵਾਂਗ ਹੈ। ਜਿਹੜੇ ਵਿਦਿਆਰਥੀ ਆਪਣੇ ਆਲ਼ੇ-ਦੁਆਲ਼ੇ ਨੂੰ ਗਹੁ ਨਾਲ਼ ਵੇਖਦੇ ਹਨ, ਉਹ ਸੁਭਾਵਿਕ ਹੀ ਬਹੁਤ ਸਾਰੇ ਵਿਸ਼ਿਆਂ ਬਾਰੇ ਸਮਗਰੀ ਜਾਂ ਜਾਣਕਾਰੀ ਹਾਸਲ ਕਰ ਲੈਂਦੇ ਹਨ।

ਇਹਨਾਂ ਸਾਰੇ ਸੋਮਿਆਂ ਤੋਂ ਸਮੇਂ-ਸਮੇਂ ਪ੍ਰਾਪਤ ਹੁੰਦੀ ਸਮਗਰੀ ਜਾਂ ਜਾਣਕਾਰੀ ਨੂੰ ਲਿਖ ਕੇ ਜਾਂ ਹੋਰ ਕਿਸੇ ਤਰ੍ਹਾਂ ਸੰਭਾਲ਼ਨ ਦੀ ਲੋੜ ਹੁੰਦੀ ਹੈ।

ਕਿਸੇ ਵਿਸ਼ੇ 'ਤੇ ਲੇਖ ਲਿਖਣ ਲੱਗਿਆਂ ਉਸ ਵਿਸ਼ੇ ਬਾਰੇ ਪ੍ਰਾਪਤ ਸਮਗਰੀ ਜਾਂ ਜਾਣਕਾਰੀ ਨੂੰ ਵਿਓਂਤਣਾ ਲੇਖ-

ਰਚਨਾ ਦਾ ਅਗਲਾ ਪੜਾਅ ਹੈ। ਇਹ ਵਿਓਂਤ ਮਨ ਵਿੱਚ ਅਤੇ ਨੁਕਤਿਆਂ ਦੇ ਰੂਪ ਵਿੱਚ ਕਾਗ਼ਜ਼ ਉੱਤੇ ਲਿਖ ਕੇ ਹੋ ਸਕਦੀ ਹੈ।

**ਪਹਿਲਾ ਪੈਰਾ**—ਭਾਵੇਂ ਲੇਖ ਦਾ ਹਰ ਸ਼ਬਦ, ਵਾਕ ਅਤੇ ਪੈਰਾ ਮਹੱਤਵਪੂਰਨ ਹੁੰਦਾ ਹੈ ਪਰੰਤੂ ਪਹਿਲੇ ਪੈਰੇ ਦਾ ਕੁਝ ਵਧੇਰੇ ਮਹੱਤਵ ਹੈ। ਬਹੁਤੇ ਪਰੀਖਿਅਕ ਲੇਖ ਦਾ ਪਹਿਲਾ ਪੈਰਾ ਪੜ੍ਹ ਕੇ ਹੀ ਸਾਰੇ ਲੇਖ ਬਾਰੇ ਮੋਟਾ ਅਨੁਮਾਨ ਲਾ ਲੈਂਦੇ ਹਨ। ਲਿਖਣ ਵਾਲ਼ੇ ਦੀ ਦ੍ਰਿਸ਼ਟੀ ਤੋਂ ਅਰੰਭਿਕ ਪੈਰਾ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਚੰਗਾ ਅਰੰਭ ਅੱਧੀ ਸਫ਼ਲਤਾ ਮੰਨੀ ਜਾਂਦੀ ਹੈ।

ਪਹਿਲੇ ਪੈਰੇ ਵਿੱਚ ਕੀ ਕੁਝ ਦੇਣਾ ਹੈ, ਇਸ ਬਾਰੇ ਕੋਈ ਨਿਸ਼ਚਿਤ ਨਿਯਮ ਨਹੀਂ ਹਨ। ਵੱਖ-ਵੱਖ ਲੇਖਾਂ ਵਿੱਚ ਇਹ ਪੈਰਾ ਵੱਖ-ਵੱਖ ਹੁੰਦਾ ਹੈ। ਜਿੱਥੇ ਲੇਖ ਦਾ ਸਿਰਲੇਖ ਕੁਝ ਅਸਪਸ਼ਟ ਜਾਪਦਾ ਹੈ, ਉੱਥੇ ਲੇਖ ਲਿਖਣ ਵਾਲ਼ਾ ਪਹਿਲੇ ਪੈਰੇ ਵਿੱਚ ਆਪਣੀ ਸਮਝ ਅਨੁਸਾਰ ਇਸ ਸਿਰਲੇਖ ਨੂੰ ਸਪਸ਼ਟ ਕਰਨ ਦਾ ਯਤਨ ਕਰਦਾ ਹੈ।

ਕਿਸੇ ਵਿਅਕਤੀ ਦੇ ਜੀਵਨ ਸੰਬੰਧੀ ਲੇਖ ਲਿਖਣ ਸਮੇਂ ਪਹਿਲੇ ਪੈਰੇ ਵਿੱਚ ਸੰਬੰਧਿਤ ਮਹਾਂਪੁਰਖ ਦੀ ਕਰਨੀ ਦਾ ਸਾਰਾ ਪ੍ਰਭਾਵ ਕੁਝ ਸਤਰਾਂ ਵਿੱਚ ਦੱਸਿਆ ਜਾਂਦਾ ਹੈ। ਇਹ ਉਵੇਂ ਹੀ ਹੈ ਜਿਵੇਂ ਆਮ ਜੀਵਨ ਵਿੱਚ ਕਿਸੇ ਦੀ ਜਾਣ-ਪਛਾਣ ਕਰਾਉਣ ਵੇਲ਼ੇ ਪਹਿਲਾਂ ਮਨੁੱਖ ਦੀਆਂ ਇੱਕ-ਦੋ ਖ਼ਾਸ ਗੱਲਾਂ ਦੱਸੀਆਂ ਜਾਂਦੀਆਂ ਹਨ, ਜਿਵੇਂ :

ਸ: ਨਿਰਮਲ ਸਿੰਘ ਬਹੁਤ ਹੀ ਮਿਹਨਤੀ ਅਤੇ ਸਿਰੜੀ ਅਧਿਆਪਕ ਹਨ। ਉਹਨਾਂ ਦੁਆਰਾ ਪੜ੍ਹਾਏ ਵਿਦਿਆਰਥੀਆਂ ਨੇ ਵੱਖ-ਵੱਖ ਖੇਤਰਾਂ ਵਿੱਚ ਅਨੇਕਾਂ ਮੱਲਾਂ ਮਾਰੀਆਂ ਹਨ....ਆਦਿ।

ਤਿਉਹਾਰਾਂ ਅਤੇ ਮੇਲਿਆਂ ਬਾਰੇ ਲਿਖਦਿਆਂ ਲੇਖ ਦਾ ਪਹਿਲਾ ਪੈਰਾ ਅਜਿਹੀ ਕਿਸੇ ਸਤਰ ਨਾਲ਼ ਸ਼ੁਰੂ ਹੋ ਸਕਦਾ ਹੈ, ਜਿਵੇਂ—ਭਾਰਤ ਮੇਲਿਆਂ ਤੇ ਤਿਉਹਾਰਾਂ ਦਾ ਦੇਸ ਹੈ।

ਇਸ ਦਾ ਭਾਵ ਇਹ ਹੈ ਕਿ ਲੇਖ ਦਾ ਪਹਿਲਾ ਪੈਰਾ ਲੇਖ ਦਾ ਮੂੰਹ-ਮੱਥਾ ਹੁੰਦਾ ਹੈ। ਪਰੀਖਿਅਕ ਹੋਵੇ ਜਾਂ ਆਮ ਪਾਠਕ ਉਸ ਦੀ ਸਾਰਾ ਲੇਖ ਪੜ੍ਹਨ ਦੀ ਰੁਚੀ ਇਸੇ ਪੈਰੇ ਨੇ ਹੀ ਜਗਾਉਣੀ ਜਾਂ ਬੁਝਾਉਣੀ ਹੁੰਦੀ ਹੈ।

ਲੇਖ ਦੇ ਬਾਕੀ ਪੈਰੇ ਵੀ ਪੌੜੀ ਦੇ ਡੰਡਿਆਂ ਵਾਂਗ ਬਰਾਬਰ ਮਹੱਤਵਪੂਰਨ ਹੁੰਦੇ ਹਨ। ਇਹਨਾਂ ਵਿੱਚ ਕਿਸੇ ਇੱਕ ਵਿਚਾਰ, ਦਲੀਲ ਜਾਂ ਪੱਖ ਨੂੰ ਪੇਸ਼ ਕੀਤਾ ਹੁੰਦਾ ਹੈ।

## ਅੰਤਲਾ ਪੈਰਾ

ਲੇਖ ਦਾ ਅੰਤਲਾ ਪੈਰਾ ਲੇਖ ਦੀ ਸਮਾਪਤੀ ਦਾ ਸੂਚਕ ਹੁੰਦਾ ਹੈ। ਕਿਸੇ ਵਿਸ਼ੇ ਬਾਰੇ ਲਿਖੇ ਜਾਣ ਵਾਲ਼ੇ ਲੇਖ ਦੀ ਸੀਮਾ ਨਿਸ਼ਚਿਤ ਕਰਨੀ ਔਖੀ ਹੁੰਦੀ ਹੈ। ਲੇਖ ਦਾ ਆਕਾਰ ਲਿਖਣ ਵਾਲ਼ੇ ਦੀ ਸਮਰੱਥਾ, ਲੇਖ ਲਿਖਣ ਦੀ ਲੋੜ ਜਾਂ ਮਨੋਰਥ 'ਤੇ ਨਿਰਭਰ ਕਰਦਾ ਹੈ। ਲੇਖ ਦਾ ਆਕਾਰ ਪਾਠ-ਕ੍ਰਮ ਦੀ ਲੋੜ ਅਨੁਸਾਰ ਵੱਡਾ ਜਾਂ ਛੋਟਾ ਹੋ ਸਕਦਾ ਹੈ।

ਅੰਤਲੇ ਪੈਰੇ ਵਿੱਚ ਸਾਰੇ ਲੇਖ ਦਾ ਨਿਚੋੜ, ਲੇਖਕ ਦੀ ਉਸ ਵਿਸ਼ੇ ਬਾਰੇ ਨਿੱਜੀ ਰਾਏ, ਜੀਵਨ, ਸਮਾਜ ਤੇ ਦੇਸ ਲਈ ਵਿਸ਼ੇ ਦੀ ਮਹੱਤਤਾ ਆਦਿ ਨੂੰ ਸੰਕੇਤਿਕ ਰੂਪ ਵਿੱਚ ਦੇ ਕੇ ਲੇਖ ਦੀ ਸਮਾਪਤੀ ਕੀਤੀ ਜਾਂਦੀ ਹੈ।

## ਲੇਖ ਲਿਖਣ ਦਾ ਮਨੋਰਥ

ਲੇਖ ਲਿਖਣ ਦੇ ਕਈ ਮਨੋਰਥ ਹੋ ਸਕਦੇ ਹਨ। ਪਰੀਖਿਆ ਵਿੱਚ ਵਿਦਿਆਰਥੀ ਤੋਂ ਲੇਖ ਲਿਖਵਾਉਣ ਦਾ ਮਨੋਰਥ ਕਿਸੇ ਵਿਸ਼ੇ ਬਾਰੇ ਵਿਦਿਆਰਥੀ ਦੀ ਜਾਣਕਾਰੀ ਪਰਖਣ ਤੋਂ ਵੱਧ ਉਸ ਦੀ ਕਿਸੇ ਵਿਸ਼ੇ ਬਾਰੇ ਜਾਣਕਾਰੀ ਜਾਂ ਆਪਣੇ ਵਿਚਾਰਾਂ ਨੂੰ ਸੁਚੱਜੇ ਢੰਗ ਨਾਲ਼ ਪ੍ਰਗਟ ਕਰ ਸਕਣ ਦੀ ਸਮਰੱਥਾ ਨੂੰ ਪਰਖਣਾ ਹੁੰਦਾ ਹੈ।

## ਸ਼ੈਲੀ

ਕਿਸੇ ਲੇਖਕ ਦੇ ਲਿਖਣ-ਢੰਗ ਦੀਆਂ ਖ਼ੂਬੀਆਂ ਨੂੰ ਸ਼ੈਲੀ ਕਿਹਾ ਜਾਂਦਾ ਹੈ। ਚੰਗਾ ਲਿਖਣ-ਢੰਗ ਉਹ ਹੀ ਹੈ, ਜਿਸ ਵਿੱਚ ਕੋਈ ਗੱਲ ਸਰਲ ਅਤੇ ਸਮਰੱਥ ਢੰਗ ਨਾਲ਼ ਕਹੀ ਜਾਂਦੀ ਹੈ, ਨਾਲ਼ ਹੀ ਇਹ ਢੰਗ ਪ੍ਰਭਾਵਸ਼ਾਲੀ ਵੀ ਹੋਣਾ ਚਾਹੀਦਾ ਹੈ। ਲਿਖਤ ਦਾ ਪ੍ਰਭਾਵ ਵਾਕ ਵਿੱਚ ਢੁਕਵੇਂ ਸ਼ਬਦਾਂ, ਲੁੜੀਂਦੇ ਮੁਹਾਵਰਿਆਂ, ਅਖਾਉਤਾਂ ਆਦਿ ਦੀ ਸੁਚੱਜੀ ਵਰਤੋਂ ਨਾਲ਼ ਵਧਦਾ ਹੈ। ਪਰ ਇਹ ਵੀ ਤਦ ਹੀ ਪ੍ਰਭਾਵਸ਼ਾਲੀ ਹੋ ਸਕਦੇ ਹਨ ਜੇ ਵਾਕ ਵਿੱਚ ਸ਼ਬਦਾਂ ਦੀ,

ਪੈਰੇ ਵਿੱਚ ਵਾਕਾਂ ਦੀ ਅਤੇ ਲੇਖ ਵਿੱਚ ਪੈਰਿਆਂ ਦੀ ਜੜਤ ਚੰਗੀ ਹੋਵੇ। ਸਾਰੇ ਲੇਖ ਵਿੱਚ ਗੱਲ ਵਿੱਚੋਂ ਗੱਲ ਸੁਭਾਵਿਕ ਨਿਕਲ਼ਦੀ ਜਾਪੇ ਅਤੇ ਸਾਰੇ ਲੇਖ ਦਾ ਸਮੁੱਚਾ ਪ੍ਰਭਾਵ ਪਾਠਕ ਉੱਤੇ ਪਵੇ।

ਲੇਖ ਲਿਖਣ ਵੇਲ਼ੇ ਲੇਖਕ ਨੂੰ ਪੂਰੀ ਸੁਤੰਤਰਤਾ ਹੁੰਦੀ ਹੈ ਕਿ ਉਹ ਉਸ ਵਿਸ਼ੇ ਬਾਰੇ ਵਸਤੂ ਨੂੰ ਆਪਣੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰੇ। ਜੇ ਪੰਜਾਹ ਵਿਦਿਆਰਥੀ ਇੱਕੋ ਵਿਸ਼ੇ ਉੱਤੇ ਲੇਖ ਲਿਖਦੇ ਹਨ ਤਾਂ ਸੁਭਾਵਿਕ ਹੈ ਕਿ ਉਹਨਾਂ ਦੇ ਲਿਖੇ ਲੇਖਾਂ ਵਿੱਚ ਕੁਝ ਮੋਟੀਆਂ ਗੱਲਾਂ ਦੀ ਸਾਂਝ ਹੋਵੇ ਅਤੇ ਵੇਰਵਿਆਂ ਵਿੱਚ ਵਖਰੇਵਾਂ ਹੋਵੇ।

ਲੇਖ ਲਿਖਦੇ ਹੋਏ ਕੁਝ ਸਾਵਧਾਨੀਆਂ ਵਰਤਣੀਆਂ ਜ਼ਰੂਰੀ ਹਨ। ਲੇਖ ਵਿੱਚ ਵਰਤੀ ਗਈ ਭਾਸ਼ਾ ਮਿਆਰੀ ਹੋਵੇ। ਭਾਸ਼ਾ ਵਿਆਕਰਨਿਕ ਤੌਰ 'ਤੇ ਸ਼ੁੱਧ ਹੋਵੇ। ਸ਼ਬਦ-ਜੋੜ ਮਿਆਰੀ ਅਤੇ ਪ੍ਰਵਾਨਿਤ ਹੋਣ। ਲਿਖਾਈ ਪੜ੍ਹਨ ਯੋਗ ਅਤੇ ਵੇਖਣ ਨੂੰ ਸੁੰਦਰ ਜਾਪੇ। ਵਿਸਰਾਮ-ਚਿੰਨ੍ਹਾਂ ਦੇ ਪੱਖ ਤੋਂ ਵੀ ਅਣਗਹਿਲੀ ਨਾ ਵਰਤੀ ਜਾਵੇ। ਇਹ ਨਿੱਕੀਆਂ-ਨਿੱਕੀਆਂ ਗੱਲਾਂ ਲੇਖ ਦੇ ਪ੍ਰਭਾਵ ਨੂੰ ਕਾਇਮ ਰੱਖਣ ਵਿੱਚ ਮਹੱਤਵਪੂਰਨ ਹਿੱਸਾ ਪਾਉਂਦੀਆਂ ਹਨ। ਇਹਨਾਂ ਵਿੱਚੋਂ ਕਿਸੇ ਇੱਕ ਪੱਖ ਤੋਂ ਵੀ ਵਰਤੀ ਲਾਪਰਵਾਹੀ ਵਿਦਿਆਰਥੀਆਂ ਲਈ ਪਰੀਖਿਆ ਪੱਖੋਂ ਹਾਨੀਕਾਰਕ ਸਾਬਤ ਹੋ ਸਕਦੀ ਹੈ।

ਲੇਖ ਲਿਖਣ ਲਈ ਬਾਹਰੀ ਤਕਨੀਕ ਵੀ ਧਿਆਨ ਦੇਣਯੋਗ ਹੈ। ਕਾਗ਼ਜ਼ ਉੱਤੇ ਬਾਕਾਇਦਾ ਹਾਸ਼ੀਆ ਛੱਡਿਆ ਹੋਵੇ। ਲੇਖ ਪੈਰਿਆਂ ਵਿੱਚ ਵੰਡਿਆ ਹੋਵੇ। ਕਾਗ਼ਜ਼ ਉੱਤੇ ਹਰ ਪੈਰਾ ਹਾਸ਼ੀਏ ਤੋਂ ਇੱਕੋ ਵਿੱਥ ਤੋਂ ਸ਼ੁਰੂ ਹੋਇਆ ਦਿਸੇ।

ਅਗਲੇ ਪੰਨਿਆਂ ਉੱਤੇ ਕੁਝ ਵਿਸ਼ਿਆਂ ਬਾਰੇ ਲੇਖ ਲਿਖ ਕੇ ਦਿੱਤੇ ਹੋਏ ਹਨ। ਇਹ ਲੇਖ ਕੇਵਲ ਨਮੂਨੇ ਵਜੋਂ ਹਨ। ਇਹ ਜ਼ਰੂਰੀ ਨਹੀਂ ਕਿ ਜੇ ਵਿਦਿਆਰਥੀ ਵੀ ਇਹਨਾਂ ਵਿਸ਼ਿਆਂ ਉੱਤੇ ਲੇਖ ਲਿਖੇ ਤਾਂ ਉਹ ਇੰਨ-ਬਿੰਨ ਇਹਨਾਂ ਲੇਖਾਂ ਵਾਂਗ ਹੀ ਹੋਣ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਹਰ ਲਿਖਣ ਵਾਲ਼ੇ ਦਾ ਆਪਣਾ ਦ੍ਰਿਸ਼ਟੀਕੋਣ ਅਤੇ ਆਪਣੀ ਸ਼ਖ਼ਸੀਅਤ ਦਾ ਪ੍ਰਭਾਵ ਲਿਖਣ ਵਿੱਚ ਆ ਜਾਂਦਾ ਹੈ। ਇਸ ਕਾਰਨ ਵਿਦਿਆਰਥੀ ਦੁਆਰਾ ਲਿਖੇ ਲੇਖਾਂ ਦਾ ਇਹਨਾਂ ਨਮੂਨੇ ਵਜੋਂ ਦਿੱਤੇ ਲੇਖਾਂ ਨਾਲ਼ੋਂ ਸੁਭਾਵਿਕ ਹੀ ਫ਼ਰਕ ਹੋਵੇਗਾ।

## ਗੁਰੂ ਨਾਨਕ ਦੇਵ ਜੀ

ਭਾਰਤ ਰਿਸ਼ੀਆਂ, ਮੁਨੀਆਂ, ਗੁਰੂਆਂ, ਸੰਤਾਂ, ਭਗਤਾਂ ਦੀ ਧਰਤੀ ਹੈ। ਇਹਨਾਂ ਮਹਾਂਪੁਰਖਾਂ ਦਾ ਜੀਵਨ ਅਤੇ ਸਿੱਖਿਆ ਭਾਰਤਵਾਸੀਆਂ ਲਈ ਚਾਨਣ ਮੁਨਾਰੇ ਦਾ ਕੰਮ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਵੀ ਅਜਿਹੇ ਮਹਾਂਪੁਰਖਾਂ ਵਿੱਚੋਂ ਇੱਕ ਹਨ। ਉਹਨਾਂ ਨੂੰ ਸਿੱਖ ਧਰਮ ਦੇ ਮੋਢੀ ਕਰਕੇ ਜਾਣਿਆ ਜਾਂਦਾ ਹੈ। ਗੁਰੂ ਜੀ ਮਾਨਵਤਾ ਲਈ ਕਲਿਆਣਕਾਰੀ ਕਦਰਾਂ-ਕੀਮਤਾਂ—ਸਾਂਝੀਵਾਲਤਾ, ਭਾਈਚਾਰਿਕ ਏਕਤਾ ਆਦਿ ਦੇ ਪ੍ਰਚਾਰਕ ਸਨ। ਇਸ ਲਈ ਸਾਰੇ ਭਾਰਤਵਾਸੀ ਉਹਨਾਂ ਦਾ ਸਤਿਕਾਰ ਕਰਦੇ ਹਨ।

ਗੁਰੂ ਜੀ ਦਾ ਜਨਮ 1469 ਈ: ਵਿੱਚ ਰਾਇ ਭੋਇ ਦੀ ਤਲਵੰਡੀ ਵਿੱਚ ਜਿਸਨੂੰ ਨਨਕਾਣਾ ਸਾਹਿਬ ( ਹੁਣ ਪਾਕਿਸਤਾਨ ਵਿੱਚ) ਕਿਹਾ ਜਾਂਦਾ ਹੈ ਵਿਖੇ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਹੋਇਆ। ਉਹਨਾਂ ਦੇ ਪਿਤਾ ਮਹਿਤਾ ਕਾਲੂ ਜੀ ਪਿੰਡ ਦੇ ਪਟਵਾਰੀ ਸਨ।

ਉਹਨਾਂ ਦੇ ਬਚਪਨ ਬਾਰੇ ਬਹੁਤ ਸਾਰੀਆਂ ਸਾਖੀਆਂ ਪ੍ਰਚਲਿਤ ਹਨ। ਇਹਨਾਂ ਵਿੱਚ ਗੁਰੂ ਜੀ ਦਾ ਆਪਣੀ ਭੈਣ ਨਾਨਕੀ ਲਈ ਪਿਆਰ, ਮਾਤਾ ਤ੍ਰਿਪਤਾ ਜੀ ਦੀ ਮਮਤਾ, ਮਹਿਤਾ ਕਾਲੂ ਜੀ ਦਾ ਆਪਣੇ ਪੁੱਤਰ ਦੇ ਸਫ਼ਲ ਮੁਢਲੇ ਜੀਵਨ ਲਈ ਫ਼ਿਕਰ ਆਦਿ ਉਜਾਗਰ ਹੁੰਦੇ ਹਨ। ਇਹਨਾਂ ਤੋਂ ਇਲਾਵਾ ਗੁਰੂ ਜੀ ਦਾ ਗੰਭੀਰ ਸੁਭਾਅ, ਦੁਨੀਆਦਾਰੀ ਦੇ ਕੰਮਾਂ ਵੱਲੋਂ ਬੇਪਰਵਾਹੀ, ਆਪਣੇ ਮਿਸ਼ਨ ਲਈ ਲਗਨ ਅਤੇ ਰਸਮੀ ਸਿੱਖਿਆ ਗ੍ਰਹਿਣ ਕਰਨ ਦੀ ਥਾਂ ਸੱਚ ਨੂੰ ਜਾਣਨ ਦੀ ਚਾਹ ਪ੍ਰਗਟ ਹੁੰਦੀ ਹੈ। ਇਹਨਾਂ ਵਿੱਚੋਂ ਪਾਂਧੇ ਵਾਲ਼ੀ ਸਾਖੀ, ਮੱਝਾਂ ਚਾਰਨ ਵਾਲ਼ੀ ਸਾਖੀ, ਸੱਚਾ ਸੌਦਾ ਕਰਨ ਵਾਲ਼ੀ ਸਾਖੀ ਅਤੇ ਜਨੇਊ ਬਾਰੇ ਸਾਖੀਆਂ ਪ੍ਰਸਿੱਧ ਹਨ।

ਗੁਰੂ ਜੀ ਦਾ ਵਿਆਹ ਮਾਤਾ ਸੁਲੱਖਣੀ ਨਾਲ਼ ਹੋਇਆ। ਉਹਨਾਂ ਦੇ ਦੋ ਪੁੱਤਰ ਸਨ। ਗੁਰੂ ਜੀ ਨੇ ਆਪਣੀ ਜਵਾਨੀ ਵਿੱਚ ਸੁਲਤਾਨਪੁਰ ਲੋਧੀ ਵਿਖੇ ਮੋਦੀਖ਼ਾਨੇ ਵਿੱਚ ਨੌਕਰੀ ਕੀਤੀ ਪਰ ਉਹ ਆਪਣਾ ਸਮਾਂ ਇਹਨਾਂ ਸਧਾਰਨ ਕੰਮਾਂ ਵਿੱਚ ਹੀ ਨਹੀਂ ਸਨ ਲਾਉਣਾ ਚਾਹੁੰਦੇ। ਇਸ ਲਈ ਉਹਨਾਂ ਨੇ ਇਹ ਨੌਕਰੀ ਛੱਡ ਦਿੱਤੀ ਅਤੇ ਸੱਚ ਦੀ ਖੋਜ ਅਤੇ ਉਸ ਦੇ ਪ੍ਰਚਾਰ ਲਈ ਯਾਤਰਾਵਾਂ 'ਤੇ ਨਿਕਲ਼ ਤੁਰੇ। ਉਹਨਾਂ ਦੀਆਂ ਇਹਨਾਂ ਯਾਤਰਾਵਾਂ ਨੂੰ ਉਦਾਸੀਆਂ ਵੀ

ਕਿਹਾ ਜਾਂਦਾ ਹੈ। ਯਾਤਰਾਵਾਂ ਵੇਲ਼ੇ ਦੀਆਂ ਉਹਨਾਂ ਦੀਆਂ ਕਈ ਸਾਖੀਆਂ ਪ੍ਰਚਲਿਤ ਹਨ, ਜਿਵੇਂ :—ਸੱਜਣ ਠੱਗ, ਭਾਈ ਲਾਲੋ, ਕੌਡਾ ਰਾਖਸ਼, ਮੱਕੇ- ਮਦੀਨੇ ਅਤੇ ਹਰਿਦੁਆਰ ਨਾਲ਼ ਸੰਬੰਧਿਤ ਸਾਖੀਆਂ। ਇਹਨਾਂ ਤੋਂ ਗੁਰੂ ਜੀ ਦੀ ਬਹੁਪੱਖੀ ਸ਼ਖ਼ਸੀਅਤ ਦਾ ਪਤਾ ਲੱਗਦਾ ਹੈ। ਇਹਨਾਂ ਯਾਤਰਾਵਾਂ ਦੌਰਾਨ ਉਹਨਾਂ ਦਾ ਸਾਥੀ ਆਮ ਤੌਰ 'ਤੇ ਮਰਦਾਨਾ ਹੁੰਦਾ ਸੀ। ਉਹ ਹਰ ਧਰਮ ਦੇ ਕੇਂਦਰਾਂ ਉੱਤੇ ਗਏ। ਉਹਨਾਂ ਧਰਮਾਂ ਦੇ ਮੁਖੀਆਂ ਨਾਲ਼ ਵਿਚਾਰ-ਵਟਾਂਦਰਾ ਕੀਤਾ। ਉਹ ਆਪਣੀ ਮਨੋਹਰ ਸ਼ਖ਼ਸੀਅਤ, ਵਿਸ਼ਾਲ ਗਿਆਨ ਅਤੇ ਤਰਕ ਨਾਲ਼ ਲੋਕਾਂ ਨੂੰ ਕੀਲ ਲੈਂਦੇ ਸਨ। ਉਹਨਾਂ ਨੇ ਧਰਮ ਦੇ ਉਸ ਰੂਪ ਦਾ ਖੰਡਨ ਕੀਤਾ ਜਿਹੜਾ ਮਨੁੱਖਤਾ ਲਈ ਲਾਹੇਵੰਦ ਨਹੀਂ ਸੀ। ਉਹਨਾਂ ਲਈ ਮੁੱਖ ਗੱਲ ਆਮ ਮਨੁੱਖ ਅਤੇ ਉਸ ਦਾ ਭਲਾ ਸੀ। ਇਸੇ ਕਰਕੇ ਉਹ ਆਪਣੀਆਂ ਉਦਾਸੀਆਂ ਸਮੇਂ ਕਿਰਤੀ ਲੋਕਾਂ ਦੇ ਘਰਾਂ ਵਿੱਚ ਰਹਿੰਦੇ ਅਤੇ ਉਹਨਾਂ ਨੂੰ ਉਪਦੇਸ਼ ਦਿੰਦੇ। ਉਹਨਾਂ ਨੇ ਨਿਡਰ ਹੋ ਕੇ ਆਪਣੇ ਵਿਚਾਰਾਂ ਦਾ ਪ੍ਰਚਾਰ ਕੀਤਾ।

ਉਹਨਾਂ ਨੇ ਆਪਣੇ ਮੰਤਵ ਲਈ ਭਾਰਤ ਦੇ ਮੁੱਖ ਸਥਾਨਾਂ ਤੋਂ ਇਲਾਵਾ ਤਿੱਬਤ, ਲੰਕਾ, ਮੱਕਾ, ਬਗਦਾਦ, ਕੰਧਾਰ, ਕਾਬਲ, ਈਰਾਨ, ਬਲੋਚਿਸਤਾਨ ਆਦਿ ਦੀ ਯਾਤਰਾ ਕੀਤੀ। ਆਪਣੀ ਅੰਤਲੀ ਅਵਸਥਾ ਵਿੱਚ ਕਰਤਾਰਪੁਰ ਵਿਖੇ ਆ ਠਹਿਰੇ ਅਤੇ ਇੱਥੇ ਉਹਨਾਂ ਨੇ ਹੱਥੀਂ ਖੇਤੀ ਕੀਤੀ। ਇੱਥੇ ਹੀ ਉਹ ਜੋਤੀ-ਜੋਤ ਸਮਾਏ। ਇਸ ਤੋਂ ਪਹਿਲਾਂ ਉਹਨਾਂ ਨੇ ਆਪਣੇ ਇੱਕ ਸਿੱਖ ਭਾਈ ਲਹਿਣਾ ਨੂੰ ਗੁਰਗੱਦੀ ਦਿੱਤੀ ਜੋ ਉਦੋਂ ਤੋਂ ਗੁਰੂ ਅੰਗਦ ਦੇਵ ਜੀ ਦੇ ਨਾਂ ਨਾਲ਼ ਜਾਣੇ ਗਏ।

ਗੁਰੂ ਜੀ ਇੱਕ ਮਹਾਨ ਸਮਾਜ-ਸੁਧਾਰਕ ਸਨ। ਉਹਨਾਂ ਨੇ ਦੱਬੇ-ਕੁਚਲ਼ੇ ਲੋਕਾਂ ਦੇ ਹੱਕ ਵਿੱਚ ਅਵਾਜ਼ ਉਠਾਈ। ਇਸਤਰੀ ਜਾਤੀ ਨਾਲ਼ ਕੀਤੇ ਜਾ ਰਹੇ ਵਿਤਕਰੇ ਦੇ ਖ਼ਿਲਾਫ਼ ਪ੍ਰਚਾਰ ਕੀਤਾ। ਉਹਨਾਂ ਨੇ ਬਹੁਤ ਸਾਰੀ ਬਾਣੀ ਰਚੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ। ਉਹਨਾਂ ਦੀ ਬਾਣੀ ਵਿੱਚੋਂ 'ਜਪੁਜੀ ਸਾਹਿਬ' ਅਤੇ 'ਆਸਾ ਦੀ ਵਾਰ' ਹਰ ਰੋਜ਼ ਪੜ੍ਹੀਆਂ ਤੇ ਗਾਈਆਂ ਜਾਣ ਵਾਲ਼ੀਆਂ ਬਾਣੀਆਂ ਹਨ। ਜਦੋਂ ਗੁਰੂ ਜੀ ਬਾਣੀ ਉਚਾਰਦੇ ਸਨ ਤਾਂ ਭਾਈ ਮਰਦਾਨਾ ਉਹਨਾਂ ਨਾਲ਼ ਰਬਾਬ ਵਜਾਉਂਦਾ ਸੀ।

ਉਹਨਾਂ ਦੀ ਬਾਣੀ ਵਿੱਚ ਰੱਬ ਦੇ ਕ੍ਰਿਪਾਲੂ, ਦਿਆਲੂ ਰੂਪ ਨੂੰ ਦਰਸਾਇਆ ਗਿਆ ਹੈ। ਕੁਦਰਤ ਦੀ ਸੁੰਦਰਤਾ ਨੂੰ ਚਿਤਰਿਆ ਗਿਆ ਹੈ। ਉਹਨਾਂ ਦੀਆਂ ਰਚਨਾਵਾਂ ਵਿੱਚ ਉਸ ਸਮੇਂ ਪਸਰੇ ਅਨਿਆਂ, ਜ਼ੁਲਮ ਅਤੇ ਪਖੰਡ ਦਾ ਵਿਰੋਧ ਕੀਤਾ ਮਿਲ਼ਦਾ ਹੈ। ਉਹਨਾਂ ਦੀ ਬਾਣੀ ਦੀਆਂ ਕਈ ਤੁਕਾਂ ਸਭ ਦੇ ਮੂੰਹਾਂ 'ਤੇ ਚੜ੍ਹੀਆਂ ਹੋਈਆਂ ਹਨ, ਜਿਵੇਂ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ।
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥
ਜਹ ਕਰਣੀ ਤਹ ਪੂਰੀ ਮਤਿ ਕਰਣੀ ਬਾਝਹੁ ਘਟੇ ਘਟਿ ॥

ਗੁਰੂ ਜੀ ਦਾ ਉਪਦੇਸ਼ ਕਿਸੇ ਇੱਕ ਫ਼ਿਰਕੇ ਦੇ ਲੋਕਾਂ ਲਈ ਨਹੀਂ ਸੀ ਸਗੋਂ ਸਭ ਲਈ ਸਾਂਝਾ ਸੀ। ਉਹਨਾਂ ਨੇ ਮਨੁੱਖ ਅਤੇ ਮਨੁੱਖ ਵਿਚਕਾਰ ਧਰਮ, ਜਾਤ-ਪਾਤ ਜਾਂ ਕਿਸੇ ਹੋਰ ਪ੍ਰਕਾਰ ਦੇ ਵਖਰੇਵੇਂ ਦੀ ਨਿਖੇਧੀ ਕੀਤੀ। ਗੁਰੂ ਜੀ ਦੀ ਸਿੱਖਿਆ ਨੂੰ ਅੱਗੇ ਨੌਂ ਗੁਰੂ ਸਾਹਿਬਾਂ ਨੇ ਪ੍ਰਚਾਰਿਆ ਅਤੇ ਸਮਾਜ ਵਿੱਚ ਲਾਗੂ ਕਰਨ ਦਾ ਯਤਨ ਕੀਤਾ। ਉਹਨਾਂ ਦੀ ਸਿੱਖਿਆ ਅੱਜ ਵੀ ਸਾਡੀ ਅਗਵਾਈ ਕਰਦੀ ਹੈ। ਇਸ ਤੋਂ ਵੀ ਵੱਧ ਸਾਰੇ ਦੇਸ ਦੀ ਅਖੰਡਤਾ ਕਾਇਮ ਰੱਖਣ ਲਈ ਉਹਨਾਂ ਦੀ ਸਿੱਖਿਆ ਦਾ ਬੜਾ ਮਹੱਤਵ ਹੈ।

## ਰਾਬਿੰਦਰਨਾਥ ਟੈਗੋਰ

ਸਾਡੇ ਦੇਸ਼ ਦੇ ਰਾਸ਼ਟਰੀ ਗੀਤ 'ਜਨ ਗਣ ਮਨ .....' ਦੇ ਲੇਖਕ ਅਤੇ ਪ੍ਰਸਿੱਧ ਨੋਬਲ ਪੁਰਸਕਾਰ ਜੇਤੂ ਕਵੀ ਰਾਬਿੰਦਰਨਾਥ ਟੈਗੋਰ ਦਾ ਨਾਂ ਕੌਣ ਨਹੀਂ ਜਾਣਦਾ? ਉਹਨਾਂ ਦੀਆਂ ਲਿਖਤਾਂ ਸਾਰੇ ਦੇਸਵਾਸੀ ਬੜੀ ਦਿਲਚਸਪੀ ਨਾਲ਼ ਪੜ੍ਹਦੇ ਹਨ । ਇਹ ਉਹ ਅਣਖ਼ੀਲੇ ਭਾਰਤੀ ਸਨ ਜਿਨ੍ਹਾਂ ਨੇ ਜੱਲ੍ਹਿਆਂਵਾਲ਼ਾ ਬਾਗ਼ ਦੇ ਸਾਕੇ ਦੇ ਰੋਸ ਵਜੋਂ ਅੰਗਰੇਜ਼ਾਂ ਵੱਲੋਂ ਦਿੱਤਾ 'ਸਰ' ਦਾ ਖ਼ਿਤਾਬ ਵਾਪਸ ਕਰ ਦਿੱਤਾ ਸੀ।

ਟੈਗੋਰ ਦਾ ਜਨਮ 7 ਮਈ, 1861 ਈਸਵੀ ਨੂੰ ਕਲਕੱਤੇ ਦੇ ਇੱਕ ਅਮੀਰ ਪਰਿਵਾਰ ਵਿੱਚ ਹੋਇਆ। ਉਹਨਾਂ ਨੂੰ ਘਰ ਵਿੱਚ ਹੀ ਸਾਹਿਤਿਕ ਅਤੇ ਕਲਾਮਈ ਵਾਤਾਵਰਨ ਪ੍ਰਾਪਤ ਹੋਇਆ। ਉਹ ਅਜ਼ਾਦ ਸੁਭਾਅ ਵਾਲ਼ੇ ਬੱਚੇ ਸਨ ਇਸ ਲਈ ਖੁੱਲ੍ਹੀਆਂ ਤੇ ਕੁਦਰਤੀ ਦ੍ਰਿਸ਼ਾਂ ਵਾਲ਼ੀਆਂ ਥਾਂਵਾਂ ਪਸੰਦ ਕਰਦੇ ਸਨ। ਉਹਨਾਂ ਆਪਣੇ ਜੀਵਨ ਵਿੱਚ

ਮਨਮੋਹਣੇ ਪ੍ਰਕਿਰਤਿਕ ਸਥਾਨਾਂ ਦੀ ਯਾਤਰਾ ਕੀਤੀ। ਉਹ ਅੰਮ੍ਰਿਤਸਰ ਵੀ ਆਏ ਅਤੇ ਹਰਿਮੰਦਰ ਸਾਹਿਬ ਦੇ ਵਾਤਾਵਰਨ ਤੋਂ ਬਹੁਤ ਪ੍ਰਭਾਵਿਤ ਹੋਏ।

ਉਹਨਾਂ ਨੇ ਮੁਢਲੀ ਵਿੱਦਿਆ ਵਧੇਰੇ ਕਰਕੇ ਘਰ ਵਿੱਚ ਹੀ ਅਧਿਆਪਕਾਂ ਰਾਹੀਂ ਪ੍ਰਾਪਤ ਕੀਤੀ। ਸਤਾਰਾਂ ਸਾਲ ਦੀ ਉਮਰ ਵਿੱਚ ਉਹ ਉਚੇਰੀ ਵਿੱਦਿਆ ਲਈ ਇੰਗਲੈਂਡ ਗਏ। ਉਹਨਾਂ ਦਾ ਵਧੇਰੇ ਝੁਕਾਅ ਸਾਹਿਤ ਅਤੇ ਕਲਾ ਵੱਲ ਸੀ ਜਿਸ ਕਰਕੇ ਉਹਨਾਂ ਨੇ ਆਪਣੀ ਇਹ ਪੜ੍ਹਾਈ ਵਿੱਚੇ ਹੀ ਛੱਡ ਦਿੱਤੀ।

ਟੈਗੋਰ ਨੇ ਛੋਟੀ ਉਮਰ ਵਿੱਚ ਹੀ ਸਾਹਿਤ-ਰਚਨਾ ਸ਼ੁਰੂ ਕਰ ਦਿੱਤੀ ਸੀ। ਉਹਨਾਂ ਨੇ ਆਪਣੀ ਮਾਂ-ਬੋਲੀ ਬੰਗਲਾ ਵਿੱਚ ਸਾਹਿਤ ਦੇ ਹਰ ਰੂਪ—ਕਵਿਤਾ, ਨਾਵਲ, ਨਾਟਕ, ਇਕਾਂਗੀ, ਕਹਾਣੀ ਅਤੇ ਨਿਬੰਧ ਵਿੱਚ ਰਚਨਾ ਕੀਤੀ ਪਰ ਉਹਨਾਂ ਨੂੰ ਵਧੇਰੇ ਪ੍ਰਸਿੱਧੀ ਕਵੀ ਦੇ ਤੌਰ 'ਤੇ ਮਿਲੀ। ਉਹਨਾਂ ਦੇ ਕਾਵਿ-ਸੰਗ੍ਰਹਿ "ਗੀਤਾਂਜਲੀ" ਨੂੰ 1913 ਈ: ਵਿੱਚ ਸੰਸਾਰ-ਪ੍ਰਸਿੱਧ ਨੋਬਲ ਪੁਰਸਕਾਰ ਮਿਲ਼ਿਆ। ਇਸ ਨਾਲ਼ ਉਹਨਾਂ ਦਾ ਨਾਂ ਸਾਰੇ ਸੰਸਾਰ ਵਿੱਚ ਪ੍ਰਸਿੱਧ ਹੋਇਆ ਅਤੇ ਭਾਰਤ ਮਾਂ ਦਾ ਸਿਰ ਵੀ ਉੱਚਾ ਹੋਇਆ। ਉਹਨਾਂ ਦੇ ਗੀਤ ਬਹੁਤ ਹਰਮਨ-ਪਿਆਰੇ ਹੋਏ। ਉਹਨਾਂ ਨੇ ਬੱਚਿਆਂ ਲਈ ਵੀ ਸਾਹਿਤ-ਰਚਨਾ ਕੀਤੀ। ਉਹਨਾਂ ਦੀਆਂ ਕੁਝ ਕਹਾਣੀਆਂ ਅਤੇ ਕਵਿਤਾਵਾਂ ਵਿਦਿਆਰਥੀ ਆਪਣੀਆਂ ਪਾਠ-ਪੁਸਤਕਾਂ ਵਿੱਚ ਵੀ ਪੜ੍ਹਦੇ ਹਨ। ਉਹਨਾਂ ਦੀ ਜਗਤ-ਪ੍ਰਸਿੱਧ ਕਹਾਣੀ 'ਕਾਬਲੀਵਾਲ਼ਾ' ਉੱਪਰ ਫ਼ਿਲਮ ਵੀ ਬਣ ਚੁੱਕੀ ਹੈ। ਉਹਨਾਂ ਨੇ ਕਈ ਦਰਜਨ ਗ੍ਰੰਥਾਂ ਦੀ ਰਚਨਾ ਕੀਤੀ। ਉਹਨਾਂ ਦੀਆਂ ਕੁਝ ਮੁੱਖ ਰਚਨਾਵਾਂ ਹਨ :

ਗੀਤਾਂਜਲੀ (ਕਾਵਿ-ਸੰਗ੍ਰਹਿ), ਗੋਰਾ (ਨਾਵਲ), ਡਾਕਘਰ (ਨਾਟਕ) ਆਦਿ।

ਟੈਗੋਰ ਦੀ ਸਾਹਿਤ ਤੋਂ ਬਿਨਾਂ ਹੋਰ ਕਲਾਵਾਂ ਵਿੱਚ ਵੀ ਰੁਚੀ ਸੀ। ਉਹਨਾਂ ਦੇ ਬਣਾਏ ਚਿੱਤਰ, ਚਿੱਤਰ-ਕਲਾ ਦੇ ਖੇਤਰ ਵਿੱਚ ਖ਼ਾਸ ਸਥਾਨ ਰੱਖਦੇ ਹਨ। ਸੰਗੀਤ ਵਿੱਚ ਉਹਨਾਂ ਦੀਆਂ ਬਣਾਈਆਂ ਧੁਨਾਂ 'ਰਾਬਿੰਦਰ ਸੰਗੀਤ' ਵਜੋਂ ਪ੍ਰਸਿੱਧ ਹਨ।

ਰਾਬਿੰਦਰਨਾਥ ਟੈਗੋਰ ਦੀ ਸਿੱਖਿਆ ਦੇ ਖੇਤਰ ਵਿੱਚ ਵੀ ਵਿਸ਼ੇਸ਼ ਥਾਂ ਹੈ। ਬਚਪਨ ਤੋਂ ਹੀ ਉਹ ਆਪਣੇ ਸਮੇਂ ਦੀ ਸਕੂਲ-ਸਿੱਖਿਆ ਤੇ ਢੰਗ ਤੋਂ ਸੰਤੁਸ਼ਟ ਨਹੀਂ ਸਨ। ਸਿੱਖਿਆ ਬਾਰੇ ਉਹਨਾਂ ਦੇ ਮਨ ਵਿੱਚ ਜਿਹੜਾ ਸੁਪਨਾ ਬਣਿਆ ਹੋਇਆ ਸੀ ਉਹ ਉਹਨਾਂ ਨੇ 1901 ਈ: ਵਿੱਚ ਸ਼ਾਂਤੀਨਿਕੇਤਨ ਨਾਂ ਦਾ ਸਕੂਲ ਸਥਾਪਿਤ ਕਰਕੇ ਪੂਰਾ ਕੀਤਾ। ਇਸ ਸਕੂਲ ਦੀਆਂ ਖ਼ਾਸ ਗੱਲਾਂ ਵਿੱਚੋਂ ਮਾਂ-ਬੋਲੀ ਵਿੱਚ ਪੜ੍ਹਾਈ, ਪਾਠ-ਕ੍ਰਮ ਵਿੱਚ ਵੱਖ-ਵੱਖ ਕਲਾਵਾਂ ਨੂੰ ਵਿਸ਼ੇਸ਼ ਥਾਂ ਅਤੇ ਕੁਦਰਤ ਦੇ ਸੁਹਜ ਵਿੱਚ ਜਿਊਂਣਾ ਸ਼ਾਮਲ ਸਨ। ਅੱਜ-ਕੱਲ੍ਹ ਸ਼ਾਂਤੀਨਿਕੇਤਨ ਵਿਸ਼ਵ-ਵਿਦਿਆਲਾ ਹੈ।

ਟੈਗੋਰ ਦੇ ਹਿਰਦੇ ਵਿੱਚ ਆਪਣੀ ਮਾਂ-ਬੋਲੀ ਲਈ ਬੜਾ ਪਿਆਰ ਸੀ। ਉਹ ਹੋਰ ਪ੍ਰਾਂਤਾਂ ਦੇ ਲੇਖਕਾਂ ਨੂੰ ਵੀ ਆਪੋ-ਆਪਣੀ ਮਾਂ-ਬੋਲੀ ਵਿੱਚ ਲਿਖਣ ਲਈ ਪ੍ਰੇਰਦੇ ਸਨ। ਪ੍ਰਸਿੱਧ ਅਭਿਨੇਤਾ ਤੇ ਲੇਖਕ ਬਲਰਾਜ ਸਾਹਨੀ ਅਤੇ ਨਾਟਕਕਾਰ ਬਲਵੰਤ ਗਾਰਗੀ ਨੂੰ ਆਪਣੀ ਮਾਂ-ਬੋਲੀ ਪੰਜਾਬੀ ਵਿੱਚ ਲਿਖਣ ਲਈ ਉਹਨਾਂ ਨੇ ਉਤਸ਼ਾਹਿਤ ਕੀਤਾ। ਉਹਨਾਂ ਦਾ ਪੱਕਾ ਵਿਸ਼ਵਾਸ ਸੀ ਕਿ ਮਾਂ-ਬੋਲੀ ਵਿੱਚ ਦਿੱਤੀ ਸਿੱਖਿਆ ਹੀ ਸਭ ਤੋਂ ਵੱਧ ਅਸਰਦਾਰ ਹੁੰਦੀ ਹੈ।

ਉਹਨਾਂ ਦੀ ਮਹਾਨਤਾ ਅੱਗੇ ਅੰਗਰੇਜ਼ ਸਰਕਾਰ ਵੀ ਸਿਰ ਝੁਕਾਉਂਦੀ ਸੀ। ਸਰਕਾਰ ਵੱਲੋਂ ਉਹਨਾਂ ਨੂੰ 'ਸਰ' ਦਾ ਖ਼ਿਤਾਬ ਦਿੱਤਾ ਗਿਆ ਸੀ। ਪਰ ਉਹਨਾਂ ਲਈ ਕੋਈ ਵੀ ਸਨਮਾਨ ਆਪਣੇ ਪਿਆਰੇ ਭਾਰਤ ਦੀ ਅਣਖ ਕਾਇਮ ਰੱਖਣ ਨਾਲ਼ੋਂ ਵੱਡਾ ਨਹੀਂ ਸੀ। ਜਦੋਂ 13 ਅਪ੍ਰੈਲ, 1919 ਦੇ ਵਿਸਾਖੀ ਵਾਲ਼ੇ ਦਿਨ ਅੰਮ੍ਰਿਤਸਰ ਵਿਖੇ ਜੱਲ੍ਹਿਆਂਵਾਲ਼ੇ ਬਾਗ਼ ਵਿੱਚ ਅੰਗਰੇਜ਼ਾਂ ਵੱਲੋਂ ਨਿਹੱਥੇ ਭਾਰਤੀਆਂ ਉੱਤੇ ਗੋਲ਼ੀ ਚਲਾਈ ਗਈ ਤਾਂ ਇਸ ਖ਼ੂਨੀ ਸਾਕੇ ਨੂੰ ਸੁਣ ਕੇ ਉਹਨਾਂ ਦੀ ਰੂਹ ਕੰਬ ਉੱਠੀ। ਉਹਨਾਂ ਨੂੰ ਅਜਿਹੀ ਜ਼ਾਲਮ ਸਰਕਾਰ ਵੱਲੋਂ ਦਿੱਤਾ 'ਸਰ' ਦਾ ਸਨਮਾਨ ਇੱਕ ਬੋਝ ਜਾਪਣ ਲੱਗ ਪਿਆ। ਇਸ ਲਈ ਉਹਨਾਂ ਨੇ ਇਹ ਖ਼ਿਤਾਬ ਰੋਸ ਵਜੋਂ ਵਾਪਸ ਕਰ ਦਿੱਤਾ।

ਰਾਬਿੰਦਰਨਾਥ ਟੈਗੋਰ ਨੇ ਕਦੇ ਵੀ ਸਰਗਰਮ ਰਾਜਨੀਤੀ ਵਿੱਚ ਭਾਗ ਨਹੀਂ ਲਿਆ ਪਰ ਭਾਰਤ ਦੇ ਮਹਾਨ ਨੇਤਾ ਉਹਨਾਂ ਦਾ ਬਹੁਤ ਸਨਮਾਨ ਕਰਦੇ ਸਨ । ਮਹਾਤਮਾ ਗਾਂਧੀ ਤਾਂ ਉਹਨਾਂ ਨੂੰ ਸਤਿਕਾਰ ਨਾਲ਼ 'ਗੁਰੂਦੇਵ' ਕਹਿੰਦੇ ਸਨ। ਰਾਬਿੰਦਰਨਾਥ ਟੈਗੋਰ ਦਾ ਸੰਨ 1941 ਵਿੱਚ ਦਿਹਾਂਤ ਹੋ ਗਿਆ।

ਸਮੁੱਚੇ ਤੌਰ 'ਤੇ ਟੈਗੋਰ ਇੱਕ ਮਹਾਨ ਸਾਹਿਤਕਾਰ ਸਨ। ਉਹਨਾਂ ਨੇ ਆਪਣੀ ਬਹੁਤੀ ਰਚਨਾ ਆਪਣੀ ਮਾਂ-ਬੋਲੀ ਬੰਗਲਾ ਵਿੱਚ ਕੀਤੀ। ਉਹਨਾਂ ਦੀਆਂ ਰਚਨਾਵਾਂ ਉਚੇਰੀਆਂ ਮਾਨਵੀ ਕਦਰਾਂ-ਕੀਮਤਾਂ ਕਾਰਨ ਸੰਸਾਰ-ਸਾਹਿਤ ਦਾ ਮਹੱਤਵਪੂਰਨ ਅੰਗ ਬਣ ਗਈਆਂ ਹਨ। ਉਹਨਾਂ ਨੇ ਮਨੁੱਖ ਨੂੰ ਜਾਤ-ਪਾਤ, ਰੰਗ, ਨਸਲ ਆਦਿ ਦੇ ਵਿਤਕਰਿਆਂ

ਤੋਂ ਉੱਚਾ ਉੱਠਣ ਦੀ ਪ੍ਰੇਰਨਾ ਦਿੱਤੀ। ਉਹਨਾਂ ਦੀਆਂ ਰਚਨਾਵਾਂ ਵਿੱਚ ਅਜ਼ਾਦੀ ਲਈ ਲੜਦੇ ਭਾਰਤੀਆਂ ਦੀਆਂ ਭਾਵਨਾਵਾਂ, ਕੌਮੀ ਏਕਤਾ ਤੇ ਵਿਸ਼ਵ-ਏਕਤਾ ਦੇ ਭਾਵ ਇਕਸੁਰ ਹੋਏ ਹਨ।

ਉਹ ਏਨੇ ਹਰਮਨ-ਪਿਆਰੇ ਸਾਹਿਤਕਾਰ ਸਨ ਕਿ ਉਹਨਾਂ ਦੀ ਖੁੱਲ੍ਹੀ ਦਾੜ੍ਹੀ ਵਾਲ਼ੀ ਸੁੰਦਰ ਤਸਵੀਰ ਲਗ-ਪਗ ਹਰ ਭਾਰਤੀ ਘਰ ਵਿੱਚ ਮਿਲ਼ ਜਾਂਦੀ ਹੈ।

# ਡਾ. ਭੀਮ ਰਾਓ ਅੰਬੇਦਕਰ

ਡਾ. ਭੀਮ ਰਾਓ ਅੰਬੇਦਕਰ ਵਿਦਵਾਨ, ਫ਼ਿਲਾਸਫ਼ਰ, ਕਨੂੰਨਦਾਨ ਅਤੇ ਦੇਸ ਨੂੰ ਪਿਆਰ ਕਰਨ ਵਾਲ਼ੇ ਇਨਸਾਨ ਸਨ। ਆਪ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਵਿਸ਼ਿਆਂ ਬਾਰੇ ਡੂੰਘੀ ਸੋਝੀ ਰੱਖਦੇ ਸਨ। ਆਪ ਨੇ ਸਮਾਜ ਵਿੱਚੋਂ ਅਨਪੜ੍ਹਤਾ, ਅੰਧ-ਵਿਸ਼ਵਾਸ ਅਤੇ ਛੂਤ-ਛਾਤ ਨੂੰ ਖ਼ਤਮ ਕਰਨ ਲਈ ਵਿਸ਼ੇਸ਼ ਯਤਨ ਕੀਤੇ। ਡਾ. ਭੀਮ ਰਾਓ ਅੰਬੇਦਕਰ ਨੂੰ ਭਾਰਤੀ ਸੰਵਿਧਾਨ ਦੇ ਨਿਰਮਾਤਾ ਕਿਹਾ ਜਾਂਦਾ ਹੈ। ਭਾਰਤ ਦੇ ਲੋਕ ਆਪ ਨੂੰ 'ਬਾਬਾ ਸਾਹਿਬ' ਕਹਿ ਕੇ ਯਾਦ ਕਰਦੇ ਹਨ। ਆਪ ਦਲਿਤ ਵਰਗ ਦੇ ਮਸੀਹਾ ਸਨ। ਡਾ. ਭੀਮ ਰਾਓ ਅੰਬੇਦਕਰ ਦੀ ਜਨਮ-ਸ਼ਤਾਬਦੀ ਮੌਕੇ ਭਾਰਤ ਸਰਕਾਰ ਵੱਲੋਂ ਉਹਨਾਂ ਨੂੰ 'ਭਾਰਤ ਰਤਨ' ਦੀ ਉਪਾਧੀ ਨਾਲ਼ ਸਨਮਾਨਿਤ ਕੀਤਾ ਗਿਆ।

ਡਾ. ਭੀਮ ਰਾਓ ਅੰਬੇਦਕਰ ਦਾ ਜਨਮ 14 ਅਪ੍ਰੈਲ, 1891 ਈਃ ਨੂੰ ਬੜੌਦਾ ਰਿਆਸਤ ਦੀ ਛਾਉਣੀ ਮਹੂ (ਮੱਧ ਪ੍ਰਦੇਸ਼) ਵਿੱਚ ਸੂਬੇਦਾਰ ਰਾਮ ਜੀ ਦਾਸ ਦੇ ਘਰ, ਮਾਤਾ ਭੀਮਾ ਬਾਈ ਜੀ ਦੀ ਕੁੱਖੋਂ ਹੋਇਆ। ਉਹਨਾਂ ਦਾ ਜੱਦੀ ਪਿੰਡ 'ਮਹਾਂਰਾਸ਼ਟਰ' ਰਾਜ ਵਿੱਚ 'ਅੰਬਾਵਡੇ' ਸੀ। ਆਪ ਅਜੇ ਤਿੰਨ ਕੁ ਸਾਲ ਦੇ ਸਨ ਕਿ ਆਪ ਦੇ ਪਿਤਾ ਨੇ ਫ਼ੌਜ ਦੀ ਨੌਕਰੀ ਵਿੱਚੋਂ ਪੈੱਨਸ਼ਨ ਲੈ ਲਈ ਅਤੇ ਕਸਬਾ ਸਤਾਰਾ ਵਿੱਚ ਰਹਿਣ ਲੱਗੇ। ਇੱਥੇ ਹੀ ਮੁਢਲੀ ਵਿੱਦਿਆ ਪ੍ਰਾਪਤ ਕਰਨ ਲਈ ਡਾ. ਭੀਮ ਰਾਓ ਅੰਬੇਦਕਰ ਨੂੰ ਸਕੂਲ ਵਿੱਚ ਦਾਖ਼ਲ ਕਰਵਾਇਆ ਗਿਆ। ਛੋਟੀ ਉਮਰ ਵਿੱਚ ਹੀ ਆਪ ਦੇ ਮਾਤਾ ਜੀ ਦਾ ਦਿਹਾਂਤ ਹੋ ਗਿਆ। ਮਾਂ ਦੀ ਮੌਤ ਤੋਂ ਬਾਅਦ ਡਾ. ਅੰਬੇਦਕਰ ਬਹੁਤ ਉਦਾਸ ਰਹਿਣ ਲੱਗੇ। ਪੜ੍ਹਾਈ ਵਿੱਚ ਵੀ ਉਹਨਾਂ ਦਾ ਮਨ ਨਾ ਲੱਗਦਾ। ਆਪ ਦੇ ਵੱਡੇ ਭਰਾ ਅਨੰਦ ਰਾਓ ਨੇ ਇੱਕ ਦਿਨ ਆਪ ਨੂੰ ਸਮਝਾਇਆ ਕਿ ਮਾਤਾ ਜੀ ਭੀਮ ਰਾਓ ਨੂੰ ਵੱਡਾ ਅਫ਼ਸਰ ਬਣਾਉਣਾ ਚਾਹੁੰਦੇ ਸਨ। ਉਸ ਦਿਨ ਤੋਂ ਆਪ ਨੇ ਪੂਰੀ ਮਿਹਨਤ ਅਤੇ ਲਗਨ ਨਾਲ਼ ਪੜ੍ਹਾਈ ਕਰਨੀ ਸ਼ੁਰੂ ਕਰ ਦਿੱਤੀ। ਸਤਾਰਾਂ ਸਾਲ ਦੀ ਉਮਰ ਵਿੱਚ ਆਪ ਜੀ ਦਾ ਵਿਆਹ ਰਾਮਾ ਬਾਈ ਨਾਲ਼ ਹੋਇਆ। ਆਪ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਂ ਜਸਵੰਤ ਰਾਓ ਰੱਖਿਆ ਗਿਆ।

1907 ਈਃ ਵਿੱਚ ਡਾ. ਅੰਬੇਦਕਰ ਨੇ ਦਸਵੀਂ ਜਮਾਤ ਪਾਸ ਕੀਤੀ। ਉਹਨਾਂ ਦਿਨਾਂ ਵਿੱਚ ਮਹਾਂਰਾਸ਼ਟਰ ਵਿੱਚ ਛੂਤ-ਛਾਤ ਦਾ ਬਹੁਤ ਬੋਲ-ਬਾਲਾ ਸੀ। ਸਕੂਲਾਂ ਵਿੱਚ ਵੀ ਦਲਿਤ ਵਿਦਿਆਰਥੀਆਂ ਨੂੰ ਨਫ਼ਰਤ ਕੀਤੀ ਜਾਂਦੀ ਸੀ। ਉਹਨਾਂ ਨੂੰ ਦੂਜੇ ਵਿਦਿਆਰਥੀਆਂ ਨਾਲ਼ ਬੈਠਣ ਅਤੇ ਖੇਡਣ ਦੀ ਆਗਿਆ ਨਹੀਂ ਸੀ। ਇੱਕ ਵਾਰ ਅਧਿਆਪਕ ਨੇ ਭੀਮ ਰਾਓ ਨੂੰ ਬਲੈਕ-ਬੋਰਡ ਉੱਤੇ ਸਵਾਲ ਹੱਲ ਕਰਨ ਲਈ ਕਿਹਾ ਤਾਂ ਜਮਾਤ ਦੇ ਬਾਕੀ ਮੁੰਡਿਆਂ ਨੇ ਰੌਲ਼ਾ ਪਾ ਦਿੱਤਾ, "ਸਾਨੂੰ ਆਪਣੇ ਰੋਟੀ ਵਾਲ਼ੇ ਡੱਬੇ ਚੁੱਕ ਲੈਣ ਦਿਓ।" ਇਸ ਘਟਨਾ ਨੇ ਭੀਮ ਰਾਓ ਦੇ ਬਾਲ-ਮਨ ਨੂੰ ਝੰਜੋੜ ਕੇ ਰੱਖ ਦਿੱਤਾ। ਛੂਤ-ਛਾਤ ਪ੍ਰਤਿ ਵਿਦਰੋਹ ਦੀ ਭਾਵਨਾ ਆਪ ਦੇ ਮਨ ਵਿੱਚ ਹੋਰ ਵੀ ਪ੍ਰਬਲ ਹੋ ਗਈ।

ਕਾਲਜ ਦੀ ਸਿੱਖਿਆ ਡਾ. ਅੰਬੇਦਕਰ ਨੇ ਮੁੰਬਈ ਦੇ ਐਲਫਿੰਸਟਨ ਕਾਲਜ ਤੋਂ ਪ੍ਰਾਪਤ ਕੀਤੀ। ਬੜੌਦਾ ਰਿਆਸਤ ਦੇ ਮਹਾਰਾਜਾ ਗਾਇਕਵਾੜ ਨੇ ਆਪ ਦੀ ਵਿਲੱਖਣ ਪ੍ਰਤਿਭਾ ਨੂੰ ਪਛਾਣਿਆ ਅਤੇ ਪੜ੍ਹਾਈ ਲਈ ਵਜ਼ੀਫ਼ਾ ਲਾ ਦਿੱਤਾ। 1912 ਈਸਵੀ ਵਿੱਚ ਆਪ ਨੇ ਬੀ.ਏ. ਪਾਸ ਕਰ ਲਈ। 1913 ਈਃ ਵਿੱਚ ਬੜੌਦਾ ਦੇ ਮਹਾਰਾਜਾ ਵੱਲੋਂ ਰਿਆਸਤ ਦੇ ਕੁਝ ਵਿਦਿਆਰਥੀਆਂ ਨੂੰ ਉੱਚ-ਵਿੱਦਿਆ ਲਈ ਅਮਰੀਕਾ ਭੇਜਣ ਦਾ ਐਲਾਨ ਕੀਤਾ ਗਿਆ। ਇਹਨਾਂ ਵਿਦਿਆਰਥੀਆਂ ਵਿੱਚ ਡਾ. ਅੰਬੇਦਕਰ ਨੂੰ ਵੀ ਚੁਣਿਆ ਗਿਆ। ਉਹਨਾਂ ਨੇ ਕੋਲੰਬੀਆ ਯੂਨੀਵਰਸਿਟੀ, ਅਮਰੀਕਾ ਤੋਂ ਅਰਥ-ਸ਼ਾਸਤਰ ਦੀ ਐਮ. ਏ. ਪਾਸ ਕੀਤੀ। 1916 ਈਃ ਵਿੱਚ ਉਹਨਾਂ ਨੇ ਇੱਥੋਂ ਹੀ ਪੀ-ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ। 1922 ਈਃ ਵਿੱਚ ਡਾ. ਅੰਬੇਦਕਰ ਨੇ ਲੰਡਨ ਯੂਨੀਵਰਸਿਟੀ ਤੋਂ ਪੀ-ਐਚ. ਡੀ. ਦੀ ਦੂਜੀ ਡਿਗਰੀ ਪ੍ਰਾਪਤ ਕੀਤੀ। ਆਪ ਨੇ ਕੁਝ ਸਮਾਂ ਬੜੌਦਾ ਰਿਆਸਤ ਦੀ ਫ਼ੌਜ ਵਿੱਚ 'ਮਿਲਟਰੀ ਸਕੱਤਰ' ਵਜੋਂ ਨੌਕਰੀ ਕੀਤੀ ਪਰ ਇੱਥੇ ਵੀ ਜਾਤ-ਪਾਤ ਅਤੇ ਛੂਤ-ਛਾਤ ਦਾ ਬੋਲ-ਬਾਲਾ ਹੋਣ ਕਾਰਨ ਆਪ ਇੱਥੇ ਬਹੁਤੀ ਦੇਰ ਟਿਕ ਨਾ ਸਕੇ।

ਡਾ. ਭੀਮ ਰਾਓ ਅੰਬੇਦਕਰ ਲੋਕ-ਤੰਤਰੀ ਪ੍ਰਨਾਲ਼ੀ ਦੇ ਸਮਰਥਕ ਸਨ। ਆਪ ਦਾ ਵਿਚਾਰ ਸੀ ਕਿ ਭਾਰਤ ਦੀਆਂ ਸਮੱਸਿਆਵਾਂ ਇਸੇ ਸ਼ਾਸਨ-ਪ੍ਰਬੰਧ ਰਾਹੀਂ ਹੱਲ ਕੀਤੀਆਂ ਜਾ ਸਕਦੀਆਂ ਹਨ। ਆਪ ਦਾ ਵਿਚਾਰ ਸੀ ਕਿ ਸਮਾਜ ਵਿੱਚ ਫੈਲੀ ਜਾਤ-ਪਾਤ ਅਤੇ ਛੂਤ-ਛਾਤ ਦੀ ਬਿਮਾਰੀ ਦੂਰ ਕਰਨ ਲਈ ਸਿੱਖਿਆ ਦਾ ਪਸਾਰ, ਸ਼ਹਿਰੀਕਰਨ ਅਤੇ ਉਦਯੋਗੀਕਰਨ ਬਹੁਤ ਜ਼ਰੂਰੀ ਹੈ। ਆਪ ਨੇ ਸਮਾਜ ਵਿੱਚ ਵਿੱਦਿਆ ਦੀ ਰੋਸ਼ਨੀ ਫੈਲਾਉਣ ਲਈ 'ਪੀਪਲਜ਼ ਐਜੂਕੇਸ਼ਨਲ ਸੁਸਾਇਟੀ' ਬਣਾਈ। ਗ਼ਰੀਬ ਬੱਚਿਆਂ ਦੀ ਪੜ੍ਹਾਈ ਵਿੱਚ ਮਦਦ ਕਰਨਾ ਇਸ ਸੁਸਾਇਟੀ ਦਾ ਮੁੱਖ ਉਦੇਸ਼ ਸੀ। ਸਮਾਜ ਵਿੱਚ ਜਾਗਰੂਕਤਾ ਫੈਲਾਉਣ ਦੇ ਉਦੇਸ਼ ਲਈ ਆਪ ਨੇ 'ਮੂਕ ਨਾਇਕ' ਅਤੇ 'ਬਹਿਸ਼ਕ੍ਰਿਤ ਭਾਰਤ' ਨਾਂ ਦੇ ਹਫ਼ਤਾਵਾਰ ਅਖ਼ਬਾਰ ਵੀ ਕੱਢੇ।

ਅਜ਼ਾਦੀ ਤੋਂ ਬਾਅਦ ਆਪ ਨੂੰ ਦੇਸ ਦੇ ਕਨੂੰਨ-ਮੰਤਰੀ ਬਣਾਇਆ ਗਿਆ ਅਤੇ ਫਿਰ ਅਜ਼ਾਦ ਭਾਰਤ ਦਾ ਸੰਵਿਧਾਨ ਤਿਆਰ ਕਰਨ ਵਾਲ਼ੀ ਕਮੇਟੀ ਦੇ ਚੇਅਰਮੈਨ ਬਣਾਇਆ ਗਿਆ। ਆਪ ਨੇ ਬਹੁਤ ਮਿਹਨਤ ਅਤੇ ਲਗਨ ਨਾਲ਼ ਇਸ ਕੰਮ ਨੂੰ ਨੇਪਰੇ ਚਾੜ੍ਹਿਆ। ਡਾ. ਅੰਬੇਦਕਰ ਦੀ ਨਿਗਰਾਨੀ ਹੇਠ ਤਿਆਰ ਹੋਇਆ ਭਾਰਤ ਦਾ ਸੰਵਿਧਾਨ ਲੋਕ-ਤੰਤਰਿਕ ਅਤੇ ਧਰਮ-ਨਿਰਪੱਖ ਹੈ। ਇਸ ਵਿੱਚ ਭਾਰਤ ਦੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਸੰਪੂਰਨ ਸੁਰੱਖਿਆ ਦਿੱਤੀ ਗਈ ਹੈ। ਸੰਵਿਧਾਨ ਦਾ ਇਹ ਖਰੜਾ 29 ਨਵੰਬਰ, 1949 ਈ: ਨੂੰ ਪਾਸ ਹੋ ਗਿਆ। 26 ਜਨਵਰੀ, 1950 ਈ: ਨੂੰ ਇਸ ਸੰਵਿਧਾਨ ਨੂੰ ਲਾਗੂ ਕਰ ਦਿੱਤਾ ਗਿਆ।

ਮਾਰਚ, 1952 ਈ: ਵਿੱਚ ਡਾ. ਅੰਬੇਦਕਰ ਨੂੰ 'ਰਾਜ-ਸਭਾ' ਦਾ ਮੈਂਬਰ ਨਿਯੁਕਤ ਕੀਤਾ ਗਿਆ। ਆਪਣੇ ਅੰਤ ਸਮੇਂ ਤੱਕ ਆਪ ਰਾਜ-ਸਭਾ ਦੇ ਮੈਂਬਰ ਰਹੇ। ਜੀਵਨ ਦੇ ਅੰਤਲੇ ਦਿਨਾਂ ਵਿੱਚ ਆਪ ਨੇ ਬੁੱਧ ਧਰਮ ਗ੍ਰਹਿਣ ਕਰ ਲਿਆ। 6 ਦਸੰਬਰ, 1956 ਈ: ਨੂੰ ਡਾ: ਅੰਬੇਦਕਰ ਅਕਾਲ ਚਲਾਣਾ ਕਰ ਗਏ।

ਡਾ. ਅੰਬੇਦਕਰ ਦਲਿਤਾਂ, ਔਰਤਾਂ ਅਤੇ ਸਮਾਜ ਵਿੱਚ ਸ਼ੋਸ਼ਿਤ ਹੋ ਰਹੇ ਲੋਕਾਂ ਦੇ ਸੱਚੇ ਹਮਦਰਦ ਸਨ। ਉਹਨਾਂ ਨੂੰ ਮਨੁੱਖੀ ਅਜ਼ਾਦੀ ਵਿੱਚ ਵਿਸ਼ਵਾਸ ਸੀ ਅਤੇ ਉਹ ਕਿਸੇ ਵੀ ਕਿਸਮ ਦੀ ਕੱਟੜਤਾ ਨੂੰ ਪਸੰਦ ਨਹੀਂ ਕਰਦੇ ਸਨ। ਡਾ. ਅੰਬੇਦਕਰ ਦੀਆਂ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਸੁਧਾਰ ਦੀਆਂ ਨੀਤੀਆਂ ਅੱਜ ਵੀ ਦੇਸ ਲਈ ਮਹੱਤਵਪੂਰਨ ਹਨ। ਭਾਰਤਵਾਸੀ ਡਾ. ਅੰਬੇਦਕਰ ਦੇ ਯੋਗਦਾਨ ਲਈ ਹਮੇਸ਼ਾਂ ਉਹਨਾਂ ਦੇ ਰਿਣੀ ਰਹਿਣਗੇ।

## ਕਰਤਾਰ ਸਿੰਘ ਸਰਾਭਾ

ਭਾਰਤ ਨੂੰ ਅੰਗਰੇਜ਼ੀ ਰਾਜ ਦੇ ਜੂਲ਼ੇ ਤੋਂ ਮੁਕਤ ਕਰਾਉਣ ਲਈ ਅਣਗਿਣਤ ਦੇਸਵਾਸੀਆਂ ਨੂੰ ਬੇਅੰਤ ਕੁਰਬਾਨੀਆਂ ਕਰਨੀਆਂ ਪਈਆਂ। ਕਿੰਨੇ ਹੀ ਭਾਰਤੀਆਂ ਨੇ ਅਜ਼ਾਦੀ ਲਈ ਆਪਣੀਆਂ ਜਾਨਾਂ ਦੀ ਅਹੂਤੀ ਦਿੱਤੀ। ਇਹਨਾਂ ਵਿੱਚੋਂ ਕਈ ਤਾਂ ਚੜ੍ਹਦੀ ਜਵਾਨੀ ਵਿੱਚ ਹੀ ਸ਼ਹੀਦ ਹੋਏ। ਕਰਤਾਰ ਸਿੰਘ ਸਰਾਭਾ ਵੀ ਇੱਕ ਅਜਿਹਾ ਸੂਰਮਾ ਦੇਸ-ਭਗਤ ਸੀ ਜਿਸ ਨੇ ਦੇਸ ਨੂੰ ਅਜ਼ਾਦ ਕਰਵਾਉਣ ਲਈ ਉੱਨੀ ਸਾਲ ਦੀ ਉਮਰ ਵਿੱਚ ਫਾਂਸੀ ਦਾ ਰੱਸਾ ਚੁੰਮਿਆ।

ਕਰਤਾਰ ਸਿੰਘ ਸਰਾਭਾ ਦਾ ਜਨਮ 1896 ਈਸਵੀ ਵਿੱਚ ਸਰਦਾਰ ਮੰਗਲ਼ ਸਿੰਘ ਦੇ ਘਰ ਲੁਧਿਆਣੇ ਜ਼ਿਲ੍ਹੇ ਦੇ ਇੱਕ ਪਿੰਡ ਸਰਾਭਾ ਵਿੱਚ ਹੋਇਆ। ਇਹ ਪਿੰਡ ਲੁਧਿਆਣੇ ਤੋਂ ਰਾਏਕੋਟ ਜਾਣ ਵਾਲ਼ੀ ਸੜਕ ਉੱਤੇ ਲਗ-ਪਗ ਪੱਚੀ ਕਿਲੋਮੀਟਰ ਦੂਰ ਹੈ। ਇਸ ਪਿੰਡ ਦੇ ਨਾਂ ਕਾਰਨ ਹੀ ਕਰਤਾਰ ਸਿੰਘ ਦੇ ਨਾਂ ਨਾਲ਼ ਸਰਾਭਾ ਜੁੜ ਗਿਆ। ਛੋਟੀ ਉਮਰ ਵਿੱਚ ਹੀ ਕਰਤਾਰ ਸਿੰਘ ਸਰਾਭਾ ਦੇ ਪਿਤਾ ਦਾ ਦਿਹਾਂਤ ਹੋ ਗਿਆ ਇਸ ਲਈ ਉਸ ਦਾ ਪਾਲਣ-ਪੋਸਣ ਉਸ ਦੇ ਦਾਦਾ ਜੀ ਨੇ ਕੀਤਾ।

ਉਸ ਨੇ ਮੁਢਲੀ ਵਿੱਦਿਆ ਆਪਣੇ ਪਿੰਡ ਵਿੱਚ ਹੀ ਪ੍ਰਾਪਤ ਕੀਤੀ। ਫਿਰ ਮਾਲਵਾ ਖ਼ਾਲਸਾ ਹਾਈ ਸਕੂਲ ਤੋਂ ਅੱਠਵੀਂ ਅਤੇ ਮਿਸ਼ਨ ਹਾਈ ਸਕੂਲ ਤੋਂ ਦਸਵੀਂ ਸ਼੍ਰੇਣੀ ਪਾਸ ਕੀਤੀ। ਇਸ ਉਪਰੰਤ ਉਹ ਆਪਣੇ ਚਾਚਾ ਜੀ ਸਰਦਾਰ ਵੀਰ ਸਿੰਘ ਕੋਲ਼ ਉੜੀਸਾ ਚਲਾ ਗਿਆ। ਵੀਰ ਸਿੰਘ ਜੀ ਇੱਕ ਡਾਕਟਰ ਸਨ। ਇੱਕ ਸਾਲ ਪਿੱਛੋਂ ਕਰਤਾਰ ਸਿੰਘ ਸਰਾਭਾ ਬਰਕਲੇ ਯੂਨੀਵਰਸਿਟੀ, ਸਾਨਫ਼ਰਾਂਸਿਸਕੋ ਵਿੱਚ ਉਚੇਰੀ ਪੜ੍ਹਾਈ ਕਰਨ ਲਈ ਅਮਰੀਕਾ ਚਲਾ ਗਿਆ। ਇਹ ਜਨਵਰੀ, 1910 ਈ. ਦੀ ਗੱਲ ਹੈ।

ਇਸ ਸਮੇਂ ਅਮਰੀਕਾ ਵਿੱਚ ਵੱਸਦੇ ਭਾਰਤੀਆਂ ਨੇ ਗ਼ਦਰ ਪਾਰਟੀ ਬਣਾਈ ਜਿਸ ਦਾ ਮਨੋਰਥ ਭਾਰਤ ਵਿੱਚ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਗ਼ਦਰ ਕਰਕੇ ਦੇਸ ਨੂੰ ਅਜ਼ਾਦ ਕਰਵਾਉਣਾ ਸੀ। ਇਸ ਦੇ ਪ੍ਰਧਾਨ ਬਾਬਾ ਸੋਹਨ ਸਿੰਘ

ਭਕਨਾ ਅਤੇ ਸਕੱਤਰ ਲਾਲਾ ਹਰਦਿਆਲ ਸਨ। ਕਰਤਾਰ ਸਿੰਘ ਸਰਾਭਾ ਵੀ ਇਸ ਪਾਰਟੀ ਵਿੱਚ ਸ਼ਾਮਲ ਹੋ ਗਿਆ। ਇਸ ਪਾਰਟੀ ਵੱਲੋਂ 'ਗ਼ਦਰ' ਨਾਂ ਦਾ ਇੱਕ ਅਖ਼ਬਾਰ ਕੱਢਿਆ ਗਿਆ। ਕਰਤਾਰ ਸਿੰਘ ਸਰਾਭਾ ਨੇ ਇਸ ਅਖ਼ਬਾਰ ਲਈ ਪੂਰੀ ਸਰਗਰਮੀ ਨਾਲ਼ ਕੰਮ ਕਰਨ ਵਾਸਤੇ ਯੂਨੀਵਰਸਿਟੀ ਛੱਡ ਦਿੱਤੀ।

1914 ਈ. ਵਿੱਚ ਪਹਿਲਾ ਵਿਸ਼ਵ-ਯੁੱਧ ਛਿੜ ਗਿਆ। ਹੋਰ ਦੇਸਾਂ ਦੇ ਨਾਲ਼-ਨਾਲ਼ ਬਰਤਾਨੀਆ ਵੀ ਇਸ ਯੁੱਧ ਵਿਚ ਸ਼ਾਮਲ ਹੋ ਗਿਆ। ਗ਼ਦਰ ਪਾਰਟੀ ਦਾ ਉਦੇਸ਼ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣ ਲਈ ਭਾਰਤ ਵਿੱਚ ਗ਼ਦਰ ਕਰਨਾ ਸੀ। ਉਹਨਾਂ ਨੂੰ ਜੰਗ ਦਾ ਸਮਾਂ ਇਸ ਕੰਮ ਲਈ ਹੋਰ ਵੀ ਢੁਕਵਾਂ ਜਾਪਿਆ। ਇਸ ਲਈ ਉਹਨਾਂ ਨੇ ਗ਼ਦਰ ਅਖ਼ਬਾਰ ਵਿੱਚ ਭਾਰਤੀਆਂ ਵੱਲੋਂ ਅੰਗਰੇਜ਼ੀ ਰਾਜ ਦੇ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ। ਇਸ ਦੇ ਨਾਲ਼ ਹੀ ਗ਼ਦਰ ਪਾਰਟੀ ਦੇ ਮੈਂਬਰ ਗ਼ਦਰ ਕਰਵਾਉਣ ਲਈ ਭਾਰਤ ਆਉਣੇ ਸ਼ੁਰੂ ਹੋ ਗਏ। ਅੱਗੋਂ ਅੰਗਰੇਜ਼ ਪੁਲਿਸ ਅਮਰੀਕਾ ਤੋਂ ਪਰਤਦੇ ਹਿੰਦੁਸਤਾਨੀਆਂ ਨੂੰ 'ਡਿਫ਼ੈਂਸ ਆਫ਼ ਇੰਡੀਆ ਐਕਟ' ਅਧੀਨ ਫੜ ਲੈਂਦੀ ਸੀ। ਕਰਤਾਰ ਸਿੰਘ ਸਰਾਭਾ ਕਿਸੇ ਨਾ ਕਿਸੇ ਤਰ੍ਹਾਂ ਪੁਲਿਸ ਤੋਂ ਬਚਦਾ-ਬਚਾਉਂਦਾ ਪੰਜਾਬ ਆ ਗਿਆ। ਅਮਰੀਕਾ ਤੋਂ ਪਰਤੇ ਬਹੁਤ ਸਾਰੇ ਭਾਰਤੀ ਪੰਜਾਬ ਵਿੱਚ ਗ਼ਦਰ ਪਾਰਟੀ ਨਾਲ਼ ਜੁੜ ਗਏ। ਇਹਨਾਂ ਦੀ ਅਗਵਾਈ ਕਰਨ ਵਾਲ਼ਿਆਂ ਵਿੱਚ ਕਰਤਾਰ ਸਿੰਘ ਸਰਾਭਾ ਵੀ ਸੀ।

ਪੰਜਾਬ ਵਿੱਚ ਗ਼ਦਰ ਪਾਰਟੀ ਦਾ ਮੁੱਖ ਪ੍ਰੋਗ੍ਰਾਮ ਛਾਉਣੀਆਂ ਵਿੱਚ ਫ਼ੌਜੀਆਂ ਨੂੰ ਵਿਦਰੋਹ ਲਈ ਤਿਆਰ ਕਰਨਾ ਸੀ। ਇਸ ਲਈ ਇੱਕ ਪਾਸੇ ਛਾਉਣੀਆਂ ਵਿੱਚ ਫ਼ੌਜੀਆਂ ਨਾਲ਼ ਸੰਪਰਕ ਬਣਾਏ ਗਏ, ਦੂਜੇ ਪਾਸੇ ਦੇਸ ਦੇ ਕ੍ਰਾਂਤੀਕਾਰੀਆਂ ਨਾਲ਼ ਮੇਲ਼-ਜੋਲ਼ ਪੈਦਾ ਕੀਤਾ ਗਿਆ। ਵਿਦਰੋਹ ਦੀ ਇਹ ਯੋਜਨਾ ਪਾਰਟੀ ਵਿੱਚ ਆ ਵੜੇ ਇੱਕ ਪੁਲਿਸ-ਮੁਖ਼ਬਰ ਕਿਰਪਾਲ ਸਿੰਘ ਕਾਰਨ ਫ਼ੇਲ੍ਹ ਹੋ ਗਈ। ਗਰਿਫ਼ਤਾਰੀਆਂ ਦਾ ਚੱਕਰ ਸ਼ੁਰੂ ਹੋ ਗਿਆ। ਕਰਤਾਰ ਸਿੰਘ ਸਰਾਭਾ ਆਪਣੇ ਸਾਥੀਆਂ ਹਰਨਾਮ ਸਿੰਘ ਟੁੰਡੀਲਾਟ ਤੇ ਜਗਤ ਸਿੰਘ ਸੁਰਸਿੰਘੀਆ ਨਾਲ਼ ਰਾਤ ਨੂੰ ਗੱਡੀ ਚੜ੍ਹ ਕੇ ਲਾਇਲਪੁਰ ਚਲਾ ਗਿਆ । ਫਿਰ ਉਹ ਪਿਸ਼ਾਵਰ ਤੋਂ ਹੁੰਦੇ ਹੋਏ ਸਰਹੱਦੀ ਸਥਾਨ ਮਿਚਨੀ ਪਹੁੰਚ ਗਏ। ਇਸ ਦੌਰਾਨ ਕੁਝ ਗ਼ਦਰੀ ਨਿਰਉਤਸ਼ਾਹਿਤ ਹੋ ਗਏ। ਪਰ 'ਗ਼ਦਰ ਦੀ ਗੂੰਜ' ਕਵਿਤਾ ਦੀ ਤੁਕ 'ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ', ਦੇ ਵਿਚਾਰ ਨੇ ਉਹਨਾਂ ਨੂੰ ਮੁੜ ਪੰਜਾਬ ਆਉਣ ਦੀ ਪ੍ਰੇਰਨਾ ਦਿੱਤੀ। ਇਸ ਵਾਪਸੀ ਸਮੇਂ ਸਰਗੋਧੇ ਵਿੱਚ ਕਰਤਾਰ ਸਿੰਘ ਸਰਾਭਾ ਅਤੇ ਉਹਦੇ ਸਾਥੀ ਫੜੇ ਗਏ। ਉਹਨਾਂ 'ਤੇ ਮੁਕੱਦਮਾ ਚੱਲਿਆ। ਕਈ ਦੇਸ-ਭਗਤਾਂ ਸਮੇਤ ਕਰਤਾਰ ਸਿੰਘ ਸਰਾਭਾ ਨੂੰ 16 ਨਵੰਬਰ, 1915 ਈ. ਨੂੰ ਫਾਂਸੀ ਦੇ ਦਿੱਤੀ ਗਈ।

ਕਰਤਾਰ ਸਿੰਘ ਸਰਾਭਾ ਇੱਕ ਪੱਕਾ ਦੇਸ-ਭਗਤ ਸੀ। ਉਸ ਨੇ ਦੇਸ ਨੂੰ ਅਜ਼ਾਦ ਕਰਵਾਉਣ ਲਈ ਆਪਣੇ ਨਿੱਜੀ ਸੁੱਖਾਂ ਅਤੇ ਖ਼ੁਸ਼ੀਆਂ ਵੱਲ ਧਿਆਨ ਨਾ ਦਿੰਦੇ ਹੋਏ ਆਪਣਾ ਸਭ ਕੁਝ ਦੇਸ ਲਈ ਵਾਰ ਦਿੱਤਾ। ਉਹ ਬੜਾ ਦ੍ਰਿੜ੍ਹ ਇਰਾਦੇ ਵਾਲ਼ਾ ਮਨੁੱਖ ਸੀ। ਕਿਹਾ ਜਾਂਦਾ ਹੈ ਕਿ ਜੱਜ ਨੇ ਉਸ ਨੂੰ ਆਪਣਾ ਬਿਆਨ ਬਦਲਣ ਲਈ ਕਿਹਾ ਤਾਂਜੋ ਉਸ ਦੀ ਸਜ਼ਾ ਨਰਮ ਕੀਤੀ ਜਾ ਸਕੇ ਪਰ ਉਹਨੇ ਆਪਣਾ ਬਿਆਨ ਬਿਲਕੁਲ ਨਾ ਬਦਲਿਆ। ਉਸ ਨੇ ਆਪਣੇ ਕੁਝ ਨਜ਼ਦੀਕੀਆਂ ਵੱਲੋਂ ਰਹਿਮ ਦੀ ਅਪੀਲ ਕਰਨ ਦੇ ਸੁਝਾਅ ਨੂੰ ਵੀ ਠੁਕਰਾ ਦਿੱਤਾ। ਅਜਿਹੇ ਦੇਸ-ਭਗਤਾਂ ਦੀਆਂ ਕੁਰਬਾਨੀਆਂ ਸਦਕਾ ਭਾਰਤ 15 ਅਗਸਤ, 1947 ਈ. ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਅਜ਼ਾਦ ਹੋ ਗਿਆ।

## ਨਾਨਕ ਸਿੰਘ ਨਾਵਲਕਾਰ

ਨਾਨਕ ਸਿੰਘ ਪੰਜਾਬੀ ਦਾ ਪ੍ਰਸਿੱਧ ਨਾਵਲਕਾਰ ਹੋਇਆ ਹੈ। ਉਹ ਪੰਜਾਬੀ ਵਿੱਚ ਸਭ ਤੋਂ ਵੱਧ ਨਾਵਲ ਲਿਖਣ ਵਾਲ਼ਾ ਅਤੇ ਸਭ ਤੋਂ ਵੱਧ ਪੜ੍ਹਿਆ ਜਾਣ ਵਾਲ਼ਾ ਨਾਵਲਕਾਰ ਹੈ। ਉਸ ਦੇ ਨਾਵਲਾਂ ਬਾਰੇ ਆਮ ਪਾਠਕਾਂ ਦਾ ਪ੍ਰਭਾਵ ਹੈ ਕਿ ਉਹ ਇੱਕ ਵਾਰੀ ਪੜ੍ਹਨੇ ਸ਼ੁਰੂ ਕੀਤੇ ਜਾਣ ਤਾਂ ਮੁੱਕਣ ਤੱਕ ਛੱਡਣ ਨੂੰ ਮਨ ਨਹੀਂ ਕਰਦਾ। ਨਾਨਕ ਸਿੰਘ ਪੰਜਾਬੀ ਦਾ ਹਰਮਨ-ਪਿਆਰਾ ਲੇਖਕ ਹੋਇਆ ਹੈ।

ਨਾਨਕ ਸਿੰਘ ਦਾ ਜਨਮ ਮਾਤਾ ਲੱਛਮੀ ਦੀ ਕੁੱਖੋਂ 5 ਜੁਲਾਈ, 1897 ਈ: ਨੂੰ ਪਿੰਡ ਚੱਕ ਹਮੀਦ, ਜ਼ਿਲ੍ਹਾ ਜਿਹਲਮ (ਹੁਣ ਪਾਕਿਸਤਾਨ) ਵਿੱਚ ਹੋਇਆ। ਉਸ ਦੇ ਪਿਤਾ ਦਾ ਨਾਂ ਸ੍ਰੀ ਬਹਾਦਰ ਚੰਦ ਸੂਰੀ ਸੀ ਜੋਕਿ ਇੱਕ ਵਪਾਰੀ ਸਨ। ਬਚਪਨ ਵਿੱਚ ਨਾਨਕ ਸਿੰਘ ਦਾ ਨਾਂ ਹੰਸ ਰਾਜ ਸੀ। ਉਸ ਨੇ ਪਿੰਡ ਦੇ ਸਕੂਲ ਤੋਂ ਪੰਜਵੀਂ ਪਾਸ ਕੀਤੀ। ਜਦੋਂ ਉਹ ਛੇਵੀਂ ਵਿੱਚ ਪੜ੍ਹਦਾ ਸੀ ਤਾਂ ਉਸ ਦੇ ਪਿਤਾ ਜੀ ਦੀ ਮੌਤ ਹੋ ਗਈ। ਇਸ ਲਈ ਉਸ ਨੂੰ ਪੜ੍ਹਾਈ ਵਿਚਾਲ਼ੇ

ਛੱਡ ਕੇ ਰੋਜ਼ੀ ਕਮਾਉਣ ਲਈ ਕਿਰਤ ਕਰਨੀ ਪਈ। ਉਸ ਨੇ ਹਲਵਾਈ ਦੀ ਦੁਕਾਨ ਉੱਤੇ ਭਾਂਡੇ ਮਾਂਜੇ ਅਤੇ ਮੇਲਿਆਂ ਵਿੱਚ ਜਾ ਕੇ ਕੁਲਫ਼ੀਆਂ ਤੱਕ ਵੇਚੀਆਂ।

ਤੇਰਾਂ ਸਾਲਾਂ ਦੀ ਉਮਰ ਵਿੱਚ ਉਸ ਨੇ ਕਵਿਤਾ ਲਿਖਣੀ ਸ਼ੁਰੂ ਕੀਤੀ। 1911 ਈ. ਵਿੱਚ ਜਦੋਂ ਉਹ ਚੌਦਾਂ ਸਾਲਾਂ ਦਾ ਸੀ, ਉਸ ਦਾ ਪਹਿਲਾ ਕਾਵਿ-ਸੰਗ੍ਰਹਿ, 'ਸੀਹਰਫ਼ੀ ਹੰਸਰਾਜ' ਛਪਿਆ ਜੋ ਬਹੁਤ ਸਲਾਹਿਆ ਗਿਆ। ਇਸ ਤੋਂ ਬਾਅਦ ਉਸ ਨੇ ਧਾਰਮਿਕ ਗੀਤ ਲਿਖੇ ਜੋ 'ਸਤਿਗੁਰ ਮਹਿਮਾ' ਨਾਂ ਹੇਠ ਛਪੇ। ਇਹ ਗੀਤ ਵੀ ਉਸ ਸਮੇਂ ਬਹੁਤ ਹਰਮਨ-ਪਿਆਰੇ ਹੋਏ। 1922 ਈ. ਵਿੱਚ ਉਹ 'ਗੁਰੂ ਕੇ ਬਾਗ਼' ਦੇ ਮੋਰਚੇ ਸਮੇਂ ਜੇਲ੍ਹ ਗਿਆ। ਉੱਥੇ ਉਸ ਨੇ ਪ੍ਰੇਮ ਚੰਦ ਦੇ ਨਾਵਲ ਪੜ੍ਹੇ ਜਿਨ੍ਹਾਂ ਤੋਂ ਉਸ ਨੂੰ ਨਾਵਲ ਲਿਖਣ ਦੀ ਪ੍ਰੇਰਨਾ ਮਿਲ਼ੀ। ਇੱਥੇ ਹੀ ਉਸ ਨੇ ਆਪਣਾ ਪਹਿਲਾ ਨਾਵਲ 'ਅੱਧ ਖਿੜੀ ਕਲੀ' ਲਿਖਿਆ ਜੋ ਪਿੱਛੋਂ 'ਅੱਧ ਖਿੜਿਆ ਫੁੱਲ' ਨਾਂ ਹੇਠ ਛਪਿਆ।

1924 ਈ. ਵਿੱਚ ਉਸ ਦਾ ਵਿਆਹ ਰਾਜ ਕੌਰ ਨਾਲ਼ ਹੋ ਗਿਆ। ਇਸ ਅਰਸੇ ਵਿੱਚ ਉਸ ਨੇ 'ਮਤਰੇਈ ਮਾਂ', 'ਕਾਲ ਚੱਕਰ', 'ਪ੍ਰੇਮ ਸੰਗੀਤ' ਆਦਿ ਨਾਵਲ ਲਿਖੇ। 1931 ਈ. ਦੇ ਨੇੜੇ ਨਾਨਕ ਸਿੰਘ ਨੇ 'ਚਿੱਟਾ ਲਹੂ' ਲਿਖਿਆ। ਇਸ ਨਾਵਲ ਨਾਲ਼ ਉਹ ਨਾਵਲਕਾਰ ਦੇ ਤੌਰ 'ਤੇ ਪ੍ਰਸਿੱਧ ਹੋ ਗਿਆ।

ਕੁਝ ਵਰ੍ਹੇ ਪਿੱਛੋਂ ਨਾਨਕ ਸਿੰਘ ਦਾ ਸੰਪਰਕ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨਾਲ਼ ਬਣਿਆ। ਉਹ ਗੁਰਬਖ਼ਸ਼ ਸਿੰਘ ਦੇ 'ਸੰਸਾਰ ਪ੍ਰੀਤ ਮੰਡਲ' ਦਾ ਮੈਂਬਰ ਬਣ ਕੇ ਪ੍ਰੀਤਨਗਰ ਰਹਿਣ ਲੱਗਾ। ਉੱਥੇ ਉਸ ਨੇ 'ਐਕਟਿਵਿਟੀ ਸਕੂਲ' ਵਿੱਚ ਕੁਝ ਸਮਾਂ ਅਧਿਆਪਕ ਦੇ ਤੌਰ 'ਤੇ ਕੰਮ ਵੀ ਕੀਤਾ। ਉਹ ਗੁਰਬਖ਼ਸ਼ ਸਿੰਘ ਦੇ ਪ੍ਰੀਤ-ਫ਼ਲਸਫ਼ੇ ਤੋਂ ਪ੍ਰਭਾਵਿਤ ਹੋਇਆ। ਇਸ ਦੌਰਾਨ ਉਸ ਨੇ 'ਗ਼ਰੀਬ ਦੀ ਦੁਨੀਆ', 'ਪਿਆਰ ਦੀ ਦੁਨੀਆ' ਅਤੇ 'ਜੀਵਨ ਸੰਗਰਾਮ' ਨਾਵਲ ਲਿਖੇ।

ਦੇਸ-ਵੰਡ ਸਮੇਂ ਨਾਨਕ ਸਿੰਘ ਅੰਮ੍ਰਿਤਸਰ ਰਹਿ ਰਿਹਾ ਸੀ। ਉਸ ਨੇ ਫ਼ਿਰਕੂ-ਫ਼ਸਾਦਾਂ ਦੇ ਭਿਆਨਕ ਦ੍ਰਿਸ਼ਾਂ ਨੂੰ ਅੱਖੀਂ ਡਿੱਠਾ। ਅਜਿਹੇ ਦ੍ਰਿਸ਼ ਤੱਕ ਕੇ ਉਹ ਹਲੂਣਿਆ ਗਿਆ ਅਤੇ ਉਸ ਦੇ ਮਨ ਉੱਤੇ ਇਹਨਾਂ ਦੇ ਅਮਿੱਟ ਪ੍ਰਭਾਵ ਪਏ। ਇਹਨਾਂ ਪ੍ਰਭਾਵਾਂ ਨੂੰ ਉਸ ਨੇ ਆਪਣੇ ਨਾਵਲਾਂ 'ਖ਼ੂਨ ਦੇ ਸੋਹਿਲੇ', 'ਅੱਗ ਦੀ ਖੇਡ', 'ਮੰਝਧਾਰ' ਅਤੇ 'ਚਿੱਤਰਕਾਰ' ਵਿੱਚ ਉਲੀਕਿਆ।

1971 ਈ. ਤੱਕ, ਆਪਣੇ ਅੰਤਲੇ ਵਰ੍ਹੇ ਉਸ ਨੇ ਪ੍ਰੀਤਨਗਰ ਵਿੱਚ ਹੀ ਬਿਤਾਏ। ਉਸ ਦੇ ਕੁਝ ਹੋਰ ਪ੍ਰਸਿੱਧ ਨਾਵਲ ਹਨ; 'ਪਵਿੱਤਰ ਪਾਪੀ', 'ਆਦਮ ਖੋਰ', 'ਸੰਗਮ', 'ਪੁਜਾਰੀ', 'ਟੁੱਟੀ ਵੀਣਾ', 'ਗੰਗਾ ਜਲੀ ਵਿੱਚ ਸ਼ਰਾਬ', 'ਇੱਕ ਮਿਆਨ ਦੋ ਤਲਵਾਰਾਂ', 'ਕੋਈ ਹਰਿਆ ਬੂਟ ਰਹਿਓ ਰੀ', 'ਗਗਨ ਦਮਾਮਾ ਬਾਜਿਓ'। ਉਸ ਦੇ ਨਾਵਲ 'ਇੱਕ ਮਿਆਨ ਦੋ ਤਲਵਾਰਾਂ' ਨੂੰ ਸਾਹਿਤ ਅਕਾਡਮੀ ਵੱਲੋਂ ਇਨਾਮ ਮਿਲ਼ਿਆ ਹੈ। ਉਸ ਦੇ ਨਾਵਲ 'ਪਵਿੱਤਰ ਪਾਪੀ' ਉੱਤੇ ਇਸੇ ਨਾਂ ਦੀ ਫ਼ਿਲਮ ਵੀ ਬਣ ਚੁੱਕੀ ਹੈ।

ਨਾਨਕ ਸਿੰਘ ਨੇ ਨਾਵਲਾਂ ਤੋਂ ਬਿਨਾਂ ਕਹਾਣੀਆਂ ਵੀ ਲਿਖੀਆਂ ਹਨ। ਉਸ ਦੇ ਨਾਵਲਾਂ ਵਾਂਗ ਇਹ ਵੀ ਬਹੁਤ ਰੋਚਕ ਹਨ। ਨਾਨਕ ਸਿੰਘ ਨੇ ਕੁਝ ਸਮਾਂ 'ਲੋਕ ਸਾਹਿਤ' ਨਾਂ ਦਾ ਮਾਸਿਕ ਪੱਤਰ ਵੀ ਸੰਪਾਦਿਤ ਅਤੇ ਪ੍ਰਕਾਸ਼ਿਤ ਕੀਤਾ।

ਨਾਨਕ ਸਿੰਘ ਨੇ ਆਪਣੀਆਂ ਰਚਨਾਵਾਂ ਵਿੱਚ ਆਪਣੇ ਸਮੇਂ ਦੇ ਸਮਾਜ ਦੀਆਂ ਲਗ-ਪਗ ਸਾਰੀਆਂ ਸਮੱਸਿਆਵਾਂ ਨੂੰ ਛੂਹਿਆ। ਉਸ ਨੇ ਊਚ-ਨੀਚ, ਜਾਤ-ਪਾਤ, ਫ਼ਿਰਕਾਪ੍ਰਸਤੀ ਅਤੇ ਮਨੁੱਖਾਂ ਵਿਚਕਾਰ ਹਰ ਪ੍ਰਕਾਰ ਦੇ ਵਿਤਕਰੇ ਦੀ ਨਿਖੇਧੀ ਕੀਤੀ। ਉਹ ਗ਼ਰੀਬਾਂ, ਮਜ਼ਲੂਮਾਂ ਅਤੇ ਵਿਸ਼ੇਸ਼ ਕਰਕੇ ਇਸਤਰੀਆਂ ਦੇ ਦੁੱਖ-ਦਰਦ ਨੂੰ ਬਿਆਨ ਕਰਦਾ ਸੀ। ਮੁੱਖ ਤੌਰ 'ਤੇ ਉਹ ਮਾਨਵਵਾਦੀ ਅਤੇ ਸੁਧਾਰਵਾਦੀ ਲੇਖਕ ਸੀ।

ਨਾਨਕ ਸਿੰਘ ਦੀ ਸ਼ਖ਼ਸੀਅਤ ਉਸ ਦੀਆਂ ਲਿਖਤਾਂ ਵਿੱਚ ਅਤੇ ਉਸ ਦੇ ਸਿਰਜੇ ਪਾਤਰਾਂ ਵਿੱਚ ਝਲਕਦੀ ਹੈ। ਆਪਣੇ ਨਿੱਜੀ ਜੀਵਨ ਵਿੱਚ ਉਹ ਸ਼ਾਂਤ ਸੁਭਾਅ ਅਤੇ ਸਾਦਾ ਆਦਤਾਂ ਵਾਲ਼ਾ ਮਨੁੱਖ ਸੀ। ਉਹ ਸੰਕਟਾਂ ਅਤੇ ਮੁਸੀਬਤਾਂ ਵਿੱਚ ਵੀ ਚੜ੍ਹਦੀ ਕਲਾ ਵਿੱਚ ਰਹਿੰਦਾ ਸੀ। ਉਹ ਬੜਾ ਮਿਹਨਤੀ ਮਨੁੱਖ ਸੀ। ਭਾਵੇਂ ਉਸ ਦੀ ਸਕੂਲੀ ਵਿੱਦਿਆ ਬੜੀ ਨਿਗੂਣੀ ਸੀ ਪਰ ਸ੍ਵੈ-ਅਧਿਐਨ ਸਦਕਾ ਉਹ ਇੱਕ ਪ੍ਰੌੜ੍ਹ ਸਾਹਿਤਕਾਰ ਬਣ ਗਿਆ।

ਨਾਨਕ ਸਿੰਘ ਲਗਨ ਅਤੇ ਸਿਰੜ ਵਾਲ਼ਾ ਸਾਹਿਤਕਾਰ ਸੀ। ਉਸ ਨੇ ਆਪਣੇ ਆਖ਼ਰੀ ਸਮੇਂ ਤੱਕ ਸਾਹਿਤ-ਰਚਨਾ ਕਰਕੇ ਪੰਜਾਬੀ ਸਾਹਿਤ ਨੂੰ ਅਮੀਰ ਕੀਤਾ। ਪੰਜਾਬੀ ਬੋਲੀ ਨੂੰ ਆਪਣੇ ਅਜਿਹੇ ਸਪੂਤਾਂ 'ਤੇ ਹਮੇਸ਼ਾਂ ਮਾਣ ਰਹੇਗਾ।

# ਦਿਵਾਲ਼ੀ

ਦਿਵਾਲ਼ੀ ਸ਼ਬਦ 'ਦੀਪਾਵਲੀ' ਤੋਂ ਬਣਿਆ ਹੈ। 'ਦੀਪਾਵਲੀ' ਦਾ ਅਰਥ ਹੈ, ਦੀਵਿਆਂ ਦੀ ਕਤਾਰ। ਕੱਤਕ ਦੀ ਮੱਸਿਆ ਦੀ ਘੁੱਪ ਹਨੇਰੀ ਰਾਤ ਨੂੰ ਅਣਗਿਣਤ ਦੀਵੇ ਜਗਾ ਕੇ ਰੋਸ਼ਨੀ ਕੀਤੀ ਜਾਂਦੀ ਹੈ, ਇਸ ਲਈ ਇਹ ਰੋਸ਼ਨੀ ਦਾ ਤਿਉਹਾਰ ਹੈ।

ਦਸਹਿਰੇ ਤੋਂ ਉੱਨੀ ਦਿਨ ਪਿੱਛੋਂ ਦਿਵਾਲ਼ੀ ਮਨਾਈ ਜਾਂਦੀ ਹੈ। ਤਦ ਤੱਕ ਸਰਦੀ ਦੀ ਰੁੱਤ ਸ਼ੁਰੂ ਹੋ ਜਾਂਦੀ ਹੈ। ਸਾਉਣੀ ਦੀ ਫ਼ਸਲ ਵੀ ਘਰ ਆ ਜਾਂਦੀ ਹੈ। ਇਹ ਸਾਰੇ ਕਿਸਾਨਾਂ ਲਈ ਖ਼ੁਸ਼ੀ ਦਾ ਮੌਕਾ ਹੁੰਦਾ ਹੈ।

ਇਸ ਦਿਨ ਸ੍ਰੀ ਰਾਮ ਚੰਦਰ ਜੀ ਚੌਦਾਂ ਸਾਲ ਦਾ ਬਣਬਾਸ ਕੱਟ ਕੇ ਵਾਪਸ ਅਯੁੱਧਿਆ ਪਰਤੇ ਸਨ। ਲੋਕਾਂ ਨੇ ਉਹਨਾਂ ਦੇ ਸੁਆਗਤ ਵਿੱਚ ਦੀਪ-ਮਾਲ਼ਾ ਕੀਤੀ ਸੀ। ਸ੍ਰੀ ਗੁਰੂ ਹਰਿਗੋਬਿੰਦ ਜੀ ਵੀ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾ ਹੋ ਕੇ ਅੰਮ੍ਰਿਤਸਰ ਇਸੇ ਦਿਨ ਪੁੱਜੇ ਸਨ। ਇਸ ਲਈ ਲੋਕਾਂ ਨੇ ਦੀਪ-ਮਾਲ਼ਾ ਕਰਕੇ ਖ਼ੁਸ਼ੀ ਮਨਾਈ ਸੀ।

ਦਿਵਾਲ਼ੀ ਨੂੰ ਮਨਾਉਣ ਦੀ ਤਿਆਰੀ ਦਿਵਾਲ਼ੀ ਤੋਂ ਕਈ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦੀ ਹੈ । ਲੋਕ ਆਪਣੇ ਘਰਾਂ ਦੀ ਸਫ਼ਾਈ ਕਰਕੇ ਉਹਨਾਂ ਨੂੰ ਸਫ਼ੈਦੀ ਅਤੇ ਰੰਗ-ਰੋਗਨ ਨਾਲ਼ ਸ਼ਿੰਗਾਰਦੇ ਹਨ। ਪਿੰਡਾਂ ਵਿੱਚ ਕੋਠਿਆਂ ਨੂੰ ਵੀ ਲਿੰਬ-ਪੋਚ ਕੇ ਸਜਾਇਆ ਜਾਂਦਾ ਹੈ। ਇਸ ਤਰ੍ਹਾਂ ਪਿੰਡ ਅਤੇ ਸ਼ਹਿਰ ਉੱਜਲੇ-ਉੱਜਲੇ ਜਾਪਣ ਲੱਗ ਪੈਂਦੇ ਹਨ।

ਦਿਵਾਲ਼ੀ ਦਾ ਤਿਉਹਾਰ ਵਪਾਰੀ ਵਰਗ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ। ਦੁਕਾਨਦਾਰ ਇਸ ਦਿਨ ਜਿੱਥੇ ਨਵੇਂ ਵਹੀ-ਖਾਤੇ ਖੋਲ੍ਹਦੇ ਹਨ, ਉੱਥੇ ਉਹ ਆਪਣੀਆਂ ਦੁਕਾਨਾਂ ਨੂੰ ਕਈ ਢੰਗਾਂ ਨਾਲ਼ ਸਜਾਉਂਦੇ ਵੀ ਹਨ। ਬਜ਼ਾਰਾਂ ਵਿੱਚ ਦੁਕਾਨਾਂ ਉੱਪਰ ਭਾਂਤ-ਭਾਂਤ ਦੇ ਸਮਾਨ ਦੀ ਨੁਮਾਇਸ਼ ਜਿਹੀ ਲੱਗੀ ਹੁੰਦੀ ਹੈ ਜਿਹੜੀ ਗਾਹਕਾਂ ਦਾ ਧਿਆਨ ਬਦੋ-ਬਦੀ ਆਪਣੇ ਵੱਲ ਖਿੱਚਦੀ ਹੈ।

ਦਿਵਾਲ਼ੀ ਮਨਾਉਣ ਲਈ ਮਿਠਿਆਈ ਅਤੇ ਆਤਸ਼ਬਾਜ਼ੀ ਦਾ ਵਿਸ਼ੇਸ਼ ਪ੍ਰਯੋਗ ਹੁੰਦਾ ਹੈ। ਹਲਵਾਈ ਭਾਂਤ-ਭਾਂਤ ਦੀਆਂ ਮਿਠਿਆਈਆਂ ਬਣਾ ਕੇ ਕਈ ਦਿਨ ਪਹਿਲਾਂ ਹੀ ਆਪਣੀਆਂ ਦੁਕਾਨਾਂ ਨੂੰ ਸਜਾਉਣਾ ਸ਼ੁਰੂ ਕਰ ਦਿੰਦੇ ਹਨ। ਆਤਸ਼ਬਾਜ਼ੀ ਦਾ ਸਮਾਨ ਤਾਂ ਦੁਕਾਨਾਂ ਤੋਂ ਬਿਨਾਂ ਬਾਹਰ ਖੁੱਲ੍ਹੀਆਂ ਸੜਕਾਂ 'ਤੇ ਵੀ ਸਜਾਇਆ ਜਾਂਦਾ ਹੈ।

ਦਿਵਾਲ਼ੀ ਭਾਵੇਂ ਰਾਤ ਨੂੰ ਮਨਾਈ ਜਾਂਦੀ ਹੈ ਪਰ ਇਸ ਦਾ ਚਾਅ ਸਵੇਰ ਤੋਂ ਹੀ ਹੁੰਦਾ ਹੈ। ਲੋਕ ਬਜ਼ਾਰਾਂ ਵਿੱਚ ਮਿਠਿਆਈ, ਆਤਸ਼ਬਾਜ਼ੀ ਆਦਿ ਖ਼ਰੀਦਦੇ ਹਨ । ਕਈ ਆਪਣੇ ਸਨੇਹੀਆਂ ਨੂੰ ਮਿਠਿਆਈਆਂ ਦੇ ਡੱਬੇ ਭੇਟ ਕਰਕੇ ਸ਼ੁੱਭ-ਇੱਛਾਵਾਂ ਦਿੰਦੇ ਹਨ। ਕਈ ਥਾਂਵਾਂ 'ਤੇ ਵਿਸ਼ੇਸ਼ ਮੇਲੇ ਵੀ ਲੱਗਦੇ ਹਨ।

ਦਿਵਾਲ਼ੀ ਵਾਲੇ ਦਿਨ ਸ਼ਾਮ ਤੋਂ ਹੀ ਪਟਾਕਿਆਂ ਦੀ ਠਾਹ-ਠਾਹ ਸੁਣਾਈ ਦੇਣ ਲੱਗ ਪੈਂਦੀ ਹੈ। ਲੋਕ ਆਪਣੇ ਘਰਾਂ ਦੇ ਬਨੇਰਿਆਂ ਅਤੇ ਬੂਹਿਆਂ ਉੱਤੇ ਮੋਮਬੱਤੀਆਂ ਅਤੇ ਦੀਵੇ ਬਾਲ਼ਦੇ ਹਨ। ਕਈ ਲੋਕ ਰੰਗ-ਬਰੰਗੇ ਬਲਬਾਂ ਦੀਆਂ ਲੜੀਆਂ ਜਗਾ ਕੇ ਦਿਵਾਲ਼ੀ ਦੀ ਰੋਸ਼ਨੀ ਕਰਦੇ ਹਨ। ਕੁਝ ਲੋਕ ਲੱਛਮੀ ਦੀ ਪੂਜਾ ਵੀ ਕਰਦੇ ਹਨ।

ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਵਿੱਚ ਵਿਸ਼ੇਸ਼ ਰੋਸ਼ਨੀ ਦਾ ਪ੍ਰਬੰਧ ਕੀਤਾ ਜਾਂਦਾ ਹੈ। ਰਾਤ ਨੂੰ ਹਰਿਮੰਦਰ ਸਾਹਿਬ ਅਤੇ ਇਸ ਦਾ ਸਰੋਵਰ ਵਿਚਲਾ ਜਗਮਗ ਕਰਦਾ ਅਕਸ ਮਨਮੋਹਣਾ ਦ੍ਰਿਸ਼ ਪੇਸ਼ ਕਰਦਾ ਹੈ। ਲੋਕ ਦੂਰ-ਦੁਰਾਡਿਓਂ ਇਸ ਦਿਨ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਂਦੇ ਹਨ।

ਦਿਵਾਲ਼ੀ ਤੋਂ ਬਾਅਦ ਭਾਰਤ ਵਿੱਚ ਸਰਦੀ ਦੀ ਰੁੱਤ ਅਰੰਭ ਹੋ ਜਾਂਦੀ ਹੈ। ਲੋਕ ਬਾਹਰ ਸੌਣ ਦੀ ਬਜਾਏ ਅੰਦਰ ਸੌਣਾ ਸ਼ੁਰੂ ਕਰਦੇ ਹਨ। ਇਸ ਲਈ ਜ਼ਰੂਰੀ ਹੁੰਦਾ ਹੈ ਕਿ ਘਰਾਂ ਦੀ ਸਫ਼ਾਈ ਚੰਗੀ ਤਰ੍ਹਾਂ ਕੀਤੀ ਜਾਵੇ। ਦਿਵਾਲ਼ੀ ਮਨਾਉਣ ਦੇ ਬਹਾਨੇ ਘਰਾਂ ਵਿੱਚ ਸਫ਼ੈਦੀ ਹੋ ਜਾਂਦੀ ਹੈ ਜਿਸ ਕਾਰਨ ਕਈ ਤਰ੍ਹਾਂ ਦੇ ਹਾਨੀਕਾਰਕ ਕੀਟਾਣੂਆਂ ਦਾ ਖ਼ਾਤਮਾ ਹੋ ਜਾਂਦਾ ਹੈ। ਕਹਿੰਦੇ ਹਨ ਕਿ ਦਿਵਾਲ਼ੀ 'ਤੇ ਕੀਤੀ ਜਾਂਦੀ ਰੋਸ਼ਨੀ ਨਾਲ਼ ਵੀ ਕਈ ਬਿਮਾਰੀਆਂ ਦੇ ਕੀਟਾਣੂ ਮਰ ਜਾਂਦੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਦਿਵਾਲ਼ੀ ਦੇ ਮੌਕੇ 'ਤੇ ਚਲਾਏ ਜਾਂਦੇ ਪਟਾਕਿਆਂ ਦੀਆਂ ਅਵਾਜ਼ਾਂ ਨਾਲ਼ ਸੱਪ ਵਰਗੇ ਜੀਵ ਵੀ ਡਰ ਕੇ ਵੱਸੋਂ ਤੋਂ ਦੂਰ ਚਲੇ ਜਾਂਦੇ ਹਨ। ਸ਼ਾਇਦ ਇਸੇ ਕਰਕੇ ਕਿਹਾ ਜਾਂਦਾ ਹੈ ਕਿ ਦਿਵਾਲ਼ੀ ਤੋਂ ਬਾਅਦ ਸੱਪ ਨਹੀਂ ਨਿਕਲ਼ਦੇ।

ਦਿਵਾਲ਼ੀ ਨੂੰ ਕਈ ਲੋਕ ਠੀਕ ਢੰਗ ਨਾਲ਼ ਨਹੀਂ ਮਨਾਉਂਦੇ। ਉਹ ਇਸ ਦਿਨ ਸ਼ਰਾਬ ਪੀਂਦੇ ਹਨ ਅਤੇ ਜੂਏ ਵਰਗੀਆਂ ਭੈੜੀਆਂ ਖੇਡਾਂ ਖੇਡਦੇ ਹਨ। ਕਈ ਵਾਰ ਲੜਾਈ-ਝਗੜੇ ਹੋ ਜਾਂਦੇ ਹਨ ਜਿਸ ਕਾਰਨ ਦਿਵਾਲ਼ੀ ਦੀ ਖ਼ੁਸ਼ੀ

ਗ਼ਮੀ ਵਿੱਚ ਬਦਲ ਜਾਂਦੀ ਹੈ। ਬੇਪਰਵਾਹੀ ਨਾਲ਼ ਚਲਾਈ ਆਤਸ਼ਬਾਜ਼ੀ ਕਾਰਨ ਕਈ ਵਾਰ ਅੱਗ ਲੱਗ ਜਾਂਦੀ ਹੈ। ਕਈ ਵਾਰੀ ਕਿਸੇ ਦਾ ਹੱਥ-ਮੂੰਹ ਵੀ ਸੜ ਜਾਂਦਾ ਹੈ। ਕਈ ਲੋਕ ਆਤਸ਼ਬਾਜ਼ੀ ਆਦਿ 'ਤੇ ਫ਼ਜ਼ੂਲ ਪੈਸਾ ਖ਼ਰਚ ਕਰਦੇ ਹਨ। ਕਈ ਵਾਧੂ ਦਿਖਾਵਾ ਕਰਨ ਲਈ ਬਿਜਲੀ ਬਹੁਤ ਬਾਲ਼ਦੇ ਹਨ ਜਿਸ ਕਾਰਨ ਕੌਮੀ ਨੁਕਸਾਨ ਵੀ ਹੁੰਦਾ ਹੈ।

ਦਿਵਾਲ਼ੀ ਦਾ ਤਿਉਹਾਰ ਆਪਸੀ ਭਾਈਚਾਰਿਕ ਸਾਂਝ ਵਧਾਉਣ ਵਿੱਚ ਬੜਾ ਸਹਾਇਕ ਹੋ ਸਕਦਾ ਹੈ। ਇਸ ਦਿਨ ਆਪਸੀ ਵਿਤਕਰੇ ਭੁੱਲ ਕੇ ਹਰ ਇੱਕ ਨਾਲ਼ ਮੇਲ਼-ਮਿਲ਼ਾਪ ਕਰਨਾ ਚਾਹੀਦਾ ਹੈ। ਆਤਸ਼ਬਾਜ਼ੀ ਅਤੇ ਮਿਠਿਆਈ ਉੱਪਰ ਫ਼ਜ਼ੂਲ ਪੈਸਾ ਖ਼ਰਚ ਕਰਨ ਦੀ ਬਜਾਏ ਅਜਿਹੇ ਮਨੋਰਥਾਂ ਲਈ ਖ਼ਰਚ ਕਰਨਾ ਚਾਹੀਦਾ ਹੈ ਜਿਸ ਨਾਲ਼ ਬਹੁਤੇ ਲੋਕਾਂ ਦਾ ਭਲਾ ਹੋਵੇ।

## ਅੱਖੀਂ ਡਿੱਠਾ ਮੇਲਾ

ਮੇਲੇ ਵੇਖਣ ਦਾ ਮੈਨੂੰ ਬਹੁਤ ਸ਼ੌਕ ਹੈ। ਸਾਡੇ ਪਿੰਡ ਦੇ ਨੇੜੇ-ਨੇੜੇ ਸਾਲ ਵਿੱਚ ਕਈ ਮੇਲੇ ਲੱਗਦੇ ਹਨ। ਇਹਨਾਂ ਸਾਰਿਆਂ ਨੂੰ ਵੇਖਣ ਦਾ ਬੜਾ ਚਾਅ ਹੁੰਦਾ ਹੈ ਪਰ ਦਸਹਿਰੇ ਦਾ ਮੇਲਾ ਇਹਨਾਂ ਸਾਰਿਆਂ ਵਿਚੋਂ ਵੱਡਾ ਹੁੰਦਾ ਹੈ। ਮੈਨੂੰ ਇਸ ਦੀ ਸਭ ਤੋਂ ਵੱਧ ਖਿੱਚ ਹੁੰਦੀ ਹੈ। ਇਸ ਵਾਰੀ ਮੇਲੇ ਦੀ ਯਾਦ ਮੇਰੇ ਮਨ ਵਿੱਚ ਹੁਣ ਤੱਕ ਤਾਜ਼ਾ ਹੈ।

ਅਸੀਂ ਇਸ ਮੇਲੇ ਦੀ ਕਾਫ਼ੀ ਸਮੇਂ ਤੋਂ ਉਡੀਕ ਕਰ ਰਹੇ ਸੀ। ਉਂਞ ਤਾਂ ਇਸ ਮੇਲੇ ਦਾ ਅਰੰਭ ਇੱਕ ਤਰ੍ਹਾਂ ਨਾਲ਼ ਰਾਮ-ਲੀਲ੍ਹਾ ਨਾਲ਼ ਹੀ ਹੋ ਗਿਆ ਸੀ। ਹਰ ਰੋਜ਼ ਸ਼ਾਮ ਨੂੰ ਖ਼ੂਬ ਰੌਣਕ ਹੁੰਦੀ ਹੈ। ਫਿਰ ਵੀ ਦਸਹਿਰੇ ਦੇ ਦਿਨ ਦੀ ਆਪਣੀ ਹੀ ਖਿੱਚ ਸੀ। ਘਰ ਵਿੱਚ ਉੱਗਦੇ ਜੌਂ ਦੋ ਵੇਲ਼ੇ ਸਾਨੂੰ ਆਉਣ ਵਾਲ਼ੇ ਮੇਲੇ ਦੀ ਯਾਦ ਦਿਵਾਉਂਦੇ। ਮੈਂ ਤੇ ਮੇਰੀ ਭੈਣ ਨੇ ਘਰਦਿਆਂ ਤੋਂ ਭਾਨ ਲੈ ਕੇ ਮੇਲੇ ਲਈ ਕਾਫ਼ੀ ਪੈਸੇ ਇਕੱਠੇ ਕਰ ਲਏ ਸਨ। ਸਕੂਲ ਵਿੱਚ ਅਤੇ ਘਰ ਵਿੱਚ ਅਸੀਂ ਰਾਮ-ਲੀਲ੍ਹਾ ਦੀਆਂ ਝਾਕੀਆਂ ਖੇਡਦੇ ਜਾਂ ਉਹਨਾਂ ਪਾਤਰਾਂ ਦੇ ਵਾਰਤਾਲਾਪ ਦੀਆਂ ਨਕਲਾਂ ਲਾਹੁੰਦੇ। ਇੰਞ ਪਤਾ ਹੀ ਨਾ ਲੱਗਾ ਕਿ ਮੇਲੇ ਦਾ ਦਿਨ ਕਦੋਂ ਆ ਗਿਆ।

ਸਵੇਰੇ ਘਰ ਵਿੱਚ ਦਸਹਿਰੇ ਦੇ ਤਿਉਹਾਰ ਦੀਆਂ ਰਸਮਾਂ ਲਈ ਕਈ ਤਰ੍ਹਾਂ ਦੀਆਂ ਖਾਣ ਵਾਲ਼ੀਆਂ ਚੀਜ਼ਾਂ ਬਣਾਈਆਂ ਗਈਆਂ। ਰਸੋਈ ਵੱਲੋਂ ਵੱਖ-ਵੱਖ ਤਰ੍ਹਾਂ ਦੀ ਖ਼ੁਸ਼ਬੋ ਦੀਆਂ ਲਪਟਾਂ ਦੱਸ ਰਹੀਆਂ ਸਨ ਕਿ ਅੱਜ ਦਸਹਿਰਾ ਹੈ। ਦੁਪਹਿਰ ਤੱਕ ਅਸੀਂ ਘਰ ਵਿੱਚ ਬਣੀਆਂ ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਕਈ ਵਾਰੀ ਖਾਧੀਆਂ ਅਤੇ ਵਿੱਚ-ਵਿਚਾਲ਼ੇ ਮੇਲੇ ਵਾਲ਼ੇ ਮੈਦਾਨ ਵਿੱਚ ਵੀ ਚੱਕਰ ਲਾਉਂਦੇ ਰਹੇ। ਉੱਥੇ ਸਵੇਰ ਤੋਂ ਰਾਵਣ, ਕੁੰਭਕਰਨ ਅਤੇ ਮੇਘਨਾਦ ਦੇ ਵੱਡੇ-ਵੱਡੇ ਪੁਤਲੇ ਖੜ੍ਹੇ ਕੀਤੇ ਜਾ ਰਹੇ ਸਨ।

ਦੁਪਹਿਰ ਪਿੱਛੋਂ ਅਸੀਂ ਮੇਲੇ ਵੱਲ ਚੱਲ ਪਏ। ਗਲ਼ੀਆਂ-ਬਜ਼ਾਰਾਂ ਵਿੱਚ ਮੇਲੇ ਨੂੰ ਜਾਂਦੇ ਲੋਕਾਂ ਦੀ ਭੀੜ ਸੀ। ਮੇਲੇ ਵਾਲ਼ੀ ਥਾਂ ਇੱਕ ਵੱਖਰਾ ਹੀ ਸੰਸਾਰ ਵੱਸਿਆ ਹੋਇਆ ਸੀ। ਪਿੰਡਾਂ ਵੱਲੋਂ ਵੀ ਹਰ ਉਮਰ ਦੇ ਲੋਕੀਂ ਰੰਗ-ਬਰੰਗੇ ਕੱਪੜਿਆਂ ਨਾਲ਼ ਸਜੇ ਚਾਈਂ-ਚਾਈਂ ਮੇਲੇ ਵੱਲ ਆ ਰਹੇ ਸਨ। ਦੁਕਾਨਾਂ ਨਾਲ਼ ਸਜੇ ਬਜ਼ਾਰ ਅਤੇ ਵੇਖਣ ਆਏ ਲੋਕ ਭਾਈਚਾਰਿਕ ਏਕੇ ਨੂੰ ਪ੍ਰਗਟਾ ਰਹੇ ਸਨ।

ਮੇਲੇ ਵਿੱਚ ਵੜਦਿਆਂ ਹੀ ਅਸੀਂ ਆਪਾ ਭੁੱਲ ਗਏ। ਚੁਫੇਰੇ ਸੈਂਕੜੇ ਹੀ ਚੀਜ਼ਾਂ ਸਾਡਾ ਧਿਆਨ ਮੱਲੋ-ਮੱਲੀ ਖਿੱਚ ਰਹੀਆਂ ਸਨ—ਖ਼ੁਸ਼ੀ ਵਿੱਚ ਖੀਵੀ ਹੋਈ ਗਹਿਮਾ-ਗਹਿਮ ਭੀੜ, ਛੋਟੀਆਂ-ਵੱਡੀਆਂ ਦੁਕਾਨਾਂ ਉੱਤੇ ਸਜੀਆਂ ਚੀਜ਼ਾਂ, ਚੰਡੋਲਾਂ ਉੱਤੇ ਖ਼ੁਸ਼ੀ ਵਿੱਚ ਕਿਲਕਾਰੀਆਂ ਮਾਰਦੇ ਝੂਟੇ ਲੈਂਦੇ ਬੱਚੇ, ਭੁਕਾਨਿਆਂ, ਪੀਪਣੀਆਂ, ਵਾਜਿਆਂ ਆਦਿ ਦਾ ਸ਼ੋਰ ਅਤੇ ਮੇਲੇ ਦੇ ਵਿਚਕਾਰ ਉੱਚੇ ਦਿਸਦੇ ਰਾਵਣ ਤੇ ਉਸ ਦੇ ਸਾਥੀਆਂ ਦੇ ਰੰਗ-ਬਰੰਗੇ ਪੁਤਲੇ।

ਅਸੀਂ ਇੱਕ ਦੂਜੇ ਦੇ ਹੱਥਾਂ ਨੂੰ ਕੰਘੀ ਪਾ ਕੇ ਮੇਲੇ ਦੇ ਇੱਕ ਪਾਸਿਓਂ ਤੁਰਦੇ-ਤੁਰਦੇ ਦੂਜੇ ਪਾਸੇ ਤੱਕ ਗਏ। ਮਨ ਨਹੀਂ ਸੀ ਰੱਜਦਾ। ਮੁੜ-ਮੁੜ ਮੇਲੇ ਵਿੱਚ ਘੁੰਮਣ, ਕਦੇ ਲੋਕਾਂ ਨੂੰ ਅਤੇ ਕਦੇ ਵਿਕਣ ਵਾਲ਼ੀਆਂ ਚੀਜ਼ਾਂ ਨੂੰ ਵੇਖਣ ਨੂੰ ਜੀਅ ਕਰਦਾ ਸੀ। ਕੋਲ਼ ਜਿੰਨੇ ਪੈਸੇ ਸਨ, ਅਸੀਂ ਖਾਣ ਵਾਲ਼ੀਆਂ ਚੀਜ਼ਾਂ 'ਤੇ ਹੀ ਖ਼ਰਚ ਕਰ ਦਿੱਤੇ। ਸਾਡੇ ਕੋਲ਼ ਹੋਰ ਪੈਸੇ ਹੁੰਦੇ ਤਾਂ ਅਸੀਂ ਉਹ ਵੀ ਖ਼ਰਚ ਦਿੰਦੇ । ਇਹ ਮੇਲਾ ਸੀ, ਇੱਥੇ ਆਪਣੇ-ਆਪ ਦੀ ਸੁੱਧ ਤਾਂ ਰਹਿੰਦੀ ਹੀ ਨਹੀਂ। ਵੱਡੀ ਉਮਰ ਦੇ ਲੋਕ ਆਪਣੇ ਬੱਚਿਆਂ ਲਈ ਨਿੱਕੀਆਂ-ਨਿੱਕੀਆਂ ਚੀਜ਼ਾਂ ਖ਼ਰੀਦ ਰਹੇ ਸਨ। ਚੂੜੀਆਂ ਅਤੇ ਹੋਰ ਘਰੇਲੂ ਵਸਤਾਂ ਦੀਆਂ ਦੁਕਾਨਾਂ ਉੱਤੇ ਇਸਤਰੀਆਂ ਦੀ ਭੀੜ ਸੀ। ਸਾਰਾ ਮੇਲਾ ਇੱਕ ਸੀ ਪਰ ਤਾਂ ਵੀ ਵੱਖ-ਵੱਖ ਥਾਂਵਾਂ 'ਤੇ ਘੇਰਿਆਂ ਵਿੱਚ ਲੋਕਾਂ ਦੀ ਭੀੜ ਲੱਗੀ ਹੋਈ ਸੀ। ਕੁਝ ਪਰ੍ਹਾਂ ਖਿਡਾਰੀ ਖੇਡ ਵਿਖਾ ਰਹੇ ਸਨ ਅਤੇ

ਖੇਡ-ਪ੍ਰੇਮੀ ਉਹਨਾਂ ਦੁਆਲ਼ੇ ਜੁੜੇ ਹੋਏ ਸਨ । ਕੁਝ ਉਰ੍ਹਾਂ ਇੱਕ ਮਦਾਰੀ ਆਪਣੇ ਤਮਾਸ਼ੇ ਨਾਲ਼ ਭੀੜ ਨੂੰ ਕੀਲੀ ਖੜ੍ਹਾ ਸੀ। ਹਰ ਉਮਰ ਦੇ ਲੋਕ ਉਸ ਦੀ ਹਰ ਖੇਡ ਦਾ ਅਨੰਦ ਮਾਣ ਰਹੇ ਸਨ। ਇੱਕ ਵੈਦ ਜਿਹਾ ਆਦਮੀ ਟੋਟਕੇ ਦੱਸ-ਦੱਸ ਕੇ ਆਪਣੀਆਂ ਦਵਾਈਆਂ ਵੇਚ ਰਿਹਾ ਸੀ। ਗੱਲ ਕੀ, ਹਰ ਵੇਖਣ ਵਾਲ਼ਾ ਅਤੇ ਖ਼ਰੀਦਣ ਵਾਲ਼ਾ, ਮੇਲੇ ਦਾ ਅੰਗ ਸੀ।

ਸ਼ਾਮ ਹੋ ਗਈ ਸੀ। ਸਭ ਦਾ ਧਿਆਨ ਪੁਤਲਿਆਂ ਦੇ ਸਾੜੇ ਜਾਣ ਵੱਲ ਮੁੜ ਰਿਹਾ ਸੀ। ਵੇਖਦਿਆਂ ਹੀ ਰਾਮ, ਲਛਮਣ ਅਤੇ ਹਨੂਮਾਨ ਬਣੇ ਕਲਾਕਾਰ ਨੱਚਦੇ-ਟੱਪਦੇ ਪੁਤਲਿਆਂ ਕੋਲ਼ ਪਹੁੰਚ ਗਏ। ਉਹ ਉੱਚੀ-ਉੱਚੀ ਵਾਰਤਾਲਾਪ ਕਰ ਰਹੇ ਸਨ ਜੋ ਸਾਨੂੰ ਸੁਣਾਈ ਨਹੀਂ ਸੀ ਦਿੰਦੀ। ਕੁਝ ਸਮੇਂ ਪਿੱਛੋਂ ਪੁਤਲਿਆਂ ਨੂੰ ਅੱਗ ਲਾਈ ਗਈ। ਉਹਨਾਂ ਵਿੱਚ ਰੱਖੇ ਪਟਾਕਿਆਂ ਦੇ ਫਟਣ ਦੀਆਂ ਅਵਾਜ਼ਾਂ ਲਗਾਤਾਰ ਆਉਣ ਲੱਗੀਆਂ ਅਤੇ ਨਾਲ਼ ਹੀ ਭੀੜ ਦਾ ਸ਼ੋਰ ਉੱਚਾ ਹੋਇਆ।

ਇਸ ਤੋਂ ਪਿੱਛੋਂ ਲੋਕ ਆਪੋ-ਆਪਣੇ ਘਰਾਂ ਨੂੰ ਜਾਣ ਲੱਗ ਪਏ। ਮੈਦਾਨ ਤੋਂ ਨਿਕਲ਼ਨ ਵਾਲ਼ੇ ਰਾਹਾਂ ਉੱਤੇ ਲੋਕਾਂ ਦਾ ਹੜ੍ਹ ਵਗਣ ਲੱਗ ਪਿਆ। ਮੈਂ ਤੇ ਮੇਰੀ ਭੈਣ ਗੁਆਚ ਜਾਣ ਦੇ ਡਰੋਂ ਬੜੀ ਸਾਵਧਾਨੀ ਨਾਲ਼ ਇੱਕ ਦੂਜੇ ਦਾ ਹੱਥ ਫੜੀ ਘਰ ਨੂੰ ਮੁੜ ਪਏ। ਕੁਝ ਲੋਕਾਂ ਨੇ ਮੇਲੇ ਤੋਂ ਖ਼ਰੀਦੀਆਂ ਚੀਜ਼ਾਂ ਹੱਥਾਂ ਵਿੱਚ ਚੁੱਕੀਆਂ ਹੋਈਆਂ ਸਨ। ਸਾਡੇ ਹੱਥ ਖ਼ਾਲੀ ਸਨ ਪਰ ਸਾਡਾ ਮਨ ਮੇਲੇ ਦੇ ਸੁਆਦ ਨਾਲ਼ ਭਰਿਆ ਹੋਇਆ ਸੀ। ਘਰ ਆ ਕੇ ਕਿੰਨੀ ਦੇਰ ਅਸੀਂ ਇੱਕ-ਦੂਜੇ ਤੋਂ ਕਾਹਲ਼ੇ, ਮੇਲੇ ਦੀਆਂ ਗੱਲਾਂ ਘਰਦਿਆਂ ਨੂੰ ਦੱਸਦੇ ਰਹੇ।

## ਛੱਬੀ ਜਨਵਰੀ

ਛੱਬੀ ਜਨਵਰੀ ਅਤੇ ਪੰਦਰਾਂ ਅਗਸਤ ਸਾਡੇ ਕੌਮੀ ਤਿਉਹਾਰ ਹਨ। ਪੰਦਰਾਂ ਅਗਸਤ ਅਜ਼ਾਦੀ-ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ ਅਤੇ ਛੱਬੀ ਜਨਵਰੀ ਗਣਤੰਤਰ-ਦਿਵਸ ਵਜੋਂ।

ਸਾਡੇ ਦੇਸ ਦੇ ਇਤਿਹਾਸ ਵਿੱਚ ਛੱਬੀ ਜਨਵਰੀ ਦਾ ਮਹੱਤਵਪੂਰਨ ਸਥਾਨ ਹੈ। ਇਸ ਦਿਨ 1929 ਈ. ਵਿੱਚ ਰਾਵੀ ਦਰਿਆ ਦੇ ਕੰਢੇ ਭਾਰਤ ਨੂੰ ਅਜ਼ਾਦ ਕਰਾਉਣ ਦਾ ਐਲਾਨ ਕੀਤਾ ਗਿਆ ਸੀ। ਇੱਥੇ ਇੱਕ ਸਮਾਗਮ ਵਿੱਚ ਬੋਲਦਿਆਂ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ ਅਸੀਂ ਭਾਰਤਵਾਸੀ ਅੱਜ ਤੋਂ ਅਜ਼ਾਦ ਹਾਂ। ਅੰਗਰੇਜ਼ ਸਰਕਾਰ ਨੂੰ ਅਸੀਂ ਆਪਣੀ ਸਰਕਾਰ ਨਹੀਂ ਮੰਨਦੇ। ਅਸੀਂ ਆਖ਼ਰੀ ਦਮ ਤੱਕ ਭਾਰਤ ਦੀ ਅਜ਼ਾਦੀ ਲਈ ਲੜਦੇ ਰਹਾਂਗੇ ਅਤੇ ਅੰਗਰੇਜ਼ਾਂ ਨੂੰ ਚੈਨ ਨਾਲ਼ ਬੈਠਣ ਨਹੀਂ ਦਿਆਂਗੇ। ਛੱਬੀ ਜਨਵਰੀ ਦੇ ਇਸ ਐਲਾਨ ਤੋਂ ਪਿੱਛੋਂ ਅਜ਼ਾਦੀ ਲਈ ਲੜਾਈ ਹੋਰ ਤੇਜ਼ ਹੋ ਗਈ। ਅਣਗਿਣਤ ਦੇਸ-ਭਗਤਾਂ ਨੇ ਜਿਨ੍ਹਾਂ ਵਿੱਚੋਂ ਬਹੁਤ ਸਾਰੇ ਗੁਮਨਾਮ ਹਨ, ਇਸ ਲੜਾਈ ਵਿੱਚ ਆਪਣੀਆਂ ਕੁਰਬਾਨੀਆਂ ਦੇ ਕੇ ਹਿੱਸਾ ਪਾਇਆ। ਅਜ਼ਾਦੀ ਲਈ ਦੇਸਵਾਸੀਆਂ ਦੀ ਇਸ ਲੰਮੀ ਜੱਦੋ-ਜਹਿਦ ਤੋਂ ਪਿੱਛੋਂ ਆਖ਼ਰ 15 ਅਗਸਤ, 1947 ਦਾ ਦਿਨ ਆਇਆ। ਹੁਣ ਦੇਸ ਸੁਤੰਤਰ ਹੋ ਚੁੱਕਾ ਸੀ ਪਰ ਜਿਹੜੀਆਂ ਆਸਾਂ, ਉਮੰਗਾਂ ਅਤੇ ਸੁਪਨੇ ਲੈ ਕੇ ਅਜ਼ਾਦੀ ਦੀ ਲੜਾਈ ਲੜੀ ਗਈ, ਉਹਨਾਂ ਨੂੰ ਅੰਗਰੇਜ਼ਾਂ ਵੱਲੋਂ ਚਲਾਏ ਗਏ ਪ੍ਰਬੰਧਕੀ ਢਾਂਚੇ ਵਿੱਚ ਪੂਰਾ ਕਰਨਾ ਸੰਭਵ ਨਹੀਂ ਸੀ। ਇਸ ਲਈ ਨਵੇਂ ਸੰਵਿਧਾਨ ਦਾ ਨਿਰਮਾਣ ਕੀਤਾ ਗਿਆ।

ਭਾਰਤ ਦੇ ਨਵੇਂ ਸੰਵਿਧਾਨ ਵਿੱਚ ਅਜ਼ਾਦ ਭਾਰਤ ਦੇ ਨਾਗਰਿਕਾਂ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਗਏ। ਭਾਰਤ ਨੂੰ ਗਣਤੰਤਰ ਰਾਜ ਮੰਨਿਆ ਗਿਆ। ਗਣਤੰਤਰਤਾ, ਧਰਮ-ਨਿਰਪੱਖਤਾ ਅਤੇ ਸਮਾਜਵਾਦ ਨੂੰ ਵਿਸ਼ੇਸ਼ ਥਾਂ ਦਿੱਤੀ ਗਈ। 26 ਜਨਵਰੀ, 1950 ਈ. ਨੂੰ ਦੇਸ ਦੀ ਕਾਇਆਂ-ਕਲਪ ਕਰ ਦੇਣ ਵਾਲ਼ਾ ਇਹ ਸੰਵਿਧਾਨ ਲਾਗੂ ਕਰ ਦਿੱਤਾ ਗਿਆ। ਇਸ ਦਿਨ ਤੋਂ ਰਾਸ਼ਟਰਪਤੀ ਦੇਸ ਦਾ ਸੰਵਿਧਾਨਿਕ ਮੁਖੀ ਬਣ ਗਿਆ।

ਪੰਦਰਾਂ ਅਗਸਤ ਵਾਂਗ ਛੱਬੀ ਜਨਵਰੀ ਦਾ ਦਿਵਸ ਵੀ ਸਾਰੇ ਦੇਸ ਵਿੱਚ ਮਨਾਇਆ ਜਾਂਦਾ ਹੈ। ਸਰਕਾਰੀ ਸੰਸਥਾਵਾਂ ਅਤੇ ਇਮਾਰਤਾਂ ਉੱਤੇ ਰਾਸ਼ਟਰੀ ਝੰਡਾ ਝੁਲਾਇਆ ਜਾਂਦਾ ਹੈ। ਵਿੱਦਿਅਕ ਸੰਸਥਾਵਾਂ ਵਿੱਚ ਇਹ ਦਿਨ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਮਨਾਇਆ ਜਾਂਦਾ ਹੈ। ਵੱਖ-ਵੱਖ ਨਗਰਾਂ ਤੋਂ ਇਲਾਵਾ ਜ਼ਿਲ੍ਹਾ-ਪੱਧਰ ਉੱਤੇ ਸਮਾਗਮਾਂ ਦਾ ਆਯੋਜਨ ਕੀਤਾ ਜਾਂਦਾ ਹੈ। ਦਿੱਲੀ ਵਿਖੇ ਰਾਸ਼ਟਰੀ ਪੱਧਰ ਦਾ ਵੱਡਾ ਸਮਾਗਮ ਹੁੰਦਾ ਹੈ। ਇਸ ਦਿਨ ਸਰਕਾਰੀ ਦਫ਼ਤਰਾਂ ਅਤੇ ਵਿੱਦਿਅਕ ਸੰਸਥਾਵਾਂ ਨੂੰ ਇਹ ਦਿਨ ਮਨਾਉਣ ਲਈ ਛੁੱਟੀ ਹੁੰਦੀ ਹੈ।

ਛੱਬੀ ਜਨਵਰੀ ਦੇ ਗਣਤੰਤਰ-ਦਿਵਸ ਦੇ ਮੌਕੇ 'ਤੇ ਸਮਾਚਾਰ ਪੱਤਰਾਂ ਅਤੇ ਰਿਸਾਲਿਆਂ ਵੱਲੋਂ ਵਿਸ਼ੇਸ਼ ਅੰਕ ਕੱਢੇ ਜਾਂਦੇ ਹਨ। ਰੇਡੀਓ ਅਤੇ ਟੈਲੀਵੀਜ਼ਨ ਤੋਂ ਖ਼ਾਸ ਪ੍ਰੋਗ੍ਰਾਮ ਦਿੱਤੇ ਜਾਂਦੇ ਹਨ। ਇਹਨਾਂ ਵਿੱਚ ਦੇਸ ਦੀ ਅਜ਼ਾਦੀ

ਦੀ ਲੜਾਈ ਅਤੇ ਅਜ਼ਾਦੀ ਲੈਣ ਪਿੱਛੋਂ ਸਾਡੀਆਂ ਪ੍ਰਾਪਤੀਆਂ ਬਾਰੇ ਭਾਸ਼ਣ ਆਦਿ ਹੁੰਦੇ ਹਨ। ਬਹੁਤ ਸਾਰੇ ਲੋਕ ਇਸ ਦਿਨ ਦਿੱਲੀ ਵਿਖੇ ਗਣਤੰਤਰ-ਸਮਾਰੋਹ ਵੇਖਣ ਜਾਂਦੇ ਹਨ। ਬਾਕੀ ਲੋਕ ਰੇਡੀਓ ਤੋਂ ਇਸ ਸਮਾਰੋਹ ਦਾ ਅੱਖੀਂ ਡਿੱਠਾ ਹਾਲ ਸੁਣਦੇ ਜਾਂ ਟੈਲੀਵੀਜ਼ਨ ਉੱਤੇ ਇਸ ਸਮਾਰੋਹ ਨੂੰ ਵੇਖਦੇ ਹਨ। ਛੱਬੀ ਜਨਵਰੀ ਦਾ ਗਣਤੰਤਰ-ਸਮਾਰੋਹ ਇਕ ਵਿਸ਼ੇਸ਼ ਖਿੱਚ ਰੱਖਦਾ ਹੈ। ਸਮਾਰੋਹ ਵਿੱਚ ਦੇਸ ਦੇ ਰਾਸ਼ਟਰਪਤੀ ਇੱਕ ਸ਼ਾਨਦਾਰ ਬੱਘੀ ਰਾਹੀਂ ਪਹੁੰਚਦੇ ਹਨ। ਪ੍ਰਧਾਨ ਮੰਤਰੀ, ਉਹਨਾਂ ਦੇ ਸਹਿਯੋਗੀ ਮੰਤਰੀ ਅਤੇ ਤਿੰਨਾਂ ਸੈਨਾਵਾਂ ਦੇ ਮੁਖੀ ਉਹਨਾਂ ਦਾ ਸੁਆਗਤ ਕਰਦੇ ਹਨ। ਤਦ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਹੁੰਦੀ ਹੈ ਅਤੇ ਤੋਪਾਂ ਦੀ ਸਲਾਮੀ ਦਿੱਤੀ ਜਾਂਦੀ ਹੈ। ਇਹ ਸਾਰਾ ਦ੍ਰਿਸ਼ ਬਹੁਤ ਪ੍ਰਭਾਵਸ਼ਾਲੀ ਹੁੰਦਾ ਹੈ। ਇਸ ਮੌਕੇ 'ਤੇ ਦੇਸ ਦੇ ਵੱਖ-ਵੱਖ ਪ੍ਰਾਂਤਾਂ ਤੋਂ ਕਲਾਕਾਰ-ਮੰਡਲੀਆਂ ਆਪਣੇ-ਆਪਣੇ ਸੱਭਿਆਚਾਰ ਦੀਆਂ ਝਲਕੀਆਂ ਪੇਸ਼ ਕਰਕੇ ਅਨੇਕਤਾ ਵਿੱਚ ਏਕਤਾ ਦੇ ਭਾਵ ਨੂੰ ਪ੍ਰਗਟਾਉਂਦੀਆਂ ਹਨ। ਦੇਸ ਦੀ ਫ਼ੌਜ ਦੇ ਤਿੰਨੇ ਅੰਗਾਂ—ਜਲ-ਸੈਨਾ, ਥਲ-ਸੈਨਾ ਅਤੇ ਵਾਯੂ-ਸੈਨਾ ਦੀ ਪਰੇਡ ਹੁੰਦੀ ਹੈ। ਇਸ ਪਰੇਡ ਵਿੱਚ ਐੱਨ. ਸੀ. ਸੀ. ਦੇ ਕੈਡਿਟ, ਸਕਾਊਟ ਅਤੇ ਗਾਈਡ ਵੀ ਭਾਗ ਲੈਂਦੇ ਹਨ। ਇਸ ਜਸ਼ਨ ਨੂੰ ਵੇਖਣ ਲਈ ਬਾਹਰਲੇ ਦੇਸਾਂ ਦੇ ਨੁਮਾਇੰਦੇ ਵੀ ਬੁਲਾਏ ਜਾਂਦੇ ਹਨ।

ਇਸ ਦਿਵਸ 'ਤੇ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲ਼ੇ ਨਾਗਰਿਕਾਂ ਨੂੰ ਰਾਸ਼ਟਰਪਤੀ ਵੱਲੋਂ ਸਨਮਾਨਿਤ ਕੀਤਾ ਜਾਂਦਾ ਹੈ। ਫ਼ੌਜ ਅਤੇ ਪੁਲਿਸ ਦੇ ਚੋਣਵੇਂ ਕਰਮਚਾਰੀਆਂ ਨੂੰ ਉਹਨਾਂ ਦੀ ਸ਼ਾਨਦਾਰ ਸੇਵਾ ਬਦਲੇ ਸਨਮਾਨ ਦਿੱਤਾ ਜਾਂਦਾ ਹੈ ਅਤੇ ਕਈਆਂ ਨੂੰ ਤਰੱਕੀ ਦਿੱਤੀ ਜਾਂਦੀ ਹੈ। ਇਸ ਅਵਸਰ 'ਤੇ ਵਿਸ਼ੇਸ਼ ਕਵੀ-ਦਰਬਾਰ ਹੁੰਦੇ ਹਨ ਜਿਨ੍ਹਾਂ ਵਿੱਚ ਸਾਰਿਆਂ ਪ੍ਰਾਂਤਾਂ ਦੇ ਪ੍ਰਤਿਨਿਧ ਕਵੀ ਆਪਣੀਆਂ ਰਚਨਾਵਾਂ ਪੜ੍ਹ ਕੇ ਸੁਣਾਉਂਦੇ ਹਨ। ਇਸ ਪ੍ਰਕਾਰ ਇਹ ਦਿਨ ਵਿਸ਼ੇਸ਼ ਸਮਾਗਮਾਂ ਅਤੇ ਜਸ਼ਨਾਂ ਦਾ ਹੁੰਦਾ ਹੈ।

ਛੱਬੀ ਜਨਵਰੀ ਦਾ ਦਿਨ ਮਨਾਉਣ ਦੇ ਖ਼ਾਸ ਮਨੋਰਥ ਹਨ। ਇਸ ਮੌਕੇ 'ਤੇ ਉਹਨਾਂ ਸਾਰੇ ਸੁਤੰਤਰਤਾ-ਸੰਗਰਾਮੀਆਂ ਦੀਆਂ ਸੇਵਾਵਾਂ ਨੂੰ ਯਾਦ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਅਣਗਿਣਤ ਕਸ਼ਟ ਝੱਲ ਕੇ ਦੇਸ ਨੂੰ ਅਜ਼ਾਦ ਕਰਵਾਇਆ। ਇਸ ਦੇ ਨਾਲ਼ ਹੀ ਅਜ਼ਾਦ ਭਾਰਤ ਵਿੱਚ ਪੈਦਾ ਹੋਏ ਨਾਗਰਿਕਾਂ ਨੂੰ ਦ੍ਰਿੜ੍ਹ ਕਰਵਾਇਆ ਜਾਂਦਾ ਹੈ ਕਿ ਜਿਹੜੀ ਅਜ਼ਾਦੀ ਨੂੰ ਉਹ ਮਾਣ ਰਹੇ ਹਨ,ਉਹ ਸੌਖੀ ਪ੍ਰਾਪਤ ਨਹੀਂ ਹੋਈ। ਇਸ ਅਜ਼ਾਦੀ ਲਈ ਦੇਸ ਦੇ ਹਰ ਕੋਨੇ ਦੇ ਭਾਰਤੀਆਂ ਨੇ ਜਿਹੜੀਆਂ ਕੁਰਬਾਨੀਆਂ ਦਿੱਤੀਆਂ ਹਨ, ਉਹਨਾਂ ਦਾ ਸਾਡੇ ਸਿਰ ਰਿਣ ਹੈ। ਇਹ ਰਿਣ ਤਦ ਹੀ ਚੁਕਾਇਆ ਜਾ ਸਕਦਾ ਹੈ ਜੇ ਇਸ ਅਜ਼ਾਦੀ ਨੂੰ ਕਾਇਮ ਰੱਖਦੇ ਹੋਏ ਦੇਸ ਨੂੰ ਸਮਰੱਥ ਅਤੇ ਖ਼ੁਸ਼ਹਾਲ ਬਣਾਇਆ ਜਾਵੇ।

ਪੰਦਰਾਂ ਅਗਸਤ ਅਤੇ ਛੱਬੀ ਜਨਵਰੀ ਦੇ ਦਿਨ ਆਪਣੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਕਰਨ ਦੇ ਮੌਕੇ ਹੁੰਦੇ ਹਨ। ਆਗੂਆਂ ਵੱਲੋਂ ਦੇਸ ਦੇ ਹਰ ਨਾਗਰਿਕ ਦੀ ਭਲਾਈ ਅਤੇ ਚੰਗੇਰੇ ਜੀਵਨ ਲਈ ਆਪਣੀ ਜ਼ੁੰਮੇਵਾਰੀ ਮਹਿਸੂਸ ਕੀਤੀ ਜਾਂਦੀ ਹੈ। ਇਸ ਦੇ ਨਾਲ਼ ਹੀ ਹਰ ਨਾਗਰਿਕ ਵੱਲੋਂ ਭਵਿਖ ਵਿੱਚ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਵਧੇਰੇ ਸਰਗਰਮ ਹੋਣ ਦਾ ਨਿਸ਼ਚਾ ਕੀਤਾ ਜਾਂਦਾ ਹੈ। ਵਿਸ਼ੇਸ਼ ਕਰਕੇ ਦੇਸ ਦੇ ਨੌਜਵਾਨਾਂ ਨੂੰ ਉਹਨਾਂ ਦੇ ਫ਼ਰਜ਼ਾਂ ਬਾਰੇ ਚਿੰਤਨ ਕਰਕੇ ਦੇਸ ਦੇ ਨਿਰਮਾਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

ਇਹ ਗੌਰਵਮਈ ਦਿਨ ਸਾਡੇ ਹੋਰ ਤਿਉਹਾਰਾਂ ਵਾਂਗ ਸਾਡੇ ਸੱਭਿਆਚਾਰ ਦਾ ਅੰਗ ਬਣ ਰਹੇ ਹਨ।

## ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ

ਇਹ ਤੁਕ ਗੁਰੂ ਨਾਨਕ ਦੇਵ ਜੀ ਦੀ ਹੈ। ਇਸ ਦਾ ਅਰਥ ਹੈ ਕਿ ਮਿਠਾਸ ਅਤੇ ਨਿਮਰਤਾ ਸਾਰੇ ਗੁਣਾਂ ਅਤੇ ਚੰਗਿਆਈਆਂ ਦਾ ਨਿਚੋੜ ਹੈ। ਦੂਜੇ ਸ਼ਬਦਾਂ ਵਿੱਚ ਇਹ ਦੋਵੇਂ ਗੁਣ ਮਨੁੱਖੀ ਆਚਰਨ ਦਾ ਆਧਾਰ ਹੋਣੇ ਚਾਹੀਦੇ ਹਨ। ਗੁਰੂ ਜੀ ਦੇ ਜਿਹੜੇ ਸਲੋਕ ਵਿੱਚ ਇਹ ਤੁਕ ਆਉਂਦੀ ਹੈ, ਉਸ ਵਿੱਚ ਇੱਕ ਦ੍ਰਿਸ਼ਟਾਂਤ ਦਿੱਤਾ ਹੋਇਆ ਹੈ। ਇਸ ਅਨੁਸਾਰ ਸਿੰਮਲ ਦਾ ਰੁੱਖ ਉੱਚਾ, ਲੰਮਾ ਅਤੇ ਮੋਟਾ ਹੁੰਦਾ ਹੈ ਪਰ ਉਸ ਦੇ ਫਲ਼ ਫਿੱਕੇ ਹੁੰਦੇ ਹਨ, ਫੁੱਲ ਬਕਬਕੇ ਹੁੰਦੇ ਹਨ ਅਤੇ ਉਸ ਦੇ ਪੱਤੇ ਵੀ ਬੇਕਾਰ ਹੁੰਦੇ ਹਨ। ਇਸ ਲਈ ਜੇ ਕੋਈ ਪੰਛੀ ਆਸ ਨਾਲ਼ ਉਸ ਦਰਖ਼ਤ ਕੋਲ਼ ਆਉਂਦਾ ਹੈ ਤਾਂ ਉਹ ਨਿਰਾਸ ਹੁੰਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਮਿਠਾਸ ਨੀਵਿਆਂ ਵਿੱਚ ਹੁੰਦੀ ਹੈ ਅਤੇ ਇਹ ਸਾਰੇ ਗੁਣਾਂ ਅਤੇ ਚੰਗਿਆਈਆਂ ਦਾ ਨਿਚੋੜ ਹੈ। ਜੋ ਨਿਮਰਤਾ ਧਾਰਨ ਕਰਦਾ ਹੈ, ਉਹ ਨਿੱਗਰ ਹੁੰਦਾ ਹੈ। ਜੇਕਰ

ਕੋਈ ਆਪਣੇ ਸੁਆਰਥ ਲਈ, ਜਿਵੇਂ ਕਿ ਸ਼ਿਕਾਰੀ ਸ਼ਿਕਾਰ ਮਾਰਨ ਲਈ ਕਰਦਾ ਹੈ, ਨੀਵਾਂ ਹੁੰਦਾ ਹੈ ਪਰ ਉਸ ਦਾ ਮਨ ਸਾਫ਼ ਨਾ ਹੋਵੇ ਤਦ ਉੱਤੋਂ- ਉੱਤੋਂ ਨੀਵੇਂ ਹੋਣ ਦਾ ਕੋਈ ਲਾਭ ਨਹੀਂ।

ਗੁਰੂ ਜੀ ਦੇ ਦੱਸੇ ਇਹਨਾਂ ਗੁਣਾਂ ਦਾ ਮਨੁੱਖ ਨੂੰ ਅਤੇ ਸਮਾਜ ਨੂੰ ਬੜਾ ਲਾਭ ਹੁੰਦਾ ਹੈ। ਜੋ ਵਿਅਕਤੀ ਮਿੱਠਾ ਬੋਲਦਾ ਹੈ ਅਤੇ ਨਿਮਰਤਾ ਨਾਲ਼ ਰਹਿੰਦਾ ਹੈ, ਉਹ ਇਹਨਾਂ ਗੁਣਾਂ ਕਰਕੇ ਆਪ ਵੀ ਖ਼ੁਸ਼ ਰਹਿੰਦਾ ਹੈ ਅਤੇ ਜਿਨ੍ਹਾਂ ਨਾਲ਼ ਉਸ ਦਾ ਵਾਹ ਪੈਂਦਾ ਹੈ, ਉਸ ਦੇ ਇਹਨਾਂ ਗੁਣਾਂ ਕਰਕੇ ਉਹ ਵੀ ਸੁੱਖ ਅਤੇ ਖ਼ੁਸ਼ੀ ਪ੍ਰਾਪਤ ਕਰਦੇ ਹਨ। ਅਜਿਹਾ ਕਰਨ ਨਾਲ਼ ਦੂਜਿਆਂ ਦਾ ਮਾਣ ਵਧਦਾ ਹੈ। ਉਹਨਾਂ ਨਾਲ਼ ਪਿਆਰ ਅਤੇ ਸਾਂਝ ਵੀ ਵਧਦੀ ਹੈ। ਇਸ ਤਰ੍ਹਾਂ ਸਮਾਜਿਕ ਪੱਧਰ 'ਤੇ ਇਹ ਗੁਣ ਮਨੁੱਖ ਨੂੰ ਸਮਾਜ ਨਾਲ਼ ਜੋੜਦੇ ਹਨ।

ਵਿਹਾਰਿਕ ਤੌਰ 'ਤੇ ਵੀ ਵੇਖਿਆ ਜਾਵੇ ਤਾਂ ਇਹ ਗੁਣ ਸਫਲ ਜੀਵਨ ਲਈ ਮਹੱਤਵਪੂਰਨ ਹਨ। ਮਿੱਠੇ ਅਤੇ ਨਿਮਰ ਵਰਤਾਰੇ ਨਾਲ਼ ਅਸੀਂ ਦੂਜਿਆਂ ਦਾ ਵੱਧ ਤੋਂ ਵੱਧ ਸਹਿਯੋਗ ਲੈ ਸਕਦੇ ਹਾਂ। ਆਪਣੀਆਂ ਅਤੇ ਦੂਜਿਆਂ ਦੀਆਂ ਸ਼ਕਤੀਆਂ ਦੀ ਵਧੇਰੇ ਵਰਤੋਂ ਕਰ ਸਕਦੇ ਹਾਂ। ਇਹਨਾਂ ਗੁਣਾਂ ਕਾਰਨ ਮਨੁੱਖ ਦਾ ਸਮਾਜਿਕ ਦਾਇਰਾ ਵਿਸ਼ਾਲ ਹੁੰਦਾ ਹੈ। ਉਹ ਵਿਸ਼ਵਾਸ ਅਤੇ ਸਤਿਕਾਰ ਦਾ ਪਾਤਰ ਬਣਦਾ ਹੈ। ਉਸ ਦੇ ਇਸ ਵਰਤਾਅ ਕਾਰਨ ਦੂਜਿਆਂ ਵਿੱਚ ਵੀ ਮਿਠਾਸ ਅਤੇ ਨਿਮਰਤਾ ਦੇ ਭਾਵ ਪੈਦਾ ਹੁੰਦੇ ਹਨ। ਇਸ ਤਰ੍ਹਾਂ ਮਨੁੱਖ ਇਹਨਾਂ ਗੁਣਾਂ ਸਦਕਾ ਬਿਨਾਂ ਕਲ਼ੇਸ ਜਾਂ ਹਉਮੈਂ ਦੇ ਟਕਰਾਅ ਤੋਂ ਆਪਸ ਵਿੱਚ ਮਿਲ਼ ਕੇ ਇਸ ਤਰ੍ਹਾਂ ਵਰਤਦੇ ਹਨ ਕਿ ਇੱਕ-ਦੂਜੇ ਲਈ ਲਾਭਕਾਰੀ ਬਣਦੇ ਹਨ।

ਇਹ ਗੁਣ ਹਮੇਸ਼ਾਂ ਲਈ ਅਤੇ ਹਰ ਸਥਿਤੀ ਵਿੱਚ ਸੱਚੇ ਹੁੰਦੇ ਹਨ ਪਰ ਸ਼ਰਤ ਇਹ ਹੈ ਕਿ ਮਨੁੱਖ ਦਾ ਮਨ ਸਾਫ਼ ਹੋਵੇ। ਗੁਰੂ ਜੀ ਨੇ ਇਸ ਸੰਬੰਧ ਵਿੱਚ ਚੰਗੀ ਤਰ੍ਹਾਂ ਚਿਤਾਵਨੀ ਕਰ ਦਿੱਤੀ ਹੈ। ਆਪਣੇ ਸੁਆਰਥ ਲਈ ਮਿੱਠਾ ਬੋਲਣ ਜਾਂ ਨਿਮਰ ਰਹਿਣ ਦਾ ਪਖੰਡ ਕਰਨ ਵਾਲ਼ੇ ਦਾ ਪਾਜ ਛੇਤੀ ਹੀ ਖੁੱਲ੍ਹ ਜਾਂਦਾ ਹੈ। ਜੇ ਉਹ ਉੱਤੋਂ-ਉੱਤੋਂ ਇਹਨਾਂ ਗੁਣਾਂ ਦਾ ਵਿਖਾਵਾ ਕਰਦਾ ਵੀ ਹੈ ਤਾਂ ਉਸ ਦਾ ਦੂਜਿਆਂ ਉੱਤੇ ਚੰਗਾ ਪ੍ਰਭਾਵ ਨਹੀਂ ਪੈਂਦਾ।

ਗੁਰੂ ਜੀ ਦੇ ਦੱਸੇ ਇਹ ਗੁਣ ਕੇਵਲ ਕਹਿਣ ਨਾਲ਼ ਹੀ ਜੀਵਨ ਵਿੱਚ ਨਹੀਂ ਆ ਜਾਂਦੇ। ਇਹਨਾਂ ਲਈ ਮਨੁੱਖ ਦੇ ਜੀਵਨ ਵਿੱਚ ਮੁਕੰਮਲ ਤਬਦੀਲੀ ਦੀ ਲੋੜ ਹੈ। ਜੇ ਮਨੁੱਖ ਦੇ ਮਨ ਵਿੱਚ ਹਉਮੈਂ, ਸੁਆਰਥ ਅਤੇ ਹੋਰ ਵਾਧੂ ਲਾਲਸਾਵਾਂ ਨਾ ਹੋਣ ਅਤੇ ਉਸ ਦੀ ਥਾਂ ਦੂਜਿਆਂ ਦੀ ਭਲਾਈ, ਉਹਨਾਂ ਨਾਲ਼ ਪਿਆਰ ਆਦਿ ਦੇ ਭਾਵ ਹੋਣ ਤਾਂ ਹੀ ਉਸਦੇ ਅੰਦਰੋਂ ਮਿੱਠੇ ਬੋਲ ਪੈਦਾ ਹੋ ਸਕਣਗੇ। ਇਸੇ ਤਰ੍ਹਾਂ ਜੇ ਮਨੁੱਖ ਆਪਣੇ ਗੁਣਾਂ ਅਤੇ ਔਗੁਣਾਂ ਨੂੰ ਚੰਗੀ ਤਰ੍ਹਾਂ ਸਮਝਦਾ ਹੋਇਆ ਸਮਾਜ ਵਿੱਚ ਆਪਣੀ ਥਾਂ ਨੂੰ ਪਛਾਣੇ ਤਾਂ ਉਸ ਵਿੱਚ ਫੋਕਾ ਅਭਿਮਾਨ ਨਹੀਂ ਹੋਵੇਗਾ। ਉਹ ਸਮਾਜ ਦਾ ਇੱਕ ਅੰਗ ਹੈ। ਭਾਵੇਂ ਉਹ ਆਪ ਵੀ ਆਪਣੇ ਢੰਗ ਨਾਲ਼ ਸਮਾਜ ਦੇ ਵਿਕਾਸ ਵਿੱਚ ਆਪਣਾ ਹਿੱਸਾ ਪਾਉਂਦਾ ਹੈ ਪਰ ਉਸ ਨੂੰ ਜਿਊਂਣ ਲਈ ਬਾਕੀ ਸਮਾਜ 'ਤੇ ਨਿਰਭਰ ਕਰਨਾ ਪੈਂਦਾ ਹੈ। ਅਜਿਹੀ ਸੋਝੀ ਤੋਂ ਹੀ ਨਿਮਰਤਾ ਦਾ ਭਾਵ ਪੈਦਾ ਹੋ ਸਕਦਾ ਹੈ।

ਸਾਡੇ ਇਤਿਹਾਸ ਅਤੇ ਮਿਥਿਹਾਸ ਵਿੱਚ ਬਹੁਤ ਸਾਰੀਆਂ ਕਥਾ-ਕਹਾਣੀਆਂ ਇਹਨਾਂ ਗੁਣਾਂ ਦੀ ਮਹੱਤਤਾ ਨੂੰ ਉਜਾਗਰ ਕਰਦੀਆਂ ਹਨ। ਸਾਡੇ ਮਹਾਂਪੁਰਖਾਂ ਦੀਆਂ ਜੀਵਨੀਆਂ ਇਹਨਾਂ ਗੁਣਾਂ ਦੀਆਂ ਜਿਊਂਦੀਆਂ-ਜਾਗਦੀਆਂ ਮਿਸਾਲਾਂ ਹਨ।

ਹਜ਼ਰਤ ਮੁਹੰਮਦ ਸਾਹਿਬ ਹਮੇਸ਼ਾਂ ਦੂਜਿਆਂ ਨੂੰ 'ਸਲਾਮ-ਅਲੈਕਮ' ਕਹਿਣ ਵਿੱਚ ਪਹਿਲ ਕਰਦੇ ਸਨ। ਸਿੱਖ ਗੁਰੂ ਸਾਹਿਬਾਂ ਦੁਆਰਾ ਪ੍ਰਚਲਿਤ ਲੰਗਰ ਦੀ ਪ੍ਰਥਾ ਹੋਰ ਗੱਲਾਂ ਤੋਂ ਬਿਨਾਂ ਇਸ ਗੱਲ ਨੂੰ ਵੀ ਉਜਾਗਰ ਕਰਦੀ ਹੈ ਕਿ ਹਰ ਵੱਡਾ-ਛੋਟਾ ਊਚ-ਨੀਚ ਦੇ ਭੇਦ-ਭਾਵ ਨੂੰ ਭੁੱਲ ਕੇ ਪੰਗਤ ਵਿੱਚ ਬਹਿੰਦਾ ਹੈ। ਮਹਾਤਮਾ ਗਾਂਧੀ ਪਛੜੇ ਸਮਝੇ ਜਾਂਦੇ ਲੋਕਾਂ ਦੀਆਂ ਬਸਤੀਆਂ ਵਿੱਚ ਜਾ ਕੇ ਸਫ਼ਾਈ ਕਰਦੇ ਹੁੰਦੇ ਸਨ।

ਕਹਾਵਤ ਹੈ 'ਥੋਥਾ ਚਣਾ ਬਾਜੇ ਘਣਾ' ਅਰਥਾਤ 'ਊਣਾ ਭਾਂਡਾ ਹੀ ਛਲ਼ਕਦਾ ਹੈ'। ਢੋਲ ਦੀ ਅਵਾਜ਼ ਇਸ ਕਰਕੇ ਉੱਚੀ ਹੁੰਦੀ ਹੈ ਕਿ ਉਹ ਅੰਦਰੋਂ ਖ਼ਾਲੀ ਹੁੰਦਾ ਹੈ। ਫਲ਼ਾਂ ਨਾਲ਼ ਲੱਦੀਆਂ ਟਾਹਣੀਆਂ ਹੀ ਨੀਵੀਂਆਂ ਹੁੰਦੀਆਂ ਹਨ। ਤੱਕੜੀ ਦਾ ਉਹ ਪਲੜਾ ਹੀ ਨੀਵਾਂ ਹੁੰਦਾ ਹੈ ਜੋ ਭਾਰਾ ਹੁੰਦਾ ਹੈ। ਅਭਿਮਾਨੀ ਲੋਕ ਕੌੜਾ ਤੇ ਫਿੱਕਾ ਬੋਲ ਕੇ ਆਪਣੇ ਸੱਖਣੇਪਣ ਦਾ ਪ੍ਰਗਟਾਵਾ ਹੀ ਕਰਦੇ ਹਨ। ਜਿਨ੍ਹਾਂ ਲੋਕਾਂ ਨੇ ਮਿਹਨਤ ਅਤੇ ਲਗਨ ਨਾਲ਼ ਕੁਝ ਪ੍ਰਾਪਤ ਕੀਤਾ ਹੁੰਦਾ ਹੈ, ਉਹਨਾਂ ਵਿੱਚ ਸਹਿਜੇ ਹੀ ਨਿਮਰਤਾ ਆ ਜਾਂਦੀ ਹੈ। ਇਸ ਤਰ੍ਹਾਂ ਮਿਠਾਸ ਅਤੇ ਨਿਮਰਤਾ ਦੇ ਗੁਣ

ਅਜਿਹੇ ਮਨੁੱਖ ਦੀ ਕਲਪਨਾ ਕਰਦੇ ਹਨ ਜਿਸ ਦੀ ਸ਼ਖ਼ਸੀਅਤ ਪੂਰੀ ਤਰ੍ਹਾਂ ਵਿਕਸਿਤ ਹੋਈ ਹੋਵੇ। ਉਹ ਮਨੁੱਖ ਸਮਾਜਿਕ ਤੌਰ 'ਤੇ ਲਾਭਕਾਰੀ ਵਿਅਕਤੀ ਹੁੰਦਾ ਹੈ। ਉਹ ਦੂਜਿਆਂ ਦੇ ਸੰਪਰਕ ਵਿੱਚ ਆ ਕੇ ਉਹਨਾਂ ਨੂੰ ਕੁਝ ਦਿੰਦਾ ਹੈ। ਉਹ ਨਿਮਰ ਰਹਿ ਕੇ ਵੀ ਆਪਣੀ ਵਡਿਆਈ ਦਾ ਅਹਿਸਾਸ ਕਰਵਾ ਦਿੰਦਾ ਹੈ।

ਗੁਰੂ ਜੀ ਨੇ ਇਸ ਤੁਕ ਰਾਹੀਂ ਸਾਨੂੰ ਜੀਵਨ ਦਾ ਇੱਕ ਸੂਖਮ ਭੇਦ ਸਮਝਾ ਦਿੱਤਾ ਹੈ ਕਿ ਜੇ ਅਸੀਂ ਇਹਨਾਂ ਗੁਣਾਂ ਨੂੰ ਗ੍ਰਹਿਣ ਕਰਨ ਲਈ ਯਤਨ ਕਰਦੇ ਰਹੀਏ ਤਾਂ ਸਾਡੇ ਜੀਵਨ ਵਿੱਚ ਤਬਦੀਲੀ ਆ ਸਕਦੀ ਹੈ। ਫਿਰ ਕੇਵਲ ਇਹ ਦੋ ਗੁਣ ਹੀ ਨਹੀਂ ਸਗੋਂ ਹੋਰ ਜ਼ਰੂਰੀ ਆਚਰਨਿਕ ਗੁਣ ਵੀ ਸਾਡੇ ਵਿੱਚ ਆ ਜਾਣਗੇ।

## ਅਖ਼ਬਾਰ ਦਾ ਮਹੱਤਵ

ਅਖ਼ਬਾਰ ਦਾ ਸਾਡੇ ਜੀਵਨ ਵਿੱਚ ਮਹੱਤਵਪੂਰਨ ਸਥਾਨ ਹੈ। ਹਰ ਰੋਜ਼ ਸਵੇਰੇ ਉੱਠਦਿਆਂ ਹੀ ਅਖ਼ਬਾਰ ਦੀ ਉਡੀਕ ਕੀਤੀ ਜਾਂਦੀ ਹੈ। ਕੁਝ ਲੋਕਾਂ ਨੂੰ ਸਵੇਰੇ ਅਖ਼ਬਾਰ ਵੇਖੇ ਬਿਨਾਂ ਕੁਝ ਵੀ ਚੰਗਾ ਨਹੀਂ ਲੱਗਦਾ। ਉਹ ਚਾਹ ਦਾ ਕੱਪ ਪੀਣ ਤੋਂ ਪਹਿਲਾਂ ਅਖ਼ਬਾਰ ਦੀ ਮੰਗ ਕਰਦੇ ਹਨ। ਸ਼ਹਿਰਾਂ ਵਿੱਚ ਵਿਸ਼ੇਸ਼ ਕਰਕੇ ਪੜ੍ਹੇ-ਲਿਖੇ ਪਰਿਵਾਰਾਂ ਵਿੱਚ ਅਖ਼ਬਾਰ ਪੜ੍ਹਨਾ ਨਿੱਤ ਦੇ ਜੀਵਨ ਦਾ ਇੱਕ ਜ਼ਰੂਰੀ ਅੰਗ ਬਣ ਗਿਆ ਹੈ।

ਮਨੁੱਖ ਵਿੱਚ ਦੂਜਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਇੱਛਾ ਬੜੀ ਪ੍ਰਬਲ ਹੁੰਦੀ ਹੈ। ਅਖ਼ਬਾਰ ਮੁੱਖ ਤੌਰ 'ਤੇ ਮਨੁੱਖ ਦੀ ਇਸ ਇੱਛਾ ਨੂੰ ਵੀ ਪੂਰਾ ਕਰਦਾ ਹੈ। ਅਖ਼ਬਾਰ ਸਾਨੂੰ ਦੂਰ-ਨੇੜੇ ਦੀਆਂ ਭਾਂਤ-ਭਾਂਤ ਦੀਆਂ ਖ਼ਬਰਾਂ ਦਿੰਦਾ ਹੈ। ਰੇਡੀਓ, ਟੈਲੀਵੀਜ਼ਨ ਆਦਿ ਸੰਚਾਰ-ਸਾਧਨ ਵੀ ਅਜਿਹੀਆਂ ਖ਼ਬਰਾਂ ਅਤੇ ਸੂਚਨਾਵਾਂ ਦਿੰਦੇ ਹਨ ਪਰ ਜੋ ਤਸੱਲੀ ਅਖ਼ਬਾਰ ਪੜ੍ਹ ਕੇ ਹੁੰਦੀ ਹੈ, ਉਹ ਹੋਰ ਕਿਸੇ ਤਰ੍ਹਾਂ ਨਹੀਂ ਹੁੰਦੀ। ਵੱਖ-ਵੱਖ ਅਖ਼ਬਾਰ ਖ਼ਬਰਾਂ ਨੂੰ ਵੱਖ-ਵੱਖ ਢੰਗਾਂ ਨਾਲ਼ ਪੇਸ਼ ਕਰਕੇ ਅਤੇ ਨਾਲ਼ ਹੀ ਆਪਣੀਆਂ ਟਿੱਪਣੀਆਂ ਦੇ ਕੇ ਰੋਚਕ ਅਤੇ ਮਹੱਤਵਪੂਰਨ ਬਣਾ ਦਿੰਦੇ ਹਨ। ਫਿਰ, ਮੌਜ ਇਹ ਹੈ ਕਿ ਅਖ਼ਬਾਰ ਜਦੋਂ ਫ਼ੁਰਸਤ ਮਿਲ਼ੇ, ਉਸ ਵੇਲ਼ੇ ਪੜ੍ਹ ਲਓ। ਕੁਝ ਲੋਕ ਅਖ਼ਬਾਰ ਦੀਆਂ ਮੋਟੀਆਂ-ਮੋਟੀਆਂ ਖ਼ਬਰਾਂ ਵੇਖ ਕੇ ਸੰਤੁਸ਼ਟ ਹੋ ਜਾਂਦੇ ਹਨ। ਜਿਨ੍ਹਾਂ ਕੋਲ਼ ਵਿਹਲ ਹੈ ਉਹ ਖ਼ਬਰਾਂ ਨੂੰ ਵੇਰਵੇ ਸਹਿਤ ਪੜ੍ਹਦੇ ਤੇ ਨਿੱਸਲ਼ ਹੁੰਦੇ ਹਨ। ਅਖ਼ਬਾਰ ਘਟਨਾਵਾਂ ਅਤੇ ਮਸਲਿਆਂ ਨੂੰ ਚੰਗੀ ਤਰ੍ਹਾਂ ਸਮਝਣ ਵਿੱਚ ਮਦਦ ਕਰਦੇ ਹਨ। ਅਖ਼ਬਾਰ ਕੇਵਲ ਪਾਠਕਾਂ ਤੱਕ ਹੀ ਸਮਗਰੀ ਨਹੀਂ ਪੁਚਾਉਂਦਾ ਸਗੋਂ ਸੰਪਾਦਕ ਦੀ ਡਾਕ ਸਿਰਲੇਖ ਹੇਠ ਛਪਦੇ ਕਾਲਮਾਂ ਵਿੱਚ ਪੱਤਰਾਂ ਦੇ ਰੂਪ ਵਿੱਚ ਪਾਠਕਾਂ ਦੀਆਂ ਰਾਵਾਂ, ਸ਼ਿਕਾਇਤਾਂ ਅਤੇ ਔਕੜਾਂ ਨੂੰ ਸਰਕਾਰ ਜਾਂ ਹੋਰ ਸੰਬੰਧਿਤ ਅਦਾਰਿਆਂ ਅੱਗੇ ਪੇਸ਼ ਕਰਦਾ ਹੈ।

ਅਖ਼ਬਾਰ ਜਨਤਾ ਅਤੇ ਸਰਕਾਰ ਜਾਂ ਹੋਰ ਸੰਸਥਾਵਾਂ ਵਿਚਕਾਰ ਇੱਕ ਪੁਲ਼ ਦਾ ਕੰਮ ਦਿੰਦਾ ਹੈ। ਸਰਕਾਰ ਲੋਕਾਂ ਲਈ ਕੀ ਸੋਚਦੀ ਹੈ, ਕੀ ਕਰਦੀ ਹੈ ਅਤੇ ਕਿੱਥੇ ਸਫਲ ਜਾਂ ਅਸਫਲ ਰਹੀ ਹੈ, ਬਾਰੇ ਜਨਤਾ ਨੂੰ ਦੱਸਦਾ ਹੈ। ਦੂਜੇ ਪਾਸੇ ਸਰਕਾਰ ਦੇ ਕੰਮਾਂ ਬਾਰੇ ਜਨਤਾ ਦਾ ਰੌਂ ਵੀ ਪ੍ਰਗਟਾਉਂਦਾ ਹੈ।

ਮੁੱਖ ਤੌਰ 'ਤੇ ਅਖ਼ਬਾਰ ਨੂੰ ਖ਼ਬਰਾਂ ਦੀ ਜਾਣਕਾਰੀ ਲਈ ਪੜ੍ਹਿਆ ਜਾਂਦਾ ਹੈ। ਫਿਰ ਵੀ ਹਰ ਪਾਠਕ ਆਪਣੀ ਰੁਚੀ ਅਨੁਸਾਰ ਹੋਰ ਵੀ ਬਹੁਤ ਕੁਝ ਅਖ਼ਬਾਰ ਵਿੱਚੋਂ ਵੇਖਦਾ ਹੈ। ਉਦਾਹਰਨ ਲਈ ਖੇਡ-ਪ੍ਰੇਮੀ ਖੇਡਾਂ ਬਾਰੇ ਅਤੇ ਮਨੋਰੰਜਨ ਦੇ ਸ਼ੁਕੀਨ ਮਨੋਰੰਜਨ ਬਾਰੇ ਵੇਖਦੇ ਹਨ। ਕਹਿਣ ਤੋਂ ਭਾਵ ਇਹ ਹੈ ਕਿ ਅਖ਼ਬਾਰ ਵਿੱਚ ਖ਼ਬਰਾਂ ਤੋਂ ਬਿਨਾਂ ਇੰਨੀ ਕਿਸਮ ਦੀ ਸਮਗਰੀ ਛਪਦੀ ਹੈ ਕਿ ਇਹ ਨਿੱਤ ਦੇ ਆਮ ਗਿਆਨ ਦਾ ਮੁੱਖ ਸੋਮਾ ਬਣ ਗਏ ਹਨ।

ਕੁਝ ਲੋਕ ਇੱਕ ਤੋਂ ਵੱਧ ਅਖ਼ਬਾਰਾਂ ਪੜ੍ਹਨਾ ਚਾਹੁੰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਹਰ ਅਖ਼ਬਾਰ ਭਾਵੇਂ ਉਹ ਕਿੰਨਾ ਹੀ ਸੁਤੰਤਰ ਹੋਵੇ, ਉਸ ਦਾ ਆਪਣਾ ਦ੍ਰਿਸ਼ਟੀਕੋਣ ਹੁੰਦਾ ਹੈ। ਕਿਸੇ ਮਸਲੇ ਨੂੰ ਭਿੰਨ-ਭਿੰਨ ਦ੍ਰਿਸ਼ਟੀਕੋਣਾਂ ਤੋਂ ਸਮਝਣ ਲਈ ਵੱਧ ਤੋਂ ਵੱਧ ਅਖ਼ਬਾਰ ਪੜ੍ਹਨ ਦੀ ਚਾਹ ਹੁੰਦੀ ਹੈ ਤਾਂ ਵੀ ਪਾਠਕ ਲਈ ਕੋਈ ਇੱਕ ਅਖ਼ਬਾਰ ਆਦਤ ਬਣ ਜਾਂਦਾ ਹੈ। ਉਹ ਇਸ ਅਖ਼ਬਾਰ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੁੰਦਾ ਹੈ। ਇਸ ਲਈ ਕਈ ਵਾਰੀ ਕਿਸੇ ਵਿਅਕਤੀ ਦੀ ਸੋਚਣੀ ਦਾ ਪਤਾ ਉਸ ਦੇ ਮਨਭਾਉਂਦੇ ਅਖ਼ਬਾਰ ਤੋਂ ਲੱਗਦਾ ਹੈ।

ਅਖ਼ਬਾਰਾਂ ਦੇ ਛਪਣ ਦੀ ਗਿਣਤੀ ਜਾਂ ਉਹਨਾਂ ਦੁਆਰਾ ਅਪਣਾਏ ਮਿਆਰਾਂ ਤੋਂ ਅਖ਼ਬਾਰਾਂ ਦੇ ਕਈ ਵਰਗ ਬਣ ਜਾਂਦੇ ਹਨ। ਕੁਝ ਅਖ਼ਬਾਰ ਕਿਸੇ ਖ਼ਾਸ ਖੇਤਰ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ ਅਤੇ ਕੁਝ ਦੇਸ-ਪੱਧਰ ਦੇ ਅਖ਼ਬਾਰ ਹੁੰਦੇ ਹਨ। ਇਸੇ ਤਰ੍ਹਾਂ ਕੁਝ ਅਖ਼ਬਾਰ ਸਨਸਨੀਖ਼ੇਜ਼ ਤੇ ਹੈਰਾਨੀਜਨਕ ਖ਼ਬਰਾਂ ਦਿੰਦੇ ਹਨ ਅਤੇ ਕੁਝ ਠੋਸ ਤੇ ਮਿਆਰੀ

ਖ਼ਬਰਾਂ। ਕੁਝ ਅਖ਼ਬਾਰਾਂ ਦਾ ਅਜਿਹਾ ਮਿਆਰ ਹੁੰਦਾ ਹੈ ਕਿ ਉਹਨਾਂ ਦੀਆਂ ਖ਼ਬਰਾਂ ਦਾ ਹਰ ਵਰਗ ਵਿੱਚ ਬੜਾ ਗੰਭੀਰ ਨੋਟਿਸ ਲਿਆ ਜਾਂਦਾ ਹੈ।

ਅਖ਼ਬਾਰ ਲੋਕਾਂ ਦੀ ਰਾਏ ਬਣਾਉਣ ਵਿੱਚ ਖ਼ਾਸ ਹਿੱਸਾ ਪਾਉਂਦੇ ਹਨ। ਇਸ ਲਈ ਸਰਕਾਰ ਵੀ ਅਖ਼ਬਾਰਾਂ ਨੂੰ ਖ਼ਾਸ ਅਹਿਮੀਅਤ ਦਿੰਦੀ ਹੈ। ਅਖ਼ਬਾਰਾਂ ਵਿੱਚ ਛਪੀਆਂ ਲੋਕਾਂ ਦੀਆਂ ਔਕੜਾਂ ਨੂੰ ਉਹ ਛੇਤੀ-ਤੋਂ-ਛੇਤੀ ਦੂਰ ਕਰਦੀ ਹੈ । ਇਸ ਤਰ੍ਹਾਂ ਅਖ਼ਬਾਰ ਲੋਕਾਂ ਲਈ ਲਾਹੇਵੰਦ ਹੁੰਦੇ ਹਨ। ਲੋਕ-ਰਾਜ ਵਿੱਚ ਵੱਖ-ਵੱਖ ਵਿਚਾਰਧਾਰਾ ਵਾਲ਼ੀਆਂ ਪਾਰਟੀਆਂ ਹੁੰਦੀਆਂ ਹਨ ਅਤੇ ਹਰ ਪਾਰਟੀ ਆਪਣਾ ਅਖ਼ਬਾਰ ਚਲਾ ਕੇ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਚਾਹੁੰਦੀ ਹੈ।

ਅੱਜ-ਕੱਲ੍ਹ ਅਖ਼ਬਾਰ ਕੱਢਣ ਦੇ ਖੇਤਰ ਵਿੱਚ ਬੜੀ ਤਰੱਕੀ ਹੋਈ ਹੈ। ਅਖ਼ਬਾਰ ਦੇ ਦਫ਼ਤਰਾਂ ਵਿੱਚ ਪਏ ਟੈਲੀਪ੍ਰਿੰਟਰਾਂ ਰਾਹੀਂ ਸੰਸਾਰ ਦੇ ਹਰ ਕੋਨੇ ਵਿੱਚ ਹਰ ਪਲ ਖ਼ਬਰਾਂ ਆਪਣੇ ਆਪ ਟਾਈਪ ਹੁੰਦੀਆਂ ਰਹਿੰਦੀਆਂ ਹਨ। ਹਰ ਮੁੱਖ ਸ਼ਹਿਰ ਵਿੱਚ ਬੈਠੇ ਪੱਤਰ-ਪ੍ਰੇਰਕ ਵਾਪਰਦੀਆਂ ਛੋਟੀਆਂ-ਵੱਡੀਆਂ ਘਟਨਾਵਾਂ ਦੇ ਵੇਰਵੇ ਦਿਨ-ਰਾਤ ਭੇਜਦੇ ਰਹਿੰਦੇ ਹਨ। ਛਪਾਈ ਦੀਆਂ ਅਜਿਹੀਆਂ ਮਸ਼ੀਨਾਂ ਤਿਆਰ ਹੋ ਗਈਆਂ ਹਨ ਜਿਹੜੀਆਂ ਕੁਝ ਘੰਟਿਆਂ ਵਿੱਚ ਹੀ ਕਿੰਨੇ ਪੰਨਿਆਂ ਦੇ ਅਖ਼ਬਾਰ ਲੱਖਾਂ ਦੀ ਗਿਣਤੀ ਵਿੱਚ ਬਿਨਾਂ ਗ਼ਲਤੀ ਤੋਂ ਛਾਪ ਦਿੰਦੀਆਂ ਹਨ। ਕਮਾਲ ਦੀ ਗੱਲ ਇਹ ਹੈ ਕਿ ਅਖ਼ਬਾਰ ਦੀ ਤਹਿ ਲਾ ਕੇ ਗਿਣਤੀ ਕਰਨ ਦਾ ਕੰਮ ਵੀ ਮਸ਼ੀਨਾਂ ਕਰਦੀਆਂ ਹਨ।

ਪਾਠਕ ਨੂੰ ਅਖ਼ਬਾਰ ਆਪਣੇ ਘਰ ਸਵੇਰੇ ਹੀ ਮਿਲ਼ ਜਾਂਦਾ ਹੈ। ਅਖ਼ਬਾਰ ਦੇ ਦਫ਼ਤਰ ਤੋਂ ਅਖ਼ਬਾਰਾਂ ਨੂੰ ਘਰੋ-ਘਰੀ ਪਹੁੰਚਾਉਣ ਦਾ ਇੱਕ ਖ਼ਾਸ ਪ੍ਰਬੰਧ ਹੈ। ਆਮ ਤੌਰ ’ਤੇ ਅਖ਼ਬਾਰ ਰਾਤ ਨੂੰ ਛਪਦੇ ਹਨ। ਫਿਰ ਰਾਤੋ-ਰਾਤ ਬੱਸਾਂ, ਰੇਲਗੱਡੀਆਂ, ਹਵਾਈ ਜਹਾਜ਼ਾਂ ਰਾਹੀਂ ਦੂਰ-ਦੁਰਾਡੇ ਦੇ ਸ਼ਹਿਰਾਂ ਤੇ ਕਸਬਿਆਂ ਵਿੱਚ ਪਹੁੰਚ ਜਾਂਦੇ ਹਨ। ਅੱਗੋਂ ਅਖ਼ਬਾਰਾਂ ਦੇ ਏਜੈਂਟ ਅਖ਼ਬਾਰ ਵੰਡਣ ਵਾਲ਼ਿਆਂ ਨੂੰ ਘਰੋ-ਘਰੀ ਅਖ਼ਬਾਰ ਪਹੁੰਚਾਉਣ ਲਈ ਦੇ ਦਿੰਦੇ ਹਨ। ਇਹ ਕੰਮ ਮੀਂਹ ਅਤੇ ਹਨੇਰੀ, ਹਰ ਰੁੱਤ ਤੇ ਮੌਸਮ ਵਿੱਚ ਹਰ ਰੋਜ਼ ਨਿਰਵਿਘਨ ਹੁੰਦਾ ਰਹਿੰਦਾ ਹੈ। ਕੁਝ ਵੱਡੇ ਸ਼ਹਿਰਾਂ ਵਿੱਚ ਅਖ਼ਬਾਰ ਸ਼ਾਮ ਨੂੰ ਵੀ ਨਿਕਲ਼ਦੇ ਹਨ। ਖ਼ਾਸ ਘਟਨਾਵਾਂ ਵਾਪਰਨ ’ਤੇ ਅਖ਼ਬਾਰਾਂ ਦੇ ਵਿਸ਼ੇਸ਼ ਅੰਕ ਵੀ ਛਪਦੇ ਹਨ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਅੱਜ ਦੇ ਯੁੱਗ ਵਿੱਚ ਅਖ਼ਬਾਰ ਇੱਕ ਵੱਡੀ ਲੋੜ ਹੈ।

## ਬੇਰੁਜ਼ਗਾਰੀ ਦੀ ਸਮੱਸਿਆ

ਅਜ਼ਾਦੀ ਤੋਂ ਪਿੱਛੋਂ ਸਾਡੇ ਦੇਸ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਮ੍ਹਣਾ ਕਰਨਾ ਪਿਆ। ਇਹਨਾਂ ਵਿੱਚੋਂ ਗ਼ਰੀਬੀ, ਮਹਿੰਗਾਈ, ਅਨਪੜ੍ਹਤਾ, ਫ਼ਿਰਕਾਪ੍ਰਸਤੀ ਅਤੇ ਵਧਦੀ ਅਬਾਦੀ ਦੀਆਂ ਸਮੱਸਿਆਵਾਂ ਮੁੱਖ ਰਹੀਆਂ ਹਨ। ਬੇਰੁਜ਼ਗਾਰੀ ਵੀ ਅਜਿਹੀ ਇੱਕ ਗੰਭੀਰ ਸਮੱਸਿਆ ਹੈ।

ਬੇਰੁਜ਼ਗਾਰ ਉਹ ਮਨੁੱਖ ਹੁੰਦਾ ਹੈ ਜੋ ਕਿਸੇ ਕੰਮ ਨੂੰ ਕਰਨ ਦੀ ਯੋਗਤਾ ਰੱਖਦਾ ਹੈ ਅਤੇ ਉਹ ਆਪਣੀ ਰੋਜ਼ੀ ਲਈ ਕੰਮ ਕਰਨਾ ਚਾਹੁੰਦਾ ਵੀ ਹੈ ਪਰੰਤੂ ਉਸ ਨੂੰ ਉਹ ਕੰਮ ਪ੍ਰਾਪਤ ਨਹੀਂ ਹੁੰਦਾ। ਕਈ ਵਾਰੀ ਮਜਬੂਰੀ ਵੱਸ ਮਨੁੱਖ ਨੂੰ ਕੋਈ ਅਜਿਹਾ ਕੰਮ ਕਰਨਾ ਪੈਂਦਾ ਹੈ ਜਿੱਥੇ ਉਸ ਦੀਆਂ ਯੋਗਤਾਵਾਂ ਨੂੰ ਪੂਰੀ ਤਰ੍ਹਾਂ ਵਰਤਿਆ ਨਹੀਂ ਜਾਂਦਾ ਜਾਂ ਉਹ ਕੰਮ ਉਸ ਦੀ ਰੁਚੀ ਅਨੁਸਾਰ ਨਹੀਂ ਹੁੰਦਾ। ਕਈ ਵਾਰੀ ਇਹ ਕੰਮ ਉਸ ਨੂੰ ਪੂਰੇ ਸਮੇਂ ਲਈ ਨਹੀਂ ਮਿਲ਼ਦਾ। ਕਈ ਵਾਰੀ ਉਸ ਨੂੰ ਆਪਣੀ ਯੋਗਤਾ ਅਨੁਸਾਰ ਪੂਰਾ ਮਿਹਨਤਾਨਾ ਵੀ ਨਹੀਂ ਮਿਲ਼ਦਾ। ਇਸ ਤਰ੍ਹਾਂ ਬੇਰੁਜ਼ਗਾਰੀ ਅਤੇ ਅਰਧ-ਬੇਰੁਜ਼ਗਾਰੀ ਦੀਆਂ ਪਰਿਸਥਿਤੀਆਂ ਪੈਦਾ ਹੁੰਦੀਆਂ ਹਨ।

ਸਾਡੇ ਦੇਸ ਵਿੱਚ ਬੇਰੁਜ਼ਗਾਰਾਂ ਦੀ ਗਿਣਤੀ ਦਿਨੋ-ਦਿਨ ਵਧ ਰਹੀ ਹੈ। ਅਰਧ-ਬੇਰੁਜ਼ਗਾਰੀ ਵਾਲ਼ੇ ਲੋਕਾਂ ਦੀ ਗਿਣਤੀ ਵੀ ਬਹੁਤ ਹੈ। ਇਹਨਾਂ ਹਾਲਤਾਂ ਦਾ ਦੇਸ ਦੇ ਸਮਾਜਿਕ ਅਤੇ ਆਰਥਿਕ ਢਾਂਚੇ ’ਤੇ ਬਹੁਤ ਭੈੜਾ ਅਸਰ ਪੈਂਦਾ ਹੈ । ਬੇਰੁਜ਼ਗਾਰ ਮਨੁੱਖ ਸਮਾਜ ਉੱਤੇ ਬੋਝ ਬਣਦਾ ਹੈ ਜਦੋਂ ਕਿ ਠੀਕ ਰੁਜ਼ਗਾਰ ਮਿਲ਼ਨ ਦੀ ਹਾਲਤ ਵਿੱਚ ਉਸ ਨੇ ਆਪਣਾ ਬੋਝ ਚੁੱਕਣ ਦੇ ਨਾਲ਼-ਨਾਲ਼ ਦੇਸ ਦੀ ਪੈਦਾਵਾਰ ਵਿੱਚ ਵਾਧਾ ਕਰਨਾ ਹੁੰਦਾ ਹੈ। ਬੇਰੁਜ਼ਗਾਰੀ ਦੀ ਸਥਿਤੀ ਵਿੱਚ ਮਨੁੱਖ ਦੁਖੀ ਅਤੇ ਨਿਰਾਸ ਹੁੰਦਾ ਹੈ। ਲੰਮੇ ਸਮੇਂ ਦੀ ਬੇਰੁਜ਼ਗਾਰੀ ਵਿੱਚ ਉਹ ਆਪਣੇ-ਆਪ ਨੂੰ ਅਤੇ ਆਪਣੇ ਆਲ਼ੇ-ਦੁਆਲ਼ੇ ਨੂੰ ਨਫ਼ਰਤ ਕਰਨ ਲੱਗ ਪੈਂਦਾ ਹੈ। ਜਦੋਂ ਦੇਸ ਵਿੱਚ ਅਜਿਹੇ ਲੋਕਾਂ ਦੀ ਗਿਣਤੀ ਵਧਦੀ ਹੋਵੇ ਤਾਂ ਦੇਸ ਲਈ ਇਹ ਇੱਕ ਗੰਭੀਰ ਸਮੱਸਿਆ ਬਣ ਜਾਂਦੀ ਹੈ।

ਭਾਰਤ ਵਿੱਚ ਵਧੇਰੇ ਬੇਰੁਜ਼ਗਾਰੀ ਪੜ੍ਹੇ-ਲਿਖੇ ਲੋਕਾਂ ਵਿੱਚ ਹੈ। ਦੇਸ ਅਜ਼ਾਦ ਹੋਣ ਤੋਂ ਪਹਿਲਾਂ ਸਿੱਖਿਆ ਦੀ ਜਿਹੜੀ ਪ੍ਰਨਾਲ਼ੀ ਪ੍ਰਚਲਿਤ ਸੀ, ਉਹ ਕੇਵਲ ਬਾਬੂ ਲੋਕ ਪੈਦਾ ਕਰਨ ਵਾਲ਼ੀ ਸੀ। ਅਜ਼ਾਦੀ ਪਿੱਛੋਂ ਸਿੱਖਿਆ ਦੇ ਖੇਤਰ ਵਿੱਚ ਕਾਫ਼ੀ ਤਬਦੀਲੀਆਂ ਕੀਤੀਆਂ ਗਈਆਂ ਤਾਂਜੋ ਸਿੱਖਿਆ ਦੇਸ ਦੀਆਂ ਲੋੜਾਂ ਅਨੁਸਾਰ ਹੋਵੇ। ਫਿਰ ਵੀ ਇਹ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਹੱਲ ਕਰਨ ਵਿੱਚ ਪੂਰੀ ਤਰ੍ਹਾਂ ਸਮਰੱਥ ਨਹੀਂ ਬਣ ਸਕੀ। ਅਜੇ ਵੀ ਬਹੁਤ ਸਾਰੇ ਲੋਕ ਕਈ-ਕਈ ਸਾਲ ਪੜ੍ਹ ਕੇ ਕਿਸੇ ਕੰਮ ਦੇ ਯੋਗ ਨਹੀਂ ਹੁੰਦੇ। ਵੱਧ ਤੋਂ ਵੱਧ ਉਹ ਦਫ਼ਤਰ ਦੇ ਬਾਬੂ ਹੀ ਬਣ ਸਕਦੇ ਹਨ। ਸਿੱਖਿਆ ਦੇ ਖੇਤਰ ਵਿੱਚ ਪਸਾਰ ਵੀ ਬਹੁਤ ਹੋਇਆ ਹੈ। ਇਸ ਲਈ ਤਕਨੀਕੀ ਸਿੱਖਿਆ ਦੇ ਖੇਤਰ ਨੂੰ ਛੱਡ ਕੇ ਬਾਕੀ ਸਿੱਖਿਆ ਪ੍ਰਾਪਤ ਕਰਨ ਵਾਲ਼ਿਆਂ ਵਿੱਚ ਬੇਰੁਜ਼ਗਾਰੀ ਜ਼ਿਆਦਾ ਹੈ। ਸਰਕਾਰ ਵੱਲੋਂ ਸਿੱਖਿਆ ਨੂੰ ਰੁਜ਼ਗਾਰ-ਮੂਲਿਕ ਬਣਾਉਣ ਦੀਆਂ ਕੋਸ਼ਸ਼ਾਂ ਵੀ ਹੋ ਰਹੀਆਂ ਹਨ। ਪਰ ਦੂਜੇ ਪਾਸੇ ਵੱਸੋਂ ਦਾ ਵਾਧਾ ਏਨਾ ਹੋ ਰਿਹਾ ਹੈ ਕਿ ਇਹ ਯਤਨ ਆਟੇ ਵਿੱਚ ਲੂਣ ਵਾਂਗ ਹੀ ਜਾਪਦੇ ਹਨ।

ਦਿਨੋ-ਦਿਨ ਕਿੱਤਿਆਂ ਦਾ ਮਸ਼ੀਨੀਕਰਨ ਹੋ ਰਿਹਾ ਹੈ। ਇਸ ਨਾਲ਼ ਤਕਨੀਕੀ ਸਿੱਖਿਆ ਤੋਂ ਕੋਰੇ ਲੋਕ ਬੇਰੁਜ਼ਗਾਰ ਹੁੰਦੇ ਜਾ ਰਹੇ ਹਨ। ਬਹੁਤ ਸਾਰੇ ਲੋਕ ਪਿੰਡਾਂ ਤੋਂ ਸ਼ਹਿਰਾਂ ਵੱਲ਼ ਨੂੰ ਰੁਜ਼ਗਾਰ ਦੀ ਤਲਾਸ਼ ਵਿੱਚ ਆ ਰਹੇ ਹਨ। ਸ਼ਹਿਰਾਂ ਵਿੱਚ ਵੀ ਹਰ ਇੱਕ ਨੂੰ ਮਨਪਸੰਦ ਦਾ ਰੁਜ਼ਗਾਰ ਮਿਲ਼ਨਾ ਸੰਭਵ ਨਹੀਂ ਹੈ। ਬੇਰੁਜ਼ਗਾਰਾਂ ਵਿੱਚ ਕਾਫ਼ੀ ਗਿਣਤੀ ਫ਼ੌਜ ਵਿੱਚੋਂ ਸੇਵਾ-ਮੁਕਤ ਲੋਕਾਂ ਦੀ ਵੀ ਹੈ।

ਬੇਰੁਜ਼ਗਾਰੀ ਦੀ ਸਮੱਸਿਆ ਕੇਵਲ ਭਾਰਤ ਵਿੱਚ ਹੀ ਨਹੀਂ, ਹੋਰ ਵਿਕਸਿਤ ਹੋ ਰਹੇ ਦੇਸਾਂ ਵਿੱਚ ਵੀ ਹੈ। ਇੱਥੋਂ ਤੱਕ ਕਿ ਦੁਨੀਆ ਦੇ ਖ਼ੁਸ਼ਹਾਲ ਮੰਨੇ ਜਾਂਦੇ ਦੇਸ ਅਮਰੀਕਾ ਅਤੇ ਇੰਗਲੈਂਡ ਵੀ ਇਸ ਸਮੱਸਿਆ ਨਾਲ ਦੋ-ਚਾਰ ਹੋ ਰਹੇ ਹਨ।

ਭਾਰਤ ਵਿੱਚ ਇਸ ਸਮੱਸਿਆ ਨੂੰ ਹੱਲ ਕਰਨ ਲਈ ਸਰਕਾਰ ਵੱਲੋਂ ਕਈ ਤਰ੍ਹਾਂ ਦੇ ਯਤਨ ਕੀਤੇ ਜਾ ਰਹੇ ਹਨ। ਸੇਵਾ-ਮੁਕਤ ਫ਼ੌਜੀਆਂ, ਪੜ੍ਹੇ-ਲਿਖੇ ਬੇਰੁਜ਼ਗਾਰਾਂ ਆਦਿ ਨੂੰ ਕਰਜ਼ੇ ਦੇ ਕੇ ਉਹਨਾਂ ਨੂੰ ਆਪਣੇ ਕਾਰੋਬਾਰ ਖੋਲ੍ਹਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਪਿੰਡਾਂ ਵਿੱਚ ਸਹਾਇਕ ਕਿੱਤਿਆਂ, ਜਿਵੇਂ ; ਮੱਝਾਂ, ਮੁਰਗ਼ੀਆਂ, ਸੂਰ, ਸ਼ਹਿਦ ਦੀਆਂ ਮੱਖੀਆਂ ਆਦਿ ਪਾਲਣ ਲਈ ਲੁੜੀਂਦੀ ਸਿੱਖਿਆ ਅਤੇ ਕਰਜ਼ਿਆਂ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਪਰ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਜਦੋਂ ਤੀਕ ਨੌਜਵਾਨਾਂ ਵਿੱਚ ਨੌਕਰੀਆਂ ਪਿੱਛੇ ਭੱਜਣ ਦੀ ਥਾਂ ਆਪਣੇ ਹੱਥੀਂ ਕੰਮ ਕਰਨ ਦੀ ਇੱਛਾ ਪੈਦਾ ਨਹੀਂ ਹੁੰਦੀ ਤਦ ਤੱਕ ਇਸ ਸਮੱਸਿਆ ਦਾ ਕੋਈ ਠੋਸ ਹੱਲ ਨਹੀਂ ਹੋ ਸਕਦਾ। ਜੇ ਦਫ਼ਤਰੀ ਨੌਕਰੀਆਂ ਨਾਲ਼ੋਂ ਕਾਰਖ਼ਾਨਿਆਂ, ਖੇਤਾਂ ਅਤੇ ਉਪਜਾਊ ਕਿੱਤਿਆਂ ਵਿੱਚ ਲੱਗਣ ਨਾਲ਼ ਆਰਥਿਕ ਲਾਭ ਵਧੇਰੇ ਹੋਵੇ ਤਾਂ ਹੱਥੀਂ ਕੰਮ ਕਰਨ ਦੀ ਭਾਵਨਾ ਹੋਰ ਵੀ ਮਜ਼ਬੂਤ ਹੋਵੇਗੀ।

ਸਮੁੱਚੇ ਤੌਰ 'ਤੇ ਸਾਡੇ ਵਿੱਦਿਅਕ ਢਾਂਚੇ ਨੂੰ ਰੁਜ਼ਗਾਰ ਦੀਆਂ ਲੋੜਾਂ ਅਨੁਸਾਰ ਹੋਰ ਬਦਲਣ ਦੀ ਲੋੜ ਹੈ। ਆਰਥਿਕ ਢਾਂਚੇ ਨੂੰ ਵੀ ਵਧੇਰੇ ਮਜ਼ਬੂਤ ਕਰਨ ਦੀ ਜ਼ਰੂਰਤ ਹੈ। ਭਾਵੇਂ ਇਹ ਗੁੰਝਲ਼ਦਾਰ ਮਸਲਾ ਹੈ ਕਿਉਂਕਿ ਜਦੋਂ ਵੱਧ ਤੋਂ ਵੱਧ ਦੇਸਵਾਸੀ ਠੀਕ ਰੁਜ਼ਗਾਰ 'ਤੇ ਲੱਗੇ ਹੋਣਗੇ ਤਾਂ ਦੇਸ ਦੀ ਆਰਥਿਕਤਾ ਆਪਣੇ-ਆਪ ਮਜ਼ਬੂਤ ਹੋਵੇਗੀ। ਦੂਜੇ ਪਾਸੇ ਜਦੋਂ ਤੱਕ ਆਰਥਿਕ ਢਾਂਚਾ ਪੂਰੀ ਤਰ੍ਹਾਂ ਠੀਕ ਨਹੀਂ ਹੁੰਦਾ, ਉਦੋਂ ਤੱਕ ਸਭ ਨੂੰ ਰੁਜ਼ਗਾਰ ਕਿਵੇਂ ਮਿਲ਼ ਸਕਦਾ ਹੈ ? ਕਿਵੇਂ ਵੀ ਹੋਵੇ ਇਹ ਸਮੱਸਿਆ ਜ਼ਰੂਰ ਹੱਲ ਕੀਤੀ ਜਾਣੀ ਚਾਹੀਦੀ ਹੈ। ਰੁਜ਼ਗਾਰ ਮਨੁੱਖ ਲਈ ਬਹੁਤ ਜ਼ਰੂਰੀ ਹੈ, ਇਸ ਤੋਂ ਬਿਨਾਂ ਉਸ ਦੀ ਸ਼ਖ਼ਸੀਅਤ ਦਾ ਠੀਕ ਵਿਕਾਸ ਨਹੀਂ ਹੋ ਸਕਦਾ ਅਤੇ ਨਾ ਹੀ ਉਹ ਸਮਾਜ ਦੇ ਵਿਕਾਸ ਵਿੱਚ ਕੋਈ ਯੋਗਦਾਨ ਪਾ ਸਕਦਾ ਹੈ।

## ਭਰੂਣ-ਹੱਤਿਆ

ਸਮਾਜ ਦੀ ਸਭ ਤੋਂ ਛੋਟੀ ਇਕਾਈ ਇੱਕ ਪਰਿਵਾਰ ਨੂੰ ਮੰਨਿਆ ਜਾਂਦਾ ਹੈ। ਔਰਤ ਅਤੇ ਮਰਦ ਦੋਵੇਂ ਪਰਿਵਾਰ-ਰੂਪੀ ਗੱਡੀ ਦੇ ਦੋ ਪਹੀਏ ਹਨ। ਦੋਵੇਂ ਇੱਕ-ਦੂਜੇ ਦੇ ਪੂਰਕ ਹਨ। ਕੋਈ ਵੀ ਵੱਡਾ ਜਾਂ ਛੋਟਾ, ਚੰਗਾ ਜਾਂ ਮਾੜਾ ਨਹੀਂ। ਪਰ ਅੱਜ ਦੇ ਸਮੇਂ ਵਿੱਚ ਮਨੁੱਖ ਦੀ ਸੋਚ ਵਿੱਚ ਏਨੀ ਜ਼ਿਆਦਾ ਗਿਰਾਵਟ ਆ ਚੁੱਕੀ ਹੈ ਕਿ ਉਹ 'ਜੱਗ-ਜਣਨੀ' ਔਰਤ ਨੂੰ ਵਾਧੂ ਅਤੇ ਘਟੀਆ ਸਮਝਣ ਲੱਗ ਪਿਆ ਹੈ। ਹਾਲਾਤ ਏਨੇ ਬਦਤਰ ਹੋ ਗਏ ਹਨ ਕਿ ਧੀਆਂ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਖ਼ਤਮ ਕੀਤਾ ਜਾ ਰਿਹਾ ਹੈ। ਵਿਗਿਆਨਿਕ ਮਸ਼ੀਨਾਂ ਰਾਹੀਂ ਮਾਂ ਦੇ ਗਰਭ ਵਿੱਚ ਪਲ਼ ਰਹੇ

ਬੱਚੇ ਦੇ ਲਿੰਗ ਸੰਬੰਧੀ ਪਤਾ ਲਾ ਲਿਆ ਜਾਂਦਾ ਹੈ। ਜੇਕਰ ਬੱਚਾ ਮਾਦਾ ਹੋਵੇ ਤਾਂ ਉਸ ਨੂੰ ਖ਼ਤਮ ਕਰ ਦਿੱਤਾ ਜਾਂਦਾ ਹੈ।

ਮਾਂ ਦੀ ਕੁੱਖ ਵਿੱਚ ਵਿਕਸਿਤ ਹੋ ਰਿਹਾ ਬੱਚਾ ਜਦੋਂ ਲਗ-ਪਗ ਅੱਠ ਹਫ਼ਤਿਆਂ ਦਾ ਹੁੰਦਾ ਹੈ, ਉਸ ਨੂੰ ਭਰੂਣ ਕਿਹਾ ਜਾਂਦਾ ਹੈ। ਵਿਕਾਸ ਦੇ ਇਸ ਪੜਾਅ ਉੱਤੇ ਬੱਚੇ ਦੇ ਲਿੰਗ ਸਮੇਤ ਸਾਰੇ ਅੰਗਾਂ ਨੂੰ 'ਅਲਟ੍ਰਾ-ਸਾਊਂਡ ਸਕੈਨਿੰਗ' ਰਾਹੀਂ ਪਛਾਣਿਆ ਜਾ ਸਕਦਾ ਹੈ। ਜੇਕਰ ਭਰੂਣ ਦੀ ਪਛਾਣ 'ਨਰ' ਵਜੋਂ ਹੋਵੇ ਤਾਂ ਉਸ ਨੂੰ ਖ਼ੁਸ਼ੀ-ਖ਼ੁਸ਼ੀ ਸ੍ਵੀਕਾਰ ਕਰ ਲਿਆ ਜਾਂਦਾ ਹੈ। ਜੇਕਰ ਭਰੂਣ 'ਮਾਦਾ' ਹੋਵੇ ਤਾਂ ਹੀ ਉਸ ਦੀ ਹੱਤਿਆ ਕਰਵਾਈ ਜਾਂਦੀ ਹੈ। 1980 ਵਿੱਚ 'ਅਲਟ੍ਰਾ-ਸਾਊਂਡ ਸਕੈਨਿੰਗ' ਮਸ਼ੀਨਾਂ ਭਾਰਤ ਵਿੱਚ ਆਈਆਂ। ਉਦੋਂ ਤੋਂ ਹੀ ਮਾਦਾ-ਭਰੂਣ-ਹੱਤਿਆ ਸ਼ੁਰੂ ਹੋਈ ਹੈ ਜਿਸਦੇ ਨਤੀਜੇ ਵਜੋਂ ਸਮਾਜ ਵਿੱਚ ਅਸੰਤੁਲਨ ਪੈਦਾ ਹੋ ਰਿਹਾ ਹੈ ਅਤੇ ਔਰਤਾਂ ਦੀ ਗਿਣਤੀ ਮਰਦਾਂ ਦੇ ਮੁਕਾਬਲੇ ਘਟ ਰਹੀ ਹੈ।

ਭਾਰਤੀ ਸਮਾਜ ਵਿੱਚ ਔਰਤ ਦਾ ਮਹੱਤਵ ਸਮੇਂ-ਸਮੇਂ ਬਦਲਦਾ ਰਿਹਾ ਹੈ। ਵੈਦਿਕ ਕਾਲ ਵਿੱਚ ਔਰਤ ਦੀ ਸਥਿਤੀ ਬਹੁਤ ਸਨਮਾਨ ਵਾਲ਼ੀ ਸੀ। ਪੁਰਾਣਾਂ ਵਿੱਚ ਤਾਂ ਔਰਤ ਨੂੰ ਲੱਛਮੀ, ਸਰਸਵਤੀ ਅਤੇ ਸ਼ਕਤੀ ਦਾ ਰੂਪ ਮੰਨਿਆ ਗਿਆ ਹੈ। ਕਦੇ ਇਹ ਕਿਹਾ ਜਾਂਦਾ ਸੀ, "ਜਿਸ ਪਹਿਲੀ ਜਾਈ ਲੱਛਮੀ, ਸੋਈ ਕੁੱਖ ਸੁਲੱਖਣੀ।" ਅਰਥਾਤ ਜਿਹੜੀ ਔਰਤ ਪਹਿਲਾਂ ਧੀ ਦੀ ਮਾਂ ਬਣਦੀ ਹੈ, ਉਸ ਦੀ ਕੁੱਖ ਸੁਲੱਖਣੀ ਹੁੰਦੀ ਹੈ। ਫਿਰ ਸਾਡੇ ਸਮਾਜ ਵਿੱਚ ਉਹ ਸਮਾਂ ਵੀ ਆਇਆ ਜਦੋਂ ਧੀਆਂ ਨੂੰ ਜਨਮ ਤੋਂ ਤੁਰੰਤ ਬਾਅਦ ਮੂੰਹ ਵਿੱਚ ਗੁੜ ਪਾ ਕੇ, ਹੱਥ ਵਿੱਚ ਪੂਣੀ ਫੜਾ ਕੇ, ਘੜੇ ਵਿੱਚ ਪਾ ਕੇ ਦੱਬ ਦਿੱਤਾ ਜਾਂਦਾ ਸੀ ਅਤੇ ਕਿਹਾ ਜਾਂਦਾ ਸੀ, "ਗੁੜ ਖਾਈਂ, ਪੂਣੀਂ ਕੱਤੀਂ; ਆਪ ਨਾ ਆਈਂ, ਵੀਰ ਨੂੰ ਘੱਤੀਂ, ਪਰ ਸਮਾਜ-ਸੁਧਾਰਕ ਇਸ ਕੁਰੀਤੀ ਨੂੰ ਭੰਡਦੇ ਰਹੇ ਹਨ। ਅੱਜ ਤੋਂ ਲਗ-ਪਗ ਪੰਜ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਔਰਤ ਜਾਤੀ ਪ੍ਰਤਿ ਸਤਿਕਾਰ ਪ੍ਰਗਟ ਕਰਦਿਆਂ ਆਖਿਆ ਸੀ, "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।" ਇਸੇ ਪ੍ਰਕਾਰ ਬਾਅਦ ਵਿੱਚ ਗੁਰੂ ਅਮਰਦਾਸ ਜੀ ਨੇ 'ਸਤੀ-ਪ੍ਰਥਾ' ਵਿਰੁੱਧ ਅਵਾਜ਼ ਉਠਾ ਕੇ ਔਰਤ ਦੇ ਹੱਕ ਦੀ ਗੱਲ ਕੀਤੀ।

ਨਿਰਸੰਦੇਹ ਔਰਤ ਤੋਂ ਬਿਨਾਂ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਵਿਚਾਰਨ ਦੀ ਲੋੜ ਹੈ ਕਿ ਧੀਆਂ ਪ੍ਰਤਿ ਮਾਪਿਆਂ ਅਤੇ ਸਮਾਜ ਦੀ ਸੋਚ ਨਾਂਹ-ਪੱਖੀ ਕਿਉਂ ਹੈ ? ਯਕੀਨਨ ਹੀ ਦਾਜ ਦੀ ਲਾਹਨਤ ਅਤੇ ਸਮਾਜਿਕ ਅਸੁਰੱਖਿਆ ਇਸ ਦਾ ਵੱਡਾ ਕਾਰਨ ਹੈ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਦਾਜ ਵਿੱਚ ਮੰਗੀਆਂ ਜਾਣ ਵਾਲ਼ੀਆਂ ਵਸਤੂਆਂ ਦੀ ਕੋਈ ਸੀਮਾ ਨਹੀਂ ਰਹੀ । ਵਿਆਹਾਂ ਦੌਰਾਨ ਖਾਣ-ਪੀਣ ਦੇ ਸਮਾਨ ਅਤੇ ਸਜਾਵਟ ਆਦਿ ਕਰਨ ਦੇ ਖ਼ਰਚੇ ਵੀ ਬਹੁਤ ਵਧ ਗਏ ਹਨ। ਇਸ ਕਾਰਨ ਮਾਪੇ ਧੀਆਂ ਨੂੰ ਬੋਝ ਸਮਝਣ ਲੱਗੇ ਹਨ। ਵਿਆਹ ਤੋਂ ਬਾਅਦ ਦਿੱਤੇ ਜਾਣ ਵਾਲ਼ੇ ਛੂਛਕ ਅਤੇ ਹਰੇਕ ਤਿਉਹਾਰ ਉੱਤੇ ਧੀ ਦੇ ਮਾਪਿਆਂ ਵੱਲੋਂ ਦਿੱਤੇ ਜਾਣ ਵਾਲ਼ੇ ਸੰਧਾਰੇ ਆਦਿ ਵੀ ਮਾਪਿਆਂ ਦਾ ਆਰਥਿਕ ਬੋਝ ਵਧਾਉਂਦੇ ਹਨ। ਸਾਡੇ ਸਮਾਜ ਵਿੱਚ ਨੈਤਿਕ ਕਦਰਾਂ-ਕੀਮਤਾਂ ਨਿਘਾਰ ਵੱਲ ਜਾ ਰਹੀਆਂ ਹਨ। ਅਨੈਤਿਕਤਾ ਦਾ ਬੋਲ-ਬਾਲਾ ਹੋ ਰਿਹਾ ਹੈ। ਪਰਾਈਆਂ ਔਰਤਾਂ ਨੂੰ ਮਾਂਵਾਂ, ਧੀਆਂ, ਭੈਣਾਂ ਸਮਝਣਾ ਹੁਣ ਸਾਡੇ ਚਰਿੱਤਰ ਦਾ ਅੰਗ ਨਹੀਂ ਰਿਹਾ। ਇਸੇ ਕਰਕੇ ਦੇਰ-ਸਵੇਰ ਘਰੋਂ ਨਿਕਲ਼ਨ ਲੱਗਿਆਂ ਲੜਕੀਆਂ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ।

ਧੀਆਂ ਨੂੰ ਜਨਮ ਤੋਂ ਪਹਿਲਾਂ ਹੀ ਖ਼ਤਮ ਕਰਨਾ ਕਿਸੇ ਸਮੱਸਿਆ ਦਾ ਹੱਲ ਨਹੀਂ। ਅਜਿਹਾ ਕਰਕੇ ਮਨੁੱਖ ਆਪਣੇ ਪੈਰੀਂ ਆਪ ਕੁਹਾੜਾ ਮਾਰ ਰਿਹਾ ਹੈ ਕਿਉਂਕਿ ਧੀਆਂ ਨੂੰ ਖ਼ਤਮ ਕਰਨ ਦਾ ਅਰਥ ਹੈ ਭਵਿਖ ਦੀਆਂ ਮਾਂਵਾਂ ਨੂੰ ਖ਼ਤਮ ਕਰਨਾ। ਇਸ ਬੁਰਾਈ ਦਾ ਅੰਤ ਕਰਨ ਲਈ ਸਰਕਾਰ ਨੇ ਕਨੂੰਨ ਬਣਾਏ ਹਨ ਅਤੇ ਲਿੰਗ-ਟੈੱਸਟ ਕਰਨ ਉੱਤੇ ਪੂਰੀ ਪਾਬੰਦੀ ਲਾਈ ਹੋਈ ਹੈ। ਹਰ ਇੱਕ ਹਸਪਤਾਲ ਅਤੇ 'ਅਲਟ੍ਰਾ-ਸਾਊਂਡ ਸਕੈਨਿੰਗ ਸੈਂਟਰਾਂ' ਵਿੱਚ ਇਹ ਸੂਚਨਾ-ਬੋਰਡ ਲਾਉਣਾ ਜ਼ਰੂਰੀ ਹੈ। ਪਰ ਫਿਰ ਵੀ ਇਹ ਅਪਰਾਧ ਚੋਰੀ-ਛਿਪੇ ਹੁੰਦਾ ਰਹਿੰਦਾ ਹੈ। ਇਹ ਕੁਕਰਮ ਕਰਨ ਵਾਲ਼ੇ ਡਾਕਟਰਾਂ ਅਤੇ ਮਾਪਿਆਂ ਉੱਤੇ ਸਮੇਂ-ਸਮੇਂ ਕੇਸ ਵੀ ਦਰਜ ਹੁੰਦੇ ਹਨ। ਸਰਕਾਰ ਅਤੇ ਸਮਾਜਿਕ ਜਥੇਬੰਦੀਆਂ ਦੇ ਯਤਨਾਂ ਸਦਕਾ ਲਿੰਗ-ਅਨੁਪਾਤ ਵਿੱਚ ਕੁਝ ਸੁਧਾਰ ਵੀ ਹੋਇਆ ਹੈ। 1991 ਦੀ ਜਨ-ਗਣਨਾ ਵਿੱਚ 1000 ਮਰਦਾਂ ਪਿੱਛੇ ਔਰਤਾਂ ਦੀ ਗਿਣਤੀ 882 ਸੀ, 2001 ਵਿੱਚ 874 ਅਤੇ 2011 ਵਿੱਚ ਇਹ ਵਧ ਕੇ 893 ਹੋ ਗਈ ਹੈ। ਸਮੁੱਚੇ ਯਤਨਾਂ ਸਦਕਾ ਭਵਿਖ ਵਿੱਚ ਇਸ ਪਾਸੇ ਹੋਰ ਸੁਧਾਰ ਹੋਣ ਦੀ ਆਸ ਹੈ।

ਆਪਣੀ ਸੁਰੱਖਿਆ ਲਈ ਤੇ ਔਰਤ ਜਾਤੀ ਨੂੰ ਬਚਾਉਣ ਲਈ ਔਰਤਾਂ ਨੂੰ ਹੀ ਅੱਗੇ ਆਉਣਾ ਚਾਹੀਦਾ ਹੈ। ਸਾਰੀਆਂ ਮਾਂਵਾਂ ਨੂੰ ਭਰੂਣ-ਹੱਤਿਆ ਦਾ ਪਾਪ ਨਾ ਕਰਨ ਦਾ ਪ੍ਰਣ ਕਰਨਾ ਚਾਹੀਦਾ ਹੈ। ਸ੍ਵੈ-ਸੁਰੱਖਿਆ ਲਈ ਜੂਡੋ-

ਕਰਾਟੇ ਆਦਿ ਦੀ ਸਿੱਖਿਆ ਲੜਕੀਆਂ ਲਈ ਜ਼ਰੂਰੀ ਹੋਣੀ ਚਾਹੀਦੀ ਹੈ। ਸਾਡੇ ਸਕੂਲਾਂ ਵਿੱਚ ਇਹ ਸਿੱਖਿਆ ਦਿੱਤੀ ਵੀ ਜਾਣ ਲੱਗੀ ਹੈ। ਨੈਤਿਕ ਸਿੱਖਿਆ ਨੂੰ ਵੀ ਪਾਠ-ਕ੍ਰਮ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਅਨੈਤਿਕ ਕੰਮ ਕਰਨ ਵਾਲ਼ੇ ਲੋਕਾਂ ਲਈ ਸਖ਼ਤ ਸਜ਼ਾਵਾਂ ਹੋਣੀਆਂ ਚਾਹੀਦੀਆਂ ਹਨ। ਮੁੰਡੇ ਅਤੇ ਕੁੜੀ ਵਿੱਚ ਕਿਸੇ ਵੀ ਕਿਸਮ ਦਾ ਭੇਦ-ਭਾਵ ਨਹੀਂ ਕਰਨਾ ਚਾਹੀਦਾ। ਇਸ ਗੱਲ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ ਕਿ ਔਰਤ ਦੀ ਹੋਂਦ ਨਾਲ਼ ਹੀ ਸਮਾਜ ਅਤੇ ਮਨੁੱਖ ਜਾਤੀ ਦੀ ਹੋਂਦ ਕਾਇਮ ਹੈ।

## ਨਸ਼ਾ ਨਾਸ ਕਰਦਾ ਹੈ

ਨਸ਼ੀਲੇ ਪਦਾਰਥਾਂ ਦੀ ਮਨੁੱਖਾਂ ਦੁਆਰਾ ਵਰਤੋਂ ਕਰਨਾ ਨਸ਼ਾ ਕਰਨਾ ਅਖਵਾਉਂਦਾ ਹੈ। ਇਹਨਾਂ ਪਦਾਰਥਾਂ ਦੇ ਸੇਵਨ ਨਾਲ਼ ਮਨੁੱਖ ਦਾ ਨਾੜੀ-ਤੰਤਰ ਪ੍ਰਭਾਵਿਤ ਹੁੰਦਾ ਹੈ ਅਤੇ ਉਹ ਕੁਝ ਸਮੇਂ ਲਈ ਅਨੰਦ ਮਹਿਸੂਸ ਕਰਦਾ ਹੈ ਪਰ ਨਸ਼ਾ ਉੱਤਰ ਜਾਣ ਪਿੱਛੋਂ ਉਸ ਨੂੰ ਫਿਰ ਨਸ਼ੀਲੇ ਪਦਾਰਥਾਂ ਦੀ ਲੋੜ ਮਹਿਸੂਸ ਹੁੰਦੀ ਹੈ। ਇਉਂ ਮਨੁੱਖ ਨਸ਼ਿਆਂ ਦਾ ਆਦੀ ਹੋ ਜਾਂਦਾ ਹੈ ਅਤੇ ਨਸ਼ੇ ਤੋਂ ਬਿਨਾਂ ਉਸ ਦਾ ਗੁਜ਼ਾਰਾ ਮੁਸ਼ਕਲ ਹੋ ਜਾਂਦਾ ਹੈ।

ਨਸ਼ੀਲੇ ਪਦਾਰਥਾਂ ਦੇ ਵੱਡੀ ਮਾਤਰਾ ਵਿੱਚ ਫੜੇ ਜਾਣ ਦੀਆਂ ਖ਼ਬਰਾਂ ਅਸੀਂ ਰੋਜ਼ ਪੜ੍ਹਦੇ-ਸੁਣਦੇ ਹਾਂ। ਇਹਨਾਂ ਪਦਾਰਥਾਂ ਦੀ ਕੀਮਤ ਵੀ ਕਰੋੜਾਂ ਰੁਪਈਆਂ ਵਿੱਚ ਹੁੰਦੀ ਹੈ। ਪੁਰਾਣੇ ਸਮੇਂ ਵਿੱਚ ਅਫ਼ੀਮ, ਪੋਸਤ, ਭੁੱਕੀ ਜਾਂ ਸ਼ਰਾਬ ਦੀ ਵਰਤੋਂ ਕੀਤੀ ਜਾਂਦੀ ਸੀ ਪਰ ਹੁਣ ਤਾਂ ਚਰਸ, ਗਾਂਜਾ, ਸਮੈਕ, ਸਿਗਰਟਾਂ, ਸੁਲਫ਼ਾ, ਕੋਕੀਨ, ਤਮਾਕੂ ਅਤੇ ਕਈ ਕਿਸਮ ਦੇ ਟੀਕੇ, ਗੋਲ਼ੀਆਂ ਅਤੇ ਕੈਪਸੂਲ ਵੀ ਨਸ਼ੇ ਲਈ ਆਮ ਵਰਤੇ ਜਾਣ ਲੱਗੇ ਹਨ। ਕੁਝ ਦੇਸਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਖੇਤੀ ਕੀਤੀ ਜਾਂਦੀ ਹੈ ਅਤੇ ਇਹਨਾਂ ਪਦਾਰਥਾਂ ਵਿੱਚ ਹੋਰ ਨਸ਼ੀਲੇ ਰਸਾਇਣ ਮਿਲ਼ਾ ਕੇ ਇਹਨਾਂ ਦੇ ਪ੍ਰਭਾਵ ਨੂੰ ਵਧਾਇਆ ਜਾਂਦਾ ਹੈ। ਨਸ਼ਾ ਤਿਆਰ ਕਰਨ ਅਤੇ ਇਸ ਨੂੰ ਮੰਡੀ ਵਿੱਚ ਵੇਚਣ ਤੱਕ ਦਾ ਕੰਮ ਕਰਨ ਲਈ ਨਸ਼ੇ ਦੇ ਵਪਾਰੀਆਂ ਨੇ ਬਹੁਤ ਗੁੰਝਲ਼ਦਾਰ ਜਾਲ਼ ਵਿਛਾਇਆ ਹੋਇਆ ਹੈ। ਇਹਨਾਂ ਲੋਕਾਂ ਨੇ ਹੁਣ ਤਾਂ ਔਰਤਾਂ ਅਤੇ ਨਾਬਾਲਗ ਬੱਚਿਆਂ ਨੂੰ ਵੀ ਇਸ ਕਾਰੋਬਾਰ ਦਾ ਹਿੱਸਾ ਬਣਾ ਲਿਆ ਹੈ।

ਅੱਜ ਦੀ ਨੌਜਵਾਨ ਪੀੜ੍ਹੀ ਨਸ਼ਿਆਂ ਵਿੱਚ ਗਰਕਦੀ ਜਾ ਰਹੀ ਹੈ। ਕੋਈ ਵਿਰਲਾ ਪਰਿਵਾਰ ਹੀ ਅਜਿਹਾ ਲੱਭਦਾ ਹੈ ਜਿਹੜਾ ਨਸ਼ਿਆਂ ਤੋਂ ਬਚਿਆ ਹੋਵੇ। ਬਹੁਤੇ ਨੌਜਵਾਨ ਆਪਣੇ ਦੋਸਤਾਂ-ਮਿੱਤਰਾਂ ਨੂੰ ਦੇਖ ਕੇ ਜਾਂ ਉਹਨਾਂ ਦੇ ਕਹਿਣ ਉੱਤੇ ਨਸ਼ਾ ਕਰਦੇ ਹਨ ਅਤੇ ਹੌਲ਼ੀ-ਹੌਲ਼ੀ ਇਸ ਦੇ ਆਦੀ ਬਣ ਜਾਂਦੇ ਹਨ। ਕੁਝ ਨੌਜਵਾਨ ਫ਼ਿਲਮਾਂ ਅਤੇ ਟੈਲੀਵੀਜ਼ਨ ਦੇ ਨਾਟਕਾਂ ਵਿਚਲੇ ਨਸ਼ਈ ਕਿਰਦਾਰਾਂ ਦੇ ਪ੍ਰਭਾਵ ਅਧੀਨ ਨਸ਼ਾ ਕਰਨ ਲੱਗ ਜਾਂਦੇ ਹਨ। ਮਿਹਨਤੀ ਅਤੇ ਪੜ੍ਹੇ-ਲਿਖੇ ਯੋਗ ਨੌਜਵਾਨ ਜਦੋਂ ਭ੍ਰਿਸ਼ਟਾਚਾਰ ਕਾਰਨ ਚੰਗੇ ਅਹੁਦੇ ਨਹੀਂ ਪ੍ਰਾਪਤ ਕਰ ਸਕਦੇ ਤਾਂ ਨਿਰਾਸ਼ਾ ਤੋਂ ਮੁਕਤੀ ਪ੍ਰਾਪਤ ਕਰਨ ਲਈ ਉਹ ਵੀ ਨਸ਼ੇ ਕਰਨ ਲੱਗ ਜਾਂਦੇ ਹਨ।

ਅਜੋਕੇ ਸਮੇਂ ਵਿੱਚ ਸਾਂਝੇ ਟੱਬਰਾਂ ਦੀ ਹੋਂਦ ਖ਼ਤਮ ਹੋ ਰਹੀ ਹੈ। ਮਹਿੰਗਾਈ ਅਤੇ ਪਦਾਰਥਿਕ ਲੋੜਾਂ ਵਧਣ ਕਰਕੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਕਮਾਉਣਾ ਪੈਂਦਾ ਹੈ। ਕਮਾਈ ਕਰਨ ਲਈ ਔਰਤਾਂ ਨੂੰ ਘਰ ਤੋਂ ਬਾਹਰ ਜਾਣਾ ਪੈਂਦਾ ਹੈ। ਨੌਕਰੀ-ਪੇਸ਼ਾ ਮਾਪੇ ਆਪਣੇ ਬੱਚਿਆਂ ਨੂੰ ਲੁੜੀਂਦਾ ਸਮਾਂ ਨਹੀਂ ਦੇ ਸਕਦੇ ਅਤੇ ਇਕੱਲਤਾ ਦਾ ਸ਼ਿਕਾਰ ਹੋਏ ਬੱਚੇ ਨਸ਼ਿਆਂ ਦੀ ਲਤ ਲਾ ਬੈਠਦੇ ਹਨ।

ਅੱਜ-ਕੱਲ੍ਹ ਉੱਚੀ ਅਤੇ ਮਿਆਰੀ ਵਿੱਦਿਆ ਦੀ ਪ੍ਰਾਪਤੀ ਲਈ ਬੱਚਿਆਂ ਨੂੰ ਘਰੋਂ ਦੂਰ ਰਹਿਣਾ ਪੈਂਦਾ ਹੈ। ਹੋਸਟਲਾਂ ਵਿੱਚ ਇਕੱਠੇ ਰਹਿੰਦੇ ਨੌਜਵਾਨਾਂ ਵਿੱਚ ਨਸ਼ੇ ਕਰਨ ਦੀ ਬਿਮਾਰੀ ਬਹੁਤ ਜਲਦੀ ਫੈਲਦੀ ਹੈ ਕਿਉਂਕਿ ਉੱਥੇ ਉਹਨਾਂ ਨੂੰ ਰੋਕਣ-ਟੋਕਣ ਵਾਲ਼ਾ ਕੋਈ ਨਹੀਂ ਹੁੰਦਾ। ਅਜਿਹੇ ਮਾਹੌਲ ਵਿੱਚ ਵਿਦਿਆਰਥੀ ਮਨਮਾਨੀਆਂ ਕਰਦੇ ਹਨ ਅਤੇ ਆਪਣਾ ਭਵਿਖ ਤਬਾਹ ਕਰ ਲੈਂਦੇ ਹਨ। ਹੁਣ ਤਾਂ ਔਰਤਾਂ ਅਤੇ ਲੜਕੀਆਂ ਵਿੱਚ ਵੀ ਨਸ਼ਿਆਂ ਦਾ ਰੁਝਾਨ ਵਧਦਾ ਜਾ ਰਿਹਾ ਹੈ।

ਨਸ਼ੇ ਦਾ ਕਾਰਨ ਕੋਈ ਵੀ ਹੋਵੇ। ਇਹ ਰਸਤਾ ਹੀ ਗ਼ਲਤ ਹੈ। ਜ਼ਿੰਦਗੀ ਦੀਆਂ ਮੁਸੀਬਤਾਂ ਨੂੰ ਸੰਘਰਸ਼ ਨਾਲ਼ ਜਿੱਤਿਆ ਜਾ ਸਕਦਾ ਹੈ, ਨਸ਼ਿਆਂ ਦਾ ਸੇਵਨ ਕਰਕੇ ਨਹੀਂ। ਨਸ਼ਿਆਂ ਦਾ ਸੇਵਨ ਕਰਨਾ ਤਾਂ ਅਸਲੀਅਤ ਤੋਂ ਭੱਜਣਾ ਹੈ। ਕਿਸੇ ਵੀ ਨਸ਼ੇ ਦਾ ਸੁਆਦ ਚੱਖਣ ਲਈ ਉਤੇਜਿਤ ਹੋਣਾ ਆਪਣੀ ਬਰਬਾਦੀ ਦਾ ਨੀਂਹ-ਪੱਥਰ ਰੱਖਣਾ ਹੈ। ਨਸ਼ਾ ਕਰਨ ਵਾਲ਼ੇ ਆਪਣੇ ਸਰੀਰ ਦਾ ਨਾਸ ਤਾਂ ਕਰਦੇ ਹੀ ਹਨ, ਉਹ ਆਪਣੇ ਮਾਪਿਆਂ ਅਤੇ ਬੱਚਿਆਂ ਦੀ ਬਰਬਾਦੀ ਦਾ ਕਾਰਨ ਵੀ ਬਣਦੇ ਹਨ। ਆਮ ਦੇਖਣ ਵਿੱਚ ਆਉਂਦਾ ਹੈ ਕਿ ਨਸ਼ੇੜੀ ਵਿਅਕਤੀ ਨਸ਼ੇ ਦੀ ਲੋੜ ਪੂਰੀ ਕਰਨ

ਲਈ ਆਪਣੀ ਜ਼ਮੀਨ-ਜਾਇਦਾਦ ਤੱਕ ਵੇਚ ਦਿੰਦੇ ਹਨ। ਉਹ ਨਸ਼ੇ ਦੀ ਲੋੜ ਪੂਰੀ ਕਰਨ ਲਈ ਘਰ ਦਾ ਜ਼ਰੂਰੀ ਸਮਾਨ ਵੇਚਣ ਲੱਗੇ ਵੀ ਸ਼ਰਮ ਨਹੀਂ ਕਰਦੇ। ਨਸ਼ੇ ਦੀ ਪੂਰਤੀ ਲਈ ਉਹ ਚੋਰੀਆਂ, ਠੱਗੀਆਂ ਅਤੇ ਹੋਰ ਅਨੈਤਿਕ ਕੰਮ ਵੀ ਕਰਨ ਲੱਗਦੇ ਹਨ। ਇਸ ਤਰ੍ਹਾਂ ਨਸ਼ੇੜੀ ਲੋਕਾਂ ਦੇ ਟੱਬਰਾਂ ਨੂੰ ਆਰਥਿਕ ਮੰਦਹਾਲੀ ਦੇ ਨਾਲ਼-ਨਾਲ਼ ਸਮਾਜਿਕ ਨਮੋਸ਼ੀ ਦਾ ਵੀ ਸਾਮ੍ਹਣਾ ਕਰਨਾ ਪੈਂਦਾ ਹੈ। ਇਸੇ ਲਈ ਕਿਹਾ ਜਾਂਦਾ ਹੈ, 'ਜਿਹੜੇ ਘਰ ਵਿੱਚ ਵਰਤੇ ਜਾਣ ਨਸ਼ੇ, ਉਹ ਘਰ ਨਾ ਕਦੇ ਵੱਸੇ।'

ਨਸ਼ਾ ਕਰਨ ਵਾਲ਼ੇ ਲੋਕ ਕਈ ਕਿਸਮ ਦੀਆਂ ਨਾਮੁਰਾਦ ਬਿਮਾਰੀਆਂ ਨੂੰ ਵੀ ਸੱਦਾ ਦਿੰਦੇ ਹਨ। ਤਮਾਕੂ ਦਾ ਸੇਵਨ ਕਰਨ ਨਾਲ਼ ਮੂੰਹ ਦਾ ਕੈਂਸਰ ਅਤੇ ਸਿਗਰਟ, ਬੀੜੀ ਪੀਣ ਨਾਲ਼ ਫੇਫੜਿਆਂ ਦਾ ਕੈਂਸਰ ਹੋ ਜਾਂਦਾ ਹੈ। ਸ਼ਰਾਬ ਜ਼ਿਆਦਾ ਪੀਣ ਵਾਲ਼ਿਆਂ ਦੇ ਗੁਰਦੇ ਅਤੇ ਜਿਗਰ ਖ਼ਰਾਬ ਹੋ ਜਾਂਦੇ ਹਨ। ਦੂਜਿਆਂ ਦੀ ਵਰਤੀ ਹੋਈ ਸੂਈ ਨਾਲ਼ ਨਸ਼ਿਆਂ ਦੇ ਟੀਕੇ ਲਾਉਣ ਵਾਲ਼ੇ ਅਚੇਤ ਹੀ ਏਡਜ਼ ਵਰਗਾ ਭਿਆਨਕ ਰੋਗ ਸਹੇੜ ਲੈਂਦੇ ਹਨ।

ਭਾਵੇਂ ਸਰਕਾਰ ਨਸ਼ਿਆਂ ਨੂੰ ਖ਼ਤਮ ਕਰਨ ਲਈ ਯਤਨ ਕਰ ਰਹੀ ਹੈ ਪਰ ਇਸ ਦੇ ਬਾਵਜੂਦ ਨਸ਼ਿਆਂ ਦੀ ਸਮਗਲਿੰਗ ਨੂੰ ਠੱਲ੍ਹ ਨਹੀਂ ਪੈ ਰਹੀ। ਨਸ਼ਿਆਂ ਦਾ ਕਾਰੋਬਾਰ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਬਹੁਤ ਸਾਰੀਆਂ ਸਮਾਜ-ਸੇਵੀ ਜਥੇਬੰਦੀਆਂ ਵੀ ਨਸ਼ਿਆਂ ਦੇ ਸੇਵਨ ਤੋਂ ਹੋਣ ਵਾਲੇ ਨੁਕਸਾਨਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ ਪਰ ਸਮਾਜ ਨੂੰ ਨਸ਼ਾ-ਮੁਕਤ ਕਰਨ ਲਈ ਹੋਰ ਵਧੇਰੇ ਸੁਹਿਰਦ ਯਤਨਾਂ ਦੀ ਜ਼ਰੂਰਤ ਹੈ।

ਨਸ਼ਿਆਂ ਦੀ ਵਰਤੋਂ ਘੱਟ ਕਰਨ ਲਈ ਇਹ ਜ਼ਰੂਰੀ ਹੈ ਕਿ ਨਸ਼ਾ ਮਿਲ਼ਨਾ ਹੀ ਔਖਾ ਹੋ ਜਾਵੇ। ਵਿਸ਼ੇਸ਼ ਕਰਕੇ ਸਕੂਲਾਂ, ਕਾਲਜਾਂ ਅਤੇ ਹੋਰ ਵਿੱਦਿਅਕ ਸੰਸਥਾਵਾਂ ਦੇ ਨੇੜੇ ਕਿਧਰੇ ਵੀ ਨਸ਼ੇ ਉਪਲਬਧ ਨਹੀਂ ਹੋਣੇ ਚਾਹੀਦੇ। ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਖੁੱਲ੍ਹਾ ਪੈਸਾ ਦੇਣ ਦੀ ਥਾਂ ਆਪਣਾ ਸਮਾਂ ਦੇਣ ਅਤੇ ਬੱਚਿਆਂ ਦੀ ਸੰਗਤ ਉੱਪਰ ਨਜ਼ਰ ਰੱਖਣ। ਉਹ ਕਿੱਥੇ ਜਾਂਦੇ ਹਨ ਅਤੇ ਕਿਉਂ ਜਾਂਦੇ ਹਨ, ਇਸ ਗੱਲ ਦੀ ਵੀ ਨਿਗਰਾਨੀ ਰੱਖਣੀ ਚਾਹੀਦੀ ਹੈ। ਸਕੂਲਾਂ ਵਿੱਚ ਵੀ ਨੈਤਿਕ ਸਿੱਖਿਆ ਉੱਪਰ ਵਧੇਰੇ ਜ਼ੋਰ ਦੇਣਾ ਚਾਹੀਦਾ ਹੈ ਅਤੇ ਨਸ਼ਾ-ਵਿਰੋਧੀ ਕਲੱਬ ਬਣਾ ਕੇ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਦਾ ਯਤਨ ਕਰਨਾ ਚਾਹੀਦਾ ਹੈ। ਕਿਤਾਬੀ-ਗਿਆਨ ਦੇ ਨਾਲ਼-ਨਾਲ਼ ਵਿਦਿਆਰਥੀਆਂ ਦੇ ਸੱਚੇ ਤੇ ਸੁੱਚੇ ਚਰਿੱਤਰ-ਨਿਰਮਾਣ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਉਹਨਾਂ ਦਾ ਮਨੋਬਲ ਏਨਾ ਉੱਚਾ ਹੋਣਾ ਚਾਹੀਦਾ ਹੈ ਕਿ ਉਹ ਲਾਈਲੱਗ ਨਾ ਬਣਨ। ਅਜਿਹੇ ਨੌਜਵਾਨ ਆਪਣੇ ਰਾਹ ਤੋਂ ਨਹੀਂ ਭਟਕਣਗੇ ਅਤੇ ਮਨੁੱਖ ਨੂੰ ਨਾਸ ਕਰਨ ਵਾਲ਼ੇ ਨਸ਼ਿਆਂ ਤੋਂ ਬਚੇ ਰਹਿਣਗੇ।

## ਵਿਦਿਆਰਥੀ ਅਤੇ ਅਨੁਸ਼ਾਸਨ

ਵਿਦਿਆਰਥੀ ਜੀਵਨ ਮਨੁੱਖ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਹੁੰਦਾ ਹੈ। ਇਹ ਉਹ ਸਮਾਂ ਹੁੰਦਾ ਹੈ ਜਿਸ ਦੌਰਾਨ ਮਨੁੱਖ ਦੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਚਰਿੱਤਰ ਚੰਗੇ ਗੁਣਾਂ ਅਤੇ ਚੰਗੀਆਂ ਆਦਤਾਂ ਦਾ ਸਮੂਹ ਹੈ। ਜਿਹੋ-ਜਿਹੀਆਂ ਆਦਤਾਂ ਵਿਦਿਆਰਥੀ ਜੀਵਨ ਵਿੱਚ ਬਣ ਜਾਂਦੀਆਂ ਹਨ ਉਹੋ- ਜਿਹਾ ਹੀ ਮਨੁੱਖ ਦਾ ਚਰਿੱਤਰ ਬਣ ਜਾਂਦਾ ਹੈ। ਅਨੁਸ਼ਾਸਨ ਚੰਗੇ ਚਰਿੱਤਰ ਦੀ ਰੀੜ੍ਹ ਦੀ ਹੱਡੀ ਹੁੰਦਾ ਹੈ। ਅਨੁਸ਼ਾਸਨ ਤੋਂ ਭਾਵ ਹੈ ਨਿਯਮਾਂ ਦਾ ਪਾਲਣ ਕਰਨਾ ਅਤੇ ਆਪਣੇ ਮਨ ਦੇ ਘੋੜੇ ਦੀਆਂ ਵਾਗਾਂ ਨੂੰ ਨਿਯਮਿਤ ਰੱਖਣਾ। ਜ਼ਿੰਦਗੀ ਦੇ ਹਰੇਕ ਪੜਾਅ ਉੱਤੇ ਅਨੁਸ਼ਾਸਨ ਦਾ ਮਹੱਤਵ ਹੈ ਅਤੇ ਹਰ ਮੋੜ ਉੱਤੇ ਇਸ ਦੀ ਲੋੜ ਹੈ।

ਅਨੁਸ਼ਾਸਨ ਅਜਿਹਾ ਵਿਲੱਖਣ ਗੁਣ ਹੈ ਜਿਸ ਦਾ ਵਿਦਿਆਰਥੀ ਜੀਵਨ ਵਿੱਚ ਬਹੁਤ ਜ਼ਿਆਦਾ ਮਹੱਤਵ ਹੈ। ਸਮੇਂ ਸਿਰ ਜਾਗਣਾ, ਸਮੇਂ ਸਿਰ ਸੌਣਾ, ਅਧਿਆਪਕਾਂ ਵੱਲੋਂ ਦਿੱਤਾ ਗਿਆ ਕੰਮ ਸਮੇਂ ਸਿਰ ਕਰਨਾ, ਸਮੇਂ ਸਿਰ ਸਕੂਲ ਪਹੁੰਚ ਕੇ ਇਕਾਗਰਤਾ ਨਾਲ਼ ਪੜ੍ਹਾਈ ਕਰਨਾ ਅਤੇ ਨਿਮਰਤਾ ਨਾਲ਼ ਅਧਿਆਪਕ ਤੋਂ ਆਪਣੀਆਂ ਸਮੱਸਿਆਵਾਂ ਦੇ ਹੱਲ ਪੁੱਛਣਾ, ਇੱਕ ਅਨੁਸ਼ਾਸਿਤ ਵਿਦਿਆਰਥੀ ਦੇ ਲੱਛਣ ਹਨ। ਚੰਗਾ ਵਿਦਿਆਰਥੀ ਸਿਰਫ਼ ਸਕੂਲ ਵਿੱਚ ਹੀ ਨਹੀਂ ਸਗੋਂ ਘਰ ਵਿੱਚ ਅਤੇ ਆਪਣੇ ਆਲ਼ੇ-ਦੁਆਲ਼ੇ ਵਿੱਚ ਵੀ ਅਨੁਸ਼ਾਸਨ ਦਾ ਪਾਲਣ ਕਰਦਾ ਹੈ।

ਕੁਝ ਵਿਦਿਆਰਥੀ ਫੋਕੀ ਹਉਮੈਂ ਦਾ ਸ਼ਿਕਾਰ ਹੋ ਕੇ ਅਨੁਸ਼ਾਸਨ ਨੂੰ ਗ਼ੁਲਾਮੀ ਸਮਝਣ ਲੱਗਦੇ ਹਨ। ਇਹ ਗ਼ਲਤ ਧਾਰਨਾ ਹੈ। ਸਮੁੱਚੀ ਕੁਦਰਤ ਨਿਯਮਾਂ ਵਿੱਚ ਬੱਝੀ ਚੱਲ ਰਹੀ ਹੈ। ਦਿਨ ਚੜ੍ਹਦਾ ਹੈ, ਰਾਤ ਪੈਂਦੀ ਹੈ ਅਤੇ ਤਰਤੀਬ

ਅਨੁਸਾਰ ਮੌਸਮ ਬਦਲਦੇ ਹਨ। ਸਮੁੱਚਾ ਬ੍ਰਹਿਮੰਡ ਅਨੁਸ਼ਾਸਨਬੱਧ ਹੈ। ਕੁਦਰਤ ਦਾ ਅਨੁਸ਼ਾਸਨ ਰਤਾ ਕੁ ਵੀ ਭੰਗ ਹੋਵੇ ਤਾਂ ਪਰਲੋ ਦੀ ਸਥਿਤੀ ਬਣ ਜਾਂਦੀ ਹੈ। ਜ਼ਿੰਦਗੀ ਦਾ ਅਨੰਦ ਲੈਣ ਲਈ ਅਨੁਸ਼ਾਸਨ ਜ਼ਰੂਰੀ ਹੈ। ਨਿਯਮਬੱਧਤਾ ਗ਼ੁਲਾਮੀ ਨਹੀਂ ਹੁੰਦੀ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਅਜ਼ਾਦੀ ਦੀਆਂ ਵੀ ਆਪਣੀਆਂ ਸੀਮਾਵਾਂ ਹੁੰਦੀਆਂ ਹਨ। ਬੇਮੁਹਾਰੀ ਅਜ਼ਾਦੀ ਬਰਬਾਦੀ ਦਾ ਕਾਰਨ ਬਣ ਸਕਦੀ ਹੈ। ਕੁਝ ਵਿਦਿਆਰਥੀ ਅਧਿਆਪਕ ਦਾ ਕਹਿਣਾ ਨਾ ਮੰਨਣ ਅਤੇ ਸਕੂਲ ਦਾ ਵਿੱਦਿਅਕ ਮਾਹੌਲ ਭੰਗ ਕਰਨ ਨੂੰ ਆਪਣੀ ਸ਼ਾਨ ਸਮਝਣ ਲੱਗਦੇ ਹਨ ਅਤੇ ਬੇਸਮਝੀ ਵਿੱਚ ਆਪਣਾ ਭਵਿਖ ਬਰਬਾਦ ਕਰ ਲੈਂਦੇ ਹਨ।

ਵਰਤਮਾਨ ਸਮੇਂ ਵਿੱਚ ਵਿਦਿਆਰਥੀਆਂ ਵਿੱਚ ਅਨੁਸ਼ਾਸਨਹੀਣਤਾ ਵਧ ਰਹੀ ਹੈ। ਪਦਾਰਥਵਾਦੀ ਯੁੱਗ ਵਿੱਚ ਵਿੱਦਿਆ ਵਪਾਰ ਬਣ ਗਈ ਹੈ। ਅਧਿਆਪਕ ਅਤੇ ਵਿਦਿਆਰਥੀ ਵਿੱਚ ਪਹਿਲਾਂ ਵਰਗੀ ਨੇੜਤਾ ਨਹੀਂ ਰਹੀ। ਅੱਜ ਅਧਿਆਪਕ ਵਿਦਿਆਰਥੀ ਦੀ ਭਲਾਈ ਲਈ ਵੀ ਉਸ ਨੂੰ ਝਿੜਕ ਨਹੀਂ ਸਕਦਾ। ਭਾਵੇਂ ਮਨੋਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਇਹ ਠੀਕ ਹੈ ਪਰ ਕੁਝ ਸਿੱਖਿਆ-ਸ਼ਾਸਤਰੀ ਇਹ ਮੰਨਦੇ ਹਨ ਕਿ ਚੰਗੇ ਕੰਮਾਂ ਲਈ ਇਨਾਮ ਅਤੇ ਗ਼ਲਤ ਲਈ ਸਜ਼ਾ ਦਾ ਵਿਧਾਨ ਹੋਣਾ ਜ਼ਰੂਰੀ ਹੈ ਕਿਉਂਕਿ ਇਸ ਨਾਲ਼ ਵਿਦਿਆਰਥੀਆਂ ਨੂੰ ਅਨੁਸ਼ਾਸਨ ਵਿੱਚ ਰੱਖਿਆ ਜਾ ਸਕਦਾ ਹੈ। ਪਰ ਲਾਜ਼ਮੀ ਸਿੱਖਿਆ ਦੇ ਕਨੂੰਨ ਅਧੀਨ ਵਿਦਿਆਰਥੀਆਂ ਨੂੰ ਸਜ਼ਾ ਦੇਣ ਦੀ ਥਾਂ ਉਹਨਾਂ ਵਿੱਚ ਸ੍ਵੈ-ਅਨੁਸ਼ਾਸਨ ਪੈਦਾ ਕਰਨ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ।

ਅਨੁਸ਼ਾਸਨਹੀਣਤਾ ਲਈ ਪਰੀਖਿਆ-ਪ੍ਰਨਾਲ਼ੀ ਨੂੰ ਵੀ ਦੋਸ਼ੀ ਮੰਨਿਆ ਜਾਂਦਾ ਹੈ। ਵਿਦਿਆਰਥੀ ਦੁਆਰਾ ਪ੍ਰਾਪਤ ਕੀਤੇ ਅੰਕਾਂ ਨੂੰ ਹੀ ਉਸ ਦੇ ਚੰਗੇ ਜਾਂ ਮਾੜੇ ਹੋਣ ਦਾ ਆਧਾਰ ਮੰਨਿਆ ਜਾਂਦਾ ਹੈ ਅਤੇ ਬਾਕੀ ਗੁਣ ਜਾਂ ਔਗੁਣ ਅੱਖੋਂ-ਪਰੋਖੇ ਕਰ ਦਿੱਤੇ ਜਾਂਦੇ ਹਨ। ਪਰ ਕੁਝ ਸਾਲਾਂ ਤੋਂ 'ਲਗਾਤਾਰ ਸਮੁੱਚਾ ਮੁੱਲਾਂਕਣ' (CCE) ਪ੍ਰਨਾਲ਼ੀ ਲਾਗੂ ਹੋ ਗਈ ਹੈ ਜਿਸ ਵਿੱਚ ਵਿਦਿਆਰਥੀ ਦੀ ਸਰਬ-ਪੱਖੀ ਕਾਰਜਸ਼ੀਲਤਾ ਦੇ ਆਧਾਰ ਉੱਤੇ ਮੁਲਾਂਕਣ ਕੀਤਾ ਜਾਂਦਾ ਹੈ। ਇਸ ਪ੍ਰਨਾਲ਼ੀ ਦੇ ਲਾਗੂ ਹੋਣ ਨਾਲ਼ ਵਿਦਿਆਰਥੀਆਂ ਵਿੱਚ ਵਧ ਰਹੀ ਅਨੁਸ਼ਾਸਨਹੀਣਤਾ ਵਿੱਚ ਸੁਧਾਰ ਹੋਣ ਦੀ ਆਸ ਹੈ।

ਸਮਾਜ ਵੀ ਵਿਦਿਆਰਥੀਆਂ ਵਿੱਚ ਅਨੁਸ਼ਾਸਨਹੀਣਤਾ ਪੈਦਾ ਕਰਨ ਲਈ ਜ਼ੁੰਮੇਵਾਰ ਹੈ। ਪਦਾਰਥਵਾਦੀ ਯੁੱਗ ਵਿੱਚ ਬੰਦੇ ਦੀ ਕੀਮਤ ਉਸ ਦੀਆਂ ਨੈਤਿਕ ਕਦਰਾਂ-ਕੀਮਤਾਂ ਨਾਲ਼ ਨਹੀਂ ਸਗੋਂ ਉਸ ਦੇ ਪੈਸੇ ਅਤੇ ਰੁਤਬੇ ਨੂੰ ਦੇਖ ਕੇ ਪਾਈ ਜਾਂਦੀ ਹੈ। ਬਹੁਤੇ ਮਾਪੇ ਵੀ ਆਪਣੇ ਬੱਚਿਆਂ ਨੂੰ ਨੈਤਿਕਤਾ ਸਿਖਾਉਣ ਪੱਖੋਂ ਅਵੇਸਲ਼ੇ ਹਨ। ਉਹਨਾਂ ਦਾ ਬਹੁਤਾ ਧਿਆਨ ਇਸ ਪੱਖ ਉੱਤੇ ਹੀ ਕੇਂਦਰਿਤ ਰਹਿੰਦਾ ਹੈ ਕਿ ਬੱਚਾ ਚੰਗੇ ਨੰਬਰਾਂ ਵਿੱਚ ਵੱਡੀਆਂ ਡਿਗਰੀਆਂ ਪ੍ਰਾਪਤ ਕਰਕੇ ਚੰਗੀ ਕਮਾਈ ਕਰਨ ਯੋਗ ਹੋ ਜਾਵੇ। ਅਜਿਹੇ ਆਲ਼ੇ-ਦੁਆਲ਼ੇ ਵਿੱਚ ਵਿਦਿਆਰਥੀ ਅਨੁਸ਼ਾਸਨ ਦੀ ਪਰਵਾਹ ਨਹੀਂ ਕਰਦੇ।

ਸਿਨਮਾ ਅਤੇ ਟੈਲੀਵੀਜ਼ਨ ਦੇ ਪ੍ਰਭਾਵ ਸਦਕਾ ਅੱਜ ਦੇ ਵਿਦਿਆਰਥੀ ਫ਼ੈਸ਼ਨ ਵੱਲ ਵਧੇਰੇ ਖਿੱਚੇ ਜਾ ਰਹੇ ਹਨ। ਸਕੂਲਾਂ ਵਿੱਚ ਨਿਯਮਾਂ ਅਨੁਸਾਰ ਵਰਦੀ ਪਹਿਨਣਾ ਉਹਨਾਂ ਨੂੰ ਚੰਗਾ ਨਹੀਂ ਲੱਗਦਾ। ਸਾਦਗੀ ਅੱਜ ਦੇ ਵਿਦਿਆਰਥੀ ਦੇ ਜੀਵਨ ਵਿੱਚੋਂ ਮਨਫ਼ੀ ਹੁੰਦੀ ਜਾ ਰਹੀ ਹੈ। ਕੁਝ ਸ਼ਰਾਰਤੀ ਲੋਕਾਂ ਦੇ ਢਹੇ ਚੜ੍ਹ ਕੇ ਕਈ ਵਿਦਿਆਰਥੀ ਨਸ਼ਿਆਂ ਦੀ ਦਲਦਲ ਵਿੱਚ ਫਸ ਜਾਂਦੇ ਹਨ। ਵਿਦਿਆਰਥੀ-ਜੀਵਨ ਵਿੱਚ ਹੀ ਨਸ਼ਿਆਂ ਦੇ ਆਦੀ ਹੋਏ ਬੱਚੇ ਸਦਗੁਣਾਂ ਤੋਂ ਦੂਰ ਹੋ ਜਾਂਦੇ ਹਨ।

ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਿਰਫ਼ ਵਿਦਿਆਰਥੀਆਂ ਲਈ ਹੀ ਨਹੀਂ ਸਗੋਂ ਸਭ ਲਈ ਅਨੁਸ਼ਾਸਨ ਦਾ ਪਾਲਣ ਕਰਨਾ ਬਹੁਤ ਜ਼ਰੂਰੀ ਹੈ। ਜਿਵੇਂ ਢਿੱਲੀਆਂ ਤਾਰਾਂ ਵਾਲ਼ੀ ਵੀਣਾ ਵਿੱਚੋਂ ਸੰਗੀਤ ਪੈਦਾ ਨਹੀਂ ਹੁੰਦਾ ਅਤੇ ਘੇਰੇ ਵਿੱਚ ਬੰਨ੍ਹ ਕੇ ਰੱਖੇ ਬਿਨਾਂ ਭਾਫ਼, ਇੰਜਣ ਨਹੀਂ ਚਲਾ ਸਕਦੀ ਬਿਲਕੁਲ ਇਵੇਂ ਹੀ ਅਨੁਸ਼ਾਸਨਹੀਣ ਵਿਦਿਆਰਥੀ ਆਪਣੀ ਮੰਜ਼ਲ ਪ੍ਰਾਪਤ ਨਹੀਂ ਕਰ ਸਕਦੇ। ਸਫਲਤਾ ਦਾ ਸੁਆਦ ਚੱਖਣ ਲਈ ਅਤੇ ਦੇਸ ਦੇ ਚੰਗੇ ਨਾਗਰਿਕ ਬਣਨ ਲਈ ਅਨੁਸ਼ਾਸਨ ਵਿੱਚ ਰਹਿਣਾ ਬਹੁਤ ਜ਼ਰੂਰੀ ਹੈ।

## ਲਾਇਬ੍ਰੇਰੀ

ਜਿਵੇਂ ਮਨੁੱਖੀ ਸਰੀਰ ਨੂੰ ਤੰਦਰੁਸਤ ਰੱਖਣ ਲਈ ਸੰਤੁਲਿਤ ਭੋਜਨ ਦੀ ਲੋੜ ਹੁੰਦੀ ਹੈ ਇਸੇ ਤਰ੍ਹਾਂ ਮਾਨਸਿਕ ਤੰਦਰੁਸਤੀ ਲਈ ਗਿਆਨ ਦੀ ਜ਼ਰੂਰਤ ਹੁੰਦੀ ਹੈ। ਇਹ ਗਿਆਨ ਸਾਨੂੰ ਮਾਪਿਆਂ, ਅਧਿਆਪਕਾਂ ਜਾਂ ਫਿਰ ਪੁਸਤਕਾਂ

ਤੋਂ ਪ੍ਰਾਪਤ ਹੁੰਦਾ ਹੈ। ਲਾਇਬ੍ਰੇਰੀ ਵਿੱਚ ਅਲੱਗ-ਅਲੱਗ ਵਿਸ਼ਿਆਂ ਨਾਲ ਸੰਬੰਧਿਤ ਪੁਸਤਕਾਂ ਵਿਸ਼ੇਸ਼ ਤਰਤੀਬ ਨਾਲ਼ ਰੱਖੀਆਂ ਹੁੰਦੀਆਂ ਹਨ। ਸਾਡੇ ਦੇਸ ਵਿੱਚ ਲਾਇਬ੍ਰੇਰੀਆਂ ਦੀ ਪਰੰਪਰਾ ਬਹੁਤ ਪੁਰਾਣੀ ਹੈ । ਭਾਰਤ ਦੀਆਂ ਨਾਲੰਦਾ ਅਤੇ ਤਕਸ਼ਿਲਾ ਯੂਨੀਵਰਸਿਟੀਆਂ ਦੀਆਂ ਲਾਇਬ੍ਰੇਰੀਆਂ ਪੂਰੀ ਦੁਨੀਆ ਵਿੱਚ ਪ੍ਰਸਿੱਧ ਸਨ।

ਲਾਇਬ੍ਰੇਰੀ ਵਿੱਚ ਆਮ ਤੌਰ 'ਤੇ ਦੋ ਭਾਗ ਹੁੰਦੇ ਹਨ—ਇੱਕ ਭਾਗ ਵਿੱਚ ਰੋਜ਼ਾਨਾ ਅਖ਼ਬਾਰ, ਸਪਤਾਹਿਕ ਅਖ਼ਬਾਰ ਅਤੇ ਮਹੀਨਾਵਾਰ, ਤ੍ਰੈ-ਮਾਸਿਕ ਜਾਂ ਛਿਮਾਹੀ ਛਪਣ ਵਾਲੇ ਰਿਸਾਲੇ ਹੁੰਦੇ ਹਨ। ਅਖ਼ਬਾਰਾਂ ਤੋਂ ਸਾਨੂੰ ਰੋਜ਼ਾਨਾ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਤਾਜ਼ੀ ਜਾਣਕਾਰੀ ਮਿਲਦੀ ਹੈ। ਸਾਡੀਆਂ ਲਾਇਬ੍ਰੇਰੀਆਂ ਵਿੱਚ ਆਮ ਤੌਰ 'ਤੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਛਪਣ ਵਾਲ਼ੀਆਂ ਅਖ਼ਬਾਰਾਂ ਮੰਗਵਾਈਆਂ ਜਾਂਦੀਆਂ ਹਨ। ਕਿਸੇ-ਕਿਸੇ ਲਾਇਬ੍ਰੇਰੀ ਵਿੱਚ ਉਰਦੂ ਦੀਆਂ ਅਖ਼ਬਾਰਾਂ ਵੀ ਮਿਲ਼ਦੀਆਂ ਹਨ। ਰਿਸਾਲੇ ਵੀ ਕਈ ਕਿਸਮ ਦੇ ਹੁੰਦੇ ਹਨ, ਕੁਝ ਸਿਰਫ਼ ਬੱਚਿਆਂ ਲਈ, ਕੁਝ ਨੌਜਵਾਨਾਂ ਲਈ, ਕੁਝ ਔਰਤਾਂ ਲਈ, ਕੁਝ ਖੇਡਾਂ ਸੰਬੰਧੀ, ਕੁਝ ਧਾਰਮਿਕ, ਕੁਝ ਸਮਾਜਿਕ ਅਤੇ ਸੱਭਿਆਚਾਰਿਕ ਜਾਣਕਾਰੀ ਨਾਲ਼ ਭਰਪੂਰ, ਕੁਝ ਵਿਗਿਆਨ ਨਾਲ਼ ਸੰਬੰਧਿਤ ਅਤੇ ਕੁਝ ਮੁਕਾਬਲੇ ਦੀਆਂ ਵਿਸ਼ੇਸ਼ ਪਰੀਖਿਆਵਾਂ ਸੰਬੰਧੀ ਗਿਆਨ ਨਾਲ਼ ਭਰਪੂਰ ਹੁੰਦੇ ਹਨ। ਕੁਝ ਅਖ਼ਬਾਰ ਅਤੇ ਰਿਸਾਲੇ ਵਿਭਿੰਨ ਕਿੱਤਿਆਂ ਅਤੇ ਰੁਜ਼ਗਾਰ ਲਈ ਖ਼ਾਲੀ ਥਾਂਵਾਂ ਦੀ ਜਾਣਕਾਰੀ ਦੇਣ ਸੰਬੰਧੀ ਵੀ ਹੁੰਦੇ ਹਨ ।

ਲਾਇਬ੍ਰੇਰੀ ਦੇ ਦੂਜੇ ਭਾਗ ਵਿੱਚ ਵੱਖ-ਵੱਖ ਵਿਸ਼ਿਆਂ ਨਾਲ਼ ਸੰਬੰਧਿਤ ਪੁਸਤਕਾਂ ਦਾ ਸੰਗ੍ਰਹਿ ਹੁੰਦਾ ਹੈ। ਇਹਨਾਂ ਪੁਸਤਕਾਂ ਵਿੱਚ ਦੁਰਲੱਭ ਗਿਆਨ ਸਮਾਇਆ ਹੁੰਦਾ ਹੈ। ਇਹ ਪੁਸਤਕਾਂ ਵਿਭਿੰਨ ਵਿਸ਼ਿਆਂ ਜਿਵੇਂ ਨਾਵਲ, ਕਹਾਣੀਆਂ, ਇਕਾਂਗੀ, ਨਾਟਕ, ਜੀਵਨੀਆਂ, ਸ੍ਵੈਜੀਵਨੀਆਂ, ਸਫ਼ਰਨਾਮੇ, ਕਵਿਤਾਵਾਂ ਆਦਿ ਨਾਲ ਸੰਬੰਧਿਤ ਹੁੰਦੀਆਂ ਹਨ। ਇਤਿਹਾਸ, ਦਰਸ਼ਨ, ਕਲਾ ਅਤੇ ਵਿਗਿਆਨ ਸੰਬੰਧੀ ਪੁਸਤਕਾਂ ਵੀ ਲਾਇਬ੍ਰੇਰੀ ਦਾ ਸ਼ਿੰਗਾਰ ਹੁੰਦੀਆਂ ਹਨ। ਚੰਗੀ ਲਾਇਬ੍ਰੇਰੀ ਦਾ ਇੱਕ ਕੋਨਾ ਡਿਕਸ਼ਨਰੀਆਂ, ਸ਼ਬਦ-ਜੋੜ ਕੋਸ਼ਾਂ ਅਤੇ ਹਵਾਲਾ ਪੁਸਤਕਾਂ ਲਈ ਵੀ ਰਾਖਵਾਂ ਹੁੰਦਾ ਹੈ। ਵਿੱਦਿਅਕ ਸੰਸਥਾਵਾਂ ਦੀਆਂ ਲਾਇਬ੍ਰੇਰੀਆਂ ਵਿੱਚ ਵਿਦਿਆਰਥੀਆਂ ਦੇ ਪਾਠ-ਕ੍ਰਮ ਨਾਲ਼ ਸੰਬੰਧਿਤ ਪੁਸਤਕਾਂ ਦਾ ਵੀ ਭੰਡਾਰ ਹੁੰਦਾ ਹੈ। ਲੋੜਵੰਦ ਵਿਦਿਆਰਥੀ ਇਹਨਾਂ ਪੁਸਤਕਾਂ ਨੂੰ ਪੂਰੇ ਸਾਲ ਲਈ ਜਾਰੀ ਕਰਵਾ ਸਕਦੇ ਹਨ ਅਤੇ ਪਰੀਖਿਆ ਉਪਰੰਤ ਇਹ ਪੁਸਤਕਾਂ ਵਾਪਸ ਕਰ ਦਿੰਦੇ ਹਨ।

ਕਿਸੇ ਦੇਸ ਦੀ ਬੌਧਿਕ ਤਰੱਕੀ ਦਾ ਅੰਦਾਜ਼ਾ ਉਸ ਦੇਸ ਵਿਚਲੀਆਂ ਲਾਇਬ੍ਰੇਰੀਆਂ ਦੀ ਗਿਣਤੀ ਅਤੇ ਉਹਨਾਂ ਦੇ ਮਿਆਰ ਤੋਂ ਲਾਇਆ ਜਾ ਸਕਦਾ ਹੈ। ਪਿਛਲੇ ਹਜ਼ਾਰਾਂ ਵਰ੍ਹਿਆਂ ਦੇ ਸਿਆਣੇ ਅਤੇ ਸੁਘੜ ਵਿਦਵਾਨਾਂ ਨੇ ਆਪਣੀ ਵਿੱਦਿਆ ਤੇ ਸਿਆਣਪ ਦੇ ਤਜਰਬੇ 'ਤੇ ਆਧਾਰਿਤ ਸਿੱਟੇ ਆਪਣੀਆਂ ਪੁਸਤਕਾਂ ਵਿੱਚ ਕਲਮਬੰਦ ਕੀਤੇ ਹੁੰਦੇ ਹਨ । ਲਾਇਬ੍ਰੇਰੀ ਵਿੱਚ ਇਹ ਮਹਾਨ ਵਿਦਵਾਨ ਇੱਕੋ ਥਾਂ ਇਕੱਠੇ ਮਿਲ਼ ਜਾਂਦੇ ਹਨ। ਲਾਇਬ੍ਰੇਰੀ ਦੀਆਂ ਅਲਮਾਰੀਆਂ ਵਿੱਚ ਪਈਆਂ ਪੁਸਤਕਾਂ ਨੂੰ ਵੇਖ ਕੇ ਇਉਂ ਜਾਪਦਾ ਹੈ, ਜਿਵੇਂ ਬਹੁਤ ਸਾਰੇ ਗਿਆਨਵਾਨ ਲੇਖਕ ਸਿਰ-ਜੋੜ ਕੇ ਬੈਠੇ ਹੋਣ। ਜਦੋਂ ਅਸੀਂ ਕਿਸੇ ਪੁਸਤਕ ਨੂੰ ਚੁੱਕ ਕੇ ਪੜ੍ਹਨਾ ਸ਼ੁਰੂ ਕਰਦੇ ਹਾਂ ਤਾਂ ਉਹ ਆਪਣਾ ਸਾਰਾ ਗਿਆਨ ਸਾਡੇ ਉੱਤੇ ਨਿਛਾਵਰ ਕਰਨ ਲਈ ਤਿਆਰ ਹੁੰਦੀ ਹੈ ਪਰ ਅਸੀਂ ਆਪਣੀ ਸਮਰੱਥਾ ਅਨੁਸਾਰ ਗਿਆਨ ਦੇ ਇਸ ਅਥਾਹ ਸਾਗਰ ਵਿੱਚੋਂ ਚੂਲ਼ੀ ਭਰਦੇ ਹਾਂ ਵਿਹਲੇ ਸਮੇਂ ਲਾਇਬ੍ਰੇਰੀ ਵਿੱਚ ਜਾ ਕੇ ਅਖ਼ਬਾਰ, ਰਿਸਾਲੇ ਅਤੇ ਪੁਸਤਕਾਂ ਪੜ੍ਹਨ ਨਾਲ਼ ਸਾਨੂੰ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਮਨ ਵਾਧੂ ਸ਼ਰਾਰਤਾਂ ਤੋਂ ਵੀ ਬਚਿਆ ਰਹਿੰਦਾ ਹੈ।

ਸੰਕਟ ਦੇ ਸਮੇਂ ਵਿੱਚ ਜਦੋਂ ਦੋਸਤ-ਮਿੱਤਰ ਅਤੇ ਸਕੇ-ਸੰਬੰਧੀ ਵੀ ਸਾਥ ਛੱਡ ਜਾਂਦੇ ਹਨ ਉਦੋਂ ਵੀ ਪੁਸਤਕਾਂ ਸਾਡੇ ਸੱਚੇ ਮਿੱਤਰ ਬਣਦੀਆਂ ਹਨ ਅਤੇ ਨਿਰਾਸ਼ਾ ਵਿੱਚੋਂ ਨਿਕਲ਼ਨ ਲਈ ਸਾਨੂੰ ਰਾਹ ਦਿਖਾਉਂਦੀਆਂ ਹਨ। ਸੰਘਰਸ਼ ਭਰਿਆ ਜੀਵਨ ਜਿਊਣ ਵਾਲ਼ੇ ਲੋਕਾਂ ਦੀਆਂ ਜੀਵਨੀਆਂ ਅਤੇ ਸ੍ਵੈਜੀਵਨੀਆਂ ਪਾਠਕਾਂ ਲਈ ਪ੍ਰੇਰਨਾ ਦਾ ਸੋਮਾ ਬਣਦੀਆਂ ਹਨ। ਅਜਿਹੀਆਂ ਪੁਸਤਕਾਂ ਪੜ੍ਹਨ ਵਾਲ਼ੇ ਵਿਦਿਆਰਥੀ ਰੁਕਾਵਟਾਂ ਤੋਂ ਘਬਰਾਉਂਦੇ ਨਹੀਂ ਸਗੋਂ ਦ੍ਰਿੜ੍ਹਤਾ ਨਾਲ਼ ਆਪਣੇ ਉਦੇਸ਼ ਵੱਲ ਅੱਗੇ ਵਧਦੇ ਹਨ ਅਤੇ ਮਿਥੀ ਹੋਈ ਮੰਜ਼ਲ ਪ੍ਰਾਪਤ ਕਰਦੇ ਹਨ।

ਵਿਦਿਆਰਥੀਆਂ ਨੂੰ ਸਕੂਲ-ਪੱਧਰ ਉੱਤੇ ਹੀ ਲਾਇਬ੍ਰੇਰੀ ਜਾਣ ਅਤੇ ਪਾਠ-ਕ੍ਰਮ ਤੋਂ ਇਲਾਵਾ ਹੋਰ ਚੰਗੀਆਂ ਕਿਤਾਬਾਂ ਪੜ੍ਹਨ ਦੀ ਚੇਟਕ ਲਾਈ ਜਾਣੀ ਜ਼ਰੂਰੀ ਹੈ। ਚੰਗੀਆਂ ਪੁਸਤਕਾਂ ਦੀ ਚੋਣ ਕਰਨ ਵਿੱਚ ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਮਦਦ ਕਰਨੀ ਚਾਹੀਦੀ ਹੈ। ਅਧਿਆਪਕ ਚੰਗੀਆਂ ਕਿਤਾਬਾਂ ਬਾਰੇ ਸਵੇਰ ਦੀ ਸਭਾ ਵਿੱਚ ਜਾਂ ਜਮਾਤ ਵਿੱਚ ਜਾਣਕਾਰੀ ਦੇ ਸਕਦੇ ਹਨ। ਇਹਨਾਂ ਕਿਤਾਬਾਂ ਵਿਚਲੀਆਂ ਕੁਝ ਗੱਲਾਂ ਵਿਦਿਆਰਥੀਆਂ ਨਾਲ਼ ਸਾਂਝੀਆਂ ਕਰ ਕੇ ਉਹਨਾਂ ਵਿੱਚ ਪੁਸਤਕਾਂ ਪੜ੍ਹਨ ਲਈ ਉਤਸੁਕਤਾ ਪੈਦਾ ਕੀਤੀ ਜਾ ਸਕਦੀ ਹੈ। ਸਕੂਲਾਂ ਵਿੱਚ ਪਾਠਕ-ਕਲੱਬ

ਬਣਾਉਣੇ ਚਾਹੀਦੇ ਹਨ । ਵਿਦਿਆਰਥੀਆਂ ਵੱਲੋਂ ਜਾਰੀ ਕਰਵਾਈਆਂ ਕਿਤਾਬਾਂ ਵਿੱਚੋਂ ਲਾਇਬ੍ਰੇਰੀਅਨ ਜਾਂ ਅਧਿਆਪਕ ਵਿਦਿਆਰਥੀਆਂ ਤੋਂ ਕੁਝ ਪ੍ਰਸ਼ਨ ਪੁੱਛ ਸਕਦੇ ਹਨ । ਇਸ ਤਰ੍ਹਾਂ ਕਰਨ ਨਾਲ਼ ਵਿਦਿਆਰਥੀ ਕਿਤਾਬ ਨੂੰ ਵਧੇਰੇ ਰੁਚੀ ਨਾਲ਼ ਪੜ੍ਹਦੇ ਹਨ। ਚੰਗੀਆਂ ਕਿਤਾਬਾਂ ਵਿੱਚੋਂ ਵਧੀਆ ਵਿਚਾਰ ਵਿਦਿਆਰਥੀ ਆਪਣੀ ਡਾਇਰੀ ਵਿੱਚ ਵੀ ਲਿਖ ਸਕਦੇ ਹਨ। ਹਰੇਕ ਵਿੱਦਿਅਕ ਵਰ੍ਹੇ ਦੇ ਅੰਤ ਉੱਤੇ ਵਧੀਆ 'ਵਿਦਿਆਰਥੀ-ਪਾਠਕ' ਚੁਣ ਕੇ ਉਹਨਾਂ ਨੂੰ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ। ਅਜਿਹੇ ਯਤਨਾਂ ਨਾਲ਼ ਵਿਦਿਆਰਥੀਆਂ ਵਿੱਚ ਚੰਗੀਆਂ ਪੁਸਤਕਾਂ ਪੜ੍ਹਨ ਦੀ ਰੁਚੀ ਵਧਦੀ ਹੈ ਅਤੇ ਲਾਇਬ੍ਰੇਰੀ ਵਿੱਚ ਭਰੇ ਗਿਆਨ ਦੇ ਖ਼ਜ਼ਾਨੇ ਦੀ ਵੀ ਸੁਚੱਜੀ ਵਰਤੋਂ ਹੁੰਦੀ ਹੈ।

## ਮਨੁੱਖ ਅਤੇ ਵਿਗਿਆਨ

ਅੱਜ ਦੇ ਯੁੱਗ ਨੂੰ ਵਿਗਿਆਨ ਦਾ ਯੁੱਗ ਕਿਹਾ ਜਾਂਦਾ ਹੈ। ਨਿੱਤ ਦੇ ਜੀਵਨ ਵਿੱਚ ਜਿਹੜੀਆਂ ਚੀਜ਼ਾਂ ਅਸੀਂ ਵਰਤਦੇ ਹਾਂ ਉਹਨਾਂ ਵਿੱਚੋਂ ਸ਼ਾਇਦ ਹੀ ਕੋਈ ਅਜਿਹੀ ਹੋਵੇ ਜਿਸ ਦੇ ਪੈਦਾ ਹੋਣ ਵਿੱਚ ਵਿਗਿਆਨ ਸਹਾਈ ਨਾ ਹੋਇਆ ਹੋਵੇ। ਜ਼ਰਾ ਝਾਤੀ ਮਾਰੀਏ ਤਾਂ ਪੈੱਨ, ਪੁਸਤਕ, ਕੱਪੜੇ, ਮੇਜ਼, ਕੁਰਸੀ, ਬਿਜਲੀ, ਆਵਾਜਾਈ ਦੇ ਸਾਧਨ, ਦਵਾਈਆਂ, ਮਨੋਰੰਜਨ ਦੇ ਸਾਧਨ ਆਦਿ ਅਣਗਿਣਤ ਚੀਜ਼ਾਂ ਵਿਗਿਆਨ ਦਾ ਵਰਦਾਨ ਹਨ। ਵਿਗਿਆਨ ਦਾ ਸਦਕਾ ਧਰਤੀ ਉੱਤੇ ਕਿਤੇ ਵੀ ਵੱਸਦਾ ਮਨੁੱਖ ਸਾਰੀ ਦੁਨੀਆ ਨਾਲ਼ ਜੁੜਿਆ ਮਹਿਸੂਸ ਕਰਦਾ ਹੈ। ਦੂਰੀਆਂ ਘਟ ਗਈਆਂ ਜਾਪਦੀਆਂ ਹਨ। ਕਿਤੇ ਵੀ ਕੋਈ ਘਟਨਾ ਵਾਪਰੇ ਉਸ ਦੀ ਸੂਚਨਾ ਮਿੰਟਾਂ-ਸਕਿੰਟਾਂ ਵਿੱਚ ਧਰਤੀ ਦੇ ਹਰ ਕੋਨੇ 'ਤੇ ਪਹੁੰਚ ਜਾਂਦੀ ਹੈ। ਮਾਰੂ ਸਮਝੀਆਂ ਜਾਂਦੀਆਂ ਬਿਮਾਰੀਆਂ ਉੱਤੇ ਕਾਬੂ ਪਾ ਲਿਆ ਗਿਆ ਹੈ। ਹਰ ਪ੍ਰਕਾਰ ਦੇ ਸੁੱਖਾਂ ਦੇ ਸਾਧਨ ਮਨੁੱਖ ਦੀ ਸੇਵਾ ਵਿੱਚ ਹਨ। ਕੁਦਰਤ ਦੀਆਂ ਸ਼ਕਤੀਆਂ ਨੂੰ ਵੱਸ ਵਿੱਚ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਵਿਗਿਆਨ ਨੇ ਮਨੁੱਖ ਦੇ ਜੀਵਨ-ਢੰਗ ਨੂੰ ਹੀ ਬਦਲ ਦਿੱਤਾ ਹੈ। ਹੁਣ ਵਿਗਿਆਨ ਸਦਕਾ ਮਨੁੱਖ ਇਸ ਧਰਤੀ ਦਾ ਬਾਦਸ਼ਾਹ ਹੈ।

ਵਿਗਿਆਨ ਮਨੁੱਖ ਦੀ ਹੀ ਸੂਝ ਅਤੇ ਮਿਹਨਤ ਦਾ ਸਿੱਟਾ ਹੈ। ਵਿਗਿਆਨ ਦਾ ਇਹ ਵਿਕਾਸ ਇੱਕ ਦਿਨ ਵਿੱਚ ਨਹੀਂ ਹੋਇਆ। ਇਸ ਦੇ ਪਿੱਛੇ ਮਨੁੱਖ ਦੀਆਂ ਆਪਣੀਆਂ ਲੋੜਾਂ ਲਈ ਕੁਦਰਤ ਨੂੰ ਸਮਝਣ ਅਤੇ ਉਸ ਉੱਤੇ ਕਾਬੂ ਪਾਉਣ ਦੇ ਯਤਨਾਂ ਦੀ ਲੰਮੀ ਕਹਾਣੀ ਹੈ। ਜਿਹੜੀਆਂ ਚੀਜ਼ਾਂ ਦੀ ਅਸੀਂ ਹੁਣ ਆਮ ਵਰਤੋਂ ਕਰਦੇ ਹਾਂ,ਉਹ ਕਿਸੇ ਸਮੇਂ ਹੋਈ ਵਿਗਿਆਨ ਦੀ ਕਿਸੇ ਕਾਢ ਦਾ ਹੀ ਸਿੱਟਾ ਹਨ, ਜਿਵੇ : ਅੱਗ ਬਾਲ਼ਨ ਦੀ ਕਾਢ (ਤੀਲਾਂ ਦੀ ਡੱਬੀ), ਪਹੀਏ ਦੀ ਕਾਢ, ਹਵਾਈ ਜਹਾਜ਼ ਦੀ ਕਾਢ ਆਦਿ। ਜੋ ਅੱਜ ਵਿਗਿਆਨ ਹੈ ਉਹ ਕੁਝ ਸਮੇਂ ਬਾਅਦ ਆਮ ਗਿਆਨ ਦਾ ਹਿੱਸਾ ਬਣ ਜਾਂਦਾ ਹੈ।

ਵਿਗਿਆਨ ਦੀਆਂ ਕਾਢਾਂ ਕਿਸੇ ਇੱਕ ਦੇਸ ਜਾਂ ਧਰਤੀ ਦੇ ਖਿੱਤੇ ਦੇ ਲੋਕਾਂ ਦੀ ਦੇਣ ਨਹੀਂ ਹਨ। ਇਹਨਾਂ ਲਈ ਸਾਰੇ ਸੰਸਾਰ ਦੇ ਵਿਗਿਆਨੀਆਂ ਨੇ ਆਪਣਾ ਯੋਗਦਾਨ ਪਾਇਆ ਹੈ। ਕੋਈ ਕਾਢ ਭਾਵੇਂ ਕਿਸੇ ਵਿਗਿਆਨੀ ਨੇ ਕੱਢੀ ਹੋਵੇ ਉਸ ਦਾ ਲਾਭ ਸਾਰੇ ਸੰਸਾਰ ਨੂੰ ਹੁੰਦਾ ਹੈ। ਉਦਾਹਰਨ ਲਈ ਬਿਜਲੀ, ਰੇਡੀਓ, ਟੈਲੀਫ਼ੂਨ, ਟੈਲੀਵੀਜ਼ਨ ਆਦਿ ਕਾਢਾਂ ਦਾ ਲਾਭ ਸਾਰੀ ਦੁਨੀਆ ਨੂੰ ਪਹੁੰਚ ਰਿਹਾ ਹੈ। ਇਸ ਤਰ੍ਹਾਂ ਵਿਗਿਆਨ ਇਸ ਧਰਤੀ ਦੇ ਲੋਕਾਂ ਦੀ ਸਾਂਝੀ ਪ੍ਰਾਪਤੀ ਹੈ ਅਤੇ ਇਸ ਦੇ ਲਾਭਾਂ ਦਾ ਹੱਕ ਸਾਰਿਆਂ ਨੂੰ ਹੈ ।

ਵਿਗਿਆਨ ਦੇ ਖੇਤਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਨਿੱਤ ਅਖ਼ਬਾਰਾਂ, ਰਿਸਾਲਿਆਂ, ਰੇਡੀਓ, ਟੈਲੀਵੀਜ਼ਨ ਰਾਹੀਂ ਨਵੀਂਆਂ ਤੋਂ ਨਵੀਂਆਂ ਕਾਢਾਂ ਦਾ ਪਤਾ ਲੱਗਦਾ ਹੈ। ਪਰ ਇਹ ਪਸਾਰਾ ਇਤਨੀ ਤੇਜ਼ੀ ਨਾਲ਼ ਹੋ ਰਿਹਾ ਹੈ ਕਿ ਜਿਹੜੀ ਕਾਢ ਅੱਜ ਹੈਰਾਨੀ ਪੈਦਾ ਕਰਦੀ ਹੈ ਉਹ ਕੁਝ ਸਮੇਂ ਪਿੱਛੋਂ ਆਮ ਹੋ ਜਾਂਦੀ ਹੈ। ਇਲੈਕਟ੍ਰਾਨਿਕ ਘੜੀ ਹੀ ਲਈਏ। ਕੁਝ ਸਾਲ ਪਹਿਲਾਂ ਅਜਿਹੀਆਂ ਘੜੀਆਂ ਹੈਰਾਨੀ ਪੈਦਾ ਕਰਦੀਆਂ ਤੇ ਉਤਸੁਕਤਾ ਜਗਾਉਂਦੀਆਂ ਸਨ ਪਰ ਅੱਜ-ਕੱਲ੍ਹ ਇਹਨਾਂ ਦੀ ਵਰਤੋਂ ਆਮ ਹੁੰਦੀ ਹੈ। ਇੰਞ ਇਹ ਅਨੁਮਾਨ ਕਰਨਾ ਸੌਖਾ ਨਹੀਂ ਕਿ ਆਉਣ ਵਾਲ਼ੇ ਸਮੇਂ ਵਿੱਚ ਵਿਗਿਆਨ ਦੀਆਂ ਕਿਹੜੀਆਂ-ਕਿਹੜੀਆਂ ਕਾਢਾਂ ਹੋਣਗੀਆਂ ਅਤੇ ਉਹਨਾਂ ਕਾਰਨ ਮਨੁੱਖੀ ਜੀਵਨ ਕਿੰਨਾ ਤਬਦੀਲ ਹੋ ਜਾਵੇਗਾ।

ਵਿਗਿਆਨ ਸਦਕਾ ਮਨੁੱਖ ਦੇ ਭੌਤਿਕ ਜੀਵਨ ਵਿੱਚ ਤੇਜ਼ੀ ਨਾਲ਼ ਤਬਦੀਲੀਆਂ ਆਈਆਂ ਹਨ ਪਰ ਇਸ ਦੇ ਨਾਲ਼ ਮਨੁੱਖ ਦੇ ਮਨ ਵਿੱਚ ਵੀ ਤਬਦੀਲੀ ਆਉਣੀ ਚਾਹੀਦੀ ਹੈ। ਮੁੱਖ ਰੂਪ ਵਿੱਚ ਇਹ ਤਬਦੀਲੀ ਸਾਹਿਤ ਅਤੇ ਕਲਾਵਾਂ ਨੇ ਲਿਆਉਣੀ ਹੁੰਦੀ ਹੈ। ਵਿਗਿਆਨ ਨੇ ਕਲਾਵਾਂ ਦੇ ਵਿਕਸਿਤ ਹੋਣ ਵਿੱਚ ਵੀ ਬਹੁਤ ਯੋਗਦਾਨ ਪਾਇਆ

ਹੈ। ਉਦਾਹਰਨ ਲਈ ਸੰਗੀਤ ਦੇ ਅਜਿਹੇ ਸਾਜ਼ ਬਣ ਗਏ ਹਨ ਜਿਨ੍ਹਾਂ ਨਾਲ਼ ਬਰੀਕ ਤੋਂ ਬਰੀਕ ਅਤੇ ਮੋਟੀਆਂ ਤੋਂ ਮੋਟੀਆਂ ਧੁਨੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਫ਼ਿਲਮਾਂ ਵਿੱਚ ਵਿਗਿਆਨ ਨੇ ਕਲਾਕਾਰਾਂ ਦੀ ਕਲਾ ਦੇ ਪ੍ਰਭਾਵ ਵਿੱਚ ਬੇਅੰਤ ਵਾਧਾ ਕੀਤਾ ਹੈ। ਕੋਈ ਸੋਭਾ ਸਿੰਘ ਜਿਹਾ ਚਿੱਤਰਕਾਰ ਇੱਕ ਵਧੀਆ ਚਿੱਤਰ ਬਣਾਉਂਦਾ ਹੈ ਤਾਂ ਵਿਗਿਆਨ ਉਸ ਚਿੱਤਰ ਦੀਆਂ ਇੰਨ-ਬਿੰਨ ਲੱਖਾਂ ਕਾਪੀਆਂ ਤਿਆਰ ਕਰਨ ਵਿੱਚ ਮਦਦ ਕਰਦਾ ਹੈ। ਹੋਰ ਤਾਂ ਹੋਰ ਪਹਿਲਾ ਚਿੱਤਰ ਬਣਨ ਵਿੱਚ ਵੀ ਵਧੀਆ ਕੈਨਵਸ, ਭਿੰਨ-ਭਿੰਨ ਰੰਗ ਅਤੇ ਮਿਆਰੀ ਬੁਰਸ਼ ਵਿਗਿਆਨ ਦੀ ਪੈਦਾਵਾਰ ਹਨ। ਵਿਗਿਆਨ ਸਦਕਾ ਕਿਸੇ ਇੱਕ ਥਾਂ ਦਾ ਉੱਤਮ ਸਾਹਿਤ ਸਾਰੇ ਸੰਸਾਰ ਵਿੱਚ ਛਪਦਾ ਅਤੇ ਵਿਕਦਾ ਹੈ। ਇਸ ਪ੍ਰਕਾਰ ਵਿਗਿਆਨ ਅਤੇ ਕਲਾਵਾਂ ਮਨੁੱਖ ਨੇ ਪੈਦਾ ਕੀਤੀਆਂ ਹਨ ਅਤੇ ਮਨੁੱਖ ਦੇ ਭਲੇ ਲਈ ਇੱਕ-ਦੂਜੇ ਦੀਆਂ ਪੂਰਕ ਹਨ। ਮਨੁੱਖ ਦੇ ਮਨ ਵਿੱਚੋਂ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ ਅਤੇ ਨਿਰਮੂਲ ਡਰਾਂ ਦਾ ਹਨੇਰਾ ਦੂਰ ਕਰਨ ਲਈ ਵਿਗਿਆਨ ਅਤੇ ਕਲਾਵਾਂ ਦਾ ਬਰਾਬਰ ਯੋਗਦਾਨ ਹੈ।

ਵਿਗਿਆਨ ਮਨੁੱਖ ਦੇ ਹੱਥ ਵਿੱਚ ਇੱਕ ਵੱਡੀ ਸ਼ਕਤੀ ਹੈ। ਕਿਸੇ ਵੀ ਸ਼ਕਤੀਸ਼ਾਲੀ ਸਾਧਨ ਵਾਂਗ ਇਸ ਦੀ ਕੁਵਰਤੋਂ ਵੀ ਮਾੜੀ ਹੈ। ਅੱਜ ਜੰਗਾਂ-ਯੁੱਧਾਂ ਲਈ ਵਿਗਿਆਨ ਦੀ ਮਦਦ ਨਾਲ਼ ਬੜੇ ਭਿਅੰਕਰ ਹਥਿਆਰ ਬਣਾਏ ਜਾ ਰਹੇ ਹਨ। ਦੂਜੇ ਮਹਾਂ-ਯੁੱਧ ਸਮੇਂ ਜਪਾਨੀ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਐਟਮ-ਬੰਬਾਂ ਨਾਲ਼ ਹੋਈ ਬਰਬਾਦੀ ਅਜੇ ਤੱਕ ਸਭ ਨੂੰ ਯਾਦ ਹੈ। ਹੁਣ ਤਾਂ ਅਜਿਹੇ ਮਾਰੂ ਹਥਿਆਰਾਂ ਬਾਰੇ ਸੁਣਦੇ ਹਾਂ ਜਿਨ੍ਹਾਂ ਦੀ ਮਾਰ ਨਾਲ਼ ਸਾਰਾ ਸੰਸਾਰ ਇੱਕੋ ਸਮੇਂ ਤਬਾਹ ਹੋ ਸਕਦਾ ਹੈ। ਪਰ ਇਸ ਵਿੱਚ ਦੋਸ਼ ਵਿਗਿਆਨ ਦਾ ਨਹੀਂ ਸਗੋਂ ਉਹਨਾਂ ਲੋਕਾਂ ਦਾ ਹੈ ਜਿਹੜੇ ਇਸ ਨੂੰ ਤਬਾਹੀ ਲਈ ਵਰਤਣ ਤੋਂ ਝਿਜਕਦੇ ਨਹੀਂ। ਆਉਣ ਵਾਲ਼ੇ ਸਮਿਆਂ ਵਿੱਚ ਅਜਿਹੇ ਮਨੁੱਖ ਦੀ ਲੋੜ ਹੈ ਜਿਹੜਾ ਮਾਰੂ ਦੀ ਥਾਂ ਉਸਾਰੂ ਹੋਵੇ ਅਤੇ ਜਿਹੜਾ ਵਿਗਿਆਨਿਕ ਦ੍ਰਿਸ਼ਟੀ ਅਤੇ ਕੋਮਲ ਹਿਰਦੇ ਦਾ ਮਾਲਕ ਹੋਵੇ ਤਾਂ ਹੀ ਉਹ ਵਿਗਿਆਨ ਦੀ ਵਧਦੀ ਸ਼ਕਤੀ ਨੂੰ ਸਮੁੱਚੀ ਮਾਨਵਤਾ ਦੇ ਭਲੇ ਲਈ ਵਰਤ ਸਕਦਾ ਹੈ। ਨਿਸ਼ਚੇ ਹੀ ਅਜਿਹੇ ਮਨੁੱਖ ਦੀ ਸ਼ਖ਼ਸੀਅਤ ਦਾ ਵਿਕਾਸ ਵਿਗਿਆਨ ਅਤੇ ਕਲਾ ਦੋਂਹਾਂ ਦੇ ਸੁਮੇਲ ਸਦਕਾ ਹੀ ਹੋ ਸਕਦਾ ਹੈ।

## ਕੰਪਿਊਟਰ

ਕੰਪਿਊਟਰ ਵਿਗਿਆਨ ਦੀ ਇੱਕ ਅਦਭੁਤ ਖੋਜ ਹੈ ਜਿਸ ਨੇ ਮਨੁੱਖੀ ਜੀਵਨ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ। ਕੰਪਿਊਟਰ ਤਕਨਾਲੋਜੀ ਦੇ ਵਿਕਾਸ ਦੀ ਇੱਕ ਸਿਖਰ ਹੈ। ਕੰਪਿਊਟਰ ਨੇ ਮਨੁੱਖੀ ਦਿਮਾਗ਼ ਦੇ ਗੁੰਝਲ਼ਦਾਰ ਕੰਮਾਂ ਨੂੰ ਸਾਂਭ ਲਿਆ ਹੈ ਅਤੇ ਇੰਟਰਨੈੱਟ ਨਾਲ਼ ਸੰਸਾਰ ਦੇ ਕੋਨੇ-ਕੋਨੇ ਨੂੰ ਆਪਸ ਵਿੱਚ ਜੋੜ ਦਿੱਤਾ ਹੈ। ਕੰਪਿਊਟਰ ਦੀ ਸਿੱਖਿਆ ਅੱਜ ਦੇ ਸਮੇਂ ਦੀ ਪ੍ਰਮੁੱਖ ਲੋੜ ਬਣ ਗਈ ਹੈ। ਇਸ ਤੋਂ ਬਿਨਾਂ ਪ੍ਰਾਪਤ ਕੀਤੀ ਕੋਈ ਵੀ ਸਿੱਖਿਆ ਅਧੂਰੀ ਜਾਪਦੀ ਹੈ।

ਚਾਰਲਸ ਬੇਬਜ ਨੂੰ ਆਧੁਨਿਕ ਕੰਪਿਊਟਰ ਦਾ ਜਨਮਦਾਤਾ ਮੰਨਿਆ ਜਾਂਦਾ ਹੈ। ਉਸ ਨੇ 'ਰਾਇਲ ਸੋਸਾਇਟੀ' ਦੀ ਬੇਨਤੀ ਉੱਤੇ 1840 ਵਿੱਚ ਗਿਣਤੀ ਲਈ 'ਵਿਸ਼ਲੇਸ਼ਣਾਤਮਿਕ ਇੰਜਣ' ਦਾ ਨਿਰਮਾਣ ਕੀਤਾ। ਬਹੁਤ ਸਾਰੇ ਵਿਗਿਆਨੀਆਂ ਨੇ ਕੰਪਿਊਟਰ ਦੀ ਕਾਰਜ-ਸਮਰੱਥਾ ਵਧਾਉਣ, ਸਹੀ ਨਤੀਜੇ ਪ੍ਰਾਪਤ ਕਰਨ ਅਤੇ ਇਸ ਦੀ ਵਰਤੋਂ ਨੂੰ ਸੁਖਾਲ਼ਾ ਬਣਾਉਣ ਲਈ ਇਸ ਖੇਤਰ ਵਿੱਚ ਕੰਮ ਕੀਤਾ। 1990 ਵਿੱਚ 'ਮਾਈਕਰੋ ਕੰਪਿਊਟਰ' ਅਤੇ 'ਪਰਸਨਲ ਕੰਪਿਊਟਰ' ਆਮ ਹੋ ਗਏ। ਕੰਪਿਊਟਰ ਨੂੰ ਹੋਰ ਬਿਹਤਰੀਨ ਬਣਾਉਣ ਲਈ ਅਜੇ ਵੀ ਵਿਗਿਆਨੀ ਜੁਟੇ ਹੋਏ ਹਨ ।

ਮੁੱਖ ਰੂਪ ਵਿੱਚ ਕੰਪਿਊਟਰ ਦੇ ਤਿੰਨ ਭਾਗ ਹੁੰਦੇ ਹਨ—ਆਦਾਨ ਭਾਗ, ਕੇਂਦਰੀ ਭਾਗ ਅਤੇ ਪ੍ਰਦਾਨ ਭਾਗ। ਆਦਾਨ ਭਾਗ (ਇਨ-ਪੁੱਟ ਡਿਵਾਇਸ) ਦੀ ਮਦਦ ਨਾਲ਼ ਅਸੀਂ ਕੇਂਦਰੀ ਭਾਗ ਨੂੰ ਨਿਰਦੇਸ਼ ਦਿੰਦੇ ਹਾਂ ਅਤੇ ਪ੍ਰਦਾਨ ਭਾਗ (ਆਊਟ-ਪੁੱਟ ਡਿਵਾਇਸ) ਤੋਂ ਅਸੀਂ ਨਤੀਜੇ ਪ੍ਰਾਪਤ ਕਰਦੇ ਹਾਂ। ਕੰਪਿਊਟਰ ਦੇ ਅਲੱਗ-ਅਲੱਗ ਹਿੱਸਿਆਂ ਨੂੰ 'ਹਾਰਡ-ਵੇਅਰ' ਕਿਹਾ ਜਾਂਦਾ ਹੈ ਅਤੇ ਇਸ ਵਿੱਚ ਚੱਲਣ ਵਾਲ਼ੇ ਸਮੁੱਚੇ ਪ੍ਰੋਗ੍ਰਾਮ ਨੂੰ 'ਸਾਫ਼ਟ-ਵੇਅਰ' ਕਿਹਾ ਜਾਂਦਾ ਹੈ।

ਸ਼ੁਰੂ-ਸ਼ੁਰੂ ਵਿੱਚ ਕੰਪਿਊਟਰ ਦੀ ਵਰਤੋਂ ਗਣਿਤ ਜਾਂ ਹਿਸਾਬ-ਕਿਤਾਬ ਦੇ ਕੰਮਾਂ ਵਿੱਚ ਹੀ ਹੁੰਦੀ ਸੀ। ਪਰ ਹੁਣ ਕੰਪਿਊਟਰ ਜ਼ਿੰਦਗੀ ਦੇ ਹਰ ਖੇਤਰ ਵਿੱਚ ਕੰਮ ਆਉਣ ਲੱਗ ਪਿਆ ਹੈ। ਕੰਪਿਊਟਰ ਦਾ ਪ੍ਰਯੋਗ ਵਿਭਿੰਨ ਉਦਯੋਗਾਂ, ਟੈਲੀਫ਼ੂਨ, ਬਿਜਲੀ, ਸਿਹਤ-ਵਿਭਾਗ, ਬੈਂਕਾਂ, ਸਿੱਖਿਆ-ਸੰਸਥਾਵਾਂ ਅਤੇ ਲਗ-ਪਗ ਸਾਰੇ ਸਰਕਾਰੀ ਅਤੇ ਗ਼ੈਰਸਰਕਾਰੀ

ਦਫ਼ਤਰਾਂ ਅਤੇ ਸੰਸਥਾਵਾਂ ਵਿੱਚ ਹੁੰਦਾ ਹੈ। ਅੱਜ-ਕੱਲ੍ਹ ਰੇਲਵੇ ਵਿਭਾਗ ਵਿੱਚ ਸੀਟਾਂ ਰਾਖਵੀਆਂ ਕਰਵਾਉਣ, ਫੋਟੋਆਂ ਤਿਆਰ ਕਰਨ ਅਤੇ ਵੱਖ-ਵੱਖ ਤਰ੍ਹਾਂ ਦੇ ਡਿਜ਼ਾਈਨ ਬਣਾਉਣ ਆਦਿ ਲਈ ਵੀ ਕੰਪਿਊਟਰ ਦੀ ਵਰਤੋਂ ਕੀਤੀ ਜਾਂਦੀ ਹੈ।

ਕੰਪਿਊਟਰ ਦੀ ਕੰਮ ਕਰਨ ਦੀ ਸਮਰੱਥਾ ਬਹੁਤ ਜ਼ਿਆਦਾ ਹੈ। ਇਹ ਸੈਂਕੜੇ ਮਨੁੱਖਾਂ ਦੁਆਰਾ ਕਈ ਦਿਨਾਂ ਵਿੱਚ ਕੀਤਾ ਜਾਣ ਵਾਲ਼ਾ ਕੰਮ ਮਿੰਟਾਂ ਵਿੱਚ ਕਰ ਸਕਦਾ ਹੈ। ਇਸ ਨਾਲ਼ ਸ਼ਕਤੀ ਅਤੇ ਸਮਾਂ ਦੋਂਹਾਂ ਦੀ ਬੱਚਤ ਹੁੰਦੀ ਹੈ। ਕੰਪਿਊਟਰ ਦੀ ਵਰਤੋਂ ਨੇ ਬਹੁਤ ਸਾਰੀਆਂ ਮਸ਼ੀਨਾਂ ਨੂੰ ਸ੍ਵੈਚਾਲਿਤ ਬਣਾ ਦਿੱਤਾ ਹੈ। ਗੱਲ ਕੀ ਕੰਪਿਊਟਰ ਨੇ ਮਨੁੱਖੀ ਜ਼ਿੰਦਗੀ ਨੂੰ ਅੰਤਾਂ ਦੀਆਂ ਸਹੂਲਤਾਂ ਦੇ ਕੇ ਸੁੱਖਾਂ ਨਾਲ਼ ਭਰ ਦਿੱਤਾ ਹੈ। ਹੋਰ ਤਾਂ ਹੋਰ ਹੁਣ ਤਾਂ ਕੰਪਿਊਟਰ-ਮਨੁੱਖ (ਰੋਬੋਟ) ਦੀ ਵੀ ਖੋਜ ਹੋ ਚੁੱਕੀ ਹੈ। ਹਵਾਈ ਜਹਾਜ਼ਾਂ, ਮਿਜ਼ਾਈਲਾਂ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਕੰਪਿਊਟਰ ਦੁਆਰਾ ਨਿਯੰਤਰਨ ਹੋਣ ਲੱਗਿਆ ਹੈ।

ਛਪਾਈ ਦੇ ਕੰਮ ਵਿੱਚ ਵੀ ਕੰਪਿਊਟਰ ਦੁਆਰਾ ਕੰਮ ਲਾਸਾਨੀ ਹੈ। ਇਸ ਨੇ ਛਪਾਈ ਦੀ ਦਿੱਖ ਨੂੰ ਬਹੁਤ ਸੁੰਦਰ ਅਤੇ ਆਕਰਸ਼ਕ ਬਣਾਇਆ ਹੈ। ਕੰਪਿਊਟਰ ਦੀ ਮਦਦ ਨਾਲ਼ ਕਾਰਟੂਨ ਅਤੇ ਹੋਰ ਭਾਂਤ-ਭਾਂਤ ਦੇ ਚਿੱਤਰ ਬਣਾਏ ਜਾ ਸਕਦੇ ਹਨ।

ਕੰਪਿਊਟਰ ਦੁਆਰਾ ਈ-ਮੇਲ ਰਾਹੀਂ ਸੰਦੇਸ਼ ਵੀ ਇੱਕ ਥਾਂ ਤੋਂ ਦੂਜੀ ਥਾਂ ਭੇਜਿਆ ਜਾ ਸਕਦਾ ਹੈ। ਕੰਪਿਊਟਰ ਸਾਹਮਣੇ ਬੈਠ ਕੇ ਅਸੀਂ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਬੈਠੇ ਆਪਣੇ ਮਿੱਤਰਾਂ ਜਾਂ ਸੰਬੰਧੀਆਂ ਨਾਲ਼ ਗੱਲ ਕਰ ਸਕਦੇ ਹਾਂ। ਇਹ ਗੱਲ-ਬਾਤ ਇਸ ਤਰ੍ਹਾਂ ਲੱਗਦੀ ਹੈ ਜਿਵੇਂ ਅਸੀਂ ਇੱਕ-ਦੂਜੇ ਦੇ ਸਾਮ੍ਹਣੇ ਬੈਠ ਕੇ ਗੱਲਾਂ ਕਰ ਰਹੇ ਹੋਈਏ। ਇਸ ਸਾਰੇ ਕੰਮ ਨੂੰ ਇੰਟਰਨੈੱਟ ਨੇ ਸੰਭਵ ਬਣਾਇਆ ਹੈ। ਇੰਟਰਨੈੱਟ ਇੱਕ ਅਜਿਹੀ ਪ੍ਰਨਾਲ਼ੀ ਹੈ ਜਿਸ ਨਾਲ਼ ਸਾਰੀ ਦੁਨੀਆ ਦੇ ਕੰਪਿਊਟਰ ਇੱਕ-ਦੂਜੇ ਨਾਲ਼ ਜੁੜੇ ਹੋਏ ਹਨ । ਇੰਟਰਨੈੱਟ ਦੀ ਸਹੂਲਤ ਦੇਣ ਵਾਲ਼ੀਆਂ ਕੰਪਨੀਆਂ ਇਸ ਨੂੰ ਵਰਤਣ ਵਾਲ਼ੇ ਤੋਂ ਕੁਝ ਪੈਸੇ ਲੈ ਕੇ ਇਹ ਸਹੂਲਤ ਦਿੰਦੀਆਂ ਹਨ। ਵਰਤੋਂ ਕਰਨ ਵਾਲ਼ੇ ਦਾ ਇੱਕ ਗੁਪਤ ਕੋਡ-ਨੰਬਰ ਹੁੰਦਾ ਹੈ। ਇੰਟਰਨੈੱਟ ਰਾਹੀਂ ਅਸੀਂ ਆਪਣੇ ਕੰਪਿਊਟਰ ਉੱਤੇ ਘਰ ਬੈਠੇ ਹੀ ਹਰੇਕ ਵਿਸ਼ੇ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ।

ਕੰਪਿਊਟਰ ਦੇ ਬਹੁਤ ਸਾਰੇ ਲਾਭ ਹਨ। ਪਰ ਕੁਝ ਲੋਕਾਂ ਦਾ ਵਿਚਾਰ ਹੈ ਕਿ ਕੰਪਿਊਟਰ ਸੈਂਕੜੇ ਲੋਕਾਂ ਦਾ ਕੰਮ ਘੱਟ ਸਮੇਂ ਵਿੱਚ ਕਰਕੇ, ਬੇਰੁਜ਼ਗਾਰੀ ਵਧਾਉਣ ਵਿੱਚ ਵੱਡੀ ਭੂਮਿਕਾ ਨਿਭਾ ਰਿਹਾ ਹੈ। ਪਰ ਕੰਪਿਊਟਰ ਚਲਾਉਣ ਲਈ ਵੀ ਤਾਂ ਮਨੁੱਖਾਂ ਦੀ ਲੋੜ ਹੈ। ਕੰਪਿਊਟਰ-ਸਿੱਖਿਆ ਵਿੱਚ ਮਾਹਰ ਲੋਕਾਂ ਲਈ ਤਾਂ ਸਗੋਂ ਰੁਜ਼ਗਾਰ ਦੇ ਨਿੱਤ-ਨਵੇਂ ਦਰਵਾਜ਼ੇ ਖੁੱਲ੍ਹ ਰਹੇ ਹਨ।

ਇਹ ਵੀ ਸੱਚ ਹੈ ਕਿ ਕੁਝ ਸਮਾਜ-ਵਿਰੋਧੀ ਤੱਤ ਕੰਪਿਊਟਰ ਦਾ ਦੁਰਉਪਯੋਗ ਵੀ ਕਰਦੇ ਹਨ। ਉਹ ਕੰਪਿਊਟਰ ਦੀ ਮਦਦ ਨਾਲ਼ ਕਦੇ ਵੀ, ਕਿਸੇ ਨੂੰ ਵੀ ਅਨੈਤਿਕ ਫੋਟੋਆਂ ਤੇ ਸੁਨੇਹੇ ਭੇਜਣ ਤੋਂ ਨਹੀਂ ਡਰਦੇ। 'ਸਾਈਬਰ-ਕ੍ਰਾਈਮ' ਨਾਂ ਦਾ ਨਵਾਂ ਦੈਂਤ ਲੋਕਾਂ ਦੀ ਨੀਂਦ ਹਰਾਮ ਕਰ ਰਿਹਾ ਹੈ। ਕੰਪਿਊਟਰ ਦੀ ਮਦਦ ਨਾਲ਼ ਨਕਲੀ ਕਰੰਸੀ, ਨਕਲੀ ਏ.ਟੀ.ਐੱਮ. ਜਾਂ ਕ੍ਰੈਡਿਟ-ਕਾਰਡ ਬਣਾਉਣਾ ਸ਼ਰਾਰਤੀ ਲੋਕਾਂ ਲਈ ਖੱਬੇ ਹੱਥ ਦੀ ਖੇਡ ਬਣ ਗਿਆ ਹੈ। ਅਜਿਹੇ ਠੱਗਾਂ ਤੋਂ ਬਚਣ ਲਈ ਕੰਪਿਊਟਰ ਦੀ ਵਰਤੋਂ ਕਰਨ ਵਾਲ਼ਿਆਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਅਤੇ ਕੰਪਿਊਟਰ ਦੀ ਅਜਿਹੀ ਦੁਰਵਰਤੋਂ ਕਰਨ ਵਾਲ਼ਿਆਂ ਲਈ ਸਖ਼ਤ ਕਨੂੰਨ ਹੋਣੇ ਚਾਹੀਦੇ ਹਨ।

ਕੰਪਿਊਟਰ ਦੀ ਜ਼ਿਆਦਾ ਵਰਤੋਂ ਕਰਨ ਨਾਲ਼ ਬੱਚਿਆਂ ਦੀ ਸਿਹਤ ਉੱਤੇ ਵੀ ਮਾੜਾ ਅਸਰ ਪੈ ਰਿਹਾ ਹੈ। ਅੱਜ-ਕੱਲ੍ਹ ਬੱਚੇ ਖੇਡ ਦੇ ਮੈਦਾਨ ਵਿੱਚ ਜਾ ਕੇ ਖੇਡਣ ਦੀ ਥਾਂ ਕੰਪਿਊਟਰ 'ਤੇ ਖੇਡਾਂ ਖੇਡਣੀਆਂ ਜ਼ਿਆਦਾ ਪਸੰਦ ਕਰਦੇ ਹਨ। ਇਸ ਨਾਲ਼ ਬੱਚਿਆਂ ਦਾ ਦਿਮਾਗ਼ ਭਾਵੇਂ ਤਿੱਖਾ ਹੁੰਦਾ ਹੈ ਪਰ ਸਰੀਰਿਕ ਤੌਰ 'ਤੇ ਉਹ ਤੰਦਰੁਸਤ ਨਹੀਂ ਰਹਿੰਦੇ। ਸਰੀਰ ਦੀ ਵਾਧੂ ਊਰਜਾ ਦਾ ਨਿਸਤਾਰਾ ਨਾ ਹੋਣ ਕਾਰਨ ਬੱਚਿਆਂ ਦਾ ਭਾਰ ਵਧਣਾ ਆਮ ਜਿਹੀ ਗੱਲ ਹੋ ਗਈ ਹੈ। ਜ਼ਿਆਦਾ ਦੇਰ ਤੱਕ ਕੰਪਿਊਟਰ 'ਤੇ ਕੰਮ ਕਰਨ ਨਾਲ਼ ਅੱਖਾਂ ਉੱਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ।

ਨਿਰਸੰਦੇਹ ਕੰਪਿਊਟਰ ਦੇ ਕੁਝ ਕੁ ਹਾਨੀਕਾਰਕ ਪੱਖ ਵੀ ਸਾਮ੍ਹਣੇ ਆ ਰਹੇ ਹਨ ਪਰ ਇਸ ਦੇ ਲਾਭਾਂ ਸਾਹਮਣੇ ਇਹ ਆਟੇ ਵਿੱਚ ਲੂਣ ਬਰਾਬਰ ਹਨ। ਜਾਗਰੂਕਤਾ ਨਾਲ਼ ਕੰਪਿਊਟਰ ਦੀ ਵਰਤੋਂ ਕਰਕੇ ਇਹਨਾਂ ਨੁਕਸਾਨਾਂ ਤੋਂ ਬਚਿਆ ਜਾ ਸਕਦਾ ਹੈ। ਕੰਪਿਊਟਰ ਆਧੁਨਿਕ ਯੁੱਗ ਦੀ ਇੱਕ ਅਨੋਖੀ ਅਤੇ ਵਿਲੱਖਣ ਪ੍ਰਾਪਤੀ ਹੈ। ਇਸ ਦੀ ਸੁਚੱਜੀ ਵਰਤੋਂ ਨਾਲ਼ ਮਨੁੱਖ ਲਗਾਤਾਰ ਨਵੇਂ ਦਿੱਸਹੱਦਿਆਂ ਵੱਲ ਅੱਗੇ ਵਧ ਰਿਹਾ ਹੈ।

# ਪ੍ਰਦੂਸ਼ਣ ਦੀ ਸਮੱਸਿਆ

ਪ੍ਰਦੂਸ਼ਣ ਅੱਜ ਦੇ ਯੁੱਗ ਦੀ ਸਭ ਤੋਂ ਵੱਡੀ ਸਮੱਸਿਆ ਹੈ। ਜਦੋਂ ਤੱਕ ਅਬਾਦੀ ਘੱਟ ਸੀ ਅਤੇ ਕੁਦਰਤੀ ਸੋਮੇ ਬਹੁਤੇ ਸਨ,ਉਦੋਂ ਤੱਕ ਪ੍ਰਦੂਸ਼ਣ ਦੀ ਕੋਈ ਸਮੱਸਿਆ ਨਹੀਂ ਸੀ। ਵਧਦੀ ਅਬਾਦੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੁਦਰਤੀ ਸਾਧਨਾਂ ਦੀ ਵਰਤੋਂ ਵੀ ਵਧ ਗਈ। ਲੋੜਾਂ ਦੀ ਪੂਰਤੀ ਲਈ ਵੱਡੇ-ਵੱਡੇ ਕਾਰਖ਼ਾਨੇ ਲਾਏ ਗਏ। ਇਹਨਾਂ ਤੋਂ ਪੈਦਾ ਹੋਣ ਵਾਲ਼ੇ ਬੇਅੰਤ ਧੂੰਏਂ ਅਤੇ ਹੋਰ ਰਹਿੰਦ-ਖੂੰਹਦ ਨਾਲ਼ ਵਾਤਾਵਰਨ ਪਲੀਤ ਹੋਣ ਲੱਗਿਆ। ਦੂਜੇ ਪਾਸੇ ਆਪਣੀਆਂ ਲੋੜਾਂ ਦੀ ਪੂਰਤੀ ਲਈ ਮਨੁੱਖਾਂ ਨੇ ਜੰਗਲ਼ਾਂ ਨੂੰ ਕੱਟਣਾ ਸ਼ੁਰੂ ਕਰ ਦਿੱਤਾ। ਹਵਾ ਨੂੰ ਸਾਫ਼ ਕਰਨ ਵਾਲੇ ਰੁੱਖਾਂ ਦੀ ਗਿਣਤੀ ਲਗਾਤਾਰ ਘੱਟ ਹੁੰਦੀ ਗਈ। ਨਤੀਜੇ ਵਜੋਂ ਸਮੁੱਚੇ ਵਾਤਾਵਰਨ ਵਿੱਚ ਇੱਕ ਅਸੰਤੁਲਨ ਪੈਦਾ ਹੋ ਗਿਆ। ਇਸ ਨਾਲ਼ ਪ੍ਰਕਿਰਤਿਕ ਵਾਤਾਵਰਨ ਵਿੱਚ ਬਹੁਤ ਸਾਰੇ ਅਣਚਾਹੇ ਕਾਰਕ ਆ ਗਏ ਜਿਨ੍ਹਾਂ ਕਾਰਨ ਵਾਤਾਵਰਨ ਪ੍ਰਦੂਸ਼ਿਤ ਹੋਣ ਲੱਗਿਆ। ਪ੍ਰਦੂਸ਼ਣ ਪੈਦਾ ਕਰਨ ਵਾਲ਼ੇ ਇਹਨਾਂ ਕਾਰਕਾਂ ਨੂੰ ਪ੍ਰਦੂਸ਼ਕ ਕਿਹਾ ਜਾਂਦਾ ਹੈ।

ਸਮੁੱਚੇ ਵਾਤਾਵਰਨ ਦੇ ਅਧਿਐਨ ਦੇ ਆਧਾਰ ਉੱਤੇ ਪਾਣੀ, ਹਵਾ, ਭੂਮੀ ਅਤੇ ਸ਼ੋਰ-ਪ੍ਰਦੂਸ਼ਣ ਮੁੱਖ ਮੰਨੇ ਜਾਂਦੇ ਹਨ। ਪਾਣੀ-ਪ੍ਰਦੂਸ਼ਣ ਦੀ ਸਥਿਤੀ ਜ਼ਿਆਦਾ ਭਿਆਨਕ ਹੈ। ਵੱਡੇ-ਵੱਡੇ ਕਾਰਖ਼ਾਨਿਆਂ ਵਿੱਚੋਂ ਰਹਿੰਦ-ਖੂੰਹਦ ਵਜੋਂ ਪੈਦਾ ਹੋਣ ਵਾਲੇ ਰਸਾਇਣਿਕ ਪਦਾਰਥ, ਸ਼ਹਿਰਾਂ ਦਾ ਕੂੜਾ, ਗੰਦਗੀ ਅਤੇ ਕੱਪੜੇ ਧੋਣ ਲਈ ਵਰਤੇ ਜਾਂਦੇ ਡਿਟਰਜੈਂਟ ਪਾਊਡਰਾਂ ਆਦਿ ਸਭ ਨੇ ਸਾਡੇ ਪਾਣੀ ਦੇ ਸੋਮਿਆਂ,ਜਿਵੇਂ; ਨਦੀਆਂ, ਝੀਲਾਂ, ਸਮੁੰਦਰਾਂ ਅਤੇ ਧਰਤੀ ਦੇ ਹੇਠਲੇ ਪਾਣੀ ਨੂੰ ਵੀ ਪ੍ਰਦੂਸ਼ਿਤ ਕਰ ਦਿੱਤਾ ਹੈ। ਗੰਦੇ ਪਾਣੀ ਕਾਰਨ ਪਾਣੀ ਵਿੱਚ ਰਹਿਣ ਵਾਲ਼ੇ ਜਾਨਵਰਾਂ ਦੀ ਹੋਂਦ ਖ਼ਤਰੇ ਵਿੱਚ ਪਈ ਹੋਈ ਹੈ। ਗੰਦੇ ਪਾਣੀ ਨਾਲ਼ ਮਨੁੱਖਾਂ ਵਿੱਚ ਹੈਜ਼ਾ, ਮਿਆਦੀ ਬੁਖ਼ਾਰ ਅਤੇ ਦਸਤ ਵਰਗੀਆਂ ਬਿਮਾਰੀਆਂ ਫੈਲਦੀਆਂ ਹਨ। ਪਾਣੀ ਵਿੱਚ ਯੂਰੇਨੀਅਮ ਵਰਗੇ ਤੱਤਾਂ ਦੀ ਜ਼ਿਆਦਾ ਮਾਤਰਾ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਨੂੰ ਸੱਦਾ ਦੇ ਰਹੀ ਹੈ।

ਹਵਾ ਸਾਡੇ ਵਾਤਾਵਰਨ ਦਾ ਅਹਿਮ ਤੱਤ ਹੈ ਜਿਹੜੀ ਸਾਰੇ ਜੀਵ-ਜਗਤ ਨੂੰ ਜਿਉਂਦਾ ਰੱਖਣ ਲਈ ਜ਼ਰੂਰੀ ਹੈ, ਇਹ ਵੀ ਪ੍ਰਦੂਸ਼ਿਤ ਹੋ ਰਹੀ ਹੈ। ਸਾਡੇ ਵਾਤਾਵਰਨ ਵਿੱਚ ਕਾਰਬਨ-ਡਾਇਆਕਸਾਈਡ ਦੀ ਮਾਤਰਾ ਬਹੁਤ ਵਧ ਗਈ ਹੈ। ਕੋਲਾ, ਪਟਰੋਲ, ਡੀਜ਼ਲ ਅਤੇ ਹੋਰ ਬਾਲਣਾਂ ਦੀ ਵਧ ਰਹੀ ਵਰਤੋਂ ਇਸ ਦਾ ਪ੍ਰਮੁੱਖ ਕਾਰਨ ਹੈ। ਕਾਰਖ਼ਾਨਿਆਂ ਅਤੇ ਮੋਟਰ-ਗੱਡੀਆਂ ਤੋਂ ਪੈਦਾ ਹੋਣ ਵਾਲ਼ਾ ਜ਼ਹਿਰੀਲਾ ਧੂੰਆਂ ਹਵਾ-ਪ੍ਰਦੂਸ਼ਣ ਵਿੱਚ ਲਗਾਤਾਰ ਵਾਧਾ ਕਰ ਰਿਹਾ ਹੈ। ਸਰਕਾਰ ਦੁਆਰਾ ਪਾਬੰਦੀ ਲਾਏ ਜਾਣ ਦੇ ਬਾਵਜੂਦ ਕਣਕ ਅਤੇ ਝੋਨੇ ਦੀ ਨਾੜ ਨੂੰ ਅੱਗ ਲਾਈ ਜਾਂਦੀ ਹੈ ਜਿਸ ਨਾਲ਼ ਪੈਦਾ ਹੋਇਆ ਮਣਾਂ-ਮੂੰਹੀਂ ਧੂੰਆਂ ਹਵਾ ਨੂੰ ਹੋਰ ਗੰਧਲ਼ਾ ਕਰਦਾ ਹੈ। ਫ਼ਰਿੱਜ ਅਤੇ ਏ. ਸੀ. ਆਦਿ ਵਿੱਚੋਂ ਨਿਕਲ਼ਨ ਵਾਲ਼ੇ ਕਲੋਰੋਫਲੋਰੋ ਕਾਰਬਨ, ਓਜ਼ੋਨ-ਪਰਤ ਲਈ ਘਾਤਕ ਹਨ ਅਤੇ ਇਹਨਾਂ ਨਾਲ਼ ਓਜ਼ੋਨ-ਪਰਤ ਵਿੱਚ ਛੇਕ ਹੋ ਰਹੇ ਹਨ। ਆਲਮੀ ਤਪਸ਼ (ਗਲੋਬਲ ਵਾਰਮਿੰਗ) ਵਧ ਰਹੀ ਹੈ ਜਿਸ ਨਾਲ਼ ਗਲੇਸ਼ੀਅਰ ਪੱਘਰ ਰਹੇ ਹਨ ਅਤੇ ਸਮੁੰਦਰੀ ਪਾਣੀਆਂ ਦਾ ਪੱਧਰ ਵੀ ਉੱਚਾ ਹੋ ਰਿਹਾ ਹੈ। ਹਵਾ-ਪ੍ਰਦੂਸ਼ਣ ਕਾਰਨ ਸਾਹ-ਕਿਰਿਆ ਨਾਲ਼ ਸੰਬੰਧਿਤ ਬਿਮਾਰੀਆਂ ਵਧ ਰਹੀਆਂ ਹਨ।

ਖੇਤੀ-ਬਾੜੀ ਵਿੱਚ ਕੀਟ-ਨਾਸ਼ਿਕਾਂ ਅਤੇ ਰਸਾਇਣਿਕ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਭੂਮੀ ਅਤੇ ਪਾਣੀ-ਪ੍ਰਦੂਸ਼ਣ ਦਾ ਕਾਰਨ ਬਣ ਰਹੀ ਹੈ। ਇਸ ਨਾਲ਼ ਜਿੱਥੇ ਮਿੱਟੀ ਦੇ ਤੱਤਾਂ ਵਿਚਲਾ ਸੰਤੁਲਨ ਖ਼ਰਾਬ ਹੁੰਦਾ ਹੈ, ਉੱਥੇ ਫਲ਼ਾਂ, ਸਬਜ਼ੀਆਂ ਅਤੇ ਅਨਾਜਾਂ ਉੱਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਇਸ ਤਰ੍ਹਾਂ ਦੇ ਫਲ਼, ਸਬਜ਼ੀਆਂ ਅਤੇ ਅਨਾਜ ਦੀ ਵਰਤੋਂ ਕਰਨ ਨਾਲ਼ ਜੀਵਿਤ ਪ੍ਰਾਣੀਆਂ ਵਿੱਚ ਕਈ ਕਿਸਮ ਦੇ ਰੋਗ ਪੈਦਾ ਹੋ ਰਹੇ ਹਨ।

ਸ਼ੋਰ-ਪ੍ਰਦੂਸ਼ਣ ਜਾਂ ਧੁਨੀ-ਪ੍ਰਦੂਸ਼ਣ ਵੀ ਇੱਕ ਗੰਭੀਰ ਸਮੱਸਿਆ ਬਣ ਰਿਹਾ ਹੈ। ਮੋਟਰਾਂ-ਗੱਡੀਆਂ ਦੇ ਕੰਨ-ਪਾੜਵੇਂ ਹਾਰਨ, ਵਿਆਹਾਂ ਅਤੇ ਹੋਰ ਸਮਾਗਮਾਂ ਵਿੱਚ ਉੱਚੀ ਅਵਾਜ਼ ਵਿੱਚ ਚੱਲਣ ਵਾਲ਼ੇ ਡੀ. ਜੇ. ਆਦਿ ਨੇ ਮਨੁੱਖ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ। ਰਹਾਇਸ਼ੀ ਇਲਾਕਿਆਂ ਦੇ ਨੇੜੇ ਦੇ ਕਾਰਖ਼ਾਨਿਆਂ ਵਿੱਚੋਂ ਆਉਣ ਵਾਲ਼ੀਆਂ ਅਵਾਜ਼ਾਂ ਵੀ ਸ਼ੋਰ-ਪ੍ਰਦੂਸ਼ਣ ਦਾ ਕਾਰਨ ਬਣਦੀਆਂ ਹਨ। ਇਹ ਪ੍ਰਦੂਸ਼ਣ ਤਣਾਅ, ਸਿਰਦਰਦ, ਅਨੀਂਦਰਾ, ਖ਼ੂਨ ਦਾ ਦਬਾਅ ਵਧਣ ਅਤੇ ਕੰਨਾਂ ਦੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ।

ਆਪਣੇ ਸੁੱਖ ਲਈ ਮਨੁੱਖ ਵਰਤਣ ਉਪਰੰਤ ਸੁੱਟ ਦੇਣ ਵਾਲ਼ੀਆਂ ਵਸਤਾਂ ਦੀ ਵਰਤੋਂ ਜ਼ਿਆਦਾ ਕਰਨ ਲੱਗਿਆ ਹੈ। ਵਿਭਿੰਨ ਸਮਾਗਮਾਂ ਵਿੱਚ ਵਰਤ ਕੇ ਸੁੱਟਣ ਵਾਲ਼ੀਆਂ ਕੌਲੀਆਂ, ਪਲੇਟਾਂ, ਗਲਾਸ ਅਤੇ ਚਮਚਿਆਂ ਦੀ ਵਰਤੋਂ ਕੀਤੀ ਜਾਂਦੀ ਹੈ।ਖ਼ਰਾਬ ਚੀਜ਼ਾਂ ਦੀ ਮੁਰੰਮਤ ਕਰਵਾਉਣ ਦੀ ਥਾਂ ਨਵੀਆਂ ਚੀਜ਼ਾਂ ਖ਼ਰੀਦਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਸਾਡੇ ਅਜਿਹੇ ਕੰਮਾਂ ਨਾਲ਼ ਧਰਤੀ ਇੱਕ ਵੱਡੇ ਕਬਾੜਖ਼ਾਨੇ ਦਾ ਰੂਪ ਧਾਰਨ ਕਰ ਰਹੀ ਹੈ। ਸਾਨੂੰ ਆਪਣੀਆਂ ਲੋੜਾਂ

ਨੂੰ ਸੀਮਿਤ ਰੱਖਣਾ ਚਾਹੀਦਾ ਹੈ। ਦੁਬਾਰਾ ਵਰਤਣਯੋਗ ਚੀਜ਼ਾਂ ਨੂੰ ਵਰਤਣਾ ਚਾਹੀਦਾ ਹੈ ਅਤੇ ਖ਼ਰਾਬ ਚੀਜ਼ਾਂ ਨੂੰ ਸੁੱਟ ਕੇ ਨਵੀਂ ਖ਼ਰੀਦਣ ਦੀ ਥਾਂ ਪੁਰਾਣੀ ਚੀਜ਼ ਦੀ ਮੁਰੰਮਤ ਕਰਵਾਉਣੀ ਚਾਹੀਦੀ ਹੈ।

ਧਰਤੀ ਅਤੇ ਇਸ ਦਾ ਜੀਵਨ-ਅਨੁਕੂਲ ਵਾਤਾਵਰਨ ਕੁਦਰਤ ਦਾ ਅਨਮੋਲ ਖ਼ਜ਼ਾਨਾ ਹੈ। ਮਨੁੱਖ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਆਪਣੇ ਸ੍ਵਾਰਥ ਲਈ ਤਰੱਕੀ ਦੇ ਨਾਂ 'ਤੇ ਇਸ ਨਾਲ਼ ਖਿਲਵਾੜ ਕਰੇ। ਆਪਣੀ ਮਾਂ ਧਰਤੀ ਦੇ ਵਾਤਾਵਰਨ ਨੂੰ ਸੰਤੁਲਿਤ ਰੱਖਣ ਲਈ ਸਾਨੂੰ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਾਨੂੰ ਅਤੇ ਸਾਡੀਆਂ ਆਉਣ ਵਾਲ਼ੀਆਂ ਪੀੜ੍ਹੀਆਂ ਨੂੰ ਪਦਾਰਥਿਕ ਵਸਤਾਂ ਨਾਲ਼ੋਂ ਜ਼ਿਆਦਾ ਸਾਫ਼ ਵਾਤਾਵਰਨ ਦੀ ਲੋੜ ਵਧੇਰੇ ਹੈ। ਉਂਞ ਤਾਂ 5 ਜੂਨ ਦਾ ਦਿਨ ਹਰ ਸਾਲ ਵਾਤਾਵਰਨ-ਦਿਵਸ ਵਜੋਂ ਮਨਾਇਆ ਜਾਂਦਾ ਹੈ। ਪਰ ਅੱਜ ਪ੍ਰਦੂਸ਼ਣ ਦੀ ਸਮੱਸਿਆ ਏਨੀ ਭਿਆਨਕ ਹੋ ਗਈ ਹੈ ਕਿ ਸਾਡਾ ਹਰ ਪਲ ਵਾਤਾਵਰਨ ਨੂੰ ਸਮਰਪਿਤ ਹੋਣਾ ਚਾਹੀਦਾ ਹੈ। ਆਪਣਾ ਹਰ ਕਰਮ ਕਰਨ ਤੋਂ ਪਹਿਲਾਂ ਸਾਨੂੰ ਵਾਤਾਵਰਨ ਬਾਰੇ ਸੋਚਣਾ ਚਾਹੀਦਾ ਹੈ। ਜਾਗਰੂਕ ਹੋ ਕੇ ਕੰਮ ਕਰਨ ਨਾਲ਼ ਹੀ ਇਹ ਸਮੱਸਿਆ ਦੂਰ ਹੋ ਸਕਦੀ ਹੈ।

'ਪੰਜਾਬ ਪ੍ਰਦੂਸ਼ਣ ਕੰਟ੍ਰੋਲ ਬੋਰਡ' ਵਾਤਾਵਰਨ ਦੀ ਸੰਭਾਲ਼ ਅਤੇ ਵਧ ਰਹੇ ਪ੍ਰਦੂਸ਼ਣ ਉੱਤੇ ਕਾਬੂ ਪਾਉਣ ਲਈ ਅਹਿਮ ਭੂਮਿਕਾ ਨਿਭਾ ਰਿਹਾ ਹੈ। ਮੋਟਰਾਂ-ਗੱਡੀਆਂ ਦਾ ਪ੍ਰਦੂਸ਼ਣ ਚੈੱਕ ਕਰਵਾ ਕੇ ਸਰਟੀਫ਼ਿਕੇਟ ਲੈਣਾ ਵੀ ਜ਼ਰੂਰੀ ਹੈ। ਭਗਤ ਪੂਰਨ ਸਿੰਘ ਪਿੰਗਲਵਾੜਾ ਵਾਤਾਵਰਨ ਦੀ ਸਾਂਭ-ਸੰਭਾਲ਼ ਅਤੇ ਪ੍ਰਦੂਸ਼ਣ ਪ੍ਰਤਿ ਜਾਗਰੂਕਤਾ ਪੈਦਾ ਕਰਨ ਲਈ ਆਪਣਾ ਯੋਗਦਾਨ ਪਾਉਂਦੇ ਰਹੇ ਹਨ। ਸੰਤ ਬਲਬੀਰ ਸਿੰਘ ਸੀਚੇਵਾਲ਼ ਵਾਤਾਵਰਨ ਦੀ ਸੰਭਾਲ਼ ਲਈ ਅਤੇ ਲੋਕਾਂ ਵਿੱਚ ਵਾਤਾਵਰਨ ਸੰਬੰਧੀ ਚੇਤਨਾ ਪੈਦਾ ਕਰਨ ਲਈ ਬਹੁਤ ਸਰਗਰਮੀ ਨਾਲ਼ ਕੰਮ ਕਰ ਰਹੇ ਹਨ। 'ਕਾਲੀ ਵੇਈਂ' ਦੀ ਵੱਡੇ ਪੱਧਰ ਉੱਤੇ ਸਫ਼ਾਈ ਕਰਵਾ ਕੇ ਆਪ ਨੇ ਬਹੁਤ ਹੀ ਪ੍ਰਸੰਸਾਯੋਗ ਕੰਮ ਕੀਤਾ ਹੈ। ਅਜਿਹੀਆਂ ਸ਼ਖ਼ਸੀਅਤਾਂ ਤੋਂ ਸਾਨੂੰ ਪ੍ਰੇਰਨਾ ਲੈਣੀ ਚਾਹੀਦੀ ਹੈ ਅਤੇ ਵਾਤਾਵਰਨ ਦੀ ਸੰਭਾਲ਼ ਵਿੱਚ ਅਤੇ ਪ੍ਰਦੂਸ਼ਣ ਘੱਟ ਕਰਨ ਵਿੱਚ ਸਮਰੱਥਾ ਅਨੁਸਾਰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

## ਅਭਿਆਸ ਲਈ ਲੇਖਾਂ ਦੀ ਸੂਚੀ

ਜੀਵਨੀਆਂ :
- ਸ੍ਰੀ ਗੁਰੂ ਗੋਬਿੰਦ ਸਿੰਘ ਜੀ
- ਜਵਾਹਰ ਲਾਲ ਨਹਿਰੂ
- ਸ਼ਹੀਦ ਭਗਤ ਸਿੰਘ
- ਗੁਰਬਖ਼ਸ਼ ਸਿੰਘ ਪ੍ਰੀਤਲੜੀ
- ਭਾਈ ਵੀਰ ਸਿੰਘ
- ਮੌਲਾਨਾ ਆਜ਼ਾਦ

ਸੱਭਿਆਚਾਰ :
- ਪੰਜਾਬ ਦੇ ਲੋਕ-ਗੀਤ
- ਸਾਡੇ ਤਿਉਹਾਰ
- ਵਿਸਾਖੀ
- ਪੰਦਰਾਂ ਅਗਸਤ
- ਸਾਡੇ ਮੇਲੇ
- ਪੰਜਾਬ ਦੀਆਂ ਖੇਡਾਂ

ਸਮਾਜਿਕ ਸਮੱਸਿਆਵਾਂ :
- ਮੋਬਾਈਲ ਫ਼ੋਨਾਂ ਦਾ ਵਧਦਾ ਰੁਝਾਨ
- ਸੰਚਾਰ ਦੇ ਸਾਧਨ (ਸਿਨਮਾ, ਰੇਡੀਓ, ਟੈਲੀਵੀਜ਼ਨ)

ਵਿਚਾਰਾਤਮਿਕ ਲੇਖ :
- ਕੁਦਰਤ ਦੇ ਸਭ ਬੰਦੇ
- ਵਾਦੜੀਆਂ-ਸਜਾਦੜੀਆਂ

* * *

## ਅਧਿਆਇ—ਬਾਰਾਂ

# ਚਿੱਠੀ-ਪੱਤਰ

ਸੂਚਨਾ ਦੇ ਖੇਤਰ ਵਿੱਚ ਕ੍ਰਾਂਤੀ ਨੇ ਸਾਡੇ ਜੀਵਨ ਵਿੱਚ ਬਹੁਤ ਵੱਡੀ ਤਬਦੀਲੀ ਲਿਆ ਦਿੱਤੀ ਹੈ। ਪਰੰਪਰਾਗਤ ਚਿੱਠੀ-ਪੱਤਰ ਦੀ ਥਾਂ ਮੋਬਾਈਲ ਫ਼ੋਨ, ਇੰਟਰਨੈੱਟ ਅਤੇ ਈ-ਮੇਲ ਨੇ ਲੈ ਲਈ ਪ੍ਰਤੀਤ ਹੁੰਦੀ ਹੈ ਪਰੰਤੂ ਫਿਰ ਵੀ ਸਾਡੇ ਜੀਵਨ ਵਿੱਚ ਚਿੱਠੀ-ਪੱਤਰ ਦੀ ਬਹੁਤ ਮਹੱਤਤਾ ਹੈ। ਸਕੂਲ ਪੜ੍ਹਦਿਆਂ ਦਾਖ਼ਲਾ ਲੈਣ, ਛੁੱਟੀ ਲੈਣ, ਸੈੱਕਸ਼ਨ ਬਦਲਣ, ਮੈਚ ਖੇਡਣ ਜਾਂ ਦੇਖਣ ਦੀ ਆਗਿਆ ਲੈਣ, ਟੂਰ 'ਤੇ ਜਾਣ ਦੀ ਮਨਜ਼ੂਰੀ ਲੈਣ, ਫ਼ੀਸ ਜਾਂ ਜੁਰਮਾਨਾ ਮਾਫ਼ ਕਰਵਾਉਣ, ਸਕੂਲ ਛੱਡਣ ਦਾ ਸਰਟੀਫ਼ਿਕੇਟ ਲੈਣ ਆਦਿ ਵਿਸ਼ਿਆਂ ਲਈ ਬਿਨੈ-ਪੱਤਰ ਲਿਖਣੇ ਪੈਂਦੇ ਹਨ। ਉਚੇਰੀ ਪੜ੍ਹਾਈ ਕਰਦਿਆਂ ਵੀ ਸਮੇਂ-ਸਮੇਂ 'ਤੇ ਅਜਿਹੇ ਬਿਨੈ-ਪੱਤਰ ਲਿਖੇ ਜਾਂਦੇ ਹਨ। ਆਮ ਜੀਵਨ ਵਿੱਚ ਪੰਚਾਇਤ, ਬਲਾਕ, ਮਿਉਂਸਿਪਲ ਕਮੇਟੀ, ਕਾਰਪੋਰੇਸ਼ਨ, ਥਾਣਾ, ਤਹਿਸੀਲ, ਜ਼ਿਲ੍ਹਾ, ਪ੍ਰਾਂਤ, ਦੇਸ ਆਦਿ ਤੱਕ ਦੇ ਮੁਖੀਆਂ ਨੂੰ ਕਿਸੇ-ਨਾ-ਕਿਸੇ ਕੰਮ ਲਈ ਬਿਨੈ-ਪੱਤਰ ਲਿਖਣ ਦੀ ਲੋੜ ਪੈਂਦੀ ਹੈ। ਵਪਾਰਿਕ ਕੰਮਾਂ-ਕਾਰਾਂ ਵਿੱਚ ਤਾਂ ਪੱਤਰਾਂ ਰਾਹੀਂ ਲੱਖਾਂ-ਕਰੋੜਾਂ ਦਾ ਵਣਜ ਹੁੰਦਾ ਹੈ। ਨਿੱਜੀ ਜੀਵਨ ਵਿੱਚ ਮਿੱਤਰਾਂ, ਸਹੇਲੀਆਂ, ਦੂਰ ਰਹਿੰਦੇ ਸਾਕ-ਸੰਬੰਧੀਆਂ ਅਤੇ ਹੋਰ ਜਾਣਕਾਰਾਂ ਨੂੰ ਕਈ ਭਾਂਤ ਦੀਆਂ ਸੂਚਨਾਵਾਂ ਦੇਣ-ਲੈਣ ਲਈ, ਸਮੱਸਿਆਵਾਂ ਵਿਚਾਰਨ ਲਈ ਅਤੇ ਆਪਸੀ ਸੰਪਰਕ ਕਾਇਮ ਰੱਖਣ ਲਈ ਪੱਤਰ ਲਿਖੇ ਜਾਂਦੇ ਰਹੇ ਹਨ। ਦੂਰ-ਦੁਰਾਡੀਆਂ ਥਾਂਵਾਂ 'ਤੇ ਆਪ ਪੁੱਜਣ ਦੀ ਬਜਾਏ ਬਹੁਤੇ ਕੰਮ ਚਿੱਠੀ-ਪੱਤਰ ਰਾਹੀਂ ਨੇਪਰੇ ਚਾੜ੍ਹ ਲਏ ਜਾਂਦੇ ਰਹੇ ਹਨ। ਇਸ ਲਈ ਚਿੱਠੀ-ਪੱਤਰ ਸਮੇਂ ਤੇ ਸਥਾਨ ਦੀ ਵਿੱਥ ਨੂੰ ਪੂਰਨ ਵਿੱਚ ਮਦਦਗਾਰ ਹੁੰਦੇ ਹਨ। ਨਿੱਜੀ ਜੀਵਨ ਵਿਚ ਤਾਂ ਚਿੱਠੀ-ਪੱਤਰ ਰਾਹੀਂ ਸੰਪਰਕ ਹੋਣ ਨੂੰ ਅੱਧਾ ਮਿਲ਼ਾਪ ਕਿਹਾ ਜਾਂਦਾ ਰਿਹਾ ਹੈ।

### ਚਿੱਠੀ-ਪੱਤਰ ਦੀਆਂ ਕਿਸਮਾਂ :

| | |
|---|---|
| (ੳ) ਨਿੱਜੀ ਜਾਂ ਘਰੋਗੀ ਪੱਤਰ | (ਅ) ਬੇਨਤੀ-ਪੱਤਰ |
| (ੲ) ਵਪਾਰਿਕ ਪੱਤਰ | (ਸ) ਦਫ਼ਤਰੀ ਪੱਤਰ |
| (ਹ) ਅਰਧ-ਸਰਕਾਰੀ ਪੱਤਰ | (ਕ) ਫੁਟਕਲ ਪੱਤਰ। |

**(ੳ) ਨਿੱਜੀ ਜਾਂ ਘਰੋਗੀ ਪੱਤਰ :** ਇਹ ਪੱਤਰ ਆਪਣੇ ਮਿੱਤਰਾਂ, ਸਹੇਲੀਆਂ, ਪਰਿਵਾਰ ਦੇ ਮੈਂਬਰਾਂ, ਦੂਰ-ਨੇੜੇ ਦੇ ਰਿਸ਼ਤੇਦਾਰਾਂ ਅਤੇ ਜਾਣਕਾਰਾਂ ਨੂੰ ਨਿੱਜੀ ਜਾਂ ਘਰੋਗੀ ਜੀਵਨ ਦੀਆਂ ਸੂਚਨਾਵਾਂ ਦੇਣ-ਲੈਣ, ਸਮੱਸਿਆਵਾਂ ਵਿਚਾਰਨ ਅਤੇ ਸੰਪਰਕ ਕਾਇਮ ਰੱਖਣ ਲਈ ਲਿਖੇ ਜਾਂਦੇ ਹਨ। ਇਹਨਾਂ ਨੂੰ ਆਮ ਤੌਰ 'ਤੇ ਚਿੱਠੀਆਂ ਕਿਹਾ ਜਾਂਦਾ ਹੈ। ਇਹ ਪੱਤਰ ਜੀਵਨ ਦੇ ਕਿਸੇ ਵੀ ਵਿਸ਼ੇ/ਪੱਖ ਨਾਲ਼ ਸੰਬੰਧਿਤ ਹੋ ਸਕਦੇ ਹਨ। ਇਸ ਲਈ ਵਿਸ਼ੇ ਪੱਖੋਂ ਇਹਨਾਂ ਪੱਤਰਾਂ ਦੀ ਵੰਨਗੀ ਜੀਵਨ ਜਿੰਨੀ ਹੀ ਬਹੁਪੱਖੀ ਅਤੇ ਵਿਸ਼ਾਲ ਹੁੰਦੀ ਹੈ। ਅੱਜ-ਕੱਲ੍ਹ ਮੋਬਾਈਲ ਫ਼ੋਨ ਦੀ ਸੁਵਿਧਾ ਵਧਣ ਕਾਰਨ ਇਹ ਪੱਤਰ ਲਿਖਣ ਦਾ ਰੁਝਾਨ ਘਟ ਰਿਹਾ ਹੈ ਲੇਕਿਨ ਵਿਦਿਆਰਥੀਆਂ ਨੂੰ ਇਸ ਵੰਨਗੀ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ।

**(ਅ) ਬੇਨਤੀ-ਪੱਤਰ :** ਅਜਿਹੇ ਪੱਤਰ ਵੱਖ-ਵੱਖ ਮਹਿਕਮਿਆਂ, ਅਦਾਰਿਆਂ, ਸੰਸਥਾਵਾਂ ਦੇ ਅਧਿਕਾਰੀਆਂ ਨੂੰ ਲਿਖੇ ਜਾਂਦੇ ਹਨ। ਇਹਨਾਂ ਵਿੱਚ ਉਹਨਾਂ ਨਾਲ਼ ਸੰਬੰਧਿਤ ਆਪਣੀਆਂ ਸਮੱਸਿਆਵਾਂ ਜਾਂ ਲੋੜਾਂ ਬਾਰੇ ਜ਼ਿਕਰ ਕੀਤਾ ਗਿਆ ਹੁੰਦਾ ਹੈ। ਇਹਨਾਂ ਨੂੰ ਬੇਨਤੀ-ਪੱਤਰ, ਬਿਨੈ-ਪੱਤਰ ਜਾਂ ਅਰਜ਼ੀ ਕਿਹਾ ਜਾਂਦਾ ਹੈ।

**(ੲ) ਵਪਾਰਿਕ ਪੱਤਰ :** ਇਹ ਪੱਤਰ ਵਪਾਰਿਕ ਸੰਸਥਾਵਾਂ ਜਾਂ ਵਪਾਰ ਨਾਲ਼ ਜੁੜੇ ਵਿਅਕਤੀਆਂ ਅਤੇ ਸੰਸਥਾਵਾਂ ਵੱਲੋਂ ਵਪਾਰ ਦੇ ਸੰਬੰਧ ਵਿੱਚ ਲਿਖੇ ਜਾਂਦੇ ਹਨ। ਇਹਨਾਂ ਪੱਤਰਾਂ ਦੇ ਵਿਸ਼ੇ ਵਪਾਰ ਬਾਰੇ ਹੋਣ ਕਾਰਨ ਇਹਨਾਂ ਪੱਤਰਾਂ ਨੂੰ ਵਪਾਰਿਕ ਪੱਤਰ ਕਿਹਾ ਜਾਂਦਾ ਹੈ।

**(ਸ) ਦਫ਼ਤਰੀ ਪੱਤਰ :** ਇੱਕ ਅਧਿਕਾਰੀ ਵੱਲੋਂ ਦੂਜੇ ਅਧਿਕਾਰੀ ਜਾਂ ਕਿਸੇ ਆਮ ਵਿਅਕਤੀ/ਨਾਗਰਿਕ ਨੂੰ ਲਿਖੇ ਜਾਣ ਵਾਲੇ ਪੱਤਰ ਇਸ ਸ਼੍ਰੇਣੀ ਵਿੱਚ ਆਉਂਦੇ ਹਨ।

**(ਹ) ਅਰਧ-ਸਰਕਾਰੀ ਪੱਤਰ :** ਇਸ ਪ੍ਰਕਾਰ ਦੇ ਪੱਤਰ ਅਧਿਕਾਰੀਆਂ ਵੱਲੋਂ ਸੰਬੰਧਿਤ ਵਿਅਕਤੀਆਂ ਜਾਂ ਅਧਿਕਾਰੀਆਂ ਨੂੰ ਦਫ਼ਤਰੀ ਕੰਮਾਂ ਬਾਰੇ ਲਿਖੇ ਜਾਂਦੇ ਹਨ। ਅਜਿਹੇ ਪੱਤਰਾਂ ਵਿੱਚ ਲਿਖਣ ਵਾਲ਼ੇ ਅਧਿਕਾਰੀ ਦੀ ਨਿੱਜੀ ਛੂਹ ਹੁੰਦੀ ਹੈ ।

**(ਕ) ਫੁਟਕਲ ਪੱਤਰ :** ਸਮਾਚਾਰ-ਪੱਤਰਾਂ ਅਤੇ ਰਿਸਾਲਿਆਂ ਦੇ ਸੰਪਾਦਕਾਂ, ਰੇਡੀਓ ਅਤੇ ਟੈਲੀਵੀਜ਼ਨ ਦੇ ਡਾਇਰੈਕਟਰਾਂ ਆਦਿ ਨੂੰ ਪ੍ਰੋਗ੍ਰਾਮਾਂ ਬਾਰੇ ਟਿੱਪਣੀਆਂ, ਸੁਝਾਅ ਜਾਂ ਸਿਫ਼ਾਰਸ਼ ਕਰਨ ਬਾਰੇ ਲਿਖੇ ਜਾਂਦੇ ਪੱਤਰ ਇਸ ਸ਼੍ਰੇਣੀ ਵਿੱਚ ਸ਼ਾਮਲ ਕੀਤੇ ਜਾ ਸਕਦੇ ਹਨ ।

ਰੋਜ਼ਾਨਾ ਜੀਵਨ ਵਿੱਚ ਵਿਅਕਤੀ ਨੂੰ ਹਰ ਪ੍ਰਕਾਰ ਦੇ ਪੱਤਰ ਲਿਖਣ ਦੀ ਲੋੜ ਪੈਂਦੀ ਹੈ । ਚਿੱਠੀ-ਪੱਤਰ ਦੀ ਇਹ ਵੰਡ ਕੇਵਲ ਇਹਨਾਂ ਨੂੰ ਲਿਖਣ ਦੀ ਵਿਧੀ ਸਮਝਣ ਲਈ ਹੀ ਕੀਤੀ ਗਈ ਹੈ।

ਚਿੱਠੀ-ਪੱਤਰ ਲਿਖਣਾ ਇੱਕ ਕਲਾ ਹੈ। ਹਰ ਕਲਾ ਸਿੱਖਣ ਲਈ ਉਸਦੇ ਬੁਨਿਆਦੀ ਪਹਿਲੂ ਦੀ ਜਾਣਕਾਰੀ ਅਤੇ ਨਿਰੰਤਰ ਅਭਿਆਸ ਦੀ ਲੋੜ ਹੁੰਦੀ ਹੈ । ਇਸ ਲਈ ਚਿੱਠੀ-ਪੱਤਰ ਲਿਖਣ ਬਾਰੇ ਕੁਝ ਮੋਟੇ ਨੁਕਤੇ ਧਿਆਨ ਵਿੱਚ ਰੱਖ ਕੇ, ਅਭਿਆਸ ਕਰਨ ਨਾਲ਼ ਚਿੱਠੀ-ਪੱਤਰ ਸੁਚੱਜੇ ਢੰਗ ਨਾਲ਼ ਲਿਖਣ ਦੀ ਜਾਚ ਆ ਸਕਦੀ ਹੈ।

ਚਿੱਠੀ-ਪੱਤਰ ਵਿੱਚ ਲਿਖਣ ਵਾਲ਼ੇ ਦੀ ਸ਼ਖ਼ਸੀਅਤ ਅਸਰ-ਅੰਦਾਜ਼ ਹੁੰਦੀ ਹੈ । ਇਸ ਤਰ੍ਹਾਂ ਚਿੱਠੀ-ਪੱਤਰ ਰਾਹੀਂ ਅਸੀਂ ਆਪਣੀਆਂ ਭਾਵਨਾਵਾਂ ਅਤੇ ਵਿਚਾਰਾਂ ਦੇ ਪ੍ਰਭਾਵ ਦੂਜਿਆਂ ਤੱਕ ਪਹੁੰਚਾਉਂਦੇ ਹਾਂ। ਹਰ ਕੋਈ ਚਾਹੁੰਦਾ ਹੈ ਕਿ ਦੂਜਿਆਂ ਉੱਤੇ ਚੰਗਾ ਪ੍ਰਭਾਵ ਪਵੇ। ਇਹ ਚੰਗਾ ਪ੍ਰਭਾਵ ਚਿੱਠੀ-ਪੱਤਰ ਨੂੰ ਚੰਗੇ ਢੰਗ ਨਾਲ਼ ਲਿਖ ਕੇ ਵੀ ਪਾਇਆ ਜਾ ਸਕਦਾ ਹੈ।

## ਚਿੱਠੀ-ਪੱਤਰ ਲਿਖਣ ਦੀਆਂ ਵਿਧੀਆਂ

ਚਿੱਠੀ-ਪੱਤਰ ਲਿਖਣ ਦੀ ਸੁਚੱਜੀ ਕਲਾ ਸੰਬੰਧੀ ਸੁਝਾਅ ਦੋ ਪ੍ਰਕਾਰ ਦੇ ਹੁੰਦੇ ਹਨ :

(ੳ) ਆਮ ਸੁਝਾਅ (ਅ) ਖ਼ਾਸ ਸੁਝਾਅ

**(ੳ) ਆਮ ਸੁਝਾਅ :** ਇਹ ਸੁਝਾਅ ਚਿੱਠੀ-ਪੱਤਰ ਲਿਖਣ ਸੰਬੰਧੀ ਉਹਨਾਂ ਨਿੱਕੀਆਂ-ਨਿੱਕੀਆਂ ਗੱਲਾਂ ਬਾਰੇ ਹਨ ਜਿਨ੍ਹਾਂ ਵੱਲ ਧਿਆਨ ਦਿੱਤਿਆਂ ਚਿੱਠੀ-ਪੱਤਰ ਲਿਖਣ ਅਤੇ ਪ੍ਰਾਪਤ ਕਰਨ ਵਾਲ਼ੇ ਨੂੰ ਬਹੁਤ ਸਹੂਲਤ ਰਹਿੰਦੀ ਹੈ। ਇਸ ਸੰਬੰਧੀ ਕੁਝ ਸੁਝਾਅ ਇਸ ਪ੍ਰਕਾਰ ਹਨ :

**ਲਿਖਾਈ :** ਚਿੱਠੀ-ਪੱਤਰ ਆਮ ਤੌਰ 'ਤੇ ਹੱਥ ਨਾਲ਼ ਲਿਖੇ ਜਾਂਦੇ ਹਨ। ਹੱਥ ਨਾਲ਼ ਲਿਖੇ ਚਿੱਠੀ-ਪੱਤਰਾਂ ਵਿੱਚ ਸੁੰਦਰ ਤੇ ਸਾਫ਼ ਲਿਖਾਈ ਦਾ ਬਹੁਤ ਮਹੱਤਵ ਹੁੰਦਾ ਹੈ। ਚਿੱਠੀ-ਪੱਤਰ ਉੱਤੇ ਲਿਖੇ ਪਤੇ (Address) ਦੇ ਸੰਬੰਧ ਵਿੱਚ ਕਿਹਾ ਜਾ ਸਕਦਾ ਹੈ ਕਿ ਸ਼ਬਦ-ਜੋੜਾਂ ਦੀਆਂ ਗ਼ਲਤੀਆਂ ਤੋਂ ਰਹਿਤ ਸੋਹਣੀ ਅਤੇ ਸਾਫ਼ ਲਿਖਾਈ ਵਿੱਚ ਲਿਖੇ ਪਤੇ ਵਾਲ਼ੀ ਚਿੱਠੀ ਸਮੇਂ ਸਿਰ ਅਤੇ ਠੀਕ ਥਾਂ 'ਤੇ ਪਹੁੰਚਦੀ ਹੈ। ਜੇ ਲਿਖਾਈ ਸਾਫ਼ ਤੇ ਸੁੰਦਰ ਹੋਵੇ ਤਾਂ ਉਸ ਦਾ ਸੁਨੇਹਾ ਜਾਂ ਸੂਚਨਾ ਪੜ੍ਹਨ ਵਾਲ਼ੇ ਨੂੰ ਸਹੀ ਢੰਗ ਨਾਲ਼ ਪ੍ਰਾਪਤ ਹੋ ਜਾਂਦੀ ਹੈ। ਅੱਜ-ਕੱਲ੍ਹ ਕੰਪਿਊਟਰ ਰਾਹੀਂ ਟਾਈਪ ਕੀਤੇ ਚਿੱਠੀ-ਪੱਤਰਾਂ ਦਾ ਰੁਝਾਨ ਵਧ ਰਿਹਾ ਹੈ। ਇਹਨਾਂ ਵਿੱਚ ਵੀ ਸ਼ਬਦ-ਜੋੜਾਂ ਦੀਆਂ ਗ਼ਲਤੀਆਂ ਅਤੇ ਵਿਸਰਾਮ-ਚਿੰਨ੍ਹਾਂ ਦੀ ਵਰਤੋਂ ਦਾ ਧਿਆਨ ਰੱਖਣ ਦੀ ਵਿਸ਼ੇਸ਼ ਲੋੜ ਹੁੰਦੀ ਹੈ।

**ਭਾਸ਼ਾ :** ਚਿੱਠੀ-ਪੱਤਰ ਦੀ ਭਾਸ਼ਾ ਸਰਲ ਅਤੇ ਸਪਸ਼ਟ ਹੋਣੀ ਚਾਹੀਦੀ ਹੈ। ਬੇਨਤੀ-ਪੱਤਰਾਂ, ਵਪਾਰਿਕ-ਪੱਤਰਾਂ ਅਤੇ ਦਫ਼ਤਰੀ-ਪੱਤਰਾਂ ਦੀ ਭਾਸ਼ਾ ਨਿਸ਼ਚਿਤ ਅਤੇ ਰਸਮੀ ਹੁੰਦੀ ਹੈ। ਆਮ ਤੌਰ 'ਤੇ ਗਿਣੇ-ਮਿਥੇ ਸ਼ਬਦਾਂ ਅਤੇ ਵਾਕਾਂ ਵਿੱਚ ਗੱਲ ਆਖੀ ਜਾਂਦੀ ਹੈ। ਪਰੰਤੂ ਅਰਧ-ਸਰਕਾਰੀ ਪੱਤਰਾਂ ਵਿੱਚ ਨਿੱਜ ਦੀ ਥੋੜ੍ਹੀ ਛੂਹ ਦਿੱਤੀ ਜਾਂਦੀ ਹੈ।

ਨਿੱਜੀ ਪੱਤਰਾਂ ਵਿੱਚ ਭਾਸ਼ਾ ਅਤੇ ਸ਼ੈਲੀ ਦੇ ਪੱਖੋਂ ਖੁੱਲ੍ਹ ਲੈ ਲਈ ਜਾਂਦੀ ਹੈ। ਮੌਕੇ ਅਤੇ ਵਿਸ਼ੇ ਅਨੁਸਾਰ ਪੱਤਰ ਵਿੱਚ ਨਿੱਜੀ ਭਾਵ ਪ੍ਰਗਟ ਕੀਤੇ ਜਾਂਦੇ ਹਨ। ਉਦਾਹਰਨ ਲਈ ਵਿਆਹ ਜਾਂ ਹੋਰ ਖ਼ੁਸ਼ੀ ਦੇ ਮੌਕੇ 'ਤੇ ਬਰਾਬਰ ਦੇ ਰਿਸ਼ਤੇ ਵਾਲ਼ੇ ਕਿਸੇ ਨਜ਼ਦੀਕੀ ਨੂੰ ਲਿਖੇ ਪੱਤਰ ਵਿੱਚ ਖ਼ੁਸ਼ੀ ਦਾ ਪ੍ਰਗਟਾਵਾ ਹੁੰਦਾ ਹੈ। ਹਲਕਾ ਹਾਸਾ-ਮਜ਼ਾਕ, ਨਿਹੋਰਾ, ਅਪਣੱਤ ਅਤੇ ਮੋਹ ਦੇ ਭਾਵ ਵੀ ਹੁੰਦੇ ਹਨ। ਮੌਤ, ਦੁਰਘਟਨਾ ਆਦਿ ਵਰਗੀਆਂ ਦੁਖਦਾਇਕ ਘਟਨਾਵਾਂ ਸਮੇਂ ਲਿਖੇ ਪੱਤਰ ਵਿੱਚ ਦੁੱਖ, ਹਮਦਰਦੀ ਅਤੇ ਦਿਲਾਸੇ ਦੇ ਭਾਵ ਪ੍ਰਗਟਾਏ ਜਾਂਦੇ ਹਨ। ਅਸਲ ਵਿੱਚ ਨਿੱਜੀ ਪੱਤਰਾਂ ਬਾਰੇ ਕੋਈ ਨਿਸ਼ਚਿਤ ਨਿਯਮ ਨਹੀਂ ਹਨ। ਕੇਵਲ

ਏਨਾ ਕਹਿਣਾ ਹੀ ਕਾਫੀ ਹੈ ਕਿ ਜਿਵੇਂ ਅਸੀਂ ਆਪਣੇ ਕਿਸੇ ਸੰਬੰਧੀ ਨੂੰ ਮਿਲ਼ ਕੇ ਉਸ ਦੇ ਨਾਲ਼ ਗੱਲਾਂ ਕਰਦੇ ਹਾਂ, ਲਗ-ਪਗ ਉਸੇ ਢੰਗ ਅਤੇ ਲਹਿਜੇ ਨਾਲ਼ ਹੀ ਅਸੀਂ ਉਸ ਨੂੰ ਚਿੱਠੀ ਲਿਖਦੇ ਹਾਂ। ਲੇਕਿਨ ਚਿੱਠੀ ਦੀਆਂ ਕੁਝ ਸੀਮਾਵਾਂ ਹੁੰਦੀਆਂ ਹਨ। ਇਸ ਲਈ ਗੱਲ ਸੰਖੇਪ ਵਿੱਚ ਕੀਤੀ ਜਾਂਦੀ ਹੈ। ਦੂਜਾ ਆਮ ਗੱਲ-ਬਾਤ ਨਾਲ਼ੋਂ ਥੋੜ੍ਹਾ ਸੰਕੋਚ ਵੀ ਹੁੰਦਾ ਹੈ। ਕਈ ਗੱਲਾਂ ਜਿਹੜੀਆਂ ਆਮ ਬੋਲ-ਚਾਲ ਵੇਲ਼ੇ ਸਹਿਜ-ਸੁਭਾਅ ਕਹਿ ਦਿੱਤੀਆਂ ਜਾਂਦੀਆਂ ਹਨ, ਚਿੱਠੀ ਵਿੱਚ ਲਿਖਣੀਆਂ ਉਚਿਤ ਨਹੀਂ ਜਾਪਦੀਆਂ। ਇਸ ਲਈ ਚਿੱਠੀ ਵਿੱਚ ਕੇਵਲ ਉਹ ਗੱਲ ਹੀ ਲਿਖੀ ਜਾਂਦੀ ਹੈ ਜਿਸ ਨੂੰ ਵਾਰ-ਵਾਰ ਪੜ੍ਹਨ 'ਤੇ ਵੀ ਉਸ ਦਾ ਗ਼ਲਤ ਜਾਂ ਉਲਟਾ ਪ੍ਰਭਾਵ ਨਾ ਪਵੇ। ਚਿੱਠੀ-ਪੱਤਰ ਕਿਸੇ ਵੀ ਪ੍ਰਕਾਰ ਦੀ ਹੋਵੇ ਸਾਡੇ ਹੱਥਾਂ ਨਾਲ਼ ਲਿਖੇ ਹੋਣ ਕਾਰਨ ਜਾਂ ਟਾਈਪ ਕੀਤੇ ਹੋਣ ਤੇ ਸਾਡੇ ਦਸਖ਼ਤ ਹੋਣ ਕਾਰਨ ਸਾਡੀ ਆਖੀ ਗੱਲ ਦੀ ਤਸਦੀਕ ਹੁੰਦੀ ਹੈ ਜਿਸ ਤੋਂ ਮੁੱਕਰਨਾ ਔਖਾ ਹੁੰਦਾ ਹੈ। ਇਸ ਲਈ ਚਿੱਠੀ-ਪੱਤਰ ਵਿੱਚ ਲਿਖੇ ਹਰ ਸ਼ਬਦ ਲਈ ਚਿੱਠੀ-ਲੇਖਕ ਜ਼ੁੰਮੇਵਾਰ ਹੁੰਦਾ ਹੈ।

ਇਸ ਦੇ ਨਾਲ਼ ਹੀ ਚਿੱਠੀ-ਪੱਤਰ ਵਿੱਚ ਸ਼ੁੱਧ ਭਾਸ਼ਾ ਲਿਖਣ, ਪੈਰੇ ਬਣਾਉਣ, ਵਿਸਰਾਮ-ਚਿੰਨ੍ਹਾਂ ਦੀ ਸਹੀ ਵਰਤੋਂ ਕਰਨ, ਹਾਸ਼ੀਆ ਛੱਡਣ ਆਦਿ ਗੱਲਾਂ ਵੱਲ ਵੀ ਧਿਆਨ ਰੱਖਣ ਦੀ ਲੋੜ ਹੁੰਦੀ ਹੈ।

**ਸਰਨਾਂਵਾਂ :** ਇਹ ਪੋਸਟ-ਕਾਰਡ ਜਾਂ ਲਿਫ਼ਾਫ਼ੇ ਦੇ ਬਾਹਰ ਲਿਖਿਆ ਜਾਂਦਾ ਹੈ। ਸਰਨਾਂਵਾਂ ਲਿਖਣ ਸਮੇਂ ਨਾਂ ਅਤੇ ਪਤਾ ਸਾਫ਼ ਅਤੇ ਠੀਕ ਲਿਖਣਾ ਚਾਹੀਦਾ ਹੈ। ਨਾਂ ਦੇ ਅੱਗੇ ਸਤਿਕਾਰ ਪ੍ਰਗਟ ਕਰਦਾ ਸ਼ਬਦ ਅਤੇ ਨਾਲ਼ ਵਿਅਕਤੀ ਦੀ ਪਦਵੀ ਦਾ ਇਸਤੇਮਾਲ ਕਰਨਾ ਵੀ ਠੀਕ ਹੈ। ਔਰਤਾਂ ਦੇ ਨਾਂ ਲਿਖਣ ਵੇਲ਼ੇ ਵੀ ਉਹਨਾਂ ਦੀ ਪਦਵੀ ਜਾਂ ਕੁਮਾਰੀ ਅਤੇ ਸ੍ਰੀਮਤੀ ਆਦਿ ਲਿਖਣਾ ਚਾਹੀਦਾ ਹੈ। ਇਸ ਤੋਂ ਬਾਅਦ ਘਰ ਦੇ ਨੰਬਰ, ਫਿਰ ਮਹੱਲਾ, ਸ਼ਹਿਰ/ਪਿੰਡ, ਡਾਕਖ਼ਾਨਾ, ਅੰਤ ਵਿੱਚ ਜ਼ਿਲ੍ਹਾ ਅਤੇ ਰਾਜ ਦਾ ਨਾਂ ਲਿਖਣਾ ਚਾਹੀਦਾ ਹੈ। ਜੇਕਰ ਪਿੰਨ-ਕੋਡ ਪਤਾ ਹੈ ਤਾਂ ਅਖੀਰ ਵਿੱਚ ਪਿੰਨ-ਕੋਡ ਜ਼ਰੂਰ ਲਿਖਣਾ ਚਾਹੀਦਾ ਹੈ। ਪਿੰਨ-ਕੋਡ ਲਿਖਣ ਨਾਲ਼ ਚਿੱਠੀ ਜਲਦੀ ਠੀਕ ਪਤੇ 'ਤੇ ਪੁੱਜਦੀ ਹੈ। ਅੱਜ-ਕੱਲ੍ਹ ਫ਼ੋਨ ਨੰਬਰ ਲਿਖਣ ਦਾ ਰੁਝਾਨ ਵੀ ਪ੍ਰਚਲਿਤ ਹੈ।

ਜੇ ਚਿੱਠੀ ਪੰਜਾਬ ਤੋਂ ਬਾਹਰ ਭੇਜਣੀ ਹੈ ਤਾਂ ਪਤਾ ਪੰਜਾਬੀ ਦੇ ਨਾਲ਼-ਨਾਲ਼ ਹਿੰਦੀ ਜਾਂ ਅੰਗਰੇਜ਼ੀ ਵਿੱਚ ਲਿਖਿਆ ਜਾਣਾ ਚਾਹੀਦਾ ਹੈ। ਜੇ ਚਿੱਠੀ ਵਿਦੇਸ਼ ਵਿੱਚ ਭੇਜਣੀ ਹੈ ਤਾਂ ਪਤਾ ਅੰਗਰੇਜ਼ੀ ਵਿੱਚ ਲਿਖਿਆ ਜਾਣਾ ਚਾਹੀਦਾ ਹੈ।

**(ਅ) ਖ਼ਾਸ ਸੁਝਾਅ :** ਚਿੱਠੀ ਜਾਂ ਪੱਤਰ ਇੱਕ ਪੂਰੀ ਰਚਨਾ ਹੁੰਦੀ ਹੈ। ਇਸ ਨੂੰ ਲਿਖਣ ਦੀ ਵਿਧੀ ਉੱਤੇ ਵਿਚਾਰ ਕਰਨ ਲਈ ਆਮ ਤੌਰ 'ਤੇ ਇਸ ਦੇ ਤਿੰਨ ਹਿੱਸੇ ਮੰਨੇ ਜਾਂਦੇ ਹਨ : (1) ਅਰੰਭ (2) ਮੱਧ (3) ਅੰਤ। ਚਿੱਠੀ ਜਾਂ ਪੱਤਰ ਦਾ ਉਹ ਹਿੱਸਾ ਜਿਸ ਵਿੱਚ ਲਿਖਣ ਵਾਲ਼ੇ ਨੇ ਆਪਣੀ ਗੱਲ ਆਖੀ ਹੁੰਦੀ ਹੈ, ਮੱਧ-ਭਾਗ ਹੁੰਦਾ ਹੈ। ਇਸ ਤੋਂ ਪਹਿਲਾਂ ਦਾ ਹਿੱਸਾ ਅਰੰਭ ਅਤੇ ਪਿੱਛੋਂ ਦਾ ਅੰਤ ਕਹਾਉਂਦਾ ਹੈ। ਵੱਖ-ਵੱਖ ਪ੍ਰਕਾਰ ਦੇ ਚਿੱਠੀ-ਪੱਤਰਾਂ ਵਿੱਚ ਇਹ ਤਿੰਨੇ ਹਿੱਸੇ ਲਿਖਣ ਦੀ ਤਕਨੀਕ ਇਸ ਪ੍ਰਕਾਰ ਹੈ :

**(ੳ) ਨਿੱਜੀ ਜਾਂ ਘਰੋਗੀ ਪੱਤਰ :**

**(1) ਅਰੰਭ :** ਨਿੱਜੀ ਚਿੱਠੀ-ਪੱਤਰਾਂ ਦੇ ਅਰੰਭ ਵਿੱਚ ਪੰਨੇ ਦੇ ਸੱਜੇ ਹੱਥ ਵਾਲ਼ੇ ਸਿਰੇ ਉੱਤੇ ਪੱਤਰ ਲਿਖਣ ਵਾਲ਼ੇ ਦਾ ਆਪਣਾ ਪਤਾ ਲਿਖਿਆ ਜਾਂਦਾ ਹੈ। ਇਹ ਉਸ ਦਾ ਡਾਕ ਦਾ ਪਤਾ ਹੁੰਦਾ ਹੈ। ਜੇ ਪੱਤਰ ਪਿੰਡ ਤੋਂ ਲਿਖਿਆ ਜਾਵੇ ਤਾਂ ਪਹਿਲਾਂ ਪਿੰਡ ਦਾ ਨਾਂ ਲਿਖਿਆ ਜਾਂਦਾ ਹੈ। ਉਸ ਦੇ ਹੇਠਾਂ ਦੂਜੀ ਸਤਰ ਵਿੱਚ ਡਾਕ-ਘਰ ਅਤੇ ਤੀਜੀ ਸਤਰ ਵਿੱਚ ਤਹਿਸੀਲ ਅਤੇ ਜ਼ਿਲ੍ਹੇ ਦਾ ਨਾਂ ਲਿਖਿਆ ਜਾਂਦਾ ਹੈ। ਅਗਲੀ ਸਤਰ ਵਿੱਚ ਤਰੀਕ ਲਿਖੀ ਜਾਂਦੀ ਹੈ। ਜੇ ਡਾਕ-ਘਰ ਉਸੇ ਪਿੰਡ ਵਿੱਚ ਹੋਵੇ ਤਾਂ ਪਿੰਡ ਅਤੇ ਡਾਕ-ਘਰ ਇਕੱਠਾ ਲਿਖ ਦਿੱਤਾ ਜਾਂਦਾ ਹੈ। ਵਿਦੇਸ਼ਾਂ ਨੂੰ ਲਿਖੀਆਂ ਜਾਣ ਵਾਲ਼ੀਆਂ ਚਿੱਠੀਆਂ ਵਿੱਚ ਜ਼ਿਲ੍ਹੇ ਦਾ ਨਾਂ ਲਿਖਣ ਪਿੱਛੋਂ ਅਗਲੀ ਸਤਰ ਵਿੱਚ ਪ੍ਰਾਂਤ ਦਾ ਨਾਂ ਅਤੇ ਬ੍ਰੈਕਟ ਵਿੱਚ ਦੇਸ ਦਾ ਨਾਂ ਲਿਖਿਆ ਜਾਂਦਾ ਹੈ। ਬਹੁਤ ਘੱਟ ਪ੍ਰਸਿੱਧ ਪਿੰਡ ਦਾ ਪਤਾ ਲਿਖਣ ਵੇਲ਼ੇ ਬਰਾਸਤਾ ਲਿਖਿਆ ਜਾਂਦਾ ਹੈ। ਇਸ ਦਾ ਭਾਵ ਉਸ ਨਗਰ ਜਾਂ ਸ਼ਹਿਰ ਦਾ ਨਾਂ ਦੇਣਾ ਹੈ, ਜਿੱਥੋਂ ਹੋ ਕੇ ਡਾਕ ਆਉਂਦੀ ਹੈ। ਇਸ ਤੋਂ ਪਹਿਲੀਆਂ ਸਤਰਾਂ ਦੇ ਅੰਤ ਵਿੱਚ ਕੇਵਲ ਕਾਮਾ (,) ਅਤੇ ਪੂਰਾ ਪਤਾ ਲਿਖੇ ਜਾਣ ਤੋਂ ਬਾਅਦ ਪੂਰਨ ਵਿਸਰਾਮ-ਚਿੰਨ੍ਹ ਡੰਡੀ (।) ਲਾਉਣ ਦੀ ਪਰੰਪਰਾ ਹੈ।

ਤਰੀਕ ਅੰਕਾਂ ਵਿੱਚ ਜਾਂ ਸ਼ਬਦਾਂ ਅਤੇ ਅੰਕਾਂ ਨੂੰ ਮਿਲ਼ਾ ਕੇ ਲਿਖੀ ਜਾਂਦੀ ਹੈ, ਜਿਵੇਂ : 27-5-2014 ਜਾਂ 27 ਮਈ, 2014 ਪਰ ਦੋਂਹਾਂ ਵਿੱਚੋਂ ਦੂਜੀ ਤਰ੍ਹਾਂ (ਸ਼ਬਦਾਂ ਅਤੇ ਅੰਕਾਂ ਨੂੰ ਮਿਲ਼ਾ ਕੇ) ਲਿਖਣਾ ਵਧੇਰੇ ਠੀਕ ਹੈ। ਜੇ ਚਿੱਠੀ ਸ਼ਹਿਰ ਵਿੱਚੋਂ ਲਿਖੀ ਜਾਵੇ ਤਾਂ ਅਰੰਭ ਵਿੱਚ ਮਕਾਨ ਨੰਬਰ, ਫਿਰ ਮਹੱਲਾ, ਸੈੱਕਟਰ ਜਾਂ ਫੇਜ਼ ਲਿਖਣ ਉਪਰੰਤ ਸ਼ਹਿਰ ਦਾ ਨਾਂ ਤੇ ਜ਼ਿਲ੍ਹਾ ਲਿਖਿਆ ਜਾਂਦਾ ਹੈ।

ਪਰੀਖਿਆ ਦੇ ਮੰਤਵ ਤੋਂ ਵਿਦਿਆਰਥੀ ਪਰੀਖਿਆ-ਭਵਨ, ਸਕੂਲ ਦਾ ਨਾਂ, ਸ਼ਹਿਰ ਦਾ ਨਾਂ ਲਿਖ ਕੇ ਤਰੀਕ ਲਿਖ ਸਕਦੇ ਹਨ, ਜੇਕਰ ਪ੍ਰਸ਼ਨ ਵਿੱਚ ਪੱਤਰ ਲਿਖਣ ਵਾਲ਼ੇ ਦਾ ਪਤਾ ਦਰਸਾਇਆ ਗਿਆ ਹੋਵੇ ਤਾਂ ਫਿਰ ਉਹ ਹੀ ਲਿਖਣਾ ਚਾਹੀਦਾ ਹੈ।

ਪਤਾ ਲਿਖਣ ਦੇ ਨਮੂਨੇ :

| | | |
|---|---|---|
| ਪਿੰਡ ਤੇ ਡਾਕ, ਕਮਾਲਪੁਰ,<br>ਤਹਿਸੀਲ ਸੁਨਾਮ,<br>ਜ਼ਿਲ੍ਹਾ ਸੰਗਰੂਰ,<br>30 ਜੁਲਾਈ, 2020. | ਮਕਾਨ ਨੰਬਰ 3978<br>ਆਰੀਆ ਸਮਾਜ ਚੌਕ,<br>ਪਟਿਆਲ਼ਾ।<br>30 ਮਈ, 2020. | ਪਰੀਖਿਆ ਭਵਨ,<br>ਸਰਕਾਰੀ ਸੈਕੰਡਰੀ ਸਕੂਲ,<br>................ਸ਼ਹਿਰ,<br>20 ਮਾਰਚ, 2020. |

ਪਤਾ ਲਿਖਣ ਪਿੱਛੋਂ ਅਗਲੀ ਸਤਰ ਦੇ ਖੱਬੇ ਪਾਸੇ ਤੋਂ ਪੱਤਰ ਪ੍ਰਾਪਤ ਕਰਨ ਵਾਲ਼ੇ ਨੂੰ ਸੰਬੋਧਨ ਦੇ ਸ਼ਬਦ ਲਿਖੇ ਜਾਂਦੇ ਹਨ। ਸੰਬੋਧਨ ਦੇ ਸ਼ਬਦਾਂ ਵਿੱਚ ਚਿੱਠੀ ਲਿਖੇ ਜਾਣ ਵਾਲ਼ੇ ਵਿਅਕਤੀ ਨਾਲ਼ ਰਿਸ਼ਤੇ ਦਾ ਨਾਂ ਲਿਖਿਆ ਜਾਂਦਾ ਹੈ। ਉਸ ਤੋਂ ਪਹਿਲਾਂ ਪਿਆਰ, ਆਦਰ ਜਾਂ ਸਤਿਕਾਰ ਪ੍ਰਗਟਾਉਂਦਾ ਸ਼ਬਦ ਲਿਖਿਆ ਜਾਂਦਾ ਹੈ ਅਤੇ ਸੰਬੋਧਨ ਪਿੱਛੋਂ ਕਾਮਾ (,) ਲਾ ਕੇ ਅਗਲੀ ਸਤਰ ਵਿੱਚ ਉਸ ਤੋਂ ਅੱਗੇ ਕਰ ਕੇ 'ਸਤਿ ਸ੍ਰੀ ਅਕਾਲ', 'ਨਮਸਤੇ', 'ਜੈ ਹਿੰਦ', ਨਮਸਕਾਰ, ਪ੍ਰਨਾਮ, ਆਦਾਬ ਆਦਿ ਸ਼ਬਦ ਲਿਖਣੇ ਚਾਹੀਦੇ ਹਨ ।

| | | | |
|---|---|---|---|
| ਪਿਆਰੇ ਪਿਤਾ ਜੀ,<br>ਪ੍ਰਨਾਮ | ਆਦਰਯੋਗ ਮਾਤਾ ਜੀ,<br>ਪ੍ਰਨਾਮ | ਸਤਿਕਾਰਯੋਗ ਚਾਚਾ ਜੀ,<br>ਸਤਿ ਸ੍ਰੀ ਅਕਾਲ | ਸਤਿਕਾਰਯੋਗ ਚਾਚੀ ਜੀ,<br>ਸਤਿ ਸ੍ਰੀ ਅਕਾਲ |

| | | |
|---|---|---|
| ਸਤਿਕਾਰਯੋਗ ਤਾਇਆ ਜੀ,<br>ਨਮਸਤੇ | ਸਤਿਕਾਰਯੋਗ ਤਾਈ ਜੀ,<br>ਨਮਸਤੇ | ਸਤਿਕਾਰਯੋਗ ਮਾਸੜ ਜੀ,<br>ਆਦਾਬ |
| ਸਤਿਕਾਰਯੋਗ ਮਾਸੀ ਜੀ,<br>ਸਲਾਮ ਅਲੈਕਮ | ਸਤਿਕਾਰਯੋਗ ਬਾਬਾ ਜੀ,<br>ਪੈਰੀਂ ਪੈਣਾ | ਸਤਿਕਾਰਯੋਗ ਬੇਬੇ ਜੀ,<br>ਪੈਰੀਂ ਪੈਣਾ |

ਇਸੇ ਤਰ੍ਹਾਂ ਲੋੜ ਅਨੁਸਾਰ 'ਪਿਆਰੇ' ਸ਼ਬਦ ਪਿੱਛੋਂ ਵੀਰ ਜੀ, ਭੈਣ ਜੀ, ਭਰਜਾਈ ਜੀ ਆਦਿ ਲਿਖੇ ਜਾ ਸਕਦੇ ਹਨ। ਕਈ ਮਿੱਤਰ-ਪਿਆਰਿਆਂ ਨੂੰ ਉਹਨਾਂ ਦੇ ਗੋਤ ਵਗ਼ੈਰਾ ਨਾਲ਼ ਵੀ ਸੰਬੋਧਨ ਕੀਤਾ ਜਾ ਸਕਦਾ ਹੈ, ਜਿਵੇਂ : ਸਤਿਕਾਰਯੋਗ ਢਿੱਲੋਂ ਸਾਹਿਬ, ਪੰਨੂੰ ਸਾਹਿਬ, ਗੋਇਲ ਸਾਹਿਬ ਆਦਿ। ਆਪਣੇ ਤੋਂ ਵੱਡਿਆਂ ਲਈ ਪਿਆਰੇ ਦੀ ਥਾਂ ਪੂਜਨੀਕ, ਸਤਿਕਾਰਯੋਗ, ਆਦਰਯੋਗ ਆਦਿ ਸ਼ਬਦ ਵੀ ਪੱਤਰ ਦੇ ਲੇਖਕ ਦੀ ਨਿੱਜੀ ਪਸੰਦ ਜਾਂ ਰੁਚੀ ਅਨੁਸਾਰ ਲਿਖੇ ਜਾ ਸਕਦੇ ਹਨ। ਮਿੱਤਰਾਂ, ਸਹੇਲੀਆਂ, ਛੋਟੇ ਭੈਣ-ਭਰਾਵਾਂ ਨੂੰ ਚਿੱਠੀ ਲਿਖਦੇ ਸਮੇਂ ਪਿਆਰੇ ਵੀਰ ਜਾਂ ਉਹਨਾਂ ਦੇ ਪੂਰੇ ਜਾਂ ਪਿਆਰ ਨਾਲ਼ ਲਏ ਜਾਂਦੇ ਅਧੂਰੇ ਜਾਂ ਨਿੱਕੇ ਨਾਂ ਲਿਖੇ ਜਾ ਸਕਦੇ ਹਨ, ਜਿਵੇਂ :—

| | |
|---|---|
| ਪਿਆਰੇ ਜਸਪ੍ਰੀਤ | ਪਿਆਰੇ ਰਵੀ |
| ਪਿਆਰੀ ਮੀਨਲ | ਪਿਆਰੀ ਸੁਖਮਨ |

ਸੰਬੋਧਨ ਦੇ ਸ਼ਬਦਾਂ ਦੀ ਚੋਣ ਰਿਸ਼ਤੇ ਦੀ ਕਿਸਮ ਅਤੇ ਨੇੜਤਾ ਉੱਤੇ ਨਿਰਭਰ ਕਰਦੀ ਹੈ। ਕੁਝ ਵਿਅਕਤੀ ਸੰਬੋਧਨ ਵਿੱਚ ਵੱਧ ਤੋਂ ਵੱਧ ਨਵੀਨਤਾ ਲਿਆਉਂਦੇ ਹਨ। ਉਦਾਹਰਨ ਲਈ ਇੱਕ ਵਿਅਕਤੀ ਆਪਣੇ ਗੂੜ੍ਹੇ ਮਿੱਤਰ ਨੂੰ ਕੇਵਲ 'ਵੀਰੀ' ਕਹਿ ਕੇ ਸੰਬੋਧਨ ਕਰਦਾ ਹੈ। ਇਹ ਸ਼ਬਦ 'ਵੀਰ' ਤੋਂ ਬਣਾ ਲਿਆ ਗਿਆ ਹੈ।

**(2) ਮੱਧ ਭਾਗ** : ਮੱਧ ਭਾਗ ਵਿੱਚ ਪੱਤਰ ਦਾ ਵਿਸ਼ਾ-ਵਸਤੂ ਹੁੰਦਾ ਹੈ। ਅਰੰਭ ਦੀਆਂ ਸਤਰਾਂ ਵਿੱਚ ਕਈ ਵਿਅਕਤੀ ਰਾਜ਼ੀ-ਖ਼ੁਸ਼ੀ ਪੁੱਛਦੇ ਹਨ, ਜਿਵੇਂ : ਇੱਥੇ ਸਭ ਰਾਜ਼ੀ-ਖ਼ੁਸ਼ੀ ਹਨ, ਤੁਹਾਡੀ ਰਾਜ਼ੀ-ਖ਼ੁਸ਼ੀ ਪਰਮਾਤਮਾ ਪਾਸੋਂ ਨੇਕ ਚਾਹੁੰਦੇ

ਹਾਂ। ਅੱਗੇ ਸਮਾਚਾਰ ਇਹ ਹੈ ......। ਬਜ਼ੁਰਗ ਵਿਅਕਤੀ ਪੱਤਰ ਨੂੰ ਇਸ ਤਰ੍ਹਾਂ ਵੀ ਸ਼ੁਰੂ ਕਰਦੇ ਸਨ : ਲਿਖਤਮ ਮਨੋਹਰ ਲਾਲ, ਪੜ੍ਹਤਮ ਸ਼੍ਰੀ ਨੰਦਰਾਮ (ਕਿਉਂਕਿ ਉਸ ਵਕਤ ਅਨਪੜ੍ਹਤਾ ਹੋਣ ਕਾਰਨ ਚਿੱਠੀ ਲਿਖਣ ਅਤੇ ਪੜ੍ਹਨ ਦਾ ਕੰਮ ਕਿਸੇ ਦੂਸਰੇ ਪੜ੍ਹੇ-ਲਿਖੇ ਵਿਅਕਤੀ ਤੋਂ ਕਰਵਾਇਆ ਜਾਂਦਾ ਸੀ) ਅੱਗੇ ਹਾਲ ਇਹ ਹੈ......। ਅੱਜ-ਕੱਲ੍ਹ ਪੱਤਰ ਦਾ ਮੱਧ ਭਾਗ ਸਿੱਧੇ ਹੀ ਸ਼ੁਰੂ ਕੀਤਾ ਜਾਂਦਾ ਹੈ। ਵੱਧ ਤੋਂ ਵੱਧ ਕਿਸੇ ਪਹਿਲਾਂ ਮਿਲ਼ੇ ਪੱਤਰ ਜਾਂ ਸੂਚਨਾ ਦਾ ਹਵਾਲਾ ਦਿੱਤਾ ਜਾਂਦਾ ਹੈ, ਜਿਵੇਂ: ਪਿਛਲੇ ਹਫ਼ਤੇ ਤੇਰੀ ਚਿੱਠੀ ਮਿਲ਼ੀ ਸੀ ਜਾਂ ਕੱਲ੍ਹ ਚਾਚਾ ਜੀ ਮਿਲ਼ੇ ਸਨ। ਉਹਨਾਂ ਨੇ ਤੇਰੀ ਸਿਹਤ ਬਾਰੇ ਦੱਸਿਆ ਸੀ। ਕਿੰਨੀ ਦੇਰ ਤੋਂ ਤੇਰੀ ਕੋਈ ਚਿੱਠੀ ਜਾਂ ਫ਼ੋਨ ਨਹੀਂ ਆਇਆ।

ਅਸਲ ਵਿੱਚ ਹਰ ਵਿਅਕਤੀ ਦਾ ਗੱਲ ਸ਼ੁਰੂ ਕਰਨ ਦਾ ਤਰੀਕਾ ਆਪਣਾ ਹੋ ਸਕਦਾ ਹੈ ਪਰ ਆਪਣੇ ਵਿਸ਼ੇ ਵੱਲ ਛੇਤੀ ਆ ਜਾਣਾ ਚਾਹੀਦਾ ਹੈ।

ਨਿੱਜੀ ਚਿੱਠੀ-ਪੱਤਰਾਂ ਦੇ ਆਕਾਰ ਦੀ ਕੋਈ ਸੀਮਾ ਨਹੀਂ ਹੁੰਦੀ। ਨਿੱਜੀ ਪੱਤਰ ਪੋਸਟ-ਕਾਰਡ ਦੇ ਕੇਵਲ ਇੱਕ ਪਾਸੇ 'ਤੇ ਵੀ ਲਿਖਿਆ ਹੋ ਸਕਦਾ ਹੈ ਅਤੇ ਕਈ-ਕਈ ਪੰਨਿਆਂ ਦਾ ਵੀ। ਆਮ ਤੌਰ 'ਤੇ ਸੂਚਨਾ ਦੇਣ ਜਾਂ ਪੁੱਛਣ ਵਾਲ਼ੇ ਪੱਤਰ ਆਕਾਰ ਵਿੱਚ ਛੋਟੇ ਹੁੰਦੇ ਹਨ, ਬਹੁਤ ਨੇੜਲੇ ਸੰਬੰਧਾਂ ਵਾਲ਼ੇ ਲੰਮੇ-ਲੰਮੇ ਪੱਤਰਾਂ ਨੂੰ ਪੈਰੇ ਬਣਾ ਕੇ ਲਿਖਿਆ ਜਾਂਦਾ ਹੈ। ਜਦੋਂ ਮੱਧ-ਭਾਗ ਮੁੱਕਣ 'ਤੇ ਆਉਂਦਾ ਹੈ ਤਦ ਚਿੱਠੀ ਲਿਖਣ ਦਾ ਮੰਤਵ ਦੁਹਰਾਇਆ ਜਾਂਦਾ ਹੈ ਜਾਂ ਉਸ ਬਾਰੇ ਤਾਕੀਦ ਕੀਤੀ ਜਾਂਦੀ ਹੈ। ਹੋਰ ਨੇੜਲੇ ਮੈਂਬਰਾਂ ਜਾਂ ਪੜ੍ਹਨ ਵਾਲ਼ਿਆਂ ਪ੍ਰਤਿ ਸਤਿਕਾਰ ਪ੍ਰਗਟ ਕੀਤਾ ਜਾਂਦਾ ਹੈ।

**(3) ਅੰਤ :** ਅੰਤਲੇ ਭਾਗ ਵਿੱਚ ਪੱਤਰ ਲਿਖਣ ਵਾਲ਼ਾ ਸੰਬੋਧਨ ਕੀਤੇ ਜਾਣ ਵਾਲ਼ੇ ਵਿਅਕਤੀ ਪ੍ਰਤਿ ਆਪਣਾ ਰਿਸ਼ਤਾ ਦੱਸ ਕੇ ਆਪਣਾ ਨਾਂ ਲਿਖਦਾ ਹੈ, ਜਿਵੇਂ : ਆਪ ਜੀ ਦਾ ਪਿਆਰਾ ਪੁੱਤਰ, ਤੇਰਾ ਵੱਡਾ ਵੀਰ, ਤੇਰਾ ਪਿਆਰਾ ਦੋਸਤ, ਤੁਹਾਡਾ ਸ਼ੁੱਭਚਿੰਤਕ, ਤੁਹਾਡਾ ਆਪਣਾ ਆਦਿ। ਇਹ ਅੰਤਲੇ ਸ਼ਬਦ ਵੀ ਪੱਤਰ ਲਿਖਣ ਵਾਲ਼ੇ ਦੀ ਆਪਣੀ ਰੁਚੀ, ਚੋਣ, ਪੱਧਰ ਅਤੇ ਲਿਖੇ ਜਾਣ ਵਾਲ਼ੇ ਨਾਲ਼ ਉਸ ਦੇ ਸੰਬੰਧ ਅਨੁਸਾਰ ਹੁੰਦੇ ਹਨ। ਇਹਨਾਂ ਸ਼ਬਦਾਂ ਪਿੱਛੋਂ ਆਪਣਾ ਨਾਂ ਲਿਖਿਆ ਜਾਂਦਾ ਹੈ। ਫਿਰ ਖੱਬੇ ਹੱਥ ਹੇਠਾਂ ਕਰਕੇ ਪੱਤਰ ਪ੍ਰਾਪਤ ਕਰਨ ਵਾਲ਼ੇ ਦਾ ਪੂਰਾ ਡਾਕ-ਪਤਾ ਲਿਖਿਆ ਜਾਂਦਾ ਹੈ।

**(ਅ) ਬਿਨੈ-ਪੱਤਰ :** ਬਿਨੈ-ਪੱਤਰ ਦਾ ਅਰੰਭ ਪੰਨੇ ਦੇ ਖੱਬੇ ਪਾਸੇ ਉੱਤੋਂ 'ਸੇਵਾ ਵਿੱਚ' ਜਾਂ 'ਸੇਵਾ ਵਿਖੇ' ਲਿਖ ਕੇ ਕੀਤਾ ਜਾਂਦਾ ਹੈ। ਇਸ ਪਿੱਛੋਂ ਅਗਲੀਆਂ ਸਤਰਾਂ ਵਿੱਚ ਸੱਜੇ ਪਾਸੇ ਸੰਬੰਧਿਤ ਅਧਿਕਾਰੀ ਦਾ ਅਹੁਦੇ ਨਾਲ਼ ਦਫ਼ਤਰੀ ਪਤਾ ਲਿਖਿਆ ਜਾਂਦਾ ਹੈ। ਅਧਿਕਾਰੀਆਂ ਨੂੰ ਸੰਬੋਧਨ ਵੇਲ਼ੇ ਉਹਨਾਂ ਦੇ ਅਹੁਦੇ ਤੋਂ ਪਹਿਲਾਂ ਮਾਨਯੋਗ ਜਾਂ ਸਤਿਕਾਰਯੋਗ ਅਤੇ ਪਿੱਛੋਂ ਸਤਿਕਾਰ ਵਜੋਂ 'ਸਾਹਿਬ' ਆਦਿ ਸ਼ਬਦ ਲਾਇਆ ਜਾ ਸਕਦਾ ਹੈ, ਜਿਵੇਂ : ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ, ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਆਦਿ ; ਜਿਵੇਂ :

| | |
|---|---|
| 1. ਸੇਵਾ ਵਿਖੇ<br>ਮੁੱਖ ਮੰਤਰੀ ਸਾਹਿਬ,<br>ਪੰਜਾਬ ਸਰਕਾਰ, ਚੰਡੀਗੜ੍ਹ। | 2. ਸੇਵਾ ਵਿਖੇ<br>ਸਿੱਖਿਆ ਮੰਤਰੀ ਸਾਹਿਬ,<br>ਪੰਜਾਬ ਸਰਕਾਰ, ਚੰਡੀਗੜ੍ਹ। |
| 3. ਸੇਵਾ ਵਿਖੇ<br>ਚੇਅਰਮੈਨ ਸਾਹਿਬ,<br>ਪੰਜਾਬ ਸਕੂਲ ਸਿੱਖਿਆ ਬੋਰਡ,<br>ਸਾਹਿਬਜ਼ਾਦਾ ਅਜੀਤ ਸਿੰਘ ਨਗਰ। | 4. ਸੇਵਾ ਵਿਖੇ<br>ਸਕੱਤਰ ਸਾਹਿਬ,<br>ਪੰਜਾਬ ਸਕੂਲ ਸਿੱਖਿਆ ਬੋਰਡ,<br>ਸਾਹਿਬਜ਼ਾਦਾ ਅਜੀਤ ਸਿੰਘ ਨਗਰ। |
| 5. ਸੇਵਾ ਵਿਖੇ<br>ਡਿਪਟੀ ਕਮਿਸ਼ਨਰ ਸਾਹਿਬ,<br>ਜ਼ਿਲ੍ਹਾ ਪਟਿਆਲ਼ਾ। | |

ਪਤਾ ਲਿਖਦਿਆਂ ਵਿਸਰਾਮ-ਚਿੰਨ੍ਹ ਉੱਪਰ ਦਰਸਾਏ ਵਾਂਗ ਲਾਏ ਜਾਣ ਦਾ ਵਿਧਾਨ ਹੈ। ਅਗਲੀ ਸਤਰ ਦੇ ਅਰੰਭ ਵਿੱਚ ਸੰਬੋਧਨ ਦਾ ਸ਼ਬਦ 'ਸ੍ਰੀਮਾਨ ਜੀ' ਜਾਂ 'ਸ੍ਰੀਮਤੀ ਜੀ' ਲਿਖਿਆ ਜਾਂਦਾ ਹੈ। ਸੰਬੋਧਨ ਦੇ ਸ਼ਬਦ ਲਿਖਣ ਤੋਂ ਪਹਿਲਾਂ ਸਤਰ ਵਿੱਚ ਲੋੜ ਅਨੁਸਾਰ 'ਵਿਸ਼ਾ' ਜਾਂ 'ਹਵਾਲਾ' ਲਿਖਿਆ ਜਾਂਦਾ ਹੈ। ਉਦਾਹਰਨ ਲਈ ਨੌਕਰੀ ਲੈਣ ਲਈ ਲਿਖੇ ਬਿਨੈ-ਪੱਤਰ ਵਿੱਚ ਵਿਸ਼ਾ ਹੋਵੇਗਾ : 'ਵਿਸ਼ਾ : ਨੌਕਰੀ ਲੈਣ ਬਾਰੇ।' ਹਵਾਲਾ ਉਸ ਸਮੇਂ ਲਿਖਿਆ ਜਾਂਦਾ ਹੈ ਜਦੋਂ ਬਿਨੈ-ਪੱਤਰ ਪਹਿਲਾਂ ਲਿਖੇ ਜਾਂ ਪ੍ਰਾਪਤ ਹੋਏ ਪੱਤਰ ਦੇ ਹਵਾਲੇ ਵਿੱਚ ਲਿਖਿਆ ਜਾਣਾ ਹੋਵੇ। ਉਦਾਹਰਨ ਲਈ ਜੇ ਬਿਨੈ-ਪੱਤਰ ਵਿੱਚ ਕਿਸੇ ਸਰਕਾਰੀ ਚਿੱਠੀ ਨੰ: ਪਸਸਬ-83/292, 2 ਅਗਸਤ, 2014 ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਦਾ ਉੱਤਰ ਦੇਣਾ ਹੋਵੇ ਤਾਂ ਲਿਖਿਆ ਜਾਵੇਗਾ : 'ਹਵਾਲਾ' : ਪੱਤਰ ਨੰਬਰ ਪਸਸਬ-83/292 ਮਿਤੀ : 2 ਅਗਸਤ, 2014 ਸਾਹਿਬਜ਼ਾਦਾ ਅਜੀਤ ਸਿੰਘ ਨਗਰ। ਕਈ ਵਾਰ ਹਵਾਲਾ ਵੱਖਰਾ ਦੇਣ ਦੀ ਥਾਂ ਮੱਧ ਭਾਗ ਦੇ ਅਰੰਭ ਵਿੱਚ ਵੀ ਦਿੱਤਾ ਜਾਂਦਾ ਹੈ।

ਸੰਬੋਧਨ ਵਜੋਂ 'ਸ੍ਰੀਮਾਨ ਜੀ' ਲਿਖਿਆ ਜਾਂਦਾ ਹੈ। ਜੇ ਅਧਿਕਾਰੀ ਇਸਤਰੀ ਹੋਵੇ ਤਾਂ 'ਸ੍ਰੀਮਤੀ ਜੀ' ਲਿਖਿਆ ਜਾਂਦਾ ਹੈ। ਇਸ ਉਪਰੰਤ ਅਗਲੀ ਸਤਰ ਵਿੱਚ ਬਿਨੈ-ਪੱਤਰ ਦਾ ਮੱਧ ਭਾਗ ਅਰੰਭ ਕੀਤਾ ਜਾਂਦਾ ਹੈ। ਅਧਿਕਾਰੀ ਦੇ ਅਹੁਦੇ ਪ੍ਰਤਿ ਸਤਿਕਾਰ ਪ੍ਰਗਟ ਕਰਦੇ ਹੋਏ ਆਪਣੀ ਗੱਲ ਸੰਖੇਪ, ਸਰਲ ਅਤੇ ਸਪਸ਼ਟ ਢੰਗ ਨਾਲ਼ ਲਿਖੀ ਜਾਂਦੀ ਹੈ। ਮੱਧ ਭਾਗ ਦੇ ਅੰਤ ਵਿੱਚ ਕੰਮ ਹੋ ਜਾਣ ਦੀ ਆਸ ਵਿੱਚ ਅਗਾਊਂ ਧੰਨਵਾਦ ਦੇ ਸ਼ਬਦ ਲਿਖੇ ਜਾਂਦੇ ਹਨ। ਅੰਤ ਵਿੱਚ 'ਆਪ ਜੀ ਦਾ ਵਿਸ਼ਵਾਸਪਾਤਰ' ਜਾਂ 'ਆਪ ਜੀ ਦਾ ਸ਼ੁੱਭਚਿੰਤਕ' ਲਿਖ ਕੇ ਹੇਠਾਂ ਆਪਣਾ ਨਾਂ ਤੇ ਪਤਾ ਲਿਖਿਆ ਜਾਂਦਾ ਹੈ। ਸਕੂਲ ਦੇ ਮੁਖੀ ਨੂੰ ਬਿਨੈ-ਪੱਤਰ ਲਿਖਣ ਸਮੇਂ ਅੰਤ ਵਿੱਚ ਇਸ ਪ੍ਰਕਾਰ ਲਿਖਿਆ ਜਾਂਦਾ ਹੈ :

ਆਪ ਜੀ ਦਾ ਆਗਿਆਕਾਰੀ,

ਨਾਂ :

ਰੋਲ ਨੰਬਰ :

ਸ਼੍ਰੇਣੀ ਅਤੇ ਸੈੱਕਸ਼ਨ :

ਮਿਤੀ : ...............

ਕਈ ਵਾਰੀ ਕੇਵਲ 'ਪ੍ਰਾਰਥਕ' ਲਿਖ ਕੇ ਵੀ ਆਪਣਾ ਨਾਂ ਤੇ ਪਤਾ ਲਿਖਿਆ ਜਾਂਦਾ ਹੈ। ਅੰਤ ਵਿੱਚ ਪੰਨੇ ਦੇ ਖੱਬੇ ਪਾਸੇ ਹੇਠਾਂ ਤਰੀਕ ਲਿਖੀ ਜਾਂਦੀ ਹੈ।

**(ੲ) ਵਪਾਰਿਕ ਪੱਤਰ :** ਇਹ ਪੱਤਰ ਆਮ ਤੌਰ 'ਤੇ ਵਪਾਰਿਕ ਅਦਾਰੇ ਦੇ ਲੈਟਰ-ਪੈਡ 'ਤੇ ਲਿਖੇ ਜਾਂਦੇ ਹਨ। ਪੱਤਰ ਲਿਖਣ ਵਾਲ਼ੇ ਦਾ ਵਪਾਰਿਕ ਪਤਾ, ਤਰੀਕ ਅਤੇ ਨੰਬਰ ਲਈ ਥਾਂ ਲੈਟਰ-ਪੈਡ ਉੱਤੇ ਛਪੇ ਹੁੰਦੇ ਹਨ ਜਿਸ ਨੂੰ ਪੱਤਰ ਭੇਜਿਆ ਜਾਣਾ ਹੈ, ਉਸ ਦਾ ਪਤਾ 'ਵੱਲ' ਸਿਰਲੇਖ ਹੇਠ ਲਿਖਿਆ ਜਾਂਦਾ ਹੈ। ਉਦਾਹਰਨ ਲਈ :

ਵੱਲ :

ਸੁੰਦਰ ਟ੍ਰੇਡਿੰਗ ਕੰਪਨੀ,

ਬੂਥ ਨੰ: 19, ਫੇਜ਼ 7,

ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਕਈ ਵਾਰ ਪੱਤਰ ਵਪਾਰਿਕ ਅਦਾਰੇ ਦੇ ਮੈਨੇਜਰ ਦੇ ਨਾਂ ਲਿਖਿਆ ਜਾਂਦਾ ਹੈ। ਇਸ ਹਾਲਤ ਵਿੱਚ ਵਪਾਰਿਕ ਅਦਾਰੇ ਦੇ ਨਾਂ ਤੋਂ ਪਹਿਲਾਂ ਮੈਨੇਜਰ ਜਾਂ ਮੈਨੇਜਰ ਸਾਹਿਬ ਲਿਖਿਆ ਜਾਂਦਾ ਹੈ। ਆਮ ਤੌਰ 'ਤੇ ਸੰਬੋਧਨ ਵਜੋਂ 'ਸ੍ਰੀਮਾਨ ਜੀ' ਲਿਖਿਆ ਜਾਂਦਾ ਹੈ ।

ਮੱਧ ਭਾਗ ਵਿੱਚ ਗਿਣੇ-ਮਿਥੇ ਸ਼ਬਦਾਂ ਰਾਹੀਂ ਵਪਾਰਿਕ ਸੂਚਨਾ ਮੰਗੀ ਜਾਂ ਦਿੱਤੀ ਜਾਂਦੀ ਹੈ। ਇਸ ਉਪਰੰਤ ਅੰਤਲੇ ਭਾਗ ਵਿੱਚ ਚਿੱਠੀ ਲਿਖਣ ਵਾਲ਼ੇ ਵੱਲੋਂ 'ਆਪ ਦਾ ਵਿਸ਼ਵਾਸਪਾਤਰ' ਆਦਿ ਸ਼ਬਦ ਲਿਖ ਕੇ ਆਪਣਾ ਨਾਂ ਲਿਖਿਆ ਜਾਂਦਾ ਹੈ।

**(ਸ) ਦਫ਼ਤਰੀ ਪੱਤਰ :** ਇਹਨਾਂ ਪੱਤਰਾਂ ਦੇ ਅਰੰਭ ਵਿੱਚ ਦਫ਼ਤਰ ਦੇ ਉੱਚ-ਅਧਿਕਾਰੀ ਦਾ ਅਹੁਦੇ ਵਾਲ਼ਾ ਪਤਾ ਲਿਖਿਆ ਜਾਂਦਾ ਹੈ। ਅਗਲੀ ਸਤਰ 'ਤੇ ਪੱਤਰ ਪ੍ਰਾਪਤ ਕਰਨ ਵਾਲ਼ੇ ਦਫ਼ਤਰ ਦੇ ਉੱਚ ਅਧਿਕਾਰੀ ਦਾ ਅਹੁਦੇ ਵਾਲ਼ਾ ਪਤਾ

ਲਿਖਿਆ ਜਾਂਦਾ ਹੈ। ਫਿਰ ਉਸ ਦਫ਼ਤਰ ਦਾ ਡਾਇਰੀ ਨੰਬਰ ਤੇ ਮਿਤੀ ਲਿਖੀ ਜਾਂਦੀ ਹੈ। ਉਪਰੰਤ ਲੋੜ ਅਨੁਸਾਰ ਵਿਸ਼ਾ ਅਤੇ ਹਵਾਲਾ ਲਿਖ ਕੇ 'ਸ੍ਰੀਮਾਨ ਜੀ' ਜਾਂ ਸ੍ਰੀਮਤੀ ਜੀ' ਦੇ ਸੰਬੋਧਨ ਦੇ ਸ਼ਬਦ ਲਿਖੇ ਜਾਂਦੇ ਹਨ। ਮੱਧ ਭਾਗ ਵਿੱਚ ਨਿਸ਼ਚਿਤ ਸ਼ਬਦਾਵਲੀ ਵਿੱਚ ਵਿਸ਼ੇ ਦਾ ਵੇਰਵਾ ਦਿੱਤਾ ਜਾਂਦਾ ਹੈ। ਮੱਧ ਭਾਗ ਦਾ ਅੰਤ 'ਆਦਰ ਸਹਿਤ' ਸ਼ਬਦਾਂ ਨਾਲ਼ ਕੀਤਾ ਜਾਂਦਾ ਹੈ। ਅੰਤਲੇ ਭਾਗ ਵਿੱਚ 'ਆਪ ਜੀ ਦਾ ਵਿਸ਼ਵਾਸਪਾਤਰ' ਲਿਖ ਕੇ ਅਧਿਕਾਰੀ ਦਾ ਨਾਂ ਅਤੇ ਅਹੁਦਾ ਦਿੱਤਾ ਜਾਂਦਾ ਹੈ। ਕਈ ਵਾਰੀ ਸਰਕਾਰੀ ਪੱਤਰ ਉੱਚ ਅਧਿਕਾਰੀ ਵੱਲੋਂ ਹੇਠਲੇ ਅਧਿਕਾਰੀ ਨੂੰ ਵੀ ਲਿਖੇ ਹੁੰਦੇ ਹਨ। ਇਹਨਾਂ ਵਿੱਚ ਅਧਿਕਾਰੀ ਦਾ ਪੂਰਾ ਅਹੁਦਾ ਅਤੇ ਸਥਾਨ ਲਿਖਿਆ ਹੁੰਦਾ ਹੈ। ਕਈ ਵਾਰ ਉੱਚ ਅਧਿਕਾਰੀ ਦੀ ਥਾਂ 'ਤੇ ਕਿਸੇ ਹੇਠਲੇ ਅਧਿਕਾਰੀ ਦੇ ਦਸਖ਼ਤ ਨਾਲ਼ ਪੱਤਰ ਜਾਰੀ ਹੁੰਦਾ ਹੈ। ਅਜਿਹੀ ਹਾਲਤ ਵਿੱਚ ਅੰਤਲੇ ਭਾਗ ਵਿੱਚ 'ਵਾਸਤੇ' ਲਿਖ ਕੇ ਉੱਚ ਅਧਿਕਾਰੀ ਦਾ ਅਹੁਦਾ ਲਿਖਿਆ ਜਾਂਦਾ ਹੈ।

**(ਹ) ਅਰਧ-ਸਰਕਾਰੀ ਪੱਤਰ :** ਇਸ ਪ੍ਰਕਾਰ ਦੇ ਪੱਤਰ ਵਿੱਚ ਇੱਕ ਅਧਿਕਾਰੀ ਦੂਜੇ ਅਧਿਕਾਰੀ /ਸੰਬੰਧਿਤ ਵਿਅਕਤੀ ਨੂੰ 'ਪਿਆਰੇ' ਅਤੇ ਕਈ ਵਾਰ 'ਪਿਆਰੇ' ਸ਼ਬਦ ਨਾਲ਼ ਸੰਬੰਧਿਤ ਵਿਅਕਤੀ ਦਾ ਨਾਂ ਲਿਖ ਕੇ ਵੀ ਸੰਬੋਧਨ ਕਰਦਾ ਹੈ। ਪੱਤਰ ਦਾ ਵਿਸ਼ਾ ਤੇ ਢੰਗ ਕੁਝ ਰਸਮੀ ਅਤੇ ਕੁਝ ਗ਼ੈਰਰਸਮੀ ਹੁੰਦਾ ਹੈ।

**(ਕ) ਫੁਟਕਲ ਚਿੱਠੀ-ਪੱਤਰ :** ਕੁਝ ਪੱਤਰ ਅਜਿਹੇ ਹਨ ਜੋ ਉਪਰੋਕਤ ਕਿਸੇ ਵਰਗ ਵਿੱਚ ਨਹੀਂ ਆਉਂਦੇ ਇਸ ਲਈ ਇਹਨਾਂ ਨੂੰ ਇੱਥੇ ਫੁਟਕਲ ਚਿੱਠੀ-ਪੱਤਰ ਹੀ ਕਿਹਾ ਗਿਆ ਹੈ। ਜਿਵੇਂ ਕਿ ਪਹਿਲਾਂ ਸੰਕੇਤ ਕੀਤਾ ਗਿਆ ਹੈ, ਇਸ ਪ੍ਰਕਾਰ ਦੇ ਪੱਤਰ ਰੇਡੀਓ/ਟੈਲੀਵੀਜ਼ਨ/ਮੈਗਜ਼ੀਨ/ਅਖ਼ਬਾਰ ਆਦਿ ਦੇ ਡਾਇਰੈਕਟਰ/ਸੰਪਾਦਕ ਦੇ ਨਾਂ ਲਿਖੇ ਜਾਂਦੇ ਹਨ। ਇਹਨਾਂ ਵਿੱਚ ਕੋਈ ਸੁਝਾਅ, ਰਾਏ, ਟਿੱਪਣੀ ਜਾਂ ਬੇਨਤੀ ਆਦਿ ਕੀਤੀ ਜਾਂਦੀ ਹੈ। ਇਹਨਾਂ ਰਾਹੀਂ ਕੋਈ ਸਮੱਸਿਆ ਜਾਂ ਸ਼ਿਕਾਇਤ ਵੀ ਦੱਸੀ ਜਾਂਦੀ ਹੈ। ਇਸ ਪ੍ਰਕਾਰ ਦੇ ਪੱਤਰਾਂ ਦਾ ਅਰੰਭ ਅਤੇ ਅੰਤ ਤਾਂ ਬਿਨੈ-ਪੱਤਰ ਵਾਂਗ ਹੁੰਦਾ ਹੈ ਪਰ ਮੱਧ ਭਾਗ ਵਿੱਚ ਨਿੱਜੀ ਪੱਤਰਾਂ ਜਿਹਾ ਵਿਸਤਾਰ ਹੁੰਦਾ ਹੈ।

ਸੱਦਾ-ਪੱਤਰ ਅਤੇ ਅਖ਼ਬਾਰਾਂ ਆਦਿ ਵਿੱਚ ਛਾਪੀਆਂ ਜਾਂਦੀਆਂ ਪਾਠਕਾਂ ਦੀਆਂ ਖੁੱਲ੍ਹੀਆਂ ਚਿੱਠੀਆਂ ਵੀ ਫੁਟਕਲ ਚਿੱਠੀ-ਪੱਤਰ ਵਿੱਚ ਰੱਖੀਆਂ ਜਾ ਸਕਦੀਆਂ ਹਨ। ਸੱਦਾ-ਪੱਤਰ ਨਿੱਜੀ ਚਿੱਠੀ ਦਾ ਹੀ ਰੂਪ ਹੈ ਪਰ ਇਸ ਵਿੱਚ ਮੱਧ ਭਾਗ ਰਸਮੀ ਹੁੰਦਾ ਹੈ ਅਤੇ ਕੇਵਲ ਬੁਲਾਵੇ ਤੱਕ ਹੀ ਸੀਮਿਤ ਹੁੰਦਾ ਹੈ। ਅੱਜ-ਕੱਲ੍ਹ ਖ਼ੁਸ਼ੀ ਦੇ ਸੱਦਾ-ਪੱਤਰਾਂ ਵਿੱਚ ਕੁਝ ਸਾਹਿਤਿਕ ਸ਼ਬਦਾਵਲੀ/ ਕਾਵਿਕਤਾ ਵੀ ਵੇਖਣ ਨੂੰ ਮਿਲ਼ਦੀ ਹੈ।

ਖੁੱਲ੍ਹੀ ਚਿੱਠੀ ਰੂਪ ਦੇ ਪੱਖ ਤੋਂ ਨਿੱਜੀ ਚਿੱਠੀ ਵਾਂਗ ਹੁੰਦੀ ਹੈ ਪਰ ਇਸ ਦੇ ਮੱਧ ਭਾਗ ਵਿੱਚ ਦਿੱਤੀ ਸਮਗਰੀ ਲੋਕਾਂ ਵਿੱਚ ਪ੍ਰਸਾਰਿਤ ਕਰਨ ਲਈ ਹੁੰਦੀ ਹੈ । ਇਸ ਲਈ ਇਸ ਵਿੱਚ ਨਿੱਜੀ ਅਤੇ ਘਰੋਗੀ ਰੰਗਣ ਨਹੀਂ ਹੁੰਦੀ।

ਚਿੱਠੀ-ਪੱਤਰ ਲਿਖਣ ਦੀ ਕਲਾ ਬਾਰੇ ਦਿੱਤੇ ਨਿਯਮ ਗਣਿਤ ਦੇ ਨਿਯਮਾਂ ਵਾਂਗ ਨਹੀਂ ਹਨ। ਲਿਖਣ ਵਾਲ਼ਾ ਹਰ ਵਿਅਕਤੀ ਆਪਣੀ ਨਿੱਜੀ ਸੋਚ, ਰੁਚੀ ਅਤੇ ਪਸੰਦ ਅਨੁਸਾਰ ਇਹਨਾਂ ਵਿੱਚ ਨਿੱਕੀ-ਮੋਟੀ ਤਬਦੀਲੀ ਕਰ ਸਕਦਾ ਹੈ । ਇਸ ਲਈ ਇੱਥੇ ਇਹਨਾਂ ਨੂੰ ਸੁਝਾਅ ਹੀ ਕਿਹਾ ਗਿਆ ਹੈ। ਉਂਞ ਵੀ ਜੀਵਨ ਦੇ ਹੋਰ ਖੇਤਰਾਂ ਵਿੱਚ ਬਦਲਦੇ ਫ਼ੈਸ਼ਨਾਂ ਅਤੇ ਰੁਚੀਆਂ ਵਾਂਗ ਸਮਾਂ ਲੰਘਣ ਨਾਲ਼ ਚਿੱਠੀ-ਪੱਤਰ ਲਿਖਣ ਦੇ ਸਲੀਕੇ ਅਤੇ ਤਰੀਕੇ ਵਿੱਚ ਵੀ ਤਬਦੀਲੀ ਆਉਂਦੀ ਰਹਿੰਦੀ ਹੈ ਪਰ ਇਹ ਤਬਦੀਲੀ ਕਲਾਕਾਰ ਕਿਸਮ ਦੇ ਬੰਦੇ ਹੀ ਲਿਆਉਂਦੇ ਹਨ।

**ਚਿੱਠੀ-ਪੱਤਰ ਭੇਜਣ ਦੇ ਤਰੀਕੇ :** ਪੁਰਾਤਨ ਸਮੇਂ ਵਿੱਚ ਚਿੱਠੀ-ਪੱਤਰ ਵੱਖ-ਵੱਖ ਤਰੀਕਿਆਂ ਰਾਹੀਂ ਭੇਜੇ ਜਾਂਦੇ ਰਹੇ ਹਨ। ਅੱਜ-ਕੱਲ੍ਹ ਇਹ ਕਾਰਜ ਪ੍ਰਮੁੱਖ ਰੂਪ ਵਿੱਚ ਭਾਰਤੀ ਡਾਕ-ਵਿਭਾਗ ਕਰ ਰਿਹਾ ਹੈ ਜੋ ਇਹਨਾਂ ਪੱਤਰਾਂ ਨੂੰ ਰਜਿਸਟਰਡ ਅਤੇ ਅਨਰਜਿਸਟਰਡ ਦੋਹਾਂ ਰੂਪਾਂ ਵਿੱਚ ਵੱਖ-ਵੱਖ ਥਾਂਵਾਂ 'ਤੇ ਪਹੁੰਚਾਉਂਦਾ ਹੈ। ਸਪੀਡ-ਪੋਸਟ ਦੀ ਸੁਵਿਧਾ ਨਾਲ਼ ਇਹ ਕਾਰਜ ਬਹੁਤ ਹੀ ਤੇਜ਼ੀ ਨਾਲ਼ ਹੋ ਰਿਹਾ ਹੈ। ਇਸ ਖੇਤਰ ਵਿੱਚ ਨਿੱਜੀ ਕੋਰੀਅਰ ਕੰਪਨੀਆਂ ਵੀ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹਨ। ਇੰਟਰਨੈੱਟ ਦੇ ਵਿਕਸਿਤ ਹੋਣ ਨਾਲ਼ ਈ-ਮੇਲ ਰਾਹੀਂ ਚਿੱਠੀ ਪੱਤਰ ਕੁਝ ਸਕਿੰਟਾਂ ਵਿੱਚ ਹੀ ਕਿਸੇ ਵੀ ਦੂਰੀ 'ਤੇ ਪਹੁੰਚਣ ਦੇ ਸਮਰੱਥ ਹੋ ਗਏ ਹਨ।

# ਕੁਝ ਮੁੱਖ ਕਿਸਮਾਂ ਦੇ ਪੱਤਰਾਂ ਦੇ ਨਮੂਨੇ

**1. ਤੁਹਾਡਾ ਨਾਂ ਗੁਰਿੰਦਰ ਸਿੰਘ ਹੈ ਤੁਹਾਡੇ ਮਿੱਤਰ ਦੀ ਭੈਣ ਦੀ ਸ਼ਾਦੀ ਸੀ ਤੁਹਾਨੂੰ ਇਸ ਮੌਕੇ 'ਤੇ ਸੱਦਿਆ ਗਿਆ ਸੀ ਪਰ ਤੁਸੀਂ ਕਿਸੇ ਕਾਰਨ ਪਹੁੰਚ ਨਹੀਂ ਸਕੇ। ਆਪਣੇ ਮਿੱਤਰ ਨੂੰ ਇੱਕ ਪੱਤਰ ਰਾਹੀਂ ਆਪਣੇ ਨਾ ਪਹੁੰਚ ਸਕਣ ਦਾ ਕਾਰਨ ਦੱਸੋ।**

ਪਿੰਡ ਤੇ ਡਾਕਖ਼ਾਨਾ ਛੱਜਲਵੱਡੀ,
ਜ਼ਿਲ੍ਹਾ ਅੰਮ੍ਰਿਤਸਰ।
2 ਅਪਰੈਲ, 2020.

ਪਿਆਰੇ ਅਮਰਜੀਤ,

ਪਿਆਰ ਭਰੀ ਸਤਿ ਸ੍ਰੀ ਅਕਾਲ।

ਸੁਰਜੀਤ ਭੈਣ ਜੀ ਦੇ ਵਿਆਹ 'ਤੇ ਨਾ ਪਹੁੰਚ ਸਕਣ ਲਈ ਮਾਫ਼ੀ ਮੰਗਣ ਤੋਂ ਪਹਿਲਾਂ ਮੈਂ ਤੁਹਾਨੂੰ ਅਤੇ ਸਾਰੇ ਪਰਿਵਾਰ ਨੂੰ ਭੈਣ ਜੀ ਦੇ ਸ਼ੁੱਭ ਵਿਆਹ ਦੀ ਦਿਲੋਂ ਵਧਾਈ ਦਿੰਦਾ ਹਾਂ। ਇਸ ਸਮੇਂ ਜਦੋਂ ਮੈਂ ਇਹ ਪੱਤਰ ਲਿਖ ਰਿਹਾ ਹਾਂ, ਅਜੇ ਸਾਰੇ ਘਰ ਵਿੱਚ ਵਿਆਹ ਦੀ ਚਹਿਲ-ਪਹਿਲ ਹੋਵੇਗੀ। ਕਾਸ਼! ਮੈਂ ਕਿਵੇਂ ਨਾ ਕਿਵੇਂ ਇਸ ਖ਼ੁਸ਼ੀ ਦੇ ਮੌਕੇ 'ਤੇ ਪਹੁੰਚ ਸਕਦਾ। ਸੱਚੀਂ, ਮੈਂ ਤਾਂ ਕਿੰਨੀ ਦੇਰ ਤੋਂ ਭੈਣ ਜੀ ਦੇ ਵਿਆਹ ਦੇ ਦਿਨ ਦੀ ਉਡੀਕ ਕਰ ਰਿਹਾ ਸੀ। ਮੈਂ ਚਾਈਂ-ਚਾਈਂ ਵਿਆਹ ਦੇ ਨਿੱਕੇ-ਵੱਡੇ ਕੰਮਾਂ ਵਿੱਚ ਤੁਹਾਡੇ ਨਾਲ਼ ਹੱਥ ਵਟਾਉਣਾ ਸੀ। ਮਾਤਾ ਜੀ ਅਤੇ ਪਿਤਾ ਜੀ, ਵਿਸ਼ੇਸ਼ ਕਰਕੇ ਭੈਣ ਜੀ ਮੇਰੇ ਨਾਲ਼ ਇਸ ਗੱਲੋਂ ਨਰਾਜ਼ ਹੋਣਗੇ।

ਪਿਆਰੇ ਅਮਰਜੀਤ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਵਿਆਹ ਦੇ ਮੌਕੇ 'ਤੇ ਕਿਉਂ ਨਹੀਂ ਪਹੁੰਚ ਸਕਿਆ। ਮੈਂ ਵਿਆਹ ਤੋਂ ਦੋ ਦਿਨ ਪਹਿਲਾਂ ਤੁਹਾਡੇ ਕੋਲ਼ ਪਹੁੰਚਣ ਲਈ ਸਲਾਹ ਬਣਾਈ ਹੋਈ ਸੀ ਪਰੰਤੂ ਉਣੱਤੀ ਤਰੀਕ ਦੀ ਦੇਰ ਸ਼ਾਮ ਨੂੰ ਆਪਣੇ ਸਕੂਲ ਤੋਂ ਹੁਣੇ-ਹੁਣੇ ਨੌਕਰੀਓਂ ਸੇਵਾ-ਮੁਕਤ ਹੋਏ ਪੰਜਾਬੀ ਅਧਿਆਪਕ ਜੀ ਦਾ ਸੁਨੇਹਾ ਮਿਲ਼ਿਆ ਕਿ ਉਹਨਾਂ ਦੇ ਮਾਤਾ ਜੀ ਨੂੰ ਧੁੰਦ ਵਿੱਚ ਕੋਈ ਸਕੂਟਰ- ਸਵਾਰ ਫੇਟ ਮਾਰ ਗਿਆ ਹੈ ਤੇ ਉਹਨਾਂ ਨੂੰ ਇਕਦਮ ਸ਼ਹਿਰ ਦੇ ਕਿਸੇ ਹਸਪਤਾਲ ਵਿੱਚ ਲਿਜਾਣਾ ਪੈਣਾ ਹੈ। ਅਧਿਆਪਕ ਜੀ ਨੂੰ ਮੇਰੀ ਸਹਾਇਤਾ ਦੀ ਸਖ਼ਤ ਲੋੜ ਸੀ। ਤੈਨੂੰ ਪਤਾ ਹੀ ਹੈ ਕਿ ਮੈਂ ਉਹਨਾਂ ਦਾ ਬਹੁਤ ਸਤਿਕਾਰ ਕਰਦਾ ਹਾਂ। ਇੱਕ ਪਾਸੇ ਪਿਆਰੇ ਭੈਣ ਜੀ ਦੇ ਵਿਆਹ 'ਤੇ ਪੁੱਜਣ ਦੀ ਦਿਲੀ ਇੱਛਾ ਸੀ, ਦੂਜੇ ਪਾਸੇ ਔਖੇ ਵੇਲ਼ੇ ਆਪਣੇ ਅਧਿਆਪਕਾਂ ਦੇ ਕੰਮ ਆਉਣ ਦਾ ਫ਼ਰਜ਼ ਸੀ।

ਮੈਂ ਸੋਚਿਆ, ਤੁਹਾਥੋਂ ਸਾਰਿਆਂ ਤੋਂ ਵਿਆਹ ਵਿੱਚ ਨਾ ਪਹੁੰਚਣ ਦੀ ਮਾਫ਼ੀ ਮੰਗ ਲਵਾਂਗਾ ਪਰ ਜੇ ਅਜਿਹੇ ਵੇਲ਼ੇ ਆਪਣੇ ਅਧਿਆਪਕ ਜੀ ਦਾ ਸਾਥ ਨਾ ਦਿੱਤਾ ਤਾਂ ਸਦਾ ਲਈ ਮਨ 'ਤੇ ਭਾਰ ਰਹਿਣਾ ਸੀ। ਉਹਨਾਂ ਦੇ ਮਾਤਾ ਜੀ ਬਹੁਤ ਬੁਰੀ ਤਰ੍ਹਾਂ ਫੱਟੜ ਸਨ ਜੇਕਰ ਉਹਨਾਂ ਨੂੰ ਉਸੇ ਸਮੇਂ ਹਸਪਤਾਲ ਨਾ ਲਿਜਾਇਆ ਜਾਂਦਾ ਤਾਂ ਉਹਨਾਂ ਦਾ ਬਚਣਾ ਮੁਸ਼ਕਲ ਸੀ। ਇਸ ਤਰ੍ਹਾਂ ਪਿਛਲੇ ਦੋ ਦਿਨ ਤੱਕ ਮੈਂ ਆਪਣੇ ਅਧਿਆਪਕ ਜੀ ਦੇ ਨਾਲ਼ ਹਸਪਤਾਲ ਹੀ ਰਿਹਾ ਅਤੇ ਮਾਤਾ ਜੀ ਦੀ ਦੇਖ-ਭਾਲ਼ ਕਰਨ ਵਿੱਚ ਮਦਦ ਕੀਤੀ। ਹੁਣ ਮਾਤਾ ਜੀ ਕਾਫ਼ੀ ਠੀਕ ਹਨ। ਛੇਤੀ ਹੀ ਘਰ ਆ ਜਾਣਗੇ।

ਇਸ ਲਈ ਮੇਰੇ ਵੀਰ, ਮੈਂ ਚਾਹੁੰਦਾ ਹੋਇਆ ਵੀ ਭੈਣ ਜੀ ਦੇ ਵਿਆਹ 'ਤੇ ਨਹੀਂ ਪੁੱਜ ਸਕਿਆ। ਉਮੀਦ ਹੈ, ਤੁਸੀਂ ਮੈਨੂੰ ਮਾਫ਼ ਕਰ ਦਿਓਗੇ। ਮੈਂ ਅਗਲੇ ਹਫ਼ਤੇ ਤੁਹਾਡੇ ਕੋਲ਼ ਆਵਾਂਗਾ। ਤਦ ਤੱਕ ਭੈਣ ਜੀ ਵੀ ਸਹੁਰੇ ਘਰ ਜਾ ਕੇ ਕੁਝ ਦਿਨਾਂ ਲਈ ਪਰਤ ਆਏ ਹੋਣਗੇ।

ਅੱਛਾ, ਸਾਰੇ ਪਰਿਵਾਰ ਨੂੰ ਮੇਰੇ ਵੱਲੋਂ ਸਤਿ ਸ੍ਰੀ ਅਕਾਲ।

ਤੇਰਾ ਪਿਆਰਾ ਮਿੱਤਰ,
ਗੁਰਿੰਦਰ ਸਿੰਘ।

ਪਤਾ :
ਸ. ਅਮਰਜੀਤ ਸਿੰਘ,
ਪਿੰਡ ਤੇ ਡਾਕਖ਼ਾਨਾ ਮੋਹਨਪੁਰ,
ਜ਼ਿਲ੍ਹਾ ਤਰਨਤਾਰਨ।

**2. ਆਪਣੇ ਗੂੜ੍ਹੇ ਮਿੱਤਰ/ਸਹੇਲੀ ਨੂੰ ਚਿੱਠੀ ਲਿਖੋ ਕਿ ਉਹ ਪੜ੍ਹਾਈ ਅਤੇ ਖੇਡਾਂ ਵਿੱਚ ਬਰਾਬਰ ਦਿਲਚਸਪੀ ਲਵੇ।**

ਪਰੀਖਿਆ ਭਵਨ,
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,
ਸੰਗਰੂਰ।
16 ਅਗਸਤ, 2020.

ਪਿਆਰੀ ਸਤਬੀਰ,

ਸਤਿ ਸ੍ਰੀ ਅਕਾਲ।

ਬੜੀ ਲੰਮੀ ਉਡੀਕ ਤੋਂ ਬਾਅਦ ਤੇਰੀ ਚਿੱਠੀ ਮਿਲ਼ੀ ਹੈ। ਏਨੀ ਦੇਰ ਬਾਅਦ ਚਿੱਠੀ ਲਿਖਣ ਦਾ ਕਾਰਨ ਵੀ ਪਤਾ ਲੱਗਾ ਕਿ ਇਹਨਾਂ ਦਿਨਾਂ ਵਿੱਚ ਤੂੰ ਬਿਮਾਰ ਰਹੀ ਹੈਂ। ਇਹ ਪੜ੍ਹ ਕੇ ਮੈਨੂੰ ਬਹੁਤ ਅਫ਼ਸੋਸ ਹੋਇਆ। ਤੇਰੀ ਸਿਹਤ ਪਹਿਲਾਂ ਵੀ ਠੀਕ ਨਹੀਂ ਸੀ ਰਹਿੰਦੀ । ਮੈਂ ਤੈਨੂੰ ਕਈ ਵਾਰ ਲਿਖ ਚੁੱਕੀ ਹਾਂ ਕਿ ਤੂੰ ਆਪਣੀ ਸਿਹਤ ਵੱਲ ਪੂਰਾ ਧਿਆਨ ਦਿਆ ਕਰ। ਤੰਦਰੁਸਤ ਸਰੀਰ ਤੋਂ ਬਿਨਾਂ ਪੜ੍ਹਾਈ ਵੀ ਚੰਗੀ ਤਰ੍ਹਾਂ ਨਹੀਂ ਹੋ ਸਕਦੀ। ਪਿਛਲੀਆਂ ਛੁੱਟੀਆਂ ਵਿੱਚ ਜਦੋਂ ਮੈਂ ਪਿੰਡ ਆਈ ਸੀ, ਉਸ ਸਮੇਂ ਵੀ ਤੂੰ ਬਿਲਕੁਲ ਕਿਤਾਬੀ-ਕੀੜਾ ਹੀ ਬਣੀ ਰਹਿੰਦੀ ਸੀ। ਪੜ੍ਹਾਈ ਵੱਲ ਏਨਾ ਸਮਾਂ ਦੇਣ ਕਾਰਨ ਹੀ ਤੂੰ ਆਪਣੇ ਖਾਣ-ਪੀਣ ਦੇ ਸਮੇਂ ਵੱਲ ਕੋਈ ਧਿਆਨ ਨਹੀਂ ਦਿੰਦੀ ਅਤੇ ਨਾ ਹੀ ਖੇਡਣ-ਕੁੱਦਣ ਵਿੱਚ ਕੋਈ ਦਿਲਚਸਪੀ ਰੱਖਦੀ ਹੈਂ।

ਪੜ੍ਹਾਈ ਵੱਲ ਧਿਆਨ ਦੇਣਾ ਜ਼ਰੂਰੀ ਹੈ ਪਰੰਤੂ ਖੇਡਾਂ ਵੀ ਪੜ੍ਹਾਈ ਦਾ ਜ਼ਰੂਰੀ ਅੰਗ ਹਨ। ਇਸੇ ਲਈ ਤਾਂ ਸਿਹਤ ਅਤੇ ਸਰੀਰਿਕ ਸਿੱਖਿਆ ਇੱਕ ਵਿਸ਼ੇ ਦੇ ਤੌਰ 'ਤੇ ਸਾਡੇ ਪਾਠ-ਕ੍ਰਮ ਦਾ ਜ਼ਰੂਰੀ ਹਿੱਸਾ ਬਣਾਇਆ ਗਿਆ ਹੈ। ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਮਨ ਹੋ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਸਿਹਤ ਠੀਕ ਰੱਖਣ ਲਈ ਖੇਡਾਂ ਵੱਲ ਵੀ ਧਿਆਨ ਦਿੱਤਾ ਜਾਵੇ।

ਤੈਨੂੰ ਸ਼ਾਇਦ ਭੁਲੇਖਾ ਹੈ ਕਿ ਖੇਡਾਂ ਵਿੱਚ ਹਿੱਸਾ ਲੈਣ ਨਾਲ਼ ਸਮਾਂ ਨਸ਼ਟ ਹੁੰਦਾ ਹੈ । ਇਸ ਤਰ੍ਹਾਂ ਸੋਚਣਾ ਗ਼ਲਤ ਹੈ। ਖੇਡਾਂ ਜਿੱਥੇ ਸਾਡੇ ਮਨੋਰੰਜਨ ਦਾ ਸਾਧਨ ਹਨ,ਉੱਥੇ ਇੱਕ ਲਾਭਦਾਇਕ ਕਸਰਤ ਵੀ ਹਨ।

ਅਗਲੇਰੀ ਪੜ੍ਹਾਈ ਲਈ ਦਾਖ਼ਲੇ ਅਤੇ ਨੌਕਰੀਆਂ ਲੈਣ ਲਈ ਪੜ੍ਹਾਈ ਦੇ ਨਾਲ਼-ਨਾਲ਼ ਉਮੀਦਵਾਰ ਦੀਆਂ ਖੇਡਾਂ ਵਿੱਚ ਪ੍ਰਾਪਤੀਆਂ ਦੇ ਅੰਕ ਵੀ ਲਾਏ ਜਾਂਦੇ ਹਨ। ਮੈਂ ਤੈਨੂੰ ਇਹ ਸਲਾਹ ਦਿੰਦੀ ਹਾਂ ਕਿ ਤੈਨੂੰ ਵੀ ਜ਼ਰੂਰ ਕਿਸੇ ਨਾ ਕਿਸੇ ਖੇਡ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਮੈਂ ਆਸ ਕਰਦੀ ਹਾਂ ਕਿ ਤੂੰ ਪੜ੍ਹਾਈ ਵਾਂਗ ਹੀ ਖੇਡਾਂ ਵੱਲ ਵੀ ਲੁੜੀਂਦਾ ਧਿਆਨ ਦੇਵੇਂਗੀ। ਮੰਮੀ ਅਤੇ ਡੈਡੀ ਨੂੰ ਮੇਰੇ ਵੱਲੋਂ ਸਤਿ ਸ੍ਰੀ ਅਕਾਲ।

ਤੇਰੀ ਸਹੇਲੀ,
ਨਵਜੋਤ ਕੌਰ।

ਵੱਲ :
ਸਤਬੀਰ ਕੌਰ,
ਪਿੰਡ ਤੇ ਡਾਕਖ਼ਾਨਾ ਮਹਿਲਾਂ ਚੌਕ,
ਤਹਿਸੀਲ ਸੁਨਾਮ,
ਜ਼ਿਲ੍ਹਾ ਸੰਗਰੂਰ।
ਪਿੰਨ ਕੋਡ-148035.

**3. ਤੁਹਾਡੇ ਭੂਆ ਜੀ ਜਾਂ ਕੋਈ ਨੇੜਲਾ ਰਿਸ਼ਤੇਦਾਰ ਤੁਹਾਡੇ ਚੰਗੇ ਨੰਬਰਾਂ ਨਾਲ਼ ਪਾਸ ਹੋਣ ਦੀ ਖ਼ੁਸ਼ੀ ਵਿੱਚ ਤੁਹਾਨੂੰ ਕੋਈ ਸੁਗਾਤ ਦੇਣੀ ਚਾਹੁੰਦੇ ਹਨ। ਇੱਕ ਪੱਤਰ ਰਾਹੀਂ ਉਹਨਾਂ ਨੂੰ ਆਪਣੀ ਰੁਚੀ ਅਨੁਸਾਰ ਕੁਝ ਚੰਗੀਆਂ ਪੁਸਤਕਾਂ ਸੁਗਾਤ ਵਜੋਂ ਦੇਣ ਲਈ ਸੁਝਾਅ ਦਿਓ ।**

ਮਕਾਨ ਨੰ: 90,
ਕ੍ਰਿਸ਼ਨਾ ਸਕੁਏਰ-2,
ਬਟਾਲ਼ਾ ਰੋਡ,
ਸ੍ਰੀ ਅੰਮ੍ਰਿਤਸਰ।
19 ਅਪਰੈਲ, 2020.

ਸਤਿਕਾਰਯੋਗ ਭੂਆ ਜੀ,

ਪਿਆਰ ਸਹਿਤ ਸਤਿ ਸ੍ਰੀ ਅਕਾਲ।

ਮੈਨੂੰ ਤੁਹਾਡਾ ਪੱਤਰ ਮਿਲ਼ਿਆ ਜਿਸ ਵਿੱਚ ਤੁਸੀਂ ਮੈਨੂੰ ਚੰਗੇ ਨੰਬਰ ਲੈ ਕੇ ਪਾਸ ਹੋਣ 'ਤੇ ਵਧਾਈ ਦਿੱਤੀ ਹੈ। ਮੈਂ ਇਸ ਲਈ ਤੁਹਾਡੀ ਬਹੁਤ ਧੰਨਵਾਦੀ ਹਾਂ। ਮੈਨੂੰ ਇਹ ਸ਼ਾਨਦਾਰ ਸਫਲਤਾ ਤੁਹਾਡੇ ਕੋਲ਼ੋਂ ਲਗਾਤਾਰ ਮਿਲ਼ਦੇ ਉਤਸ਼ਾਹ ਅਤੇ ਅਸ਼ੀਰਵਾਦ ਸਦਕਾ ਹੀ ਮਿਲ਼ੀ ਹੈ। ਮੈਨੂੰ ਇਹ ਪੜ੍ਹ ਕੇ ਹੋਰ ਵੀ ਖ਼ੁਸ਼ੀ ਹੋਈ ਹੈ ਕਿ ਤੁਸੀਂ ਮੈਨੂੰ ਹੋਰ ਉਤਸ਼ਾਹਿਤ ਕਰਨ ਲਈ ਇਸ ਮੌਕੇ 'ਤੇ ਕੋਈ ਸੁਗਾਤ ਭੇਜਣਾ ਚਾਹੁੰਦੇ ਹੋ।

ਪਿਆਰੇ ਭੂਆ ਜੀ, ਮੈਨੂੰ ਪਤਾ ਹੈ ਕਿ ਤੁਸੀਂ ਸੁਗਾਤ ਵਜੋਂ ਜੋ ਵੀ ਕੁਝ ਮੈਨੂੰ ਦੇਵੋਗੇ, ਮੇਰੇ ਲਈ ਬਹੁਤ ਉਪਯੋਗੀ ਤੇ ਕੀਮਤੀ ਹੋਵੇਗਾ। ਤੁਹਾਡੇ ਪਿਆਰ ਅਤੇ ਅਸ਼ੀਰਵਾਦ ਸਦਕਾ ਮੈਂ ਤੁਹਾਨੂੰ ਨਿਮਰਤਾ ਸਹਿਤ ਸੁਝਾਅ ਦੇਣਾ ਚਾਹੁੰਦੀ ਹਾਂ ਕਿ ਚੰਗਾ ਹੋਵੇ ਜੇ ਤੁਸੀਂ ਮੈਨੂੰ ਸੁਗਾਤ ਵਜੋਂ ਕੁਝ ਚੰਗੀਆਂ ਪੁਸਤਕਾਂ ਭੇਜ ਦੇਵੋ। ਇਸ ਦੇ ਨਾਲ਼ ਹੀ ਜੇਕਰ ਤੁਸੀਂ ਮੁਕਾਬਲੇ ਦੀ ਪਰੀਖਿਆ ਦੀ ਦ੍ਰਿਸ਼ਟੀ ਤੋਂ ਕੋਈ ਮਿਆਰੀ ਰਿਸਾਲਾ ਵੀ ਲਗਵਾ ਦਿਓ ਤਾਂ ਹੋਰ ਵੀ ਵਧੀਆ ਹੋਵੇਗਾ। ਸਾਡੇ ਅਧਿਆਪਕ ਦੱਸਦੇ ਹੁੰਦੇ ਹਨ ਕਿ ਚੰਗੀਆਂ ਪੁਸਤਕਾਂ ਨਾ ਕੇਵਲ ਗਿਆਨ ਵਿੱਚ ਹੀ ਵਾਧਾ ਕਰਦੀਆਂ ਹਨ ਸਗੋਂ ਹਮੇਸ਼ਾਂ ਪ੍ਰੇਰਨਾ ਦਾ ਸੋਮਾ ਵੀ ਹੁੰਦੀਆਂ ਹਨ। ਸਾਡੇ ਪੰਜਾਬੀ ਵਾਲ਼ੇ ਅਧਿਆਪਕ ਆਮ ਤੌਰ 'ਤੇ ਇਹਨਾਂ ਪੁਸਤਕਾਂ ਦਾ ਜ਼ਿਕਰ ਕਰਦੇ ਹੁੰਦੇ ਹਨ :

| | |
|---|---|
| ਪਰਮ ਮਨੁੱਖ | ਗੁਰਬਖ਼ਸ਼ ਸਿੰਘ ਪ੍ਰੀਤ ਲੜੀ |
| ਗੌਤਮ ਤੋਂ ਤਾਸਕੀ ਤੱਕ | ਡਾ. ਹਰਪਾਲ ਸਿੰਘ ਪੰਨੂ |
| ਡੂੰਘੀਆਂ ਸਿਖਰਾਂ | ਡਾ. ਨਰਿੰਦਰ ਸਿੰਘ ਕਪੂਰ |
| ਸੁਫਨਿਆਂ ਤੋਂ ਨਾ ਡਰੋ | ਡਾ. ਟੀ.ਆਰ. ਸ਼ਰਮਾ |
| ਰੰਗ ਪੁਆਧ ਕੇ | ਡਾ. ਗੁਰਮੀਤ ਸਿੰਘ ਬੈਦਵਾਣ |

ਮੇਰੀ ਇਹਨਾਂ ਪੁਸਤਕਾਂ ਨੂੰ ਪੜ੍ਹਨ ਦੀ ਬਹੁਤ ਰੀਝ ਹੈ। ਇਸ ਲਈ ਇਹ ਪੁਸਤਕਾਂ ਜਲਦੀ ਤੋਂ ਜਲਦੀ ਭੇਜ ਦਿਓ। ਮੈਂ ਆਪ ਜੀ ਦੀ ਬਹੁਤ ਧੰਨਵਾਦੀ ਹੋਵਾਂਗੀ।

ਆਦਰ ਨਾਲ਼

ਤੁਹਾਡੀ ਭਤੀਜੀ,
ਹਰਜੀਤ ਕੌਰ।

ਪਤਾ :
ਮਕਾਨ ਨੰ: 40, ਕੋਠੀ ਰੋਡ,
ਸ਼ਹੀਦ ਭਗਤ ਸਿੰਘ ਨਗਰ।

**4. ਤੁਹਾਡੇ ਪਿੰਡ ਦਾ ਕੋਈ ਨੇੜਲਾ ਵਿਅਕਤੀ ਵਿਦੇਸ਼ ਗਿਆ ਹੈ। ਇੱਕ ਪੱਤਰ ਰਾਹੀਂ ਉਸ ਨੂੰ ਉਸ ਦੇ ਜਾਣ ਪਿੱਛੋਂ ਆਪਣੇ ਪਿੰਡ ਵਿੱਚ ਆਈਆਂ ਤਬਦੀਲੀਆਂ ਬਾਰੇ ਦੱਸੋ।**

ਪਰੀਖਿਆ ਭਵਨ,
ਸਰਕਾਰੀ ਹਾਈ ਸਕੂਲ,
.......... ਸ਼ਹਿਰ,
ਜ਼ਿਲ੍ਹਾ ਫ਼ਾਜ਼ਿਲਕਾ।
28 ਸਤੰਬਰ, 2020.

ਸਤਿਕਾਰਯੋਗ ਚਾਚਾ ਜੀ,

ਸਤਿ ਸ੍ਰੀ ਅਕਾਲ ਪ੍ਰਵਾਨ ਕਰਨਾ।

ਤੁਹਾਡੀ ਚਿੱਠੀ ਪਿਛਲੇ ਹਫ਼ਤੇ ਮਿਲ਼ ਗਈ ਸੀ। ਸਲਾਨਾ ਪਰੀਖਿਆਵਾਂ ਚੱਲ ਰਹੀਆਂ ਹੋਣ ਕਾਰਨ ਚਿੱਠੀ ਦਾ ਉੱਤਰ ਛੇਤੀ ਨਹੀਂ ਦੇ ਸਕਿਆ। ਕਨੇਡਾ ਬਾਰੇ ਲਿਖੀਆਂ ਤੁਹਾਡੀਆਂ ਗੱਲਾਂ ਸਾਰਿਆਂ ਨੇ ਬਹੁਤ ਦਿਲਚਸਪੀ ਨਾਲ਼ ਪੜ੍ਹੀਆਂ ਹਨ। ਤੁਸੀਂ ਆਪਣੇ ਜਾਣ ਪਿੱਛੋਂ ਪਿੰਡ ਵਿੱਚ ਆਈਆਂ ਤਬਦੀਲੀਆਂ ਬਾਰੇ ਜਾਣਨਾ ਚਾਹਿਆ ਹੈ। ਭਾਵੇਂ ਤੁਹਾਨੂੰ ਇਸ ਸੰਬੰਧੀ ਟੈਲੀਫ਼ੂਨ 'ਤੇ ਜਾਣਕਾਰੀ ਮਿਲ਼ਦੀ ਹੀ ਰਹਿੰਦੀ ਹੈ, ਫਿਰ ਵੀ ਮੈਂ ਇਸ ਚਿੱਠੀ ਰਾਹੀਂ ਪਿੰਡ ਬਾਰੇ ਕੁਝ ਮੋਟੀਆਂ-ਮੋਟੀਆਂ ਗੱਲਾਂ ਸੰਖੇਪ ਵਿੱਚ ਦੱਸਣ ਦਾ ਜਤਨ ਕਰਦਾ ਹਾਂ।

ਆਪਣੇ ਪਿੰਡ ਦਾ ਸਕੂਲ ਸੈਕੰਡਰੀ ਪੱਧਰ ਤੱਕ ਅੱਪਗ੍ਰੇਡ ਹੋ ਗਿਆ ਹੈ। ਮੈਂ ਅਤੇ ਮੇਰੀ ਛੋਟੀ ਭੈਣ ਸਰਬਜੀਤ ਇੱਥੇ ਹੀ ਪੜ੍ਹਦੇ ਹਾਂ। ਪਿੰਡ ਵਿੱਚ ਮੁਫ਼ਲਾ ਸਿਹਤ-ਕੇਂਦਰ ਅਤੇ ਬੈਂਕ ਵੀ ਖੁੱਲ੍ਹ ਚੁੱਕਾ ਹੈ। ਤੁਹਾਡੇ ਇੱਥੇ ਹੁੰਦਿਆਂ ਹੀ ਪਿੰਡ ਵਿੱਚ ਬਿਜਲੀ ਤਾਂ ਘਰ-ਘਰ ਆ ਗਈ ਸੀ ਪਰੰਤੂ ਹੁਣ ਪਿੰਡ ਵਿੱਚ ਚੌਵੀ ਘੰਟੇ ਬਿਜਲੀ ਦੀ ਸਹੂਲਤ ਵੀ ਮਿਲ਼ ਰਹੀ ਹੈ। ਪਾਣੀ ਦੀ ਸਤ੍ਹਾ ਲਗਾਤਾਰ ਹੇਠਾਂ ਜਾਣ ਕਾਰਨ ਹੁਣ ਘਰਾਂ ਅਤੇ ਖੇਤਾਂ ਵਿੱਚ ਸਬਮਰਸੀਬਲ ਮੋਟਰਾਂ ਲੱਗ ਚੁੱਕੀਆਂ ਹਨ। ਪਿੰਡ ਵਿੱਚ ਸਰਕਾਰ ਵੱਲੋਂ ਡੂੰਘੇ ਬੋਰ ਰਾਹੀਂ ਲੋੜਵੰਦਾਂ ਨੂੰ ਸ਼ੁੱਧ ਪਾਣੀ ਪ੍ਰਦਾਨ ਕੀਤਾ ਜਾ ਰਿਹਾ ਹੈ। ਪੰਚਾਇਤ ਵੱਲੋਂ ਪਿੰਡ ਦੇ ਵਿਕਾਸ ਲਈ ਹਰ ਉਪਰਾਲਾ ਕੀਤਾ ਜਾ ਰਿਹਾ ਹੈ। ਤੁਹਾਡੇ ਇੱਥੋਂ ਜਾਣ ਵਕਤ ਕਿਸੇ ਵਿਰਲੇ ਘਰ ਵਿੱਚ ਹੀ ਟੈਲੀਫ਼ੂਨ ਹੁੰਦਾ ਸੀ ਪਰੰਤੂ ਹੁਣ ਤਾਂ ਹਰ ਕੋਈ ਮੋਬਾਈਲ ਫ਼ੋਨ ਕੰਨ ਨਾਲ਼ ਲਾਈ ਫਿਰਦਾ ਹੈ। ਕਈਆਂ ਨੇ ਤਾਂ ਇੰਟਰਨੈੱਟ ਦੇ ਕੁਨੈਕਸ਼ਨ ਵੀ ਲੈ ਰੱਖੇ ਹਨ।

ਖੇਤੀ ਘਾਟੇ ਵਾਲ਼ਾ ਧੰਦਾ ਬਣ ਜਾਣ ਕਾਰਨ ਕਈ ਲੋਕਾਂ ਨੇ ਸਹਾਇਕ ਧੰਦੇ ਸ਼ੁਰੂ ਕਰ ਰੱਖੇ ਹਨ। ਇਸ ਲਈ ਬੈਂਕਾਂ ਨੇ ਕਰਜ਼ੇ ਦੀ ਸੁਵਿਧਾ ਵੀ ਪ੍ਰਦਾਨ ਕੀਤੀ ਹੋਈ ਹੈ। ਅੱਗੇ ਵਾਂਗ ਹੁਣ ਪਿੰਡ ਵਿੱਚ ਕੋਈ ਬੰਦਾ ਵਿਹਲਾ ਨਹੀਂ ਰਹਿੰਦਾ। ਪਿੰਡ ਦੇ ਕਿੰਨੇ ਹੀ ਲੋਕ ਸ਼ਹਿਰ ਵਿੱਚ ਨੌਕਰੀ ਕਰਨ ਜਾਂਦੇ ਹਨ। ਪਿੰਡ ਦੇ ਕਈ ਕਾਰੀਗਰਾਂ ਨੇ ਸ਼ਹਿਰ ਵਿੱਚ ਆਪਣੀਆਂ ਦੁਕਾਨਾਂ ਖੋਲ੍ਹ ਲਈਆਂ ਹਨ, ਜਿਨ੍ਹਾਂ 'ਤੇ ਆਪਣੇ ਪਿੰਡ ਦੇ ਨਾਂ ਦੇ ਬੋਰਡ ਲੱਗੇ ਹੋਏ ਹਨ। ਸਰਪੰਚ ਦਾ ਵੱਡਾ ਲੜਕਾ ਐੱਮ.ਏ. ਕਰ ਕੇ ਨਵੇਂ ਆਰਗੈਨਿਕ ਢੰਗ ਦੀ ਖੇਤੀ ਕਰ ਰਿਹਾ ਹੈ ਅਤੇ ਨਾਲ਼ ਹੀ ਪਿੰਡ ਦੀ ਰਾਜਨੀਤੀ ਵਿੱਚ ਵੀ ਉਸਾਰੂ ਹਿੱਸਾ ਲੈਂਦਾ ਹੈ । ਪਿੰਡ ਦੀਆਂ ਤਿੰਨ-ਚਾਰ ਕੁੜੀਆਂ ਅਧਿਆਪਕਾਵਾਂ ਅਤੇ ਨਰਸਾਂ ਲੱਗ ਗਈਆਂ ਹਨ । ਚਾਰ ਕੁੜੀਆਂ ਐੱਮ.ਬੀ.ਬੀ.ਐੱਸ. ਅਤੇ ਤਿੰਨ ਕੁੜੀਆਂ ਬੀ.ਐੱਡ. ਕਰ ਰਹੀਆਂ ਹਨ।

ਇਸ ਤਰ੍ਹਾਂ ਸਮੁੱਚੇ ਤੌਰ 'ਤੇ ਪਿੰਡ ਦੀ ਨੁਹਾਰ ਹੀ ਬਦਲ ਗਈ ਹੈ। ਜਦੋਂ ਤੁਸੀਂ ਵਾਪਸ ਆਓਗੇ ਤਾਂ ਪਿੰਡ ਦੀ ਤਰੱਕੀ ਦੇਖ ਕੇ ਹੈਰਾਨ ਰਹਿ ਜਾਓਗੇ।

ਤੁਸੀਂ ਜਲਦੀ ਆ ਕੇ ਮਿਲ਼ ਜਾਵੋ। ਇੱਥੇ ਸਾਰੇ ਹੀ ਤੁਹਾਨੂੰ ਬਹੁਤ ਯਾਦ ਕਰਦੇ ਹਨ ।

ਤੁਹਾਡੀ ਉਡੀਕ ਵਿੱਚ

ਤੁਹਾਡਾ ਪਿਆਰਾ ਭਤੀਜਾ,
ਗੁਰਜੋਤ ਸਿੰਘ।

ਵੱਲ :
ਨਵਦੀਪ ਸਿੰਘ ਸਿੱਧੂ,
151-32500 ਫਰੇਸਰ ਵੇਅ,
ਐਬਟਸ ਫ਼ੋਰਡ, ਬੀ.ਸੀ.,
ਕਨੇਡਾ।

**5. ਆਪਣੇ ਸਭ ਤੋਂ ਚੰਗੇ ਅਧਿਆਪਕ ਨੂੰ ਆਪਣੇ ਘਰ ਦੀ ਸਥਿਤੀ, ਮਾਪਿਆਂ ਦੀ ਇੱਛਾ ਅਤੇ ਆਪਣੀ ਰੁਚੀ ਦੱਸਦੇ ਹੋਏ ਰਾਏ ਲਓ ਕਿ ਤੁਹਾਨੂੰ ਦਸਵੀਂ ਪਾਸ ਕਰਨ ਤੋਂ ਬਾਅਦ ਕੀ ਕਰਨਾ ਚਾਹੀਦਾ ਹੈ।**

ਮਕਾਨ ਨੰ : 637
ਫੇਜ਼-6, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
10 ਸਤੰਬਰ, 2020.

ਸਤਿਕਾਰਯੋਗ ਅਧਿਆਪਕ ਡਾ. ਨਰਿੰਦਰ ਕੁਮਾਰ ਜੀ,

ਪ੍ਰਨਾਮ।

ਦਸਵੀਂ ਦੇ ਇਮਤਿਹਾਨ ਹੋ ਚੁੱਕੇ ਹਨ। ਉਮੀਦ ਹੈ ਮੇਰਾ ਨਤੀਜਾ ਵਧੀਆ ਹੀ ਆਵੇਗਾ। ਸ਼੍ਰੇਣੀ ਵਿੱਚ ਆਪ ਵੱਲੋਂ ਕਰਵਾਈ ਮਿਹਨਤ ਅਤੇ ਸੂਝ ਭਰੀ ਅਗਵਾਈ ਸਦਕਾ ਮੈਨੂੰ ਮੈਰਿਟ ਸੂਚੀ ਵਿੱਚ ਆਉਣ ਦੀ ਪੂਰੀ ਉਮੀਦ ਹੈ। ਸ਼੍ਰੇਣੀ ਵਿੱਚ ਪੜ੍ਹਾਉਂਦੇ ਸਮੇਂ ਆਪ ਸਾਨੂੰ ਉੱਚ-ਵਿੱਦਿਆ ਪ੍ਰਾਪਤ ਕਰਨ ਲਈ ਪ੍ਰੇਰਨਾ ਦਿੰਦੇ ਰਹਿੰਦੇ ਸੀ। ਹੁਣ ਮੈਂ ਇੱਕ ਵਾਰ ਫਿਰ ਆਪ ਤੋਂ ਉਚੇਰੀ ਵਿੱਦਿਆ ਸੰਬੰਧੀ ਸਲਾਹ ਲੈਣੀ ਚਾਹੁੰਦਾ ਹਾਂ।

ਸ਼ਾਇਦ ਆਪ ਨੂੰ ਸਾਡੇ ਘਰ ਦੀ ਆਰਥਿਕ ਹਾਲਤ ਬਾਰੇ ਪੂਰੀ ਜਾਣਕਾਰੀ ਨਹੀਂ ਹੈ। ਅਸੀਂ ਤਿੰਨ ਭੈਣ-ਭਰਾ ਹਾਂ। ਮੇਰੇ ਪਿਤਾ ਜੀ ਦੀ ਮਾਸਿਕ ਆਮਦਨ ਲਗ-ਪਗ ਦਸ ਹਜ਼ਾਰ ਰੁਪਏ ਹੈ। ਸਾਰੇ ਪਰਿਵਾਰ ਦਾ ਗੁਜ਼ਾਰਾ ਕੇਵਲ ਉਹਨਾਂ ਦੀ ਤਨਖ਼ਾਹ 'ਤੇ ਹੀ ਚੱਲਦਾ ਹੈ। ਜੇ ਮੈਂ ਕਾਲਜ ਵਿੱਚ ਦਾਖ਼ਲ ਹੋ ਜਾਵਾਂ ਤਾਂ ਉਹ ਮੇਰੀ ਕਾਲਜ ਦੀ ਪੜ੍ਹਾਈ ਦਾ ਖ਼ਰਚ ਨਹੀਂ ਦੇ ਸਕਣਗੇ। ਉਹਨਾਂ ਦੀ ਇੱਛਾ ਹੈ ਕਿ ਮੈਂ ਕੋਈ ਛੋਟੀ-ਮੋਟੀ ਨੌਕਰੀ ਕਰ ਲਵਾਂ ਅਤੇ ਘਰ ਦਾ ਖ਼ਰਚਾ ਚਲਾਉਣ ਵਿੱਚ ਉਹਨਾਂ ਦੀ ਸਹਾਇਤਾ ਕਰਾਂ।

ਮੈਂ ਉੱਚ-ਵਿੱਦਿਆ ਪ੍ਰਾਪਤ ਕਰਕੇ ਅਧਿਆਪਕ ਬਣਨਾ ਚਾਹੁੰਦਾ ਹਾਂ। ਸੋ, ਮੈਂ ਸੋਚਿਆ ਹੈ ਕਿ ਕਿਸੇ ਪ੍ਰਾਈਵੇਟ ਕੰਪਨੀ ਵਿੱਚ ਜਾਂ ਜਿੱਥੇ ਵੀ ਮਿਲ਼ੇ, ਕੋਈ ਨੌਕਰੀ ਕਰ ਲਵਾਂ । ਇਸ ਦੇ ਨਾਲ਼ ਹੀ ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ ਦੇ ਕਿਸੇ ਲਰਨਿੰਗ ਸੈਂਟਰ ਤੋਂ ਛੇ ਮਹੀਨੇ ਦਾ ਕੰਪਿਊਟਰ ਪ੍ਰੋਗ੍ਰਾਮਿੰਗ ਅਸਿਸਟੈਂਟ ਦਾ ਕੋਰਸ ਕਰਕੇ ਅਗਲੇ ਸਾਲ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਚਲਾਈ ਜਾ ਰਹੀ ਓਪਨ ਸਕੂਲ ਪ੍ਰਨਾਲ਼ੀ ਰਾਹੀਂ ਕਿਸੇ ਸਕੂਲ ਵਿੱਚ ਦਾਖ਼ਲ ਹੋ ਕੇ ਪੱਤਰ-ਵਿਹਾਰ ਰਾਹੀਂ 10+2 ਕਰ ਲਵਾਂ। ਇਸ ਤੋਂ ਬਾਅਦ ਮੈਂ ਕਿਸੇ ਯੂਨੀਵਰਸਿਟੀ ਤੋਂ ਪੱਤਰ-ਵਿਹਾਰ ਰਾਹੀਂ ਡਿਗਰੀ ਸ਼ੁਰੂ ਕਰ ਲਵਾਂਗਾ। ਇਸ ਤਰ੍ਹਾਂ ਕਰਨ ਨਾਲ਼ ਮੈਂ ਘਰ ਦੇ ਖ਼ਰਚ ਲਈ ਸਹਾਇਤਾ ਵੀ ਕਰ ਸਕਾਂਗਾ ਅਤੇ ਆਪਣੀ ਪੜ੍ਹਾਈ ਦਾ ਖ਼ਰਚਾ ਵੀ ਕੱਢ ਸਕਾਂਗਾ।

ਮੈਨੂੰ ਉਮੀਦ ਹੈ ਕਿ ਆਪ ਮੇਰੇ ਇਸ ਪ੍ਰੋਗ੍ਰਾਮ ਬਾਰੇ ਆਪਣੇ ਵਿਚਾਰ, ਸਲਾਹ ਅਤੇ ਅਗਵਾਈ ਦੇਣ ਦੀ ਕਿਰਪਾਲਤਾ ਕਰੋਗੇ।

ਮੈਂ ਆਪ ਦੇ ਪੱਤਰ ਦੀ ਉਡੀਕ ਕਰਾਂਗਾ।

ਸਤਿਕਾਰ ਨਾਲ਼

ਆਪ ਦਾ ਵਿਦਿਆਰਥੀ,
ਰਾਕੇਸ਼ ਕੁਮਾਰ।

ਵੱਲ :

ਡਾ. ਨਰਿੰਦਰ ਕੁਮਾਰ,

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,

ਸ਼ੇਰਮਾਜਰਾ, ਜ਼ਿਲ੍ਹਾ ਪਟਿਆਲ਼ਾ।

**6. ਤੁਹਾਨੂੰ ਕੋਈ ਰਿਸਾਲਾ ਚੰਗਾ ਲੱਗਾ ਹੈ। ਇਸ ਰਿਸਾਲੇ ਦੀਆਂ ਸਿਫ਼ਤਾਂ ਦੱਸਦਿਆਂ ਉਸ ਦੇ ਸੰਪਾਦਕ ਨੂੰ ਚਿੱਠੀ ਲਿਖੋ ਕਿ ਤੁਸੀਂ ਉਸ ਰਿਸਾਲੇ ਦਾ ਚੰਦਾ ਭੇਜ ਦਿੱਤਾ ਹੈ ਅਤੇ ਰਿਸਾਲਾ ਘਰ ਦੇ ਪਤੇ ਉੱਤੇ ਭੇਜਣਾ ਸ਼ੁਰੂ ਕਰ ਦਿੱਤਾ ਜਾਵੇ ।**

ਸੇਵਾ ਵਿਖੇ

ਸੰਪਾਦਕ ਸਾਹਿਬ,
'ਪੰਖੜੀਆਂ' ਅਤੇ 'ਪ੍ਰਾਇਮਰੀ ਸਿੱਖਿਆ',
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

**ਵਿਸ਼ਾ** : ਰਿਸਾਲਾ ਮੰਗਵਾਉਣ ਬਾਰੇ।

ਸ੍ਰੀਮਾਨ ਜੀ,

ਸਾਡੇ ਸਕੂਲ ਵਿੱਚ 'ਪੰਖੜੀਆਂ' ਅਤੇ 'ਪ੍ਰਾਇਮਰੀ ਸਿੱਖਿਆ' ਰਿਸਾਲੇ ਆਉਂਦੇ ਹਨ। 'ਪੰਖੜੀਆਂ' ਰਿਸਾਲੇ ਵਿੱਚ ਛਪਦੀਆਂ ਕਹਾਣੀਆਂ, ਕਵਿਤਾਵਾਂ, ਲੇਖ, ਚੁਟਕਲੇ, ਲੜੀਵਾਰ ਨਾਵਲ ਆਦਿ ਬਹੁਤ ਦਿਲਚਸਪ ਹੁੰਦੇ ਹਨ। ਮੈਂ ਇਸ ਦੀਆਂ ਰਚਨਾਵਾਂ ਸ਼ੌਕ ਨਾਲ਼ ਪੜ੍ਹਦੀ ਹਾਂ। ਇਸ ਵਿੱਚ ਛਪੀਆਂ ਸਾਰੀਆਂ ਰਚਨਾਵਾਂ ਬਹੁਤ ਰੋਚਕ ਅਤੇ ਸਿੱਖਿਆਦਾਇਕ ਹੁੰਦੀਆਂ ਹਨ।

'ਪੰਖੜੀਆਂ' ਰਿਸਾਲੇ ਦੇ ਕਈ ਅੰਕ ਤਾਂ ਹਮੇਸ਼ਾਂ ਲਈ ਸਾਂਭ ਕੇ ਰੱਖਣ ਵਾਲ਼ੇ ਹੁੰਦੇ ਹਨ । ਇਸ ਲਈ ਮੈਂ ਆਪਣੇ ਘਰ ਇਹ ਰਿਸਾਲਾ ਲਗਵਾਉਣ ਦਾ ਫ਼ੈਸਲਾ ਕਰ ਲਿਆ ਹੈ। ਇਸ ਸੰਬੰਧ ਵਿੱਚ ਮੈਂ ਆਪ ਦੇ ਦਫ਼ਤਰ ਨੂੰ ਇੱਕ ਸਾਲ ਦਾ ਚੰਦਾ ਅੱਜ ਮਨੀਆਰਡਰ ਦੁਆਰਾ ਭੇਜ ਦਿੱਤਾ ਹੈ। ਕਿਰਪਾ ਕਰਕੇ ਇਹ ਰਿਸਾਲਾ ਮੇਰੇ ਘਰ ਦੇ ਪਤੇ 'ਤੇ ਭੇਜਣਾ ਸ਼ੁਰੂ ਕਰ ਦਿਓ।

ਧੰਨਵਾਦ ਸਹਿਤ

ਆਪ ਦੀ ਵਿਸ਼ਵਾਸਪਾਤਰ,<br>
ਜਸਮੀਨ,<br>
ਮਕਾਨ ਨੰਬਰ: 16, ਮਹੱਲਾ ਭੁੱਚਰਾਂ,<br>
ਸ਼ਹੀਦ ਭਗਤ ਸਿੰਘ ਨਗਰ।

ਮਿਤੀ : 05 ਅਕਤੂਬਰ, 2020.

**7. ਤੁਹਾਡੇ ਸ਼ਹਿਰ ਵਿੱਚ ਬੱਚਿਆਂ ਦੇ ਚੁੱਕੇ ਜਾਣ ਦੀਆਂ ਵਾਰਦਾਤਾਂ ਵਧ ਰਹੀਆਂ ਹਨ । ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਇਸ ਸੰਬੰਧ ਵਿੱਚ ਪੱਤਰ ਲਿਖੋ ਤਾਂਜੋ ਲੋਕ ਸੁਚੇਤ ਹੋ ਜਾਣ ਅਤੇ ਸਰਕਾਰ ਇਸ ਬਾਰੇ ਉਚਿਤ ਕਾਰਵਾਈ ਕਰੇ।**

ਸੇਵਾ ਵਿਖੇ

ਸੰਪਾਦਕ ਸਾਹਿਬ,<br>
ਪੰਜਾਬੀ ਟ੍ਰਿਬਿਊਨ,<br>
ਚੰਡੀਗੜ੍ਹ।

**ਵਿਸ਼ਾ** : ਬੱਚੇ ਚੁੱਕਣ ਵਾਲ਼ੇ ਗਰੋਹ ਤੋਂ ਸੁਚੇਤ ਕਰਨ ਬਾਰੇ।

ਸ੍ਰੀਮਾਨ ਜੀ/ਸ੍ਰੀਮਤੀ ਜੀ,

ਮੈਂ ਪੰਜਾਬੀ ਟ੍ਰਿਬਿਊਨ ਅਖ਼ਬਾਰ ਦੁਆਰਾ ਆਪਣੇ ਸ਼ਹਿਰ ਵਿੱਚ ਬੱਚੇ ਚੁੱਕੇ ਜਾਣ ਦੀਆਂ ਘਟਨਾਵਾਂ ਬਾਰੇ ਸਰਕਾਰ ਅਤੇ ਲੋਕਾਂ ਨੂੰ ਸੁਚੇਤ ਕਰਨਾ ਚਾਹੁੰਦਾ ਹਾਂ ਤਾਂਜੋ ਇਸ ਗੰਭੀਰ ਸਮੱਸਿਆ ਦਾ ਕੋਈ ਸਾਰਥਕ ਹੱਲ ਲੱਭਿਆ ਜਾ ਸਕੇ ।

ਪਿਛਲੇ ਹਫ਼ਤੇ ਸਾਡੇ ਮਹੱਲੇ ਦੇ ਬੱਚੇ ਸਕੂਲ ਪੜ੍ਹਨ ਗਏ। ਉਹ ਤੀਜੀ ਜਮਾਤ ਵਿੱਚ ਪੜ੍ਹਦੇ ਸਨ। ਸ਼ਾਮ ਤੱਕ ਉਹਨਾਂ ਬੱਚਿਆਂ ਵਿੱਚੋਂ ਕੁਝ ਬੱਚੇ ਸਕੂਲ ਤੋਂ ਵਾਪਸ ਨਾ ਆਏ। ਉਹਨਾਂ ਦੇ ਸਾਥੀਆਂ ਤੋਂ ਪੁੱਛ-ਪੜਤਾਲ ਕਰਨ 'ਤੇ ਪਤਾ ਲੱਗਾ ਕਿ ਛੁੱਟੀ ਤੋਂ ਬਾਅਦ ਉਹਨਾਂ ਬੱਚਿਆਂ ਨੂੰ ਉਹਨਾਂ ਨੇ ਇੱਕ ਬੰਦੇ ਨਾਲ਼ ਗੱਲਾਂ ਕਰਦਿਆਂ ਵੇਖਿਆ ਸੀ ਪਰ ਕੋਈ ਰਿਸ਼ਤੇਦਾਰ ਸਮਝ ਕੇ ਉਹਨਾਂ ਬਹੁਤਾ ਧਿਆਨ ਨਾ ਦਿੱਤਾ। ਜਿਸ ਬੰਦੇ ਕੋਲ਼ ਉਹ ਖੜ੍ਹੇ ਸਨ ਸ਼ਾਇਦ ਉਹੀ ਉਹਨਾਂ ਨੂੰ ਕਿਸੇ ਤਰ੍ਹਾਂ ਦਾ ਲਾਲਚ ਦੇ ਕੇ ਆਪਣੇ ਨਾਲ਼ ਲੈ ਗਿਆ ਹੋਵੇ। ਪੁਲਿਸ ਨੂੰ ਸੂਚਿਤ ਕਰ ਦੇਣ ਦੇ ਬਾਵਜੂਦ ਅਜੇ ਤੱਕ ਉਹਨਾਂ ਦਾ ਕੁਝ ਅਤਾ-ਪਤਾ ਨਹੀਂ ਲੱਗਿਆ। ਉਹਨਾਂ ਬੱਚਿਆਂ ਦੇ ਮਾਤਾ-ਪਿਤਾ ਅਤੇ ਸਾਕ-ਸੰਬੰਧੀ ਬਹੁਤ ਦੁਖੀ ਅਤੇ ਪਰੇਸ਼ਾਨ ਹਨ।

ਅਜੇ ਕੱਲ੍ਹ ਦੀ ਗੱਲ ਹੈ ਕਿ ਕੁਝ ਬੱਚੇ ਪਾਰਕ ਵਿੱਚ ਖੇਡਣ ਗਏ ਅਤੇ ਉਹਨਾਂ ਵਿੱਚੋਂ ਵੀ ਇੱਕ ਬੱਚਾ ਸ਼ਾਮ ਤੱਕ ਘਰ ਵਾਪਸ ਨਹੀਂ ਆਇਆ। ਇਸ ਬਾਰੇ ਵੀ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਪਰ ਅਜੇ ਤੱਕ ਕੋਈ ਗਰਿਫ਼ਤਾਰੀ ਨਹੀਂ ਹੋਈ।

ਸ਼ਹਿਰ ਦੇ ਲੋਕਾਂ ਨੂੰ ਡਰ ਹੈ ਕਿ ਸ਼ਹਿਰ ਵਿੱਚ ਕੋਈ ਬੱਚੇ ਚੁੱਕਣ ਵਾਲ਼ਾ ਗਰੋਹ ਸਰਗਰਮ ਹੈ। ਅਖ਼ਬਾਰ ਦੇ ਮਾਧਿਅਮ ਰਾਹੀਂ ਮੈਂ ਇਹ ਮਸਲਾ ਸਰਕਾਰ ਤੇ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਤਾਂਕਿ ਉਹ ਬੱਚੇ ਚੁੱਕਣ ਵਾਲ਼ੇ ਇਸ ਗਰੋਹ ਨੂੰ ਛੇਤੀ ਤੋਂ ਛੇਤੀ ਕਾਬੂ ਕਰਨ ਲਈ ਉਚਿਤ ਕਾਰਵਾਈ ਕਰਨ। ਇਸ ਸੰਬੰਧੀ ਮਾਪਿਆਂ ਨੂੰ ਵੀ ਸੁਚੇਤ ਰਹਿਣ ਦੀ ਲੋੜ ਹੈ।

ਆਸ ਹੈ ਕਿ ਤੁਸੀਂ ਇਸ ਪੱਤਰ ਨੂੰ ਆਪਣੇ ਅਖ਼ਬਾਰ ਵਿੱਚ ਛਾਪਣ ਦੀ ਕਿਰਪਾਲਤਾ ਕਰੋਗੇ।

ਧੰਨਵਾਦ ਸਹਿਤ

ਆਪ ਦਾ ਸ਼ੁੱਭਚਿੰਤਕ,<br>
ਮਨਪ੍ਰੀਤ ਸਿੰਘ,<br>
232, ਧੋਬੀਆਣਾ ਰੋਡ,<br>
ਬਠਿੰਡਾ।

ਮਿਤੀ : 10 ਸਤੰਬਰ, 2020.

**8. ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਜਿਸ ਵਿੱਚ ਆਪਣੇ ਆਲ਼ੇ-ਦੁਆਲ਼ੇ ਵਿੱਚ ਨਿੱਤ ਵਰਤੋਂ ਦੀਆਂ ਵਸਤਾਂ ਵਿੱਚ ਕੀਤੀ ਜਾਂਦੀ ਮਿਲ਼ਾਵਟ ਬਾਰੇ ਚਰਚਾ ਕੀਤੀ ਗਈ ਹੋਵੇ।**

ਸੇਵਾ ਵਿਖੇ

ਸੰਪਾਦਕ ਸਾਹਿਬ,<br>
ਰੋਜ਼ਾਨਾ ਅਜੀਤ,<br>
ਨਹਿਰੂ ਗਾਰਡਨ ਰੋਡ,<br>
ਜਲੰਧਰ।

**ਵਿਸ਼ਾ** : ਨਿੱਤ ਵਰਤੋਂ ਦੀਆਂ ਵਸਤਾਂ ਵਿੱਚ ਹੋ ਰਹੀ ਮਿਲ਼ਾਵਟ ਸੰਬੰਧੀ।

ਸ੍ਰੀਮਾਨ ਜੀ,

ਮੈਂ ਆਪਣੇ ਇਸ ਪੱਤਰ ਦੁਆਰਾ ਨਿੱਤ ਵਰਤੋਂ ਦੀਆਂ ਚੀਜ਼ਾਂ ਵਿੱਚ ਹੁੰਦੀ ਮਿਲ਼ਾਵਟ ਵੱਲ ਸਰਕਾਰ ਅਤੇ ਲੋਕਾਂ ਦਾ ਧਿਆਨ ਦਿਵਾਉਣਾ ਚਾਹੁੰਦੀ ਹਾਂ। ਅੱਜ-ਕੱਲ੍ਹ ਸਾਡੇ ਦੇਸ ਵਿੱਚ ਕੁਝ ਵਪਾਰੀ ਅਤੇ ਦੁਕਾਨਦਾਰ ਵਧੇਰੇ ਮੁਨਾਫ਼ੇ ਲਈ ਖਾਣ-ਪੀਣ ਵਾਲ਼ੀਆਂ ਵਸਤਾਂ ਵਿੱਚ ਮਿਲ਼ਾਵਟ ਕਰ ਰਹੇ ਹਨ। ਦੇਸੀ ਘਿਓ ਦੀ ਕਹਿ ਕੇ ਵੇਚੀ ਜਾਂਦੀ ਮਿਠਿਆਈ ਅਕਸਰ ਬਣਾਉਟੀ ਘਿਓ ਦੁਆਰਾ ਤਿਆਰ ਕੀਤੀ ਜਾਂਦੀ ਹੈ। ਕੇਸਰ ਦੇ ਬਣੇ ਆਖੇ ਜਾਂਦੇ ਲੱਡੂਆਂ ਵਿੱਚ ਕੈਮੀਕਲ ਰੰਗ ਹੀ ਮਿਲ਼ਾਇਆ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਦੇ ਲਾਲਚੀ ਲੋਕ ਮਨੁੱਖੀ ਸਿਹਤ ਨਾਲ਼ ਸ਼ਰ੍ਹੇਆਮ ਖਿਲਵਾੜ ਕਰ ਰਹੇ ਹਨ। ਕੱਲ੍ਹ ਦੀ ਹੀ ਗੱਲ ਹੈ ਕਿ ਮੇਰੇ ਮਾਤਾ ਜੀ ਬਜ਼ਾਰ ਵਿੱਚੋਂ ਘਰ ਲਈ ਰਾਸ਼ਨ ਖ਼ਰੀਦ ਕੇ ਲਿਆਏ। ਘਰ ਜਾ ਕੇ ਵੇਖਿਆ ਕਿ ਦਾਲ਼ਾਂ ਵਿੱਚ ਬਰੀਕ ਕੰਕਰ ਕਾਫ਼ੀ ਮਾਤਰਾ ਵਿੱਚ ਰਲ਼ੇ ਹੋਏ ਸਨ। ਚਾਹ-ਪੱਤੀ ਵਿੱਚ ਲੋਹ-ਚੂਰਨ ਮਿਲ਼ਿਆ ਹੋਇਆ ਸੀ। ਦੇਸੀ ਘਿਓ ਵਿੱਚ ਬਣਾਉਟੀ ਘਿਓ ਮਿਲ਼ਾਇਆ ਪ੍ਰਤੀਤ ਹੁੰਦਾ ਸੀ। ਅਸੀਂ ਇਸ ਸੰਬੰਧੀ ਉਪਭੋਗਤਾ ਸੁਰੱਖਿਆ ਵਿਭਾਗ ਨੂੰ ਸ਼ਿਕਾਇਤ ਕਰਨ ਦਾ ਫ਼ੈਸਲਾ ਕੀਤਾ ਹੈ।

ਦੁੱਧ, ਪਨੀਰ, ਖੋਏ ਅਤੇ ਮਿਠਿਆਈ ਨੂੰ ਤਿਆਰ ਕਰਨ ਵਾਲ਼ੀਆਂ ਫ਼ੈਕਟਰੀਆਂ ਦੇ ਫੜੇ ਜਾਣ ਦੀਆਂ ਖ਼ਬਰਾਂ ਅਖ਼ਬਾਰਾਂ ਅਤੇ ਟੀ.ਵੀ.-ਚੈਨਲਾਂ ਰਾਹੀਂ ਜੱਗ-ਜ਼ਾਹਰ ਹੋ ਰਹੀਆਂ ਹਨ ਪਰੰਤੂ ਇਹਨਾਂ ਦੋਸ਼ੀਆਂ 'ਤੇ ਕੋਈ ਸਖ਼ਤ ਕਾਰਵਾਈ ਨਾ ਹੋਣ ਕਰਕੇ ਮਨ ਬਹੁਤ ਦੁਖੀ ਹੁੰਦਾ ਹੈ।

ਮੇਰਾ ਸੁਝਾਅ ਹੈ ਕਿ ਸੰਬੰਧਿਤ ਅਧਿਕਾਰੀਆਂ ਨੂੰ ਅਜਿਹੇ ਲੋਕਾਂ ਦੇ ਟਿਕਾਣਿਆਂ 'ਤੇ ਲਗਾਤਾਰ ਛਾਪੇ ਮਾਰ ਕੇ ਉਹਨਾਂ ਦੁਆਰਾ ਤਿਆਰ ਕੀਤੀਆਂ ਵਸਤੂਆਂ ਦੇ ਨਮੂਨੇ ਭਰਦੇ ਰਹਿਣਾ ਚਾਹੀਦਾ ਹੈ ਤਾਂਜੋ ਅਜਿਹੇ ਲੋਕ ਮਿਲ਼ਾਵਟ ਨਾ ਕਰ ਸਕਣ। ਜੇਕਰ ਇਸ ਸੰਬੰਧੀ ਕੋਈ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਉੱਪਰ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

ਆਸ ਹੈ ਕਿ ਸੰਬੰਧਿਤ ਅਧਿਕਾਰੀ ਅਤੇ ਜਨਤਾ ਦੇ ਆਗੂ ਇਸ ਪ੍ਰਕਾਰ ਦੇ ਹੋ ਰਹੇ ਘਿਨਾਉਣੇ ਅਪਰਾਧ ਰੋਕਣ ਲਈ ਹਰ ਸੰਭਵ ਯਤਨ ਕਰਨਗੇ।

ਆਪ ਜੀ ਦੀ ਵਿਸ਼ਵਾਸਪਾਤਰ,<br>
ਮਹਿਕਪ੍ਰੀਤ ਕੌਰ ਪੁੱਤਰੀ ਸ. ਅਮਰਜੀਤ ਸਿੰਘ,<br>
ਪਿੰਡ ਰੁੜਕੀ ਖ਼ਾਸ, ਤਹਿਸੀਲ ਗੜ੍ਹਸ਼ੰਕਰ,<br>
ਜ਼ਿਲ੍ਹਾ ਹੁਸ਼ਿਆਰਪੁਰ।

ਮਿਤੀ : 16 ਨਵੰਬਰ, 2020.

**9. ਆਪਣੇ ਸ਼ਹਿਰ ਦੀ ਮਿਉਂਸਿਪਲ ਕਮੇਟੀ ਦੇ ਪ੍ਰਧਾਨ/ਪਿੰਡ ਦੇ ਸਰਪੰਚ ਨੂੰ ਇੱਕ ਪੱਤਰ ਰਾਹੀਂ ਆਪਣੇ ਵਾਰਡ ਦੀਆਂ ਗਲ਼ੀਆਂ ਤੇ ਨਾਲ਼ੀਆਂ ਦੀ ਭੈੜੀ ਹਾਲਤ ਕਾਰਨ ਲੋਕਾਂ ਦੀਆਂ ਤਕਲੀਫ਼ਾਂ ਦੱਸਦੇ ਹੋਏ ਉਹਨਾਂ ਦੇ ਢੁਕਵੇਂ ਹੱਲ ਲਈ ਬੇਨਤੀ ਕਰੋ।**

ਸੇਵਾ ਵਿਖੇ

ਪ੍ਰਧਾਨ ਸਾਹਿਬ,
ਨਗਰਪਾਲਕਾ,
ਖਰੜ।

**ਵਿਸ਼ਾ** :— ਮਹੱਲੇ ਦੀਆਂ ਗਲ਼ੀਆਂ ਅਤੇ ਨਾਲ਼ੀਆਂ ਦੀ ਮੁਰੰਮਤ ਸੰਬੰਧੀ।

ਸ੍ਰੀਮਾਨ ਜੀ/ਸ੍ਰੀਮਤੀ ਜੀ,

ਬੇਨਤੀ ਹੈ ਕਿ ਸਾਡੇ ਨਗਰ ਦੇ ਵਾਰਡ ਨੰਬਰ ਪੰਜ ਦੀਆਂ ਗਲ਼ੀਆਂ ਤੇ ਨਾਲ਼ੀਆਂ ਦੀ ਹਾਲਤ ਬਹੁਤ ਹੀ ਖ਼ਰਾਬ ਹੈ। ਗਲ਼ੀਆਂ ਵਿੱਚ ਥਾਂ-ਥਾਂ ਟੋਏ ਪਏ ਹੋਏ ਹਨ। ਇਹ ਟੋਏ ਹਰ ਸਮੇਂ ਨਾਲ਼ੀਆਂ ਦੇ ਗੰਦੇ ਪਾਣੀ ਨਾਲ਼ ਭਰੇ ਰਹਿੰਦੇ ਹਨ। ਬਰਸਾਤ ਦੇ ਦਿਨਾਂ ਵਿੱਚ ਤਾਂ ਇਹਨਾਂ ਦੀ ਹਾਲਤ ਹੋਰ ਵੀ ਤਰਸਯੋਗ ਹੋ ਜਾਂਦੀ ਹੈ। ਇਸ ਵਾਰਡ ਦੀਆਂ ਗਲ਼ੀਆਂ ਵਿੱਚ ਸਾਈਕਲ, ਸਕੂਟਰ, ਰਿਕਸ਼ੇ ਆਦਿ ਗਲ਼ੀਆਂ ਦੇ ਚਿੱਕੜ ਵਿੱਚ ਬੁਰੀ ਤਰ੍ਹਾਂ ਫਸ ਜਾਂਦੇ ਹਨ। ਬਾਹਰੋਂ ਆਉਣ ਵਾਲ਼ੇ ਲੋਕਾਂ ਨੂੰ ਤਾਂ ਹੋਰ ਵੀ ਪਰੇਸ਼ਾਨੀ ਦਾ ਸਾਮ੍ਹਣਾ ਕਰਨਾ ਪੈਂਦਾ ਹੈ।

ਇਸ ਸਮੇਂ ਸਾਰੇ ਮਹੱਲੇ ਵਿੱਚ ਗੰਦਗੀ ਜਮ੍ਹਾ ਹੋ ਗਈ ਹੈ ਅਤੇ ਮੱਛਰ ਵੀ ਬਹੁਤ ਹੋ ਗਿਆ ਹੈ। ਜੇ ਅਧਿਕਾਰੀਆਂ ਵੱਲੋਂ ਨਾਲ਼ੀਆਂ ਅਤੇ ਗਲ਼ੀਆਂ ਦੀ ਮੁਰੰਮਤ ਤੁਰੰਤ ਨਾ ਕਰਵਾਈ ਗਈ ਤਾਂ ਮਹੱਲੇ ਵਿੱਚ ਕੋਈ ਨਾ ਕੋਈ ਗੰਭੀਰ ਬਿਮਾਰੀ ਫੈਲ ਜਾਣ ਦਾ ਡਰ ਹੈ।

ਆਪ ਦਾ ਵਿਸ਼ਵਾਸਪਾਤਰ,
ਕੁਲਭੂਸ਼ਣ,
ਵਾਰਡ ਨੰਬਰ ਪੰਜ,
ਖਰੜ।

ਮਿਤੀ : 15 ਜੁਲਾਈ, 2020.

**10. ਤੁਹਾਡਾ ਸਾਈਕਲ ਚੋਰੀ ਹੋ ਗਿਆ ਹੈ। ਸਾਈਕਲ ਬਾਰੇ ਵੇਰਵਾ ਦਿੰਦੇ ਹੋਏ ਨੇੜੇ ਦੇ ਥਾਣੇ ਰਿਪੋਰਟ ਦਰਜ ਕਰਵਾਉਣ ਲਈ ਬਿਨੈ-ਪੱਤਰ ਲਿਖੋ।**

ਸੇਵਾ ਵਿਖੇ

ਐੱਸ. ਐਚ. ਓ. ਸਾਹਿਬ,
ਥਾਣਾ ਰਾਮਾ ਮੰਡੀ,
ਜ਼ਿਲ੍ਹਾ ਬਠਿੰਡਾ।

**ਵਿਸ਼ਾ** :—ਚੋਰੀ ਹੋ ਗਏ ਸਾਈਕਲ ਦੀ ਰਿਪੋਰਟ ਦਰਜ ਕਰਵਾਉਣ ਬਾਰੇ।

ਸ੍ਰੀਮਾਨ ਜੀ,

ਮੈਂ ਕੱਲ੍ਹ ਦੁਪਹਿਰ ਤੋਂ ਬਾਅਦ ਸਟੇਟ ਬੈਂਕ ਆਫ਼ ਪਟਿਆਲ਼ਾ ਦੀ ਸ਼ਾਖਾ ਵਿੱਚ ਆਪਣਾ ਖਾਤਾ ਖੁਲ੍ਹਵਾਉਣ ਲਈ ਗਿਆ ਸੀ। ਮੈਂ ਬੈਂਕ ਅੱਗੇ ਆਪਣਾ ਸਾਈਕਲ ਖੜ੍ਹਾ ਕਰਕੇ ਅਤੇ ਇਸ ਨੂੰ ਤਾਲਾ ਲਾ ਕੇ ਬੈਂਕ ਅੰਦਰ ਚਲਾ ਗਿਆ। ਬੈਂਕ ਵਿੱਚ ਭੀੜ ਹੋਣ ਕਾਰਨ ਮੈਨੂੰ ਉੱਥੇ ਲਗ-ਪਗ ਇੱਕ ਘੰਟਾ ਲੱਗ ਗਿਆ। ਜਦੋਂ ਮੈਂ ਬੈਂਕ ਤੋਂ ਬਾਹਰ ਆਇਆ ਤਾਂ ਵੇਖਿਆ ਕਿ ਮੇਰਾ ਸਾਈਕਲ ਗ਼ਾਇਬ ਸੀ। ਆਲ਼ੇ-ਦੁਆਲ਼ੇ ਦੇ ਦੁਕਾਨਦਾਰਾਂ ਅਤੇ ਰੇਹੜੀ ਵਾਲ਼ਿਆਂ ਤੋਂ ਪੁੱਛ-ਗਿੱਛ ਕੀਤੀ ਪਰ ਕਿਸੇ ਨੂੰ ਮੇਰੇ ਸਾਈਕਲ ਬਾਰੇ ਕੁਝ ਪਤਾ ਨਹੀਂ ਸੀ। ਅੱਧਾ ਘੰਟਾ ਪੜਤਾਲ ਕਰਨ ਤੋਂ ਬਾਅਦ ਮੈਂ ਇਸ ਸਿੱਟੇ 'ਤੇ ਪੁੱਜਾ ਕਿ ਮੇਰਾ ਸਾਈਕਲ ਚੋਰੀ ਹੋ ਗਿਆ ਸੀ।

ਮੈਂ ਇਹ ਸਾਈਕਲ ਇਸੇ ਸਾਲ ਰਾਮਾ ਮੰਡੀ ਦੇ 'ਪੰਜਾਬ ਸਾਈਕਲ ਸਟੋਰ' ਤੋਂ ਖ਼ਰੀਦਿਆ ਸੀ। ਮੇਰੇ ਪਾਸ ਦੁਕਾਨ ਦੀ ਰਸੀਦ ਵੀ ਹੈ। ਸਾਈਕਲ ਐਟਲਸ ਕੰਪਨੀ ਦਾ ਹੈ ਅਤੇ ਇਸ ਦਾ ਨੰ: ਐੱਸ—936589 ਹੈ। ਸਾਈਕਲ ਦਾ ਰੰਗ ਨੀਲਾ ਹੈ। ਇਸ ਨੂੰ ਕੈਰੀਅਰ ਅਤੇ ਸਟੀਲ ਦੀ ਟੋਕਰੀ ਲੱਗੀ ਹੋਈ ਹੈ।

ਕਿਰਪਾ ਕਰਕੇ ਮੇਰੇ ਸਾਈਕਲ ਨੂੰ ਲੱਭਣ ਲਈ ਯੋਗ ਕਾਰਵਾਈ ਕੀਤੀ ਜਾਵੇ।

ਧੰਨਵਾਦ ਸਹਿਤ

ਆਪ ਦਾ ਵਿਸ਼ਵਾਸਪਾਤਰ,
ਰਮਨਪ੍ਰੀਤ ਸਿੰਘ,
ਪਿੰਡ ਮੱਲਵਾਲ਼ਾ,
ਜ਼ਿਲ੍ਹਾ ਬਠਿੰਡਾ।

ਮਿਤੀ : 04 ਅਪਰੈਲ, 2020.

**11. ਰਹਾਇਸ਼ੀ ਖੇਤਰ ਵਿੱਚ ਚੱਲਦਾ ਲੱਕੜ ਚੀਰਨ ਵਾਲ਼ਾ ਆਰਾ ਬੰਦ ਕਰਵਾਉਣ ਸੰਬੰਧੀ ਡਿਪਟੀ ਕਮਿਸ਼ਨਰ ਨੂੰ ਬੇਨਤੀ-ਪੱਤਰ ਲਿਖੋ।**

ਸੇਵਾ ਵਿਖੇ

ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ,
ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਫੇਜ਼ 68 ਦੇ ਰਹਾਇਸ਼ੀ ਖੇਤਰ ਵਿੱਚ ਇੱਕ ਲੱਕੜ ਚੀਰਨ ਵਾਲ਼ਾ ਆਰਾ ਲੱਗਿਆ ਹੋਇਆ ਹੈ। ਇਹ ਆਰਾ ਦਿਨ-ਰਾਤ ਚੱਲਦਾ ਰਹਿੰਦਾ ਹੈ।

ਇਸ ਨਾਲ਼ ਹਰ ਵਕਤ ਹਵਾ ਅਤੇ ਸ਼ੋਰ-ਪ੍ਰਦੂਸ਼ਣ ਪੈਦਾ ਹੁੰਦਾ ਰਹਿੰਦਾ ਹੈ ਜਿਸ ਨਾਲ਼ ਬੱਚਿਆਂ, ਬਜ਼ੁਰਗਾਂ ਅਤੇ ਬਿਮਾਰ ਵਿਅਕਤੀਆਂ ਨੂੰ ਬਹੁਤ ਪਰੇਸ਼ਾਨੀ ਹੁੰਦੀ ਹੈ। ਬਜ਼ੁਰਗ ਅਤੇ ਬਿਮਾਰ ਵਿਅਕਤੀ ਚੈਨ ਨਾਲ਼ ਸੌਂ ਨਹੀਂ ਸਕਦੇ ਅਤੇ ਬੱਚੇ ਪੜ੍ਹ ਨਹੀਂ ਸਕਦੇ। ਇਸ ਨਾਲ਼ ਬੱਚਿਆਂ ਦੀ ਪੜ੍ਹਾਈ ਅਤੇ ਨਤੀਜਿਆਂ 'ਤੇ ਬੁਰਾ ਅਸਰ ਪੈਂਦਾ ਹੈ। ਆਰੇ ਲਈ ਲੱਕੜ ਦੀ ਢੋ-ਢੁਆਈ ਕਰਨ ਵਾਲ਼ੇ ਟ੍ਰੱਕਾਂ, ਟ੍ਰਾਲੀਆਂ ਅਤੇ ਹੋਰ ਗੱਡੀਆਂ ਕਾਰਨ ਸ਼ੋਰ-ਸ਼ਰਾਬੇ ਅਤੇ ਟ੍ਰੈਫ਼ਿਕ ਦੀ ਸਮੱਸਿਆ ਵੀ ਪੈਦਾ ਹੁੰਦੀ ਹੈ ਜਿਸ ਨਾਲ਼ ਕੰਮ 'ਤੇ ਆਉਣ-ਜਾਣ ਵਾਲ਼ੇ ਲੋਕਾਂ ਲਈ ਰੁਕਾਵਟ ਪੈਦੀ ਹੁੰਦੀ ਹੈ। ਇਹਨਾਂ ਗੱਡੀਆਂ ਕਾਰਨ ਕਈ ਵਾਰ ਦੁਰਘਟਨਾਵਾਂ ਵੀ ਵਾਪਰ ਚੁੱਕੀਆਂ ਹਨ।

ਬਾਰਸ਼ ਦੇ ਦਿਨਾਂ ਵਿੱਚ ਲੱਕੜੀ ਦੇ ਕਚਰੇ ਦੇ ਗਲ਼ਨ ਕਾਰਨ ਸਾਰੇ ਇਲਾਕੇ ਵਿੱਚ ਬਦਬੋ ਫੈਲੀ ਰਹਿੰਦੀ ਹੈ ਜਿਸ ਕਾਰਨ ਕਦੇ ਵੀ ਕੋਈ ਭਿਆਨਕ ਬਿਮਾਰੀ ਫੈਲ ਸਕਦੀ ਹੈ। ਇਸ ਸੰਬੰਧੀ ਪੰਜਾਬ ਪ੍ਰਦੂਸ਼ਣ ਬੋਰਡ ਦੇ ਡਾਇਰੈਕਟਰ ਨੂੰ ਮਿਲ਼ ਕੇ ਲਿਖਤੀ ਰੂਪ ਵਿੱਚ ਬੇਨਤੀ ਵੀ ਕਰ ਚੁੱਕੇ ਹਾਂ ਪਰੰਤੂ ਇਸ 'ਤੇ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ। ਹੁਣ ਅਸੀਂ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਇਹ ਆਰਾ ਇੱਥੋਂ ਤੁਰੰਤ ਬੰਦ ਕਰਵਾਇਆ ਜਾਵੇ ਤਾਂਜੋ ਇਸ ਇਲਾਕੇ ਦੇ ਵਸਨੀਕ ਅਰਾਮ ਨਾਲ਼ ਜੀਵਨ ਬਤੀਤ ਕਰ ਸਕਣ। ਉਮੀਦ ਹੈ ਕਿ ਆਪ ਇਹ ਸਮੱਸਿਆ ਪਹਿਲ ਦੇ ਆਧਾਰ 'ਤੇ ਹੱਲ ਕਰੋਗੇ।

ਧੰਨਵਾਦ ਸਹਿਤ

ਆਪ ਜੀ ਦੇ ਸ਼ੁੱਭਚਿੰਤਕ,
ਸਮੂਹ ਇਲਾਕਾ ਨਿਵਾਸੀ,
ਫੇਜ਼ 68, ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਮਿਤੀ : 01 ਜੁਲਾਈ, 2020.

**12. ਤੁਹਾਡੇ ਇਲਾਕੇ ਦੀ ਬੈਂਕ ਦਾ ਏ.ਟੀ.ਐੱਮ. ਅਕਸਰ ਖ਼ਰਾਬ ਰਹਿੰਦਾ ਹੈ, ਸੰਬੰਧਿਤ ਬੈਂਕ-ਮੈਨੇਜਰ ਨੂੰ ਇਸ ਸਮੱਸਿਆ ਸੰਬੰਧੀ ਸ਼ਿਕਾਇਤ ਕਰੋ।**

ਸੇਵਾ ਵਿਖੇ

ਮਾਨਯੋਗ ਮੈਨੇਜਰ ਸਾਹਿਬ,
ਭਾਰਤੀ ਸਟੇਟ ਬੈਂਕ,
ਸ਼ਾਖਾ ਬਰਨਾਲ਼ਾ।

**ਵਿਸ਼ਾ :—** ਏ.ਟੀ.ਐੱਮ. ਦੇ ਖ਼ਰਾਬ ਰਹਿਣ ਸੰਬੰਧੀ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਭਾਰਤੀ ਸਟੇਟ ਬੈਂਕ ਦਾ ਜਿਹੜਾ ਏ.ਟੀ. ਐੱਮ. ਬੱਸ-ਅੱਡੇ ਦੇ ਨਜ਼ਦੀਕ ਹੈ, ਉਹ ਅਕਸਰ ਹੀ ਖ਼ਰਾਬ ਰਹਿੰਦਾ ਹੈ। ਕਈ ਵਾਰੀ ਤਾਂ ਬਿਲਕੁਲ ਹੀ ਬੰਦ ਰਹਿੰਦਾ ਹੈ। ਅਕਸਰ ਵਾਰ-ਵਾਰ ਕਾਰਡ ਪਾਉਣ 'ਤੇ ਵੀ ਨਹੀਂ ਚੱਲਦਾ ਅਤੇ ਪੈਸੇ ਕਢਵਾਉਣ ਵਾਲ਼ਿਆਂ ਦੀ ਭੀੜ ਲੱਗੀ ਰਹਿੰਦੀ ਹੈ। ਕਈ ਵਾਰੀ ਤਾਂ ਕਾਰਡ ਇਸ ਦੇ ਅੰਦਰ ਹੀ ਰਹਿ ਜਾਂਦਾ ਹੈ ਅਤੇ ਕਈ ਵਾਰ ਪੈਸੇ ਕੱਢਣ ਤੋਂ ਬਿਨਾਂ ਹੀ ਗਾਹਕ ਦੇ ਖਾਤੇ ਵਿੱਚੋਂ ਕਟੌਤੀ ਹੋ ਜਾਂਦੀ ਹੈ। ਇਹ ਸਾਰਾ ਕੁਝ ਗਾਹਕਾਂ ਲਈ ਬੇਹੱਦ ਪਰੇਸ਼ਾਨੀ ਦਾ ਕਾਰਨ ਬਣਦਾ ਹੈ।

ਇਹ ਏ.ਟੀ.ਐੱਮ. ਬੱਸ-ਅੱਡੇ ਦੇ ਨਜ਼ਦੀਕ ਹੋਣ ਕਾਰਨ ਬਹੁਤ ਜ਼ਿਆਦਾ ਲੋਕਾਂ ਲਈ ਸਹੂਲਤ ਪ੍ਰਦਾਨ ਕਰ ਸਕਦਾ ਹੈ ਪਰੰਤੂ ਇਸ ਦੇ ਤਕਨੀਕੀ ਨੁਕਸਾਂ ਕਾਰਨ ਇਹ ਆਮ ਲੋਕਾਂ ਲਈ ਸਿਰਦਰਦੀ ਦਾ ਕਾਰਨ ਬਣ ਰਿਹਾ ਹੈ। ਇਸ ਲਈ ਬੇਨਤੀ ਹੈ ਕਿ ਲੋਕਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਇਸ ਏ.ਟੀ. ਐੱਮ. ਨੂੰ ਤੁਰੰਤ ਠੀਕ ਕੀਤਾ ਜਾਵੇ ਜਾਂ ਬਦਲ ਕੇ ਨਵਾਂ ਲਾਇਆ ਜਾਵੇ। ਉਮੀਦ ਹੈ ਆਪ ਇਸ ਵਿਸ਼ੇ ਵੱਲ ਤੁਰੰਤ ਧਿਆਨ ਦਿਓਗੇ।

ਧੰਨਵਾਦ ਸਹਿਤ

ਮਿਤੀ : 10 ਅਕਤੂਬਰ, 2020.

ਆਪ ਜੀ ਦੀ ਸ਼ੁੱਭਚਿੰਤਕ,
ਪ੍ਰਭਜੋਤ ਕੌਰ ਪੁੱਤਰੀ ਸ੍. ਮੱਖਣ ਸਿੰਘ
ਪਿੰਡ ਲੌਂਗੋਵਾਲ, ਜ਼ਿਲ੍ਹਾ ਬਰਨਾਲਾ।

**13. ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ ਜਿਸ ਵਿੱਚ ਸੜਕਾਂ ਉੱਪਰ ਹੋ ਰਹੀਆਂ ਦੁਰਘਟਨਾਵਾਂ ਕਰਕੇ ਹੋ ਰਹੇ ਜਾਨੀ ਨੁਕਸਾਨ ਬਾਰੇ ਆਪਣੇ ਵਿਚਾਰ ਪ੍ਰਗਟਾਏ ਗਏ ਹੋਣ।**

ਪਰੀਖਿਆ ਭਵਨ,
ਸਰਕਾਰੀ ਹਾਈ ਸਕੂਲ,
.......... ਸ਼ਹਿਰ।
28 ਮਾਰਚ, 2020.

ਸੇਵਾ ਵਿਖੇ

ਮਾਨਯੋਗ ਸੰਪਾਦਕ ਸਾਹਿਬ,
ਜਗ ਬਾਣੀ,
ਜਲੰਧਰ।

**ਵਿਸ਼ਾ :—** ਸੜਕ-ਦੁਰਘਟਨਾਵਾਂ ਕਾਰਨ ਹੋ ਰਹੇ ਜਾਨੀ ਨੁਕਸਾਨ ਸੰਬੰਧੀ।

ਸ੍ਰੀਮਾਨ ਜੀ,

ਮੈਂ ਜਗ ਬਾਣੀ ਅਖ਼ਬਾਰ ਰਾਹੀਂ ਨਿੱਤ ਦਿਨ ਸੜਕਾਂ 'ਤੇ ਹੁੰਦੀਆਂ ਦੁਰਘਟਨਾਵਾਂ ਵਿੱਚ ਹੋ ਰਹੇ ਜਾਨੀ ਨੁਕਸਾਨ ਬਾਰੇ ਆਪਣੇ ਵਿਚਾਰ ਪੇਸ਼ ਕਰਨਾ ਚਾਹੁੰਦਾ ਹਾਂ।

ਅਸੀਂ ਅਖ਼ਬਾਰਾਂ ਅਤੇ ਟੈਲੀਵੀਜ਼ਨ ਰਾਹੀਂ ਪੜ੍ਹਦੇ ਅਤੇ ਵੇਖਦੇ ਹਾਂ ਕਿ ਹਰ ਰੋਜ਼ ਸੜਕਾਂ ਉੱਪਰ ਅਨੇਕਾਂ ਹਾਦਸੇ ਵਾਪਰ

ਰਹੇ ਹਨ। ਕਈ ਵਾਰੀ ਤਾਂ ਹਾਦਸੇ ਵਿੱਚ ਪਰਿਵਾਰ ਦੇ ਸਾਰੇ ਮੈਂਬਰ ਹੀ ਮੌਤ ਦੀ ਭੇਟ ਚੜ੍ਹ ਜਾਂਦੇ ਹਨ। ਇੱਕਾ-ਦੁੱਕਾ ਜਾਨ-ਲੇਵਾ ਘਟਨਾਵਾਂ ਤਾਂ ਅਣਗਿਣਤ ਹੁੰਦੀਆਂ ਹਨ। ਸੜਕ 'ਤੇ ਸਫ਼ਰ ਕਰਨ ਗਏ ਵਿਅਕਤੀ ਬਾਰੇ ਇਸ ਤਰ੍ਹਾਂ ਮਹਿਸੂਸ ਹੁੰਦਾ ਰਹਿੰਦਾ ਹੈ, ਜਿਵੇਂ ਉਹ ਜੰਗ ਦੇ ਮੈਦਾਨ ਵਿੱਚ ਦੁਸ਼ਮਣ ਨਾਲ਼ ਲੜਾਈ ਕਰਨ ਗਿਆ ਹੋਵੇ। ਸਾਨੂੰ ਸੜਕ-ਦੁਰਘਟਨਾਵਾਂ ਦੇ ਕਾਰਨਾਂ ਬਾਰੇ ਗੰਭੀਰਤਾ ਨਾਲ਼ ਸੋਚਣ ਅਤੇ ਉਹਨਾਂ ਨੂੰ ਦੂਰ ਕਰਨ ਦੀ ਲੋੜ ਹੈ।

ਮੈਂ ਸਮਝਦਾ ਹਾਂ ਕਿ ਸੜਕ-ਹਾਦਸਿਆਂ ਦੇ ਅਨੇਕ ਕਾਰਨ ਹਨ, ਜਿਵੇਂਕਿ ਅਣਸਿੱਖਿਅਤ ਡ੍ਰਾਈਵਰ, ਨਸ਼ਾ, ਗੱਡੀਆਂ ਵੱਧ ਸਪੀਡ 'ਤੇ ਚਲਾਉਣਾ, ਡ੍ਰਾਈਵਿੰਗ-ਨਿਯਮਾਂ ਦੀ ਪਾਲਣਾ ਨਾ ਕਰਨਾ, ਇਸ਼ਾਰਿਆਂ ਜਾਂ ਡਿੱਪਰਾਂ ਦੀ ਵਰਤੋਂ ਨਾ ਕਰਨਾ, ਸੰਕੇਤ-ਚਿੰਨ੍ਹਾਂ ਦੀ ਘਾਟ, ਖ਼ਸਤਾ ਹਾਲਤ ਗੱਡੀਆਂ ਨੂੰ ਸੜਕ 'ਤੇ ਚਲਾਉਂਦੇ ਰਹਿਣਾ, ਅਵਾਰਾ ਪਸ਼ੂਆਂ ਦਾ ਸੜਕਾਂ 'ਤੇ ਘੁੰਮਣਾ ਅਤੇ ਸੜਕਾਂ ਦੀ ਹਾਲਤ ਠੀਕ ਨਾ ਹੋਣਾ ਆਦਿ।

ਸਰਕਾਰ, ਸਮਾਜ-ਸੇਵੀ ਸੰਸਥਾਵਾਂ ਅਤੇ ਮੀਡੀਏ ਨੂੰ ਸੜਕ-ਹਾਦਸਿਆਂ ਤੋਂ ਬਚਣ ਲਈ ਚੇਤਨਾ-ਲਹਿਰ ਚਲਾਉਣੀ ਚਾਹੀਦੀ ਹੈ। ਨਿਯਮ ਭੰਗ ਕਰਨ ਵਾਲ਼ਿਆਂ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਗੱਡੀ-ਚਾਲਕਾਂ ਨੂੰ ਵੀ ਆਪਣੀ ਜ਼ੁੰਮੇਵਾਰੀ ਸਮਝਣੀ ਚਾਹੀਦੀ ਹੈ ਤੇ ਸੋਚਣਾ ਚਾਹੀਦਾ ਹੈ ਕਿ 'ਕਦੇ ਵੀ ਨਾ ਪਹੁੰਚਣ ਨਾਲ਼ੋਂ, ਦੇਰ ਨਾਲ਼ ਪਹੁੰਚਣਾ ਚੰਗਾ ਹੈ।' ਇਸ ਤਰ੍ਹਾਂ ਕਰਨ ਨਾਲ਼ ਅਨੇਕਾਂ ਕੀਮਤੀ ਜਾਨਾਂ ਦਾ ਬਚਾਅ ਹੋ ਸਕਦਾ ਹੈ ਅਤੇ ਪੰਜਾਬ ਦੀਆਂ ਸੜਕਾਂ 'ਤੇ ਲੱਗਿਆ 'ਖ਼ੂਨੀ ਸੜਕਾਂ' ਹੋਣ ਦਾ ਦਾਗ਼ ਮਿਟ ਸਕਦਾ ਹੈ।

ਧੰਨਵਾਦ ਸਹਿਤ

ਤੁਹਾਡਾ ਸ਼ੁੱਭਚਿੰਤਕ,
ੳ. ਅ. ੲ.,
.........................,
.........................,
...................।

ਮਿਤੀ : 03 ਸਤੰਬਰ, 2020.

**14. ਆਪਣੇ ਮਿੱਤਰ ਨੂੰ ਨੀਟ (NEET) ਵਿੱਚ ਮੋਹਰੀ ਦਰਜਾ ਪ੍ਰਾਪਤ ਕਰਨ 'ਤੇ ਵਧਾਈ ਦੀ ਚਿੱਠੀ ਲਿਖੋ।**

ਪਿੰਡ ਤੇ ਡਾਕ ਮਹਿਲਾਂ ਚੌਕ.
ਤਹਿਸੀਲ ਸੁਨਾਮ,
ਜ਼ਿਲ੍ਹਾ ਸੰਗਰੂਰ।
18 ਅਗਸਤ, 2020.

ਪਿਆਰੇ ਦੋਸਤ ਜਤਿੰਦਰ,

ਸਤਿ ਸ੍ਰੀ ਅਕਾਲ।

ਕੁਝ ਦਿਨਾਂ ਪਹਿਲਾਂ ਤੂੰ ਆਪਣੀ ਚਿੱਠੀ ਵਿੱਚ ਆਪਣੇ ਨੀਟ (NEET) ਪਰੀਖਿਆ ਵਿੱਚ ਬੈਠਣ ਦਾ ਜ਼ਿਕਰ ਕੀਤਾ ਸੀ ਤੇ ਨਾਲ਼ੇ ਆਪਣਾ ਰੋਲ ਨੰਬਰ ਦੱਸਦਿਆਂ ਸਫਲਤਾ ਦੀ ਉਮੀਦ ਪ੍ਰਗਟਾਈ ਸੀ। ਪਿਆਰੇ ਮਿੱਤਰ, ਅੱਜ ਜਦੋਂ ਮੈਂ ਇੰਟਰਨੈੱਟ 'ਤੇ ਤੇਰਾ ਰੋਲ ਨੰਬਰ ਮੈਰਿਟ ਵਿੱਚ ਆਏ ਪਹਿਲੇ ਦਸ ਵਿਦਿਆਰਥੀਆਂ ਵਿੱਚੋਂ ਪੰਜਵੇਂ ਨੰਬਰ 'ਤੇ ਵੇਖਿਆ ਤਾਂ ਮੇਰੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਮੇਰੀ ਹਾਰਦਿਕ ਵਧਾਈ ਕਬੂਲੋ ਅਤੇ ਆਪਣੇ ਮਾਤਾ-ਪਿਤਾ ਨੂੰ ਵੀ ਮੇਰੇ ਵਲੋਂ ਵਧਾਈ ਦੇ ਦੇਣਾ।

ਤੇਰੀ ਪ੍ਰਤਿਭਾ ਉੱਤੇ ਤਾਂ ਸਾਨੂੰ ਸਾਰਿਆਂ ਨੂੰ ਕਦੀ ਵੀ ਸ਼ੱਕ ਨਹੀਂ ਰਿਹਾ। ਤੂੰ ਦਸਵੀਂ ਅਤੇ ਬਾਰ੍ਹਵੀਂ ਵਿੱਚੋਂ ਵੀ ਪਹਿਲੇ ਜਾਂ ਦੂਜੇ ਨੰਬਰ 'ਤੇ ਆਉਂਦਾ ਰਿਹਾ ਹੈਂ। ਖੇਡਾਂ ਅਤੇ ਪਾਠ-ਕ੍ਰਮ ਤੋਂ ਇਲਾਵਾ ਹੋਰ ਕਈ ਕਾਰਜਾਂ ਵਿੱਚ ਵੀ ਤੇਰੀ ਕਾਰਗੁਜ਼ਾਰੀ ਹਮੇਸ਼ਾਂ ਚੰਗੀ ਹੀ ਰਹੀ ਹੈ। ਤੇਰੀ ਮਿਹਨਤ ਅਤੇ ਲਗਨ ਕਾਰਨ ਸਾਡਾ ਅਤੇ ਅਧਿਆਪਕਾਂ ਦਾ ਸਦਾ ਇਹੋ ਖ਼ਿਆਲ ਰਿਹਾ ਹੈ ਕਿ ਤੂੰ ਮੁਕਾਬਲੇ ਦੀ ਪਰੀਖਿਆ ਵਿੱਚ ਜ਼ਰੂਰ ਸਫਲ ਹੋਵੇਂਗਾ। ਹੁਣ ਤੂੰ ਉੱਪਰਲੀ ਮੈਰਿਟ ਵਿੱਚ ਹੈਂ ਇਸ ਲਈ ਤੈਨੂੰ ਐੱਮ.ਬੀ. ਬੀ.ਐੱਸ. ਦੀ ਪੜ੍ਹਾਈ ਲਈ ਸਰਕਾਰੀ ਕਾਲਜ ਵਿੱਚ ਦਾਖ਼ਲਾ ਮਿਲ਼ੇਗਾ। ਇਸ ਨਾਲ਼ ਡਾਕਟਰੀ ਦੀ ਪੜ੍ਹਾਈ

ਸੰਬੰਧੀ ਤੇਰੀ ਪੜ੍ਹਾਈ ਦਾ ਖ਼ਰਚਾ ਵੀ ਘੱਟ ਹੋਵੇਗਾ। ਉਮੀਦ ਕਰਦੇ ਹਾਂ ਕਿ ਤੂੰ ਡਾਕਟਰੀ ਦੀ ਪੜ੍ਹਾਈ ਇਸੇ ਪ੍ਰਕਾਰ ਮਿਹਨਤ ਨਾਲ਼ ਪੂਰੀ ਕਰਕੇ ਗ਼ਰੀਬ ਮਰੀਜ਼ਾਂ ਦੀ ਸੇਵਾ ਪੂਰੀ ਤਨਦੇਹੀ ਨਾਲ਼ ਕਰੇਂਗਾ। ਤੇਰੇ ਜਿਹੇ ਲਾਇਕ ਇਨਸਾਨਾਂ ਦੀ ਇਸ ਖੇਤਰ ਵਿੱਚ ਬਹੁਤ ਜ਼ਰੂਰਤ ਹੈ। ਤੇਰੀ ਇਸ ਸਫਲਤਾ ਨੇ ਜਿੱਥੇ ਮਾਂ-ਪਿਓ ਦਾ ਨਾਂ ਰੋਸ਼ਨ ਕੀਤਾ ਹੈ, ਉੱਥੇ ਅਸੀਂ ਸਾਰੇ ਮਿੱਤਰ ਵੀ ਮਾਣ ਮਹਿਸੂਸ ਕਰਦੇ ਹਾਂ ।

ਪਿਆਰ ਅਤੇ ਸ਼ੁੱਭ ਇੱਛਾਵਾਂ ਸਹਿਤ

ਤੁਹਾਡਾ ਆਪਣਾ,

ਰਵਿੰਦਰ ਸਿੰਘ।

## ਅਭਿਆਸ ਲਈ ਚਿੱਠੀ-ਪੱਤਰ

1. ਪ੍ਰਿੰਸੀਪਲ/ਮੁੱਖ ਅਧਿਆਪਕ ਨੂੰ ਲਾਇਬ੍ਰੇਰੀ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਬੇਨਤੀ-ਪੱਤਰ ਲਿਖੋ।
2. ਪੰਜਾਬ ਰੋਡਵੇਜ਼ /ਪੀ.ਆਰ.ਟੀ.ਸੀ. ਦੇ ਮੈਨੇਜਰ ਨੂੰ ਬਿਨੈ-ਪੱਤਰ ਲਿਖੋ ਜਿਸ ਵਿੱਚ ਆਪਣੇ ਪਿੰਡ/ਸ਼ਹਿਰ ਤੱਕ ਦੀ ਬੱਸ-ਸੇਵਾ ਨੂੰ ਨਿਯਮਿਤ ਅਤੇ ਬਿਹਤਰ ਬਣਾਉਣ ਲਈ ਬੇਨਤੀ ਕਰੋ।
3. ਡਾਇਰੈਕਟਰ ਦੂਰ-ਦਰਸ਼ਨ, ਜਲੰਧਰ ਨੂੰ ਪੱਤਰ ਲਿਖ ਕੇ ਵਿਦਿਆਰਥੀਆਂ ਲਈ ਪ੍ਰਸਾਰਿਤ ਕੀਤੇ ਪ੍ਰੋਗ੍ਰਾਮਾਂ ਬਾਰੇ ਰਾਏ ਦੇ ਕੇ ਉਹਨਾਂ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਦਿਓ।
4. ਤੁਹਾਡੇ ਕਿਸੇ ਨਜ਼ਦੀਕੀ ਦੇ ਘਰ ਕਿਸੇ ਵਿਅਕਤੀ ਦੀ ਮੌਤ ਹੋ ਗਈ ਹੈ। ਇੱਕ ਪੱਤਰ ਰਾਹੀਂ ਅਫ਼ਸੋਸ ਪ੍ਰਗਟ ਕਰਦੇ ਹੋਏ ਆਪਣੇ ਨਜ਼ਦੀਕੀ ਨੂੰ ਹੌਸਲਾ ਦਿਓ।
5. ਇੱਕ ਪੱਤਰ ਰਾਹੀਂ ਆਪਣੇ ਮਿੱਤਰ ਨੂੰ ਆਪਣੇ ਸਕੂਲ ਵਿੱਚ ਹੋਏ ਸਲਾਨਾ ਸਮਾਗਮ ਦਾ ਹਾਲ ਲਿਖੋ।
6. ਅਖ਼ਬਾਰ ਦੇ ਸੰਪਾਦਕ ਨੂੰ ਸਕੂਲ-ਵਿਦਿਆਰਥੀਆਂ ਵੱਲੋਂ ਮੋਬਾਈਲ ਫ਼ੋਨ ਦੀ ਗ਼ਲਤ ਵਰਤੋਂ ਸੰਬੰਧੀ ਪੱਤਰ ਲਿਖੋ।
7. ਤੁਸੀਂ ਸਕੂਲ ਵੱਲੋਂ ਵਿਰਾਸਤ-ਏ-ਖ਼ਾਲਸਾ/ਪੁਸ਼ਪਾ ਗੁਜਰਾਲ ਸਾਇੰਸ ਸਿਟੀ ਵੇਖਣ ਲਈ ਵਿੱਦਿਅਕ ਯਾਤਰਾ 'ਤੇ ਗਏ ਸੀ। ਇੱਕ ਪੱਤਰ ਰਾਹੀਂ ਆਪਣੇ ਅਨੁਭਵ ਆਪਣੇ ਮਾਤਾ ਜੀ ਨਾਲ਼ ਸਾਂਝੇ ਕਰੋ।
8. ਆਪਣੇ ਵੱਡੇ ਭਰਾ/ਕਿਸੇ ਨਜ਼ਦੀਕੀ ਰਿਸ਼ਤੇਦਾਰ ਨੂੰ ਇੱਕ ਪੱਤਰ ਲਿਖੋ ਜਿਸ ਵਿੱਚ ਦਸਵੀਂ ਦੇ ਪੇਪਰ ਦੇਣ ਉਪਰੰਤ ਅਗਲੇਰੀ ਪੜ੍ਹਾਈ ਲਈ ਸਲਾਹ ਦੀ ਮੰਗ ਕੀਤੀ ਗਈ ਹੋਵੇ।
9. ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਪੱਤਰ ਲਿਖੋ ਜਿਸ ਵਿੱਚ ਮੈਰਿਜ-ਪੈਲਿਸਾਂ ਵਿੱਚ ਉੱਚੀ ਅਵਾਜ਼ ਵਿੱਚ ਡੀ.ਜੇ./ਸਾਊਂਡ-ਸਿਸਟਮ ਵਜਾਉਣ 'ਤੇ ਰੋਕ ਲਾਉਣ ਦੀ ਮੰਗ ਕੀਤੀ ਗਈ ਹੋਵੇ।
10. ਤੁਸੀਂ ਚੰਗੇ ਨੰਬਰਾਂ ਨਾਲ਼ ਦਸਵੀਂ ਜਮਾਤ ਪਾਸ ਹੋ, ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਸੁਵਿਧਾ ਕੇਂਦਰ ਵਿੱਚ ਨੌਕਰੀ ਪ੍ਰਾਪਤ ਕਰਨ ਲਈ ਬੇਨਤੀ-ਪੱਤਰ ਲਿਖੋ।

* * *

## ਅਧਿਆਇ—ਤੇਰਾਂ

# ਪੈਰਾ-ਰਚਨਾ

ਪੈਰਾ-ਰਚਨਾ ਤੋਂ ਭਾਵ ਹੈ—ਕਿਸੇ ਦਿੱਤੇ ਵਿਸ਼ੇ ਉੱਤੇ ਇੱਕ ਪੈਰੇ ਦੀ ਰਚਨਾ ਕਰਨਾ। ਉਂਞ ਤਾਂ ਕਿਸੇ ਵੀ ਪ੍ਰਕਾਰ ਦੀ ਰਚਨਾ ਕਰਦਿਆਂ (ਲੇਖ, ਕਹਾਣੀ, ਨਾਵਲ ਆਦਿ) ਉਸ ਨੂੰ ਵੱਖ-ਵੱਖ ਪੈਰਿਆਂ ਵਿੱਚ ਲਿਖਿਆ ਜਾਂਦਾ ਹੈ। ਇਸ ਪਾਠ-ਪੁਸਤਕ ਵਿੱਚ ਲੇਖ ਅਤੇ ਚਿੱਠੀ-ਪੱਤਰ ਲਿਖਣ ਬਾਰੇ ਵਿਚਾਰ ਕਰਦਿਆਂ ਉਹਨਾਂ ਵਿੱਚ ਪੈਰਾ ਬਣਾਉਣ ਬਾਰੇ ਦੱਸਿਆ ਗਿਆ ਹੈ ਪਰ ਇੱਥੇ ਪੈਰਾ- ਰਚਨਾ ਦਾ ਅਰਥ ਸੁਤੰਤਰ ਤੌਰ 'ਤੇ ਇੱਕ ਪੈਰੇ ਦੀ ਰਚਨਾ ਕਰਨਾ ਹੈ।

ਪੈਰਾ-ਰਚਨਾ ਦਾ ਵਿਸ਼ਾ ਕੋਈ ਵੀ ਹੋ ਸਕਦਾ ਹੈ। ਉਸ ਵਿਸ਼ੇ ਉੱਤੇ ਇੱਕ ਲੇਖ ਤਾਂ ਕੀ ਇੱਕ ਪੁਸਤਕ ਵੀ ਲਿਖੀ ਜਾ ਸਕਦੀ ਹੈ। ਸਕੂਲ-ਪੱਧਰ ਉੱਤੇ ਪੈਰਾ-ਰਚਨਾ ਵਿੱਚ ਜਾਂ ਤਾਂ ਵਿਸ਼ਾ ਹੀ ਅਜਿਹਾ ਦਿੱਤਾ ਜਾਂਦਾ ਹੈ ਜਿਸ ਉੱਤੇ ਵਿਦਿਆਰਥੀ ਇੱਕ ਪੈਰੇ ਜਿੰਨੀ ਰਚਨਾ ਕਰ ਸਕੇ ਜਾਂ ਕਿਸੇ ਵਿਸ਼ੇ ਦੇ ਇੱਕ ਪੱਖ ਬਾਰੇ ਲਿਖਣ ਲਈ ਕਿਹਾ ਜਾਂਦਾ ਹੈ। ਉਦਾਹਰਨ ਲਈ 'ਸਮੇਂ ਦੀ ਪਾਬੰਦੀ' ਵਿਸ਼ੇ ਉੱਤੇ ਸਕੂਲ ਦਾ ਵਿਦਿਆਰਥੀ ਆਮ ਤੌਰ 'ਤੇ ਇੱਕ ਪੈਰੇ ਵਿੱਚ ਆਉਣ ਜੋਗੀ ਸਮਗਰੀ ਹੀ ਜੁਟਾ ਸਕਦਾ ਹੈ। ਇਸੇ ਤਰ੍ਹਾਂ 'ਸਕੂਲ ਵਿੱਚ ਸਫ਼ਾਈ' ਵਿਸ਼ੇ ਦਾ ਇੱਕ ਪੱਖ ਹੈ। ਇਹ ਪੂਰਾ ਵਿਸ਼ਾ 'ਸਕੂਲ' ਜਾਂ 'ਸਫ਼ਾਈ' ਹੋ ਸਕਦਾ ਹੈ। ਸਧਾਰਨ ਤੌਰ 'ਤੇ ਇਸ ਬਾਰੇ ਵੀ ਸਮਗਰੀ ਇੱਕ ਪੈਰੇ ਜਿੰਨੀ ਹੀ ਹੋਵੇਗੀ।

ਪੈਰੇ ਦਾ ਆਕਾਰ ਸੀਮਿਤ ਹੋਣ ਕਰਕੇ ਇਸ ਵਿੱਚ ਕਿਸੇ ਵਿਸ਼ੇ ਬਾਰੇ ਬਹੁਤਾ ਕੁਝ ਨਹੀਂ ਲਿਖਿਆ ਜਾ ਸਕਦਾ, ਤਾਂ ਵੀ ਲਿਖਣ ਵਾਲ਼ੇ ਦਾ ਹੁਨਰ ਇਸ ਗੱਲ ਵਿੱਚ ਹੈ ਕਿ ਪੈਰਾ ਅਧੂਰਾ ਨਾ ਜਾਪੇ। ਪੈਰੇ ਦੇ ਆਕਾਰ ਬਾਰੇ ਕੁਝ ਨਿਸ਼ਚਿਤ ਤੌਰ 'ਤੇ ਨਹੀਂ ਕਿਹਾ ਜਾ ਸਕਦਾ। ਆਮ ਲਿਖਤਾਂ ਵਿੱਚ ਪੈਰਾ ਇੱਕ-ਦੋ ਵਾਕਾਂ ਤੋਂ ਲੈ ਕੇ ਪੱਚੀ-ਤੀਹ ਵਾਕਾਂ ਦਾ ਜਾਂ ਇਸ ਤੋਂ ਵੀ ਵਧੇਰੇ ਹੋ ਸਕਦਾ ਹੈ। ਪਰ ਮੈਟ੍ਰਿਕੁਲੇਸ਼ਨ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਪੈਰਾ ਲਗ-ਪਗ 150 ਸ਼ਬਦਾਂ ਦਾ ਹੋਣਾ ਚਾਹੀਦਾ ਹੈ। ਇਸ ਪੈਰੇ ਵਿੱਚ ਚੰਗੀ ਲਿਖਤ ਦੇ ਗੁਣ—ਗਠਨ, ਤਰਤੀਬ ਆਦਿ ਸਾਰੇ ਹੋਣੇ ਚਾਹੀਦੇ ਹਨ। ਅੱਗੇ ਨਮੂਨੇ ਵਜੋਂ ਵੱਖ-ਵੱਖ ਵਿਸ਼ਿਆਂ ਉੱਤੇ ਕੁਝ ਪੈਰਿਆਂ ਦੀ ਰਚਨਾ ਕੀਤੀ ਗਈ ਹੈ। ਇਸ ਉਪਰੰਤ ਵਿਦਿਆਰਥੀਆਂ ਦੇ ਅਭਿਆਸ ਲਈ ਪੈਰੇ ਵਾਸਤੇ ਕੁਝ ਵਿਸ਼ਿਆਂ ਦੀ ਸੂਚੀ ਵੀ ਦਿੱਤੀ ਗਈ ਹੈ।

## ਸਕੂਲ ਵਿੱਚ ਸਫ਼ਾਈ

ਘਰ ਵਾਂਗ ਸਕੂਲ ਵਿੱਚ ਵੀ ਸਫ਼ਾਈ ਬੜੀ ਜ਼ਰੂਰੀ ਹੈ। ਸਕੂਲ ਵਿੱਚ ਕੂੜਾ-ਕਰਕਟ ਵਧੇਰੇ ਕਰਕੇ ਪਾਟੇ ਹੋਏ ਕਾਗ਼ਜ਼ਾਂ ਆਦਿ ਦਾ ਹੀ ਹੁੰਦਾ ਹੈ, ਇਸ ਲਈ ਜੇ ਹਰ ਵਿਦਿਆਰਥੀ ਅਜਿਹਾ ਕੂੜਾ-ਕਰਕਟ ਖਿਲਾਰਨ ਤੋਂ ਸੰਕੋਚ ਕਰੇ ਤਾਂ ਗੰਦਗੀ ਬਹੁਤ ਘੱਟ ਫੈਲੇਗੀ। ਕੁਝ ਮਿੱਟੀ-ਘੱਟਾ ਤੇਜ਼ ਹਵਾ ਚੱਲਣ ਨਾਲ ਹੁੰਦਾ ਹੈ ਜਿਸ ਲਈ ਹਰ ਰੋਜ਼ ਸਫ਼ਾਈ ਦੀ ਲੋੜ ਹੈ। ਆਮ ਸਕੂਲਾਂ ਵਿੱਚ ਇੱਕ ਸਫ਼ਾਈ-ਸੇਵਕ ਹੁੰਦਾ ਹੈ। ਚੰਗੇ ਸਕੂਲਾਂ ਵਿੱਚ ਸਫ਼ਾਈ ਦਾ ਬਹੁਤਾ ਕੰਮ ਵਿਦਿਆਰਥੀਆਂ ਕੋਲ਼ੋਂ ਹੀ ਕਰਵਾਇਆ ਜਾਂਦਾ ਹੈ। ਇਸ ਤਰ੍ਹਾਂ ਉਹਨਾਂ ਨੂੰ ਆਪਣੀ ਸਫ਼ਾਈ ਆਪ ਕਰਨ ਦੀ ਜਾਚ ਆਉਂਦੀ ਹੈ। ਕਈਆਂ ਸਕੂਲਾਂ ਵਿੱਚ ਵੱਖ-ਵੱਖ ਸ਼੍ਰੇਣੀਆਂ ਦੇ ਸਫ਼ਾਈ-ਮੁਕਾਬਲੇ ਹੁੰਦੇ ਹਨ ਇਸ ਲਈ ਹਰ ਸ਼੍ਰੇਣੀ ਦੇ ਵਿਦਿਆਰਥੀ ਆਪਣੇ ਆਲ਼ੇ-ਦੁਆਲ਼ੇ ਨੂੰ ਇੱਕ ਪਾਸੇ ਘੱਟ ਗੰਦਾ ਕਰਨ ਅਤੇ ਦੂਜੇ ਪਾਸੇ ਸਾਫ਼ ਰੱਖਣ ਦੀ ਪੂਰੀ ਕੋਸ਼ਸ਼ ਕਰਦੇ ਹਨ।

# ਮਿਲਵਰਤਣ

ਮਿਲਵਰਤਣ ਦੀ ਭਾਵਨਾ ਸਮਾਜ ਦੀ ਬੁਨਿਆਦ ਹੁੰਦੀ ਹੈ। ਮਿਲਵਰਤਣ ਤੋਂ ਬਿਨਾਂ ਕਿਸੇ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਮਿਲਵਰਤਣ ਦੀ ਭਾਵਨਾ ਪਰਿਵਾਰ ਤੋਂ ਹੀ ਵਿਕਸਿਤ ਹੁੰਦੀ ਹੈ। ਪਰਿਵਾਰ ਦੇ ਮੈਂਬਰਾਂ ਦਾ ਰਲ਼ ਕੇ ਕੰਮ ਨਿਬੇੜਨਾ, ਇੱਕ-ਦੂਜੇ ਦੀ ਖ਼ੁਸ਼ੀ ਅਤੇ ਦੁੱਖ ਨੂੰ ਆਪਣਾ ਸਮਝਣਾ ਇਸ ਭਾਵਨਾ ਨੂੰ ਪ੍ਰਫੁਲਿਤ ਕਰਦਾ ਹੈ। ਕੋਈ ਵੀ ਮਨੁੱਖ ਏਨਾ ਯੋਗ ਨਹੀਂ ਕਿ ਉਹ ਇਕੱਲਾ ਜ਼ਿੰਦਗੀ ਦਾ ਅਨੰਦ ਲੈ ਸਕੇ। ਸਾਡੇ ਸੱਭਿਆਚਾਰ ਵਿੱਚ ਮੇਲੇ, ਤਿਉਹਾਰ ਅਤੇ ਸਮੁੱਚੇ ਰਸਮ-ਰਿਵਾਜ ਮਿਲਵਰਤਣ ਦੇ ਬਹੁਤ ਸਾਰੇ ਮੌਕੇ ਪ੍ਰਦਾਨ ਕਰਦੇ ਹਨ। ਸਿਆਣਿਆਂ ਦੇ ਕਥਨ 'ਹੱਥ ਨੂੰ ਹੱਥ ਧੋਂਦਾ ਹੈ' ਅਤੇ 'ਬੰਦਾ ਹੀ ਬੰਦੇ ਦਾ ਦਾਰੂ ਹੈ', ਮਿਲਵਰਤਣ ਦੇ ਮਹੱਤਵ ਨੂੰ ਦ੍ਰਿੜ੍ਹ ਕਰਵਾਉਂਦੇ ਹਨ। ਮਿਲਵਰਤਣ ਦੁਨੀਆ ਦੇ ਵਿਕਾਸ ਦਾ ਆਧਾਰ ਹੈ। ਹਰ ਇੱਕ ਨੂੰ, ਹਰ ਥਾਂ 'ਤੇ, ਕਿਸੇ ਨਾ ਕਿਸੇ ਦੇ ਸਹਿਯੋਗ ਤੇ ਮਿਲਵਰਤਣ ਦੀ ਲੋੜ ਪੈਂਦੀ ਹੈ। ਮਿਲਵਰਤਣ ਦੀ ਜ਼ਿੰਦਗੀ ਦੇ ਨਿੱਜੀ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਆਦਿ ਹਰ ਖੇਤਰ ਵਿੱਚ ਲੋੜ ਹੈ। ਅਜੋਕੇ ਸਮੇਂ ਵਿੱਚ ਮਿਲਵਰਤਣ ਦਾ ਆਧਾਰ ਪੈਸਾ ਅਤੇ ਪਦਾਰਥ ਬਣ ਰਿਹਾ ਹੈ ਅਜਿਹਾ ਮਿਲਵਰਤਣ ਸ੍ਵਾਰਥੀ ਹਿਤਾਂ ਦੀ ਪੂਰਤੀ ਲਈ ਹੁੰਦਾ ਹੈ ਇਸ ਲਈ ਇਹ ਬਹੁਤਾ ਚਿਰ ਨਹੀਂ ਨਿਭਦਾ । ਪਰ ਮਾਨਵਤਾ-ਆਧਾਰਿਤ ਮਿਲਵਰਤਣ ਸਦੀਵੀ ਅਤੇ ਸਰਬ-ਵਿਆਪਕ ਹੈ।

# ਡਾਕੀਆ

ਡਾਕੀਆ ਸਾਡੇ ਜੀਵਨ ਦੇ ਹਰ ਖੇਤਰ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਉਹ ਨਿੱਜੀ, ਵਪਾਰਿਕ, ਸਰਕਾਰੀ ਚਿੱਠੀਆਂ, ਪਾਰਸਲ, ਰਜਿਸਟਰੀਆਂ ਅਤੇ ਮਨੀਆਰਡਰ ਆਪਣੇ ਫ਼ਰਜ਼ਾਂ ਦੀ ਕੁਤਾਹੀ ਕੀਤੇ ਬਿਨਾਂ ਤੁਹਾਡੇ ਹੱਥਾਂ ਵਿੱਚ ਪੁਚਾਉਂਦਾ ਹੈ। ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ ਜਿਸ ਵਿੱਚ ਸੁਨੇਹਾ ਪੁਚਾਉਣ ਲਈ ਟੈਲੀਫ਼ੂਨ, ਤਾਰ, ਟੈਲੀਪ੍ਰਿੰਟਰ, ਫ਼ੈਕਸ, ਮੋਬਾਈਲ ਫ਼ੋਨ ਅਤੇ ਇੰਟਰਨੈੱਟ ਦੀ ਵਰਤੋਂ ਰਾਹੀਂ ਸੁਨੇਹੇ ਝੱਟ-ਪੱਟ ਪਹੁੰਚ ਜਾਂਦੇ ਹਨ ਪਰ ਡਾਕੀਏ ਦਾ ਮਹੱਤਵ ਫਿਰ ਵੀ ਜਿਉਂ ਦਾ ਤਿਉਂ ਹੀ ਬਣਿਆ ਹੋਇਆ ਹੈ। ਇਹ ਖੇਤਰ ਹੁਣ ਸਿਰਫ਼ ਮਰਦਾਂ ਲਈ ਹੀ ਰਾਖਵਾਂ ਨਹੀਂ, ਹੁਣ ਚੰਡੀਗੜ੍ਹ ਵਰਗੇ ਵੱਡੇ ਸ਼ਹਿਰਾਂ ਅੰਦਰ ਔਰਤਾਂ ਵੀ ਡਾਕੀਏ ਦੀ ਨੌਕਰੀ ਕਰਨ ਤੋਂ ਨਹੀਂ ਘਬਰਾਉਂਦੀਆਂ। ਡਾਕੀਏ ਦੀ ਪੁਸ਼ਾਕ ਵਿੱਚ ਔਰਤ ਬਹੁਤ ਹੀ ਫੁਰਤੀਲੀ ਅਤੇ ਮਿਹਨਤੀ ਜਾਪਦੀ ਹੈ।

ਡਾਕੀਆ ਇੱਕ ਸਰਕਾਰੀ ਮੁਲਾਜ਼ਮ ਹੈ ਅਤੇ ਪੁਰਾਣੇ ਸਮੇਂ ਤੋਂ ਹੀ ਸਾਈਕਲ ਉੱਤੇ ਡਾਕ ਵੰਡਣ ਦਾ ਕੰਮ ਕਰਦਾ ਆ ਰਿਹਾ ਹੈ। ਉਸ ਲਈ ਗ਼ਰੀਬ, ਅਮੀਰ ਅਤੇ ਹਰ ਆਮ-ਖ਼ਾਸ ਵਿਅਕਤੀ ਇੱਕੋ-ਜਿੰਨੀ ਅਹਿਮੀਅਤ (ਮਹੱਤਵ) ਰੱਖਦੇ ਹਨ। ਅੱਜ ਪ੍ਰਾਈਵੇਟ ਕੰਪਨੀਆਂ ਦੁਆਰਾ ਭਾਵੇਂ ਕੋਰੀਅਰ ਸਰਵਿਸ ਚਲਾਈ ਜਾ ਰਹੀ ਹੈ ਪਰ ਬਦਲਦੇ ਯੁੱਗ ਵਿੱਚ ਡਾਕੀਏ ਦੀ ਘੰਟੀ ਦਾ ਇੰਤਜ਼ਾਰ ਅਜੇ ਵੀ ਹੈ। ਇਸ ਦਾ ਕਿੱਤਾ ਬਹੁਤ ਹੀ ਇਮਾਨਦਾਰੀ ਵਾਲ਼ਾ ਹੈ ਜੋ ਸਭਨਾਂ ਨੂੰ ਖ਼ੁਸ਼ੀ ਦਿੰਦਾ ਹੈ।

# ਸਾਝ ਕਰੀਜੈ ਗੁਣਹ ਕੇਰੀ

ਇਹ ਪੂਰੀ ਤੁਕ ਇਸ ਪ੍ਰਕਾਰ ਹੈ—ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ। ਇਸ ਤੁਕ ਵਿੱਚ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਸੁਨੇਹਾ ਦਿੰਦੇ ਹਨ ਕਿ ਸਾਨੂੰ ਦੂਜਿਆਂ ਦੇ ਗੁਣਾਂ ਨਾਲ਼ ਸਾਂਝ ਪਾਉਣੀ ਚਾਹੀਦੀ ਹੈ ਅਤੇ ਉਹਨਾਂ ਦੇ ਔਗੁਣਾਂ ਨੂੰ ਨਹੀਂ ਚਿਤਾਰਨਾ ਚਾਹੀਦਾ। ਦੂਜਿਆਂ ਦੇ ਗੁਣਾਂ ਨਾਲ਼ ਸਾਂਝ ਪਾ ਕੇ ਅਸੀਂ ਜਿੱਥੇ ਉਹਨਾਂ ਨਾਲ਼ ਸਮਾਜਿਕ ਤੌਰ 'ਤੇ ਜੁੜ ਜਾਂਦੇ ਹਾਂ, ਉੱਥੇ ਉਹਨਾਂ ਦੇ ਗੁਣਾਂ ਨੂੰ ਗ੍ਰਹਿਣ ਕਰਕੇ ਆਪ ਵੀ ਅਨੇਕਾਂ ਗੁਣਾਂ ਨਾਲ਼ ਅਮੀਰ ਹੁੰਦੇ ਹਾਂ। ਸਮਾਜ ਵਿੱਚ ਦੂਜਿਆਂ ਦੇ ਗੁਣਾਂ ਦੀ ਸਾਂਝ ਪਰਸਪਰ ਪ੍ਰਸੰਸਾ ਦੇ ਭਾਵ ਪੈਦਾ ਕਰਦੀ ਹੈ। ਤਦ ਕਿਸੇ ਨੂੰ ਰੱਦ ਕਰਨ ਜਾਂ ਕਿਸੇ ਨੂੰ ਨਫ਼ਰਤ ਕਰਨ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਹਰ ਮਨੁੱਖ ਵਿੱਚ ਚੰਗਿਆਈਆਂ-ਬੁਰਾਈਆਂ ਦੋਵੇਂ ਹੁੰਦੀਆਂ ਹਨ। ਸਾਨੂੰ ਕੇਵਲ ਚੰਗਿਆਈਆਂ ਨੂੰ ਵਧਾਉਣ ਵੱਲ ਰੁਚਿਤ ਹੋਣਾ ਚਾਹੀਦਾ ਹੈ। ਇਹ ਜੀਵਨ ਪ੍ਰਤਿ ਹਾਂਵਾਚੀ ਦ੍ਰਿਸ਼ਟੀਕੋਣ ਹੈ। ਇਸ ਅਨੁਸਾਰ ਚੱਲਿਆਂ ਸਾਰੇ ਮਨੁੱਖ ਆਪਸ ਵਿੱਚ ਨਾ ਕੇਵਲ ਪਿਆਰ ਨਾਲ਼ ਰਹਿਣਗੇ ਸਗੋਂ ਉਹਨਾਂ ਵਿੱਚ ਦਿਨੋ-ਦਿਨ ਮਾਨਵੀ ਗੁਣਾਂ ਦਾ ਵਿਕਾਸ ਵੀ ਹੋਵੇਗਾ।

## ਬੱਸ-ਅੱਡੇ ਦਾ ਦ੍ਰਿਸ਼

ਬੱਸ–ਅੱਡੇ ਦਾ ਦ੍ਰਿਸ਼ ਬੜੀ ਗਹਿਮਾ–ਗਹਿਮੀ ਵਾਲ਼ਾ ਹੁੰਦਾ ਹੈ। ਇੱਕ ਪਾਸੇ ਸਵਾਰੀਆਂ ਟਿਕਟ ਲੈਣ ਲਈ ਬੜੀ ਬੇਤਾਬੀ ਨਾਲ਼ ਲਾਈਨ ਵਿੱਚ ਖਲੋਤੀਆਂ ਹੁੰਦੀਆਂ ਹਨ, ਦੂਜੇ ਪਾਸੇ ਭੀੜ ਕਦੇ ਇੱਕ ਬੱਸ ਵੱਲ ਨੂੰ ਉੱਲਰਦੀ ਹੈ, ਕਦੇ ਦੂਜੀ ਵੱਲ ਨੂੰ। ਕੁਝ ਬੱਸਾਂ ਭਰੀਆਂ ਆਉਂਦੀਆਂ ਹਨ, ਕੁਝ ਭਰੀਆਂ ਜਾਂਦੀਆਂ ਹਨ। ਕੋਈ–ਕੋਈ ਬੱਸ ਜਿਸ ਦਾ ਅਜੇ ਟਾਈਮ ਨਹੀਂ ਹੋਇਆ ਹੁੰਦਾ, ਇੱਕ ਪਾਸੇ ਖਲੋਤੀ ਹੁੰਦੀ ਹੈ। ਰਿਕਸ਼ਿਆਂ ਅਤੇ ਆਟੋ–ਰਿਕਸ਼ਿਆਂ ਰਾਹੀਂ ਜਾਂ ਪੈਦਲ, ਲੋਕ ਬੱਸ–ਅੱਡੇ ਵਿੱਚ ਦਾਖ਼ਲ ਹੁੰਦੇ ਹਨ। ਇਵੇਂ ਹੀ ਬੱਸਾਂ ਤੋਂ ਉੱਤਰੀਆਂ ਸਵਾਰੀਆਂ ਵਿੱਚੋਂ ਕੁਝ ਚਾਹ–ਪਾਣੀ ਜਾਂ ਸੋਢਾ ਆਦਿ ਪੀਂਦੀਆਂ ਹਨ। ਕੁਲੀ ਸਵਾਰੀਆਂ ਦਾ ਸਮਾਨ ਬੱਸਾਂ ਉੱਤੇ ਚੜ੍ਹਾਉਂਦੇ ਅਤੇ ਲਾਹੁੰਦੇ ਵਿਖਾਈ ਦਿੰਦੇ ਹਨ। ਬੱਸ- ਅੱਡੇ 'ਤੇ ਇੱਕ ਅਜੀਬ ਜਿਹਾ ਸ਼ੋਰ ਹੁੰਦਾ ਹੈ—ਬੱਸਾਂ ਬਾਰੇ ਪੁੱਛਦੀਆਂ ਸਵਾਰੀਆਂ, ਟਿਕਟਾਂ ਲਈ ਅਵਾਜ਼ਾਂ ਦਿੰਦੇ ਕੰਡਕਟਰ, ਰਾਹ ਮੰਗਦੇ ਰਿਕਸ਼ੇ ਅਤੇ ਸਾਈਕਲਾਂ ਆਦਿ ਦੇ ਚਾਲਕ ਅਤੇ ਬੱਸਾਂ ਦੇ ਹਾਰਨ, ਨਿੱਕੀਆਂ-ਮੋਟੀਆਂ ਚੀਜ਼ਾਂ ਵੇਚਣ ਵਾਲ਼ਿਆਂ ਦੀਆਂ ਭਾਂਤ–ਭਾਂਤ ਦੀਆਂ ਅਵਾਜ਼ਾਂ—ਬੱਸ-ਅੱਡਾ ਆਪਣੇ-ਆਪ ਵਿੱਚ ਇੱਕ ਵੱਸਦੀ–ਰਸਦੀ ਦੁਨੀਆ ਹੈ।

## ਸੰਤੁਲਿਤ ਖ਼ੁਰਾਕ

ਸੰਤੁਲਿਤ ਖ਼ੁਰਾਕ ਉਹ ਹੁੰਦੀ ਹੈ ਜਿਸ ਵਿੱਚ ਮਨੁੱਖ ਦੇ ਸਰੀਰ ਨੂੰ ਰਿਸ਼ਟ–ਪੁਸ਼ਟ ਰੱਖਣ ਲਈ ਲੁੜੀਂਦੇ ਸਾਰੇ ਤੱਤ ਹੋਣ। ਹਰ ਵਿਅਕਤੀ ਲਈ, ਖ਼ਾਸ ਕਰਕੇ ਬੱਚਿਆਂ ਲਈ, ਸੰਤੁਲਿਤ ਖ਼ੁਰਾਕ ਦੀ ਬਹੁਤ ਲੋੜ ਹੈ। ਆਮ ਖਾਧੀ ਜਾਂਦੀ ਖ਼ੁਰਾਕ ਸੰਤੁਲਿਤ ਨਹੀਂ ਹੁੰਦੀ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਇੱਕ ਕਾਰਨ ਇਸ ਪੱਖ ਬਾਰੇ ਅਗਿਆਨਤਾ ਹੋ ਸਕਦਾ ਹੈ। ਦੂਜਾ ਕਾਰਨ ਸੰਤੁਲਿਤ ਖ਼ੁਰਾਕ ਹਾਸਲ ਕਰਨ ਦੀ ਅਸਮਰਥਾ ਹੋ ਸਕਦਾ ਹੈ। ਤੀਜਾ ਕਾਰਨ ਖਾਣ–ਪੀਣ ਸੰਬੰਧੀ ਗ਼ਲਤ ਆਦਤਾਂ ਹੋ ਸਕਦਾ ਹੈ। ਸੰਤੁਲਿਤ ਖ਼ੁਰਾਕ ਵਿੱਚ ਕਾਰਬੋਹਾਈਡਰੇਟ, ਪ੍ਰੋਟੀਨ, ਭਿੰਨ–ਭਿੰਨ ਪ੍ਰਕਾਰ ਦੇ ਵਿਟਾਮਿਨ, ਖਣਿਜ ਆਦਿ ਤੱਤ ਹੁੰਦੇ ਹਨ। ਇਹ ਸਾਰੇ ਤੱਤ ਅਨਾਜਾਂ, ਦਾਲ਼ਾਂ, ਸਬਜ਼ੀਆਂ, ਫਲ਼ਾਂ, ਦੁੱਧ, ਆਂਡਾ, ਮਾਸ ਆਦਿ ਤੋਂ ਪ੍ਰਾਪਤ ਹੁੰਦੇ ਹਨ। ਭੋਜਨ ਪਕਾਉਣ ਅਤੇ ਉਸ ਨੂੰ ਸਾਂਭਣ ਦੇ ਤਰੀਕਿਆਂ 'ਤੇ ਵੀ ਇਹਨਾਂ ਤੱਤਾਂ ਦੀ ਸੰਭਾਲ਼ ਨਿਰਭਰ ਹੁੰਦੀ ਹੈ। ਠੀਕ ਖ਼ੁਰਾਕ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਵਿਦਿਆਰਥੀ-ਜੀਵਨ ਵਿੱਚ ਹੀ ਮਿਲ਼ ਜਾਣੀ ਚਾਹੀਦੀ ਹੈ। ਹੋਰ ਵੀ ਚੰਗਾ ਹੋਵੇ ਜੇ ਸੰਤੁਲਿਤ ਖ਼ੁਰਾਕ ਬਾਰੇ ਮਾਪਿਆਂ ਨੂੰ ਠੀਕ ਜਾਣਕਾਰੀ ਹੋਵੇ।

## ਪਰੀਖਿਆ ਤੋਂ ਕੁਝ ਮਿੰਟ ਪਹਿਲਾਂ

ਸਾਰਾ ਸਾਲ ਉਡੀਕਦਿਆਂ ਅੰਤ ਨੂੰ ਪਰੀਖਿਆ ਦੇਣ ਦਾ ਸਮਾਂ ਆ ਹੀ ਜਾਂਦਾ ਹੈ। ਦਿਨ–ਰਾਤ ਕੀਤੀ ਮਿਹਨਤ, ਪਰੀਖਿਆ ਲਈ ਤਿਆਰ ਕੀਤੇ ਨੋਟ ਅਤੇ ਅਧਿਆਪਕਾਂ ਦੀਆਂ ਸਮਝਾਈਆਂ ਗੱਲਾਂ ਆਦਿ ਸਭ ਨੂੰ ਪਰਖੇ ਜਾਣ ਦੀ ਘੜੀ ਆ ਜਾਂਦੀ ਹੈ। ਵਿਦਿਆਰਥੀ ਪਰੀਖਿਆ–ਕੇਂਦਰ ਅੱਗੇ ਬੇਤਾਬ ਹੋ ਕੇ ਖੜ੍ਹੇ ਹੁੰਦੇ ਹਨ। ਇਸ ਸਮੇਂ, ਇੱਕ ਪਾਸੇ ਤੌਖਲਾ ਹੁੰਦਾ ਹੈ ਕਿ ਪਰਚਾ ਪਤਾ ਨਹੀਂ ਕਿਹੋ- ਜਿਹਾ ਆਵੇਗਾ। ਦੂਜੇ ਪਾਸੇ ਆਪਣਾ ਹੁਣ ਤੱਕ ਦਾ ਪੜ੍ਹਿਆ ਯਾਦ ਰੱਖਣ ਦੀ ਕੋਸ਼ਸ਼ ਹੁੰਦੀ ਹੈ ਤਾਂਜੋ ਮੌਕੇ–ਦੇ–ਮੌਕੇ ਕੁਝ ਭੁੱਲ ਨਾ ਜਾਵੇ। ਇਹ ਵੀ ਡਰ ਹੁੰਦਾ ਹੈ ਕਿ ਕਿਤੇ ਪਰਚਾ ਪੜ੍ਹੇ–ਪੜ੍ਹਾਏ ਤੋਂ ਬਾਹਰੋਂ ਨਾ ਆ ਜਾਵੇ। ਜਿਨ੍ਹਾਂ ਨੇ ਸਾਲ ਭਰ ਮਿਹਨਤ ਕੀਤੀ ਹੁੰਦੀ ਹੈ, ਉਹਨਾਂ ਵਿੱਚ ਬੜਾ ਆਤਮ–ਵਿਸ਼ਵਾਸ ਹੁੰਦਾ ਹੈ। ਦੂਜੇ ਬੰਨੇ ਜਿਹੜੇ ਹਮੇਸ਼ਾਂ ਮਿਹਨਤ ਤੋਂ ਕੰਨੀ ਕਤਰਾਉਂਦੇ ਰਹੇ ਹੁੰਦੇ ਹਨ, ਉਹ ਇਸ ਘੜੀ ਪਰਾਏ ਆਸਰਿਆਂ ਵੱਲ ਤੱਕਦੇ ਹਨ। ਪਰੀਖਿਆ ਤੋਂ ਪਹਿਲਾਂ ਦੇ ਇਹ ਕੁਝ ਮਿੰਟ ਬੜੀ ਬੇਕਰਾਰੀ ਵਾਲ਼ੇ ਹੁੰਦੇ ਹਨ। ਇਸ ਥੋੜ੍ਹੇ ਜਿਹੇ ਸਮੇਂ ਵਿੱਚ ਪਰੀਖਿਆਰਥੀਆਂ ਦੇ ਮਨਾਂ ਵਿੱਚੋਂ ਸੈਂਕੜੇ ਹੀ ਰਲ਼ੇ–ਮਿਲ਼ੇ ਖ਼ਿਆਲ ਲੰਘਦੇ ਹਨ।

## ਇੱਕ ਆਦਰਸ਼ ਨੌਜਵਾਨ

ਸ. ਜਗਦੀਪ ਸਿੰਘ ਸਾਡੇ ਪਿੰਡ ਦਾ ਇੱਕ ਅਗਾਂਹਵਧੂ ਨੌਜਵਾਨ ਹੈ। ਉਸ ਦੀ ਉਮਰ ਲਗ–ਪਗ 35 ਸਾਲ ਹੈ। ਉਹ ਸਾਡੇ ਪਿੰਡ ਦੀ ਸਰਕਾਰੀ ਡਿਸਪੈਂਸਰੀ ਵਿੱਚ ਡਾਕਟਰ ਲੱਗਿਆ ਹੋਇਆ ਹੈ। ਸਾਡੇ ਪਿੰਡ ਦੇ ਜਿਹੜੇ ਲੜਕੇ ਪੜ੍ਹ–ਲਿਖ ਕੇ ਉੱਚੇ ਅਹੁਦਿਆਂ 'ਤੇ ਪਹੁੰਚੇ ਹਨ, ਉਹਨਾਂ ਵਿੱਚੋਂ ਬਹੁਤੇ ਸ਼ਹਿਰ ਵਿੱਚ ਜਾ ਕੇ ਰਹਿਣ ਲੱਗੇ ਹਨ ਪਰ ਡਾਕਟਰ ਜਗਦੀਪ ਸਿੰਘ ਨੇ ਆਪਣੇ ਪਿੰਡ ਹੀ ਰਹਿਣ ਅਤੇ ਸੇਵਾ ਕਰਨ ਨੂੰ ਪਹਿਲ ਦਿੱਤੀ ਹੈ। ਇਸ ਨਾਲ਼ ਸਾਡਾ ਪਿੰਡ ਝੋਲ਼ਾ–ਛਾਪ ਡਾਕਟਰਾਂ

ਤੋਂ ਮੁਕਤ ਹੋ ਗਿਆ ਹੈ। ਲੋਕਾਂ ਨੂੰ ਪਿੰਡ ਵਿੱਚ ਹੀ ਵਧੀਆ ਸਿਹਤ-ਸਹੂਲਤਾਂ ਮਿਲ਼ਨ ਲੱਗੀਆਂ ਹਨ। ਡਾ. ਜਗਦੀਪ ਸਿੰਘ ਸਮਾਜ-ਸੇਵੀ ਸੰਸਥਾਵਾਂ ਦੀ ਮਦਦ ਨਾਲ਼ ਸਮੇਂ-ਸਮੇਂ ਪਿੰਡ ਵਿੱਚ ਡਾਕਟਰੀ ਚੈੱਕ-ਅੱਪ ਕੈਂਪ ਵੀ ਲਗਵਾਉਂਦਾ ਰਹਿੰਦਾ ਹੈ। ਉਹ ਪਿੰਡ ਦੇ ਲੋਕਾਂ ਨੂੰ ਸਮਾਜਿਕ ਬੁਰਾਈਆਂ ਸੰਬੰਧੀ ਵੀ ਜਾਗਰੂਕ ਕਰਦਾ ਹੈ। ਸਾਡੇ ਪਿੰਡ ਵਿੱਚੋਂ ਸ਼ਰਾਬ ਦਾ ਠੇਕਾ ਚੁਕਵਾਉਣ ਵਿੱਚ ਉਸ ਦੀ ਅਹਿਮ ਭੂਮਿਕਾ ਰਹੀ ਹੈ। ਉਹ ਪਿੰਡ ਦੇ ਨੌਜਵਾਨਾਂ ਨੂੰ ਹੱਥੀਂ ਕੰਮ ਕਰਨ, ਨਸ਼ਿਆਂ ਤੋਂ ਬਚ ਕੇ ਰਹਿਣ ਅਤੇ ਸਮਾਜ-ਸੇਵਾ ਕਰਨ ਲਈ ਪ੍ਰੇਰਦਾ ਹੈ। ਸ਼ਾਮ ਨੂੰ ਸੱਥ ਵਿੱਚ ਬੈਠਾ ਉਹ ਸਹਿਜੇ ਹੀ ਪਿੰਡ ਦੇ ਸੁਧਾਰ ਦਾ ਕੋਈ ਨਾ ਕੋਈ ਮੁੱਦਾ ਛੋਹ ਲੈਂਦਾ ਹੈ। ਸਾਰੇ ਉਸ ਦੀ ਗੱਲ ਧਿਆਨ ਨਾਲ਼ ਸੁਣਦੇ ਹਨ ਅਤੇ ਉਸ ਦੇ ਕਹੇ ਉੱਤੇ ਅਮਲ ਵੀ ਕਰਦੇ ਹਨ। ਉਹ ਅੰਤਾਂ ਦਾ ਨਿਮਰ ਅਤੇ ਮਿਠਬੋਲੜਾ ਹੈ। ਉਹ ਸਾਡੇ ਪਿੰਡ ਦਾ ਇੱਕ ਆਦਰਸ਼ ਨੌਜਵਾਨ ਹੈ।

## ਸਮੇਂ ਦੀ ਪਾਬੰਦੀ

ਜੀਵਨ ਵਿੱਚ ਸਫਲਤਾ ਦੇ ਬੁਨਿਆਦੀ ਨਿਯਮਾਂ ਵਿੱਚੋਂ ਇੱਕ ਹੈ, ਸਮੇਂ ਦਾ ਪਾਬੰਦ ਹੋਣਾ। ਇਸ ਦਾ ਅਰਥ ਹੈ ਕਿ ਜੇ ਅਸੀਂ ਕਿਸੇ ਨੂੰ ਮਿਲ਼ਨ ਦਾ ਸਮਾਂ ਦਿੱਤਾ ਹੋਵੇ ਜਾਂ ਕੋਈ ਕੰਮ ਕਰਨ ਦਾ ਸਮਾਂ ਨਿਸ਼ਚਿਤ ਕੀਤਾ ਹੋਵੇ ਤਾਂ ਉਸ ਸਮੇਂ 'ਤੇ ਪੂਰਾ ਉੱਤਰਿਆ ਜਾਵੇ। ਸਮੇਂ ਦੀ ਪਾਬੰਦੀ ਦੇ ਵਿਅਕਤੀਗਤ ਲਾਭ ਵੀ ਹਨ ਅਤੇ ਸਮਾਜਿਕ ਵੀ। ਇਸ ਅਨੁਸਾਰ ਸਮੇਂ ਨੂੰ ਵਿਓਂਤਬੱਧ ਢੰਗ ਨਾਲ਼ ਬਤੀਤ ਕੀਤਾ ਜਾਂਦਾ ਹੈ। ਕੀਤੇ ਜਾਣ ਵਾਲ਼ੇ ਕੰਮਾਂ ਨੂੰ ਕਰਨ ਵਿੱਚ ਉਲਝਣ ਨਹੀਂ ਪੈਂਦੀ। ਸਮਾਂ ਵੀ ਨਸ਼ਟ ਹੋਣੋਂ ਬਚ ਜਾਂਦਾ ਹੈ। ਦੂਜੇ ਪਾਸੇ ਸਾਡੇ ਨਾਲ਼ ਵਾਹ ਪੈਣ ਵਾਲ਼ਿਆਂ ਨੂੰ ਵੀ ਲਾਭ ਹੁੰਦਾ ਹੈ। ਉਹਨਾਂ ਨੂੰ ਸਾਡੀ ਬੇਲੋੜੀ ਉਡੀਕ ਨਹੀਂ ਕਰਨੀ ਪੈਂਦੀ ਜਾਂ ਸਾਡੇ ਦੇਰ ਨਾਲ਼ ਪਹੁੰਚਣ 'ਤੇ ਪਰੇਸ਼ਾਨੀ ਨਹੀਂ ਹੁੰਦੀ। ਉਂਞ ਵੀ ਜਿਹੜਾ ਮਨੁੱਖ ਸਮੇਂ ਦਾ ਪਾਬੰਦ ਰਹਿੰਦਾ ਹੈ, ਉਹ ਵਧੇਰੇ ਭਰੋਸੇਯੋਗ ਹੁੰਦਾ ਹੈ। ਉਸ ਦੇ ਇਸ ਗੁਣ ਤੋਂ ਉਸ ਦੇ ਨਿੱਗਰ ਆਚਰਨ ਦੀ ਝਲਕ ਪੈਂਦੀ ਹੈ। ਦੁਨੀਆ ਦੇ ਮਹਾਨ ਪੁਰਖ ਹਮੇਸ਼ਾਂ ਸਮੇਂ ਦੇ ਪਾਬੰਦ ਰਹੇ ਹਨ। ਉਹਨਾਂ ਦਾ ਹਰ ਇੱਕ ਛਿਣ ਕੀਮਤੀ ਹੁੰਦਾ ਹੈ।

## ਅਭਿਆਸ

1. ਸਕੂਲ ਦੀ ਪ੍ਰਾਰਥਨਾ-ਸਭਾ
2. ਮੇਰੀ ਮਨ-ਪਸੰਦ ਪੁਸਤਕ
3. ਸਿੱਖਿਆ ਦੇ ਸਾਧਨ ਵਜੋਂ ਟੈਲੀਵੀਜ਼ਨ
4. ਜਹ ਕਰਣੀ ਤਹ ਪੂਰੀ ਮਤਿ
5. ਸਕੂਲ ਦੀ ਕਬੱਡੀ ਟੀਮ
6. ਮੇਰਾ ਮਨ-ਭਾਉਂਦਾ ਫਲ਼
7. ਗਰਮੀਆਂ ਵਿੱਚ ਰੁੱਖਾਂ ਦੀ ਛਾਂ
8. ਬਜ਼ਾਰ ਦਾ ਦ੍ਰਿਸ਼
9. ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ।

* * *

**ਅਧਿਆਇ—ਚੋਦਾਂ**

# ਸੰਖੇਪ ਰਚਨਾ

**ਸੰਖੇਪ ਰਚਨਾ ਦੀ ਪਰਿਭਾਸ਼ਾ** : ਸੰਖੇਪ ਰਚਨਾ ਦਾ ਅਰਥ ਕਿਸੇ ਰਚਨਾ ਨੂੰ ਸੰਖਿਪਤ ਕਰਨਾ ਹੈ। ਅਜੋਕੇ ਯੁੱਗ ਵਿੱਚ ਸੰਖੇਪ ਰਚਨਾ ਦਾ ਬਹੁਤ ਮਹੱਤਵ ਹੈ। ਅਸੀਂ ਜਿਹੜੇ ਅਖ਼ਬਾਰ ਪੜ੍ਹਦੇ ਹਾਂ,ਉਹਨਾਂ ਵਿੱਚ ਆਗੂਆਂ ਦੇ ਭਾਸ਼ਣਾਂ ਨੂੰ ਸੰਖੇਪ ਕਰਕੇ ਪੇਸ਼ ਕੀਤਾ ਹੁੰਦਾ ਹੈ। ਅਸੀਂ ਆਪ ਵੀ ਕੋਈ ਮੇਲਾ ਵੇਖ ਕੇ, ਮੈਚ ਵੇਖ ਕੇ ਜਾਂ ਫ਼ਿਲਮ ਵੇਖ ਕੇ ਆਉਂਦੇ ਹਾਂ ਤਾਂ ਅੱਗੇ ਆਪਣੇ ਨਿਕਟਵਰਤੀਆਂ ਨੂੰ ਬਹੁਤ ਥੋੜ੍ਹੇ ਸ਼ਬਦਾਂ ਵਿੱਚ ਉਸ ਦਾ ਸੰਖੇਪ ਦੱਸਦੇ ਹਾਂ। ਇਸੇ ਤਰ੍ਹਾਂ ਕਿਸੇ ਰਚਨਾ ਨੂੰ ਸੰਖੇਪ ਕਰਦਿਆਂ ਉਸ ਵਿੱਚੋਂ ਬੇਲੋੜੇ ਵੇਰਵੇ ਅਤੇ ਦੁਹਰਾਅ ਛੱਡ ਦਿੱਤੇ ਜਾਂਦੇ ਹਨ। ਉਸੇ ਗੱਲ ਨੂੰ ਘੱਟ ਤੋਂ ਘੱਟ, ਢੁਕਵੇਂ ਅਤੇ ਨਿਸ਼ਚਿਤ ਸ਼ਬਦਾਂ ਵਿੱਚ ਲਿਖਿਆ ਜਾਂਦਾ ਹੈ। ਨਾਲ਼ ਹੀ, ਕੁਝ ਵੀ ਅਨਿਸ਼ਚਿਤ ਜਾਂ ਧੁੰਦਲ਼ਾ ਨਹੀਂ ਰਹਿਣ ਦਿੱਤਾ ਜਾਂਦਾ।

**ਸੰਖੇਪ ਰਚਨਾ ਕਰਨ ਦੀ ਜਾਚ** : ਸੰਖੇਪ ਰਚਨਾ ਦੀ ਜਾਚ ਕਾਫ਼ੀ ਅਭਿਆਸ ਪਿੱਛੋਂ ਹੀ ਆ ਸਕਦੀ ਹੈ। ਜਿਸ ਰਚਨਾ ਦਾ ਸੰਖੇਪ ਕਰਨਾ ਹੁੰਦਾ ਹੈ ਉਸ ਨੂੰ ਵਾਰ-ਵਾਰ ਧਿਆਨ ਨਾਲ਼ ਪੜ੍ਹਿਆ ਜਾਂਦਾ ਹੈ। ਉਸ ਰਚਨਾ ਦੇ ਭਾਵ ਨੂੰ ਚੰਗੀ ਤਰ੍ਹਾਂ ਸਮਝਿਆ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ਼ ਪਤਾ ਲੱਗ ਜਾਂਦਾ ਹੈ ਕਿ ਰਚਨਾ ਦੇ ਕਿਹੜੇ ਵੇਰਵੇ ਛੱਡੇ ਜਾ ਸਕਦੇ ਹਨ ਜਾਂ ਉਹਨਾਂ ਨੂੰ ਕਿਵੇਂ ਘੱਟ ਤੋਂ ਘੱਟ ਸ਼ਬਦਾਂ ਵਿੱਚ ਲਿਖਿਆ ਜਾ ਸਕਦਾ ਹੈ।

ਆਮ ਤੌਰ 'ਤੇ ਸੰਖੇਪ ਰਚਨਾ ਦਾ ਆਕਾਰ ਮੂਲ ਰਚਨਾ ਦਾ ਲਗ-ਪਗ ਤੀਜਾ ਹਿੱਸਾ ਹੁੰਦਾ ਹੈ। ਇਸ ਲਈ ਸਭ ਤੋਂ ਪਹਿਲਾਂ ਦਿੱਤੀ ਰਚਨਾ ਦਾ ਸੰਖੇਪ ਆਪਣੇ ਸ਼ਬਦਾਂ ਵਿੱਚ ਕੱਚੇ ਤੌਰ 'ਤੇ ਲਿਖ ਲੈਣਾ ਚਾਹੀਦਾ ਹੈ। ਫਿਰ ਇਹ ਵੇਖਣਾ ਚਾਹੀਦਾ ਹੈ ਕਿ ਮੂਲ ਰਚਨਾ ਦੀ ਕੋਈ ਜ਼ਰੂਰੀ ਗੱਲ ਤਾਂ ਨਹੀਂ ਰਹਿ ਗਈ। ਨਾਲ਼ ਹੀ ਇਕੱਲੇ-ਇਕੱਲੇ ਸ਼ਬਦ ਵੱਲ ਧਿਆਨ ਦੇਣ ਦੀ ਲੋੜ ਹੁੰਦੀ ਹੈ ਕਿ ਕੋਈ ਸ਼ਬਦ ਬੇਲੋੜਾ ਤਾਂ ਨਹੀਂ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਸੰਖੇਪ ਰਚਨਾ ਸਾਰ ਨਹੀਂ ਹੁੰਦੀ। ਸਾਰ ਵਿੱਚ ਕਿਸੇ ਰਚਨਾ ਵਿੱਚ ਆਏ ਸਾਰੇ ਵਿਚਾਰਾਂ ਦਾ ਸੰਖੇਪ ਰੂਪ ਹੁੰਦਾ ਹੈ ਜਦ ਕਿ ਸੰਖੇਪ ਰਚਨਾ ਵਿੱਚ ਕੇਵਲ ਜ਼ਰੂਰੀ ਨੁਕਤਿਆਂ ਨੂੰ ਘੱਟ ਤੋਂ ਘੱਟ ਸ਼ਬਦਾਂ ਵਿੱਚ ਸਪਸ਼ਟ ਢੰਗ ਨਾਲ਼ ਲਿਖਿਆ ਜਾਂਦਾ ਹੈ। ਆਮ ਤੌਰ 'ਤੇ ਮੂਲ-ਰਚਨਾ ਵਿੱਚ ਦਿੱਤੀ ਉਦਾਹਰਨ, ਕਥਨ, ਮੁਹਾਵਰੇ, ਅਖਾਣ ਆਦਿ ਛੱਡ ਦਿੱਤੇ ਜਾਂਦੇ ਹਨ। ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਵਰਤਣ ਦੀ ਕੋਸ਼ਸ਼ ਕੀਤੀ ਜਾਂਦੀ ਹੈ।

**ਸਿਰਲੇਖ** : ਪਾਠ-ਕ੍ਰਮ ਅਨੁਸਾਰ ਕਿਸੇ ਰਚਨਾ ਨੂੰ ਸੰਖੇਪ ਕਰਨ ਦੇ ਨਾਲ਼-ਨਾਲ਼ ਉਸ ਦਾ ਸਿਰਲੇਖ ਦੇਣ ਲਈ ਵੀ ਕਿਹਾ ਜਾਂਦਾ ਹੈ। ਇਹ ਸਿਰਲੇਖ ਰਚਨਾ ਦੇ ਭਾਵ ਅਨੁਸਾਰ ਢੁਕਵਾਂ ਹੋਣਾ ਚਾਹੀਦਾ ਹੈ। ਢੁਕਵਾਂ ਸਿਰਲੇਖ ਉਹ ਹੁੰਦਾ ਹੈ ਜਿਸ ਦੀ ਵਿਆਖਿਆ ਰਚਨਾ ਵਿੱਚ ਕੀਤੀ ਜਾਪਦੀ ਹੈ। ਇਹ ਘੱਟ ਤੋਂ ਘੱਟ ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ। ਕਿਸੇ ਰਚਨਾ ਦਾ ਸਿਰਲੇਖ ਜ਼ਰੂਰੀ ਨਹੀਂ ਇੱਕ ਹੀ ਹੋਵੇ। ਇਸ ਵਿੱਚ ਥੋੜ੍ਹਾ-ਬਹੁਤ ਵਖਰੇਵਾਂ ਹੋ ਸਕਦਾ ਹੈ। ਪਰੰਤੂ ਇਹ ਆਪਸ ਵਿੱਚ ਮਿਲ਼ਦਾ-ਜੁਲ਼ਦਾ ਹੋਣਾ ਚਾਹੀਦਾ ਹੈ। ਛੋਟਾ ਸਿਰਲੇਖ ਵਧੀਆ ਸਮਝਿਆ ਜਾਂਦਾ ਹੈ।

ਅੱਗੇ ਸੰਖੇਪ ਰਚਨਾ ਦੇ ਕੁਝ ਨਮੂਨੇ ਦਿੱਤੇ ਹਨ ਜਿਨ੍ਹਾਂ ਤੋਂ ਬਾਅਦ ਸੰਖੇਪ ਰਚਨਾ ਦੇ ਅਭਿਆਸ ਲਈ ਪੈਰੇ ਵੀ ਦਿੱਤੇ ਹਨ। ਵਿਦਿਆਰਥੀਆਂ ਨੂੰ ਇਹਨਾਂ ਤੋਂ ਇਲਾਵਾ ਹੋਰ ਪੈਰਿਆਂ ਦਾ ਵੀ ਅਭਿਆਸ ਕਰਨਾ ਚਾਹੀਦਾ ਹੈ ਤਾਂਜੋ ਸੰਖੇਪ ਰਚਨਾ ਦੀ ਕਲਾ ਵਿੱਚ ਨਿਪੁੰਨਤਾ ਪ੍ਰਾਪਤ ਕੀਤੀ ਜਾ ਸਕੇ।

# ਸੰਖੇਪ ਰਚਨਾ ਦੇ ਕੁਝ ਨਮੂਨੇ

1. ਚੰਗੀਆਂ ਪੁਸਤਕਾਂ ਮਨੁੱਖ ਲਈ ਵਰਦਾਨ ਹਨ। ਜਦੋਂ ਦੁੱਖਾਂ-ਮੁਸੀਬਤਾਂ ਦੇ ਕਾਲ਼ੇ ਬੱਦਲ਼ ਸਾਡੇ ਜੀਵਨ ਨੂੰ ਹਨੇਰੀ ਬੁੱਕਲ਼ ਵਿੱਚ ਲਪੇਟ ਲੈਂਦੇ ਹਨ ਅਤੇ ਸਾਡੇ ਸੰਗੀ-ਸਾਥੀ ਤੇ ਮਿੱਤਰ-ਦੋਸਤ ਸਾਥ ਛੱਡ ਜਾਂਦੇ ਹਨ ਤਾਂ ਇਹ ਪੁਸਤਕਾਂ ਆਪਣੇ ਮਿੱਠੇ ਅਤੇ ਸਿਆਣੇ ਬੋਲਾਂ ਨਾਲ਼ ਸਾਡਾ ਹੌਸਲਾ ਵਧਾਉਂਦੀਆਂ ਹਨ, ਸਾਨੂੰ ਢਾਰਸ ਦਿੰਦੀਆਂ ਹਨ ਅਤੇ ਸਾਡੇ ਗਿਆਨ ਵਿੱਚ ਵਾਧਾ ਕਰਦੀਆਂ ਹਨ । ਇਹ ਸਾਨੂੰ ਦ੍ਰਿੜ੍ਹਤਾ ਨਾਲ਼ ਜਿਊਣ ਦੀ ਜਾਚ ਦੱਸਦੀਆਂ ਹਨ। ਮਨੁੱਖ ਦੀ ਹਜ਼ਾਰਾਂ ਵਰ੍ਹਿਆਂ ਦੀ ਸਿਆਣਪ ਅਤੇ ਤਜਰਬਿਆਂ ਦਾ ਨਿਚੋੜ ਇਹਨਾਂ ਵਿੱਚ ਛੁਪਿਆ ਹੁੰਦਾ ਹੈ। ਇਹਨਾਂ ਦੇ ਬੂਹੇ ਹਰ ਛੋਟੇ-ਵੱਡੇ, ਉੱਚੇ-ਨੀਵੇਂ, ਅਮੀਰ-ਗ਼ਰੀਬ ਲਈ ਸਦਾ ਖੁੱਲ੍ਹੇ ਰਹਿੰਦੇ ਹਨ। ਇਹ ਸਾਨੂੰ ਇੱਕ ਅਜਿਹੀ ਦੌਲਤ ਨਾਲ਼ ਮਾਲਾ-ਮਾਲ ਕਰਦੀਆਂ ਹਨ ਜਿਸ ਨੂੰ ਚੋਰ ਚੁਰਾ ਨਹੀਂ ਸਕਦਾ, ਪਾਣੀ ਰੋੜ੍ਹ ਨਹੀਂ ਸਕਦਾ, ਅੱਗ ਸਾੜ ਨਹੀਂ ਸਕਦੀ। ਚੰਗੀਆਂ ਪੁਸਤਕਾਂ ਮਨੁੱਖ ਦੀਆਂ ਸੱਚੀਆਂ ਦੋਸਤ ਹੁੰਦੀਆਂ ਹਨ—ਉਹ ਦੋਸਤ ਜੋ ਕਦੇ ਬੁਰਾ ਨਹੀਂ ਸੋਚ ਸਕਦਾ ਅਤੇ ਕਦੇ ਧੋਖਾ ਨਹੀਂ ਦਿੰਦਾ। ਵੱਡੇ ਭਾਗਾਂ ਵਾਲ਼ੇ ਹਨ ਉਹ ਲੋਕ ਜਿਨ੍ਹਾਂ ਨੂੰ ਉੱਤਮ ਪੁਸਤਕਾਂ ਪੜ੍ਹਨ ਦਾ ਸ਼ੌਕ ਹੈ।

**ਸਿਰਲੇਖ :—** ਚੰਗੀਆਂ ਪੁਸਤਕਾਂ

**ਸੰਖੇਪ ਰਚਨਾ :—** ਔਖੇ ਸਮੇਂ ਵਿੱਚ ਚੰਗੀਆਂ ਪੁਸਤਕਾਂ ਸਾਡਾ ਸਦਾ ਸਾਥ ਨਿਭਾਉਂਦੀਆਂ ਹਨ ਅਤੇ ਸਾਡੀ ਅਗਵਾਈ ਕਰਦੀਆਂ ਹਨ। ਹੁਣ ਤੱਕ ਦਾ ਇਕੱਠਾ ਕੀਤਾ ਗਿਆ ਗਿਆਨ ਇਹਨਾਂ ਪੁਸਤਕਾਂ ਵਿੱਚੋਂ ਹੀ ਪ੍ਰਾਪਤ ਹੁੰਦਾ ਹੈ ਅਤੇ ਇਹ ਗਿਆਨ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਸਭ ਨੂੰ ਪ੍ਰਦਾਨ ਕਰਨ ਲਈ ਤਿਆਰ ਰਹਿੰਦੀਆਂ ਹਨ। ਪੁਸਤਕਾਂ ਤੋਂ ਪ੍ਰਾਪਤ ਗਿਆਨ ਹਮੇਸ਼ਾਂ ਸਾਡੇ ਕੋਲ਼ ਰਹਿੰਦਾ ਹੈ। ਇਹ ਸਾਡੇ ਸੱਚੇ ਮਿੱਤਰ ਸਮਾਨ ਹੁੰਦੀਆਂ ਹਨ।

2. ਪੰਜਾਬੀ ਸੱਭਿਆਚਾਰ ਕੇਵਲ ਗਿੱਧੇ-ਭੰਗੜੇ ਦਾ ਸੱਭਿਆਚਾਰ ਹੀ ਨਹੀਂ, ਜਿਸ ਤਰ੍ਹਾਂ ਕਿ ਕੁਝ ਲੋਕ ਕਹਿੰਦੇ ਹਨ। ਇਹ ਤਾਂ ਬਹੁਤ ਚੇਤਨ, ਉਸਾਰੀ ਤੇ ਕਰਨੀ-ਪ੍ਰਧਾਨ ਸੱਭਿਆਚਾਰ ਹੈ ਜਿਸ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਅੱਜ ਦਾ ਪੰਜਾਬੀ ਅਜਿਹੇ ਚੇਤਨ ਸੱਭਿਆਚਾਰ ਤੋਂ ਖਿਸਕਿਆ ਹੋਇਆ ਹੈ। ਇਸੇ ਕਰਕੇ ਉਹ ਇਸ ਪ੍ਰਤਿ ਚਿਤੰਨ ਅਤੇ ਵਫ਼ਾਦਾਰ ਨਹੀਂ ਹੈ। ਪੰਜਾਬੀ ਸੱਭਿਆਚਾਰ ਚੇਤਨ ਪੱਧਰ 'ਤੇ ਆਪਣੇ ਵਿੱਚ ਬਹੁਤ ਕੁਝ ਸਮੇਟੀ ਬੈਠਾ ਹੈ। ਪੰਜ ਨਦੀਆਂ ਦਾ ਦੇਸ ਪੰਜਾਬ ਸ਼ੁਰੂ ਤੋਂ ਹੀ ਹਮਲਾਵਰਾਂ ਦਾ ਰਾਹ ਬਣਿਆ ਰਿਹਾ ਹੈ ਜਿਨ੍ਹਾਂ ਨਾਲ਼ ਪੰਜਾਬੀ ਸਦਾ ਜੂਝਦਾ ਰਿਹਾ ਤੇ ਜਿੱਤਾਂ ਹਾਸਲ ਕਰਦਾ ਰਿਹਾ ਹੈ। ਬਹਾਦਰੀ, ਅਣਖ ਤੇ ਆਪਾ ਵਾਰਨ ਦੀ ਸਮਰੱਥਾ ਇਸ ਦੇ ਸੱਭਿਆਚਾਰ ਦਾ ਇੱਕ ਅਟੁੱਟ ਹਿੱਸਾ ਰਿਹਾ ਹੈ। ਪੰਜਾਬੀ ਸੱਭਿਆਚਾਰ 'ਚ ਭਾਈ ਕਨ੍ਹੱਈਆ ਦੁਸ਼ਮਣਾਂ ਨੂੰ ਪਾਣੀ ਪਿਆਉਂਦਾ ਹੈ, ਲਾਲਾ ਲਾਜਪਤ ਰਾਏ ਤੇ ਭਗਤ ਸਿੰਘ ਦੇਸ-ਭਗਤੀ ਦਾ ਜਜ਼ਬਾ ਪ੍ਰਗਟਾਉਂਦੇ ਹਨ। ਕਵੀ ਪ੍ਰੋ. ਪੂਰਨ ਸਿੰਘ ਨੂੰ ਰਾਂਝਾ ਤੇ ਹੀਰ ਗੁਰੂ ਦੇ ਸਿੱਖ ਜਾਪਦੇ ਹਨ, ਉਸ ਨੂੰ ਪੰਜਾਬ ਦੇ ਦਰਿਆ ਜਾਪੁ ਸਾਹਿਬ ਗਾਉਂਦੇ ਪ੍ਰਤੀਤ ਹੁੰਦੇ ਹਨ। ਕਿਸਾਨ ਖੇਤਾਂ ਵਿੱਚ ਅੰਨ ਉਪਜਾਉਂਦਾ ਹੈ ਤੇ ਪੂਰੇ ਭਾਰਤਵਾਸੀਆਂ ਦਾ ਢਿੱਡ ਭਰਦਾ ਹੈ। ਲਗਨ, ਮਿਹਨਤ, ਸੰਕਟ ਵਿੱਚ ਵੀ ਭਰੋਸਾ, ਚੜ੍ਹਦੀ ਕਲਾ, ਸ਼ਾਸਤਰ ਤੇ ਸ਼ਸਤਰ ਪ੍ਰਤਿ ਪ੍ਰਤਿਬੱਧਤਾ, ਕੌਮਾਂਤਰੀ ਪਰਿਪੇਖ ਪ੍ਰਤਿ ਜਾਗਰੂਕਤਾ ਆਦਿ। ਕਈ ਲੋਕ ਪੰਜਾਬੀ ਸੱਭਿਆਚਾਰ ਦੀ ਤਸਵੀਰ ਦਾ ਹਾਲੇ ਧੁੰਦਲ਼ਾ ਪੱਖ ਹੀ ਉਸਾਰਦੇ ਹਨ। ਸੋ,ਲੋੜ ਹੈ ਇਸ ਨੂੰ ਸਮਝਣ ਦੀ, ਇਸ ਪ੍ਰਤਿ ਚਿਤੰਨ ਹੋਣ ਦੀ ਤੇ ਇਸ ਨੂੰ ਅਪਣਾਉਣ ਦੀ।

**ਸਿਰਲੇਖ :—** ਪੰਜਾਬੀ ਸੱਭਿਆਚਾਰ

**ਸੰਖੇਪ ਰਚਨਾ :—**ਪੰਜਾਬੀ ਸੱਭਿਆਚਾਰ ਕੇਵਲ 'ਗਿੱਧੇ-ਭੰਗੜੇ' ਵਾਲ਼ਾ ਸੱਭਿਆਚਾਰ ਨਾ ਹੋ ਕੇ ਇੱਕ ਬਹੁਤ ਹੀ ਚੇਤਨ ਤੇ 'ਕਰਨੀ-ਪ੍ਰਧਾਨ ਸੱਭਿਆਚਾਰ' ਹੈ। ਆਦਿ-ਕਾਲ ਤੋਂ ਹੀ ਪੰਜਾਬੀ ਸੱਭਿਆਚਾਰ ਹਮਲਾਵਰਾਂ ਨਾਲ਼ ਜੂਝਦਾ ਅਤੇ ਜਿੱਤਾਂ ਹਾਸਲ ਕਰਦਾ ਰਿਹਾ ਹੈ। ਇਹ ਅਣਖ, ਆਪਾ ਵਾਰਨ, ਚੜ੍ਹਦੀ ਕਲਾ, ਦੇਸ-ਭਗਤੀ ਆਦਿ ਦੀਆਂ ਮਿਸਾਲਾਂ ਕਾਇਮ ਕਰਦਾ ਰਿਹਾ ਹੈ ਪਰ ਕਈ ਲੋਕ ਇਸ ਸੱਭਿਆਚਾਰ ਦੀ ਸਹੀ ਤਸਵੀਰ ਨਹੀਂ ਉਸਾਰਦੇ। ਸੋ,ਇਸ ਨੂੰ ਸਹੀ ਰੂਪ ਵਿੱਚ ਪੇਸ਼ ਕਰਨ ਤੇ ਅਪਣਾਉਣ ਦੀ ਲੋੜ ਹੈ।.

3. ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ। ਘਰ ਤੋਂ ਭਾਵ ਉਹ ਥਾਂ ਹੈ ਜਿੱਥੇ ਮਨੁੱਖ ਦਾ ਪਿਆਰ ਤੇ ਸੱਧਰਾਂ ਪਲ਼ਦੀਆਂ ਹਨ, ਜਿੱਥੇ ਬਾਲਪਣ ਵਿੱਚ ਮਾਂ, ਭੈਣ ਤੇ ਭਰਾ ਕੋਲ਼ੋਂ ਲਾਡ ਲਿਆ ਹੁੰਦਾ ਹੈ, ਜਿੱਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ, ਲਿਤਾੜ ਕੇ, ਖੱਟੀ ਕਮਾਈ ਕਰਕੇ ਮੁੜ ਘਰ ਆਉਣ ਤੇ ਝਮੇਲਿਆਂ ਤੋਂ ਮਿਲ਼ੀ ਵਿਹਲ ਨੂੰ ਅਰਾਮ ਨਾਲ਼ ਕੱਟਣ ਵਿੱਚ ਇਉਂ ਸੁਆਦ ਆਉਂਦਾ ਹੈ, ਜਿਵੇਂ ਬਚਪਨ ਵਿੱਚ ਮਾਂ ਦੀ ਲੋਰੀ ਵਿੱਚ ਆਉਂਦਾ ਸੀ । ਘਰ ਮਨੁੱਖ

ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਹੁੰਦਾ ਹੈ। ਉਸ ਦੇ ਆਚਰਨ ਨੂੰ ਬਣਾਉਣ ਵਿੱਚ ਜਿੱਥੇ ਸਮਾਜਿਕ ਤੇ ਮੁਲਕੀ ਆਲ਼ੇ-ਦੁਆਲ਼ੇ ਦਾ ਅਸਰ ਕੰਮ ਕਰਦਾ ਹੈ, ਉੱਥੇ ਘਰ ਦੀ ਚਾਰ-ਦਿਵਾਰੀ ਅਤੇ ਇਸ ਦੇ ਅੰਦਰ ਦੇ ਹਾਲਾਤ ਵੀ ਘੱਟ ਕੰਮ ਨਹੀਂ ਕਰਦੇ ਸਗੋਂ ਮਨੁੱਖ ਦਾ ਆਚਰਨ ਬਣਦਾ ਹੀ ਘਰ ਵਿੱਚ ਹੈ। ਇਹ ਉਸ ਦੀਆਂ ਰੁਚੀਆਂ ਅਤੇ ਸੁਭਾਅ ਦਾ ਸਾਂਚਾ ਹੈ। ਕਈ ਵਾਰੀ ਜਦੋਂ ਮੈਂ ਕਿਸੇ ਸੱਜਣ ਨੂੰ ਕੌੜੇ, ਸੜੀਅਲ ਜਾਂ ਖਿਝੂ ਸੁਭਾਅ ਵਾਲ਼ਾ ਦੇਖਦਾ ਹਾਂ ਤਾਂ ਮੈਂ ਦਿਲ ਵਿੱਚ ਕਹਿੰਦਾ ਹਾਂ– 'ਇਸ ਵਿਚਾਰੇ ਨੂੰ ਘਰ ਦਾ ਪਿਆਰ ਨਹੀਂ ਮਿਲ਼ਿਆ ਹੋਣਾ।'

**ਸਿਰਲੇਖ :—** ਘਰ ਦਾ ਪਿਆਰ

**ਸੰਖੇਪ ਰਚਨਾ :—**ਘਰ ਸਿਰਫ਼ ਇੱਟਾਂ-ਵੱਟਿਆਂ ਦੀ ਇਮਾਰਤ ਨਹੀਂ ਹੁੰਦਾ ਸਗੋਂ ਇੱਥੇ ਮਨੁੱਖ ਦਾ ਪਿਆਰ ਅਤੇ ਸੱਧਰਾਂ ਪਲ਼ਦੀਆਂ ਹਨ। ਇੱਥੇ ਉਸ ਨੂੰ ਬਚਪਨ ਵਿੱਚ ਲਾਡ-ਪਿਆਰ ਮਿਲ਼ਦਾ ਹੈ ਅਤੇ ਜੁਆਨੀ ਵਿੱਚ ਸਾਰਾ ਜਹਾਨ ਗਾਹ ਕੇ ਇੱਥੇ ਪਰਤਣ ਲਈ ਉਸ ਦਾ ਜੀਅ ਲੋਚਦਾ ਰਹਿੰਦਾ ਹੈ। ਉਸਦੀ ਆਚਰਨ-ਉਸਾਰੀ ਵਿੱਚ ਸਮਾਜਿਕ ਆਲ਼ੇ-ਦੁਆਲ਼ੇ ਦੇ ਨਾਲ਼ ਘਰ ਦਾ ਵੀ ਅਸਰ ਹੁੰਦਾ ਹੈ। ਘਰ ਦੇ ਪਿਆਰ ਤੋਂ ਸੱਖਣਾ ਆਦਮੀ ਕੌੜਾ, ਖਿਝੂ ਤੇ ਸੜੀਅਲ ਸੁਭਾਅ ਦਾ ਹੁੰਦਾ ਹੈ।

4. ਸਮਾਂ ਇੱਕ ਮਹਾਨ ਖ਼ਜ਼ਾਨਾ ਹੈ। ਅਮਰੀਕਾ, ਜਪਾਨ ਵਿੱਚ ਮੀਂਹ ਹੋਵੇ, ਹਨੇਰੀ ਹੋਵੇ, ਠੰਢ ਹੋਵੇ, ਗਰਮੀ ਹੋਵੇ, ਅੱਠ ਘੰਟੇ ਹਰ ਕੋਈ ਡਟ ਕੇ ਕੰਮ ਕਰਦਾ ਹੈ। ਦਫ਼ਤਰਾਂ ਵਿੱਚ, ਖੇਤਾਂ ਵਿੱਚ, ਕਾਰਖ਼ਾਨਿਆਂ ਵਿੱਚ ਵਿਸ਼ੇਸ਼ ਛੁੱਟੀਆਂ ਸਾਲ ਵਿੱਚ ਮਸਾਂ ਚਾਰ-ਪੰਜ ਹੁੰਦੀਆਂ ਹਨ। ਸਾਡੇ ਦੇਸ ਵਿੱਚ ਕਿੰਨੀਆਂ ਹੀ ਛੁੱਟੀਆਂ, ਕਿੰਨੇ ਥੋੜ੍ਹੇ ਘੰਟੇ ਕੰਮ, ਕਿੰਨਾ ਬੇਦਿਲਾ ਕੰਮ ਤੇ ਫੇਰ ਸਵੇਰੇ-ਸ਼ਾਮ ਧਾਰਮਿਕ ਸਥਾਨਾਂ ਵਿੱਚ ਸ਼ਰਧਾਲੂਆਂ ਦੇ ਇਕੱਠ, ਸਾਧੂਆਂ ਦੀ ਨਿੱਤ-ਫੇਰੀ, ਮਰਨੇ-ਜੰਮਣੇ ਤੇ ਵਿਆਹ ਆਦਿ। ਕਿਸੇ ਹੋਰ ਦੇਸ ਵਿੱਚ ਇਹਨਾਂ ਗੱਲਾਂ ਉੱਤੇ ਸਮਾਂ ਬਰਬਾਦ ਨਹੀਂ ਕੀਤਾ ਜਾਂਦਾ। ਲਾਊਡਸਪੀਕਰਾਂ ਉੱਤੇ ਦਿਨ-ਰਾਤ ਧਰਮ ਦੀ ਥਾਂ ਵਹਿਮ-ਭਰਮ ਜ਼ਿਆਦਾ ਪ੍ਰਚਾਰੇ ਜਾਂਦੇ ਹਨ । ਹੋਰਨਾਂ ਦੇਸਾਂ ਵਿੱਚ ਭਾਵੇਂ ਕਿੰਨੀ ਵੀ ਬਰਫ਼ ਜੰਮੀ ਹੋਵੇ, ਕਾਮੇ ਪੂਰੇ ਅੱਠ ਵਜੇ ਆਪਣੇ ਕੰਮ ਉੱਤੇ ਪਹੁੰਚ ਜਾਂਦੇ ਹਨ। ਬਾਰਾਂ ਵਜੇ ਤੱਕ ਡਟ ਕੇ ਕੰਮ ਕੀਤਾ ਜਾਂਦਾ ਹੈ। ਕੰਮ ਦੇ ਸਮੇਂ ਵਿਚਕਾਰ ਇੱਕ ਘੰਟਾ ਖਾਣਾ ਖਾ ਕੇ ਫਿਰ ਪੰਜ ਵਜੇ ਤੱਕ ਅਣਥੱਕ ਮਿਹਨਤ ਕੀਤੀ ਜਾਂਦੀ ਹੈ। ਇਸ ਕਾਰਨ ਕਿਹਾ ਜਾ ਸਕਦਾ ਹੈ ਕਿ ਉੱਥੇ ਕੰਮ-ਸੱਭਿਆਚਾਰ ਪ੍ਰਫੁਲਿਤ ਹੋ ਚੁੱਕਾ ਹੈ। ਇਹੀ ਕਾਰਨ ਹੈ ਕਿ ਉਹਨਾਂ ਦੀ ਪੈਦਾਵਾਰ ਸਾਡੇ ਨਾਲ਼ੋਂ ਕਈ ਗੁਣਾ ਵਧੇਰੇ ਹੁੰਦੀ ਹੈ।

**ਸਿਰਲੇਖ :—** ਸਮੇਂ ਦੀ ਕਦਰ ਜਾਂ ਕੰਮ-ਸੱਭਿਆਚਾਰ

**ਸੰਖੇਪ ਰਚਨਾ :—**ਵਿਦੇਸ਼ਾਂ ਵਿੱਚ ਹਰ ਮੌਸਮ ਵਿੱਚ ਰੋਜ਼ਾਨਾ ਅੱਠ ਘੰਟੇ ਕੰਮ ਹੁੰਦਾ ਹੈ। ਉੱਥੇ ਸਾਡੇ ਦੇਸ ਵਾਂਗ ਵਧੇਰੇ ਛੁੱਟੀਆਂ ਮਨਾ ਕੇ, ਧਾਰਮਿਕ ਕੰਮਾਂ, ਜਨਮ-ਮਰਨ ਤੇ ਵਿਆਹਾਂ ਦੇ ਮੌਕੇ ਸਮੇਂ ਦੀ ਬਰਬਾਦੀ ਨਹੀਂ ਕੀਤੀ ਜਾਂਦੀ। ਵਕਤ ਦੀ ਕਦਰ, ਅਣਥੱਕ ਮਿਹਨਤ ਅਤੇ ਕੰਮ-ਸੱਭਿਆਚਾਰ ਕਾਰਨ ਹੀ ਉੱਥੇ ਪੈਦਾਵਾਰ ਸਾਡੇ ਦੇਸ ਨਾਲ਼ੋਂ ਕਈ ਗੁਣਾ ਵਧੇਰੇ ਹੁੰਦੀ ਹੈ।

5. ਕਿਸੇ ਵਿਅਕਤੀ ਨੂੰ ਉਸ ਦੀ ਗ਼ਲਤੀ ਦਾ ਅਹਿਸਾਸ ਵੀ ਉਹ ਹੀ ਕਰਵਾ ਸਕਦਾ ਹੈ ਜਿਸ ਨੂੰ ਉਸ ਦੇ ਵਿਗੜਨ ਦਾ ਦੁੱਖ ਹੈ ਅਤੇ ਉਹ ਵਿਗੜੇ ਨੂੰ ਸੁਧਾਰਨ ਦੀ ਲੋੜ ਸਮਝਦਾ ਹੈ। ਜਿਹੜਾ ਉਸ ਦੀ ਤਰੱਕੀ ਦਾ ਚਾਹਵਾਨ ਹੈ, ਉਸ ਦਾ ਭਲਾ ਸੋਚਦਾ ਹੈ। ਉਹ ਉਸ ਨੂੰ ਠੁੰਮ੍ਹਣਾ ਦੇਵੇ, ਅਹਿਸਾਸ ਕਰਵਾਏ ਕਿ ਚਿੱਕੜ ਵਿਚੋਂ ਬਾਹਰ ਆ ਜਾ। ਉਸ ਨੂੰ ਹੌਸਲਾ ਦੇਵੇ ਕਿ ਅਜੇ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਉਸ ਲਈ ਘਰ ਦੇ ਬੂਹੇ ਬੰਦ ਨਹੀਂ—'ਭੁੱਲਾ ਉਹ ਨਾ ਜਾਣੀਏ ਜੋ ਮੁੜ ਘਰ ਆਵੇ।' ਉਹ ਥੋੜ੍ਹਾ ਜਿਹਾ ਵੀ ਹੁੰਗਾਰਾ ਭਰੇ ਤਾਂ ਉਸ ਦੀ ਬਾਂਹ ਫੜ ਲਈ ਜਾਵੇ। ਉਸਨੂੰ ਅਹਿਸਾਸ ਕਰਵਾਇਆ ਜਾਵੇ ਕਿ ਉਹ ਬਹੁਤ ਕੁਝ ਕਰ ਸਕਦਾ ਹੈ। ਕਿਸੇ ਗ਼ਲਤੀ 'ਤੇ ਇਹ ਅਹਿਸਾਸ ਨਾ ਕਰਵਾਇਆ ਜਾਵੇ ਕਿ ਉਸ ਨੇ ਤਾਂ ਨੱਕ ਵਢਾ ਦਿੱਤਾ ਹੈ, ਕੋਈ ਕਿਸੇ ਨੂੰ ਮੂੰਹ ਵਿਖਾਉਣ ਜੋਗਾ ਹੀ ਨਹੀਂ ਰਿਹਾ ਸਗੋਂ ਗ਼ਲਤੀ ਸੁਧਾਰਨ ਦੇ ਮੌਕੇ 'ਤੇ ਸਾਧਨ ਦਿੱਤੇ ਜਾਣ, ਰਾਹ ਦਿੱਤਾ ਜਾਵੇ ਅੱਗੇ ਵਧਣ ਦਾ; ਕਿਉਂਕਿ ਨਾ ਕੋਈ ਦੇਵਤਾ ਜੰਮਦਾ ਹੈ ਤੇ ਨਾ ਦੈਂਤ। ਬੱਸ ਸੁਧਾਰ ਲਈ ਉੱਦਮ ਕਰਨ ਦੀ ਲੋੜ ਹੁੰਦੀ ਹੈ।

**ਸਿਰਲੇਖ :—** ਵਿਗੜੇ ਦਾ ਸੁਧਾਰ

**ਸੰਖੇਪ ਰਚਨਾ :—**ਵਿਗੜੇ ਹੋਏ ਨੂੰ ਸੁਧਾਰਨ ਦਾ ਕੰਮ ਉਸ ਦਾ ਹਮਦਰਦ ਹੀ ਕਰ ਸਕਦਾ ਹੈ ਜਿਹੜਾ ਉਸ ਦੇ ਨੁਕਸਾਂ ਨੂੰ ਅੱਖੋਂ ਪਰੋਖੇ ਕਰ ਕੇ ਉਸ ਅੰਦਰਲੀ ਊਰਜਾ ਨੂੰ ਸਹੀ ਦਿਸ਼ਾ ਪ੍ਰਦਾਨ ਕਰੇ। ਜਿਹੜਾ ਇਸ ਗੱਲ ਵਿੱਚ ਯਕੀਨ ਰੱਖਦਾ ਹੋਵੇ ਕਿ ਬੁਰਾਈ ਜਾਂ ਚੰਗਿਆਈ ਜਨਮ ਤੋਂ ਨਹੀਂ ਹੁੰਦੀ। ਬੁਰਾਈ ਨੂੰ ਸੁਧਾਰਨ ਲਈ ਉੱਦਮ ਦੀ ਲੋੜ ਹੁੰਦੀ ਹੈ।

6. ਆਰਮ ਸਟਰਾਂਗ ਅਤੇ ਉਸ ਦੇ ਸਾਥੀ ਜਿਹੜੇ ਪਹਿਲਾਂ ਚੰਨ ’ਤੇ ਜਾ ਕੇ ਉੱਤਰੇ ਸਨ, ਉਹ ਜਦ ਵਾਪਸ ਆਏ ਤਾਂ ਉਹਨਾਂ ਨੂੰ ਕਿਸੇ ਨੇ ਪੁੱਛਿਆ ਕਿ ਕਿਹੜੇ ਸਾਇੰਸਦਾਨ ਨੇ ਤਹਾਨੂੰ ਚੰਨ ’ਤੇ ਪਹੁੰਚਾਇਆ ਸੀ ਤਾਂ ਉਹਨਾਂ ਦਾ ਜਵਾਬ ਸੀ, ‘ਨਿਊਟਨ ਨੇ’। ਜੇ ਨਿਊਟਨ ਦੇ ਕੱਢੇ ਕੁਦਰਤੀ ਨਿਯਮ ਨਾ ਹੁੰਦੇ ਤਾਂ ਬਾਕੀ ਖੋਜ ਕਿਸ ਤਰ੍ਹਾਂ ਹੁੰਦੀ ? ਪੰਜਾਬੀ ਵਿੱਚ ਕਹਾਵਤ ਹੈ ਕਿ ‘ਬੂੰਦ-ਬੂੰਦ ਨਾਲ਼ ਦਰਿਆ ਭਰਦਾ ਹੈ।’ ਇੱਕ ਆਦਮੀ ਤਜਰਬੇ ਅਤੇ ਵਿਚਾਰਾਂ ਕਰਕੇ ਕੁਝ ਗਿਆਨ ਪ੍ਰਾਪਤ ਕਰਦਾ ਹੈ, ਦੂਜਾ ਉਹਨਾਂ ’ਤੇ ਖੜ੍ਹਾ ਹੋ ਕੇ ਇਹਨਾਂ ਤਜਰਬਿਆਂ ਅਤੇ ਵਿਚਾਰਾਂ ਦੀ ਲੜੀ ਜਾਰੀ ਰੱਖਦਾ ਹੈ। ਹਿਮਾਲਿਆ ਦੀਆਂ ਸਿਖਰਾਂ ਨੂੰ ਛੂੰਹਦਾ ਹੈ। ਇਨਸਾਨ ਨੇ ਕੁਝ ਸਦੀਆਂ ਵਿੱਚ ਬੇਅੰਤ ਤਰੱਕੀ ਕੀਤੀ ਹੈ। ਕਿੱਥੇ ਖੁੰਦਰਾਂ ਵਿੱਚ ਰਹਿਣ ਵਾਲ਼ਾ ਬਣ-ਮਾਣਸ ਅਤੇ ਕਿੱਥੇ ਪੰਜਾਹ-ਪੰਜਾਹ ਮੰਜ਼ਲੇ ਮਕਾਨਾਂ ਵਿੱਚ ਰਹਿਣ ਵਾਲ਼ਾ, ਲਜ਼ੀਜ਼ ਖਾਣੇ ਖਾਣ ਵਾਲ਼ਾ ਅਤੇ ਰੇਡੀਓ ਤੇ ਟੈਲੀਵੀਜ਼ਨ ਰਾਹੀਂ ਸਾਰੇ ਸੰਸਾਰ ਦੇ ਦ੍ਰਿਸ਼ ਦੇਖਣ ਵਾਲ਼ਾ, ਟੈਲੀਫ਼ੂਨ ਅਤੇ ਇੰਟਰਨੈੱਟ ਰਾਹੀਂ ਸੰਸਾਰ ਨਾਲ਼ ਜੁੜਨ ਵਾਲ਼ੀ ਸਥਿਤੀ ਵਿੱਚ ਪਹੁੰਚ ਗਿਆ ਹੈ ਅਤੇ ਅੱਗੋਂ ਇਹ ਵਿਕਾਸ ਦਿਨੋ-ਦਿਨ ਜਾਰੀ ਹੈ। ਅਨੁਮਾਨ ਨਹੀਂ ਲਾਇਆ ਜਾ ਸਕਦਾ ਕਿ ਇਹ ਵਿਕਾਸ ਕਿੱਥੇ ਤੱਕ ਪਹੁੰਚਣਾ ਹੈ।

**ਸਿਰਲੇਖ :—** ਵਿਗਿਆਨ ਅਤੇ ਮਨੁੱਖੀ ਵਿਕਾਸ

**ਸੰਖੇਪ ਰਚਨਾ :—**ਵਿਗਿਆਨ ਦੇ ਖੇਤਰ ਵਿੱਚ ਹਰ ਪ੍ਰਾਪਤੀ ਲਈ ਮੋਢੀ ਵਿਗਿਆਨੀਆਂ ਦਾ ਯੋਗਦਾਨ ਹੁੰਦਾ ਹੈ ਤੇ ਹਰ ਵਿਗਿਆਨੀ ਦੀਆਂ ਖੋਜਾਂ ਸਮੁੱਚੇ ਵਿਗਿਆਨ ਦੀ ਤਰੱਕੀ ਲਈ ਜ਼ੁੰਮੇਵਾਰ ਹਨ। ਪਿਛਲੇ ਕੁਝ ਅਰਸੇ ਤੋਂ ਮਨੁੱਖ ਨੇ ਵਿਗਿਆਨ ਦੇ ਖੇਤਰ ਵਿੱਚ ਬੇਅੰਤ ਤਰੱਕੀ ਕੀਤੀ ਹੈ। ਉਹ ਆਦਿਵਾਸੀ ਤੋਂ ਅਜੋਕੇ ਸੁੱਖ-ਸਾਧਨਾਂ ਵਾਲ਼ਾ ਮਨੁੱਖ ਬਣ ਗਿਆ ਹੈ। ਵਿਕਾਸ ਨਿਰੰਤਰ ਜਾਰੀ ਹੈ। ਭਵਿਖ ਵਿੱਚ ਮਨੁੱਖ ਦੀਆਂ ਪ੍ਰਾਪਤੀਆਂ ਦੀ ਕਲਪਨਾ ਕਰਨੀ ਔਖੀ ਹੈ।

## ਸੰਖੇਪ ਰਚਨਾ ਕਰਨ ਦੇ ਅਭਿਆਸ ਲਈ ਕੁਝ ਪੈਰੇ

**(1)** ਭਾਸ਼ਾ-ਸਿੱਖਿਆ ਦੀ ਦ੍ਰਿਸ਼ਟੀ ਤੋਂ ਭਾਸ਼ਣ-ਪ੍ਰਤਿਯੋਗਤਾ ਇੱਕ ਮਹੱਤਵਪੂਰਨ ਭਾਸ਼ਾ-ਕਿਰਿਆ ਹੈ। ਇਸ ਨਾਲ਼ ਵਿਦਿਆਰਥੀਆਂ ਦੀ ਪ੍ਰਗਟਾਅ-ਸ਼ਕਤੀ ਦਾ ਵਿਕਾਸ ਹੁੰਦਾ ਹੈ। ਵਿਚਾਰ-ਸ਼ਕਤੀ ਵਿੱਚ ਵਾਧਾ ਹੁੰਦਾ ਹੈ ਤੇ ਉਚਾਰਨ ਵਿੱਚ ਸੁਧਾਰ ਹੁੰਦਾ ਹੈ। ਭਾਸ਼ਣ ਦੇਣਾ ਇੱਕ ਕਲਾ ਹੈ ਜੋ ਸਧਾਰਨ ਵਾਰਤਾਲਾਪ ਤੋਂ ਭਿੰਨ ਹੈ। ਅੱਜ ਦਾ ਜੁਗ ਸਮਾਜਿਕ ਅਤੇ ਰਾਜਨੀਤਿਕ ਚੇਤਨਾ ਦਾ ਜੁਗ ਹੈ। ਭਾਰਤ ਵਿੱਚ ਲੋਕ-ਤੰਤਰੀ ਸ਼ਾਸਨ-ਪ੍ਰਨਾਲ਼ੀ ਹੈ। ਭਾਸ਼ਣ ਇੱਕ ਅਜਿਹਾ ਸਾਰਥਕ ਤੇ ਵਧੀਆ ਸਾਧਨ ਹੈ ਜਿਸ ਨਾਲ਼ ਵਿਅਕਤੀ ਆਪਣਾ ਦ੍ਰਿਸ਼ਟੀਕੋਣ ਪ੍ਰਭਾਵਸ਼ਾਲੀ ਢੰਗ ਦੁਆਰਾ ਪ੍ਰਸਤੁਤ ਕਰ ਸਕਦਾ ਹੈ ਅਤੇ ਜਨਤਾ ਨੂੰ ਆਪਣੇ ਪੱਖ ਵਿੱਚ ਕਰਨ ਵਿੱਚ ਸਫਲ ਹੋ ਸਕਦਾ ਹੈ। ਇਸ ਕਾਰਨ ਸਕੂਲਾਂ ਵਿੱਚ ਬੱਚਿਆਂ ਨੂੰ ਅਜਿਹੇ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ ਜਿਨ੍ਹਾਂ ਦੁਆਰਾ ਉਹ ਭਾਸ਼ਣ ਵਿੱਚ ਨਿਪੁੰਨ ਹੋ ਸਕਣ। ਭਾਸ਼ਣ-ਪ੍ਰਤਿਯੋਗਤਾ ਲਈ ਭਾਸ਼ਣ ਦੇ ਵੱਖ-ਵੱਖ ਵਿਸ਼ਿਆਂ ਨੂੰ ਪਹਿਲਾਂ ਤੋਂ ਹੀ ਨਿਰਧਾਰਿਤ ਕਰ ਲਿਆ ਜਾਣਾ ਚਾਹੀਦਾ ਹੈ ਅਤੇ ਨਾਲ਼ ਹੀ ਦੂਸਰੇ ਸਕੂਲਾਂ ਨੂੰ ਸੂਚਨਾ ਦੇ ਦਿੱਤੀ ਜਾਣੀ ਚਾਹੀਦੀ ਹੈ। ਨਿਸ਼ਚਿਤ ਸਮੇਂ ’ਤੇ ਜੱਜਾਂ ਦੀ ਮੌਜੂਦਗੀ ਵਿੱਚ ਭਾਸ਼ਣ-ਮੁਕਾਬਲੇ ਕਰਵਾਏ ਜਾਣੇ ਚਾਹੀਦੇ ਤੇ ਨਤੀਜੇ ਕੱਢੇ ਜਾਣੇ ਚਾਹੀਦੇ ਹਨ।

**(2)** ਗੁਰੂ ਨਾਨਕ ਦਾ ਉਪਦੇਸ਼ ਸਰਬ-ਸੰਸਾਰ ਲਈ ਸਾਂਝਾ ਤੇ ਪ੍ਰਾਣੀ-ਮਾਤਰ ਲਈ ਕਲਿਆਣਕਾਰੀ ਹੈ। ਉਹਨਾਂ ਦਾ ਸੁਨੇਹਾ ਹਰ ਇਨਸਾਨ ਅਤੇ ਸਮੁੱਚੇ ਤੌਰ ’ਤੇ ਇਨਸਾਨੀ ਸਮਾਜ ਲਈ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਪਹਿਲਾ ਉਪਦੇਸ਼ ਇਨਸਾਨ ਨੂੰ ਆਪਣੀ ਆਤਮਾ ਨੂੰ ਉੱਨਤ ਕਰਨ ਦਾ ਹੈ ਅਤੇ ਨਾਮ-ਦਾਨ ਤੇ ਇਸ਼ਨਾਨ ਇਸ ਦਾ ਸਾਧਨ ਦੱਸਿਆ ਹੈ। ਈਸ਼ਵਰ-ਭਗਤੀ, ਈਸ਼ਵਰ-ਸਿਮਰਨ ਨਾਲ਼ ਮਨ ਦੀ ਮੈਲ਼ ਕਟਦੀ ਹੈ ਤੇ ਆਤਮਾ ਆਪਣੇ ਸ਼ੁੱਧ ਰੂਪ ਵਿੱਚ ਵਿਦਮਾਨ ਹੁੰਦੀ ਹੈ। ਦੂਸਰਾ ਉਪਦੇਸ਼ ਗੁਰੂ ਨਾਨਕ ਦਾ ਇਹ ਹੈ ਕਿ ਸੰਸਾਰ ਅਤੇ ਸਮਾਜ ਤੋਂ ਕੱਟ ਹੋ ਕੇ, ਵੱਖਰੇ ਹੋ ਕੇ, ਕਿਸੇ ਵਿਅਕਤੀਗਤ ਆਤਮਾ ਦਾ ਵਿਕਾਸ, ਉੱਨਤੀ ਅਤੇ ਹੋਂਦ ਅਸੰਭਵ ਹੈ। ਗੁਰੂ ਨਾਨਕ ਦਾ ਇਹ ਉਪਦੇਸ਼ ਹੈ ਕਿ ਇਨਸਾਨ ਖ਼ੁਦਗਰਜ਼ੀ ਤੇ ਹਉਮੈ ਦੀ ਜਿੱਲ੍ਹਣ ਵਿੱਚੋਂ ਨਿਕਲ਼ ਕੇ ਪ੍ਰੇਮ ਤੇ ਸੇਵਾ ਦੇ ਸਾਧਨ ਦੁਆਰਾ ਸਾਂਝੀਵਾਲਤਾ ਦੀ ਟੀਸੀ ਉੱਤੇ ਪੁੱਜੇ ਤਾਂਜੋ ਵਿਸ਼ਵ ਅਥਵਾ ਸਾਰੀ ਇਨਸਾਨੀਅਤ ਦਾ ਕਲਿਆਣ ਹੋਵੇ।

**(3)** ਆਦਿ ਕਾਲ ਤੋਂ ਹੀ ਇਸ ਦੇਸ਼ ਵਿੱਚ, ਜੀਵਨ ਦੇ ਹਰ ਖੇਤਰ ਵਿੱਚ, ਅਸਧਾਰਨ ਵਿਅਕਤੀਆਂ ਦਾ ਪ੍ਰਕਾਸ਼ ਹੋਇਆ ਹੈ। ਸਾਡਾ ਇਤਿਹਾਸ ਅਜਿਹੇ ਮਹਾਨ ਲੋਕਾਂ ਦੇ ਨਾਂਵਾਂ ਨਾਲ਼ ਭਰਿਆ ਪਿਆ ਹੈ ਜਿਨ੍ਹਾਂ ਦੀ ਕਲਾ, ਸਾਹਿਤ, ਰਾਜਨੀਤੀ, ਵਿਗਿਆਨ ਅਤੇ ਦੂਜੇ ਖੇਤਰਾਂ ਵਿੱਚ ਮਹੱਤਵਪੂਰਨ ਦੇਣ ਰਹੀ ਹੈ। ਬਹੁਤ ਸਾਰੇ ਅਜਿਹੇ ਵਿਅਕਤੀ ਹੋਏ ਹਨ ਜਿਨ੍ਹਾਂ ਦੇ ਨਾਂਵਾਂ ਤੋਂ ਲੋਕੀਂ ਵਾਕਫ਼ ਹਨ ਪਰ ਜਿਨ੍ਹਾਂ ਦੇ ਜੀਵਨ-ਵਿਹਾਰ ਅਤੇ ਕੰਮ ਬਾਰੇ ਲੋਕਾਂ ਨੂੰ ਜਾਣਕਾਰੀ ਨਹੀਂ ਹੈ।

ਕਿਸੇ ਦੇਸ ਦਾ ਇਤਿਹਾਸ ਕਾਫ਼ੀ ਹੱਦ ਤੱਕ ਉਸ ਦੇ ਇਸਤਰੀ-ਪੁਰਸ਼ਾਂ ਦਾ ਇਤਿਹਾਸ ਹੁੰਦਾ ਹੈ। ਉਹਨਾਂ ਨੇ ਹੀ ਉਸ ਨੂੰ ਘੜਿਆ, ਸੁਆਰਿਆ ਅਤੇ ਉਸ ਦਾ ਵਿਕਾਸ ਕੀਤਾ ਹੁੰਦਾ ਹੈ। ਆਮ ਲੋਕਾਂ ਲਈ ਇਹ ਜ਼ਰੂਰੀ ਹੈ ਕਿ ਉਹ ਉਹਨਾਂ ਮਹਾਨ ਸ਼ਖ਼ਸੀਅਤਾਂ ਬਾਰੇ ਕੁਝ ਜਾਣਨ ਤਾਂਕਿ ਉਹ ਇਹ ਸਮਝ ਸਕਣ ਕਿ ਦੇਸ ਦਾ ਵਿਕਾਸ ਕਿਨ੍ਹਾਂ ਪੜਾਵਾਂ ਵਿੱਚੋਂ ਲੰਘ ਕੇ ਆਇਆ ਹੈ।

**(4)** ਤਾੜ ਪੱਤਰ ਨੂੰ ਉਬਾਲ਼ ਕੇ, ਸੋਖ ਕੇ ਜਾਂ ਕਿਸੇ ਹੋਰ ਚੀਕਨੀ ਚੀਜ਼ ਨਾਲ਼ ਰਗੜ ਕੇ ਉਹਨਾਂ ਨੂੰ ਚਮਕਾ ਲਿਆ ਜਾਂਦਾ ਸੀ। ਚਮਕਾਉਣ ਤੋਂ ਬਾਅਦ ਲੋਹੇ ਦੀ ਕਲਮ ਨਾਲ਼ ਉਹਨਾਂ 'ਤੇ ਅੱਖਰ ਉੱਕਰ ਦਿੱਤੇ ਜਾਂਦੇ ਸਨ ਫੇਰ ਕਾਲ਼ੀ ਸਿਆਹੀ ਲਿੱਪ ਦਿੱਤੀ ਜਾਂਦੀ ਸੀ ਜਿਹੜੀ ਉੱਕਰੀ ਹੋਈ ਥਾਂ ਵਿੱਚ ਭਰ ਦਿੱਤੀ ਜਾਂਦੀ ਸੀ ਅਤੇ ਬਾਕੀ ਦੀ ਚੀਕਨੀ ਚੀਜ਼ ਉਸ ਥਾਂ ਤੋਂ ਪੂੰਝ ਦਿੱਤੀ ਜਾਂਦੀ ਸੀ। ਲੋਹੇ ਦੀ ਕਲਮ ਨਾਲ਼ ਉੱਕਰਨ ਦਾ ਇਹ ਰਿਵਾਜ ਦੱਖਣ ਵਿੱਚ ਹੀ ਸੀ। ਉੱਤਰੀ ਭਾਰਤ ਅਤੇ ਪੂਰਬੀ ਭਾਰਤ ਵਿੱਚ ਉਹਨਾਂ 'ਤੇ ਉਸੇ ਤਰ੍ਹਾਂ ਲਿਖਿਆ ਜਾਂਦਾ ਸੀ, ਜਿਸ ਤਰ੍ਹਾਂ ਕਾਗ਼ਜ਼ਾਂ 'ਤੇ ਲਿਖਿਆ ਜਾਂਦਾ ਹੈ। ਇਹਨਾਂ ਪੱਤਿਆਂ ਦੀ ਲੰਬਾਈ ਕਦੇ-ਕਦੇ ਦੋ ਫੁੱਟ ਤੱਕ ਹੁੰਦੀ ਹੈ। ਸ਼ਾਂਤੀ-ਨਿਕੇਤਨ ਦੇ ਮਿਊਜ਼ੀਅਮ ਵਿੱਚ ਦੋਵੇਂ ਤਰ੍ਹਾਂ ਦੀਆਂ ਪੱਤਰੀਆਂ ਰੱਖੀਆਂ ਹੋਈਆਂ ਹਨ। ਕੁਝ ਵਿੱਚ ਸਿਰਫ਼ ਅੱਖਰ ਉੱਕਰ ਕੇ ਛੱਡ ਦਿੱਤੇ ਗਏ ਹਨ ਅਤੇ ਕੁਝ ਵਿੱਚ ਸਿਆਹੀ ਭਰੀ ਹੋਈ ਸੀ। ਸੰਸਕ੍ਰਿਤ ਵਿੱਚ 'ਲਿਪ' ਦਾ ਅਰਥ ਉੱਕਰਨਾ ਹੀ ਹੈ। 'ਲਿਪੀ' ਸ਼ਬਦ ਲਿਖਾਈ ਲਈ ਵਰਤਿਆ ਜਾਣ ਲੱਗਾ, ਇਸ ਦਾ ਕਾਰਨ ਵੀ ਸਿਆਹੀ ਲਿੱਪਣਾ ਹੀ ਹੈ। ਇਹਨਾਂ ਪੱਤਰਿਆਂ ਵਿੱਚ ਲਿਖਣ ਦੀ ਥਾਂ ਦੇ ਵਿਚਕਾਰ ਇੱਕ ਛੇਕ ਹੁੰਦਾ ਹੈ। ਜੇ ਪੱਤਰੇ ਬਹੁਤ ਲੰਮੇ ਹੋਣ ਤਾਂ ਦੋ ਛੇਕ ਵੀ ਕਰ ਦਿੱਤੇ ਜਾਂਦੇ ਸਨ। ਇਹਨਾਂ ਛੇਕਾਂ ਵਿੱਚ ਧਾਗਾ ਪਰੋ ਦਿੱਤਾ ਜਾਂਦਾ ਸੀ। ਬਾਅਦ ਵਿੱਚ ਕਾਗ਼ਜ਼ 'ਤੇ ਲਿਖੀਆਂ ਪੋਥੀਆਂ ਵਿੱਚ ਵੀ ਛੇਕ ਲਈ ਥਾਂ ਛੱਡ ਦਿੱਤੀ ਜਾਂਦੀ ਸੀ ਪਰ ਉਹਨਾਂ ਵਿੱਚ ਛੇਕ ਕੀਤਾ ਨਹੀਂ ਸੀ ਜਾਂਦਾ। ਧਾਗੇ ਵਿੱਚ ਬੰਨ੍ਹੇ ਹੋਏ (ਗ੍ਰੰਥਿਤ) ਹੋਣ ਕਰਕੇ ਹੀ ਪੋਥੀਆਂ ਲਈ 'ਗ੍ਰੰਥ' ਸ਼ਬਦ ਵਰਤਿਆ ਜਾਣ ਲੱਗਾ।

**(5)** ਵਿੱਦਿਆ ਪੜ੍ਹਨ ਨਾਲ਼ ਮਨ ਪ੍ਰਸੰਨ ਹੁੰਦਾ ਹੈ, ਗੱਲ-ਬਾਤ ਵਿੱਚ ਸਲੀਕਾ ਆਉਂਦਾ ਹੈ ਅਤੇ ਲਿਆਕਤ ਵੀ ਵਧਦੀ ਹੈ। ਵਿਹਲੇ ਸਮੇਂ ਵਿੱਦਿਆ ਪੜ੍ਹਨ ਦਾ ਮੁੱਖ ਉਪਯੋਗ ਉਸ ਦੁਆਰਾ ਅਨੰਦ ਪ੍ਰਾਪਤ ਕਰਨ ਵਿੱਚ ਹੁੰਦਾ ਹੈ। ਵਿੱਦਿਆ ਪੜ੍ਹਨ ਨਾਲ ਮਨੁੱਖ ਦੇ ਸੁਭਾਵਿਕ ਗੁਣ ਹੋਰ ਵਿਕਸਿਤ ਹੁੰਦੇ ਹਨ ਅਤੇ ਅਨੁਭਵ ਨਾਲ਼ ਖ਼ੁਦ ਵਿੱਦਿਆ ਦਾ ਅਭਿਆਸ ਪੂਰਨਤਾ ਨੂੰ ਪਹੁੰਚਦਾ ਹੈ। ਮਨੁੱਖ ਦੀ ਸੁਭਾਵਿਕ ਬੁੱਧ ਆਪਣੇ-ਆਪ ਉੱਗਣ ਵਾਲ਼ੇ ਬੂਟਿਆਂ ਵਾਂਗ ਹੈ। ਇਸ ਤਰ੍ਹਾਂ ਦੇ ਬੂਟਿਆਂ ਨੂੰ ਛਾਂਗਣ ਨਾਲ਼ ਜਿਸ ਤਰ੍ਹਾਂ ਉਹ ਵਧੇਰੇ ਬਲਵਾਨ ਹੁੰਦੇ ਹਨ, ਉਸੇ ਤਰ੍ਹਾਂ ਦਾ ਕੰਮ ਵਿੱਦਿਆ ਕਰਦੀ ਹੈ। ਵਿੱਦਿਆ ਪੜ੍ਹਨ ਨਾਲ਼ ਕਈ ਤਰ੍ਹਾਂ ਦੇ ਨਿਯਮ ਪਤਾ ਚੱਲਦੇ ਹਨ ਪਰੰਤੂ ਕਿਸੇ ਨਿਯਮ ਨੂੰ ਕਿੱਥੇ ਅਤੇ ਕਿਸ ਤਰ੍ਹਾਂ ਕੰਮ ਵਿੱਚ ਲਿਆਉਣਾ ਚਾਹੀਦਾ ਹੈ, ਇਹ ਅਨੁਭਵ ਨਾਲ਼ ਹੀ ਸਮਝ ਵਿੱਚ ਆਉਂਦਾ ਹੈ। ਮੂਰਖ ਲੋਕ ਵਿੱਦਿਆ ਦਾ ਨਿਰਾਦਰ ਕਰਦੇ ਹਨ ਅਤੇ ਬੁੱਧੀਮਾਨ ਲੋਕ ਉਸ ਨੂੰ ਕੰਮ ਵਿਚ ਲਿਆਉਂਦੇ ਹਨ। ਵਿੱਦਿਆ ਦਾ ਉਪਯੋਗ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ ? ਇਹ ਗੱਲ ਕੇਵਲ ਪੜ੍ਹਨ ਨਾਲ਼ ਹੀ ਨਹੀਂ ਜਾਣੀ ਜਾ ਸਕਦੀ, ਇਸ ਨੂੰ ਜਾਣਨ ਲਈ ਵਿੱਦਿਆ ਦੇ ਨਾਲ਼-ਨਾਲ਼ ਬੁੱਧੀ ਦੀ ਵੀ ਲੋੜ ਪੈਂਦੀ ਹੈ ਕਿਉਂਕਿ ਵਿੱਦਿਆ ਦਾ ਵਿਕਾਸ ਅਨੁਭਵ ਨਾਲ਼ ਹੁੰਦਾ ਹੈ। ਇਸ ਲਈ ਉਸ ਨੂੰ ਵਰਤੋਂ ਵਿੱਚ ਲਿਆਉਣ ਲਈ ਅਨੁਭਵ ਪ੍ਰਾਪਤ ਕਰਨਾ ਵੀ ਬਹੁਤ ਜ਼ਰੂਰੀ ਹੁੰਦਾ ਹੈ।

* * *

## ਅਧਿਆਇ—ਪੰਦਰਾਂ

# ਅਣਡਿੱਠਾ ਪੈਰਾ

ਅਣਡਿੱਠਾ ਪੈਰਾ ਤੋਂ ਭਾਵ ਉਸ ਪੈਰੇ ਤੋਂ ਹੈ ਜੋ ਪਰੀਖਿਆ ਵਿੱਚ, ਪਾਠ-ਕ੍ਰਮ ਵਿੱਚ ਨਿਯਤ ਪਾਠ-ਪੁਸਤਕਾਂ ਤੋਂ ਬਾਹਰੋਂ ਦਿੱਤਾ ਜਾਂਦਾ ਹੈ। ਪਰੀਖਿਆ ਵਿੱਚ ਅਣਡਿੱਠੇ ਪੈਰੇ ਦਾ ਪ੍ਰਸ਼ਨ ਇਸ ਲਈ ਦਿੱਤਾ ਜਾਂਦਾ ਹੈ ਤਾਂ ਜੋ ਵਿਦਿਆਰਥੀਆਂ ਦੀ ਕਿਸੇ ਵੀ ਰਚਨਾ ਦੇ ਅਰਥ-ਗ੍ਰਹਿਣ ਦੀ ਯੋਗਤਾ ਨੂੰ ਪਰਖਿਆ ਜਾ ਸਕੇ। ਇਸ ਲਈ ਪੈਰਾ ਦੇ ਕੇ ਉਸ ਬਾਰੇ ਕੁਝ ਪ੍ਰਸ਼ਨ ਪੁੱਛੇ ਜਾਂਦੇ ਹਨ। ਅਣਡਿੱਠੇ ਪੈਰੇ ਦੇ ਪ੍ਰਸ਼ਨ ਨੂੰ ਹੱਲ ਕਰਨ ਸੰਬੰਧੀ ਕੋਈ ਨਿਸ਼ਚਿਤ ਨਿਯਮ ਨਹੀਂ ਦਿੱਤੇ ਜਾ ਸਕਦੇ। ਲੋੜ ਕੇਵਲ ਉਸ ਪੈਰੇ ਨੂੰ ਧਿਆਨ ਨਾਲ਼ ਪੜ੍ਹ ਕੇ ਜਾਂ ਜੇ ਜ਼ਰੂਰਤ ਹੋਵੇ ਤਾਂ ਇੱਕ ਤੋਂ ਵਧੇਰੇ ਵਾਰ ਪੜ੍ਹ ਕੇ ਉਸ ਦੇ ਭਾਵ ਨੂੰ ਚੰਗੀ ਤਰ੍ਹਾਂ ਸਮਝਣ ਦੀ ਹੈ। ਪੈਰੇ ਦੇ ਅੰਤ ਵਿੱਚ ਦਿੱਤੇ ਪ੍ਰਸ਼ਨ ਉਸ ਪੈਰੇ ਬਾਰੇ ਹੁੰਦੇ ਹਨ। ਇਹਨਾਂ ਰਾਹੀਂ ਪਰੀਖਿਅਕ ਪਰੀਖਿਆਰਥੀ ਦੀ ਪੈਰੇ ਬਾਰੇ ਸਮਝ ਨੂੰ ਪਰਖਦਾ ਹੈ। ਜ਼ਰੂਰੀ ਨਹੀਂ ਹੈ ਕਿ ਹਰ ਪ੍ਰਸ਼ਨ ਦਾ ਉੱਤਰ ਪੈਰੇ ਵਿੱਚ ਬਣਿਆ-ਬਣਾਇਆ ਲੱਭ ਪਏ। ਥੋੜ੍ਹੇ ਜਿਹੇ ਯਤਨ ਨਾਲ਼ ਕਿਸੇ ਵੀ ਪ੍ਰਸ਼ਨ ਦਾ ਉੱਤਰ ਪੈਰੇ ਅਨੁਸਾਰ ਆਪਣੇ ਸ਼ਬਦਾਂ ਵਿੱਚ ਦਿੱਤਾ ਜਾ ਸਕਦਾ ਹੈ। ਅੱਗੇ ਅਭਿਆਸ ਲਈ ਕੁਝ ਅਣਡਿੱਠੇ ਪੈਰੇ ਦੇ ਕੇ ਉਹਨਾਂ ਬਾਰੇ ਪੁੱਛੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਹਨ। ਇਸ ਉਪਰੰਤ ਕੁਝ ਹੋਰ ਅਣਡਿੱਠੇ ਪੈਰੇ ਵਿਦਿਆਰਥੀਆਂ ਦੇ ਅਭਿਆਸ ਅਤੇ ਹੱਲ ਕਰਨ ਲਈ ਦਿੱਤੇ ਗਏ ਹਨ।

### ਹੱਲ ਕੀਤੇ ਪੈਰੇ

(1) ਗੱਲ-ਬਾਤ ਕਰ ਸਕਣ ਦੀ ਯੋਗਤਾ ਮਨੁੱਖੀ ਨਸਲ ਲਈ ਕੁਦਰਤ ਵਲੋਂ ਬਖ਼ਸ਼ਿਆ ਇੱਕ ਵਰਦਾਨ ਹੈ ਅਤੇ ਜਾਨਵਰ-ਜਗਤ ਵਿੱਚੋਂ ਇਹ ਤੋਹਫ਼ਾ ਮਨੁੱਖ ਦੇ ਹੀ ਹਿੱਸੇ ਆਇਆ ਹੈ। ਉਂਞ, ਜਾਨਵਰ ਵੀ ਵੱਖ-ਵੱਖ ਤਰ੍ਹਾਂ ਦੀਆਂ ਅਵਾਜ਼ਾਂ ਤੇ ਹਰਕਤਾਂ ਦੁਆਰਾ ਆਪਣੀਆਂ ਭਾਵਨਾਵਾਂ ਦਾ ਸੰਚਾਰ ਕਰਦੇ ਹਨ। ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨਾ ਜ਼ਿੰਦਗੀ ਦਾ ਇੱਕ ਅਟੁੱਟ ਅੰਗ ਹੈ। ਆਪਸੀ ਗੱਲ-ਬਾਤ ਕਰਨ ਤੋਂ ਬਿਨਾਂ ਜ਼ਿੰਦਗੀ ਖੜ੍ਹੇ ਪਾਣੀ ਵਾਂਗ ਹੈ। ਤੁਸੀਂ ਕਿਵੇਂ ਗੱਲ-ਬਾਤ ਕਰਦੇ ਹੋ, ਯਾਨੀ ਤੁਹਾਡਾ ਗੱਲ ਕਰਨ ਦਾ ਅੰਦਾਜ਼ ਤੇ ਲਹਿਜਾ ਕਿਹੋ-ਜਿਹਾ ਹੈ, ਇਸ ਦਾ ਤੁਹਾਡੇ ਸਮਾਜਿਕ ਜੀਵਨ 'ਤੇ ਸਿੱਧਾ ਪ੍ਰਭਾਵ ਪੈਂਦਾ ਹੈ, ਕਿਉਂਕਿ ਬੋਲ-ਬਾਣੀ ਤੁਹਾਡੇ ਪੂਰੇ ਆਪੇ ਨੂੰ ਉਘਾੜਦੀ ਹੈ । ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਤੁਹਾਡੀਆਂ ਸਫਲਤਾਵਾਂ ਤੇ ਅਸਫਲਤਾਵਾਂ ਦਾ ਤੁਹਾਡੀ ਬੋਲ-ਬਾਣੀ ਨਾਲ਼ ਸਿੱਧਾ ਸੰਬੰਧ ਹੈ। ਗੱਲ-ਬਾਤ ਰਾਹੀਂ ਕਈ ਸਮੱਸਿਆਵਾਂ ਹੱਲ ਹੁੰਦੀਆਂ ਹਨ ਅਤੇ ਸਭ ਤੋਂ ਵੱਧ ਦਿਮਾਗ਼ੀ ਭਾਰ ਹੌਲ਼ਾ ਹੁੰਦਾ ਹੈ। ਇਹੋ ਕਾਰਨ ਹੈ ਕਿ ਵਿਚਾਰਾਂ ਦੇ ਲੈਣ-ਦੇਣ ਨਾਲ਼ ਮਨੁੱਖ ਆਪਣੇ-ਆਪ ਨੂੰ ਹਲਕਾ-ਫੁਲਕਾ ਮਹਿਸੂਸ ਕਰਦਾ ਹੈ। ਮਨੋਵਿਗਿਆਨ ਦੱਸਦਾ ਹੈ ਕਿ ਇੱਕ-ਦੂਜੇ ਕੋਲ਼ ਆਪਣੇ ਮਨ ਦੀ ਗੁੱਥੀ ਖੋਲ੍ਹਣ ਨਾਲ਼ ਮਾਨਸਿਕ ਤਣਾਅ ਤੋਂ ਰਾਹਤ ਮਿਲ਼ਦੀ ਹੈ ਕਿਉਂਕਿ ਇਸ ਨਾਲ਼ ਮਨੁੱਖ ਦੀਆਂ ਕੁਝ ਸਮੱਸਿਆਵਾਂ ਸੁਤੇ-ਸਿੱਧ ਹੀ ਹੱਲ ਹੋ ਜਾਂਦੀਆਂ ਹਨ। ਮਨੋਵਿਗਿਆਨ ਇਹ ਵੀ ਦੱਸਦਾ ਹੈ ਕਿ ਵਧੇਰੇ ਚੁੱਪ ਰਹਿਣ ਵਾਲ਼ਾ ਵਿਅਕਤੀ ਆਮ ਤੌਰ 'ਤੇ ਕਿਸੇ ਮਾਨਸਿਕ ਉਲ਼ਝਣ ਦਾ ਸ਼ਿਕਾਰ ਹੁੰਦਾ ਹੈ। ਅਜਿਹਾ ਵਿਅਕਤੀ, ਸੁਭਾਵਿਕ ਹੀ, ਆਪਣੇ ਆਲ਼ੇ-ਦੁਆਲ਼ੇ ਵਿਆਕੁਲ ਕਰਨ ਵਾਲ਼ੀ ਚੁੱਪ ਦਾ ਮਾਹੌਲ ਪੈਦਾ ਕਰਦਾ ਹੈ ਜਦੋਂ ਕਿ ਅੱਛੀ ਤਰ੍ਹਾਂ ਗੱਲ-ਬਾਤ ਕਰਨ ਦੇ ਸਲੀਕੇ ਤੋਂ ਵਾਕਫ਼ ਵਿਅਕਤੀ ਦੀ ਸ਼ਖ਼ਸੀਅਤ ਵਿੱਚ ਚੁੰਬਕੀ ਖਿੱਚ ਹੁੰਦੀ ਹੈ ਅਤੇ ਉਹ ਆਪਣੇ ਆਲ਼ੇ-ਦੁਆਲ਼ੇ ਤੀਆਂ ਵਰਗੀਆਂ ਖ਼ੁਸ਼ੀਆਂ ਖਿਲਾਰਦਾ ਹੈ।

**ਉਪਰੋਕਤ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :—**

1. ਜਾਨਵਰ-ਜਗਤ ਵਿੱਚੋਂ ਮਨੁੱਖੀ ਨਸਲ ਲਈ ਕੁਦਰਤ ਨੇ ਕੀ ਵਰਦਾਨ ਬਖ਼ਸ਼ਿਆ ਹੈ ?
2. ਜਾਨਵਰ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਅ ਕਿਵੇਂ ਕਰਦੇ ਹਨ ?
3. ਤੁਹਾਡੇ ਗੱਲ ਕਰਨ ਦੇ ਅੰਦਾਜ਼ ਦਾ ਤੁਹਾਡੇ ਸਮਾਜਿਕ ਜੀਵਨ 'ਤੇ ਕੀ ਪ੍ਰਭਾਵ ਪੈਂਦਾ ਹੈ ?
4. ਮਨੋਵਿਗਿਆਨ ਅਨੁਸਾਰ ਮਾਨਸਿਕ ਤਣਾਅ ਤੋਂ ਰਾਹਤ ਕਿਵੇਂ ਮਿਲ਼ਦੀ ਹੈ ?

**ਪ੍ਰਸ਼ਨਾਂ ਦੇ ਉੱਤਰ :—**

1. ਗੱਲ-ਬਾਤ ਕਰ ਸਕਣ ਦੀ ਯੋਗਤਾ ਮਨੁੱਖੀ ਨਸਲ ਲਈ ਕੁਦਰਤ ਵਲੋਂ ਬਖ਼ਸ਼ਿਆ ਇੱਕ ਵਰਦਾਨ ਹੈ।

2. ਜਾਨਵਰ ਵੱਖ-ਵੱਖ ਤਰ੍ਹਾਂ ਦੀਆਂ ਅਵਾਜ਼ਾਂ ਤੇ ਹਰਕਤਾਂ ਦੁਆਰਾ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਅ ਕਰਦੇ ਹਨ।
3. ਤੁਹਾਡੀ ਗੱਲ-ਬਾਤ ਕਰਨ ਦੇ ਅੰਦਾਜ਼ ਅਤੇ ਲਹਿਜੇ ਦਾ ਤੁਹਾਡੇ ਸਮਾਜਿਕ ਜੀਵਨ 'ਤੇ ਸਿੱਧਾ ਪ੍ਰਭਾਵ ਪੈਂਦਾ ਹੈ ਕਿਉਂਕਿ ਬੋਲ-ਬਾਣੀ ਤੁਹਾਡੇ ਪੂਰੇ ਆਪੇ ਨੂੰ ਉਘਾੜਦੀ ਹੈ।
4. ਮਨੋਵਿਗਿਆਨ ਅਨੁਸਾਰ ਇੱਕ-ਦੂਜੇ ਕੋਲ਼ ਆਪਣੇ ਮਨ ਦੀ ਗੁੱਥੀ ਖੋਲ੍ਹਣ ਨਾਲ਼ ਮਾਨਸਿਕ ਤਣਾਅ ਤੋਂ ਰਾਹਤ ਮਿਲ਼ਦੀ ਹੈ ਕਿਉਂਕਿ ਇਸ ਨਾਲ਼ ਮਨੁੱਖ ਦੀਆਂ ਕੁਝ ਸਮੱਸਿਆਵਾਂ ਸੁਤੇ-ਸਿੱਧ ਹੀ ਹੱਲ ਹੋ ਜਾਂਦੀਆਂ ਹਨ।

(2) ਇੱਕ ਵਾਰੀ ਪੰਜਾਬੀ ਦੇ ਪ੍ਰਸਿੱਧ ਲੇਖਕ ਡਾ. ਟੀ.ਆਰ. ਸ਼ਰਮਾ ਪੰਜ ਹੋਰ ਅਧਿਆਪਕਾਂ ਨਾਲ਼ ਤਾਰਾਦੇਵੀ ਵਿਖੇ ਸਕਾਊਟਿੰਗ ਦਾ ਕੋਰਸ ਕਰਨ ਜਾ ਰਹੇ ਸਨ। ਰਸਤੇ ਵਿੱਚ ਉਹਨਾਂ ਦੀ ਮੁਲਾਕਾਤ ਡਾਕਟਰ ਰਾਧਾ ਕ੍ਰਿਸ਼ਨਨ ਨਾਲ਼ ਕਾਲਕਾ ਰੇਲਵੇ ਸਟੇਸ਼ਨ 'ਤੇ ਹੋ ਗਈ। ਉਹਨਾਂ ਦਿਨਾਂ ਵਿੱਚ ਉਹ ਉਪਰਾਸ਼ਟਰਪਤੀ ਸਨ। ਉਹਨਾਂ ਦੀ ਚੇਅਰ-ਕਾਰ, ਜਿਸ ਵਿੱਚ ਬੈਠ ਕੇ ਉਹਨਾਂ ਸ਼ਿਮਲੇ ਜਾਣਾ ਸੀ, ਤਕਨੀਕੀ ਖ਼ਰਾਬੀ ਕਰਕੇ ਕੁਝ ਦੇਰੀ ਨਾਲ਼ ਜਾਣੀ ਸੀ। ਸ੍ਰੀ ਰਾਧਾ ਕ੍ਰਿਸ਼ਨਨ ਇਕੱਲੇ ਹੀ ਪਲੇਟਫ਼ਾਰਮ ਤੇ ਖੜ੍ਹੇ ਸਨ। ਉਹਨਾਂ ਕੋਲੋਂ ਪੁੱਛ ਕੇ ਸਾਰੇ ਅਧਿਆਪਕ ਉਹਨਾਂ ਕੋਲ਼ ਚਲੇ ਗਏ। ਉਹਨਾਂ ਦੇ ਪੁੱਛਣ 'ਤੇ ਸਾਰੇ ਅਧਿਆਪਕਾਂ ਨੇ ਕਿਹਾ ਕਿ ਉਹ ਪੜ੍ਹਾਉਂਦੇ ਹਨ। ਉਹਨਾਂ ਮਜ਼ਾਕ ਨਾਲ਼ ਉਹਨਾਂ ਨੂੰ ਕਿਹਾ-ਤੁਸੀਂ ਪੜ੍ਹਾਉਂਦੇ ਹੋ ਪਰ ਮੈਂ ਅਜੇ ਸਿੱਖਦਾ ਹੀ ਹਾਂ, ਪੜ੍ਹਦਾ ਹੀ ਹਾਂ। ਇੱਕ ਅਧਿਆਪਕ ਨੇ ਕਿਹਾ - ਜੀ, ਗ਼ਰੀਬੀ ਲਾਹਨਤ ਹੈ। ਮੈਂ ਕੇਵਲ ਜੇ.ਬੀ.ਟੀ.ਹੀ ਕਰ ਸਕਿਆ ਹਾਂ, ਗ਼ਰੀਬੀ ਨੇ ਮੈਨੂੰ ਅੱਗੇ ਨਹੀਂ ਪੜ੍ਹਨ ਦਿੱਤਾ। ਉਹਨਾਂ ਨੇ ਆਪਣੀ ਇੱਕ ਕਹਾਣੀ ਸੁਣਾਉਂਦਿਆਂ ਕਿਹਾ, "ਮੇਰੀ ਮਾਂ ਨੇ ਇੱਕ ਦਿਨ ਮੈਨੂੰ ਕਿਹਾ-ਬੇਟਾ ਕ੍ਰਿਸ਼ਨਨ, ਮੈਂ ਚਾਵਲ ਬਣਾ ਦਿੱਤੇ ਹਨ ਤੇ ਦਾਲ਼ ਵੀ, ਪਰ ਅੱਜ ਸਾਡੇ ਘਰ ਪੰਜ ਪੈਸੇ ਵੀ ਨਹੀਂ ਹਨ ਜਿਨ੍ਹਾਂ ਨਾਲ਼ ਮੈਂ ਚਾਵਲ ਪਰੋਸਣ ਲਈ ਕੇਲੇ ਦੇ ਪੱਤੇ ਖ਼ਰੀਦ ਸਕਾਂ।" ਇਹ ਕਹਿੰਦਿਆਂ ਮਾਂ ਦੀਆਂ ਅੱਖਾਂ ਵਿੱਚੋਂ ਅੱਥਰੂ ਟਪਕਣ ਲੱਗ ਪਏ। ਉਦੋਂ ਬਾਲ ਰਾਧਾ ਕ੍ਰਿਸ਼ਨਨ ਨੇ ਬਾਲਟੀ ਪਾਣੀ ਦੀ ਲੈ ਕੇ ਰਸੋਈ ਦੇ ਫ਼ਰਸ਼ ਨੂੰ ਦੋ-ਤਿੰਨ ਵਾਰ ਚੰਗੀ ਤਰ੍ਹਾਂ ਸਾਫ਼ ਕੀਤਾ ਤੇ ਮਾਂ ਨੂੰ ਕਿਹਾ ਕਿ ਉਹ ਫ਼ਰਸ਼ ਉੱਤੇ ਹੀ ਚਾਵਲ ਪਰੋਸ ਦੇਣ। ਮਾਂ ਸੱਤ ਦਿਨ ਲਗਾਤਾਰ ਇਸ ਤਰ੍ਹਾਂ ਹੀ ਕਰਦੀ ਰਹੀ। ਡਾਕਟਰ ਸਾਹਿਬ ਨੇ ਸਮਝਾਇਆ ਕਿ ਗ਼ਰੀਬੀ ਵੱਲੋਂ ਸਿਖਾਏ ਸਬਕ ਮਿੱਠੇ ਅਤੇ ਲਾਹੇਵੰਦ ਹੁੰਦੇ ਹਨ। ਜਿਸ ਗ਼ਰੀਬੀ ਨੂੰ ਉਹ ਲਾਹਨਤ ਕਹਿੰਦੇ ਹਨ, ਉਸ ਨੂੰ ਸਖ਼ਤ ਮਿਹਨਤ ਕਰਕੇ ਵਰਦਾਨ ਵੀ ਬਣਾਇਆ ਜਾ ਸਕਦਾ ਹੈ।

**ਉਪਰੋਕਤ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :—**

1. ਅਧਿਆਪਕਾਂ ਨੇ ਤਾਰਾ ਦੇਵੀ ਕੀ ਕਰਨ ਜਾਣਾ ਸੀ ?
2. ਡਾ. ਰਾਧਾ ਕ੍ਰਿਸ਼ਨਨ ਨੇ ਚਾਵਲ ਪਰੋਸਣ ਲਈ ਕੀ ਕੀਤਾ ?
3. ਮਾਂ ਦੀਆਂ ਅੱਖਾਂ ਵਿੱਚੋਂ ਅੱਥਰੂ ਕਿਉਂ ਟਪਕਣ ਲੱਗੇ ?
4. ਗ਼ਰੀਬੀ ਨੂੰ ਵਰਦਾਨ ਕਿਵੇਂ ਬਣਾਇਆ ਜਾ ਸਕਦਾ ਹੈ ?

**ਪ੍ਰਸ਼ਨਾਂ ਦੇ ਉੱਤਰ :—**

1. ਅਧਿਆਪਕਾਂ ਨੇ ਸਕਾਊਟਿੰਗ ਦਾ ਕੋਰਸ ਕਰਨ ਲਈ ਤਾਰਾਦੇਵੀ ਜਾਣਾ ਸੀ।
2. ਡਾ. ਰਾਧਾ ਕ੍ਰਿਸ਼ਨਨ ਨੇ ਚਾਵਲ ਪਰੋਸਣ ਲਈ ਪਾਣੀ ਦੀ ਬਾਲਟੀ ਲੈ ਕੇ ਰਸੋਈ ਦੇ ਫ਼ਰਸ਼ ਨੂੰ ਦੋ-ਤਿੰਨ ਵਾਰ ਸਾਫ਼ ਕੀਤਾ।
3. ਕਿਉਂਕਿ ਉਹਨਾਂ ਕੋਲ਼ ਪੰਜ ਪੈਸੇ ਵੀ ਨਹੀਂ ਸਨ ਜਿਨ੍ਹਾਂ ਨਾਲ਼ ਚਾਵਲ ਪਰੋਸਣ ਲਈ ਕੇਲੇ ਦੇ ਪੱਤੇ ਖ਼ਰੀਦੇ ਜਾ ਸਕਦੇ।
4. ਗ਼ਰੀਬੀ ਨੂੰ ਸਖ਼ਤ ਮਿਹਨਤ ਰਾਹੀਂ ਵਰਦਾਨ ਬਣਾਇਆ ਜਾ ਸਕਦਾ ਹੈ।

(3) ਜਿਸ ਸਰੀਰ ਨੇ ਕਦੇ ਖੇਚਲ਼, ਮਿਹਨਤ ਤੇ ਕਸ਼ਟ ਦਾ ਮੂੰਹ ਨਹੀਂ ਵੇਖਿਆ, ਉਸ ਵਿੱਚ ਬਰਕਤ ਤੇ ਰੌਣਕ ਕਿਵੇਂ ਹੋ ਸਕਦੀ ਹੈ ? ਜਿਸ ਬਿਰਖ ਨੂੰ ਨਾ ਫੁੱਲ ਹੈ, ਨਾ ਫਲ਼ ਹੈ ਨਾ ਉਸ ਦੀ ਠੰਢੀ ਛਾਂ ਹੈ, ਆਮ ਕਰਕੇ ਉਹ ਬਾਲਣ ਬਣਾ ਕੇ ਚੁੱਲ੍ਹੇ ਵਿੱਚ ਫੂਕ ਦਿੱਤਾ ਜਾਂਦਾ ਹੈ। ਮਨੁੱਖੀ ਸਰੀਰ ਕੰਮ ਲਈ ਬਣਿਆ ਹੈ। ਕੰਮ ਨਾ ਕਰਨਾ ਸਰੀਰ ਦੇ ਗੁਣ ਨੂੰ ਅਕਾਰਥ ਗੁਆਉਣਾ ਹੈ। ਕੌਣ ਮੁੱਕਰ ਸਕਦਾ ਹੈ, ਇਸ ਗੱਲੋਂ ਕਿ ਜਿਹੜਾ ਸਰੀਰ ਮੁਸ਼ੱਕਤ ਵਿੱਚ ਨਹੀਂ ਪੈਂਦਾ, ਕਦੇ ਅਰੋਗ ਨਹੀਂ ਰਹਿ ਸਕਦਾ। ਇੱਕ ਪਾਸੇ ਲੋਕ ਹੱਥੀਂ ਕੰਮ ਕਰਨ ਤੋਂ ਭੱਜਦੇ ਹਨ ਤੇ ਦੂਸਰੇ ਪਾਸੇ ਸਰੀਰ ਨੂੰ ਠੀਕ ਰੱਖਣ ਲਈ ਕਸਰਤ ਕਰਦੇ ਹਨ ਜੋਕਿ ਵਿਹਲਾ ਕੰਮ ਹੈ ; ਇੱਕ ਤਰ੍ਹਾਂ ਦਾ ਮੀਸਣਾਪਣ ਹੈ—ਜ਼ੋਰ ਤੇ ਸਮਾਂ, ਜਿਸ ਨਾਲ਼ ਕੁਝ ਦੌਲਤ ਰਚੀ ਜਾ ਸਕਦੀ ਹੈ, ਉਸ ਨੂੰ ਦੂਜਿਆਂ ਲਈ ਵਰਤਣ ਦੀ ਥਾਂ ਖ਼ਾਸ ਆਪਣੇ ਬਣਾਉਟੀ ਸੁਆਰਥ ਲਈ ਵਰਤਣਾ। ਸਰੀਰ ਜੋ ਕੰਮ ਨਹੀਂ ਕਰਦਾ, ਕੁਦਰਤ ਤੋਂ ਉੱਕਾ ਵਿਰੁੱਧ ਹੈ ਕਿਉਂਕਿ ਕੰਮ ਹੀ ਸਰੀਰ ਦੇ ਸਾਰੇ ਅੰਗਾਂ ਨੂੰ ਅੱਛੀ ਤਰ੍ਹਾਂ ਕੁਦਰਤੀ ਹਿਲ-ਜੁਲ ਵਿੱਚ ਪਾ ਕੇ ਅਰੋਗ, ਸੁੰਦਰ ਤੇ ਸਡੌਲ ਰੱਖ ਸਕਦਾ ਹੈ।

**ਉਪਰੋਕਤ ਪੈਰੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :—**

1. ਕਿਹੜੇ ਸਰੀਰ ਵਿੱਚ ਬਰਕਤ ਤੇ ਰੌਣਕ ਨਹੀਂ ਹੁੰਦੀ ?
2. ਸਰੀਰ ਦੇ ਗੁਣ ਨੂੰ ਅਕਾਰਥ ਕਿਵੇਂ ਗੁਆਇਆ ਜਾਂਦਾ ਹੈ ?
3. ਮੁਸ਼ੱਕਤ ਨਾ ਕਰਨ ਵਾਲ਼ੇ ਦੇ ਸਰੀਰ 'ਤੇ ਕੀ ਪ੍ਰਭਾਵ ਪੈਂਦਾ ਹੈ ?
4. ਲੇਖਕ ਨੇ ਕਸਰਤ ਨੂੰ ਵਿਹਲਾ ਕੰਮ ਕਿਉਂ ਕਿਹਾ ਹੈ ?

**ਪ੍ਰਸ਼ਨਾਂ ਦੇ ਉੱਤਰ :—**

1. ਜਿਹੜੇ ਸਰੀਰ ਨੇ ਕਦੇ ਖੇਚਲ਼, ਮਿਹਨਤ ਅਤੇ ਕਸ਼ਟ ਦਾ ਮੂੰਹ ਨਹੀਂ ਵੇਖਿਆ ਹੁੰਦਾ ਹੈ।
2. ਜਦੋਂ ਕੰਮ ਕਰਨ ਲਈ ਬਣੇ ਸਰੀਰ ਤੋਂ ਕੰਮ ਨਹੀਂ ਲਿਆ ਜਾਂਦਾ।
3. ਅਜਿਹਾ ਸਰੀਰ ਅਰੋਗ ਨਹੀਂ ਰਹਿੰਦਾ।
4. ਕਸਰਤ ਕਰਨ ਵਿੱਚ ਜ਼ੋਰ ਤੇ ਸਮਾਂ ਲੱਗਦਾ ਹੈ ਪਰ ਇਸ ਨਾਲ਼ ਕੋਈ ਉਪਜ ਨਹੀਂ ਹੁੰਦੀ।

(4) ਸੰਵੇਦਨਸ਼ੀਲ ਮਨੁੱਖ ਨੇ ਭਾਵਕ ਹੋ ਕੇ ਗੁਲਾਬ ਦੇ ਫੁੱਲ ਨੂੰ ਪੁੱਛਿਆ—ਜਦੋਂ ਕੋਈ ਤੁਹਾਨੂੰ ਬੂਟੇ ਤੋਂ ਤੋੜ ਲੈਂਦਾ ਹੈ, ਪੱਤ-ਪੱਤ ਅੱਡ ਕਰ ਕੇ ਪੈਰਾਂ ਦੀ ਮਿੱਟੀ ਵਿੱਚ ਰੋਲ਼ ਦੇਂਦਾ ਹੈ ਤਾਂ ਕੀ ਤੁਸੀਂ ਦੁਖੀ ਨਹੀਂ ਹੁੰਦੇ ? ਗੁਲਾਬ ਨੇ ਕਿਹਾ—ਸਾਡਾ ਮਕਸਦ ਹੈ; ਖ਼ੂਬਸੂਰਤੀ ਵੰਡਣਾ। ਕਈ ਲੋਕਾਂ ਦਾ ਸੁਭਾਅ ਹੈ ਖ਼ੂਬਸੂਰਤੀ ਦਾ ਨਾਸ ਕਰਨਾ। ਅਸੀਂ ਆਪਣਾ ਮਕਸਦ ਜਾਣਦੇ ਹਾਂ, ਉਹ ਆਪਣਾ ਜਾਣਨ। ਅਜਿਹੇ ਬੰਦਿਆਂ ਨਾਲ਼ ਸਾਡਾ ਕੋਈ ਲੈਣ-ਦੇਣ ਨਹੀਂ। ਮਨੁੱਖ ਦੀ ਤਸੱਲੀ ਜਿਹੀ ਹੋ ਗਈ। ਫਿਰ ਉਸ ਦਾ ਧਿਆਨ ਤਿਤਲੀ ਵੱਲ ਗਿਆ। ਉਸ ਨੇ ਪੁੱਛਿਆ—ਜਦੋਂ ਬੱਚੇ ਤੁਹਾਨੂੰ ਪਕੜ ਲੈਂਦੇ ਹਨ, ਤੁਹਾਡੇ ਖੰਭ ਤੋੜ ਦੇਂਦੇ ਹਨ ਤਾਂ ਕੀ ਤੁਹਾਨੂੰ ਗ਼ੁੱਸਾ ਨਹੀਂ ਆਉਂਦਾ ? "ਨਹੀਂ, ਹਰਗਿਜ਼ ਨਹੀਂ, ਤਿਤਲੀ ਨੇ ਕਿਹਾ। ਬੱਚਿਆਂ ਅਤੇ ਹੋਰਨਾਂ ਬੰਦਿਆਂ ਦੀ ਜ਼ਿੰਦਗੀ ਨੂੰ ਰੁਸ਼ਨਾਉਣਾ ਹੀ ਸਾਡਾ ਕੰਮ ਹੈ। ਜਦੋਂ ਕੋਈ ਬੱਚਾ ਸਾਨੂੰ ਪਕੜਨ ਦੀ ਕੋਸ਼ਸ਼ ਕਰਦਾ ਹੈ, ਅਸੀਂ ਥੋੜ੍ਹਾ ਜਿੰਨਾ ਉੱਡ ਕੇ ਬਚਣ ਦਾ ਨਾਟਕ ਕਰਦੀਆਂ ਹਾਂ। ਬੱਚਿਆਂ ਕੋਲ਼ੋਂ ਦੂਰ ਨਹੀਂ ਜਾਂਦੀਆਂ। ਅਸੀਂ ਪਕੜਾਈ ਦੇ ਦੇਂਦੀਆਂ ਹਾਂ, ਜਿਵੇਂ ਫੁੱਲ ਕਰਦੇ ਹਨ। ਬੱਚੇ, ਜੋ ਭੋਲ਼ੇ ਹੁੰਦੇ ਹਨ ਅਗਿਆਨਤਾ ਨਾਲ਼ ਸਾਡੇ ਖੰਭ ਤੋੜ ਦੇਂਦੇ ਹਨ, ਅਸੀਂ ਮਰ ਜਾਂਦੀਆਂ ਹਾਂ, ਸਾਨੂੰ ਕਿਸੇ ਨਾਲ਼ ਕੋਈ ਗਿਲਾ ਨਹੀਂ ਹੁੰਦਾ। ਜਿਵੇਂ ਫੁੱਲਾਂ ਦੀਆਂ ਪੱਤੀਆਂ ਪੈਰਾਂ ਹੇਠ ਰੁਲ਼ ਜਾਂਦੀਆਂ ਹਨ, ਸਾਡੇ ਖੰਭ ਵੀ ਪੈਰਾਂ ਦੀ ਮਿੱਟੀ ਹੇਠ ਰੁਲ਼ ਜਾਂਦੇ ਹਨ। ਫੁੱਲਾਂ ਦੀ ਜੀਵਨ-ਯਾਤਰਾ ਪੂਰੀ ਹੋ ਜਾਂਦੀ ਹੈ ਤੇ ਸਾਡੀ ਵੀ। ਦੋਵੇਂ ਆਪਣਾ ਮਕਸਦ ਪੂਰਾ ਕਰਨ ਵਿੱਚ ਸਫਲ ਹੋ ਜਾਂਦੇ ਹਨ।" ਗੁਲਾਬ ਤੇ ਤਿਤਲੀ ਤੋਂ ਉਸ ਨੇ ਜ਼ਿੰਦਗੀ ਵਿੱਚ ਪਹਿਲੀ ਵਾਰ ਮਕਸਦ ਦੀ ਅਹਿਮੀਅਤ ਨੂੰ ਸਮਝਿਆ ਕਿ ਮਕਸਦ ਦੀ ਪੂਰਤੀ ਵਿੱਚ ਮੌਤ ਅੜਿੱਕਾ ਨਹੀਂ ਬਣਨੀ ਚਾਹੀਦੀ।

**ਉਪਰੋਕਤ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਓ :—**

1. ਸੰਵੇਦਨਸ਼ੀਲ ਮਨੁੱਖ ਨੇ ਗੁਲਾਬ ਦੇ ਫੁੱਲ ਨੂੰ ਕੀ ਪੁੱਛਿਆ ?
2. ਗੁਲਾਬ ਨੇ ਕੀ ਉੱਤਰ ਦਿੱਤਾ ?
3. ਮਨੁੱਖ ਨੇ ਤਿਤਲੀ ਨੂੰ ਕੀ ਪੁੱਛਿਆ ?
4. ਗੁਲਾਬ ਤੇ ਤਿਤਲੀ ਨਾਲ਼ ਗੱਲ-ਬਾਤ ਤੋਂ ਮਨੁੱਖ ਨੇ ਕੀ ਸਿੱਖਿਆ ?

**ਪ੍ਰਸ਼ਨਾਂ ਦੇ ਉੱਤਰ :—**

1. ਸੰਵੇਦਨਸ਼ੀਲ ਮਨੁੱਖ ਨੇ ਗੁਲਾਬ ਦੇ ਫੁੱਲ ਨੂੰ ਪੁੱਛਿਆ ਕਿ ਜਦੋਂ ਕੋਈ ਉਹਨਾਂ ਨੂੰ ਬੂਟੇ ਤੋਂ ਤੋੜ ਕੇ ਪੱਤੀ-ਪੱਤੀ ਅੱਡ ਕਰ ਕੇ ਮਿੱਟੀ ਵਿੱਚ ਰੋਲ਼ ਦਿੰਦਾ ਹੈ ਤਾਂ ਕੀ ਉਹ ਦੁਖੀ ਨਹੀਂ ਹੁੰਦੇ।
2. ਗੁਲਾਬ ਨੇ ਕਿਹਾ ਕਿ ਉਹਨਾਂ ਦਾ ਮਕਸਦ ਖ਼ੂਬਸੂਰਤੀ ਵੰਡਣਾ ਹੈ। ਕਈ ਲੋਕਾਂ ਦਾ ਸੁਭਾਅ ਹੈ—ਖ਼ੂਬਸੂਰਤੀ ਦਾ ਨਾਸ ਕਰਨਾ। ਉਹ ਆਪਣਾ ਮਕਸਦ ਜਾਣਦੇ ਹਨ, ਅਸੀਂ ਆਪਣਾ।
3. ਮਨੁੱਖ ਨੇ ਤਿਤਲੀ ਨੂੰ ਪੁੱਛਿਆ ਕਿ ਜਦੋਂ ਬੱਚੇ ਉਹਨਾਂ ਨੂੰ ਪਕੜ ਲੈਂਦੇ ਹਨ, ਉਹਨਾਂ ਦੇ ਖੰਭ ਤੋੜ ਦਿੰਦੇ ਹਨ ਤਾਂ ਕੀ ਉਹਨਾਂ ਨੂੰ ਗ਼ੁੱਸਾ ਨਹੀਂ ਆਉਂਦਾ ?
4. ਮਨੁੱਖ ਨੇ ਸਿੱਖਿਆ ਕਿ ਜ਼ਿੰਦਗੀ ਵਿੱਚ ਮਕਸਦ ਦੀ ਬਹੁਤ ਅਹਿਮੀਅਤ ਹੈ ਅਤੇ ਮਕਸਦ ਦੀ ਪੂਰਤੀ ਵਿੱਚ ਮੌਤ ਵੀ ਅੜਿੱਕਾ ਨਹੀਂ ਬਣਨੀ ਚਾਹੀਦੀ।

## ਅਭਿਆਸ ਲਈ ਪੈਰੇ

(1) ਅਜਿਹੀ ਕੋਈ ਸਮੱਸਿਆ ਨਹੀਂ ਜਿਹੜੀ ਵਿੱਦਿਆ ਦੁਆਰਾ ਸੁਲਝਾਈ ਨਾ ਜਾ ਸਕੇ। ਵਿੱਦਿਆ ਇੱਕ ਅਜਿਹੀ ਕੁੰਜੀ ਹੈ ਜੋ ਹਰ ਮੁਸ਼ਕਲ ਰੂਪੀ ਜਿੰਦਰੇ ਨੂੰ ਖੋਲ੍ਹ ਸਕਦੀ ਹੈ ਪਰ ਇਹ ਤਾਂ ਹੀ ਸੰਭਵ ਹੈ ਜੇਕਰ ਅਸੀਂ ਠੀਕ ਢੰਗ ਦੀ

ਵਿੱਦਿਆ ਪ੍ਰਾਪਤ ਕਰੀਏ। ਜਿਹੜੀ ਸਿੱਖਿਆ ਵੇਲ਼ੇ ਦੇ ਸਮਾਜ ਨਾਲ਼ੋਂ ਟੁੱਟੀ ਹੋਵੇਗੀ, ਉਹ ਸਾਡਾ ਭਲਾ ਨਹੀਂ ਕਰ ਸਕਦੀ। ਸਮਾਜਿਕ ਬੁਰਾਈਆਂ ਦੂਰ ਕਰਨ ਲਈ ਵੀ ਠੀਕ ਢੰਗ ਵਾਲ਼ੀ ਸਿੱਖਿਆ ਹੀ ਕੰਮ ਆਉਂਦੀ ਹੈ। ਸਿੱਖਿਆ ਵਿਸ਼ਾਲ ਅਤੇ ਸਰਬੱਤ ਦੇ ਭਲੇ ਲਈ ਹੀ ਹੋਵੇ। ਸਾਡੀਆਂ ਬਹੁਤ ਸਾਰੀਆਂ ਸਮੱਸਿਆਵਾਂ ਇਹੋ-ਜਿਹੀਆਂ ਹਨ ਜੋ ਕੇਵਲ ਅਗਿਆਨਤਾ ਅਤੇ ਅਨਪੜ੍ਹਤਾ ਕਾਰਨ ਹੀ ਹਨ, ਜਿਵੇਂ : ਛੂਤ-ਛਾਤ, ਇਸਤਰੀ ਦੀ ਦਸ਼ਾ, ਬਾਲ-ਵਿਆਹ, ਭਰੂਣ-ਹੱਤਿਆ ਅਤੇ ਵਧ ਰਹੀ ਅਬਾਦੀ ਦੀਆਂ ਸਮੱਸਿਆਵਾਂ ਕੁਝ ਅਜਿਹੀਆਂ ਸਮੱਸਿਆਵਾਂ ਹਨ ਜੋ ਅੰਧ-ਵਿਸ਼ਵਾਸ ਕਰਕੇ ਹੀ ਚੱਲੀਆਂ ਆਉਂਦੀਆਂ ਹਨ । ਅਸੀਂ ਵੇਖ ਰਹੇ ਹਾਂ ਕਿ ਜਿਵੇਂ-ਜਿਵੇਂ ਵਿੱਦਿਆ ਦਾ ਚਾਨਣ ਵਧ ਰਿਹਾ ਹੈ, ਇਹ ਸਮੱਸਿਆਵਾਂ ਤਿਵੇਂ-ਤਿਵੇਂ ਘਟਦੀਆਂ ਜਾ ਰਹੀਆਂ ਹਨ। ਜਿਹੜੀਆਂ ਥਾਂਵਾਂ 'ਤੇ ਵਿੱਦਿਆ ਸੰਕੀਰਨ ਅਤੇ ਗ਼ਲਤ ਢੰਗ ਦੀ ਹੈ, ਉੱਥੇ ਉਹ ਸਮੱਸਿਆਵਾਂ ਨੂੰ ਸੁਲਝਾਉਣ ਵਿੱਚ ਸਫਲ ਨਹੀਂ ਹੋ ਸਕੀ । ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣੀ ਸਿੱਖਿਆ-ਪ੍ਰਨਾਲ਼ੀ ਨੂੰ ਸਮਾਜਿਕ, ਆਰਥਿਕ, ਸੱਭਿਆਚਾਰਿਕ ਅਤੇ ਸੰਬੰਧਿਤ ਵਾਤਾਵਰਨ ਨਾਲ਼ ਜੋੜਨ ਲਈ ਯਤਨਸ਼ੀਲ ਹੋਈਏ।

**ਉਪਰੋਕਤ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :—**

1. ਵਿੱਦਿਆ ਕਿਸ ਤਰ੍ਹਾਂ ਦੀ ਕੁੰਜੀ ਹੈ ?
2. ਸਮਾਜਿਕ ਸਮੱਸਿਆਵਾਂ ਕਿਹੜੀਆਂ ਹਨ ?
3. ਉਹ ਕਿਹੜੀਆਂ ਗੱਲਾਂ ਹਨ ਜਿਨ੍ਹਾਂ ਕਰਕੇ ਸਮਾਜਿਕ ਸਮੱਸਿਆਵਾਂ ਫੈਲੀਆਂ ਹੋਈਆਂ ਹਨ ?
4. ਸਿੱਖਿਆ-ਪ੍ਰਨਾਲ਼ੀ ਨੂੰ ਕਿਸ ਤਰ੍ਹਾਂ ਦਾ ਬਣਾਉਣ ਦੀ ਜ਼ਰੂਰਤ ਹੈ?

(2) ਮਾਤ-ਭਾਸ਼ਾ ਦੀ ਸਿੱਖਿਆ ਤੋਂ ਬਗ਼ੈਰ ਕੋਈ ਵਿਦਿਆਰਥੀ ਸਿੱਖਿਆ ਦੇ ਖੇਤਰ ਵਿਚ ਸਿਖਰਾਂ ਨਹੀਂ ਛੂਹ ਸਕਦਾ। ਉਹ ਸਾਰੀ ਉਮਰ ਲੰਗੜਾ ਕੇ ਤੁਰਦਾ ਹੈ ਅਤੇ ਆਪਣੇ ਪੈਰਾਂ 'ਤੇ ਸਿੱਧਾ ਖੜ੍ਹਾ ਨਹੀਂ ਹੋ ਸਕਦਾ। ਮਾਤ-ਭਾਸ਼ਾ ਵਿਚਾਰਾਂ ਨੂੰ ਪ੍ਰਗਟਾਉਣ ਦਾ ਇੱਕੋ-ਇੱਕ ਉੱਤਮ ਸਾਧਨ ਹੈ। ਇਹੋ ਕਾਰਨ ਹੈ ਕਿ ਵਿਦਵਾਨਾਂ ਨੇ ਮਾਤ-ਭਾਸ਼ਾ ਨੂੰ ਹੀ ਸਿੱਖਿਆ ਦੇਣ ਦਾ ਯੋਗ ਅਤੇ ਸਹੀ ਮਾਧਿਅਮ ਮੰਨਿਆ ਹੈ। ਕਿਸੇ ਦੂਜੀ ਭਾਸ਼ਾ ਨੂੰ ਸਿੱਖਣ-ਸਿਖਾਉਣ ਵਿੱਚ ਕਾਫ਼ੀ ਸਮਾਂ ਲੱਗ ਜਾਂਦਾ ਹੈ ਜਿਹੜਾ ਕਿ ਗਿਆਨ-ਵਿਗਿਆਨ ਦੀ ਪ੍ਰਾਪਤੀ ਲਈ ਵਰਤਿਆ ਜਾ ਸਕਦਾ ਹੈ। ਸਿੱਖਿਆ ਦੇ ਖੇਤਰ ਵਿੱਚ ਜਿੰਨੇ ਵੀ ਦਾਰਸ਼ਨਿਕ ਹਨ, ਉਹਨਾਂ ਨੇ ਸਦਾ ਮਾਤ-ਭਾਸ਼ਾ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਉੱਤੇ ਜ਼ੋਰ ਦਿੱਤਾ ਹੈ। ਇਹ ਗੱਲ ਬੜੇ ਹੀ ਦੁੱਖ ਨਾਲ਼ ਕਹਿਣੀ ਪੈਂਦੀ ਹੈ ਕਿ ਸਾਡੇ ਦੇਸਵਾਸੀਆਂ ਨੂੰ ਅਜੇ ਤੱਕ ਇਸ ਦੀ ਸਮਝ ਨਹੀਂ ਆਈ। ਅਸੀਂ ਅਜੇ ਤੱਕ ਵੀ ਵਿਦੇਸ਼ੀ ਭਾਸ਼ਾ ਦੇ ਮਾਧਿਅਮ ਰਾਹੀਂ ਆਪਣੇ ਬੱਚਿਆਂ ਨੂੰ ਸਿੱਖਿਆ ਦਿਵਾਉਣੀ ਚਾਹੁੰਦੇ ਹਾਂ। ਅਮੀਰ ਪਰਿਵਾਰਾਂ ਦੇ ਬੱਚੇ ਅੰਗਰੇਜ਼ੀ ਭਾਸ਼ਾ ਰਾਹੀਂ ਦਿੱਤੀ ਜਾਂਦੀ ਸਿੱਖਿਆ ਪ੍ਰਾਪਤ ਕਰਨ ਵਿੱਚ ਆਪਣੀ ਸ਼ਾਨ ਸਮਝਦੇ ਹਨ। ਸਾਨੂੰ ਇਸ ਸੰਬੰਧੀ ਗੰਭੀਰ ਵਿਚਾਰ ਕਰਨ ਦੀ ਲੋੜ ਹੈ। ਅਸੀਂ ਬਹਾਨੇ ਲਾ ਰਹੇ ਹਾਂ ਕਿ ਅੰਗਰੇਜ਼ੀ ਮਾਧਿਅਮ ਹੀ ਸਾਡੇ ਲਈ ਕਲਿਆਣਕਾਰੀ ਹੈ ਪਰ ਜੇ ਥੋੜ੍ਹਾ ਗੰਭੀਰਤਾ ਨਾਲ਼ ਵਿਚਾਰੀਏ ਤਾਂ ਸਾਨੂੰ ਆਪਣੀ ਗ਼ਲਤੀ ਦਾ ਛੇਤੀ ਹੀ ਪਤਾ ਲੱਗ ਜਾਂਦਾ ਹੈ।

**ਉਪਰੋਕਤ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :—**

1. ਮਾਤ-ਭਾਸ਼ਾ ਤੋਂ ਬਿਨਾਂ ਬੱਚੇ ਦਾ ਕੀ ਹਾਲ ਹੁੰਦਾ ਹੈ ?
2. ਮਾਤ-ਭਾਸ਼ਾ ਸਿੱਖਿਆ ਦਾ ਯੋਗ ਅਤੇ ਸਹੀ ਸਾਧਨ ਕਿਉਂ ਮੰਨਿਆ ਗਿਆ ਹੈ ?
3. ਅਮੀਰ ਪਰਿਵਾਰਾਂ ਦੇ ਬੱਚੇ ਕੀ ਸਮਝਦੇ ਹਨ ?
4. ਸਿੱਖਿਆ-ਖੇਤਰ ਦੇ ਦਾਰਸ਼ਨਿਕ ਕਿਸ ਭਾਸ਼ਾ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ 'ਤੇ ਜ਼ੋਰ ਦਿੰਦੇ ਹਨ ?

(3) ਘਰ-ਪਰਿਵਾਰ ਤੋਂ ਇਲਾਵਾ ਸਮਾਜ ਵਿੱਚ ਵਿਚਰਦਿਆਂ ਸਾਡੇ ਕੋਲ਼ੋਂ ਅਨੇਕਾਂ ਗ਼ਲਤੀਆਂ ਹੋ ਜਾਂਦੀਆਂ ਹਨ। ਕਈ ਵਾਰ ਛੋਟੀਆਂ-ਛੋਟੀਆਂ ਤਕਰਾਰਾਂ ਵੀ ਹੋ ਜਾਂਦੀਆਂ ਹਨ। ਕੋਈ ਅਜਿਹੀ ਗੱਲ ਜਾਂ ਤਕਰਾਰ ਕਿਸੇ ਦਾ ਦਿਲ ਵੀ ਦੁਖਾ ਦਿੰਦੀ ਹੈ। ਅਜਿਹੀ ਗੱਲ ਵਰ੍ਹਿਆਂ ਤੱਕ ਅਣਬਣ ਦਾ ਕਾਰਨ ਬਣੀ ਰਹਿੰਦੀ ਹੈ। ਮੰਨ ਲਓ ਜੇਕਰ ਸਾਡੇ ਕੋਲ਼ੋਂ ਅਜਿਹਾ ਕੁਝ ਹੋ ਵੀ ਜਾਂਦਾ ਹੈ ਤਾਂ ਸਾਨੂੰ ਆਪਣੀ ਗ਼ਲਤੀ ਸ੍ਵੀਕਾਰ ਕਰ ਲੈਣ ਵਿੱਚ ਕਿਸੇ ਵੀ ਕਿਸਮ ਦੀ ਝਿਜਕ ਨਹੀਂ ਹੋਣੀ ਚਾਹੀਦੀ ਤੇ ਸਾਨੂੰ ਉਸ ਦੀ ਮਾਫ਼ੀ ਮੰਗ ਲੈਣੀ ਚਾਹੀਦੀ ਹੈ। ਗ਼ਲਤੀ ਨੂੰ ਮੰਨਣਾ ਸ਼ਿਸ਼ਟਾਚਾਰ ਦਾ ਇੱਕ ਹਿੱਸਾ ਹੈ। ਕਈ ਵਾਰ ਅਸੀਂ ਗ਼ਲਤੀ ਕਰਨ ਤੋਂ ਬਾਅਦ ਮਾਫ਼ੀ ਮੰਗਣ ਤੋਂ ਇਨਕਾਰੀ ਹੋ ਜਾਂਦੇ ਹਾਂ ਕਿਉਂਕਿ ਅਸੀਂ ਇਸ ਨੂੰ ਆਪਣੀ ਅਣਖ ਨਾਲ਼ ਜੋੜ ਲੈਂਦੇ ਹਾਂ। ਦੇਖਿਆ ਜਾਵੇ ਤਾਂ ਮਾਫ਼ੀ ਮੰਗਣ ਨਾਲ਼ ਸਾਡੀ ਅਣਖ ਨਹੀਂ ਘਟਦੀ ਸਗੋਂ ਸਾਡਾ ਵਿਅਕਤਿਤਵ ਉਜਾਗਰ ਹੁੰਦਾ ਹੈ ਅਤੇ ਕਈ ਵਾਰ ਆਉਣ ਵਾਲ਼ੀਆਂ ਮੁਸੀਬਤਾਂ ਤੋਂ ਸਾਡਾ ਬਚਾਅ ਵੀ ਹੋ ਸਕਦਾ ਹੈ। ਛੋਟੇ ਮਸਲੇ ਵੱਡੇ ਨਹੀਂ ਬਣਦੇ ਤੇ ਅਸੀਂ ਤਣਾਅ-ਮੁਕਤ ਰਹਿੰਦੇ ਹਾਂ।

**ਉਪਰੋਕਤ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :—**

1. ਸਮਾਜ ਵਿੱਚ ਵਿਚਰਦਿਆਂ ਕਈ ਵਾਰ ਸਾਡੇ ਕੋਲ਼ੋਂ ਕੀ ਹੋ ਜਾਂਦਾ ਹੈ ?
2. ਸਾਨੂੰ ਕਿਸ ਕਿਸਮ ਦੀ ਝਿਜਕ ਨਹੀਂ ਹੋਣੀ ਚਾਹੀਦੀ ?
3. ਕਈ ਵਾਰ ਅਸੀਂ ਗ਼ਲਤੀ ਮੰਨਣ ਤੋਂ ਇਨਕਾਰੀ ਕਿਉਂ ਹੋ ਜਾਂਦੇ ਹਾਂ ?
4. ਗ਼ਲਤੀ ਦੀ ਮਾਫ਼ੀ ਮੰਗਣ ਨਾਲ਼ ਕੀ ਹੁੰਦਾ ਹੈ ?

(4) ਪ੍ਰਸਿੱਧ ਵਿਆਕਰਨਕਾਰ ਪਾਣਿਨੀ, ਜਿਸ ਦੀ ਲਿਖੀ ਹੋਈ ਪੁਸਤਕ ਦਾ ਨਾਂ 'ਅਸ਼ਟਾਧਿਆਇ' ਸੀ, ਸੰਸਕ੍ਰਿਤ-ਵਿਆਕਰਨ ਦਾ ਸਭ ਤੋਂ ਵੱਡਾ ਵਿਦਵਾਨ ਮੰਨਿਆ ਜਾਂਦਾ ਹੈ ਅਤੇ ਇਸੇ ਲਈ ਇਸ ਬਾਰੇ ਆਦਰ ਤੇ ਸਤਿਕਾਰ ਵਜੋਂ ਇਹ ਕਿਹਾ ਜਾਂਦਾ ਹੈ ਕਿ ਇਸ ਦੀ ਰਚਨਾ ਈਸ਼ਵਰੀ ਗਿਆਨ ਕਾਰਨ ਹੋਈ। ਪ੍ਰਾਚੀਨ ਸਮੇਂ ਪਾਣਿਨੀ ਨੂੰ ਰਿਸ਼ੀ ਮੰਨਿਆ ਜਾਂਦਾ ਸੀ। ਆਧੁਨਿਕ ਸਮੇਂ ਵਿੱਚ ਵੀ ਇਸ ਬਾਰੇ ਪ੍ਰਸਿੱਧ ਹੈ ਕਿ ਪਾਣਿਨੀ ਬਚਪਨ ਵਿੱਚ ਬੜਾ ਹੀ ਮੂਰਖ ਸੀ, ਇਸੇ ਲਈ ਉਸ ਨੂੰ ਪਾਠਸ਼ਾਲਾ ਵਿੱਚੋਂ ਕੱਢ ਦਿੱਤਾ ਗਿਆ ਸੀ ਪਰ ਸ਼ਿਵ ਜੀ ਦੀ ਕਿਰਪਾ ਨਾਲ਼ ਇਹ ਵਿਦਵਾਨ ਪਹਿਲੀ ਸ਼੍ਰੇਣੀ ਵਿੱਚ ਆ ਗਿਆ। ਇਹ ਪਹਿਲਾ ਵਿਆਕਰਨਕਾਰ ਨਹੀਂ ਸੀ ਕਿਉਂਜੋ ਇਹ ਆਪਣੀ ਪੁਸਤਕ ਵਿੱਚ ਕਈ ਵਿਆਕਰਨਕਾਰਾਂ ਦੇ ਨਾਂ ਦੇਂਦਾ ਹੈ ਜਿਹੜੇ ਇਸ ਤੋਂ ਪਹਿਲਾਂ ਹੋ ਚੁੱਕੇ ਸਨ। ਪਾਣਿਨੀ ਤੋਂ ਬਾਅਦ ਜਿਹੜੇ ਵਿਆਕਰਨ ਲਿਖੇ ਗਏ ਹਨ, ਉਹਨਾਂ ਦੀ ਗਿਣਤੀ ਕਾਫ਼ੀ ਵੱਡੀ ਹੈ ਅਤੇ ਭਾਵੇਂ ਉਹਨਾਂ ਵਿੱਚੋਂ ਕਈ ਬਹੁਤ ਹੀ ਸ੍ਰੇਸ਼ਟ ਤੇ ਬਹੁਤੀ ਵਰਤੋਂ ਵਿੱਚ ਆਉਂਦੇ ਹਨ ਪਰ ਪਾਣਿਨੀ ਦੁਆਰਾ ਬਣਾਏ ਹੋਏ ਨਿਯਮ ਅਜੇ ਵੀ ਸਰਬ-ਉੱਚ ਤੇ ਨਿਰਵਿਵਾਦ ਹਨ।

**ਉਪਰੋਕਤ ਪੈਰੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :—**

1. ਪਾਣਿਨੀ ਦੀ ਪ੍ਰਸਿੱਧੀ ਕਿਹੜੀ ਗੱਲੋਂ ਹੋਈ ਹੈ ?
2. ਪਾਣਿਨੀ ਦੀ ਰਚਨਾ ਨੂੰ ਈਸ਼ਵਰੀ ਗਿਆਨ ਕਾਰਨ ਹੋਈ ਕਿਉਂ ਆਖਿਆ ਜਾਂਦਾ ਹੈ ?
3. ਕਿਹੜੀ ਗੱਲੋਂ ਪਤਾ ਲੱਗਦਾ ਹੈ ਕਿ ਪਾਣਿਨੀ ਪਹਿਲਾ ਵਿਆਕਰਨਕਾਰ ਨਹੀਂ ਸੀ ?
4. ਪਾਣਿਨੀ ਦੇ ਬਚਪਨ ਬਾਰੇ ਕਿਹੜੀ ਘਟਨਾ ਆਖੀ ਜਾਂਦੀ ਹੈ ?

(5) ਬਾਲ ਨਾਨਕ ਵਿੱਚ ਛੋਟੀ ਉਮਰ ਤੋਂ ਹੀ ਕੁਝ ਵਿਸ਼ੇਸ਼ਤਾਈਆਂ ਸਨ ਜੋ ਆਮ ਬਾਲਕਾਂ ਵਿੱਚ ਨਹੀਂ ਹੋਇਆ ਕਰਦੀਆਂ ਪਰ ਮਾਪਿਆਂ ਦੀ ਨਜ਼ਰ ਵਿੱਚ ਉਹ ਇੱਕ ਸਧਾਰਨ ਬਾਲਕ ਸੀ, ਜਿਸ ਲਈ ਉਹ ਉਸ ਨੂੰ ਹੋਰ ਬਾਲਕਾਂ ਵਾਂਗੂੰ ਵਿਚਰਦਾ ਵੇਖਣਾ ਚਾਹੁੰਦੇ ਸਨ। ਇਸ ਲਈ ਉਹਨਾਂ ਨੇ ਨਾਨਕ ਨੂੰ ਵਾਰੀ-ਵਾਰੀ ਅਜਿਹੇ ਕੰਮਾਂ 'ਤੇ ਲਾਇਆ, ਜਿਹੋ-ਜਿਹੇ ਉਸ ਸ਼੍ਰੇਣੀ ਦੇ ਬੱਚੇ ਕਰਦੇ ਸਨ। ਜਦੋਂ ਉਸ ਦੀ ਅਵਸਥਾ ਪੜ੍ਹਨਯੋਗ ਹੋਈ ਤਾਂ ਤਲਵੰਡੀ ਦੇ ਪਾਂਧੇ ਤੇ ਮੌਲਵੀ ਪਾਸ ਪੜ੍ਹਨੇ ਵੀ ਪਾਇਆ। ਨਾਨਕ ਬੜਾ ਆਗਿਆਕਾਰ ਸਪੁੱਤਰ ਸੀ ਇਸ ਲਈ ਜੋ ਕੰਮ ਵੀ ਮਾਪਿਆਂ ਨੇ ਸੌਂਪਿਆ, 'ਸਤਬਚਨ' ਕਿਹਾ ਤੇ ਕਰਨ ਲੱਗ ਪਿਆ। ਹਰ ਕੰਮ ਕਰਨ ਦੀ ਵਿਧੀ ਉਸ ਦੀ ਆਪਣੀ ਸੀ ਜੋ ਮਾਪਿਆਂ ਨੂੰ ਨਹੀਂ ਜਚਦੀ ਸੀ। ਅਜਿਹੇ ਸਾਰੇ ਕੰਮ ਨਾਨਕ ਨੇ ਤਲਵੰਡੀ ਵਿੱਚ ਰਹਿੰਦਿਆਂ ਕੀਤੇ, ਜਿਸ ਕਾਰਨ ਤਲਵੰਡੀ ਦੀਆਂ ਕਈ ਵਿਸ਼ੇਸ਼ ਥਾਂਵਾਂ ਤੇ ਸਧਾਰਨ ਜੰਗਲ਼ੀ ਰੁੱਖ ਜਿਨ੍ਹਾਂ ਦੀ ਛਾਂਵੇਂ ਨਾਨਕ ਬਹਿੰਦਾ-ਖਲੋਂਦਾ ਰਿਹਾ, ਉਸ ਦੇ ਨਾਂ ਨਾਲ਼ ਸੰਬੰਧਿਤ ਹੋ ਗਏ। ਇਸ ਲਈ ਇਸ ਅਵਸਥਾ ਅੰਦਰ ਆਪ ਦੇ ਤਲਵੰਡੀ ਵਿੱਚ ਵਰਤਾਏ ਕਈ ਕੌਤਕ ਤੇ ਕੀਤੇ ਕਰਤਬਾਂ ਨੇ ਆਪ ਦੀ ਵਡਿਆਈ ਵਿੱਚ ਹੋਰ ਵਾਧਾ ਕਰ ਦਿੱਤਾ। ਚੂੰਕਿ ਆਪ ਤਲਵੰਡੀ ਵਿੱਚ ਬਹੁਤ ਸਾਲ ਨਹੀਂ ਰਹੇ ਅਤੇ ਜਵਾਨ ਹੋਣ ਸਾਰ ਹੀ ਆਪ ਨੂੰ ਸੁਲਤਾਨਪੁਰ ਦੇ ਨਵਾਬ ਦਾ ਮੋਦੀ ਬਣਨਾ ਪਿਆ, ਜਿਸ ਤੋਂ ਪਿੱਛੋਂ ਆਪ ਦਾ ਜਗਤ-ਸੁਧਾਰ—'ਚੜ੍ਹਿਆ ਸੋਧਣ ਧਰਤ ਲੁਕਾਈ' ਦਾ ਕੰਮ ਅਰੰਭ ਹੋ ਗਿਆ ਅਤੇ ਜਦੋਂ ਇਸ ਤੋਂ ਵਿਹਲੇ ਹੋਏ ਤਾਂ ਆਪ ਰਾਵੀ ਕੰਢੇ ਕਰਤਾਰਪੁਰ ਜਾ ਵੱਸੇ। ਇਸ ਲਈ ਤਲਵੰਡੀ ਦੇ ਇਤਿਹਾਸ ਦਾ ਬਹੁਤ ਸਾਰਾ ਸਮਾਂ ਹਨੇਰੇ ਵਿੱਚ ਰਿਹਾ ਹੈ ਅਤੇ ਇਸ ਵਿਚਲੇ ਸਮੇਂ ਵਿੱਚ ਤਲਵੰਡੀ ਵੱਸਦੀ ਰਹੀ ਜਾਂ ਉੱਜੜ ਗਈ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

**ਉਪਰੋਕਤ ਪੈਰੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :—**

1. ਬਾਲ ਨਾਨਕ ਨੂੰ ਕਿਹੜੇ ਕੰਮਾਂ 'ਤੇ ਕਿਉਂ ਲਾਇਆ ਗਿਆ ?
2. ਆਪਣੇ ਮਾਪਿਆਂ ਦੁਆਰਾ ਸੌਂਪੇ ਹੋਰ ਕੰਮਾਂ ਬਾਰੇ ਬਾਲ ਨਾਨਕ ਦਾ ਕੀ ਵਤੀਰਾ ਹੁੰਦਾ ਸੀ ?
3. ਤਲਵੰਡੀ ਦੀਆਂ ਵਿਸ਼ੇਸ਼ ਥਾਂਵਾਂ ਦੇ ਸਧਾਰਨ ਜੰਗਲ਼ੀ ਰੁੱਖ ਗੁਰੂ ਨਾਨਕ ਨਾਲ਼ ਕਿਵੇਂ ਸੰਬੰਧਿਤ ਹੋ ਗਏ ?
4. ਤਲਵੰਡੀ ਦੇ ਇਤਿਹਾਸ ਦਾ ਬਹੁਤ ਸਾਰਾ ਸਮਾਂ ਹਨੇਰੇ ਵਿੱਚ ਕਿਉਂ ਰਿਹਾ ?

* * *